ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਰਾਸਿ ਚੌਥੀ Raas 4

Sri Gur Partap Suraj Granth

ਕ੍ਰਿਤ:
ਭਾਈ ਸੰਤੋਖ ਸਿੰਘ ਜੀ 'ਕਵਿ ਚੂੜਾਮਣਿ'
By
Bhai Santokh Singh 'Kavi Churamani'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ
ਅਤੇ ਮਾਤਾ ਗੁਜਰੀ ਜੀ ਦੇ
੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 300th Martyrdom Anniversary of
Guru Gobind Singh ji's
Four Sahibzadas & Mata Gujri ji

ਵਲੋਂ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)
Bhai Baljinder Singh ji
© Baljinder Singh 16914 Lassen Street, Northridge, CA 91343 USA

ੴ ਸਤਿਗੁਰ ਪ੍ਰਸਾਦਿ ॥

ਦੋ ਸ਼ਬਦ

ਵਲੋਂ: ਸਿਰਜਕ 'ਈਸਰ ਮਾਈਕ੍ਰੋ ਮੀਡੀਆ'

ਘਰਿ ਘਰਿ ਅੰਦਰਿ ਧਰਮਸਾਲ

ਵਲੋਂ: ਸੰਤ ਹਰੀ ਸਿੰਘ ਜੀ ਰੰਧਾਵਾ

(ਜਨਰਲ ਸਕੱਤਰ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ)

ਸੰਦੇਸ਼

ਵਲੋਂ: ਡਾ. ਗੁਰਚਰਨ ਸਿੰਘ

ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਕੀ-ਸਟ੍ਰੋਕ ਸੂਚੀ

ਤਤਕਰਾ ਰਾਸਿ ਚੌਥੀ

ਰਾਸਿ ਚੌਥੀ

ਦੋ ਸ਼ਬਦ

ਕਿਸੇ ਵੀ ਕੌਮ ਦੇ ਇਤਿਹਾਸ ਦੇ ਮੂਲ ਸ੍ਰੋਤ ਉਸ ਕੌਮ ਵਾਸਤੇ ਇੱਕ ਅਜਿਹਾ ਸਰਮਾਇਆ ਹੁੰਦੇ ਹਨ, ਜਿਸ ਉੱਤੇ ਉਹ ਕੌਮ ਫ਼ਖ਼ਰ ਕਰ ਸਕਦੀ ਹੈ। ਇਹ ਕੌਮੀ ਸਰਮਾਇਆ ਹੀ ਉਸ ਦੇ ਪੈਰੋਕਾਰਾਂ ਲਈ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਸਿੱਖ ਇਤਿਹਾਸ ਨਾਲ ਸੰਬੰਧਤ ਅਜਿਹੇ ਸ੍ਰੋਤ ਸਾਡੇ ਪਾਸ ਭਾਵੇਂ ਗਿਣਤੀ ਵਿੱਚ ਬਹੁਤ ਜ਼ਿਆਦਾ ਤਾਂ ਨਹੀਂ ਪਰ ਜਿਤਨੇ ਕੁ ਵੀ ਉਪਲਬਧ ਹਨ, ਉਨ੍ਹਾਂ ਨੂੰ ਗ਼ਨੀਮਤ ਸਮਝ ਕੇ ਜਿੱਥੇ ਉਨ੍ਹਾਂ ਦਾ ਅਧਿਐਨ ਜ਼ਰੂਰੀ ਹੈ, ਉਥੇ ਉਨ੍ਹਾਂ ਦੀ ਸੰਭਾਲ ਵੀ ਆਵੱਸ਼ਕ ਹੈ।

ਇਨ੍ਹਾਂ ਵਿੱਚੋਂ ਇੱਕ ਸ੍ਰੋਤ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਹੈ। 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਸਿੱਖ ਇਤਿਹਾਸ ਦਾ ਇੱਕ ਵਡਮੁੱਲਾ ਸ੍ਰੋਤ ਹੋਣ ਦੇ ਨਾਲ ਨਾਲ ਭਾਈ ਸੰਤੋਖ ਸਿੰਘ ਜੀ ਨੂੰ ਸਤਿਗੁਰੂ ਜੀ ਵਲੋਂ ਬਖ਼ਸ਼ੀ ਅਦਭੁਤ ਵਿੱਦਵਤਾ ਦਾ ਖ਼ਜ਼ਾਨਾ ਵੀ ਹੈ। ਆਕਾਰ ਅਤੇ ਗੁਣਾਤਮਕ ਦ੍ਰਿਸ਼ਟੀ ਤੋਂ ਇਹ ਸ੍ਰੋਤ ਇਤਨਾ ਵੱਡਾ ਹੈ ਕਿ ਸਿੱਖ ਫ਼ਲਸਫ਼ੇ ਅਤੇ ਇਤਿਹਾਸ ਦੇ ਖੋਜੀ ਇਸਦੇ ਅਧਿਐਨ ਤੋਂ ਬਿਨਾਂ ਆਪਣੀ ਵਿੱਦਵਤਾ ਅਧੂਰੀ ਮੰਨਦੇ ਹਨ। ਸਿੱਖ ਜਗਤ ਵਿੱਚ ਇਸਦੀ ਹਰਮਨਪਿਆਰਾ ਅਤੇ ਪ੍ਰਮਾਣਿਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਜ਼ਿਆਦਾਤਰ ਇਤਿਹਾਸਕ ਅਤੇ ਹੋਰ ਪ੍ਰਸਿੱਧ ਗੁਰ-ਅਸਥਾਨਾਂ ਤੇ ਰੋਜ਼ਾਨਾ ਇਸ ਗ੍ਰੰਥਾਵਲੀ ਦੀ ਕਥਾ ਦੀ ਪਰੰਪਰਾ ਤੁਰੀ ਆ ਰਹੀ ਹੈ। ਕਿਸੇ ਵੀ ਇਤਿਹਾਸਕ ਰਚਨਾ ਨੂੰ ਭਾਵੇਂ ਮੁਕੰਮਲ ਤਾਂ ਨਹੀਂ ਕਿਹਾ ਜਾ ਸਕਦਾ ਪਰ ਜੋ ਸ਼ਰਧਾ, ਸਿਦਕ ਅਤੇ ਸਿੱਖੀ ਨਾਲ ਪ੍ਰੇਮ ਭਾਈ ਸਾਹਿਬ ਜੀ ਦੀ ਰਚਨਾ ਨੂੰ ਪੜ੍ਹਨ ਉਪਰੰਤ ਪ੍ਰਾਪਤ ਹੁੰਦਾ ਹੈ, ਉਹ ਸੱਚਮੁੱਚ ਬੇਮਿਸਾਲ ਹੈ।

ਸੂਚਨਾ ਤਕਨਾਲੋਜੀ ਦੇ ਨਵੀਨਤਮ ਅਤੇ ਤੇਜ਼ ਤਰਾਰ ਸਾਧਨਾਂ ਦੁਆਰਾ ਸਿੱਖ ਇਤਿਹਾਸ ਦੀ ਮੂਲ ਸਾਮਗ੍ਰੀ ਨੂੰ ਦੁਨੀਆਂ ਦੇ ਹਰ ਕੋਨੇ ਵਿੱਚ ਵਸੇ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਤੱਕ ਪਹੁੰਚਾਉਣ ਦੀ ਸੇਵਾ ਨਿਭਾਉਣਾ, ਦਾਸ ਦਾ ਉਦੇਸ਼ ਹੈ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰਬਾਣੀ, ਵਾਰਾਂ/ਕਬਿੱਤ ਭਾਈ ਗੁਰਦਾਸ ਜੀ ਦਾ ਇੱਕ ਸ਼ਕਤੀਸ਼ਾਲੀ ਸਰਚ ਟੂਲ ਉਪਲਬਧ ਕਰਾਉਣਾ; ਭਾਈ ਕਾਹਨ ਸਿੰਘ 'ਨਾਭਾ' ਜੀ ਦੀ ਮਹਾਨ ਰਚਨਾ 'ਗੁਰ ਸ਼ਬਦ ਰਤਾਨਾਕਰ ਮਹਾਨਕੋਸ਼', ਨਿਰਮਲਾ ਸੰਪ੍ਰਦਾਇ ਦੇ ਵਿਦਵਾਨ ਮਹਾਂਪੁਰਖਾਂ ਦੁਆਰਾ ਤਿਆਰ ਕੀਤਾ ਸੰਪ੍ਰਦਾਈ ਅਰਥਾਂ ਵਾਲਾ ਗੁਰਬਾਣੀ ਦਾ ਟੀਕਾ ਜਿਹੜਾ ਸਿੱਖ ਜਗਤ ਵਿੱਚ 'ਫਰੀਦਕੋਟ ਵਾਲਾ ਟੀਕਾ' ਕਰਕੇ ਪ੍ਰਸਿੱਧ ਹੈ (ਕਿਉਂਕਿ ਇਸ ਦੇ ਟੀਕਾਕਾਰਾਂ ਨੂੰ ਉਸ ਸਮੇਂ ਫਰੀਦਕੋਟ ਰਿਆਸਤ ਦੇ ਮਹਾਰਾਜਾ ਦੀ ਸਰਪ੍ਰਸਤੀ ਹਾਸਿਲ ਸੀ), ਭਾਈ ਸੰਤੋਖ ਸਿੰਘ ਜੀ ਦੁਆਰਾ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ' ਗ੍ਰੰਥਾਵਲੀ ਵਿੱਚੋਂ ਸ੍ਰੀ 'ਨਾਨਕ ਪ੍ਰਕਾਸ਼' ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਕਰਵਾ ਕੇ ਇਸ ਉਦੇਸ਼ ਨੂੰ ਹਾਸਿਲ ਕਰਨ ਵਾਸਤੇ ਇੱਕ ਪੜਾਅ ਮੁਕੰਮਲ ਹੋ ਚੁੱਕਾ ਹੈ। ਆਈ. ਟੀ. ਦੇ ਮਾਧਿਅਮ ਰਾਹੀ ਸਿੱਖ ਇਤਿਹਾਸ ਅਤੇ ਗੁਰਮਤਿ ਦਰਸ਼ਨ ਦਾ ਅਧਿਐਨ ਅਤੇ ਖੋਜ ਕਰਨ ਵਾਲੇ ਵਿਦਵਾਨਾਂ ਲਈ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀਆਂ ੧੨ ਰਾਸਾਂ, ੬ ਰੁਤਾਂ ਅਤੇ ੨ ਐਨ ਡਿਜਿਟਲ ਰੂਪ ਵਿੱਚ ਉਪਲਬਧ ਕਰਵਾਉਣ ਦੀ ਸੇਵਾ ਸੰਪੂਰਨ ਹੋ ਚੁੱਕੀ ਹੈ। ਸਤਿਗੁਰੂ ਜੀ ਨੇ ਹੀ ਮਹਾਨ ਬਖਸ਼ਿਸ਼ ਕਰਕੇ ਇਹ ਸੇਵਾ ਇਸ ਕੀਟ ਪਾਸੋਂ ਲਈ ਹੈ।

ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦਾ ਸਾਰਾ ਮੂਲ ਪਾਠ ਪਾਠਕਾਂ ਦੀ ਸੁਵਿਧਾ ਲਈ ਪੰਕਤੀ-ਛੇਦ ਅਤੇ ਪਦ-ਛੇਦ ਵਿਧੀ ਅਨੁਸਾਰ ਦਿੱਤਾ ਗਿਆ ਹੈ। ਕਈ ਕੁ ਸੱਜਣਾਂ ਦੀ ਵੀਚਾਰ ਸੀ ਕਿ ਸ੍ਰੀ ਗੁਰਪ੍ਰਤਾਪ ਸੂਰਜ ਵਿੱਚੋਂ ਕੁੱਝ ਬੇਲੋੜੇ ਅਤੇ ਮਨਮੱਤ ਵਾਲੇ ਅੰਸ਼ ਕੱਢ ਕੇ ਇਸਦੀ ਸੋਧ ਕਰ ਦਿੱਤੀ ਜਾਵੇ ਪਰ ਦਾਸ ਨੇ ਆਪਣੀ ਤੁੱਛ ਮੱਤ ਅਨੁਸਾਰ ਗ੍ਰੰਥ ਦੀ ਮੌਲਿਕਤਾ ਬਰਕਰਾਰ ਰੱਖਣ

ਲਈ ਐਸਾ ਕਰਨਾ ਮੁਨਾਸਿਬ ਨਹੀਂ ਸਮਝਿਆ। ਵੈਸੇ ਵੀ ਸ੍ਰੀ ਨਾਨਕ ਪ੍ਰਕਾਸ਼ ਅਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਵਿੱਚ ਪੰਥ ਰਤਨ ਡਾ. ਭਾਈ ਵੀਰ ਸਿੰਘ ਜੀ ਵਲੋਂ ਥਾਂ ਥਾਂ ਦਿੱਤੀਆਂ ਟਿੱਪਣੀਆਂ ਪਾਠਕਾਂ ਨੂੰ ਗੁਰਮਤਿ ਤੋਂ ਦੂਰ ਨਹੀਂ ਜਾਣ ਦਿੰਦੀਆਂ। ਇਸ ਲਈ ਭਾਈ ਵੀਰ ਸਿੰਘ ਜੀ ਵਲੋਂ ਦਿੱਤੇ ਪ੍ਰਯਾਯ, ਟਿੱਪਣੀਆਂ, ਹਵਾਲੇ ਅਤੇ ਫੁੱਟਨੋਟ ਨਾਲ ਨਾਲ ਦੇ ਕੇ ਮੂਲ ਪਾਠ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ। ਭਾਈ ਸਾਹਿਬ ਵਲੋਂ ਬਣਾਇਆ ਤਤਕਰਾ ਉਸੇ ਤਰ੍ਹਾਂ ਰੱਖ ਕੇ, ਕਿਸੇ ਵੀ ਅੰਸੂ ਤੱਕ ਸਿੱਧੀ ਪਹੁੰਚ ਲਈ ਆਸਾਨ ਲਿੰਕ ਦੇ ਦਿੱਤੇ ਗਏ ਹਨ।

ਨਾਲ ਹੀ ਖੋਜ ਕਾਰਜ ਲਈ ਸ. ਹਰਬੰਸ ਸਿੰਘ ਜੀ ਐਮ.ਏ. (ਜੰਮੂ) ਦੁਆਰਾ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ 'ਸੰਬੰਧ ਸੂਚਕ ਅਨੁਕ੍ਰਮਣਿਕਾ' (ਨਾਵਾਂ ਅਤੇ ਥਾਵਾਂ ਦਾ ਕੋਸ਼) ਵੀ ਦਿੱਤਾ ਜਾ ਰਿਹਾ ਹੈ। ਇਸ ਵਾਸਤੇ ਦਾਸ ਵਲੋਂ ਜਿੱਥੇ ਸ. ਹਰਬੰਸ ਸਿੰਘ ਜੀ ਦਾ ਧੰਨਵਾਦ ਹੈ, ਉੱਥੇ ਡਾ. ਗੁਰਚਰਨ ਸਿੰਘ ਜੀ (ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਦਾ ਵੀ ਦਾਸ ਰਿਣੀ ਹੈ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੰਭਵ ਹੋ ਸਕਿਆ ਹੈ। ਡਾ. ਗੁਰਚਰਨ ਸਿੰਘ ਜੀ ਦਾ ਦਾਸ ਇਸ ਕਰਕੇ ਵੀ ਕ੍ਰਿਤੱਗ ਹੈ ਉਨ੍ਹਾਂ ਨੇ ਦਾਸ ਨੂੰ 'ਸਰਕਾਰੀ ਕਾਲਿਜ ਕਰਮਸਰ' ਵਿੱਚ ਆਪਣਾ ਸ਼ਾਗਿਰਦ ਹੋਣ ਦੇ ਨਾਤੇ 'ਈਸ਼ਰ ਮਾਈਕ੍ਰੋ ਮੀਡੀਆ' ਨੂੰ ਖੋਜ ਕਾਰਜ ਲਈ ਵੱਧ ਤੋਂ ਵੱਧ ਸਹਾਇਕ ਬਣਾਉਣ ਲਈ ਸਮੇਂ ਸਮੇਂ ਬਹੁਤ ਹੀ ਕੀਮਤੀ ਸੁਝਾਅ ਦਿੱਤੇ ਹਨ। ਨਾਲ ਹੀ ਦਾਸ ਡਾ. ਕੁਲਬੀਰ ਸਿੰਘ ਜੀ 'ਥਿੰਦ' (ਸੈਨ ਮਟੇਓ, ਕੈਲੇਫੋਰਨੀਆ) ਦਾ ਧੰਨਵਾਦ ਕੀਤੇ ਬਿਨਾਂ ਵੀ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਜਦੋਂ ਵੀ ਜ਼ਰੂਰਤ ਪਈ, ਆਪਣੇ ਡਾਕਟਰੀ ਕਿੱਤੇ ਦੇ ਰੁਝੇਵਿਆਂ ਦੇ ਬਾਵਜੂਦ ਆਪਣਾ ਭਰਪੂਰ ਤਕਨੀਕੀ ਸਹਿਯੋਗ ਦਿੱਤਾ।

ਮੰਜ਼ਿਲ ਹਾਲਾਂ ਦੂਰ ਹੈ। ਅਜੇ ਤਵਾਰੀਖ ਗੁਰੂ ਖਾਲਸਾ ਪਾਠਕਾਂ ਤੱਕ ਆਉਣਾ ਹੈ। ਫਿਰ ਭਾਈ ਨੰਦ ਲਾਲ ਰਚਨਾਵਲੀ, ਜਨਮ ਸਾਖੀ ਭਾਈ ਬਾਲੇ ਵਾਲੀ, ਮਹਿਮਾ ਪ੍ਰਕਾਸ਼, ਦੋਵੇਂ ਗੁਰਬਿਲਾਸ (ਪਾ: ੬ ਅਤੇ ਪਾ: ੧੦), ਗੁਰੂ ਕੀਆਂ ਸਾਖੀਆਂ, ਗਿਆਨ ਰਤਨਾਵਲੀ, ਸਿੱਖ ਰਹਿਤਨਾਮੇ, ਗੁਰਬਾਣੀ ਦੇ ਪ੍ਰਸਿੱਧ ਟੀਕੇ ਅਤੇ ਸਿੱਖ ਇਤਿਹਾਸ ਦੀ ਹੋਰ ਮੂਲ ਸਾਮਗ੍ਰੀ... ਕਾਰਜ ਇਤਨਾ ਵੱਡਾ ਹੈ, ਜਿਹੜਾ ਸਤਿਗੁਰੂ ਜੀ ਦੀ ਬਖ਼ਸ਼ੀਸ਼ ਅਤੇ ਸਾਧ ਸੰਗਤ ਦੀ ਆਸੀਸ ਨਾਲ ਹੀ ਨੇਪਰੇ ਚੜ੍ਹ ਸਕਦਾ ਹੈ।

ਸੰਪੂਰਨ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥਾਵਲੀ ਇੰਟਰਨੈੱਟ ਉੱਪਰ ਉਪਲਬਧ ਕਰਾਉਣ ਦੀ ਇਹ ਸੇਵਾ ਦਾਸ ਵਲੋਂ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੇ ੩੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹੈ। ਸਤਿਗੁਰੂ ਜੀ ਬਖ਼ਸ਼ਿਸ਼ ਕਰਨ, ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਇਹ ਮਹਾਨ ਰਚਨਾ ਜੋ ਕਿ ਹਾਲਾਂ ਤੱਕ ਸਿਰਫ ਕੁਝ ਵਿਦਵਾਨਾਂ, ਲਾਈਬ੍ਰੇਰੀਆਂ ਅਤੇ ਗੁਰਦੁਆਰਿਆਂ ਤੱਕ ਹੀ ਸੀਮਿਤ ਹੈ, ਹੁਣ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਦੁਨੀਆਂ ਦੀ ਹਰ ਨੁੱਕਰ ਵਿੱਚ ਵਸਦੇ ਗੁਰੂ ਨਾਨਕ ਨਾਮ ਲੇਵਾ ਗੁਰਸਿਖਾਂ ਦੇ ਘਰ ਘਰ ਤੱਕ ਪਹੁੰਚ ਸਕੇ ਅਤੇ 'ਹਉ ਮੂਰਖ' ਇਸੇ ਤਰ੍ਹਾਂ 'ਕਾਰੇ' ਲੱਗਿਆ ਰਹੇ:

ਪੂਰੀ ਸ਼ੈ ਨੂੰ ਡਰ ਘਾਟੇ ਦਾ, ਡਰ ਨਹੀਂ ਅੱਧੀ ਤਾਈਂ।
ਰੱਬਾ! ਪਿਆਰ ਮੇਰੇ ਦੀ ਮੰਜ਼ਿਲ, ਪੂਰੀ ਕਦੇ ਨਾ ਹੋਵੇ।

ਦਾਸ
ਬਲਜਿੰਦਰ ਸਿੰਘ
ਗੁਰਦੁਆਰਾ ਕਰਮਸਰ, ਰਾੜਾ ਸਾਹਿਬ।

ਘਰਿ ਘਰਿ ਅੰਦਰਿ ਧਰਮਸਾਲ

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ 'ਪਿਆਰੇ' ਭਾਈ ਦਇਆ ਸਿੰਘ ਜੀ ਤੋਂ ਚਲੀ ਆ ਰਹੀ ਜਗਤ ਪ੍ਰਸਿੱਧ ਸੰਪ੍ਰਦਾਇ, ਜਿਹੜੀ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਕਰਕੇ ਵੀ ਪ੍ਰਸਿੱਧ ਹੈ, ਦੇ ਮਹਾਂਪੁਰਖ ਸੰਤ ਈਸ਼ਰ ਸਿੰਘ ਜੀ ਅਤੇ ਸੰਤ ਕਿਸ਼ਨ ਸਿੰਘ ਜੀ ਮਹਾਰਾਜ ਦੀਆਂ ਸ਼ਖਸ਼ੀਅਤਾਂ ਕਿਸੇ ਜਾਣਕਾਰੀ ਦੀਆਂ ਮੁਥਾਜ ਨਹੀਂ। ਇਸ ਸੰਪ੍ਰਦਾਇ ਦੇ ਮੌਜੂਦਾ ਮੁਖੀ, ਨਾਮ ਬਾਣੀ ਦੇ ਰਸੀਏ, ਸੰਤ ਬਾਬਾ ਤੇਜਾ ਸਿੰਘ ਜੀ ਦੀ ਆਗਿਆ ਅਨੁਸਾਰ ਬਾਬਾ ਬਲਜਿੰਦਰ ਸਿੰਘ ਜੀ ਨੇ ਜਿਸ ਢੰਗ ਨਾਲ ਗੁਰਸਿੱਖੀ ਦਾ ਪ੍ਰਚਾਰ ਕਰਨ ਵਾਸਤੇ ਬੀੜਾ ਚੁੱਕਿਆ ਹੈ, ਉਹ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ। ਸਿੱਧੀਆਂ ਧਾਰਨਾ ਦੁਆਰਾ ਗੁਰਬਾਣੀ ਦੇ ਕੀਰਤਨ ਅਤੇ ਵਖਿਆਨ ਦੁਆਰਾ ਬਾਬਾ ਬਲਜਿੰਦਰ ਸਿੰਘ ਜੀ ਨੇ ਨਾ ਕੇਵਲ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੀ ਰਵਾਇਤ ਨੂੰ ਬਰਕਰਾਰ ਰੱਖਿਆ ਹੈ, ਬਲਕਿ ਉਨ੍ਹਾਂ ਨੇ ਕੰਪਿਊਟਰ ਅਤੇ ਇੰਟਰਨੈੱਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਨਾਲ ਸੰਬੰਧਤ ਸਾਮੱਗਰੀ ਨੂੰ ਘਰ ਘਰ ਪਹੁੰਚਾ ਕੇ 'ਘਰਿ ਘਰਿ ਅੰਦਰਿ ਧਰਮਸਾਲ' ਭਾਈ ਗੁਰਦਾਸ ਜੀ ਦੇ ਇਸ ਵਚਨ ਨੂੰ ਇੱਕ ਨਿਵੇਕਲੇ ਤਰੀਕੇ ਦੁਆਰਾ ਸਫ਼ਲ ਕਰਨ ਦੀ ਇੱਕ ਹੋਰ ਨਵੀਂ ਰੀਤਿ ਚਲਾਈ ਹੈ।

ਦਾਸ ਦਾ ਪਿਛਲੇ ਕਈ ਸਾਲਾਂ ਤੋਂ ਗਾਹੇ ਬਗਾਹੇ ਜਦੋਂ ਕਿਤੇ ਵੀ ਉਨ੍ਹਾਂ ਨਾਲ ਮੇਲ ਹੁੰਦਾ ਰਿਹਾ ਹੈ, ਦਾਸ ਉਨ੍ਹਾਂ ਨੂੰ ਆਪਣੇ ਇਸੇ ਕਾਰਜ ਵਿੱਚ ਰੁੱਝਿਆ ਦੇਖਦਾ ਰਿਹਾ ਹੈ। ਸਭ ਤੋਂ ਪਹਿਲਾਂ ਮਹਾਨ ਕੋਸ਼ ਨੂੰ ਇੰਟਰਨੈੱਟ ਤੇ ਲਿਆ ਕੇ, ਫਿਰ 'ਈਸ਼ਰ ਮਾਈਕਰੋ ਮੀਡੀਆ' ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਦਾ ਸਰਚ ਟੂਲ ਤਿਆਰ ਕਰ ਕੇ ਜਿੱਥੇ ਆਪ ਨੇ ਹੁਣ ਤੱਕ ਇਸ ਖੇਤਰ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ, ਉੱਥੇ 'ਕਵਿ ਚੂੜਾਮਣਿ' ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' ਇੰਟਰਨੈੱਟ ਤੇ ਲਿਆ ਕੇ ਇਸ ਖੇਤਰ ਵਿੱਚ ਇੱਕ ਹੋਰ ਮਾਅਰਕਾ ਮਾਰਿਆ ਹੈ।

ਸੰਨ ੨੦੦੪ ਈ. ਸਿੱਖ ਇਤਿਹਾਸ ਨਾਲ ਸੰਬੰਧਤ ਸ਼ਤਾਬਦੀ ਸਮਾਰੋਹਾਂ ਦਾ ਸਾਲ ਰਿਹਾ ਹੈ। ਇਸ ਸਾਲ ਦੌਰਾਨ ਸਿੱਖ ਜਗਤ ਨੇ ਗੁਰੂ ਅੰਗਦ ਦੇਵ ਜੀ ਦਾ ੫੦੦ ਸਾਲਾ ਪ੍ਰਕਾਸ਼ ਪੁਰਬ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦਾ ੪੦੦ ਸਾਲਾ ਸਮਾਰੋਹ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ੩੦੦ ਸਾਲਾ ਦਿਹਾੜਾ ਮਨਾਇਆ ਹੈ। ਬਾਬਾ ਬਲਜਿੰਦਰ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਈ 'ਫਰੀਦਕੋਟ ਵਾਲਾ' ਟੀਕਾ ਗੁਰੂ ਅੰਗਦ ਦੇਵ ਜੀ ਦੇ ੫੦੦ ਸਾਲਾ ਪ੍ਰਕਾਸ਼ ਪੁਰਬ ਨੂੰ, 'ਈਸ਼ਰ ਮਾਈਕ੍ਰੋ ਮੀਡੀਆ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਦੇ ੪੦੦ ਸਾਲਾ ਪੁਰਬ ਨੂੰ ਅਤੇ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦੇ ੩੦੦ ਸਾਲਾ ਦਿਹਾੜੇ ਨੂੰ ਸਮਰਪਿਤ ਕਰਕੇ ਜਿੱਥੇ ਗੁਰੂ ਸਾਹਿਬਾਨ ਦੇ ਉਪਕਾਰਾਂ ਅਤੇ ਕੁਰਬਾਨੀਆਂ ਪ੍ਰਤੀ ਆਪਣੀ ਸ਼ਰਧਾ ਅਤੇ ਕ੍ਰਿਤੱਗਤਾ ਪ੍ਰਗਟ ਕੀਤੀ ਹੈ, ਉਥੇ ਨਾਲ ਹੀ ਕੰਪਿਊਟਰ ਅਤੇ ਇੰਟਰਨੈੱਟ ਨਾਲ ਜਾਣਕਾਰੀ ਰੱਖਣ ਵਾਲੇ 'ਗੁਰਮੁਖ ਹੰਸਾਂ' ਵਾਸਤੇ ਆਪ ਨੇ ਗੁਰੂ ਸਾਹਿਬਾਨ ਦੀ ਬਾਣੀ ਅਤੇ ਉਪਮਾ ਦਾ 'ਮਾਨ ਸਰੋਵਰ' ਉਨ੍ਹਾਂ ਦੇ ਬਿਲਕੁਲ ਨੇੜੇ ਕਰ ਦਿੱਤਾ ਹੈ। ਯਾਦ ਰਹੇ ਕਿ ਭਾਈ ਕਾਨ੍ਹ ਸਿੰਘ ਨਾਭਾ ਜੀ ਦੀ ਮਹਾਨ ਰਚਨਾ 'ਮਹਾਨਕੋਸ਼' ਆਪ ਪਹਿਲਾਂ ਹੀ ਇੰਟਰਨੈੱਟ ਤੇ ਉਪਲਬਧ ਕਰਵਾ ਕੇ ਖਾਲਸੇ ਦੀ ਸਿਰਜਨਾ ਦੇ ੩੦੦ ਸਾਲਾ ਪੁਰਬ ਨੂੰ ਸਮਰਪਿਤ ਕਰ ਚੁੱਕੇ ਹਨ।

ਬਾਬਾ ਬਲਜਿੰਦਰ ਸਿੰਘ ਜੀ ਦੀ ਇਸ ਘਾਲਣਾ ਉਪਰ ਸਿਰਫ ਰਾੜਾ ਸਾਹਿਬ ਸੰਪ੍ਰਦਾਇ ਹੀ ਨਹੀਂ, ਬਲਕਿ ਸਮੁੱਚਾ ਸੰਤ ਸਮਾਜ ਮਾਣ ਕਰ ਸਕਦਾ ਹੈ। ਗੁਰਮਤਿ ਦਾ ਪ੍ਰੰਪਰਾਗਤ ਤਰੀਕੇ ਦੁਆਰਾ ਪ੍ਰਚਾਰ ਕਰਨਾ, ਅੰਮ੍ਰਿਤ ਛਕਾਉਣਾ, ਲੰਗਰ ਚਲਾਉਣੇ, ਸਮਾਜ ਅਤੇ ਮਾਨਵਤਾ ਦੀ ਸੇਵਾ ਕਰਨਾ ਆਦਿਕ ਸੇਵਾਵਾਂ ਤਾਂ ਪਹਿਲਾਂ ਹੀ ਸੰਤ ਸਮਾਜ ਦੇ ਹਿੱਸੇ ਆ ਚੁੱਕੀਆਂ ਹਨ, ਬਾਬਾ ਬਲਜਿੰਦਰ ਸਿੰਘ ਜੀ ਨੇ ਆਧੁਨਿਕ ਢੰਗ ਦੁਆਰਾ ਕੰਪਿਊਟਰ ਅਤੇ ਇੰਟਰਨੈਟ ਦੇ ਮਾਧਿਅਮ ਰਾਹੀਂ ਗੁਰਬਾਣੀ ਅਤੇ ਗੁਰਮਤਿ ਦਾ ਪ੍ਰਚਾਰ ਕਰਨ ਦੀ ਸੇਵਾ ਆਰੰਭ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਨਾਂ ਹੋਰ ਉੱਚਾ ਕਰ ਦਿੱਤਾ ਹੈ। ਨਾਲ ਹੀ ਬਾਬਾ ਬਲਜਿੰਦਰ ਸਿੰਘ ਜੀ ਨੇ ਸੰਤ ਸਮਾਜ, ਸਿੱਖ ਵਿਦਵਾਨਾਂ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਇਸ ਗੱਲ ਦਾ ਅਹਿਸਾਸ ਵੀ ਕਰਵਾਇਆ ਹੈ ਕਿ ਅੱਜ ਦੇ ਕੰਪਿਊਟਰ ਯੁਗ ਵਿੱਚ ਗੁਰਮਤਿ ਦੇ ਪ੍ਰਚਾਰ ਅਤੇ ਖੋਜ ਕਾਰਜ ਵਾਸਤੇ ਜੇਕਰ ਇਨ੍ਹਾਂ ਸਾਧਨਾਂ ਦੀ ਵਰਤੋਂ ਨਾ ਕੀਤੀ ਗਈ ਤਾਂ ਗੁਰੂ ਸਾਹਿਬਾਨ ਦੇ ਸੰਦੇਸ਼ ਨੂੰ ਘਰ ਘਰ ਪਹੁੰਚਾਉਣ ਦਾ ਸੰਕਲਪ ਪੂਰਾ ਨਹੀਂ ਹੋ ਸਕੇਗਾ।

ਦਾਸ ਨੂੰ ਆਸ ਹੈ ਕਿ ਗੁਰਮਤਿ ਨਾਲ ਸੰਬੰਧਤ ਮੂਲ ਸਾਮਗ੍ਰੀ ਕੰਪਿਊਟਰ ਅਤੇ ਇੰਟਰਨੈੱਟ ਰਾਹੀਂ ਘਰ ਘਰ ਪਹੁੰਚਾਉਣ ਦੇ ਇਸ ਸ਼ੁਭ ਮਨੋਰਥ ਵਿੱਚ ਬਾਬਾ ਬਲਜਿੰਦਰ ਸਿੰਘ ਜੀ ਨੂੰ ਪੂਰਨ ਕਾਮਯਾਬੀ ਪ੍ਰਾਪਤ ਹੋਵੇਗੀ। ਅਖ਼ੀਰ ਵਿੱਚ ਦਾਸ ਆਪਣੇ ਵਲੋਂ ਅਤੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਵਲੋਂ ਬਾਬਾ ਬਲਜਿੰਦਰ ਸਿੰਘ ਜੀ ਦੇ ਇਸ ਪੁਰਸ਼ਾਰਥ ਦੀ ਭਰਪੂਰ ਸ਼ਾਲਾਘਾ ਕਰਦਾ ਹੋਇਆ ਉਨ੍ਹਾਂ ਨੂੰ ਹੁਣ ਤੱਕ ਪ੍ਰਾਪਤ ਕੀਤੀ ਸਫ਼ਲਤਾ ਲਈ ਵਧਾਈ ਦਿੰਦਾ ਹੈ ਅਤੇ ਉਨ੍ਹਾਂ ਦੇ ਬਾਕੀ ਰਹਿੰਦੇ ਮਹਾਨ ਕਾਰਜ ਦੀ ਸੰਪੂਰਨਤਾ ਵਾਸਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ।

੨੧ ਜਨਵਰੀ ੨੦੦੫
ਰੰਧਾਵਾ

ਸੰਤ ਹਰੀ ਸਿੰਘ ਰੰਧਾਵਾ
ਜਨਰਲ ਸਕੱਤਰ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

ਸੰਦੇਸ਼

ਬਾਬਾ ਬਲਜਿੰਦਰ ਸਿੰਘ ਜੀ ਸੰਤ ਸਮਾਜ ਨਾਲ ਸੰਬੰਧਿਤ ਪ੍ਰਚਾਰ ਦੀ ਸੁਪ੍ਰਸਿੱਧ ਸੰਸਥਾ ਸੰਤ ਈਸ਼ਰ ਸਿੰਘ ਜੀ ਤੇ ਸੰਤ ਕਿਸ਼ਨ ਸਿੰਘ ਜੀ ਰਾੜਾ ਸਾਹਿਬ ਵੱਲੋਂ ਵਰੋਸਾਇ ਸਥਾਨ ਦੇ ਪ੍ਰਮੁੱਖ ਪ੍ਰਤਿਨਿਧ ਹਨ। ਚੇਤੰਨ ਤੇ ਸੂਝਵਾਨ ਹੋਣ ਦੇ ਨਾਤੇ ਉਹ ਸਿੱਖੀ ਦਾ ਪ੍ਰਚਾਰ ਪ੍ਰੰਪਕ ਤੇ ਆਧੁਨਿਕ ਵਿਗਿਆਨਕ ਸੂਝ ਦਾ ਸੁਮੇਲ ਕਰਕੇ ਕਰਨ ਦੇ ਚਾਹਵਾਨ ਹਨ। ਜਿੱਥੇ ਉਹ ਹੋਤੀ ਮਰਦਾਨ ਵਾਲੀ ਸੰਪ੍ਰਦਾਇ ਨਾਲ ਸੰਬੰਧਿਤ ਸੰਤ ਈਸ਼ਰ ਸਿੰਘ ਜੀ ਦੇ ਸਿੱਧੀਆਂ ਧਾਰਨਾਂ ਦੁਆਰਾ ਗੁਰਬਾਣੀ ਕੀਰਤਨ ਤੇ ਵਖਿਆਨ ਦੀ ਪ੍ਰੰਪਰਾ ਨੂੰ ਅਗਾਂਹ ਤੋਰ ਰਹੇ ਹਨ, ਉੱਥੇ ਉਨ੍ਹਾਂ ਨੂੰ ਵਿਦੇਸ਼ਾਂ ਦੇ ਰਟਨ ਤੋਂ ਇਹ ਵੀ ਅਨੁਭਵ ਹੋ ਗਿਆ ਹੈ ਕਿ ਸਮੁੱਚੇ ਤੌਰ ਤੇ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਵਸਦੀ ਅਜੋਕੀ ਪੀੜ੍ਹੀ ਨੂੰ ਧਰਮ, ਅਤੇ ਇਸ ਰਾਹੀਂ ਜੀਵਨ ਦੀਆਂ ਉੱਚੀਆਂ ਸੁੱਚੀਆਂ ਕੀਮਤਾਂ ਵੱਲ ਆਕਰਸ਼ਤ ਕਰਨ ਦੇ ਪ੍ਰਮੁੱਖ ਸਾਧਨ ਇੰਟਰਨੈੱਟ ਅਤੇ ਕੰਪਿਊਟਰ ਹੀ ਹਨ। ਅੱਜ ਦੇ ਇਸ ਪੀੜ੍ਹੀ ਦੇ ਵਿਦਵਾਨ ਤੇ ਖੋਜਕਾਰ ਵੀ ਗੁਰਮਤਿ ਅਧਿਐਨ ਲਈ ਨਵੀਨਤਮ ਸੂਚਨਾਂ ਤੇ ਪ੍ਰਸਾਰ ਦੇ ਸਾਧਨਾਂ ਦੀਆਂ ਸਹੂਲਤਾਂ ਦੀ ਘਾਟ ਨੂੰ ਬੜੇ ਤੀਬਰ ਰੂਪ ਵਿੱਚ ਅਨੁਭਵ ਕਰਕੇ, ਇਸ ਤੋਂ ਦੂਰ ਹੁੰਦੇ ਜਾ ਰਹੇ ਹਨ। ਉਹ ਪੀੜ੍ਹੀ ਜਿਸ ਨੇ ਆਪਣੀ ਸਾਰੀ ਸਿੱਖਿਆ ਹੀ ਇਸ ਮਾਧਿਅਮ ਰਾਹੀਂ ਲਈ ਹੈ, ਉਹਨਾਂ ਨੂੰ ਇਹ ਘਾਟ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਹੁੰਦੀ ਹੈ।

ਬਾਬਾ ਬਲਜਿੰਦਰ ਸਿੰਘ ਜੀ ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਦੇ ਪਾਤਰ ਹਨ ਜਿਸ ਸਦਕੇ ਉਨ੍ਹਾਂ ਨੂੰ ਸਤਿਗੁਰੂ ਜੀ ਨੇ ਇਹ ਸੇਵਾ ਬਖ਼ਸ਼ੀ ਹੈ। ਕਈ ਸਾਲਾਂ ਤੋਂ ਜਿੱਥੇ ਉਹ ਗੁਰਮਤਿ ਦੇ ਪ੍ਰੋਖ ਤੇ ਅਪ੍ਰੋਖ ਸੋਮਿਆਂ ਨੂੰ ਪ੍ਰੋਗ੍ਰਾਮਡ ਰੂਪ ਵਿਚ ਸੀ.ਡੀ. ਅਤੇ ਵੈੱਬਸਾਈਟ ਤੇ ਲਿਆ ਰਹੇ ਹਨ, ਉੱਥੇ ਨਾਲ ਹੀ ਉਹ ਇਸ ਨੂੰ ਨਿੱਤ ਹੋਰ ਸੁਧਾਰਨ ਤੇ ਵਧੇਰੇ ਅਧਿਐਨ-ਸਹਾਇਕ ਬਨਾਉਣ ਵਿੱਚ ਰੁੱਝੇ ਹੋਏ ਹਨ। ਵਿਅਕਤੀ ਰੂਪ ਵਿੱਚ ਬਿਨਾਂ ਕਿਸੇ ਸੰਸਥਾਗਤ ਸਹਾਇਤਾ ਦੇ ਉਹ ਐੱਨਾ ਕੰਮ ਕਰ ਚੁੱਕੇ ਹਨ ਕਿ ਸੰਤ ਸਮਾਜ, ਵੱਖ-ਵੱਖ ਡੇਰੇ ਤੇ ਵੱਡੀਆਂ ਸੰਸਥਾਵਾਂ ਉਨ੍ਹਾਂ ਦੇ ਇਸ ਕਾਰਜ ਅਤੇ ਲਗਨ ਉਪਰ ਮਾਣ ਕਰ ਸਕਦੀਆਂ ਹਨ। 'ਈਸ਼ਰ ਮਾਈਕਰੋ ਮੀਡੀਆ' ਦੇ ਨਵੀਨਤਮ ਸੰਸਕਰਨ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਤੇ ਸਵੈਯੇ; ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫਰੀਦਕੋਟ ਵਾਲਾ ਟੀਕਾ (੪ ਜਿਲਦਾਂ); ਸ. ਮਨਮੋਹਨ ਸਿੰਘ ਰਚਿਤ ਪੰਜਾਬੀ ਅੰਗਰੇਜੀ ਸਟੀਕ (੮ ਜਿਲਦਾਂ); ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਗੁਰੂ ਗ੍ਰੰਥ ਸਾਹਿਬ ਦਰਪਨ' (੧੦ ਜਿਲਦਾਂ); ਭਾਈ ਕਾਨ੍ਹ ਸਿੰਘ ਜੀ ਦਾ 'ਮਹਾਨ ਕੋਸ਼' ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਤ ਮੇਰਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼' (੨ ਜਿਲਦਾਂ) ਨੂੰ ਭਾਈ ਸੰਤੋਖ ਸਿੰਘ ਜੀ ਦੇ 'ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ' (੧੪ ਜਿਲਦਾਂ) ਸਮੇਤ ਭਰ ਦਿੱਤਾ ਗਿਆ ਹੈ ਅਤੇ ਇਨ੍ਹਾਂ ਸਾਰਿਆਂ ਨੂੰ ਆਪਸ ਵਿੱਚ ਸੰਬੰਧਿਤ ਕਰ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਕਿਸੇ ਵੀ ਸ਼ਬਦ ਅਤੇ ਤੁਕ ਦੀ ਭਾਲ ਲਈ ਸਰਚ ਇੰਜਨ ਤਾਂ ਹੈ ਹੀ ਪਰ ਜੇ ਉਪਰੋਕਤ ਕਿਸੇ ਵੀ ਟੀਕੇ ਵਿੱਚੋਂ ਤੁਕ-ਵਿਸ਼ੇਸ਼ ਦੇ ਅਰਥ ਵੇਖਣੇ ਹੋਣ, ਅਜਿਹੀ ਸੁਵਿਧਾ ਵੀ ਇਸ ਵਿੱਚ ਉਪਲਬਧ ਹੈ। ਕਿਸੇ ਵਿਸ਼ੇਸ਼ ਸ਼ਬਦ ਦੇ ਅਰਥਾਂ ਨੂੰ ਲੋੜ ਅਨੁਸਾਰ ਮਹਾਨ ਕੋਸ਼ ਅਥਵਾ 'ਸ੍ਰੀ ਗੁਰੂ ਗ੍ਰੰਥ ਕੋਸ਼' ਵਿੱਚੋਂ ਵੀ ਵੇਖਿਆ ਜਾ ਸਕਦਾ ਹੈ। ਸ਼ਬਦਾਂ ਦੀ ਢੂੰਡ ਸੀਮਤ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਵੀ ਯੋਗਦਾਨੀ ਅਥਵਾ ਰਾਗ ਵਿੱਚੋਂ ਵੀ ਕੀਤੀ ਜਾ ਸਕਦੀ ਹੈ। ਇਹ ਸਾਰੀ ਭਾਲ ਕਿਸੇ ਸ਼ਬਦ ਦੇ ਵੱਖ-ਵੱਖ ਜੋੜਾਂ ਵਾਲੇ ਸ਼ਬਦਾਂ ਦੀ ਇਕੱਠੀ ਵੀ ਹੋ ਸਕਦੀ ਹੈ। ਸਾਰੀਆਂ ਤੁਕਾਂ ਨੂੰ

ਅਗਲੀਆਂ-ਪਿਛਲੀਆਂ ਤੁਕਾਂ ਸਮੇਤ ਵੱਖਰੇ ਵੀ ਕੱਢਿਆ ਜਾ ਸਕਦਾ ਹੈ। ਇਸ ਤਰ੍ਹਾਂ ਦੀ ਖੋਜ ਅਤੇ ਸਾਫਟਵੇਅਰ ਦੀ ਸਿਰਜਨਾ ਵਡੇਰੀਆਂ ਵਿੱਦਿਅਕ ਅਤੇ ਧਾਰਮਿਕ ਸੰਸਥਾਵਾਂ ਲਈ ਅਨੁਸਰਨ ਕਰਨਯੋਗ ਹੈ।

ਸਤਿਗੁਰੂ ਜੀ ਬਾਬਾ ਬਲਜਿੰਦਰ ਸਿੰਘ ਜੀ ਤੇ ਹੋਰ ਬਖ਼ਸ਼ਿਸ਼ਾਂ ਕਰਨ, ਉਨ੍ਹਾਂ ਨੂੰ ਇਸ ਸੇਵਾ ਲਈ ਹੋਰ ਉਤਸ਼ਾਹ ਬਖ਼ਸ਼ਣ ਤਾਂ ਜੋ ਉਹ ਗੁਰਮਤਿ ਦੇ ਸੁਨੇਹੇ ਦੇ ਪ੍ਰਸਾਰ ਵਿਚ ਜੁਟੇ ਰਹਿਣ। ਸਾਡੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਇਹ ਹੀ ਅਰਦਾਸ ਹੈ।

ਪਟਿਆਲਾ
੨੮ ਜਨਵਰੀ, ੨੦੦੫

ਡਾ. ਗੁਰਚਰਨ ਸਿੰਘ
ਪ੍ਰੋ. (ਰੀਟਾਇਰਡ) ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਐਕਸ ਫੈਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ)

ਸੰਖੇਪ ਲਿੰਕ

ਰਾਸਿ ਚੌਥੀ

(ਵਿਸਥਾਰ ਵਿੱਚ ਤਤਕਰਾ ਦੇਖਣ ਵਾਸਤੇ ਤਤਕਰਾ ਰਾਸਿ ੪ ਉਪਰ ਕਲਿਕ ਕਰੋ ਜੀ)

੧	੨	੩	੪	੫	੬	੭	੮	੯	੧੦	੧੧
	੧੨	੧੩	੧੪	੧੫	੧੬	੧੭	੧੮	੧੯	੨੦	੨੧
	੨੨	੨੩	੨੪	੨੫	੨੬	੨੭	੨੮	੨੯	੩੦	੩੧
	੩੨	੩੩	੩੪	੩੫	੩੬	੩੭	੩੮	੩੯	੪੦	੪੧
	੪੨	੪੩	੪੪	੪੫	੪੬	੪੭	੪੮	੪੯	੫੦	੫੧
	੫੨	੫੩	੫੪	੫੫	੫੬	੫੭	੫੮	੫੯	੬੦	੬੧

੬੨ ੬੩ ੬੪ ੬੫ ੬੬

ਕੀ-ਸਟ੍ਰੋਕ ਸੂਚੀ

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚੋਂ ਕੋਈ ਅੱਖਰ ਲੱਭਣ ਵਾਸਤੇ ਗੁਰਮੁਖੀ ਫਾਂਟ ਲਈ ਨਿਰਧਾਰਤ ਕੀ-ਸਟ੍ਰੋਕ ਦੀ ਸੂਚੀ

ੳ	ਅ	ੲ	ਸ	ਹ	ਕ	ਖ	ਗ	ਘ	ਙ
A	a	e	s	h	k	K	g	G	Alt+ 249
ਚ	ਛ	ਜ	ਝ	ਞ	ਟ	ਠ	ਡ	ਢ	ਣ
c	C	j	J	Alt+ 248	t	T	f	F	N
ਤ	ਥ	ਦ	ਧ	ਨ	ਪ	ਫ	ਬ	ਭ	ਮ
q	Q	d	D	n	p	P	b	B	m
ਯ	ਰ	ਕ	ਵ	ੜ	ਸ਼	ਖ਼	ਗ਼	ਜ਼	ਫ਼
X	r	k	v	V	S	Alt+ 222	Alt+ 223	Z	Alt+ 227
ਲ਼	ਊੰ	ਜ	੍ਨ	ਾ	ਾਂ	ਿ	ੀ	ੁ	ੁ
Alt+ 253	L	Alt+ 206	Alt+ 236	w	W	i	I	u	Alt+ 252
ੂ	ੂ	ੇ	ੇ	ੈ	ੋ	ੌ	ੰ	ਂ	ਂ
U	Alt+ 193	Alt+ 216	y	Y	o	O	x	M	Alt+ 251
ੁ	ੁ	੍	੍ਹ	੍ਹ	੍ਥ	੍ਟ	੍ਤ	੍ਵ	੍ਰ
z	Alt+	Alt+ 196	Alt+ 180	H	Alt+ 231	Alt+ 195	Alt+ 156	Alt+ 205	R
ੇ	਼	ਃ							
Alt+ 216	Alt+ 230	Alt+ 218							

ਤਤਕਰਾ ਰਾਸਿ ੪

	ਰਾਸਿ ਚੌਥੀ
੧	ਅੰਸੂ ੧. [ਮੰਗਲਾਚਰਣ] ੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ। ੨. ਇਸ਼੍ਟ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ। ੩. ਇਸ਼੍ਟ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ। ੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ। ੫. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ। ੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ। ੭. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਗੋਵਿੰਦ ਜੀ-ਮੰਗਲ। ੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ। ੯. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ। ੧੦. ਇਸ਼੍ਟ ਗੁਰੂ-ਸ਼੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ। ੧੧. ਇਸ਼੍ਟ ਗੁਰੂ-ਸ਼੍ਰੀ ਗੁਰੂ ਗੋਵਿੰਦ ਸਿੰਘ ਜੀ-ਮੰਗਲ। ੧੨. ਸਮਸਤ ਗੁਰ ਮੰਗਲ ਤੇ ਬਿਨਯ। ** [ਸ਼੍ਰੀ ਸਤਿਗੁਰਾਂ ਦੀ ਕਥਾ ਦਾ ਆਰੰਭ]
੨	੨. [ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ]
੩	੩. [ਸਗਾਈ ਦੀ ਤਿਆਰੀ ਦਿਲੀ ਦੀ ਸੰਗਤ ਨੇ ਅਰਦਾਸ ਲਿੱਖੀ]
੪	੪. [ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ]
੫	੫. [ਸੰਗਤਿ ਦੀ ਅਰਦਾਸ ਪੁੱਜੀ। ਸਗਾਈ ਮੋੜ ਦਿੱਤੀ]
੬	੬. [ਦੋ ਸਗਾਈਆਂ ਕੱਠੀਆਂ ਹੋਣੀਆਂ]
੭	੭. [ਵਿਵਾਹ ਦੀ ਤਿਆਰੀ]
੮	੮. [ਚੰਦੂ ਦਾ ਵੈਰ ਵਧਿਆ]
੯	੯. [ਵਿਆਹ ਦੀ ਤਿਆਰੀ ਮੇਲ ਦਾ ਆਵਣਾ]
੧੦	੧੦. [ਬਰਾਤ ਦੀ ਚੜ੍ਹਾਈ]
੧੧	੧੧. [ਬਰਾਤ ਦਾ ਢੁਕਾਉ]
੧੨	੧੨. [ਬਰਾਤ]
੧੩	੧੩. [ਬਰਾਤ]
੧੪	੧੪. [ਬਰਾਤ ਵਾਪਸ ਆਈ]
੧੫	੧੫. [ਮੇਲ ਦੀ ਵਿਦੈਗੀ]
੧੬	੧੬. [ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ]
੧੭	੧੭. [ਸੁਲਹੀ ਚੜ੍ਹਕੇ ਆਇਆ]

੧੮	੧੮. [ਸੁਲਹੀ ਸੜ ਮੋਇਆ]
੧੯	੧੯. [ਚੰਦੂ ਦੀ ਪ੍ਰਿਥੀਏ ਨੂੰ ਚਿੱਠੀ]
੨੦	੨੦. [ਚੰਦੂ ਨਾਲ ਪ੍ਰਿਥੀਏ ਦਾ ਮੇਲ]
੨੧	੨੧. [ਗੋਇੰਦਵਾਲ ਜਾਣਾ]
੨੨	੨੨. [ਮਹਾਂਦੇਵ ਜੀ ਦਾ ਪ੍ਰਲੋਕ ਗਮਨ]
੨੩	੨੩. [ਸ਼੍ਰੀ ਗੁਰੂ ਜੀ ਦੇ ਗੁਣ]
੨੪	੨੪. [ਜਹਾਂਗੀਰ ਕਸ਼ਮੀਰ ਨੂੰ]
੨੫	੨੫. [ਸੁਲਬੀ ਦਾ ਨਾਸ਼]
੨੬	੨੬. [ਪ੍ਰਿਥੀਆ ਪ੍ਰਲੋਕ ਗਮਨ]
੨੭	੨੭. [ਸ਼ੋਕ। ਚੰਦੂ। ਜਹਾਂਗੀਰ]
੨੮	੨੮. [ਸ਼੍ਰੀ ਚੰਦ ਜੀ ਨੇ ਭੇਟ ਮੰਗੀ]
੨੯	੨੯. [ਖੁਸਰੋ ਦਾ ਆਗਮਨ]
੩੦	੩੦. [ਸ਼੍ਰੀ ਹਰਿ ਗੋਬਿੰਦ ਜੀ ਪ੍ਰਤਿ ਉਪਦੇਸ਼]
੩੧	੩੧. [ਸ਼੍ਰੀ ਗੁਰ ਅਰਜਨ ਜੀ ਲਾਹੌਰ ਆਏ]
੩੨	੩੨. [ਭਾਈ ਸੱਧੂ ਦੇ ਘਰ ਅਰਥ ਮੱਲ ਜੀ ਮਿਲੇ]
੩੩	੩੩. [ਜਹਾਂਗੀਰ, ਚੰਦੂ ਦੇ ਘਰ ਪੁੱਜੇ]
੩੪	੩੪. [ਚੰਦੂ ਗ੍ਰਹ ਕਸ਼ਟ। ਤਪਤ ਨੀਰ]
੩੫	੩੫. [ਚੰਦੂ ਦੀ ਨੂੰਹ। ਬਾਰੂ ਤਪਤ]
੩੬	੩੬. [ਤਪਤ ਲੋਹ। ਚੰਦੂ ਦੀ ਨੂੰਹ]
੩੭	੩੭. [ਕਸ਼ਟ। ਸਚਖੰਡ ਗਵਨ]
੩੮	੩੮. [ਸੱਚਖੰਡ ਗਵਨ]
੩੯	੩੮. [ਸ਼੍ਰੀ ਅੰਮ੍ਰਿਤਸਰ ਪੰਜੇ ਸਿੱਖ ਪੁੱਜੇ]
੪੦	੪੦. [ਸ਼੍ਰੀ ਗੁਰ ਹਰਿ ਗੁਵਿੰਦ ਜੀ ਨੇ ਪ੍ਰਣ ਕੀਤਾ]
੪੧	੪੧. [ਦਸਤਾਰ ਬੰਦੀ]
੪੨	੪੨. [ਅਕਾਲ ਬੁੰਗਾ ਰਚਿਆ]
੪੩	੪੩. [ਤਖਤ ਤੇ ਬਿਰਾਜਮਾਨ]
੪੪	੪੪. [ਖਸ਼ਟਮ ਗੁਰੂ ਜੀ ਦਾ ਵੀਰ ਰਸੀ ਰੂਪਕ]
੪੫	੪੫. [ਉਤਸਾਹ, ਬਖਸ਼ਿਸ਼ ਆਦਿਕ ਬਿਲਾਸ]
੪੬	੪੬. [ਚੰਦੂ ਨੇ ਡਰ ਕੇ ਫੇਰ ਸਗਾਈ ਹਿਤ ਦੂਤ ਭੇਜੇ]
੪੭	੪੭. [ਦੂਤ ਵਾਪਸ ਦਿੱਲੀ ਆਏ]
੪੮	੪੮. [ਜਹਾਂਗੀਰ ਪਾਸ ਚੁਗਲੀ]
੪੯	੪੯. [ਜਹਾਂਗੀਰ ਦਾ ਸੱਦਾ। ਗੁਰੂ ਘਰ ਵਿਚ ਮਸਲਤ।]
੫੦	੫੦. [ਦਿੱਲੀ ਜਾਣ ਦੀ ਤਿਆਰੀ]

੫੧	੫੧. [ਦੋ ਕੋਹਾਂ ਤੇ ਡੇਰਾ]
੫੨	੫੨. [ਗੁਰੂ ਜੀ ਦਿੱਲੀ ਪੁੱਜੇ]
੫੩	੫੩. [ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼]
੫੪	੫੪. [ਜਹਾਂਗੀਰ ਨਾਲ ਮੇਲ।]
੫੫	੫੫. [ਜਹਾਂਗੀਰ ਨਾਲ ਸ਼ਿਕਾਰ। ਸ਼ੇਰ ਮਾਰਿਆ]
੫੬	੫੬. [ਦਿੱਲੀ ਤੋਂ ਕੂਚ]
੫੭	੫੭. [ਸੱਚਾ ਪਾਤਸ਼ਾਹ। ਘਾਹੀ]
੫੮	੫੮. [ਸ਼ਾਹ ਨੂੰ ਨਜੂਮੀ ਤੋਂ ਭਰਮਾਉਣਾ]
੫੯	੫੯. [ਦੁਰਗ ਗੁਆਲੀਅਰ ਪ੍ਰਵੇਸ਼]
੬੦	੬੦. [ਗੁਆਲੀਅਰ ਨਿਵਾਸ। ਪ੍ਰੇਮੀ ਸਿੱਖਾਂ ਦੀ ਸਲਾਹ]
੬੧	੬੧. [ਰਾਤੀਂ ਜਹਾਂਗੀਰ ਨੂੰ ਸ਼ੇਰਾਂ ਨੇ ਡਰਾਇਆ]
੬੨	੬੨. [ਭਾਈ ਜੇਠੇ ਨੂੰ ਅਜਰ ਜਰਨ ਦਾ ਉਪਦੇਸ਼]
੬੩	੬੩. [ਵਜ਼ੀਰ ਖਾਂ ਲੈਣ ਆਯਾ। ਰਾਜਿਆਂ ਨੂੰ ਧੀਰਜ]
੬੪	੬੪. [ਪੀਰ ਮੀਆਂ ਮੀਰ ਤੇ ਜਹਾਂਗੀਰ ਮੇਲ]
੬੫	੬੫. [ਵਜ਼ੀਰ ਖਾਂ ਵਾਪਸ ਆਇਆ]
੬੬	੬੬. [ਬੰਦੀ ਛੋੜ ਜੀ ਦਿੱਲੀ ਆਏ]

ਰਾਸ਼ਿ ਚੌਥੀ ਚੱਲੀ

ੴ ਸਤਿਗੁਰ ਪ੍ਰਸਾਦਿ ॥

ਅਥ ਚਤੁਰਥ ਰਾਸਿ ਬਰਨਨੰ।

ਅੰਸੂ ੧. [ਮੰਗਲਾਚਰਣ]

<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>2

੧. 'ਕਵਿ-ਸੰਕੇਤ' ਮਿਰ੍ਯਾਦਾ ਦਾ ਮੰਗਲ।

ਦੋਹਰਾ: ਬੀਨ ਦੰਡ ਪਾਣੀਨ ਮਹਿਂ*, ਸਰਬੋਤਮਾ ਪ੍ਰਬੀਨ।
ਬੀਨ ਬੀਨ ਬਿਘਨਨਿ ਹਨਹੁ, ਦਾਤੀ ਸੁਮਤਿ ਕਵੀਨ ॥੧॥

ਬੀਨ ਦੰਡ = ਵੀਣਾ ਦੰਡੇ ਸਮੇਤ, ਤੂੰਬੇ ਤੋਂ ਲੈ ਉੱਪਰਲੇ ਸਿਰੇ ਤੱਕ ਸਾਰਾ ਸਾਜ਼।
[ਸੰਸ: ਵੀਣਾ ਦੰਡ] (ਅ) ਵੀਣਾ ਡੰਡੇ ਦੇ ਸਮਾਨ ਫੜੀ ਹੈ ਜਿਸ ਨੇ।

ਅਰਥ: (ਜਿਸ ਦੇ) ਹੱਥਾਂ ਵਿਚ ਵੀਣਾਂ (ਤੇ ਵੀਣਾਂ ਦਾ) ਦੰਡ ਫੜਿਆ ਹੈ, (ਅਤੇ ਜੋ) ਸਭ ਤੋਂ ਉੱਤਮ (ਤੇ ਸਭ ਵਿੱਦਯਾ ਵਿਚ) ਨਿਪੁਨ ਹੈ (ਅਤੇ ਜੋ) ਕਵੀਆਂ ਨੂੰ ਸ੍ਰੇਸ਼ਟ ਮਤਿ ਦੀ ਦਾਤੀ ਹੈ, (ਹੇ ਐਸੀ ਸ਼ਾਰਦਾ! ਮੇਰੇ ਇਸ ਮਹਾਨ ਕੰਮ ਵਿਚ ਪੈ ਸਕਣ ਵਾਲੇ ਸਾਰੇ) ਵਿਘਨਾਂ ਨੂੰ ਚੁਣ ਚੁਣ ਕੇ ਨਾਸ਼ ਕਰ ਦਿਓ।

ਹੋਰ ਅਰਥ: ਤੁਕ ੧, ਪਾ:-ਬੀਨ ਦੰਡ ਪਾਣੀ ਨਮਹਿਂ+' = ਜੋ ਹੱਥ ਵਿਚ ਵੀਣਾ ਦੰਡ ਧਾਰਨ ਵਾਲੀ ਹੈ ਉਸ ਨੂੰ ਮੇਰੀ ਨਮਸਕਾਰ ਹੈ।

ਭਾਵ: ਦੂਜੀ ਤੁਕ ਵਿੱਚ ਕਵਿ ਜੀ ਨੇ ਵਿਘਨਾਂ ਦੇ ਮਾਰਨ ਦਾ ਜ਼ਿਕਰ ਕੀਤਾ ਹੈ, ਮਾਰੀਦਾ ਅਕਸਰ ਡੰਡੇ ਨਾਲ ਹੈ, ਤੇ ਸਰਸ੍ਵਤੀ ਕੋਮਲ ਉਨਰਾਂ ਦੀ ਦੇਵੀ ਹੈ, ਉਸ ਪਾਸੋਂ ਮਾਰਨ ਯਾ ਦੰਡ ਦੇਣ ਦਾ ਕਰੜਾ ਕੰਮ ਹੋ ਹੀ ਨਹੀਂ ਸਕਦਾ, ਪਰ ਕਵਿ ਜੀ ਨੂੰ ਲੋੜ ਹੈ ਅਪਣੇ ਵਿਘਨਾਂ ਨੂੰ ਤਾੜਨਾ ਕਰਵਾਣ ਦੀ, ਇਸ ਲਈ ਯਾਚਨਾ ਕਰਦੇ ਹੋਏ ਇਕ ਕਟਾਖ ਨਾਲ ਵੀਣਾਂ ਨੂੰ ਵੀਣਾਂ ਦੰਡ ਕਹਿਕੇ, ਡੰਡੇ ਦੇ ਦੰਡ ਦੇਣ ਦੀ ਧ੍ਵਨੀ ਸੱਟਦੇ ਹਨ। ਹੁਣ ਸੰਸਾ ਹੁੰਦਾ ਹੈ ਕਿ ਵੀਣਾ ਦੇ ਦੰਡੇ ਨਾਲ ਤਾਂ ਹਰਨ ਨੂੰ ਬੀ ਤਾੜਨਾ ਕਰਨੀ ਕਠਨ ਹੈ, ਸਰਸ੍ਵਤੀ ਵੀਣਾਂ ਨੂੰ ਸੋਟਾ ਬਣਾ ਕੇ ਵਿਘਨਾਂ ਨੂੰ ਕੀਕੂੰ ਮਾਰੇਗੀ। ਇਥੇ ਧ੍ਵਨੀ ਬੀਣਾਂ ਦੇ ਅਪਨੇ ਸ੍ਵੈਧਰਮ ਦੇ ਕਰਮ ਵੱਲ ਲੈ ਜਾਂਦੀ ਹੈ ਕਿ ਵੀਣਾਂ ਤੋਂ ਰਾਗ ਹੁੰਦਾ ਹੈ, ਰਾਗ ਦੀ ਸੁਤੇ ਤਾਸੀਰ ਹੈ ਇੱਕਸ੍ਵਰਤਾ ਉਤਪਤ ਕਰਨੀ, ਬੇਸ੍ਵਰਤਾ ਤੇ ਘਬਰਾ ਨੂੰ ਦੂਰ ਕਰਨਾ। ਜਦੋਂ ਇੱਕਸ੍ਵਰਤਾ, ਅਡੋਲਤਾ, ਰਸ ਮਗਨਤਾ ਸ਼ਾਰਦਾ ਦੇ ਸੰਗੀਤ ਦੇ ਅਸਰ ਨਾਲ ਹੋ ਜਾਏਗੀ ਤਾਂ ਵਿਘਨ, ਜੋ ਹਿਲਾਉ ਖਿੰਡਾਉ ਬੇਸੁਰੀ ਹਾਲਤ ਬਿਨਾ ਹੋ ਨਹੀਂ ਸਕਦੇ, ਆਪ ਹੀ ਨਾਸ਼ ਹੋ ਜਾਣਗੇ। ਪਰਤੱਖ ਵਿਚ ਬੀ ਦੇਖੋ ਕਿ ਸਰਪ ਆਦਿ ਸੰਗੀਤ ਉੱਤੇ ਮਸਤ ਹੋਕੇ ਡੰਗ ਮਾਰਨਾ ਭੁੱਲ ਜਾਂਦੇ ਹਨ ਤਿਵੇਂ ਸ਼ਾਰਦਾ ਸੁਮਤੀ ਦੀ ਦਾਤੀ, ਪ੍ਰਬੀਨ, ਉੱਤਮ ਵਜਕਤੀ ਤੇ ਸਾਹਿਤਜ ਦੀ ਆਗੂ ਹੈ ਉਹ ਅਪਣੇ ਉਚੇ ਗੁਣਾਂ ਨਾਲ ਵਿਘਨਾਂ ਨੂੰ ਮੂਰਛਿਤ ਕਰਕੇ ਮਾਰ ਦੇਵੇ।

੨. ਇਸ਼੍ਰ ਗੁਰੂ-ਸ਼੍ਰੀ ਗੁਰੂ ਨਾਨਕ ਦੇਵ ਜੀ-ਮੰਗਲ।

---

*ਪਾ:-ਪ੍ਰਾਣੀ ਨਮਹਿ, ਬਾਣੀ ਨਮਹਿ।

+'ਬੀਨ ਦੰਡ ਪਾਣੀਨ ਮਹਿਂ' ਦਾ ਅਰਥ 'ਨਾਰਦ' ਕਰਕੇ ਐਉਂ ਬੀ ਖਿਚ ਮਾਰਦੇ ਹਨ ਕਿ ਨਾਰਦ ਸ਼ਾਰਦਾ ਨੂੰ ਸਰਬੋਤਮਾ ਪ੍ਰਬੀਨ ਆਖਦਾ ਹੈ, ਆਦਿ।

ਚੌਪਈ: ਕਰੁਨਾ ਆਕਰ, ਕਲਮਲ ਹਰਨਾ।
ਹਰਿਨਾਮਾ ਚਿਤ ਨੀਤ ਸਿਮਰਨਾ।
ਮਰਨਾ ਜਨਮਨ ਇਵ ਜਗ ਤਰਨਾ।
ਤਰੁਨਾਪਨ ਬਿਰਥਾਨਹਿਂ ਕਰਨਾ ॥੨॥
ਬੰਦਿ ਹਾਥ ਸਤਿਗੁਰ ਸੁਖਕੰਦ।
ਕੰਦਲ ਦਾਸਨ ਦੇਤਿ ਅਨੰਦ।
ਨੰਦਨ ਕਾਲੂ ਕੇਰਿ ਮੁਕੰਦ।
ਕੰਦਨ ਬਿਘਨ, ਸਦਾ ਜਗਬੰਦ ॥੩॥

ਆਕਰ = ਖਾਣ।
ਤਰੁਨਾਪਨ = ਜੁਵਾਨੀ।
ਕੰਦਲ = ਸਮੂਹ।
ਨੰਦਨ ਕਾਲੂ ਕੇਰਿ = ਮਹਿਤਾ ਕਾਲੂ ਜੀ ਦੇ ਸਪੁੱਤ੍ਰ, ਭਾਵ ਸ੍ਰੀ ਗੁਰੂ ਨਾਨਕ ਦੇਵ ਜੀ।
ਮੁਕੰਦ = ਮੁਕਤੀ ਦਾਤਾ।
ਜਗਬੰਦ = ਜਗਤ ਤੋਂ ਬੰਦਨਾ ਯੋਗ। ਜਗਤ ਦੇ ਪੂਜਯ।

ਅਰਥ: ਮਿਹਰ ਦੀ ਖਾਣ, ਪਾਪਾਂ ਦੇ ਹਰਨ ਵਾਲੇ (ਜਿਨ੍ਹਾਂ ਨੇ ਜਗਤ ਨੂੰ ਸਿਖਾਯਾ ਕਿ) ਹਰੀ ਦਾ ਨਾਮ ਸਦਾ ਚਿੱਤ ਵਿਚ ਸਿਮਰਨਾਂ (ਐਉਂ ਕਰਦਿਆਂ ਤੁਸਾਨੂੰ) ਜੰਮਣਾ ਮਰਨਾ ਨਹੀਂ (ਪਵੇਗਾ, ਹਾਂ ਸਗੋਂ) ਐਉਂ ਜਗਤ ਤੋਂ ਤਰਨਾ (ਪ੍ਰਾਪਤ ਹੋਵੇਗਾ ਅਤੇ) ਜੁਆਨੀ ਨੂੰ ਸਫਲ ਕਰਨਾ (ਤੁਸੀਂ ਨਾਮ ਜਪਕੇ ਸਿਖ ਲਓਗੇ ਐਸੇ ਸਿੱਖਯਾ ਦਾ ਤੇ) ਸੁਖਾਂ ਦੇ ਮੂਲ, ਮੁਕਤੀ ਦਾਤੇ ਸਤਿਗੁਰੂ ਨਾਨਕ ਦੇਵ ਜੀ (ਅੱਗੇ) ਹੱਥ ਜੋੜ (ਕੇ ਪ੍ਰਣਾਮ ਹੈ, ਜੋ) ਦਾਸਾਂ ਨੂੰ ਸਾਰੇ ਸੁਖ ਦੇਂਦੇ ਹਨ*, ਬਿਘਨਾਂ ਦੇ ਨਾਸ਼ ਕਰਨ ਵਾਲੇ ਹਨ ਅਰ ਸਦਾ ਤੋਂ ਜਗਤ ਦੇ ਪੂਜਯ ਹਨ।

੩. ਇਸ਼੍ਰ ਗੁਰੂ-ਸ਼੍ਰੀ ਗੁਰੂ ਅੰਗਦ ਦੇਵ ਜੀ-ਮੰਗਲ।

ਚੌਪਈ: ਅੰਗਦ ਗੁਰੂ ਸਹਾਇਕ ਸੰਗ।
ਸੰਗਤਿ ਸੇਵਤਿ ਸਹਤ ਉਮੰਗ।
ਮੰਗਤਿ ਸਿੱਖ ਮੁਕਤਿ ਹਰਿ ਰੰਗ।
ਰੰਗਤਿ ਬ੍ਰਹਮ ਗਯਾਨ ਪ੍ਰਭੁ ਅੰਗ ॥੪ ॥

ਮੁਕਤਿ ਹਰਿ ਰੰਗ = ਹਰੀ ਦੇ ਰੰਗ (ਪ੍ਰੇਮ) ਵਾਲੀ ਮੁਕਤੀ। ਬੰਧਨਾਂ ਤੋਂ ਛੁੱਟ ਜਾਣ ਮਾਤ੍ਰ ਮੁਕਤੀ ਨਾਂ, ਪਰ ਵਾਹਿਗੁਰੂ ਦੇ ਪ੍ਰੇਮ ਵਾਲੀ ਮੁਕਤੀ। ਯਥਾ-ਮੁਕਤਿ ਬਪੁੜੀ ਭੀ ਗਿਆਨੀ ਤਿਆਗੇ। ਤਥਾ-ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾ ਰੇ॥ (ਅ) 'ਜੀਉਂਦਿਆਂ ਹਰੀ ਰੰਗ' ਤੇ 'ਮਰਕੇ ਮੁਕਤੀ' ਮੰਗਦੇ ਹਨ।
ਬ੍ਰਹਮ ਗਯਾਨ ਪ੍ਰਭੁ ਅੰਗ = ਪ੍ਰਭੁ ਦੀ ਪ੍ਰੀਤੀ ਵਾਲਾ ਬ੍ਰਹਮ ਗਯਾਨ।

---
*ਅਥਵਾ ਸਾਰੇ ਦਾਸਾਂ ਨੂੰ ਆਨੰਦ ਦਾਤੇ ਹਨ।

[ਅੰਗ = ਪੱਖ, ਪ੍ਰਿਯ, ਪਜਾਰ] ਉਹ ਬ੍ਰਹਮ ਗਜਾਨ ਜੋ ਵਾਹਿਗੁਰੂ ਜੀ ਨਾਲ-ਠਾਕੁਰੁ ਏਕੁ ਸਬਾਈ ਨਾਰਿ-ਦੇ ਭਾਵ ਤੋਂ ਪੂਰਨ ਪ੍ਰੇਮ ਦ੍ਵਾਰਾ ਪ੍ਰਾਪਤਿ ਹੋਵੇ।

ਅਰਥ: (ਸ਼੍ਰੀ) ਅੰਗਦ (ਦੇਵ ਜੀ ਸਿੱਖਾਂ ਦੇ) ਸਹਾਈ ਤੇ (ਅੰਗ) ਸੰਗ ਹਨ, (ਆਪ ਨੂੰ) ਸੰਗਤ ਖੁਸ਼ੀਆਂ ਨਾਲ ਸੇਂਵਦੀ ਹੈ, ਸਿੱਖ (ਆਪ ਤੋਂ) ਵਾਹਿਗੁਰੂ ਪ੍ਰੇਮ ਵਾਲੀ ਮੁਕਤੀ ਮੰਗਦੇ ਹਨ, (ਤੇ ਆਪ ਤ੍ਰੁਠਕੇ ਉਨ੍ਹਾਂ ਪ੍ਰੇਮੀ ਯਾਚਕਾਂ ਨੂੰ) ਪ੍ਰਭੂ ਦੇ ਪ੍ਰੀਤੀ ਵਾਲੇ ਬ੍ਰਹਮ ਗਜਾਨ ਵਿਚ ਰੰਗ ਦੇਂਦੇ ਹਨ।

੪. ਇਸ਼੍ਟ ਗੁਰੂ-ਸ਼੍ਰੀ ਗੁਰੂ ਅਮਰਦਾਸ ਜੀ-ਮੰਗਲ।

ਦੀਨ ਦਜਾਲੁ ਸੇਵਤਿ* ਜਿਨ ਲੀਨਿ।
ਲੀਨ ਪ੍ਰੇਮ ਮਹਿਂ, ਕਬਹੁਂ ਦੁਖੀ ਨ।
ਖੀਨ ਮੋਹ ਭੇ ਗਜਾਨ ਪ੍ਰਬੀਨ+।
ਬੀਨ ਸੁ ਅਮਰ ਗੁਰੂ ਸੁਖ ਦੀਨਿ ॥੫ ॥

ਦੀਨ ਦਜਾਲੁ = ਜੋ ਗ੍ਰੀਬਾਂ ਪਰ ਮਿਹਰ ਕਰੇ, ਭਾਵ ਸ਼੍ਰੀ ਗੁਰੂ ਅੰਗਦ ਦੇਵ ਜੀ ਤੋਂ ਹੈ। ਜਿਨ੍ਹਾਂ ਦੇ ਰਸਤੇ ਤੇ ਦੀਨ ਦੁਖੀ ਰੋਗੀ ਰਾਹ ਵਿਚ ਬੈਠਦੇ ਸਨ, ਜਿਨ੍ਹਾਂ ਤੇ ਨਜ਼ਰ ਪੈ ਜਾਵੇ ਉਹ ਸੁਖੀ ਹੋ ਜਾਂਦੇ ਹਨ।

ਕਬਹੁਂ ਦੁਖੀ ਨ = ਕਦੇ ਨਹੀਂ ਦੁਖੀਆਂ ਦਾ ਦੁੱਖ ਸਹਾਰ ਸਕੇ। ਇਹ ਸੰਖੇਪ ਪਦ ਕਹਿਕੇ ਗੁਰੂ ਅਮਰ ਦੇਵ ਜੀ ਦੀ ਜਗਤ ਤੜਪਨਾ ਵੇਖਕੇ ਤ੍ਰੁੱਠਣ ਦੀ ਮਿਹਰ ਵੱਲ ਇਸ਼ਾਰਾ ਹੈ। (ਅ) ਇਸ ਦਾ ਇਹ ਅਰਥ ਬੀ ਕਰਦੇ ਹਨ ਜੋ ਆਪ ਕਦੇ ਦੁਖੀ ਨਹੀਂ ਹੋਏ।

ਖੀਨ ਮੋਹ ਭੇ ਗਜਾਨ ਪ੍ਰਬੀਨ = ਇਸ ਦਾ ਅਰਥ ਬੀ ਗੁਰੂ ਜੀ ਪਰ ਲਾਉਂਦੇ ਹਨ ਕਿ ਜਿਨ੍ਹਾਂ ਦਾ ਮੋਹ ਨਾਸ਼ ਹੋਯਾ ਤੇ ਗਜਾਨ ਵਿਚ ਪ੍ਰਬੀਨ ਹੋਏ। ਪਰ ਇਹ ਨਜ਼ੂਨੋਪਮਾ ਹੈ, ਉਹ ਸਦਾ ਨਿਰਮੋਹ ਤੇ ਸਦਾ ਗਜਾਨ ਪ੍ਰਬੀਨ ਸੇ। ਸਤਿਗੁਰੂ ਜੀ ਨੂੰ ਮਿਲਨ ਤੋਂ ਪਹਿਲਾਂ ਦੀ ਜਗਜਾਸਾ ਅਵਸਥਾ 'ਮਨੁਖ ਨਾਟ' ਸੀ ਗੁਰਸਿੱਖੀ ਦਾ ਆਦਰਸ਼ ਦਿਖਾਉਣ ਵਾਸਤੇ।

ਬੀਨ = ਦੇਖ, ਦੇਖਕੇ, ਜਿਨ੍ਹਾਂ ਨੇ ਡਿੱਠਾ ਭਾਵ ਦਰਸ਼ਨ ਕੀਤਾ। [ਫਾਰਸੀ, ਬੀਂ = ਦੇਖ]

ਅਰਥ: ਜਿਨ੍ਹਾਂ ਨੇ ਸ਼੍ਰੀ ਗੁਰੂ ਅੰਗਦ ਦੇਵ ਜੀ ਤੋਂ (ਉਨ੍ਹਾਂ ਦੀ) ਸੇਵਾ ਕਰਕੇ (ਪਰਮ ਪਦ) ਲੀਤਾ (ਜੋ ਸਦਾ) ਪ੍ਰੇਮ ਵਿਚ ਲੀਨ ਰਹੇ (ਜਿਨ੍ਹਾਂ ਨੇ) ਕਦੇ ਨਾਂ ਦੁਖੀਆਂ ਦਾ (ਦੁਖ ਸਹਾਰਿਆ, ਐਸੇ) ਸ਼੍ਰੀ ਗੁਰੂ ਅਮਰ ਜੀ ਦੇ (ਜਿਨ੍ਹਾਂ ਦੁਖੀਆਂ ਨੇ) ਦਰਸ਼ਨ ਕੀਤੇ (ਉਨ੍ਹਾਂ ਨੂੰ ਆਪ ਨੇ) ਸੁਖ ਦਿਤੇ (ਤੇ ਉਹ) ਮੋਹ ਤੋਂ ਛੁਟਕੇ ਗਜਾਨ ਵਿਚ ਨਿਪੁਨ ਹੋ ਗਏ।

੫. ਇਸ਼੍ਟ ਗੁਰੂ-ਸ਼੍ਰੀ ਗੁਰੂ ਰਾਮ ਦਾਸ ਜੀ-ਮੰਗਲ।

ਦੋਹਰਾ: ਮਾਨਿ ਮਾਨਿ ਪਦ ਪਦਮ ਕੋ, ਪਾਨ ਜੋਰਿ ਸਨਮਾਨ।
ਮਾਨਸ ਮੈਂ ਹਰਿਦਾਸ ਸੁਤ, ਬਸਹੁ ਸਦਾ ਮਮ ਮਾਨ ॥੬॥

ਮਾਨਿ = ਮਾਣ ਦੇਕੇ, ਭਾਵ ਟਿਕਾਕੇ, ਬਿਰਾਜਮਾਨ ਕਰਾਕੇ। ਆਏ ਨੂੰ ਮਾਣ ਦੇਣਾ ਹੁੰਦਾ ਹੈ ਬਿਰਾਜਮਾਨ ਕਰਾਉਣਾ।

ਮਾਨਿ = ਮਨ ਵਿਚ [ਸੰਸ: ਮਾਨਸ = ਮਨ] ਮਾਨਸ = ਮਾਨ ਸਰੋਵਰ (ਅ) ਮਨ।

---

*ਪਾ:-ਦੀਨਨ ਦਜਾਲ ਸੇਵ।

+ਤੀਸਰੀ ਤੁਕ ਦਾ ਅਰਥ ਅਖੀਰ ਤੇ ਲੱਗਦਾ ਹੈ।

ਹਰਿਦਾਸ ਸੁਤ = ਸ਼੍ਰੀ ਹਰਿਦਾਸ ਜੀ ਦੇ ਸਪੁੱਤ੍ਰ ਜੋ ਸ਼੍ਰੀ ਗੁਰੂ ਰਾਮਦਾਸ ਜੀ ਸਨ।
ਮਾਨ = ਮਨ ਵਿਚ, [ਸੰਸ: ਮਾਨਸ] (ਅ) ਆਦਰ। ਮਾਨਯੋਗ।

ਅਰਥ: (ਆਪ ਦੇ) ਚਰਨਾਂ ਕਮਲਾਂ ਨੂੰ (ਆਪਣੇ) ਮਨ ਵਿਚ ਟਿਕਾਕੇ, ਆਦਰ ਨਾਲ ਹੱਥ ਜੋੜਕੇ (ਬਿਨੈ ਹੈ ਕਿ ਹੇ) ਗੁਰੂ ਰਾਮਦਾਸ ਜੀ ਮੇਰੇ ਮਨ ਰੂਪੀ ਮਾਨਸਰੋਵਰ ਵਿਚ ਸਦਾ ਵਸੋ।

ਹੋਰ ਅਰਥ: ੨ ਤੁਕ-ਹੇ ਮੇਰੇ ਮਾਨਯੋਗ ਗੁਰੂ ਰਾਮਦਾਸ ਜੀਓ! ਸਦਾ ਬਸੋ ਮੇਰੇ ਮਾਨਸ (ਮਨ) ਵਿਖੇ। (ਅ) ਹੇ ਮੇਰੇ ਮਾਨ = ਪੂਜ, ਗੁਰੂ ਭਾਵ ਇਸ਼੍ਟ ਗੁਰੂ।

ਭਾਵ: ਆਪ ਦੇ ਚਰਨਾਂ ਦਾ ਧਿਆਨ ਤਾਂ ਜੋੜਕੇ ਟਿਕਾਕੇ ਚਿੱਤ ਰੂਪੀ ਮਾਨਸਰੋਵਰ ਵਿਚ ਮੈਂ ਕਮਲਾਂ ਵਾਂਙ ਵਸਾ ਲੈਂਦਾ ਹਾਂ, ਭਾਵ ਪ੍ਰਯਤਨ ਸਿੱਧ ਬਾਤ ਤਾਂ ਹੋ ਜਾਂਦੀ ਹੈ, ਹੁਣ ਯਾਚਨਾ ਇਹ ਹੈ ਕਿ ਆਪ ਇਸ ਦਿਲ ਨੂੰ ਸਦਾ ਦਾ ਆਪਣਾ ਨਿਵਾਸ ਬਣਾ ਲਓ ਜੋ ਸੁਭਾਵਕ ਮੇਰਾ ਮਨ ਉਸ ਰੂਪ ਅਨੂਪਮ ਦਾ ਨਿਵਾਸ ਸਥਾਨ ਬਣਕੇ ਅਨੰਦ ਮਗਨ ਰਹੇ।

੬. ਇਸ਼੍ਟ ਗੁਰੂ-ਸ਼੍ਰੀ ਗੁਰੂ ਅਰਜਨ ਦੇਵ ਜੀ-ਮੰਗਲ।

ਸੋਰਠਾ: ਹਰ ਹਰ ਬਿਘਨ ਬਿਕਾਰ, ਹਰਿ ਹਰਿ ਲਿਵ ਉਰ ਦੇ ਅਧਿਕ।
ਧਿਕ ਤਿਨ ਜਨ ਬਹੁ ਬਾਰ, ਗੁਰ ਅਰਜਨ ਬਚ ਪਰਹਰਹਿੰ ॥੭॥

ਅਰਥ: ਹਰ (ਪ੍ਰਕਾਰ ਦੇ) ਵਿਘਨਾਂ ਨੂੰ ਤੇ ਹਰ (ਪ੍ਰਕਾਰ) ਦੇ ਵਿਕਾਰਾਂ ਨੂੰ ਦੂਰ ਕਰਕੇ ਹਰਿ (ਨਾਮ ਦੀ) ਵਧਵੀਂ ਲਿਵ ਦਿਲਾਂ ਵਿਚ ਦਾਨ ਕਰਨ ਵਾਲੇ, ਗੁਰੂ ਅਰਜਨ ਦੇਵ ਜੀ ਦੇ ਬਚਨਾਂ ਦਾ ਜੋ ਤਯਾਗ ਕਰਦੇ ਹਨ ਉਨ੍ਹਾਂ ਨੂੰ ਵਾਰ ਵਾਰ ਧ੍ਰਿਕਾਰ ਹੈ। (ਭਾਵ, ਵਾਹਿਗੁਰੂ ਇਸ ਭੁੱਲ ਤੋਂ ਸਭ ਨੂੰ ਬਚਾਵੇ)।

੭. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਗੋਵਿੰਦ ਜੀ-ਮੰਗਲ।

ਸੁੰਦਰ ਸ਼ੁਭਤਿ ਬਿਲੰਦ, ਮਦ ਨ ਰਹਯੋ ਮਨ ਮਦਨ ਕੇ।
ਸ਼੍ਰੀ ਹਰਿ ਗੋਵਿੰਦ ਚੰਦ, ਬੰਦਨ ਪਦ ਦੁਤਿ ਸਦਨ ਕੇ ॥੮॥

ਬਿਲੰਦ ਸੁੰਦਰ = ਡਾਢੇ ਸੁਹਣੇ। (ਅ) ਸ਼ੁਭਤ ਬਿਲੰਦ = ਬਹੁਤ ਹੀ ਸ਼ੋਭ ਰਹੇ।
ਮਦ = ਮਾਨ। ਮਦਨ = ਕਾਮਦੇਵ। ਦੁਤਿਸਦਨ = ਛਬੀ ਦਾ ਘਰ।

ਅਰਥ: ਸ਼੍ਰੀ (ਗੁਰੂ) ਹਰਿ ਗੋਵਿੰਦ ਜੀ (ਇਤਨੇ) ਡਾਢੇ ਸੁਹਣੇ, ਸ਼ੋਭਾ ਵਾਲੇ ਤੇ ਚੰਦ (ਸਮਾਨ ਉੱਜਲ) ਹਨ ਕਿ (ਦਰਸ਼ਨ ਕਰਕੇ) ਕਾਮ (ਦੇਵਤਾ) ਦੇ ਜੀ ਵਿਚ (ਬੀ ਆਪਣੀ ਸੁੰਦਰਤਾ ਦਾ) ਮਾਨ ਨ ਰਿਹਾ, ਉਹਨਾਂ ਦੇ ਚਰਣ (ਕਵਲ) ਛਬੀ ਦਾ ਘਰ ਹਨ (ਜਿਨ੍ਹਾਂ ਨੂੰ ਮੈਂ) ਬੰਦਨਾਂ ਕਰਦਾ ਹਾਂ।

੮. ਇਸ਼੍ਟ ਗੁਰੂ-ਸ਼੍ਰੀ ਗੁਰੂ ਹਰਿਰਾਇ ਜੀ-ਮੰਗਲ।

ਕਰੇ ਰੰਕ ਤੇ ਰਾਇ, ਸੇਵਕ ਸੇਵਤਿ ਪਾਸ ਜੇ।
ਸ਼੍ਰੀ ਸਤਿਗੁਰ ਹਰਿਰਾਇ, ਹਤੀ ਦੁਖਦ ਜਮ ਪਾਸ ਜੇ ॥੯ ॥

ਕਰੇ ਰੰਕ ਤੇ ਰਾਇ = ਕੰਗਾਲੋਂ ਰਾਜੇ ਬਣਾ ਦਿੱਤੇ। ਕੰਗਾਲੋਂ ਰਾਜੇ ਕੀਤਾ।
ਜਮਪਾਸ = ਜਮ ਦੀ ਫਾਹੀ।

ਅਰਥ: ਸ਼੍ਰੀ ਸਤਿਗੁਰੂ ਹਰਿਰਾਇ ਜੀ ਨੇ (ਆਪਣੇ) ਸੇਵਕਾਂ ਨੂੰ, ਜਿਨ੍ਹਾਂ ਨੇ ਪਾਸ ਰਹਿਕੇ ਸੇਵਾ ਕੀਤੀ, ਕੰਗਾਲੋਂ ਰਾਜੇ ਬਣਾ ਦਿੱਤਾ, (ਅਤੇ) ਜੋ ਜਮ ਦੀ ਦੁਖਦਾਈ ਫਾਹੀ ਹੈ (ਤਿਸ ਨੂੰ ਬੀ) ਤੋੜ ਦਿੱਤਾ (ਉਹ ਮੈਨੂੰ ਬੀ ਜਮ ਫਾਸ ਤੋਂ ਰੱਖ ਲੈਣ)।

ਹੋਰ ਅਰਥ: ਕੰਗਾਲਾਂ ਨੂੰ ਰਾਜੇ ਬਣਾ ਦਿੱਤਾ, ਤੇ ਜਿਨ੍ਹਾਂ ਸੇਵਕਾਂ ਨੇ ਨਿਕਟ ਵਰਤੀ ਹੋ ਕੇ ਸੇਵਾ ਕੀਤੀ ਉਹਨਾਂ ਨੂੰ ਮੁਕਤੀ ਦਾਨ ਦਿੱਤਾ।

ਭਾਵ: ਭੋਗ ਤੇ ਮੋਖ ਦੋਵੇਂ ਦਾਨ ਦਿੱਤੇ।

੯. ਇਸ੍ਰ ਗੁਰੂ-ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ-ਮੰਗਲ।

ਦੇਹਿ ਅਵਸਥਾ ਬਾਲ, ਬਡੇ ਗੁਨਨਿ ਮਹਿਂ ਅਵਤਰੇ।
ਤਰੇ ਸੇਵ ਨਰ ਬਾਲ, ਸ੍ਰੀ ਹਰਿ ਕ੍ਰਿਸ਼ਨ ਸੁਜਸ ਕਰੇ ॥੧੦ ॥

ਬਾਲ = ਬਾਲਿਕ ਅਵਸਥਾ। ਸੇਵ = ਸੇਵਕ।

ਬਾਲ = ਇਸਤ੍ਰੀ, [ਸੰਸ: ਬਾਲਾ]

ਅਰਥ: ਸ੍ਰੀ (ਗੁਰੂ) ਹਰਿ ਕ੍ਰਿਸ਼ਨ (ਜੀ ਦੀ) ਸਰੀਰਕ ਅਵਸਥਾ ਤਾਂ ਬਾਲਕ (ਹੈ, ਪਰ ਆਪ) ਗੁਣਾਂ ਵਿਚ ਵਡੇ (ਤੇ ਧੁਰ ਤੋਂ) ਅਵਤਾਰ ਹੋਏ ਹਨ। (ਕੀਹ) ਮਰਦ (ਕੀਹ) ਤ੍ਰੀਮਤ ਆਪ ਦਾ ਜਸ ਕਰਨ ਵਾਲੇ ਸਾਰੇ (ਹੀ) ਸੇਵਕ ਤਰ ਗਏ ਹਨ।

ਹੋਰ ਅਰਥ: (੧) (ਗੁਰੂ ਹਰਿ ਕ੍ਰਿਸ਼ਨ ਜੀ ਦੀ) ਦੇਹ ਦੀ ਅਵਸਥਾ ਤਾਂ ਬਾਲਕ ਹੈ, ਪਰ ਗੁਣਾਂ ਵਿਚ ਅਵਤਾਰਾਂ ਤੋਂ ਵੀ ਵਡੇ ਹਨ।

੧੦. ਇਸ੍ਰ ਗੁਰੂ-ਸ੍ਰੀ ਗੁਰੂ ਤੇਗ ਬਹਾਦਰ ਜੀ-ਮੰਗਲ।

ਧਰਮ ਜਗਤ ਰਖਿ ਲੀਨਿ, ਤ੍ਰਿਣ ਸਮ ਅਪਨੋ ਦੀਨਿ ਸਿਰ।
ਸਿਰਰ ਨ ਦੀਨਿ ਪ੍ਰਬੀਨ, ਤੇਗ ਬਹਾਦੁਰ ਧੀਰ ਗੁਰ ॥੧੧॥

ਤ੍ਰਿਣ = ਤਿਨਕਾ। ਸਿਰਰ = ਗੁੱਝਾ ਭੇਦ [ਅ: ਸੱਰ]

ਯਥਾ-ਸੀਸ ਦੀਆ ਪਰ ਸਿਰਰ ਨ ਦੀਆ [ਸ੍ਰੀ ਮੁਖਵਾਕ ਪਾਤਸ਼ਾਹੀ ੧੦ ਬਚਿੱਤ੍ਰ ਨਾਟਕ]

(ਅ) ਪੰਜਾਬੀ ਸਿਰਰ = ਹਠ, ਧਾਰਨ ਕੀਤਾ ਧਰਮ।

ਪ੍ਰਬੀਨ = ਲਾਇਕ, ਭਾਵ ਆਤਮ ਵਿਦ੍ਯਾ ਵਿਚ ਨਿਪੁੰਨ।

ਧੀਰ = ਜੋ ਕਿਸੇ ਹਾਲਤ ਵਿਚ ਦਿਲ ਨੂੰ ਹਿੱਲਣ ਨਾ ਦੇਵੇ ਤੇ ਦਾਨਾਈ ਨੂੰ ਹੱਥੋਂ ਜਾਣ ਨ ਦੇਵੇ। ਧੀਰਜੀ ਤੇ ਦਾਨਾ।

ਅਰਥ: (ਸ੍ਰੀ ਸਤਿ) ਗੁਰੂ ਤੇਗ ਬਹਾਦਰ ਜੀ (ਬੜੇ) ਧੀਰ ਤੇ ਪ੍ਰਬੀਨ ਹਨ (ਜਿਨ੍ਹਾਂ ਨੇ ਆਪਣਾ) ਸਿਰਰ ਨਹੀਂ ਦਿੱਤਾ (ਪਰ) ਜਗਤ ਵਿਖੇ ਧਰਮ ਨੂੰ ਰੱਖ ਲਿਆ (ਇਸ ਰਖਿਆ ਵਿਚ ਚਾਹੇ) ਆਪਣਾ ਸਿਰ (ਦੇਣਾ ਪਿਆ ਜੋ ਉਨ੍ਹਾਂ ਨੇ) ਤਿਣਕ ਸਮਾਨ ਦੇ ਦਿੱਤਾ।

ਹੋਰ ਅਰਥ: ਆਪਣੇ ਸਿਰ ਨੂੰ (ਇਨ੍ਹਾਂ ਸੁਖੈਨ) ਦਿਤਾ ਜਿਵੇਂ ਤਿਣਕਾ (ਪਰ) ਆਪਣਾ ਭੇਦ ਨਹੀਂ ਦਿੱਤਾ। (ਐਸਾ ਕਰਨ ਵਿਚ) ਜਗਤ ਵਿਚ ਧਰਮ ਨੂੰ ਰੱਖ ਲਿਆ। (ਤਾਂ ਤੇ) ਆਪ ਸ੍ਰੀ ਗੁਰੂ ਤੇਗ ਬਹਾਦਰ ਜੀ (ਬੜੇ) ਧੀਰ ਤੇ ਪ੍ਰਬੀਨ (ਦਾਤੇ) ਹਨ।

੧੧. ਇਸ੍ਰ ਗੁਰੂ-ਸ੍ਰੀ ਗੁਰੂ ਗੋਵਿੰਦ ਸਿੰਘ ਜੀ-ਮੰਗਲ।

ਸ੍ਵੈਯਾ: ਜੋ ਜਗ ਮੈਂ ਤਨ ਹਿੰਦੁ ਅਹੈਂ
ਸਭਿ ਪੈ ਉਪਕਾਰ ਬਿਸਾਲ ਕਰਜੋ।
ਮਾਨਹਿਂ ਜੇ ਨ, ਅਘੀ ਨਹਿਂ ਕੋ ਸਮ,
ਜਾਇ ਨਿਰੈਪਦ* ਬੀਚ ਪਰਜੋ।

*ਪਦ = ਪੈਰ, ਪੈਖੜ, ਜਗਾ, ਟਿਕਾਣਾ, ਦਰਜਾ, ਪਦਵੀ, ਲਫਜ਼, ਫਿਕਰਾ, ਛੰਦ ਦਾ ਹਿੱਸਾ ਆਦਿ।

ਬੀਰ ਬਲੀ ਗੁਰ ਗੋਬਿੰਦ ਸਿੰਘ
ਮਹਾਂ ਤੁਰਕਾਨ ਕੋ ਤੇਜ ਹਰਯੋ।
ਹਿੰਦ ਥਿਰਯੋ, ਬਡ ਜੰਗ ਜੁਰਯੋ,
ਭਟ ਬ੍ਰਿੰਦ ਮਰਯੋ, ਰਸ ਬੀਰ ਭਰਯੋ ॥੧੨॥

ਤਨ ਹਿੰਦੁ = ਸਰੀਰ ਦਾ ਹਿੰਦੂ, ਹਿੰਦੂ ਜਨਮ ਹੈ।
ਨਿਰੈਪਦ = ਨਰਕ ਦਾ ਟਿਕਾਣਾ (ਅ) ਪੂਯੋਦ (ਨਾਮੇ) ਨਰਕ (ਵਿਚ) [ਸੰਸ: ਨਿਰਯ = ਨਰਕ।
ਪੂਯੋਦ = ਜਿਥੇ ਗੰਦਾ ਪਾਣੀ ਹੋਵੇ (ਸੋ ਨਰਕ)] ਹਿੰਦੁ ਥਿਰਯੋ = ਹਿੰਦੂ ਧਰਮ ਥਿਰ ਰਹਿ ਗਿਆ, ਬਚ ਗਿਆ। ਭਟ = ਸੂਰਮੇ।

ਅਰਥ: ਜਗਤ ਵਿਖੇ ਜੋ ਬੀ ਹਿੰਦੂ ਜਨਮ ਦੇ ਹੈਨ ਸਭ ਤੇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ) ਬੜਾ ਉਪਕਾਰ ਕੀਤਾ ਹੈ (ਪਰ) ਜੇ (ਕੋਈ ਉਹਨਾਂ ਵਿਚੋਂ) ਨਾ ਮੰਨੇ (ਤਾਂ ਉਸ ਦੇ) ਵਰਗਾ ਕੋਈ ਪਾਪੀ ਨਹੀਂ (ਉਹ) ਜਾ ਕੇ ਨਰਕ ਵਿਚ ਪਏਗਾ।

(ਸ੍ਰੀ) ਗੁਰੂ ਗੋਬਿੰਦ ਸਿੰਘ ਜੀ (ਬੜੇ) ਬਲੀ ਤੇ ਬੀਰ (ਹੋਏ ਹਨ ਜਿਨ੍ਹਾਂ ਨੇ) ਤੁਰਕਾਂ ਦੇ ਬੜੇ ਤੇਜ ਨੂੰ ਨਾਸ਼ ਕੀਤਾ (ਚਾਹੋ) ਬੜਾ ਜੰਗ ਮਚਾਉਣਾ ਪਿਆ (ਤੇ ਉਸ ਵਿਚ) ਸਮੂਹ ਸੂਰਮੇ ਮਰੇ (ਪਰ) ਹਿੰਦੁ (ਧਰਮ) ਨੂੰ ਬਚਾ ਦਿਤਾ (ਤੇ ਸਿੱਖ ਧਰਮ ਵਿਚ) ਬੀਰ ਰਸ ਭਰ ਦਿਤਾ।

੧੨. ਸਮਸਤ ਗੁਰ ਮੰਗਲ ਤੇ ਬਿਨਯ।

ਦੋਹਰਾ: ਆਗੇ ਦਸ ਪਤਿਸ਼ਾਹ ਕੇ,
ਸਿਖ ਸੰਗਤ ਗੁਰ ਦਾਸ।
ਨਮਸਕਾਰ ਮੇਰੀ ਸਭਿਨਿ,
ਸੁਨਹੁ ਇਹੀ ਅਰਦਾਸ ॥੧੩॥
ਸਤਿਗੁਰ ਚਰਨ ਸਰੋਜ ਕੋ,
ਮਾਨਸ ਮਾਨਸ ਹੋਇ।
ਮਾਨਸ ਜਨਮ ਸਕਾਰਥਾ,
ਮਾਨਸ ਤਰ ਹੈ ਸੋਇ ॥੧੪॥

ਗੁਰਦਾਸ = ਗੁਰੂ ਜੀ ਦੇ ਸੇਵਕ। ਸਰੋਜ = ਕਵਲ।
ਮਾਨਸ = ਮਾਨ ਸਰੋਵਰ। ਮਾਨਸ = ਮਨ।
ਮਾਨਸ ਜਨਮ = ਮਨੁੱਖ ਜਨਮ। [ਸੰਸ: ਮਾਨੁਖ਼]
ਮਾਨਸ = ਮਾਨ ਸਹਤ।

ਅਰਥ: ਦਸੋ ਪਾਤਿਸ਼ਾਹਾਂ (ਗੁਰੂ ਸਾਹਿਬਾਂ ਤੇ ਉਨ੍ਹਾਂ) ਦੇ ਸਿਖ ਸੰਗਤਾ (ਤੇ ਸਭਨਾਂ) ਗੁਰੂ ਜੀ ਦੇ ਦਾਸਾਂ ਅਗੇ ਨਮਸਕਾਰ ਕਰਕੇ (ਬਿਨੇ ਕਰਦਾ ਹਾਂ ਕਿ) ਮੇਰੀ ਇਹੋ ਅਰਦਾਸ ਸੁਣੋ (ਕਿ) ਮੇਰਾ ਮਨ ਮਾਨ ਸਰੋਵਰ ਹੋਵੇ ਅਤੇ ਸਤਿਗੁਰੂ ਜੀ ਦੇ ਚਰਣ (ਉਸ ਵਿਚ) ਕਮਲਾਂ ਸਮਾਨ ਹੋਣ (ਜਿਸ ਨਾਲ ਕਿ ਮੇਰਾ) ਮਾਨੁੱਖਾ ਜਨਮ ਸਫਲ ਹੋਵੇ (ਤੇ ਮੈਂ) ਮਾਨ ਸਹਤ (ਇਸ ਭੌਜਲ ਨੂੰ) ਤਰ ਜਾਵਾਂ।

ਹੋਰ ਅਰਥ: (ਚੌਥੀ ਤੁਕ) (ਮੇਰਾ) ਮਨੁਖਾ ਜਨਮ ਸਫਲ ਹੋਵੇ, (ਕਿਉਂਕਿ ਸੋਇ =) ਉਹ (ਸਤਿਸੰਗਤ) (ਮਾਨਸਤਰੁ =) ਕਲਪ ਬ੍ਰਿੱਛ ਹੈ।

ਚੌਪਈ: ਸਭਿ ਸੰਤਨ ਕੋ ਕਰਿ ਕਰਿ ਬੰਦਨ।
ਕਹੂੰ ਕਥਾ ਸਭਿ ਬਿਘਨ ਨਿਕੰਦਨ।
ਤੀਨ ਰਾਸਿ ਮੈਂ ਪੂਰਨ ਕਰੀ।
ਕਥਾ ਗੁਰਨਿ ਕੀ ਸੁੰਦਰ ਧਰੀ ॥੧੫॥

ਅਰਥ: ਸਮੂਹ ਸੰਤਾਂ ਨੂੰ ਬੰਦਨਾ ਕਰ ਕਰ (ਮੈਂ ਹੁਣ) ਸਾਰੇ ਬਿਘਨਾਂ ਦੇ ਨਾਸ਼ ਕਰਨ ਵਾਲੀ (ਅੱਗੋਂ ਦੀ ਕਥਾ) ਕਹਿੰਦਾ ਹਾਂ। (ਅੱਗੇ) ਮੈਂ ਤਿੰਨ ਰਾਸਾਂ ਪੂਰਨ ਕੀਤੀਆਂ ਹਨ। (ਜਿਨ੍ਹਾਂ ਵਿਖੇ) ਗੁਰਾਂ ਦੀ ਸੁੰਦਰ ਕਥਾ (ਸੁਆਰ ਕੇ) ਧਰੀ ਹੈ।

[ਮੰਗਲ ਸਮਾਪਤ॥]

[ਸ਼੍ਰੀ ਸਤਿਗੁਰਾਂ ਦੀ ਕਥਾ ਦਾ ਆਰੰਭ]

ਪੂਛਯੋ ਸਭਿ ਸਿੱਖਨ ਹਿੱਤ ਕਰਿ ਕੈ।
'ਕਥਾ ਗੁਰਨਿ ਕੀ ਕਹੋ ਬਿਚਰਿ ਕੈ।'
ਰਾਮ ਕੁਇਰ ਸੋ ਸਕਲ ਉਚਾਰੀ।
ਸੁੰਦਰ ਬਿਧਿ ਜੁਤਿ ਬਹੁ ਬਿਸਤਾਰੀ ॥੧੬॥
ਤਿਸ ਪ੍ਰਸੰਗ ਤੇ ਸਿੱਖਨਿ ਕਥਾ।
ਜਥਾ ਹੁਤੀ ਗਨ ਬਰਨੀ ਤਥਾ[1]।
ਸਭਿ ਸਿੰਘਨਿ ਕੋ ਅਧਿਕ ਰਿਝਾਵਾ।
ਉਰ ਸੰਬ੍ਰਹਨਿ ਚਾਵ ਬਧਾਵਾ ॥੧੭॥
ਕਥਾ ਸੁਨਨਿ ਪਰ ਮਨ ਰੁਚਿ ਜਾਗੀ।
ਗੁਰ ਪਗ ਪੰਕਜ ਕੇ ਅਨੁਰਾਗੀ।
ਸਭਿਨਿ ਸੁਜਸੁ ਕੋ ਬਰਨਨ ਕੀਨਾ।
'ਰਾਮਕੁਇਰ ਸਰਬੱਗਜ ਪ੍ਰਬੀਨਾ! ॥੧੮॥
ਭੂਤ ਭਵਿੱਖਤ ਕੇਰਿ ਬ੍ਰਿਤਾਂਤ।
ਹਸਤਾਮਲ ਸਮ ਜਿਸ[2] ਉਰ ਗਜਾਤ।
ਕਥਾ ਸੁਨਾਇ ਅਨੰਦ ਬਿਲੰਦੇ।
ਬ੍ਰਿਧ ਕੋ ਬੰਸ ਉਦਧਿ ਤੁਮ ਚੰਦੇ ॥੧੯॥
ਜਾਤਿ ਅਖੇਰ ਨਿਤਾਪ੍ਰਤਿ ਬਾਹਰ।
-ਦਰਸੋ ਨਿਤ- ਕਲਗੀਧਰ ਜ਼ਾਹਰ।
ਅਵਚਲ ਨਗਰ ਜਾਤਿ ਗੁਰ ਕਹਯੋ।

---

[1]ਭਾਵ ਭਾਈ ਰਾਮ ਕੌਰ ਜੀ ਦੇ ਪ੍ਰਸੰਗ ਤੋਂ (ਲੈਕੇ) ਸਿੱਖਾਂ ਦੀ ਕਥਾ ਜਿਸ ਤਰ੍ਹਾਂ ਦੀ ਉਹ ਹੈਸੀ (ਮੈਂ) ਸਾਰੀ ਵਰਣਨ ਕਰ ਦਿੱਤੀ ਹੈ।

[2]ਜਿਸ (ਬ੍ਰਿਤਾਂਤ ਦੀ) ਗਜਾਤ (ਆਪ ਦੇ) ਦਿਲ ਵਿਚ ਹੈ।

ਸੰਗ ਨ ਤਯਾਗਤਿ ਜਬਿ ਚਿਤ ਲਹਯੋ[1] ॥੨੦॥
-ਹਮਰੇ ਦਰਸ਼ਨ ਕੋ ਨਿਤ ਚਾਹਤਿ।
ਇਸ ਹਿਤ ਚਲਿਬੇ ਸਾਥ ਉਮਾਹਤਿ[2]।
ਯਾਂ ਤੇ ਤੋਰ ਮਨੋਰਥ ਜੋਈ।
ਸਦਨ ਬਸਹੁ ਪੂਰਹਿ[3] ਹਮ ਸੋਈ ॥੨੧॥
ਵਹਿਰ ਅਖੇਰ ਚਢਹੁ ਤਹਿਂ ਦਰਸਹੁ।
ਜਥਾ ਸੰਗ ਤੈਸੇ ਇਤ[4] ਪਰਸਹੁ-।
ਯਾਂ ਤੇ ਤੁਮ ਕੋ ਦਰਸ਼ਨ ਦੇਤਿ।
ਸ੍ਰੀ ਗੋਬਿੰਦ ਸਿੰਘ ਗਯਾਨ ਨਿਕੇਤ ॥੨੨॥
ਸਿੰਘ ਤੁਮਾਰੋ ਦਰਸ਼ਨ ਕਰਿਹੀਂ।
ਜਨਮ ਸਕਾਰਥ ਕੇ ਅਨੁਸਰ ਹੀਂ[5]।
ਦੂਸਰ ਗੁਨ ਤੁਮ ਕਥਾ ਸੁਨਾਵਹੁ।
ਸਤਿਗੁਰ ਗੁਨ ਗਨ ਬਰਨ ਰਿਝਾਵਹੁ ॥੨੩॥
ਤੁਮ ਹੋ ਧੰਨ ਸਦਾ ਜੁਗ ਲੋਕ।
ਹਮ ਭੀ ਧੰਨ ਜਿ ਦਰਸ ਬਿਲੋਕਿ[6]।
ਇਹ ਰਾਵਰ ਕੋ ਬਡ ਉਪਕਾਰਾ।
ਕਥਾ ਸੁਨਾਈ ਕਰਿ ਵਿਸਤਾਰਾ ॥੨੪॥
ਅਬਿ ਆਗਲ ਇਤਿਹਾਸ ਬਖਾਨਹੁ।
ਹਰਿਗੁਬਿੰਦ ਜਿਮ ਉਤਸਵ ਠਾਨਹੁ।
ਸ੍ਰੀ ਅਰਜਨ ਜਿਮ ਕੀਨਿ ਚਲਾਨੋ।
ਕਰਿ ਚੰਦੂ ਕੋ ਚਲਨ ਬਹਾਨੋ[7] ॥੨੫॥
ਸਕਲ ਕਥਾ ਬਿਸਤਾਰ ਸੁਨਾਵਹੁ।
ਹਮਹਿ ਨਿਹਾਲ ਕਰਹੁ ਹਰਖਾਵਹੁ।'
ਇਮ ਸਿੰਘਨਿ ਕੀ ਸੁਨਿ ਕਰਿ ਬਿਨੈ।
ਰਾਮਕੁਇਰ ਗਨ ਆਨੰਦ ਸਨੈ ॥੨੬॥
ਸ਼੍ਰੋਤਨਿ ਕੋ ਬਹੁ ਭਾਂਤਿ ਸਰਾਹਯੋ।

---

[1]ਜਦ ਦਸ਼ਮੇਸ਼ ਪਿਤਾ ਜੀ ਨੇ ਚਿਤ ਵਿਚ ਜਾਣਿਆਂ ਸਾਡਾ ਸੰਗ ਨਹੀਂ ਛੱਡਦਾ।
[2]ਸਾਥ ਚੱਲਣ ਨੂੰ ਉਤਸ਼ਾਹ ਕਰਦਾ ਹੈ।
[3]ਪੂਰਨ ਕਰਾਂਗੇ।
[4]ਇਥੇ ਹੀ।
[5]ਭਾਵ, ਜਨਮ ਨੂੰ ਸਫਲਾ ਕਰਦੇ ਹਨ।
[6](ਆਪ ਦਾ) ਦਰਸ਼ਨ ਦੇਖਿਆ ਹੈ।
[7](ਆਪਣੇ ਸੰਸਾਰ ਤੋਂ) ਚਲੇ ਜਾਣ ਦਾ ਬਹਾਨਾ ਚੰਦੂ ਨੂੰ ਬਣਾਕੇ।

ਜਿਨ ਬਹੁ ਸਿੱਖੀ ਧਰਮ ਨਿਬਾਹਯੋ।
'ਜਨਮ ਸਫਲ ਅਪਨੋ ਕਰਿ ਲੀਨਸਿ।
ਕਥਾ ਸੁਨਨਿ ਪਰ ਚਿਤ ਹਿਤ ਦੀਨਸਿ ॥੨੭॥
ਤੁਮਰੇ ਉਰ ਕੋ ਨਿਸ਼ਚਾ ਹੇਰੇ।
ਅਧਿਕ ਅਨੰਦ ਉਮਗਤੋ ਮੇਰੇ।
ਰੁਚਿ ਅਨੁਸਾਰ ਕਹੋਂ ਇਤਿਹਾਸਾ।
ਸਰਬ ਖਾਲਸਾ ਸ਼ੁਭ ਸਭਿ ਪਾਸਾ ॥੨੮॥
ਸ਼੍ਰੀ ਅਰਜਨ ਕੋ ਸੁਨਹੁ ਚਲਾਨਾ।
ਪੁਨ ਸ਼੍ਰੀ ਹਰਿਗੋਬਿੰਦ ਅੱਖਜਾਨਾ[1]।
ਪੂਰਬ ਬਜਾਹ ਹੋਨਿ ਕੀ ਕਥਾ।
ਬਰਨਨ ਕਰੌਂ ਭਈ ਬਿਧਿ[*] ਜਥਾ ॥੨੯॥
ਤੁਰਕੇਸ਼ੁਰ ਕੇ ਸੰਗ ਮਿਲਾਪਨਿ।
ਚੰਦੂ ਪਾਪੀ ਕੋ ਪੁਨਿ ਖਾਪਨ।
ਦਿੱਲੀਪਤ ਕੇ ਰਹਿਬੋ ਸੰਗ।
ਬਿਗਰ ਪਰੇ ਤਬਿ ਜੂਟੇ ਜੰਗ ॥੩੦॥
ਸੈਨਾ ਤੁਰਕਨਿ ਕੀ ਗਨ ਘਾਈ।
ਬਚੇ ਸੂਰ ਸੇ ਗਏ ਪਲਾਈ।
ਦੇਸ਼ ਮਾਲਵੇ ਮਹਿਂ ਗੁਰ ਗਏ।
ਅਨਿਕ ਬਿਲਾਸ ਕਰਤਿ ਤਹਿਂ ਭਏ ॥੩੧॥
ਇੱਤਜਾਦਿਕ ਸਤਿਗੁਰ ਕੀ ਕਥਾ।
ਭਈ ਜਥਾ ਮੈਂ ਬਰਨੌਂ ਤਥਾ।
ਮਹਾਂ ਮਹਾਤਮ ਸੁਨਿਬੇ ਕੇਰਾ।
ਸ਼ਰਧਾ ਸਹਤ, ਨ ਹੁਇ ਜਗ ਫੇਰਾ ॥੩੨॥
ਸਤਿਗੁਰ ਕੋ ਪਦ ਪੰਕਜ ਪ੍ਰੇਮੂ।
ਵਧਹਿ, ਦੇਤਿ ਜੋ ਜੋਗ ਸੁ ਛੇਮੂ[2]।
ਸੁਤ ਬਿਤ ਆਦਿ ਕਾਮਨਾ ਜੋਈ।
ਸ਼੍ਰੋਤਨਿ ਕੋ ਸਭਿ ਦੇਵਤਿ ਸੋਈ ॥੩੩॥
ਦੇਹਿ ਅਰੋਗ, ਰੋਗ ਕੋ ਘਾਤਕ।
ਅਨਿਕ ਭਾਂਤਿ ਕੇ ਪਾਤਕ ਹਾਤਕ।

---

[1]ਪ੍ਰਸੰਗ, ਕਥਾ।
[*]ਪਾ:-ਜਬ।
[2]ਜੋਗ ਤੇ ਖੇਮ = ਅੱਪ੍ਰਾਪਤਿ ਦੀ ਪ੍ਰਾਪਤੀ ਤੇ ਪ੍ਰਾਪਤੀ ਦੀ ਰੱਖਯਾ।

ਮ੍ਰਿਤਕ ਪਿਛਾਰੀ ਬਰਨੰ ਜੋਇ[1]।
ਤਿਹ ਪਰਲੋਕ ਬਿਖੈ ਗਤਿ ਹੋਇ ॥੩੪॥
ਸੰਕਟ ਸਕਲ ਨਾਸ਼ ਕੋ ਕਰਤਾ।
ਮਹਾਂ ਧਰਮ ਕੋ ਉਰ ਮਹਿਂ ਧਰਤਾ।
ਸ਼ਰਧਾ ਕਰਿ ਜੋ ਸੁਨੈ ਸੁਨਾਵੈ।
ਅੰਤ ਸਮੇਂ ਗੁਰੁ ਤੇ ਗਤਿ ਪਾਵੈ' ॥੩੫ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮੰਗਲਾ ਚਰਨ' ਪ੍ਰਸੰਗ ਬਰਨਨੰ ਨਾਮੁ ਪ੍ਰਥਮੋਂ ਅੰਸੂ ॥੧॥

---

[1]ਮਰ ਗਏ ਸਿੱਖ ਦੇ ਪਿਛੋਂ (ਕਥਾ) ਕਹੇਗਾ ਜੋ।

੨. [ਚੰਦੂ ਨੇ ਵਰ ਢੂੰਡਣ ਹਿਤ ਲਾਗੀ ਭੇਜਣੇ]

੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩

ਦੋਹਰਾ: ਸੁਨਹੁ ਕਥਾ ਸਵਧਾਨ ਹ੍ਵੈ, ਸ਼੍ਰੋਤਾ ਸਿਖ ਸਮੁਦਾਇ।
ਵਧਹਿ ਬਖੇਰਾ ਜਾਂਹਿ ਤੇ ਮਿਲਨਿ ਤੁਰਕ[1] ਬਨਿਆਇ ॥੧॥

ਸ੍ਵੈਯਾ: ਰਾਜ ਕਰੈ ਸਗਰੀ ਛਿਤ ਕੋ[2]
ਜਿਨ ਆਇਸੁ ਮੇਟਿ ਸਕਹਿ ਨਹਿਂ ਕੋਊ।
ਦੀਰਘ ਕੋਟ ਚਮੂ ਜਿਸ ਪੈ,
ਨ ਮਵਾਸਿ ਰਹ੍ਯੋ ਅਸ ਭਾਖਹਿ ਜੋਊ।
ਭੂਪਤਿ ਪੂਰਬ ਦੱਛਨ ਕੋ
ਪੁਨ ਪੱਛਮ ਕੇ ਨ੍ਰਿਪ ਸੈਲ ਜਿ[3] ਹੋਊ।
ਆਨ[4] ਕੋ ਮਾਨਿ ਕੈ, ਡਾਨੁ[5] ਕੋ ਦੇਤਿ,
ਕਿ ਸੇਵ ਕਰੈਂ ਰਹਿਂ ਹਾਜਰ ਸੋਊ ॥੨॥

ਕਬਿੱਤ: ਦਿੱਲੀਪਤਿ ਭਯੋ ਜਹਾਂਗੀਰ ਜਿਸ ਨਾਮ ਕਹੈਂ
ਅਧਿਕ ਪ੍ਰਤਾਪ ਤੁਰਕੇਸ਼ਰ ਕੋ ਜਾਨਿਯੇ।
ਕੋਸ਼ ਮੈਂ ਦਰਬ ਮਹਾਂ ਦੇਤਿ ਲੇਤਿ ਜਹਾਂ ਕਹਾਂ
ਅਪਰ ਸਮਾਜ ਕਹਾਂ ਗਿਨਿਬੇ ਮੈਂ ਆਨਿਯੇ।
ਚਾਰੋਂ ਦਿਸ਼ਿ ਮਾਂਹਿ ਤ੍ਰਾਸ ਜੁੱਧ ਤੇ ਨਿਰਾਸ ਭਏ
ਹਾਥ ਬੰਦਿ ਆਨਿ ਪਾਸਿ ਜੀਵਨਿ ਕੋ ਠਾਨਿਯੇ[6]।
ਰੰਕ ਦੇਹਿ ਰਾਜਾ ਕਰਿ, ਰਾਜਾ ਕੋ ਬਨਾਵੈ ਰੰਕ
ਐਸੋ ਪਾਤਿਸ਼ਾਹਿ ਭਯੋ ਐਸ਼੍ਵਰਜ ਮਹਾਨਿਯੇ ॥੩॥

ਕਬਿੱਤ: ਤਾਂ ਕੋ ਹੈ ਦਿਵਾਨ ਏਕ ਚੰਦੂ ਨਾਮ ਅਬਿਬੇਕ[7]
ਗੁਰੂ ਪਰਮੇਸ਼੍ਵਰ ਮਹਾਤਮ ਨ ਜਾਨਈ।
ਮਾਯਾ ਮਦ ਮਾਤੋ, ਮੂਢ ਕੁਮਤਿ ਅਰੂਢ ਰਹੈ,
ਹੁਕਮ ਚਲਾਵਤਿ ਹੰਕਾਰ ਕੈ ਮਹਾਨਈ।
ਪਾਤਸ਼ਾਹੀ ਲੋਕ ਸਭਿ ਮਾਨੈ ਆਨ ਠਾਨੈ ਨਮੋ,
ਚਾਹੈ ਜਿਮ ਕਰੈ ਤਿਮ ਦੇਸ਼ ਜਿਸ ਮਾਨਈ।

---

[1]ਤੁਰਕ ਨਾਲ ਮਿਲਨਾ।
[2]ਭਾਵ ਸਾਰਾ ਉਤਰੀ ਹਿੰਦੁਸਤਾਨ ਤੇ ਅਫਗਾਨਿਸਤਾਨ ਆਦਿ।
[3]ਪਹਾੜੀ ਰਾਜੇ।
[4]ਈਨ।
[5]ਡੰਡ, ਡੰਨ।
[6]ਗੁਜ਼ਰਾਨ ਕਰਦੇ ਹਨ।
[7]ਮੂਰਖ।

ਏਕ ਸੁਤਾ ਭਈ ਤਾਂ ਕੋ ਨਾਮ ਰਾਖ੍ਯੋ ਸਦਾ ਕੌਰ
ਕਲਹਾਵਤਰੀ ਦੋਨੋ ਲੋਕ ਪਿਤ ਹਾਨਈ[1] ॥੪॥

ਕਬਿੱਤ: ਸਾਤਮੇ ਬਰਖ ਬਿਖੈ ਸੁਤਾ ਜਬਿ ਹੇਰੀ ਨਿਜ
-ਕਰੋਂ ਸਨਬੰਧ ਕਹੂੰ- ਐਸੇ ਮਨ ਆਨਿਓ।
ਬਿੱਪ੍ਰ ਕੋ ਬੁਲਾਯੋ ਸਮਝਾਯੋ ਮਿਲਿ ਦੰਪਤਿ ਨੇ
'ਸੰਪਤਿ* ਹਮਾਰੇ ਸਮ ਸਦਨ ਮਹਾਂਨਿਓ।
ਊਚੀ ਕੁਲ ਹੋਇ, ਲੇਹੁ ਬ੍ਰਿੰਦ ਪੁਰਿ ਜੋਇ ਤੁਮ,
ਸੁੰਦਰ ਸਰੂਪ ਬਰ ਖੋਜੋ ਸਭਿ ਥਾਨਿਓ।
ਤੀਨੋ[2] ਹ੍ਵੈ ਇਕੱਤ੍ਰ ਤੌ ਬਚਿੱਤ੍ਰ ਬਾਤਿ ਜਾਨੋ ਮਨ,
ਆਲਸ ਨ ਕੀਜੈ ਫਿਰਿਬੇ ਕੋ ਹਿਤ ਠਾਨਿਓ ॥੫॥

ਕਬਿੱਤ: ਹਮ ਸਮ ਧਨੁ ਹੋਇ, ਊਚੋ ਬੰਸ ਸ਼ੁੱਧ ਹੋਇ,
ਸੁੰਦਰ ਸਰੂਪ ਹੋਇ ਬਹੁ ਦੇਖਿ ਲੀਜੀਏ।
ਦੇਸ਼ਨਿ ਬਿਦੇਸ਼ ਬਿਖੈ ਬਿਚਰੋ ਬਿਸ਼ੇਸ਼ ਕਰਿ,
ਹੇਰਹੁ ਅਸ਼ੇਸ਼ ਜੇ ਨਰੇਸ਼ ਬੇਸ਼ ਕੀਜੀਏ[3]।
ਕਾਹੂ ਕਾਮਦਾਰ[4] ਹੋਇ, ਬਡੋ ਬਿਵਹਾਰ ਹੋਇ,
ਜਾਹਰ ਉਦਾਰ ਹੋਇ, ਮਿਲਿ ਕੈ ਜਨੀਜੀਏ।
ਐਸੇ ਪੈ ਪਤੀਜੀਏ, ਨ ਸੰਸੈ ਕੋ ਰਖੀਜੀਏ,
ਮੋ ਲਾਜ ਕੋ ਪਿਖੀਜੀਏ, ਸੁ ਨਾਤੋ[5] ਤਹਾਂ ਦੀਜੀਏ' ॥੬॥

ਕਬਿੱਤ: ਚੰਦੂ ਕੇ ਬਚਨ ਸੁਨਿ ਬਿੱਪ੍ਰ ਨੇ ਸੁ ਮਾਨਿ ਮਨ
ਭਨ੍ਯੋ 'ਤੇਰੇ ਭਾਗ ਧੰਨ ਤੈਸੀ ਤੁਵ ਜਾਤਿਕੀ[6]।
ਫਿਰੈਂ ਦੇਸ ਦੇਸ਼ ਮੈਂ ਬਿਲੋਕੈਂਗੇ ਅਸ਼ੇਸ਼ ਹਮ,
ਉੱਤਮਤਾ ਖੋਜੈਂਗੇ ਸਮਾਨ ਤੁਵ ਜਾਤਿ ਕੀ[7]।
ਮੇਰੋ ਜਜਮਾਨ, ਧਨ ਲੈਹੌਂ ਸਨਬੰਧ ਬਨੈ,
ਹੋਇ ਜਸੁ ਬ੍ਰਿੰਦ ਗੰਧਿ ਜਥਾ ਜਲ ਜਾਤਿ ਕੀ[8]।

---

[1]ਲੜਾਈਂ ਨੇ ਜਨਮ ਲਿਆ ਹੈ (ਮਾਨੋਂ) ਤੇ ਲੋਕ ਪ੍ਰਲੋਕ ਪਿਤਾ ਦਾ ਹਾਨ ਕਰਨ ਵਾਲੀ ਹੈ।
*ਪਾ:-ਉੱਤਮ।
[2]ਪਿੱਛੇ ਕਹੇ ਤਿੰਨੇ, ਸੰਪਤ ਵਾਲਾ ਘਰ, ਉਚੀ ਕੁਲ ਤੇ ਵਰ ਸੁੰਦਰ।
[3](ਬੇਸ-) ਵਧੀਆ ਰਾਜੇ ਦੇਖਣ ਦਾ (ਕੰਮ) ਕੀਜੀਏ। (ਅ) ਜੋ ਰਾਜਿਆਂ ਨੇ ਭੇਸ ਕੀਤੇ ਹਨ ਸਾਰੇ ਦੇਖੋ। (ੲ) ਏਸ = ਵਾਸ, ਵਸੇਬਾ ਭਾਵ ਰਜਾਸਤਾਂ ਵਿਚ ਦੇਖਣਾ ਕਰੋ।
[4](ਉਨ੍ਹਾਂ ਰਾਜਿਆਂ ਦਾ ਕੋਈ) ਮੁਸਾਹਿਬ।
[5]ਸਾਕ।
[6]ਧੀ [ਸੰਸ: ਜਾਤਕ। ਪੋਠੋਹਾਰੀ ਪੰਜਾਬੀ ਜਾਤਕ = ਬੱਚਾ, ਜਾਤਕੜੀ = ਬੱਚੀ]
[7]ਤੇਰੀ ਕੁਲ ਦੇ ਸਮਾਨ।
[8]ਜੈਸੇ ਕਵਲ ਦੀ ਸੁਗੰਧੀ ਹੁੰਦੀ ਹੈ।

ਕੀਜੈ ਬਿਦਾ ਮੋਹਿ, ਤੋਹਿ ਕਾਜ ਸ਼ੁਭ ਹੋਹਿ,
ਜੋਹਿ ਸ਼ਗੁਨ ਅਨੂਠੇ, ਅਬਿ ਸਮੈਂ ਚਲਿ ਜਾਤਿ ਕੀ[1] ॥੭॥
ਕਬਿੱਤ: ਨਾਊ[2] ਕੀਨਿ ਸਾਥ ਨਿਤ ਸੇਵਾ ਕਰੈ ਹਾਥ ਨਿਜ,
ਔਰ ਦਾਸ ਕਰੇ ਸੰਗ ਅਧਿਕ ਸਮਾਜ ਤੇ।
ਨਗਰ ਨਗਰ ਪ੍ਰਤਿ ਖੋਜਤਿ ਫਿਰਤਿ ਬਰ,
ਰੈਨ ਕੋ ਬਸੇਰਾ ਕਰਿ ਹੇਰੈਂ ਸਭਿ ਸਾਜ ਤੇ[3]।
ਜਹਾਂ ਆਛੀ ਕੁਲ ਤਹਾਂ ਧਨ ਮੇਂ ਨ ਤੁੱਲ ਹੋਤਿ,
ਜਹਾਂ ਧਨ ਤੁੱਲ ਤਹਾਂ ਕੁਲ ਨਹੀਂ ਰਾਜਤੇ[4]।
ਜਹਾਂ ਧਨ ਕੁਲ ਮੈਂ ਸੁ ਤੁੱਲਜਤਾ ਮਿਲਤਿ ਆਇ,
ਬਾਲਕ ਬਿਹੀਨ ਰੂਪ[5] ਹੇਰਤਿ ਕੁ ਕਾਜ ਤੇ ॥੮॥
ਕਬਿੱਤ: ਪੁਰਿ ਪੁਰਿ ਹੇਰਤਿ ਫਿਰਤਿ ਨਰ ਪੂਛਿ ਲੇਤਿ
'ਛੱਤ੍ਰੀ ਹ੍ਵੈ ਧਨਾਢਿ ਧਾਮ ਸੁੰਦਰ ਸਪੂਤ ਹੋਇ।
ਸ਼ਾਹ ਕੋ ਸਚਿਵ ਤਾਂ ਕੀ ਸੁਤਾ ਕੋ ਸਬੰਧ ਚਹੈ
ਜਾਂ ਕੇ ਬਡੇ ਭਾਗ ਜਗ ਮਿਲੈ ਇਸਥਾਨ ਸੋਇ।
ਹੁਕਮ ਮਹਾਨ ਚਾਰੋਂ ਦਿਸ਼ਿ ਮੈਂ ਬਖਾਨ ਕਰੈ
ਅਨਗਨ ਸੰਪਤਾ ਕੋ ਪ੍ਰਾਪਤਿ ਸਦਾਈ ਜੋਇ।
ਹੇਰਿ ਹਮ ਰਹੇ ਨਹੀਂ ਸੁੱਧਿ ਕਹੂੰ ਲਹੇ ਅਸ,
ਫਿਰੇ ਮਨ ਢਹੇ, ਨਹੀਂ ਪਾਯੋ ਕਿਤਿ ਸਮ[6] ਕੋਇ' ॥੯॥
ਕਬਿੱਤ: ਫਿਰੇ ਚਾਰ ਓਰ ਮੈਂ ਲਹੌਰ ਪੁਰਿ ਗਏ ਪੁਨ,
ਕਹਤੋ ਬਹੁ ਲੋਕਨਿ ਮੈਂ 'ਦਿੱਲੀ ਹੂੰ ਤੇ ਆਏ ਹੈਂ।
ਚੰਦੂ ਕੇ ਮਨਿੰਦ ਹਮ ਖੋਜਤਿ ਬਿਲੰਦ ਫਿਰੇ
ਪ੍ਰਾਪਤਿ ਨ ਭਯੋ ਬਹੁ ਥਾਨ ਮੈਂ ਸੁਨਾਏ ਹੈਂ।'
ਹੁਤੇ ਕੁਛ ਸਿਖ ਤਿਨੋ ਗੁਰੂ ਕੀ ਸਿਫਤਿ ਕੀਨਿ,
'ਧਨ ਅਨਗਨ ਨਿਤ ਸੰਗਤਿ ਚਢਾਏ ਹੈਂ।
ਉੱਤਮ ਮਹਾਨ ਜਿਨੈ ਮਾਨਤਿ ਜਹਾਂਨ ਬਹੁ
ਜ਼ਾਹਰ ਬਿਸਾਲ ਜਸੁ ਸਭਿ ਤੇ ਸੁਹਾਏ ਹੈਂ ॥੧੦॥

---

[1]ਚਲੇ ਜਾਣੇ ਦਾ।
[2]ਨਾਈ।
[3]ਸਭ ਤਰ੍ਹਾਂ ਨਾਲ।
[4]ਐਸ਼੍ਵਰਜ ਵਾਲੀ ਨਹੀਂ। (ਅ) ਮੇਲ ਨਹੀਂ ਖਾਂਦੀ।
[5](ਓਥੇ) ਨੀਂਗਰ ਕੋਝਾ (ਮਿਲਦਾ ਹੈ)।
[6]ਬਰੱਬਰ ਦਾ।

ਕਬਿੱਤ: ਧਨ ਅਰੁ ਬੰਸ ਤੋ ਬਿਦਤ ਜਿਮ ਕਹ੍ਯੋ ਤਿਮ
ਤਿਨਿ ਕੋ ਸਪੁੱਤ੍ਰ ਭਯੋ ਤਾਂ ਕੀ ਸੁਨਿ ਗਾਥ ਕੋ।
ਰਾਜ ਚਿੰਨ੍ਹ ਅੰਗ ਮੈਂ, ਅਨੰਗ ਕੋ ਸਰੂਪ ਮਾਨੋ,
ਬਾਹੂ ਹੈਂ ਪ੍ਰਲੰਬ[1], ਮੁਖ ਰੂਪ ਨਿਸਨਾਥ ਕੋ[2]।
ਲੋਚਨ ਬਿਸਾਲ ਤੇ ਬਿਲੋਕਤਿ ਨਿਹਾਲ ਕਰੈਂ
ਚਾਰ ਓਰ ਸੰਗਤਾਂ ਨਿਵਾਵੈਂ ਪਗ ਮਾਥ ਕੋ।
ਸੁਤਾ ਕੇ ਸਹਤ ਚੰਦੂ ਭਾਗ ਜੇ ਮਹਤ ਹੋਇ
ਬਨੈ ਸਨਬੰਧ ਤਬਿ ਸਤਿਗੁਰੂ ਸਾਥ ਕੋ' ॥੧੧॥

ਕਬਿੱਤ: ਸੁਨਿ ਦਿਜਬਰ ਉਰ ਹਰਖ ਅਧਿਕ ਧਰਿ
-ਰੂਰੋ ਬਰ ਗੁਰੂ ਪਾਯੋ, ਬਿਚਰਤਿ ਗਏ ਹਾਰਿ[3]।
ਰੂਪਵਤੀ ਕੰਨਜਾ ਹੁਤੀ ਬਾਲਕ ਸੁਨ੍ਯੋ ਸੁ ਤੈਸੋ,
ਦੇਰਿ ਨ ਬਨਤਿ ਅਬਿ ਗਮਨੈਂ ਤਿਨੋ ਕੇ ਦ੍ਵਾਰਿ-।
ਜਾਨੁ ਪੈ ਅਰੂਢ ਕਰਿ, ਆਨੰਦ ਅਰੂਢ ਕਰਿ[4],
ਪੰਥ ਮੈਂ ਪਯਾਨੇ ਬਾਤ ਚਿੱਤ ਮੈਂ ਬਿਚਾਰਿ ਚਾਰੁ।
ਰਾਮਦਾਸ ਪੁਰੀ ਮੈਂ ਪ੍ਰਵੇਸ਼ ਭਏ ਆਨਿ ਕਰਿ,
ਸੁਧਾਸਰ ਹੇਰਿ ਕੈ ਪ੍ਰਸੰਨਤਾ ਵਿਸ਼ੇਸ਼ ਧਾਰਿ ॥੧੨॥

ਸ੍ਵੈਯਾ: ਅੰਦਰ ਸ਼੍ਰੀ ਹਰਿਮੰਦਿਰ ਕੇ
ਗੁਰੁ ਸੁੰਦਰ ਰੂਪ ਬਿਰਾਜਤਿ ਹੈ।
ਸੰਗਤਿ ਆਵਤਿ ਹੈ ਇਕ ਜਾਤਿ,
ਨਿਹਾਰਤਿ ਹੀ ਅਘ ਭਾਜਤਿ ਹੈਂ।
ਗਾਵਤਿ ਰਾਗ ਰਬਾਬੀ ਘਨੇ,
ਥਿਰੁ ਆਗੇ ਸੁ ਬਾਦਤਿ ਬਾਜਤਿ ਹੈਂ।
ਹੋਤਿ ਅਨੇਕਨਿ ਕੀ ਅਰਦਾਸ
ਮਨੋਰਥ ਸੇਵਕ ਸਾਜਤਿ ਹੈਂ[5] ॥੧੩॥

ਸ੍ਵੈਯਾ: ਦੇਖਿ ਪ੍ਰਤਾਪ ਬਿਸਾਲ ਗੁਰੂ ਕਹੁ
ਬਿੱਪ੍ਰ ਅਨੰਦ ਲਹ੍ਯੋ ਉਰ ਭਾਰੀ।
-ਚੰਦੂ ਮਨਿੰਦ ਹੈ ਕੈਧੋਂ ਬਿਲੰਦ ਹੈ[6],

---

[1]ਬਾਂਹਵਾਂ ਲੰਬੀਆਂ।
[2]ਚੰਦ੍ਰਮਾਂ ਵਤ।
[3]ਫਿਰਦੇ ਥੱਕ ਗਏ ਹਾਂ।
[4]ਖੁਸ਼ੀ ਪ੍ਰਗਟ ਕਰਕੇ।
[5]ਪਾਂਵਦੇ ਹਨ।
[6]ਸਗੋਂ ਉਸ ਤੋਂ ਵਡੇ ਹਨ।

ਮਾਨਤਿ ਬੰਦਨ ਕੈ ਨਰ ਨਾਰੀ-।
ਸ੍ਰੀ ਹਰਿ ਗੋਵਿੰਦ ਏਤਨੇ ਮੈਂ
ਤਹਿਂ ਆਇ ਗਏ ਦੁਤਿ ਦੀਰਘ ਧਾਰੀ।
ਸੰਗਤਿ ਦੇਖਤਿ ਪ੍ਰੇਮ ਬਿਸੇਖ
ਅਸ਼ੇਖ਼ ਖਰੇ ਹੁਇ ਆਦਰ ਕਾਰੀ[੧] ॥੧੪॥

ਕਬਿੱਤ: ਕੋਕਨਦ[੨] ਪਦ ਮ੍ਰਿਦੁ ਰਕਤ ਛਬੀਲੇ ਅਤਿ,
ਹੀਰਨਿ ਕੀ ਪੰਗਤਿ ਜਸੋਂ ਨਖ ਹੈਂ ਅਨੰਦ ਕਰਿ[੩]।
ਚਿਕਨ ਅਕਾਰ ਏਕ ਸਾਰ ਜੁਗ ਜੰਘ ਨੀਕੇ[੪],
ਗੁਲਫ ਸੁਜਾਨੁ ਗ੍ਰਿੰਥ ਨਿਠਰ ਬਿਲੰਦ ਕਰਿ[੫]।
ਤ੍ਰਿਵਲੀ ਉਦਰ ਪਰ, ਨਾਭਿਕਾ ਗੰਭੀਰ ਸੁਭ,
ਆਯੁਤ ਸੁ ਛਾਤੀ ਦ੍ਵੈ ਉਤੰਗ ਹੈਂ ਸਿਕੰਧ ਕਰਿ।
ਗਾਢੇ ਭੁਜਦੰਡ ਹੈਂ ਪ੍ਰਚੰਡ ਬਲਵੰਡ ਬਡੇ,
ਕੁੰਜਰ ਕੀ ਸੁੰਡ ਜਿਮ ਸ੍ਰੀ ਹਰਿ ਗੋਵਿੰਦ ਕਰ ॥੧੫॥

ਕਬਿੱਤ: ਹਾਥ ਦ੍ਵੈ ਪਾਥੋਜ ਸਮ ਪੱਲਵ ਸੇ ਪਲਵਨਿ
ਤਾਂ ਪੈ ਨਗ ਸੂਚੇ ਖਚਿ ਨਖਿਨ ਕੀ ਪੰਗਤੀ[੬]।
ਚੰਦ੍ਰਮਾ ਬਦਨ ਸਭਿ ਸੁਖਮਾ ਸਦਨ, ਜਾਂ ਮੈਂ
ਉੱਜਲ ਰਦਨ[੭] ਓਠ ਸੁੰਦਰ ਸੁਰੰਗਤੀ[੮]।
ਪੰਕਜ ਕੀ ਪਾਂਖੁਰੀ ਸਰੀਖੀ ਆਂਖਿ ਤੀਖੀ ਤੀਖੀ,
ਪਿਖਨਿ ਤਿਰੀਛੇ ਤੇ ਨਿਹਾਲ ਕਰੈਂ ਸੰਗਤੀ[੯]।
ਚਿਬੁਕ[੧੦] ਅਮੋਲ, ਗੋਲ ਮ੍ਰਿਦੁਲ ਕਪੋਲ ਜੁਗ,
ਕੁੰਡਲ ਕੀ ਡੋਲ ਪੈ ਅਤੋਲ ਸ੍ਰੀ ਉਮੰਗਤੀ[੧੧] ॥੧੬॥

ਕਬਿੱਤ: ਮੰਡਿਤ ਬਿਭੂਖਨਿ[੧], ਅਦੂਖਨਿ ਹੈਂ ਅੰਗ ਸਾਰੇ,

---

[੧]ਆਦਰ ਕਰਨ ਨੂੰ।
[੨]ਲਾਲ ਕਵਲ ਵਾਂਙ।
[੩]ਅਨੰਦ ਕਰਨ ਵਾਲੇ।
[੪]ਦੋਵੇਂ ਲੱਤਾਂ ਇਕ ਸਾਰ ਸੁਹਣੀਆਂ ਸੁਪਾਰੀ ਦੇ ਬੂਟੇ ਵਾਂਙੂ [ਸੰਸ:-ਚਿਕ੍ਕਣ = ਸੁਪਾਰੀ ਦਾ ਪੰਡ, ਸੁਪਾਰੀ]
[੫]ਗਿਟਿਆਂ ਤੇ ਗੋਡਿਆਂ ਦੀਆਂ ਗੰਢਾਂ, ਪੀਡੀਆਂ ਤੇ ਵੱਡੀਆਂ ਹਨ। [ਸੰਸ: ਗੁਲ = ਗਿੱਟਾ] [ਸੰਸ: ਜਾਨੁ = ਗੋਡਾ]
[੬]ਦੋਵੇਂ ਹੱਥ ਕਵਲ ਵਰਗੇ ਹਨ ਤੇ ਉਂਗਲੀਆਂ ਨਵੀਆਂ ਪੰਖੜੀਆਂ ਜਿਹੀਆਂ ਹਨ, ਤਿਨ੍ਹਾਂ ਉੱਤੇ ਨਹੁੰਆਂ ਦੀ ਪੰਗਤੀ (ਐਉਂ ਸ਼ੋਭ ਰਹੀ ਹੈ ਜਿਵੇਂ) ਸੁੱਚੇ ਨਗ ਜੜੇ ਹੋਏ ਹੁੰਦੇ ਹਨ।
[੭]ਦੰਦ।
[੮]ਸੁਹਣੇ ਰੰਗ ਦੇ ਸੁੰਦਰ ਬੁੱਲ੍ਹ।
[੯]ਤ੍ਰਿੱਛੇ ਦੇਖਣ ਨਾਲ ਭਾਵ ਕ੍ਰਿਪਾ ਦ੍ਰਿਸ਼ਟੀ ਦੇਖਣੇ ਨਾਲ ਨਿਹਾਲ ਕਰਦੇ ਹਨ ਸੰਗਤਾਂ ਨੂੰ।
[੧੦]ਠੋਡੀ।
[੧੧]ਕੁੰਡਲਾਂ ਦੀ ਲਟਕ ਉੱਪਰ ਬਿਅੰਤ ਸ਼ੋਭਾ ਉਮਗ ਰਹੀ ਹੈ।

ਦੀਰਘ ਸੁ ਡੀਲ[੨], ਸ਼ੁਭ ਸ਼ੀਲ[੩] ਮੈਂ ਪ੍ਰਕਾਸ਼ ਤੇ।
ਨੀਕੀ ਉਸ਼ਨੀਕ[੪] ਸੋਹੈ, ਜਿਗਾ ਕੀ ਜਲੂਸ[੫] ਜੋ ਹੈ
ਹੇਰਤਿ ਹੀ ਮਨ ਮੋਹੈ ਸਿੱਖ ਆਸ ਪਾਸਿ ਤੇ।
ਮੋਤਿਨਿ ਕੀ ਮਾਲ ਹੀਰੇ ਖਚਤਿ ਬਿਸਾਲ ਚੀਰੇ
ਕੋਰਦਾਰ ਰੁਰ ਚਹੂੰ ਓਰਿ[੬], ਬਿਖੈ ਭਾਸਤੇ।
ਤਮ ਕੋ ਬਿਨਾਸ਼ਤੇ, ਅਨੰਦ ਕੋ ਉਜਾਸਤੇ[੭]
ਸੁ ਗਜਾਨ ਮੈਂ ਬਿਲਾਸਤੇ, ਉਧਾਰ[੮] ਦਾਸ ਵਾਸਤੇ ॥੧੭ ॥

ਕਬਿੱਤ: ਸ਼੍ਰੀ ਹਰਿ ਗੋਵਿੰਦ ਅੰਗ ਸੁੰਦਰ ਬਿਲੰਦ ਸਭਿ,
ਦੇਖਿ ਕੇ ਸੁ ਦਿੱਜਨ ਅਨੰਦ ਉਰ ਧਾਰਿਓ।
-ਭਾਗ ਬਲੀ ਚੰਦੂ ਹੈ ਜਮਾਤਾ ਅਸ ਪਾਯੋ ਜਿਨਿ,
ਉੱਜਲ ਸੁ ਬੰਸ ਅਵਤੰਸ ਕੋ ਨਿਹਾਰਿਓ।
ਧਨ ਕੀਨ ਗਿਨਤੀ, ਕਰਤਿ ਬਹੁ ਬਿਨਤੀ
ਚਢਾਵੈਂ ਚੀਰ ਭੂਖਨ, ਗੁਰੂ ਸੁ ਜਗ ਸਾਰਿਓ।
ਹਾਥ ਬੰਦਿ ਬੰਦਨਾ ਪਦਾਰਬਿੰਦ ਕਰੈਂ ਬ੍ਰਿੰਦ,
ਸਭਿ ਬਿਧਿ ਅਧਿਕ ਸਮਾਜ ਬਿਸਤਾਰਓਿ ॥੧੮॥

ਸ੍ਵੈਯਾ: ਸ਼੍ਰੀ ਹਰਿ ਗੋਵਿੰਦ ਪਾਸ ਪਿਤਾ
ਥਿਤਿ ਸੋਹਤਿ ਹੈਂ ਸਿਖ ਸੇਵਕ ਮਾਂਹੂ।
ਜਯੋਂ ਕਮਲਾਸਨ[੯] ਸੋਂ ਪਦਮਾਪਤਿ
ਦੇਵਨਿ ਬ੍ਰਿੰਦ ਮੈਂ ਸੋਭਿ ਉਮਾਹੁ-।
ਸੰਗਤਿ ਸੋਂ ਦਿਜ ਬੂਝਨਿ ਕੀਨਿ
'ਬਤਾਵਹੁ ਜਾਤਿ ਸੁ ਗੋਤ ਜਿ ਤਾਂਹੂ?
ਚਾਹਤਿ ਹੈ ਸਨਬੰਧ ਕਰਯੋ ਹਮ,
ਸ਼ਾਹੁ ਦਿਵਾਨ ਸੁਤਾ ਹਿਤ ਯਾਹੂ[੧]' ॥੧੯॥

---

[੧]ਪਾਏ ਹੋਏ ਹਨ ਗਹਿਣੇ।
[੨]ਕੱਦ ਲੰਬਾ ਹੈ।
[੩]ਸੁਹਣੇ ਸੁਭਾਵ।
[੪]ਦਸਤਾਰ [ਸੰਸ: ਉਖ਼ੑੀਖ]
[੫]ਪ੍ਰਕਾਸ਼।
[੬]ਸੁਹਣੇ ਹੀਰੇ ਪਹਿਲਦਾਰ ਕਰਨ ਲਈ ਚੀਰੇ ਹੋਏ ਯਾ ਪਹਲਦਾਰ ਹੀਰੇ। [ਹੀਰੇ ਨੂੰ ਜਿਨੇ ਵਧੀਕ ਨੁੱਕਰਦਾਰ ਪਹਿਲ ਕੱਢੇ ਜਾਣ ਉਨ੍ਹਾਂ ਵਧੀਕ ਚਮਕਦਾ ਹੈ]
[੭]ਪ੍ਰਕਾਸ਼ ਕਰਦੇ।
[੮]ਦਾਸਾਂ ਦੇ ਉਧਾਰ ਵਾਸਤੇ ਗਿਆਨ ਵਿੱਚ (ਮਾਨੋ) ਬਿਲਾਸ ਕਰਦੇ ਹਨ, ਭਾਵ ਇਹ ਕਿ ਇਸ ਤਰ੍ਹਾਂ ਦੇ ਨਿਰਮਲ ਗਜਾਨ ਦੇ ਦਾਤੇ ਹਨ ਗੁਰੂ ਜੀ ਜਿਸ ਤਰ੍ਹਾਂ ਦੇ ਕਿ ਗਲੇ ਵਿਚ ਹੀਰੇ ਹਨ।
[੯]ਬ੍ਰਹਮਾਂ।

ਦੋਹਰਾ: ਸੰਗਤਿ ਸਿੱਖਨਿ ਤਬਿ ਕਹਜੋ, 'ਸੋਢਿ ਬੰਸ ਸਿਰ ਮੋਰ।
ਬਡੇ ਭਾਗ ਜਾਗੇ ਜਿਸੇ, ਤਿਸ ਪ੍ਰਾਪਤਿ ਅਸ ਠੌਰ ॥੨੦॥
ਜਗਤ ਗੁਰੂ ਘਰ ਆਇ ਜੇ, ਜਗ ਮਾਤਾ ਬਨਿ ਜਾਇ।
ਪੂਜਨੀਯ ਇਹ ਸਰਬ ਕੋ, ਅਨਗਨ ਭੇਟ ਚਢਾਇਂ' ॥੨੧॥
ਚੌਪਈ: ਦਿਜ ਨਾਈ ਦੋਨਹੁਂ ਸੁਨਿ ਕਰਿ ਕੈ।
ਮਹਾਂ ਪ੍ਰਤਾਪ ਸੁ ਨੈਨ ਨਿਹਰਿ ਕੈ।
ਕਹਤਿ ਪਰਸਪਰ 'ਐਸੋ ਥਾਨ।
ਪ੍ਰਾਪਤਿ ਹੋਇ ਨ ਫਿਰਿਯ ਜਹਾਨ ॥੨੨॥
ਜਿਮ ਚੰਦੂ ਨੇ ਹਮਹੁਂ ਜਨਾਯੋ।
ਸੋ ਤੀਨਹੁਂ[2] ਸ਼ੁਭ ਇਤ ਦ੍ਰਿਸ਼ਟਾਯੋ।'
ਇਮ ਨਿਸ਼ਚੈ ਕਰਿ ਕੈ ਮਨ ਮਾਂਹੂ।
ਬਹੁਰ ਜਨਾਇਹੁ ਸ੍ਰੀ ਗੁਰੁ ਪਾਹੂ ॥੨੩॥
'ਸ਼ਾਹੁ ਦਿਵਾਨ ਸੁਤਾ ਕੋ ਨਾਤਾ।
ਕਰਜੋ ਚਹਤਿ ਹਮ ਤੁਮਰੇ ਤਾਤਾ।
ਹੇਰਿ ਚਲੇ ਅਬਿ ਦਿੱਲੀ ਜਾਇਂ।
ਸਭਿ ਬ੍ਰਿਤਾਂਤ ਕੋ ਤਹਾਂ ਸੁਨਾਇਂ ॥੨੪॥
ਦੇਰਿ ਨਹੀਂ ਤੂਰਨਿ ਹਟਿ ਆਵੈਂ।
ਹਮ ਉੱਤਮ ਸਨਬੰਧ ਬਨਾਵੈਂ।'
ਸ੍ਰੀ ਅਰਜਨ ਦੋਨਹੁਂ ਸੰਗ ਭਾਖਾ।
'ਹੋਵਹਿ ਸੋ, ਜੁ ਰਾਮ ਰਚਿ ਰਾਖਾ ॥੨੫॥
ਪਰਮੇਸ਼ੁਰ ਸਭਿ ਬਨਤ ਬਨਾਈ।
ਭਲੀ ਜੁ ਹੋਇ ਕਰਤਿ ਬਿਧਿ ਸਾਈਂ।'
ਇਮ ਕਹਿ ਲਾਗਿ ਦੇਨਿ ਜਬਿ ਲਾਗੇ।
ਲਿਯੋ ਨ ਤਿਨਹੁ, ਕਹਤਿ ਗੁਰੁ ਆਗੇ ॥੨੬॥
'ਜਬਿ ਐ ਹੈਂ ਹਮ ਦੂਸਰ ਬਾਰੀ।
ਤਬਿ ਕਰਿ ਹੈਂ ਜਿਮ ਆਪ ਉਚਾਰੀ।'
ਮਸਤਕ ਟੇਕਿ ਬਿਸਰਜਨ ਹੋਏ।
ਗਮਨੇ ਤੂਰਨਿ ਦਿੱਲੀ ਦੋਏ ॥੨੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ' ਪ੍ਰਸੰਗ ਬਰਨਨੰ ਨਾਮ ਦੁਤੀਓ ਅੰਸੂ ॥੨॥

---

[1]ਭਾਵ, ਦੀਵਾਨ ਦੀ ਧੀ ਦਾ ਏਥੇ, (ਅ) ਇਨ੍ਹਾਂ ਨਾਲ....।
[2]ਭਾਵ ਧਨਾਢ ਘਰ, ਕੁਲ ਉੱਚੀ, ਸੁੰਦਰ ਵਰ।

੩. [ਸਗਾਈ ਦੀ ਤਿਆਰੀ ਦਿਲੀ ਦੀ ਸੰਗਤ ਨੇ ਅਰਦਾਸ ਲਿੱਖੀ]

੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪

ਦੋਹਰਾ: ਦਿਜ ਗਮਨਜੋ ਦਿੱਲੀ ਦਿਸ਼ਾ, ਸਨੈ ਸਨੈ ਮਗ ਜਾਇ।
ਪਹੁੰਚੇ ਚੰਦੂ ਕੇ ਸਦਨ, ਆਸ਼ਿਖ ਦਈ 'ਵਧਾਇ' ॥੧॥

ਸੈਯਾ ਛੰਦ: ਬੈਠਿ ਸਮੀਪ ਸੁਨਾਵਨਿ ਕੀਨਸਿ
'ਬਿਚਰੇ ਜਹਿਂ ਕਹਿਂ ਪੁਰਿ ਸਮੁਦਾਇ।
ਨਹਿਂ ਪਾਯਹੁ ਸਨਬੰਧ ਕਿਸੀ ਥਲ
ਲਵਪੁਰਿ ਤੇ ਸੁਧਿ ਕੋ ਪੁਨ ਪਾਇ।
ਪਿਖਜੋ ਪਹੁੰਚਿ ਕੈ ਭਲੋ ਠਿਕਾਨੋ
ਸੋਢੀ ਬੰਸ ਬਿਦਤਿ ਸਭਿ ਥਾਇਂ।
ਸ਼੍ਰੀ ਰਘੁਬਰਿ ਕੀ ਕੁਲ ਅਕਲੰਕ ਜੁ
ਜਗਤ ਪੂਜਜ ਅਬਿ ਗੁਰੁ ਸੁਖਦਾਇ ॥੨॥
ਕੁਲ ਆਛੀ, ਧਨ ਗਨ ਬਰ ਸੁੰਦਰ
ਤੋਹਿ ਕਹਜੋ ਜਸ ਦੇਖਜੋ ਜਾਇ।
ਤਵ ਤਨੁਜਾ ਕੇ ਭਾਗ ਬਡੇ ਲਖਿ
ਬਨਹਿ ਪੂਜਜ ਜਗ ਮਾਤ ਕਹਾਇ।
ਸੋ ਘਰ ਊਨ ਨ ਕਿਸ ਹੂੰ ਬਿਧਿ ਕਰਿ
ਹਮ ਤੌਂ ਹੇਰਿ ਰਹੇ ਹਰਖਾਇ।
ਇਤਿ ਤੂੰ ਬਡੋ ਦਿਵਾਨ ਸ਼ਾਹ ਕੋ
ਉਤ ਜਗ ਗੁਰ ਜਿਮ ਚਹੈਂ ਬਨਾਇ ॥੩॥
ਤਿਨੁ ਬਿਨੁ ਅਪਰ ਖੋਜ ਹਮ ਥਾਕੇ
ਨਹਿਂ ਪਾਯਹੁ ਬਿਚਰੇ ਬਹੁ ਦੇਸ਼।
ਸ਼੍ਰੀ ਨਾਨਕ ਗਾਦੀ ਪਰ ਥਿਤ ਹੈ
ਸ਼੍ਰੀ ਅਰਜਨ ਗੁਰੁ ਨਾਮ ਕਹੇ ਸੁ।
ਮਹਾਂ ਪ੍ਰਤਾਪ ਪੂਜਤੇ ਚਹੁੰ ਦਿਸ਼ਿ
ਦਰਬ ਬਿਭੂਖਨ ਚਢਹਿ ਵਿਸ਼ੇਸ਼।
ਭੀਰ ਹਜ਼ਾਰਨਿ ਲੋਕਨਿ ਕੀ ਰਹਿ,
ਕਰਹਿਂ ਨਮੋ ਧਰਿ ਭਾਉ ਅਸ਼ੇਸ਼ੁ ॥੪॥
ਬਰ ਕੀ ਸੂਰਤ ਸੁੰਦਰ ਅਤਿਸ਼ੈ
ਮਨਹੁਂ ਕ੍ਰਿਸ਼ਨ ਕੇ ਇਹ ਅਵਤਾਰ*।
ਅਪਰ ਬਿਖੈ ਦੁਤਿ[1] ਐਸੀ ਹੋਇ ਨ

*ਇਕ ਬ੍ਰਾਹਮਨ ਸਭ ਤੋਂ ਵੱਡੀ ਉਪਮਾ ਆਪਣੇ ਨਿਸ਼ਚੇ ਵਿੱਚ ਇਹੋ ਹੀ ਦੇ ਸਕਦਾ ਹੈ।

ਜਿਨਹੁੰ ਹੇਰਿ ਮੋਹਤਿ ਨਰ ਨਾਰਿ।
ਦੇਖਤਿ ਰਹੇ ਖਰੇ ਇਕ ਟਕ ਸੋਂ
ਬੰਦਨ ਕਰਿ ਹੋਵਤਿ ਬਲਿਹਾਰਿ।
ਬੀਚ ਸਭਾ ਉਡਗਨਿ ਮਹਿਂ ਦੀਪਤਿ
ਚੰਦ ਅਮੰਦ ਬਿਲੰਦ ਉਦਾਰਿ ॥੫॥

ਦੋਹਰਾ: ਨਵ ਸੰਮਤ ਕੀ ਬੈਸ ਹੈ, ਸਜਹਿਂ ਬਿਭੂਖਨਿ ਬ੍ਰਿੰਦ।
ਸੁੰਦਰ ਦੀਹ ਸਰੀਰ ਸਿਸ, ਬਰ[2] ਸ਼੍ਰੀ ਹਰਿ ਗੋਬਿੰਦ ॥੬॥

ਸ੍ਵੈਯਾ ਛੰਦ: ਸੁਨਿ ਦਿਵਾਨ ਜੀ ਭਾਗ ਆਪਨੇ
ਜਗ ਮਹੁੰ ਸਭਿ ਤੇ ਧੰਨ ਨਿਹਾਰਿ।
ਜਿਸ ਕੋ ਭਯੋ ਜਮਾਤਾ ਐਸੋ
ਸੇਵਹਿਂ ਮਿਲਿ ਕੈ ਲੋਕ ਹਜ਼ਾਰਿ।
ਸੁਧਾ ਸਰੋਵਰ ਮਹਿਂ ਹਰਿਮੰਦਰ
ਧਨ ਲਗਾਇ ਗਨ ਕੀਨਸਿ ਤਯਾਰਿ।
ਤਿਸ ਮਹਿਂ ਬੈਠਿ ਸੁਹਾਵਤ ਨਿਤਪ੍ਰਤਿ
ਚਹੁੰਦਿਸ਼ਿ ਕੀ ਸੰਗਤ ਦੇ ਕਾਰ' ॥੭॥
ਚੰਦੂ ਸੁਨਤਿ ਅਨਖ ਕੋ ਕਰਿ ਕੈ
ਦਰਬ ਜਾਤਿ ਕੋ ਉਰ ਹੰਕਾਰ।
ਨੀਕ ਨ ਮਾਨੀ ਕੀਨਿ ਬਖਾਨੀ
'ਨਹਿਂ ਜਾਨੀ ਤੁਮ ਨੇ ਨਿਰਧਾਰਿ।
ਸਦਨ ਅਢਾਈ[3] ਉੱਤਮ ਖੱਤ੍ਰੀ
ਮੈਂ ਤਿਨ ਮੋ ਊਚੀ ਕੁਲਿ ਚਾਰੁ।
ਸੋਢੀ ਬੰਸ ਸ਼੍ਰੀਣ ਸੋ ਖੱਤ੍ਰੀ
ਨੀਵੇਂ ਥਲ ਹਮ ਤੇ ਉਰਧਾਰਿ ॥੮॥
ਹਮ ਉੱਤਮ ਚੌਬਾਰੇ ਸਮ ਹੈਂ
ਸਭਿ ਘਰ ਤੇ ਊਚੋ ਜਿਮਿ ਹੋਇ।
ਕਹਾਂ ਸ੍ਰੀਣ ਹਮ ਤੇ ਬਹੁ ਨੀਚੇ
ਜਥਾ ਸਦਨ ਕੀ ਮੋਰੀ ਜੋਇ।
ਤਨਿਯਾ ਈਂਟ ਚੁਬਾਰੇ ਕੀ ਮਮ
ਮੋਰੀ[1] ਸਮ ਕੁਲ ਮਹਿਂ ਦੀ ਸੋਇ।

---

[1]ਸੁੰਦਰਤਾ।
[2]ਵਰ ਦਾ ਬਾਲ (ਅਵਸਥਾ ਵਿਚ ਹੀ) ਸੁਹਣਾਂ ਲੰਮਾਂ ਸਰੀਰ ਹੈ।
[3]ਢਾਈ ਘਰ, ਖੱਤ੍ਰੀਆਂ ਦੀ ਇਕ ਜਾਤ ਦੀ ਵੰਡ ਹੈ।

ਜਥਾ ਜੋਗ ਨਹਿਂ ਕਛੂ ਬਿਚਾਰਯੋ
ਅਸਮੰਜਸ ਜਾਨੈ ਸਭਿ ਕੋਇ ॥੯॥
ਈਂਟ ਚੁਬਾਰੇ ਕੀ ਸਭਿ ਸਿਰ ਪਰਿ
ਮੋਰੀ ਲਗੀ ਜੁ ਸਭਿ ਤੇ ਨੀਵ।'
ਤੀਨ ਬਾਰ ਤਕਰਾਰ ਕਰਯੋ ਇਮ
ਪੁਨ ਬੋਲਯੋ 'ਧੰਨ ਕਜਾ ਢਿਗ ਥੀਵ[2]।
ਗੁਜਰ ਫਕੀਰਨਿ ਜੈਸੀ ਤਿਸ ਕੀ
ਪੂਜਾ ਲੇਹਿ ਅਹਾਰ ਕਰੀਵ[3]।
ਆਨਿ ਚਢਾਵਹਿਂ ਤੌ ਧਨ ਪਾਵਹਿਂ
ਨਾਂਹਿ ਤ ਬੈਠੇ ਰਹੈਂ ਸਦੀਵ ॥੧੦॥
ਦੇਸ਼ ਪਰਗਨਾ ਨਹੀਂ ਅਜਾਰੈ[4]
ਨਹਿਂ ਦਿਵਾਨ ਕਿਸਿ ਹੀ ਮਹਿਪਾਲ।
ਨਹੀਂ ਘਨੋ ਬਿਵਹਾਰ ਚਲਾਵਹਿਂ,
ਜਹਿਂ ਤੇ ਆਵਹਿ ਦਰਬ ਬਿਸਾਲ।
ਮੈਂ ਦਿਵਾਨ ਬਡ ਪਾਤਿਸ਼ਾਹਿ ਕੋ
ਜਿਤ ਕਿਤ ਮੇਰੋ ਹੁਕਮ ਅਟਾਲ[5]।
ਮਹਾਂ ਪਿਦਾਇਸ਼ਿ ਧਨ ਕੀ ਮੇਰੈ
ਡਰਤਿ ਲੋਕ ਮੁਝ ਲਖੈਂ ਕਰਾਲ ॥੧੧॥
ਯਾਂ ਤੇ ਭੀ ਮਮ ਸਮ ਕੋ ਨਾਂਹਿਨ,
ਤੁਮ ਨੇ ਕੀਨਸਿ ਕਹਾਂ ਬਿਚਾਰ?
ਜਾਤਿ ਨਹੀਂ ਬਿਵਹਾਰ ਪਛਾਨਯੋ
ਨਹਿਂ ਜਾਨਯੋ ਮੁਝ ਜਥਾ ਉਦਾਰ[6]।
ਹੁਇ ਅਨਜਾਨ ਬਖਾਨਹੁ ਮਹਿਮਾ
ਕਜਾ ਤਿਸ ਕੋ ਤੁਮ ਲੀਨਿ ਨਿਹਾਰ।
ਸਿਖ ਰੰਕਨਿ ਕੀ ਭੀਰ ਰਹੈ ਢਿਗ
ਇਹ ਪ੍ਰਭਾਵ ਇਕ ਕੀਨਿ ਉਚਾਰ ॥੧੨॥
ਕਰਯੋ ਸੁ ਕਰਯੋ ਮਾਨਿ ਮੈਂ ਲੀਨਸਿ

---

[1]ਮੇਰੀ ਪੁੱਤ੍ਰੀ।
[2]ਧਨ ਕੋਲ ਕੀ ਹੋਣਾ ਹੈ।
[3]ਕਰਦੇ ਹੋਣਗੇ।
[4]ਠੇਕਾ।
[5]ਅਟੱਲ ਹੈ।
[6]ਭਾਵ, ਅਮੀਰ।

ਇਸ ਕੋ ਹੇਤੁ ਸੁਨਹੁ ਦੇ ਕਾਨ।
ਸੁਤਾ ਸਬੰਧ ਕਰਨਿ ਕੇ ਕਾਰਨਿ
ਪਠਹਿ ਬਿੱਪ੍ਰ ਕੋ ਅਪਨੈ ਥਾਨ।
ਜਹਿਂ ਕਰ ਆਇ ਉਚਿਤ ਸੋ ਮਾਨਨਿ
ਕਰਯੋ ਸਬੰਧ ਜਿ ਦੇਯ ਬਖਾਨ[1]।
ਨਹਿਂ ਮਾਨਹਿ ਤੌਂ ਦੋਸ਼ ਲਗਹਿ ਤਿਹ
ਤਨਿਯਾ ਪਤਿ ਕੋ ਦੁਤੀਆ ਠਾਨਿ ॥੧੩॥
ਪ੍ਰਥਮ ਕਹਯੋ ਜਹਿਂ ਪਤਿ ਸੋ ਹੋਯਹੁ
ਯਾਂ ਤੇ ਤੁਮ ਨੇ ਕੀਨਸਿ ਜੋਇ।
ਕੁਲ ਹੁਇ ਹੀਨ ਦਰਬ ਤੇ ਹੀਨ ਜੁ,
ਭਯੋ ਜਮਾਤਾ ਅਬਿ ਮਮ ਸੋਇ।
ਜਗਤ ਰੀਤਿ ਬਿਗਰਹਿ ਅਬਿ ਫੇਰੇ[2]
ਭਲਾ ਨ ਮਾਨਹਿਂਗੋ ਸੁਨਿ ਕੋਇ।
ਅਪਨਿ ਥਾਨ ਕਰਿ[3] ਨਾਤੇ ਹਿਤ ਮੈਂ
ਪਠਯੋ ਬਿੱਪ੍ਰ ਤਵ ਕਰਯੋ ਸੁ ਹੋਇ[4]' ॥੧੪॥
ਇੱਤਯਾਦਿਕ ਕੁਛ ਅਪਰ ਬਡਾਈ
ਅਪਨੀ ਕਹੀ ਧਾਰਿ ਹੰਕਾਰ।
ਕਹਯੋ 'ਸਗਨ ਕੋ ਅਬਿ ਲੇ ਗਮਨਹੁ
ਜਥਾ ਜੋਗ ਜੈਸੋ ਬਿਵਹਾਰ।'
ਚੰਦੂ ਦਾਰਾ ਨੇ ਸਭਿ ਦੀਨਸਿ
ਚਲਯੋ ਪੰਥ ਦਿਜ ਆਨੰਦ ਧਾਰਿ।
-ਸਮਾਧੀ ਮਿਲੇ ਮਹਾਤਮ ਜਾਨੈ[5]
ਅਬਿ ਦਿਵਾਨ ਇਮ ਕਰਤਿ ਉਚਾਰਿ- ॥੧੫॥
ਜਬਿ ਚੰਦੂ ਗੁਰ ਨਿੰਦ ਉਚਾਰੀ
ਕੇਤਿਕ ਗੁਰੁ ਸਿੱਖ ਹੁਤੇ ਸੁ ਪਾਸਿ।
ਭਈ ਸੰਝਿ ਸਭਿ ਸੰਗਤਿ ਇਕਠੀ
ਧ੍ਰਮਸਾਲਾ ਮਹਿਂ ਭਜਨ ਪ੍ਰਕਾਸ਼[1]।

---

[1]ਧੀ ਦਾ ਨਾਤਾ ਕਰਨ ਲਈ ਅਪਣੇ ਥਾਂ ਬ੍ਰਹਮਨ ਨੂੰ ਘੱਲੇ, ਜਿੱਥੇ ਉਹ ਨਾਤਾ ਕਰ ਆਵੇ ਠੀਕ ਮੰਨ ਲਵੇ, ਜੇ ਉਹ ਕਹਿ ਦੇਵੇ ਕਿ ਮੈਂ ਨਾਤਾ ਕਰ ਆਯਾ ਹਾਂ।

[2]ਮੋੜਿਆਂ।

[3]ਅਪਨੀ ਥਾਂ ਕਰਕੇ।

[4](ਜੋ) ਤੈਂ ਕੀਤਾ ਸੋ ਹੋਵੇ।

[5]ਬ੍ਰਹਮਨ ਬਿਚਾਰਦਾ ਹੈ ਕਿ ਕੁੜਮ ਮਿਲਿਆਂ ਚੰਦੂ ਉਨ੍ਹਾਂ ਦੇ ਮਹਾਤਮ ਨੂੰ ਸਮਝੇਗਾ...।

ਸਭਿ ਮੈਂ ਬਿਦਤਿ ਕੀਨਿ ਬਿਰਤੰਤ ਸੁ
'ਸ਼ਾਹੁ ਸਚਿਵ ਜਿਹੁ ਸੁਮਤਿ ਬਿਨਾਸ਼[2]।
ਨਿਜ ਤੇ ਲਘੁ ਕਹਿ ਨਾਤਾ ਭੇਜਯੋ
ਸੁਤਾ ਆਪਨੀ ਕੋ ਨਿਰਜਾਸ ॥੧੬॥
ਜਰੀ ਨ ਜਾਇ ਅਜੋਗ ਕਹੀ ਜਿਮ,
ਸਭਿ ਸੰਗਤਿ ਸੁਨੀਯਹਿ ਮਨ ਲਾਇ।
ਤੁਮਹਿ ਉਚਿਤ ਸੁਧਿ ਲਿਖਿਬੇ ਗੁਰੁ ਕੋ
ਖੱਤ੍ਰੀ ਪਤਿਤ, ਨ ਭਗਤਿ ਨ, ਭਾਇ।
ਧਨ ਮਦ ਤੇ ਅੰਧਾ ਬਡ ਦੁਰਮਤਿ
ਤੁਮ ਮਹਿੰ ਨਹੀ ਭਾਵਨਾ ਲਜਾਇ।
ਕਰੇ ਅਰੋਪਨਿ ਦੋਸ਼ ਮੂਢ ਮਤਿ
ਅਪਨੋ ਆਪਿ ਜਾਨਿ ਅਧਿਕਾਇ' ॥੧੭॥
ਸੁਨਿ ਸਿੱਖਨਿ ਸਭਿ ਸਹੇ ਨ ਕੈਸੇ
ਮਸਲਤਿ ਕਰਿਕ ਭਏ ਇਕੰਤ।
'ਛਪਿਕੈ ਲਿਖਹੁ, ਨ ਸੁਨਹਿ ਦੁਸ਼ਟ ਕਿਸ[3],
ਜੈਸੇ ਇਹਾਂ ਭਯੋ ਬਿਰਤੰਤ।'
ਲਗੇ ਲਿਖਨਿ ਅਰਦਾਸ ਆਪਨੀ
'ਸ੍ਰੀ ਸ੍ਰੀ ਸ੍ਰੀ ਸਤਿਗੁਰ ਭਗਵੰਤ!
ਉਪਕਾਰੀ ਜਗ ਤਾਰਨ ਸਮਰਥ
ਹਰਿ ਅਵਤਾਰ ਸਹਾਇਕ ਸੰਤ ॥੧੮॥
ਲਿਖਤੁਮ[4] ਸਭਿ ਦਿੱਲੀ ਕੀ ਸੰਗਤਿ
ਸਤਿਗੁਰ ਕੇ ਸਨਮੁਖ ਅਰਦਾਸਿ।
ਸ਼ਾਹਿ ਦਿਵਾਨ ਸੁਤਾ ਕੋ ਨਾਤਾ
ਭੇਜਯੋ ਅਹੈ ਤੁਮਾਰੇ ਪਾਸਿ।
ਆਪ ਹੰਕਾਰੀ ਬਨਜੋ ਚੁਬਾਰਾ
ਤੁਮਹਿ ਕਹਯੋ ਮੋਰੀ ਸੰਕਾਸ[5]।
ਬਿਨ ਸ਼ਰਧਾ ਤੇ ਮੂਰਖ ਬੋਲਯੋ
ਇੱਤਯਾਦਿਕ ਨਿਦਾ ਕਰਿ ਰਾਸ ॥੧੯॥

---

[1]ਸਿਮਰਨ ਕਰਨ ਲਈ।
[2]ਬਾਦਸ਼ਾਹ ਦੇ ਮੰਤ੍ਰੀ (ਦੀ) ਜਿਸਦੀ ਸ੍ਰੇਸ਼ਟ ਮਤੀ ਨਾਸ਼ (ਹੋ ਗਈ ਹੈ)।
[3]ਕਿਸੇ ਪ੍ਰਕਾਰ।
[4]ਲਿਖਦੀ ਹੈ।
[5]ਸਦਰਸ਼।

ਹਮ ਕੋ ਨਹਿਂ ਸੁਖਾਇ ਤਿਸ ਕਹਿਬੋ
ਬਸਿ ਨਹਿ ਚਲ੍ਯੋ ਸੁ ਲਿਖ੍ਯੋ ਬ੍ਰਿਤੰਤ।
ਸੁਤਾ ਨ ਸਾਕਤ ਕੀ ਤੁਮ ਲੀਜਹੁ
ਇਹ ਸੰਗਤਿ ਕੋ ਅਹੈ ਮਤੰਤ[1]।'
ਪਠ੍ਯੋ ਦੂਤ 'ਤੂਰਨਿ ਚਲਿ ਪਹੁੰਚਹੁ
ਜਬਿ ਲੌਂ ਬਿੱਪ੍ਰ ਨ ਤਿਲਕ ਕਢੰਤਿ।
ਤਬਿ ਲੌਂ ਸੁਧਿ ਦਿਹੁ ਸ਼੍ਰੀ ਸਤਿਗੁਰੁ ਕੋ
ਜਥਾ ਦੁਸ਼ਟ ਜਾਨਹਿਂ ਭਗਵੰਤ[2] ॥੨੦॥
ਪਠੇ ਦਿਵਾਨ ਬਿੱਪ੍ਰ ਅਰੁ ਨਾਊ
ਭਈ ਛੀਂਕ ਚਲਤੇ ਅਗੁਵਾਇ।
ਬਾਮ ਅੰਗ ਫਰਕਤਿ ਦਿਜ ਜਾਨਨੇ
-ਹੋਇ ਬਿਘਨ ਕੋ ਲਖ੍ਯੋ ਨ ਜਾਇ[3]-।
ਬਿਨ ਉਤਸਾਹ ਗਵਨ ਕੋ ਠਾਨਤਿ
ਨਹੀਂ ਨੀਕਤਾ ਕਿਤ ਲਖਿ ਪਾਇ[4]।
ਰਾਮਦਾਸ ਪੁਰਿ ਆਇ ਪ੍ਰਵੇਸ਼ੇ
ਸੁਧਿ ਸਤਿਗੁਰੁ ਕੋ ਦੀਨਿ ਸੁਨਾਇ ॥੨੧॥
ਜਬਿ ਤੇ ਪ੍ਰਥਮ ਆਨਿ ਸੁਧਿ ਦੀਨਿਸ
ਤਬਿ ਤੇ ਸ਼੍ਰੀ ਗੰਗਾ ਸੁਖ ਮਾਨਿ।
ਨਿਤਪ੍ਰਤਿ ਪੋਸ਼ਿਸ਼ ਬਰਨ ਬਰਨ ਕੀ
ਸੁਤ ਕੋ ਪਹਿਰਾਵਹਿ ਰੁਚਿ ਠਾਨਿ।
ਮੁਕਤਾ ਮਾਲ ਬਿਸਾਲ ਗਰੇ ਮਹਿਂ
ਕੰਚਨ ਜਰੇ ਜਵਾਹਰਿ ਜਾਨਿ।
ਅੰਗਦ[5] ਮਹਿਂ ਹੀਰੇ ਬਹੁ ਮੋਲੇ
ਨਵਰਤਨੇ ਦਮਕਤਿ ਦੁਤਿ ਖਾਨਿ ॥੨੨॥
ਛਾਪ ਛਲਾਯਨਿ ਕੰਚਨ ਕੇ ਬਹੁ
ਖਚੇ ਰਤਨ ਸੁੰਦਰ ਕਰ ਮਾਂਹਿ।
ਅੰਕ ਬਿਠਾਇ ਬੰਦਨ ਕੋ ਦੇਖਤਿ
ਹਾਰਤਿ ਦੁਲਾਰ ਮੋਦ ਉਪਜਾਹਿ।

---

[1]ਸਲਾਹ।
[2]ਭਾਵ-ਗੁਰੂ ਸਾਹਿਬ ਜੀ (ਚੰਦੂ ਦੀ) ਦੁਸ਼ਟਤਾ ਨੂੰ ਜਾਣ ਲੈਣ।
[3]ਜਾਣਿਆ ਨਹੀਂ ਜਾਂਦਾ।
[4]ਨਹੀਂ ਚੰਗਿਆਈ ਕੋਈ ਦੇਖੀ।
[5]ਬੁਹੱਟੇ।

ਰਲੀਆਂ[1] ਕਰਹਿ ਨਵੀਂ ਨਿਤ ਬਹੁਤੀ
ਤ੍ਰਿਯਾ ਵਧਾਈ ਆਵਤਿ ਪ੍ਰਾਹਿਂ[2]।
ਦੇਤਿ ਆਸ਼ਿਖਾ 'ਨੰਦਨ ਤੇਰੋ
ਜੁਗੁ ਜੁਗੁ ਜੀਵਹੁ ਦੁਖ ਕਬਿ ਨਾਂਹਿ' ॥੨੩॥
ਚੰਦੂ ਸੁਤਾ ਸਬੰਧ ਪ੍ਰਤੀਖਤਿ[3]
'ਕਬਿ ਆਵੈ ਦਿਜਬਰ ਇਸ ਥਾਇਂ।
ਤਿਸ ਦਿਨ ਪਰ ਬਲਿਹਾਰ ਸਖੀ ਰੀ
ਜਬਿ ਮੇਰੋ ਸੁਤ ਤਿਲਕ ਕਢਾਇ।
ਉਤਸਵ ਰਚੈਂ ਅਨੇਕ ਬਿਧਨਿ ਕੇ
ਢੋਲਕ ਬਜਹਿ, ਨਾਗਰੀ[4] ਗਾਇਂ।
ਜਗ ਗੁਰੁ ਬਖਸ਼ਿਸ਼ ਦੀਨਨਿ ਕਰਿ ਹੈਂ,
ਮਚਹਿ ਕੁਲਾਹਲ ਨਰ ਸਮੁਦਾਇ' ॥੨੪॥

ਦੋਹਰਾ: 'ਆਜ ਕਾਲ ਦਿਜ ਆਇ ਹੈ, ਉਤਸਵ ਰਚਹਿਂ ਬਿਸਾਲ।'
ਇਮ ਸਖੀਅਨ ਮਹਿਂ ਬੈਠਿ ਕਰਿ, ਗੰਗਾ ਚਹੈ ਉਤਾਲ ॥੧੫॥

ਸੈ੍ਯਾ ਛੰਦ: ਦਿਜ ਦਿੱਲੀ ਤੇ ਆਇ ਸੁਧਾਸਰ
ਸ਼੍ਰੀ ਅਰਜਨ ਸੁਨਿ ਕੈ ਕਹਿ ਦੀਨਿ।
'ਗਮਨਹੁ ਦਾਸ ਜਥੋਚਿਤ ਸੇਵਾ
ਕਰਹੁ ਭਲੋ ਜੈਸੇ ਚਿਤ ਚੀਨਿ।
ਮੋਦਕ ਆਦਿਕ ਦਿਹੁ ਪਕਵਾਨਾ[5]
ਸੂਖਮ ਚਾਵਰ ਘ੍ਰਿਤ ਮਲ ਹੀਨਿ।'
ਰੁਚਿਰ ਪ੍ਰਯੰਕ ਦਏ ਪਹੁੰਚਾਈ
ਆਸਤਰਨਿ ਸੋਂ ਛਾਦਨਿ ਕੀਨਿ ॥੨੬॥

ਦੋਹਰਾ: ਖਰੇ ਕਰੇ ਢਿਗ ਦਾਸ ਗਨ, ਸੇਵਾ ਸਰਬ ਪ੍ਰਕਾਰ।
ਕਰਿਵਾਈ ਸ਼੍ਰੀ ਸਤਿਗੁਰੂ, ਲਖਿ ਲੌਕਿਕ ਬਿਵਹਾਰਿ ॥੨੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ ਪ੍ਰਸੰਗ' ਬਰਨਨੰ ਨਾਮ ਤੀਸਰੋ ਅੰਸੂ ॥੩॥

---

[1]ਖੁਸ਼ੀਆਂ।
[2]ਆਕੇ ਕਹਿੰਦੀਆਂ ਹਨ।
[3](ਮਾਤਾ) ਉਡੀਕਦੀ ਹੈ।
[4]ਇਸਤ੍ਰੀਆਂ।
[5]ਤਲੀਆਂ ਹੋਈਆਂ ਚੀਜ਼ਾਂ, ਪੂੜੀਆਂ ਆਦਿਕ।

੪. [ਸਗਾਈ ਦੇ ਤਿਲਕ ਦੀ ਬਿਲਕੁਲ ਤਿਆਰੀ]

੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫

ਦੋਹਰਾ: ਗਮਨੀ ਸੁਧਿ ਗੰਗਾ ਨਿਕਟ,
'ਲਾਗੀ ਸੋ ਅਬਿ ਆਇ।'
ਸ਼੍ਰੀ ਜਗ ਗੁਰੁ ਸੋਂ ਬੂਝਿ ਕੇ,
ਉਤਸਵ ਕੀਨਿ ਸੁਹਾਇ ॥੧॥
ਚੌਪਈ: ਨਾਰਿ ਸੁਹਾਗਨਿ ਬ੍ਰਿੰਦ ਹਕਾਰੀ।
ਬਸਨ ਬਿਭੂਖਨ ਸੁੰਦਰ ਧਾਰੀ।
ਮੰਗਲ ਮੂਲ ਧਰਾਯੋ ਢੋਲਿ।
ਬਾਜਨਿ ਲਗਜੋ ਗਾਇ ਸੁਠਿ ਬੋਲਿ ॥੨॥
ਲਘੁ ਨਿਸ਼ਾਨ ਅਰੁ ਬਜੀ ਨਫੀਰੈਂ[੧]।
ਪਹਿਰੈਂ ਚੀਰ ਨਵੀਨ ਸਰੀਰੈਂ।
ਕੋਕਿਲ ਕੰਠੀ ਮਿਲਿ ਮਿਲਿ ਟੋਲੀ।
ਉਮਗ ਅਨੰਦ ਬਧਾਈ ਬੋਲੀ ॥੩॥
ਮਾਨਿ ਸੌ ਗੁਨੀ ਸੀਸ ਚਢਾਵਤਿ।
ਗੰਗਾ ਅਨੰਦ ਕਹਜੋ ਨਹਿਂ ਜਾਵਤਿ।
ਬਾਦਿਤ ਬਜਤਿ ਹਰਖ ਭਰਪੂਰਾ।
ਜਹਿਂ ਕਹਿਂ ਉਤਸਵ ਹੋਵਤਿ ਰੂਰਾ ॥੪॥
ਸੂਖਮ ਬਸਨ ਕੁਸੁੰਭੀ ਬਰਨ।
ਪਹਿਰਨਿ ਕਰੇ ਰੁਚਿਰ ਆਭਰਨ[੨]।
ਮਧੁਰ ਬਚਨ[*] ਤੇ ਚੰਪਕ ਬਰਨੀ[੩]।
ਗਾਰੀ ਦੇਤਿ[+] ਮਿਲੀ ਗਨ ਤਰੁਨੀ ॥੫॥
ਪੂਰਨ ਭਵਨ ਭਯੋ ਮੁਦ ਠਾਨਤਿ।
ਸਭਿਹਿਨਿ ਕੋ ਗੰਗਾ ਸਨਮਾਨਤਿ।
ਮ੍ਰਿਦੁਲ ਗਿਰਾ ਤੇ ਨਿਕਟਿ ਬਿਠਾਵਤਿ।
ਉਮਗ ਉਮਗ ਸਗਰੀ ਤ੍ਰਿਯ ਗਾਵਤਿ ॥੬॥
ਕਹੈਂ ਬ੍ਰਿੰਦ ਨਰ ਨਾਰੀ ਐਸੇ।
'ਬਿਤਹਿ ਜਾਮਨੀ ਤੂਰਨ ਕੈਸੇ।
ਹੋਤਿ ਪ੍ਰਾਤ ਕੇ ਉਤਸਵ ਨਾਨਾ।

---

[੧]ਤੂਤੀਆਂ।
[੨]ਗਹਿਣੇ।
[*]ਪਾ:-ਬਰਨ।
[੩]ਚੰਬੇ ਵਤ ਰੰਗ ਵਾਲੀਆਂ।

ਮੰਗਲ ਕੌਤਿਕ ਪਿਖਹਿਂ ਮਹਾਨਾ ॥੭॥
ਸਭਿ ਤੇ ਹੈਂ ਬਡਿਭਾਗ ਹਮਾਰੇ।
ਸ਼੍ਰੀ ਹਰਿ ਗੋਬਿੰਦ ਚੰਦ ਨਿਹਾਰੇ।
ਸ਼ਾਦੀ ਕੋ[1] ਨਿਕਸਾਵਹਿਂ ਟੀਕਾ।
ਮਾਨੁਖ ਜਨਮ ਹੋਇ ਹਮ ਨੀਕਾ' ॥੮॥
ਲੇਨਿਹਾਰ ਤ੍ਰਿਯ ਆਵਤਿ ਕੇਈ।
ਹਰਖ ਧਰਤਿ ਗੰਗਾ ਧਨ ਦੇਈ।
ਕਿਸਹੂੰ ਬਸਨ ਦੇਤਿ ਹਿਤ ਧਰੈ।
ਕਿਸੈ ਬਿਭੂਖਨ ਦੈਬੋ ਕਰੈ ॥੯॥
ਕਿਸਹੂੰ ਦੇਤਿ ਅਧਿਕ ਮਿਸ਼ਟਾਨ।
ਕਿਹ ਸੋਂ ਮਾਧੁਰ ਕਰਤਿ ਬਖਾਨ।
ਭਈ ਪ੍ਰਥਮ ਸ਼ਾਦੀ ਜਗ ਗੁਰ ਕੇ।
ਦੇਤਿ ਚੌਗੁਨੋ ਧਨ ਮੁਦਿ ਕਰਿ ਕੈ ॥੧੦॥
ਬਾਦਤਿ ਕੇਰਿ ਬਜਾਵਨ ਹਾਰੇ।
ਅਪਰ ਕਿਤੇ ਜੋ ਜਾਚਿਕ ਦ੍ਵਾਰੇ।
ਡੂਮ ਭਾਟ ਜੁਤਿ ਦੇਖਿ ਸਰਬ ਕੋ।
ਲੇਤਿ ਬਧਾਈ ਦੇਤਿ ਦਰਬ ਕੋ ॥੧੧॥
ਦੀਪਮਾਲ ਤਿਸ ਕਾਲ ਬਿਸਾਲਾ।
ਹੋਤਿ ਭਈ ਸਭਿ ਥਾਨ ਉਜਾਲਾ।
ਸੁਧਾ ਸਰੋਵਰ ਸ਼੍ਰੀ ਹਰਿਮੰਦਰ।
ਪੁਰਿ ਅਰੁ ਬਿਪਨੀ[2] ਕੇ ਥਲ ਸੁੰਦਰ ॥੧੨॥
ਜਨੁ ਉਤਸਵ ਧਰਿ ਕਰਿ ਨਿਜ ਰੂਪ।
ਰਾਮਦਾਸ ਪੁਰਿ ਆਇ ਅਨੂਪ।
ਮੰਗਲ ਰੀਤਿ ਜਿਤਿਕ ਜਗ ਅਹੈ।
ਸਭਿ ਹੀ ਕਰੀ ਜਥਾ ਬ੍ਰਿਧ ਕਹੈ[3] ॥੧੩॥
ਖਾਨ ਪਾਨ ਕਰਿ ਕੈ ਨਰ ਨਾਰੀ।
ਗੁਰੁ ਘਰ ਮੰਗਲ ਤੇ ਮੁਦ ਧਾਰੀ।
ਨਾਨਾ ਗੀਤਨਿ ਗਾਇ ਸੁਨਾਵੈਂ।

---

[1]ਖੁਸ਼ੀ ਭਾਵ ਮੰਗਣੀ ਦਾ।
[2]ਮੰਡੀ ਭਾਵ ਬਜਾਰ ਦੁਕਾਨਾਂ।
[3]ਜਿਵੇਂ ਵਡਿਆਂ ਨੇ ਕਹੀ।
(ਅ) ਬਾਬਾ ਬੁੱਢਾ ਜੀ ਨੇ ਜੋ ਕਹੀ।

ਗਾਰੀ ਦੇਤਿ[+] ਅਧਿਕ ਮਨ ਭਾਵੈਂ ॥੧੪॥
ਅਰਧ ਰਾਤਿ ਲਗਿ ਗਾਵਤਿ ਰਹੀ।
ਪ੍ਰਾਤ ਪ੍ਰਤੀਖਤਿ ਨਿੰਦ੍ਰਾ ਲਹੀ।
ਕੋ ਹਰਖਤਿ ਬਹੁ ਸੁਪਤਜੋ ਨਾਂਹੀ।
ਦੇਖਹਿਂ ਉਤਸਵ ਮੁਦ ਉਰ ਮਾਂਹੀ ॥੧੫॥
ਜਾਮ ਜਾਮਨੀ ਸ਼੍ਰੀ ਗੁਰੁ ਜਾਗੇ।
ਕ੍ਰਿਯਾ ਸੌਚ ਸਭਿ ਕਰਿਬੇ ਲਾਗੇ।
ਸ਼੍ਰੀ ਹਰਿ ਮੰਦਿਰ ਕੋ ਇਸ਼ਨਾਨਾ।
ਫਰਸ਼ ਫਨੂਸ[1] ਕਏ ਸਵਧਾਨਾ ॥੧੬॥
ਗਾਵਤਿ ਰਾਗੀ ਆਸਾਵਾਰ।
ਰਾਗ ਰਾਗਨੀ ਸ਼ਬਦ ਮਝਾਰ।
ਸ਼੍ਰੀ ਪਰਮੇਸ਼ੁਰ ਸਿਮਰਿ ਬਿਸਾਲਾ।
ਸੁਖਦਾਯਕ ਗਾਯਕ ਸਬਿ ਕਾਲਾ ॥੧੭॥
ਸਤਿਗੁਰੁ ਬੀਚ ਬਿਰਾਜੇ ਜਾਇ।
ਸਿੱਖਨਿ ਕੋ ਸਰੂਪ ਦਿਖਲਾਇ।
ਕਰੇ ਨਿਹਾਲ ਅਧਿਕ ਫਲ ਦੀਨਿਸਿ।
ਮਾਨੁਖ ਜਨਮ ਲਾਭ ਸਿਖ ਲੀਨਿਸ[2] ॥੧੮॥
ਪ੍ਰਾਤ ਹੋਤਿ ਲੌ ਕਿਰਤਨ ਹੋਯੋ।
ਸਿਖ ਸੰਗਤਿ ਗੁਰੁ ਦਰਸ਼ਨ ਜੋਯੋ।
ਦਿਵਸ ਚਢੇ ਦਿਜਬਰ ਕਹਿ ਸੋਇ।
'ਲੇਹੁ ਬੁਲਾਇ ਜੋਤਕੀ[3] ਜੋਇ ॥੧੯॥
ਥਿੱਤੀ ਵਾਰ ਮਹੂਰਤ ਆਛੋ।
ਤਿਸ ਕੇ ਸਾਥ ਪੂਛਬੋ[4] ਬਾਂਛੋ।'

[+]ਗੁਰਬਾਣੀ ਗਾਇਨ ਦੇ ਉਪਦੇਸ਼ਟਾ ਸਤਿਗੁਰੂ ਦੇ ਗ੍ਰਿਹ 'ਗਾਲੀਆਂ ਦੇਣੀਆਂ' ਕਵੀ ਜੀ ਦੇ ਵਕਤ ਦੇ ਪ੍ਰਚਲਨ ਰਿਵਾਜ ਦਾ ਵਰਣਨ ਭਾਵੇਂ ਹੋਵੇ, ਪਰ ਅਸਲ ਗਲ ਇਹ ਨਹੀਂ ਜਦ ਕਿ ਛੇਵੇਂ ਸਤਿਗੁਰੂ ਜੀ ਦੇ ਅਵਤਾਰ ਸਮੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ ਕਿ:-

'ਗੁਰਬਾਣੀ ਸਖੀ ਅਨੰਦੁ ਗਾਵੈ ॥'

[ਆਸਾ ਮ: ੫]

ਅਰਥਾਤ ਗੁਰਬਾਨੀ ਘਰ ਵਿਚ ਸਖੀਆ ਗਾਂਦੀਆਂ ਹਨ, ਤਾਂ ਕੁੜਮਾਈ ਦੇ ਸਮੇਂ ਗਾਲੀਆਂ ਕਿਥੋਂ ਆ ਸਕਦੀਆਂ ਸਨ।

[1]ਵਿਛਾਈ ਤੇ ਝਾੜ।

[2]ਸਿੱਖਾਂ ਨੇ ਲਿਆ।

[3]ਜੋਤਸ਼ੀ।

[4]ਉਸ ਤੋਂ ਪੁੱਛਣਾ ਕਰੋ।

ਸ੍ਰੀ ਅਰਜਨ ਤਬਿ ਲੌਕਿਕ ਰੀਤਿ[*]।
ਸੁਨਿ ਦਿਜ ਤੇ ਕਰਿ ਆਨੰਦ ਚੀਤਿ ॥੨੦॥
ਤਤਛਿਨ ਗਨਕ ਹਕਾਰਨਿ ਕੀਨਾ।
ਜੋਤਿਸ਼ ਬਿਖੈ ਬਿਲੰਦ ਪ੍ਰਬੀਨਾ।
ਚਾਵਰ ਥਾਲ[1] ਪੂਰਿ ਕਰਿ ਸਾਰੋ।
ਪੁਨ ਤਿਸ ਬਿਖੈ ਦਰਬ ਕਿਛੁ ਡਾਰੋ ॥੨੧॥
ਧਰਿ ਦਿਜ ਆਗੈ ਬੂਝਨਿ ਕੀਨਾ।
ਪਿਖੇ ਮੁਹੂਰਤ ਦੋਸ਼ ਬਿਹੀਨਾ।
ਹਰਿਗੁਵਿੰਦ ਕੀ ਹੋਇ ਸਗਾਈ।
ਲਾਗੀ ਬੈਠੇ ਆਇ ਇਥਾਈਂ' ॥੨੨॥
ਸੁਨਤਿ ਗਣਕ ਹਰਖਾਇ ਬਿਚਾਰਾ।
ਹੇ ਸਤਿਗੁਰੂ ਸਭਿ ਕੁਛ ਤੁਮ ਧਾਰਾ[2]।
ਦਿਵਸ ਆਜ ਕੋ ਉੱਤਮ ਲਹੈ[3]।
ਅਗਹਨ ਸੁਦੀ ਸਪਤਮੀ ਅਹੈ[4] ॥੨੩॥
ਸਪਤ ਘਰੀ ਦਿਨ ਜਬਿ ਚਢਿ ਆਵੈ।
ਉੱਤਮ ਸਮੋ ਲਗਨਿ[5] ਤਬਿ ਪਾਵੈ।'

---

[*]ਕਵਿ ਜੀ ਦੇ ਸਮੇਂ ਲੌਕਿਕ ਰੀਤੀ ਦੇ ਨਾਮ ਹੇਠਾਂ ਸਿੱਖਾਂ ਦੇ ਵੱਡੇ ਘਰਾਣਿਆਂ ਵਿਚ ਬ੍ਰਾਹਮਣ ਪ੍ਰਵੇਸ਼ ਕਰ ਰਹੇ ਸਨ ਤੇ ਥਿੱਤ ਵਾਰ ਲਗਨ ਦੇ ਭਰਮਾਂ ਦਾ ਜਾਲ ਮੁੜ ਵਿਛਾ ਰਹੇ ਸਨ। ਇਸ ਵੇਲੇ ਜੇ ਕੋਈ ਚੰਗਾ ਸਿੱਖ ਮਨ੍ਹੇਂ ਕਰੇ ਤਾਂ ਪੋਲੇ ਜਹੇ 'ਇਹ ਐਵੇਂ ਲੋਕਾਚਾਰ ਹੈ' ਕਹਿਕੇ ਟਾਲ ਦਿੰਦੇ ਸਨ, ਆਪਣੇ ਸਮੇਂ ਦੀ ਇਹੋ ਬ੍ਰਿਤੀ ਕਵਿ ਜੀ ਨੇ ਸਤਿਗੁਰਾਂ ਦੇ ਵੇਲੇ ਬੀ ਪ੍ਰਵਿਰਤ ਖਿਆਲ ਕਰ ਲਈ ਹੈ। ਇਹ ਕਦੇ ਨਹੀਂ ਹੋ ਸਕਦਾ ਕਿ ਗੁਰ ਨਾਨਕ ਦੀ ਗੱਦੀ ਦੇ ਮਾਲਕ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤ੍ਰ ਬਾਣੀ ਦੇ ਸੰਕਲਤ ਕਰਤਾ, ਆਪ ਬਾਣੀ ਦੇ ਬੋਹਿਥ, ਭਾਈ ਗੁਰਦਾਸ ਦੇ ਸਿਰਤਾਜ ਗੁਰੂ ਕਦੇ ਲਗਨਾਂ ਮਹੂਰਤਾਂ ਦੇ ਭਰਮ ਵਿਚ ਫਸਦੇ, ਅਰ ਲੌਕਿਕ ਰੀਤ ਨੂੰ ਆਪਣੇ ਬੱਧੇ ਅਸੂਲਾਂ ਦੇ ਸਾਹਮਣੇ ਕੋਈ ਥਾਂ ਦੇਂਦੇ। ਦੇਖੋ ਸ੍ਰੀ ਗੁਰੂ ਗ੍ਰੰਥ ਜੀ ਦੇ ਮਹਾਂ ਵਾਕ:-ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ॥ [ਆਸਾ ਮঃ ੫] ਪੁਨਾ:- 'ਨਾਮੁ ਹਮਾਰੇ ਸਉਣ ਸੰਜੋਗ' [ਭੈਃ ਮঃ ੫]॥ ਪੁਨਾ:- 'ਪ੍ਰਭੂ ਹਮਾਰੈ ਸਾਸਤ੍ਰ ਸਉਣ॥ [ਭੈਃ ਮঃ ੫] ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੇ [ਵਡ: ਵਾਰ ਮ: ੧]॥ ਗੁਰੂ ਅਰਜਨ ਦੇਵ ਜੀ ਦਾ ਆਪਣਾ ਸ਼੍ਰੀ ਮੁਖ ਵਾਕ ਹੈ "ਦੁਤੀਆ ਤਿਆਗੀ ਲੋਗਾ ਰੀਤਿ" [ਆਸਾ ਮঃ ੫] ਜਦ ਗੁਰੂ ਜੀ ਲੋਕਾ ਰੀਤਿ ਆਪ ਦਸਦੇ ਹਨ ਕਿ ਅਸਾਂ ਤਿਆਗ ਦਿੱਤੀ ਹੈ ਤਾਂ ਫੇਰ ਕਿਸੇ ਹੋਰ ਸਬੂਤ ਦੀ ਲੋੜ ਨਹੀਂ ਹੈ। ਕੁੜਮਾਈ ਦੇ ਚਾਉ ਵਿੱਚ ਜੋ ਕੁਛ ਮਾਤਾ ਗੰਗਾ ਜੀ ਦਾ ਵਰਤਾਉ ਦੱਸਿਆ ਗਿਆ ਹੈ ਉਹ ਬੀ ਆਪਣੇ ਸਮੇਂ ਦੀਆਂ ਸਿੱਖ ਰਾਣੀਆਂ ਵਾਲਾ ਹੈ, ਪਤਿਬ੍ਰਤ ਧਰਮ ਦੀ ਮੂਰਿਤ, ਲੰਗਰ ਦੀ ਸੇਵਾ ਕਰਨੇ ਵਾਲੀ ਮਾਤਾ ਨਾਮ ਸਿਮਰਣ ਦੀ ਅਵਧੀ ਸਨ ਤੇ ਉਹਨਾਂ ਦੇ ਚਾਉ ਮਲ੍ਹਾਰ ਕਿਸੇ ਆਤਮ ਰੰਗ ਤੇ ਰਸਾਂ ਵਾਲੇ ਹੁੰਦੇ ਸਨ ਨਾਕਿ ਵਾਹਿਗੁਰੂ ਭੁਲਾਉਣ ਵਾਲੇ ਤੇ ਲੋਕਾਚਾਰੀ ਦੇ।

[1]ਚਾਵਲਾਂ ਦਾ ਥਾਲ।

[2]ਧਾਰਨ ਕੀਤਾ ਭਾਵ ਰਚਿਆ ਹੈ।

[3]ਜਾਣੀਦਾ ਹੈ।

[4]ਮੱਘਰ ਸਪਤਮੀ ਚਾਨਣੇ ਪੱਖ ਦੀ।

[5]ਲਗਨ ਦਾ।

ਸੁਨਿ ਸਤਿਗੁਰੂ ਤਬਿ ਦਾਸ ਪਠਾਏ।
ਸਕਲ ਸਮੱਗ੍ਰੀ ਤੂਰਨ ਲਜਾਏ ॥੨੪॥
ਮਹਾਂਦੇਵ ਕੋ ਪ੍ਰਥਮ ਬੁਲਾਯੋ।
ਸਨਮਾਨਤਿ ਨਿਜ ਨਿਕਟਿ ਬਿਠਾਯੋ।
ਸਮੈਂ ਉਚਿਤ ਬੋਲਤਿ ਮੁਸਕਾਵਤਿ[1]।
ਕੁਲ ਕੀ ਰੀਤਿ ਬਿਲੰਦ ਬਤਾਵਤਿ ॥੨੫॥
ਪੁਰਿ ਕੇ ਪੈਂਚ ਹਕਾਰਨਿ ਕੀਨੇ।
ਦਿਜਬਰ ਅਪਰ[2] ਬੁਲਾਇ ਪ੍ਰਬੀਨੇ।
ਪੁਨਿ ਬਜਾਰ ਤੇ ਬਣਕ[3] ਬੁਲਾਏ।
ਕਰਿ ਕਰਿ ਟੋਲਿ ਸਕਲ ਚਲਿ ਆਏ ॥੨੬॥
ਸਾਲੋ ਅਰੁ ਬੁੱਢਾ ਕਲਿਆਨ।
ਉੱਮਰਸ਼ਾਹੁ ਮਹਾਨ ਦਿਵਾਨ।
ਹੁਤੇ ਮਸੰਦ ਬਿਲੰਦ ਸੁ ਬ੍ਰਿੰਦ।
ਆਇ ਬੰਦਨਾ ਕਰਿ ਕਰ ਬੰਦਿ ॥੨੭॥
ਸਿਖ ਸੰਗਤਿ ਸੁਨਿਸੁਨਿ ਸਮੁਦਾਇ।
ਲਗੀ ਸਭਾ ਸਭਿ ਰਹੀ ਸੁਹਾਇ।
ਨੌਬਤਿ ਬਾਜਤਿ ਅਨੰਦ ਉਪਾਵਤਿ।
ਮੰਗਲ ਸ਼ਬਦ ਕਲਾਵਤਿ[4] ਗਾਵਤਿ ॥੨੮॥
ਬਜਹਿ ਨਫੀਰੀਂ[5] ਨਾਦ ਉਠਾਵੈਂ।
ਠਾਂਢੇ ਭਾਟ ਕਬਿੱਤ ਸੁਨਾਵੈਂ।
ਸ੍ਰੀ ਅਰਜਨ ਬਿਚ ਸਭਾ ਬਿਰਾਜੇ।
ਜਿਮ ਉਡਗਨਿ ਮਹਿਂ ਨਿਸਪਤਿ ਸਾਜੇ ॥੨੯॥
ਚਮਰ ਢੁਰਤਿ ਹੈ ਬਾਰੰਬਰੀ।
ਲੇ ਜਨੁ ਬਿਸਦ ਮਰਾਲ ਉਡਾਰੀ।
ਸੇਤ ਬਸਤ੍ਰ ਸਤਿਗੁਰੂ ਗਰ ਪਾਏ।
ਮਨੋ ਸਮੇਟ ਚੰਦ੍ਰਿਕਾ ਲਜਾਏ[6] ॥੩੦॥
ਸ਼ਾਂਤਿ ਸਰੂਪ ਸੁਸ਼ੀਲ ਸਧੀਰ।

---

[1]ਬੁੱਲ੍ਹਾਂ ਵਿਚ ਹੱਸਕੇ।
[2]ਹੋਰ।
[3]ਬਾਣੀਏਂ ਭਾਵ ਵਿਹਾਰੀ ਲੋਕ।
[4]ਗਵੱਯੇ, ਭੱਟੀ।
[5]ਤੂਤੀਆਂ।
[6]ਮਾਨੋਂ ਚਾਂਦਨੀ ਸਮੇਟ ਕਰਕੇ ਲਿਆਂਦੀ ਹੈ।

ਬਦਨ ਪ੍ਰਫੁੱਲਿਤ ਗੁਨੀਗਹੀਰ।
ਪਠਜੋ ਦਾਸ ਤਬਿ* 'ਦਿਜ ਪਹਿ ਜਾਵੋਂ।
ਸਮੋਂ ਨੀਕ ਅਬਿ ਲੇ ਕਰਿ ਆਵੋ' ॥੩੧॥
ਗਜਾਨਵਾਨ ਸਿਖ ਸਭਾ ਮਝਾਰੇ।
ਚਹੁੰਦਿਸ਼ਿ ਮਹਿਂ ਗੁਰੁ ਕੇ ਪਰਵਾਰੇ।
ਬ੍ਰਹਮ ਲੋਕ ਮਹਿਂ ਬ੍ਰਹਮਾ ਜੈਸੇ।
ਸੁਰਗਨ ਸਹਤ ਬਿਰਾਜਹਿਂ ਤੈਸੇ ॥੩੨॥
ਨਾਰ ਨਾਗਰੀ ਕੋਕਿਲ ਬੈਨੀ।
ਗਾਵਹਿਂ ਗੀਤਿ ਪ੍ਰਫੁੱਲਿਤਿ ਨੈਨੀ।
ਇਕ ਬੈਠੀ ਢਿਗ ਢੋਲ ਬਜਾਵੈਂ।
ਮੰਗਲ ਗੀਤ ਬਨਾਇ ਸੁਨਾਵੈਂ* ॥੩੩॥
ਇਕਿ ਨਾਚਤਿ ਹੈਂ ਪਾਇ ਭਵਾਲੀ।
ਬਿਹਸਿ ਬਜਾਵਤਿ ਹੈਂ ਇਕ ਤਾਲੀ[੧]।
ਰੁਣ ਰੁਣਾਟ ਭੂਖਨਿ ਝੁਨਕਾਰੇ।
ਭਰੀ ਹਰਖ ਨਿਜ ਅੰਗ ਉਸਾਰੈਂ[੨] ॥੩੪॥
ਇਮ ਘਰ ਵਹਿਰ ਅਨੰਦ ਬਿਸਾਲਾ।
ਮਿਲੇ ਲੋਕ ਸ਼੍ਰੀ ਗੁਰੁ ਢਿਗ ਜਾਲਾ।
ਬੈਠੇ ਕਿਤਿਕ ਭੀਰ ਬਡ ਹੋਈ।
ਚਹੁੰਦਿਸ਼ਿ ਖਰੇ ਭਏ ਥਿਰ ਕੋਈ ॥੩੫॥
ਸਭਿ ਹੀ ਕਰਤਿ ਮਨੋਰਥ ਜੀਕਾ।
ਹੇਰਹਿਂ ਹਰਿ ਗੋਵਿੰਦ ਹੁਇ ਟੀਕਾ।
ਬਾਸਨਿ ਭਰੇ ਮੋਦਕਨਿ ਕੇਰੇ[੩]।
ਲਜਾਇ ਲਜਾਇ ਕਰਿ ਧਰਹਿਂ ਘਨੇਰੇ ॥੩੬॥
ਅਸ ਉਤਸਵ ਹੋਵਤਿ ਸਮੁਦਾਏ।
ਦਿਜ ਨਾਉ ਤਿਸ ਥਲ ਚਲਿ ਆਏ।

---

*ਪਾ:-ਝਬ।

*ਡੂੰਮਣੀਆਂ ਆਦਿਕਾਂ ਦੇ ਗਾਣੇ ਬਜਾਣੇ ਬੀ ਕਵਿ ਜੀ ਆਪਣੇ ਸਮੇਂ ਦੇ ਸਿੱਖ ਰਾਜਸੀ ਘਰਾਣਿਆਂ ਵਾਲੇ ਸਤਿਗੁਰ ਦੇ ਦਰਬਾਰ ਵਿੱਚ ਖਜਾਲ ਕਰ ਰਹੇ ਹਨ। ਪਰ ਉਹ ਸਮਾਂ ਹੋਰ ਸੀ ਤੇ ਤਦੋਂ ਦੇ ਆਨੰਦ ਹੋਰ ਸਨ। ਇਹ ਬਾਤਾਂ ਸਹੀ ਨਹੀਂ। ਇਹ ਤਸਵੀਰ ਸਿੱਖ ਰਾਜ ਵਿਚ ਅੰਨਜਮਤਿ ਰੀਤਾਂ ਦੇ ਪ੍ਰਵੇਸ਼ ਦੇ ਸਮੇਂ ਦੀ ਹੈ, ਸਤਿਗੁਰ ਦੇ ਸਮੇਂ ਦੀ ਨਹੀਂ। ਸਤਿਗੁਰੂ ਜੀ ਦੇ ਸਮੇਂ ਪੁਰਾਣੇ ਗੀਤਾਂ ਦੇ ਤਿਆਗ ਤੇ ਗੁਰਬਾਣੀ ਦਾ ਪ੍ਰਚਾਰ ਸੀ, ਇਸੇ ਲਈ ਘੋੜੀਆਂ ਆਦਿ ਸਿਰਲੇਖ ਲਿਖਕੇ ਸਤਿਗੁਰੂ ਜੀ ਆਪ ਗੁਰਬਾਣੀ ਰਚਦੇ ਤੇ ਪ੍ਰਚਾਰਦੇ ਸਨ।

[੧]ਤਾੜੀਆਂ।

[੨]ਉਭਾਰਦੀਆਂ ਹਨ।

[੩]ਲੱਡੂਆਂ ਦੇ।

ਦੇਖਿ ਸਭਾ ਕੋ ਹਰਖ ਧਰੰਤੇ।
ਆਸ਼ਿਖਬਾਦ[1] ਬਿਲੰਦ ਭਨੰਤੇ ॥੩੭॥
ਸ਼੍ਰੀ ਸਤਿਗੁਰੂ ਅਰਜਨ ਜੀ ਦੇਖਿ।
ਬੈਠਾਰੇ ਸਨਮਾਨ ਵਿਸ਼ੇਖਿ।
ਪੂਰਜੋ ਚੌਂਕ ਗਣਕ ਨੇ ਤਬੈ।
ਗਣਪਤਿ ਗ੍ਰਹ ਥਾਪਨਿ ਕਰਿ ਸਬੈ[+] ॥੩੮॥
ਚੰਦਨ ਕੀ ਚੌਂਕੀ ਮੰਗਵਾਇ।
ਸਭਿ ਮਹਿਂ ਗੁਰੁ ਢਿਗ ਦਈ ਡਸਾਇ।
ਲੌਕਿਕ ਬੈਦਕ ਰੀਤਿ ਬਡੇਰੀ[++]।
ਦਿਜਿ ਕਹਿ ਕਰਿਵਾਇਸਿ ਤਿਸ ਬੇਰੀ ॥੩੯ ॥

ਦੋਹਰਾ: 'ਕਰਿਹੁ ਹਕਾਰਨਿ ਇਹ ਸਮੇਂ, ਸਮੈਂ ਸ਼੍ਰੀ ਹਰਿਗੋਵਿੰਦ ਚੰਦ।'
ਇਮ ਕਹਿ ਕਰਿ ਦਿਜ ਗਣਕ ਤਬਿ, ਪਠਜੋ ਦਾਸ ਮਤਿਵੰਦ ॥੪੦॥
ਬਸਨ ਬਿਭੂਖਨ ਪਹਿਰਤੇ, ਕਰਿ ਸ਼ਨਾਨ ਜਿਸ ਥਾਨ।
ਤਹਾਂ ਜਾਇ ਕਰਿ ਕਹਤਿ ਭਾ, 'ਚਲਹੁ ਆਪਿ ਸੁਖਦਾਨਿ!' ॥੪੧॥

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ' ਪ੍ਰਸੰਗ ਨਾਮ ਚਤੁਰਥੋ ਅੰਸੂ ॥੪॥

---

[1]ਅਸ਼ੀਰਵਾਦ।

[+]ਗੁਰੂ ਜੀ ਇੱਕ ਅਕਾਲ ਦੇ ਉਪਾਸਕ ਸਨਗੇ। ਉਹ ਹੋਰਸ ਦੀ ਪੂਜਾ ਕਦੇ ਨਹੀਂ ਸੇ ਕਰਦੇ ਯਥਾ:- 'ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ' ॥ ਪੁਨਾ- 'ਏਕੋ ਜਪਿ ਏਕੋ ਸਾਲਾਹਿ' ॥ ਦੇ ਕਹਿਣ ਵਾਲੇ ਸਾਹਮਣੇ ਗਨੇਸ਼ ਥਾਪਨਾਂ ਕਹਿਣਾ ਕਵਿ ਉਕਤੀ ਮਾਤ੍ਰ ਹੈ। ਤਥਾ 'ਏਕ ਨਾਮ ਕੋ ਥੀਓ ਪੂਜਾਰੀ' ॥ ਪੁਨਾ:- 'ਨਾਨਕ ਪੂਜੈ ਹਰਿ ਹਰਿ ਦੇਵਾ' ॥ ਪੁਨਾ:- 'ਸੌਨ ਸਭੈ ਸ਼ੁਭ ਵਾਰ ਨਿਛੱਤ੍ਰਨਿ ਨੌ ਗ੍ਰੈਹ ਆਨਿਕੈ ਕੀਨਿ ਨਮੋ। '[ਰਾਃ ੩ ਅਂ: ੪, ਅੰਕ ੨੩] ਜਦ ਛੇਵੇ ਗੁਰਾਂ ਦੇ ਅਵਤਾਰ ਸਮੇਂ ਸਿੰਘਾਂ ਵਾਂਗ ਨਛਤ੍ਰਾਂ ਤੇ ਨੌਂ ਗ੍ਰਹਾਂ ਨੇ ਆਕੇ ਮੱਥਾ ਟੇਕਿਆ ਸੀ ਤਾਂ ਹੁਣ ਵਿਆਹ ਸਮੇਂ ਓਹ ਪੂਜਾ ਕਰਾਉਨ ਵਾਲੇ ਪੂਜਾਯੋਗ ਕੀਕੂੰ ਹੋ ਗਏ? ਤਾਂ ਤੇ ਏਹ ਲੇਖ ਜਾਂ ਆਖੇਪਕ ਹਨ ਯਾ ਕਵਿ ਜੀ ਤੋਂ ਕਿਸੇ ਹੋਰ ਅਸਰ ਯਾ ਦਬਾਉ ਨੇ ਲਿਖਵਾਏ ਹਨ, ਹਰ ਹਾਲ ਇਹ ਗੁਰਮਤ ਅਨਕੂਲ ਨਹੀਂ ਹਨ।

[++]ਦੇਖੋ ਇਸੇ ਅੰਸੂ ਦੇ ਅੰਕ ੨੦ ਦੀ ਹੇਠਲੀ ਟੂਕ।

੫. [ਸੰਗਤਿ ਦੀ ਅਰਦਾਸ ਪੁੱਜੀ। ਸਗਾਈ ਮੋੜ ਦਿੱਤੀ]

੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬

ਦੋਹਰਾ: ਗੰਗਾ ਰਿਦੇ ਅਨੰਦ ਕਰਿ,
ਨੰਦਨ ਹਰਿ ਗੋਵਿੰਦ।
ਬਸਨ ਬਿਭੂਖਨ ਮੋਲ ਬਹੁ,
ਪਹਿਰਾਵਤਿ ਸੁਖਕੰਦ ॥੧॥

ਸੈਯਾ ਛੰਦ: ਸੂਖਮ ਬਸਤ੍ਰ ਗਰੇ ਮੈਂ ਜਾਮਾ
ਜਿਸ ਕੇ ਬੀਚ ਦਿਪਤਿ ਤਨ ਚਾਰੁ।
ਚੀਰਾ ਰਕਤ ਸੁਹਾਵਤਿ ਸਿਰ ਪਰਿ
ਜ਼ਰੀਦਾਰੁ ਹੈ ਸ਼ੋਭ ਅਪਾਰ[*]।
ਪਰਜੋ ਸਿਕੰਧਨਿ[1] ਪਰ ਦੁਕੂਲ[2] ਸ਼ੁਭ
ਦਮਕਤਿ ਗੋਟਾ ਜੁਤਿ ਬਿਸਤਾਰੁ।
ਹੀਰੇ ਚੀਰੇ ਕੋਰਦਾਰ ਬਰ
ਜਰੇ ਜਵਾਹਰਿ ਜਿਗਾ ਮਝਾਰ ॥੨॥
ਕੁੰਡਲ ਡੋਲ ਕਪੋਲਨਿ ਊਪਰਿ
ਮੁਕਤਾ ਗੋਲਿ ਜਿ ਮੋਲਿ ਬਿਸਾਲ।
ਤਿਮ ਮੋਤਨਿ ਕੀ ਮਾਲ ਗਰੇ ਮਹਿਂ
ਉੱਜਲ ਦਮਕਤਿ ਹੈ ਦੁਤਿ[3] ਜਾਲ।
ਕੰਚਨ ਕੇ ਅੰਗਦ ਅਰੁ ਕੰਕਨ
ਜ਼ੇਬ ਜਬਰ ਤੇ ਜਟਤਿ ਉਜਾਲ।
ਛਾਪ ਛਲਾਯਨਿ ਤੇ ਛਬਿ ਛਾਕਤਿ[4]
ਸਰਬ ਸਰਾਹਤਿ ਹੇਰਤਿ ਬਾਲ[5] ॥੩॥
ਨਿਜ ਕਰ ਤੇ ਲੇ ਜਨਨੀ ਅੰਜਨ[6]
ਆਂਜੇ[7] ਕਮਲ ਪੱਤ੍ਰ ਸਮ ਨੈਨ।
ਰਾਈ ਲਵਨ ਵਾਰਤੀ ਊਪਰ
ਡਰਤਿ ਰਿਦੇ ਕਿਸ ਡੀਠ ਲਗੈ ਨ[+]।

---

[*]ਪਾ:- ਜੁਗ ਛੋਰ ਉਦਾਰ।
[1]ਮੋਢੇ।
[2]ਦੁਪੱਟਾ।
[3]ਕ੍ਰਾਂਤਿ।
[4]ਫਬ ਰਹੀ ਹੈ।
[5]ਬਾਲਕ ਰੂਪ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਦੇਖਕੇ ਸਲਾਹੁੰਦੇ ਹਨ ਸਾਰੇ।
[6]ਸੁਰਮਾਂ।
[7]ਸਵਾਰੇ ਭਾਵ ਸੁਰਮਾਂ ਪਾਇਆ।

ਪਿਖਤ ਅਨੰਦ ਬਿਲੰਦ ਰਿਦੈ ਲਹਿ,
ਇਮਿ ਸਜਾਇ[*] ਤ੍ਰਿਯ ਜੁਤ ਬਿਚ ਐਨ।
ਕਰੇ ਸੰਗ ਦਾਸਨਿ ਲੇ ਗਮਨੇ
ਜਹਾਂ ਸਭਾ ਸਤਿਗੁਰੂ ਸੁਖ ਦੈਨ ॥੪॥
ਸ੍ਰੀ ਅਰਜਨ ਬਿਨ ਉਠੇ ਸਰਬ ਹੀ
ਹੇਰਿ ਪ੍ਰਤਾਪ ਨ ਬੈਠਯੋ ਜਾਇ।
ਹਾਥ ਜੋਰਿ ਕਰਿ ਬੰਦਨ ਠਾਨਹਿਂ
ਚਹੁੰਦਿਸ਼ਿ ਤੇ ਦੇਖਤਿ ਹਰਖਾਇਂ।
ਪਿਤ ਕੋ ਨਮੋ ਕੀਨਿ ਭੇ ਠਾਂਢੇ
ਦਿਜਬਰ ਨੇ ਕਹਿ ਲਏ ਬਿਠਾਇ।
ਚੌਂਕੀ ਪਰ ਸ਼ੋਭਤਿ ਇਮ ਲਖਿਯਤਿ
ਸੁਰ ਸਮੁਦਾਇ ਸਹਤ ਸੁਰਰਾਇ ॥੫॥
ਰੂਪ ਬਿਲੋਕਤਿ ਦੇਤਿ ਆਸ਼ਿਖਾ
'ਜੁਗ ਜੁਗ ਜਿਵਹੁ ਗੁਰੂ ਕੋ ਨੰਦ!
ਇਹ ਉਤਸਵ ਹਮ ਹੇਰਨਿ ਕਰਿਹੈਂ
ਬਹੁਰ ਬਜਾਹ ਕੋ ਹੋਹਿ ਬਿਲੰਦ।
ਸ਼ਾਹੁ ਦਿਵਾਨ ਧਨੀ ਹੁਇ ਅਤਿਸ਼ੈ,
ਇਤ ਸਤਿਗੁਰ ਕੋ ਘਰ ਧਨਵੰਦ।
ਮੰਗਲ ਹੋਹਿਂ ਬ੍ਰਿੰਦ ਨਰ ਸੁਖ ਲਹਿਂ
ਭਯੋ ਮੇਲਿ ਸਮ ਕੋ ਅਬਿ ਦੁੰਦ[੧]' ॥੬॥
ਪਾਂਧੇ ਤਬਿ ਅਭਿਖੇਕ[੨] ਕਰਾਯਹੁ
ਪੂਰਬ ਗਨਪਤਿ ਕੋ ਕਰਿ ਮਾਨਿ[੩]।

[+]ਕਵਿਤਾ ਵਿਚ ਸਮਾਂ ਬੰਨ੍ਹਣ ਲਈ ਸਾਰੇ ਅੰਗ ਪੂਰੇ ਹੋ ਰਹੇ ਹਨ, ਅਸਲੀਅਤ ਇਹ ਹੈ ਕਿ ਮਾਤਾ ਗੰਗਾ ਜੀ ਨਾ ਡਰਨ ਵਾਲੇ ਸਨ, ਨਾਂ ਭਰਮਾਂ ਵਿੱਚ ਫਸੇ ਸਨ, ਉਹ ਤਾਂ ਨਾਮ ਦੇ ਪ੍ਰੇਮੀ ਤੇ ਪਤੀ ਵਿੱਚ ਪਰਮੇਸ਼ੁਰ ਜੀ ਨੂੰ ਦੇਖਣ ਵਾਲੇ ਸਨ। ਖੁਸ਼ਾਮਦੀ ਟਹਿਲਣਾਂ ਤੇ ਫੁਸਲਾਣ ਵਾਲੇ ਬ੍ਰਹਮਨਾਂ ਦੀਆਂ ਭਰਮਾਈਆਂ ਸਿੱਖ ਰਾਜ ਘਰਾਣਿਆਂ ਦੀਆਂ ਇਸਤ੍ਰੀਆਂ ਦਾ ਰੂਪਕ ਇਹ ਠੀਕ ਹੈ। ਕਵਿ ਜੀ ਦੇ ਸਮੇਂ ਸਿੱਖਾਂ ਵਿਚ ਐਸ਼੍ਵਰਜ ਪ੍ਰੇਮੀ ਹੁੰਦੇ ਜਾਣ ਕਰਕੇ ਸਹਿਜੇ ਸਹਿਜੇ ਤੇ ਬੇ-ਮਲੂਮੀ ਗਿਰਾਉ ਦੀ ਗਰਦਸ਼ ਘਰਾਂ ਵਿਚ ਵੜ ਰਹੀ ਸੀ। ਅਸਲ ਜੋ ਗੁਰੂ ਜੀ ਦੇ ਸਮੇਂ ਵਰਤਿਆ ਹੈ ਓਹ ਗੁਰਬਾਣੀ ਵਿੱਚ ਸਪਸ਼ਟ ਲਿਖਿਆ ਹੈ 'ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥ ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ' ।ਬਿਲਾ: ਮ: ੫॥॥ ਗੁਰੂ ਅਰਜਨ ਦੇਵ ਜੀ ਦੇ ਇਸ ਸਪਸ਼ਟ ਉਪਦੇਸ਼ ਦੇ ਸਾਹਮਣੇ ਕਦੇ ਮਾਤਾ ਜੀ ਨਜ਼ਰਾਂ ਟਪਾਰਾਂ ਤੋਂ ਨਹੀਂ ਸਨ ਡਰ ਸਕਦੇ।

[*]ਪਾ:-ਸੋ ਜਾਇ।

[੧]ਦੂਹਾਂ ਇਕੋ ਜਿਹਾਂ ਦਾ ਮੇਲ ਹੋਇਆ ਹੈ।

[੨]ਪੂਜਨ ਕਰਾਯਾ।

[੩]ਮਨਾਕੇ।

ਅਪਰ ਗ੍ਰਹਨਿ ਕੋ ਕਰਿ ਅਭਿ ਸੇਚਨਿ[1+]
ਭਰੀ ਭੀਰ ਮਾਨਵ ਗਨ ਆਨਿ।
ਸਤਿਗੁਰੂ ਮੁਖ ਦਿਸ਼ਿ ਨਯਨ ਲਗਾਏ
ਦਰਸ਼ਨ ਕਰਤਿ ਹਰਖ ਉਰ ਠਾਨਿ।
ਕੋ ਬੈਠੇ ਕੋ ਖਰੇ ਤਹਾਂ ਮਿਲਿ
ਨਰ ਭੇ ਅਨਗਨ ਥੋਰਿਯ ਥਾਨ ॥੭॥
ਇਤਨੇ ਮਹਿਂ ਦਿੱਲੀ ਤੇ ਸੰਗਲ
ਪਠਜੋ ਦੂਤ ਆਯੋ ਬਹੁ ਚਾਲ।
ਸ਼੍ਰੀ ਅਰਜਨ ਕੇ ਨਿਕਟ ਪਹੂੰਚਜੋ
ਹਾਥ ਜੋਰਿ ਕਰਿ ਨੰਮ੍ਰੀ ਭਾਲ।
'ਮਹਾਰਾਜ ਅਰਦਾਸ ਏਕ ਹੈ
ਮੈਂ ਲਜਾਯਹੁ ਅਬਿ ਲੇਹੁ ਸੰਭਾਲਿ।
ਹੋਇ ਇਕੰਤ ਬ੍ਰਿੰਤਤ ਲਖੀਜੈ
ਪੁਨ ਕੀਜਹਿ ਜੇ ਕਾਜ ਬਿਸਾਲ ॥੮॥
ਤੂਰਨ ਹੇਰਹੁ, ਦੇਰਿ ਨ ਠਾਨਹੁ,
ਸਗਨ ਬਾਤਿ ਕਰੀਅਹਿ ਪਸ਼ਚਾਤਿ।'
ਸੁਨਤਿ ਉਠੇ ਸਤਿਗੁਰ ਤਿਸ ਛਿਨ ਮਹਿਂ,
ਬੈਠਜੋ ਸਿੱਖ ਏਕ, ਸਭਿ ਗਜਾਤ[2]।
ਭੂਤ ਭਵਿੱਖਯਤਿ ਬਰਤਹਿ ਜਾਨਤਿ
ਬੇਪਰਵਾਹੁ ਸਦਾ ਚਿਤ ਸ਼ਾਂਤਿ।
ਮਗਨ ਰਹੈ ਗੁਰੁ ਸ਼ਬਦ ਬਿਖੈ ਨਿਤ
ਮਨ ਗੁਰੁ ਚਰਨ ਬਿਖੈ ਦਿਨ ਰਾਤਿ ॥੯॥
ਉਠਤਿ ਦੇਖਿ ਕਰਿ ਬੋਲਜੋ ਗੁਰੁ ਸੌਂ,
'ਛਪੀ ਨ ਰਹੈ ਪ੍ਰਭੋ ਇਹ ਬਾਤਿ।
ਸ਼ਰਧਾ ਹੀਨ ਹੰਕਾਰਿ ਪਾਤਕੀ
ਤਿਸ ਕੀ ਸੁਤਾ ਨ ਲਿਹੁ ਹਿਤ ਤਾਤ।
ਟੱਕਰ ਹਤਹਿ ਚੁਬਾਰੇ ਸੋਂ ਨਿਤ
ਮੋਰੀ ਮਹਿਂ ਮਰਿ ਹੈ ਪਛੁਤਾਤਿ[3]।

---

[1]ਪੂਜਨ।
[+]ਦੇਖੋ ਪਿਛਲੇ ਅੰਸੂ ਦੇ ਅੰਕ ੩੮ ਦੀ ਹੇਠਲੀ ਟੂਕ।
[2]ਜੋ ਸਭ ਜਾਣਦਾ ਸੀ।
[3]ਪਸਚਾਤਾਪ ਕਰਕੇ।

ਜਿਸੇ ਛਪਾਯਹੁ ਚਾਹਤਿ ਹੋ ਅਬਿ
ਸੋ ਬਿਦਤਹਿ ਸਭਿ ਮਹਿਂ ਭਲਿ ਭਾਂਤਿ ॥੧੦॥
ਕੂਕਰ ਕੂਰਤਿ ਕੀ ਸਮ ਪਾਪੀ[੧]
ਗਜਰਾਜਨਿ ਗੁਰੁ ਕਮੀ ਨ ਹੋਇ।
ਸਾਕਤਿ ਸੰਗ ਨ ਬਨਿ ਹੈ ਤੁਮ ਸੋਂ,
ਇਮ ਬਿਚਾਰ ਕਰਿ ਤਜਾਗਹੁ ਸੋਇ।'
ਸੁਨਤਿ ਲੋਕ ਰਿਸ ਕਰਿ ਤਿਸ ਹਟਕਤਿ
'ਤੂਸ਼ਨਿ ਰਹੋ ਕਹੁ ਨ ਬਚ ਕੋਇ।
ਅਤਿ ਸ਼ਾਦੀ ਮਹਿਂ ਬਿਖ ਸਮ ਕਹਿਬੋ
ਉਚਿਤ ਨ ਤੋਹਿ ਲੇਹੁ ਅਵਿਲੋਇ- ॥੧੧॥
ਅੰਤਰਿਜਾਮੀ ਸ਼੍ਰੀ ਅਰਜਨ ਤਬਿ
ਊਚੋ ਕਰਯੋ ਹਾਥ ਅਰਬਿੰਦ।
'ਧੀਰਜ ਧਰਹੁ ਕਰਹਿਂ ਹਮ ਐਸੇ
ਬੈਠੇ ਗਾਵਹੁ ਗੁਨ ਗੋਬਿੰਦ।'
ਹੁਇ ਇਕੰਤ ਬਿਰਤੰਤ ਪਢਯੋ ਸਭਿ
ਲਖੀ ਖੁਟਾਈ ਕੀਨਿ ਜੁਮੰਦ।
'ਸਭਿ ਸੰਗਤਿ ਕੋ ਇਹੀ ਮਨੋਰਥ
ਨਹਿਂ ਨਾਤਾ ਲੀਜਹਿ ਜਗਬੰਦ!' ॥੧੨॥
ਪਠਿ ਅਰਦਾਸ ਸਭਾ ਮਹਿਂ ਆਏ
ਹੇਰਿ ਉਠੇ ਮਾਨਵ ਸਮੁਦਾਇ।
ਨਿਜ ਗਾਦੀ ਪਰ ਬੈਠਿ ਬਿਰਾਜੇ
ਜਗਤ ਗੁਰੂ ਸਿੱਖਜਨਿ ਸੁਖਦਾਇ।
ਮਹਾਂਦੇਵ ਆਦਿਕ ਸੋਂ ਬੂਝਯੋ
'ਖੱਤ੍ਰੀ ਦੁਸ਼ਟ ਹੰਕਾਰ ਬਧਾਇ।
ਬੋਲ ਬਿਗਾਰ ਬਿਸਾਲ ਭਯੋ ਬਹੁ
ਨਹਿਂ ਨਾਤੋ ਲੇਨੋ ਬਨਿ ਆਇ' ॥੧੩॥
ਮਹਾਂਦੇਵ, ਬ੍ਰਿਧ[੨], ਸਾਲ੍ਹੋ ਆਦਿਕ
ਸਭਿਨਿ ਸਲਾਹ ਦਈ ਤਿਸ ਭਾਇ।
'ਰਾਵਰ ਜਾਨਤਿ ਮੂਢ ਗੁਮਾਨੀ
ਤਿਹ ਸਬੰਧ ਨੀਕੋ ਨ ਸੁਹਾਇ।'

---
[੧]ਕੁੱਤੇ ਦੇ ਵਾਂਙੂ ਪਾਪੀ ਕੂਕਦਾ ਹੈ।
[੨]ਬਾਬਾ ਬੁੱਢਾ।

ਗ੍ਰਿਹ ਅਭਿਖੇਕਤਿ ਬੋਲਜੋ ਪਾਂਧਾ
'ਸੁੰਦਰ ਸਮੋ ਨ ਇਹ ਬਿਤ ਜਾਇ।
ਤਿਲਕ ਕਰਾਵਹੁ ਅਬਿ ਨਿਜ ਸੁਤ ਕੇ
ਬਨਹਿ ਸਬੰਧ ਬਿਘਨ ਬਿਨਸਾਇ[1] ॥੧੪॥
ਦਿਹੁ ਆਇਸੁ ਦਿਜ ਕਰਹਿ ਸਗੁਨ ਕੋ
ਸਭਿ ਕੀ ਲਾਲਸ ਪੂਰੀ ਹੋਇ।'
ਭਏ ਬਿਰੁਖ[2] ਸ਼੍ਰੀ ਅਰਜਨ ਬੋਲੇ
'ਤਿਸ ਕੀ ਸਮਤਾ ਹਮੈਂ ਨ ਜੋਇ।
ਲੈਬੌ ਉਚਿਤ ਨਹੀਂ ਇਹ ਨਾਤਾ
ਜਾਤਿ ਦਰਬ ਹੰਕਾਰੀ ਸੋਇ।
ਊਚੋ ਬਨਜੋ ਚੁਬਾਰਾ ਮਦ ਤੇ
ਚਹੁੰਦਿਸ਼ਿ ਤੇ ਦੁਖ ਦੇ ਸਭਿ ਕੋਇ ॥੧੫॥
ਜੋ ਊਚੋ ਤਿਹ ਗਿਰਬੇ ਕੋ ਡਰੁ,
ਪਰਹਿ ਗਾਜ ਜਰ ਰਹੈ ਨ ਜਾਇ[3]।
ਹਮ ਸਮ ਹਮ ਕੋ ਆਨਿ ਮਿਲਹਿ ਕੋ,
ਬਨਹੁ ਚੁਬਾਰਾ ਭਾਲ ਭਨਾਇ[4]।
ਸਤਿਗੁਰੁ ਕੋ ਘਰ ਮਾਣ ਨਿਮਾਣਿਨਿ
ਮਾਨੀ ਜਬਿ ਕਬਿ ਲਹੈ ਸਜਾਇ।
ਨੰਮ੍ਰਿ ਹੋਇ ਨੰਮ੍ਰਨਿ ਸੋਂ ਮਿਲਿ ਹੈ,
ਦੁਹਿ ਦਿਸ਼ਿ ਰਸ ਰਹਿ, ਪ੍ਰਮੁਦ[5] ਉਪਾਇ' ॥੧੬॥
ਸਤਿਗੁਰੁ ਗਿਰਾ ਜ੍ਵਾਲ[6] ਸੀ ਨਿਕਸੀ
ਸਫਲ ਸਤੇਜ[7] ਪ੍ਰਕਾਸ਼ ਬਿਸਾਲ।
ਨਰ ਨਾਰਨਿ ਕੋ ਹਰਖ ਸੁ ਕਾਨਨ[8]
ਸੁਨਤਿ ਦਿਯੋ ਇਕ ਛਿਨ ਮਹਿਂ ਜਾਲ।
ਰਿਦੇ ਬਿਸਮ -ਇਹ ਭਈ ਕਹਾਂ ਗਤਿ!

---

[1]ਨਾਸ਼ ਹੋ ਜਾਣਗੇ।
[2]ਬੇਪ੍ਰਵਾਹ।
[3]ਬਿਜਲੀ ਪਿਆਂ ਉਹ ਸੜਨੋ ਬਚ ਨਹੀਂ ਸਕਦਾ (ਅ) ਉਸਦੀ ਜੜ੍ਹ ਨਾ ਰਹੇਗੀ।
[4]ਮੱਥਾ ਭਨਾਵੇ।
[5]ਅਨੰਦ।
[6]ਅਗਨੀ।
[7]ਸਹਤ ਤੇਜ ਦੇ।
[8]ਖੁਸ਼ੀ ਰੂਪੀ ਬਨ।

ਕਜਾ ਕਰਤੇ ਕਜਾ ਬਰਤੀ ਚਾਲ।
ਕਮਲ ਬਾਟਿਕਾ[੧] ਹੁਤੇ ਲਗਾਵਤਿ
ਉਦੈ ਕੰਟਕਾ ਥਿਰੀ ਸਡਾਲ[੨] ॥੧੭॥
ਉਗਵਨਿ ਲਗੀ ਅਨੰਦ ਬੇਲਿ ਇਹ
ਕਿਸ ਗਜ ਨੇ ਮਰਦੀ[੩] ਤਤਕਾਲ-।
ਸਭਿ ਇਸਤਿਨਿ ਕੋ ਭਯੋ ਭੰਗ ਮਨ,
ਤਜਿ ਗਾਵਨਿ ਚਹਿ ਸੁਨਯੋ ਉਤਾਲ।
ਬਾਦਤ ਬਜਤਿ ਥਿਰੇ ਇਕ ਬਾਰੀ
ਕੋ ਬੂਝਤਿ ਕੋ ਭਾਖਤਿ ਹਾਲ।
-ਸ਼ਾਹੁ ਦਿਵਾਨ ਦਰਪ ਕੋ ਉਰ ਧਰਿ
ਗੁਰੁ ਲਘੁ[੪] ਕਹਿ ਨਿਜ ਬਨਯੋ ਬਿਸਾਲ ॥੧੮॥
ਅਬਿ ਸੁਧਿ ਪਾਇ ਬਿਰੁਖ[੫] ਗੁਰੁ ਹੋਏ,
ਨਹਿਂ ਨਾਤਾ ਤਿਹ ਸੁਤਾ ਮਨੰਤਿ।
ਰਹੇ ਬੈਠਿ ਲਾਗੀ ਚਿਤ ਚਿੰਤਾ
ਇਮ ਕੁਸੂਤ[੬] ਬਰਤਯੋ ਦੁਖਵੰਤਿ।-
ਬਿਸਮੇ ਨਰ ਨਾਰੀ ਤਜਿ ਹਰਖਨਿ
ਚੰਦੂ ਕੋ ਸਭਿ ਖੋਟ ਭਨੰਤਿ।
'ਕਾਰਣ ਕਰਣ ਗੁਰੂ ਸਮਰੱਥ
ਇਨ ਕੀ ਸਮਤਾ ਕੁਤੋ[੭] ਚਹੰਤਿ ॥੧੯॥
ਗਰਬ ਕਹਾਂ ਇਨ ਆਗੈ ਤਿਸਿ ਕੋ,
ਕਹੇ ਬਾਕ[੮] ਸੁਖ ਦੁਖ ਨਰ ਪਾਇ।
ਪਾਤਸ਼ਾਹ ਕੋ ਰੰਕ ਕਰਹਿਂ ਦ੍ਰੁਤਿ[੯]
ਰੰਕ ਸ਼ਾਹ ਕੀ ਪਦਵੀ ਪਾਇ।
ਅਜ਼ਮਤਿ ਅਜਰ ਜਰੀ ਉਰ ਅੰਤਰ
ਨਹਿਂ ਕਾਹੂ ਸੋਂ ਕਰਹਿਂ ਲਖਾਇ।

---

[੧]ਕਮਲਾਂ ਦੀ ਬਗੀਚੀ।
[੨]ਕੰਡਜਾਲੀ (ਬੂਟੀ) ਡਾਲੀਆਂ ਸਣੇ ਉੱਗ ਪਈ।
[੩]ਮਲ ਦਿੱਤੀ।
[੪]ਗੁਰੂ ਜੀ ਨੂੰ ਛੋਟਾ।
[੫]ਮੁਖ ਮੋੜ ਲਿਆ।
[੬]ਬੁਰਾ ਕੰਮ।
[੭]ਕਿਵੇਂ।
[੮](ਗੁਰੂ ਜੀ ਦੇ) ਬਚਨ ਕਹਿਆਂ।
[੯]ਛੇਤੀ।

ਜਿਨ ਕੋ ਸੇਵਕ ਸਕਲ ਸ਼ਕਤਿ ਜੁਤਿ
ਜਿਮ ਚਾਹੈ ਤਿਮ ਲੇਤਿ ਬਨਾਇ ॥੨੦॥
ਸ਼੍ਰੀ ਨਾਨਕ ਕੋ ਮਹਾਂ ਪ੍ਰਤਾਪ ਜੁ
ਸੂਰਜ ਸਮ ਜਗ ਬਿਦਤਿ ਪ੍ਰਕਾਸ਼।
ਚੰਦੂ ਪੇਚਕ[1] ਸੋਂ ਨਹਿਂ ਜਾਨਜੋ
ਬੁੱਧ ਬਿਲੋਚਨ ਮੰਦ ਮਹਾਂ ਸੁ।
ਨਿਸ ਮਹਿਂ ਚਮਕ ਜੀਂਗਨਾ[2] ਜੈਸੇ
ਰਵਿ ਕੋ ਨਿੰਦੈ ਧਰਹਿ ਹੁਲਾਸ।
ਤੈਸੇ ਜਾਨਿ ਪਰੈ ਸੋ ਮੂਰਖ
ਚਾਹਿਸਿ ਅਪਨੋ ਕਰਜੋ ਬਿਨਾਸ਼' ॥੨੧॥
ਇਮ ਚਰਚਾ ਲੋਕਨਿ ਮਹਿਂ ਬਿਥਰੀ
ਦਿਜ ਲਾਗੀ ਨੇ ਕਹਜੋ ਸੁਨਾਇ।
'ਸ਼੍ਰੀ ਗੁਰੁ ! ਤਜਹੁ ਕ੍ਰੋਧ ਤੁਮ ਸਜਾਨੇ
ਜਿਸ ਕੀ ਸੁਤਾ ਆਪ ਕੇ ਆਇ।
ਕਹਾਂ ਹੰਕਾਰ ਕਰਹਿਗੋ ਤੁਮ ਸੋਂ
ਕਰ ਜੋਰਹਿ ਅਰੁ ਸੀਸ ਨਿਵਾਇ।
ਛਿਮਾ ਕਰਾਵਹਿ ਊਚੇ ਜਾਨਹਿ
ਪਿਤਾ ਸੁਤਾ[3] ਕੋ ਇਮ ਬਨਿ ਆਇ ॥੨੨॥
ਕਿਤੋ ਬਡੋ ਹੁਇ ਤਨੀਯਾਂਪਿਤ[4] ਜੋ,
ਨੰਮ੍ਰਿ ਹੋਨਿ ਹੀ ਜਦ ਕਦ ਜਾਨਿ।
ਨਰ ਰੰਕਨਿ ਕੇ ਕਹੇ ਨ ਹਟਿਯੇ
ਨਾਤਾ ਲੇਹੁ ਬਡੇ ਸੋ ਥਾਨਿ।
ਲਛਮੀ ਆਇ ਕਿਵਾਰ ਨ ਦੀਜਹਿ
ਰਿਦੇ ਅਨੰਦ ਧਰਿ ਲਿਹੁ ਸਨਮਾਨ।
ਸ਼ਾਹ ਦਿਵਾਨ ਮਹਾਨ ਧਨੀ ਸੋ
ਉੱਤਮ ਜਾਤਿ ਇਤੇ ਗੁਨ ਮਾਨਿ' ॥੨੩॥
ਸ਼੍ਰੀ ਅਰਜਨ ਕਹਿਂ 'ਤਿਸ ਕੇ ਧਨ ਤੇ
ਹਮ ਨਹਿਂ ਧਨੀ ਬਨਹਿਂ ਕਿਸ ਭਾਇ।

---

[1]ਉੱਲੂ।
[2]ਟਿਟਾਹਣਾਂ।
[3]ਪੁਤ੍ਰੀ ਦੇ ਪਿਤਾ ਨੂੰ।
[4]ਧੀ ਦਾ ਪਿਉ।

ਚੰਦੂ ਕੈ ਸਮ ਹੋਇ ਸੁ ਲੈਹੇ
ਖੋਜਹੁ ਜਗ ਮਹਿਂ ਦੇਹੁ ਪਠਾਇ।
ਹਮੈਂ ਗਰੀਬ ਆਨ ਕੋ ਮਿਲਿ ਹੈ
ਜਿਸ ਮਹਿਂ ਹੋਹਿ ਨ ਗਰਬ ਬਲਾਇ[1]।
ਮਿਲਿ ਸੁਖ ਪਾਵੈਂ ਨਿਤ ਹਰਖਾਵੈਂ
ਜਹਿਂ ਹੰਕਾਰ ਨਹੀਂ ਦੁਖਦਾਇ' ॥੨੪॥

ਦੋਹਰਾ: ਸਤਿਗੁਰੁ ਕੋ ਰੁਖ ਦੇਖਿ ਕੈ, ਸਭਿ ਸੰਗਤਿ ਭਈ ਮੌਨ।
-ਸਾਕਤ ਸੁਤਾ ਨ ਲੇਹਿਂਗੇ, ਨਹਿਂ ਸ਼ਰਧਾ ਗੁਰੁ ਭੌਨ- ॥੨੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ' ਪ੍ਰਸੰਗ ਬਰਨਨੰ ਨਾਮੁ ਪੰਚਮੋਂ ਅੰਸੂ ॥੫॥

---

[1]ਹੰਕਾਰ ਰੂਪੀ ਬਲਾਇ।

੬. [ਦੋ ਸਗਾਈਆਂ ਕੱਠੀਆਂ ਹੋਣੀਆਂ]

੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੭

ਦੋਹਰਾ: ਕਹਨਿ ਸੁਨਨਿ ਬਹੁ ਤਬਿ ਭਯੋ, ਠਹਿਰ੍ਯੋ ਅੰਤਿ ਮਤੰਤ।
'ਨਹਿਂ ਨਾਤਾ ਹਮ ਲੇਇ ਹੈਂ, ਹੰਕਾਰੀ ਕੁਲਵੰਤ[1]' ॥੧॥

ਚੌਪਈ: ਦਿਜ ਨਾਈ ਸੁਨਿ ਜੁਗਲ ਬਿਸੂਰਤਿ।
ਜਨੁ ਚਿੰਤਾ ਇਹ ਧਾਰੀ ਮੂਰਤਿ।
ਕਹਿ ਬਹੁ ਰਹੇ ਨਹੀਂ ਗੁਰੁ ਮਾਨੀ।
ਕਹਿਬੋ ਸੰਗਤਿ ਕੋ ਪ੍ਰਿਯ ਜਾਨੀ[2]* ॥੨॥
ਜਬਿ ਸ਼੍ਰੀ ਅਰਜਨ ਏਵ ਉਚਾਰਾ।
'ਹਮਹਿ ਮਿਲਹਿ ਕੋ ਨਿਰਹੰਕਾਰਾ।'
ਡੱਲੇ ਕੀ ਵਾਸੀ ਸਿੱਖ ਬੈਸੇ।
ਸੁਨ੍ਯੋ ਬਖਾਨ੍ਯੋ ਸਤਿਗੁਰ ਜੈਸੇ ॥੩॥
ਸ੍ਰੀ ਗੁਰੁ ਅਮਰਦਾਸ ਕੇ ਪਾਸਿ।
ਭਾਈ ਪਾਰੋ ਭਯੋ ਪ੍ਰਕਾਸ਼।
ਜਨਮ੍ਯੋ ਤਿਸ ਕੇ ਬੰਸ ਮਝਾਰੇ।
ਨਾਮ ਨਰਾਇਣਦਾਸ ਉਚਾਰੇ ॥੪॥
ਕ੍ਰਿਪਾ ਦ੍ਰਿਸ਼ਟਿ ਸਿੱਖਨਿ ਦਿਸ਼ ਜਾਨੀ।
ਨਿਜ ਮਨ ਮਹਿਂ ਗਿਨਤੀ ਤਬਿ ਠਾਨੀ।
-ਸੁਤਾ ਸਪਤ ਸੰਮਤ ਕੀ ਮੇਰੀ।
ਨਾਤਾ ਦੇਉਂ ਜਿ ਨਹਿਂ ਗੁਰੁ ਫੇਰੀ ॥੫॥
ਨਿਰਹੰਕਾਰ ਗਰੀਬ ਜਿ ਹੋਇ।
ਦੇ ਨਾਤਾ ਹਮ ਲੈਹੈਂ ਸੋਇ।
ਇਮ ਸ੍ਰੀ ਗੁਰੁ ਨੇ ਬਾਕ ਬਖਾਨਾ।
ਸਫਲਹਿ ਸੋਇ ਹੋਇ ਨਹਿਂ ਹਾਨਾ ॥੬॥
ਕਹੌਂ ਅਬਹਿ ਬਿਚ ਸਕਲ ਸਮਾਜਾ।
ਸ਼੍ਰੀ ਸਤਿਗੁਰੁ ਰਾਖਹਿਂ ਮਮ ਲਾਜਾ।
ਇਸ ਜਗ ਮਹਿਂ ਤੌ ਅਹੈ ਸੁਹੇਲੀ[1]।

---

[1]ਕੁਲ ਵਾਲੇ ਹੰਕਾਰੀ ਦਾ।

[2]ਪਿਆਰਾ ਜਾਣਿਆਂ।

*ਦਿੱਲੀ ਦੀ ਸੰਗਤਾਂ ਦਾ ਲਿਖਿਆ, ਤੇ ਦੀਵਾਨ ਵਿਚ ਜੁੜੀ ਸੰਗਤ ਦਾ ਆਖਿਆ ਸਤਿਗੁਰ ਜੀ ਨੇ ਨਹੀਂ ਮੋੜਿਆ। ਜਾਣਦੇ ਸਨ ਕਿ ਇਕ ਰਾਜਸੀ ਆਦਮੀ ਨਾਲ ਵਿਗਾੜ ਸੁਖਦਾਈ ਨਹੀਂ ਪਰ ਮੋਈਆਂ ਸੁਰਤਾਂ ਵਿਚ ਜਾਨਾਂ ਪਾਉਣ ਵਾਲੇ, ਮਰ ਮਿਟੀ ਪ੍ਰਜਾ ਨੂੰ ਅਸੂਲ ਪ੍ਰਸਤੀ ਸਿਖਾਉਣ ਵਾਲੇ, ਸੰਗਤ ਨੂੰ ਸਨਮਾਨਣ ਵਾਲੇ ਸਤਿਗੁਰੂ ਨੇ ਸੰਗਤ ਦਾ ਕਿਹਾ ਪ੍ਰਵਾਨ ਕੀਤਾ ਤੇ ਕਿਸੇ ਤੌਖਲੇ ਤੇ ਭੈ ਤੋਂ ਭੈਭੀਤ ਨਹੀਂ ਹੋਏ।

ਬਿਚ ਪ੍ਰਲੋਕ ਕੇ ਰਖਨਿ ਦੁਹੇਲੀ ॥੭॥
ਰਾਖਹਿਂ ਤਹਾਂ ਸਹਾਇਕ[2] ਹੋਇਂ।
ਬਿਦਤਿ ਬਾਤ ਕੁਛ ਛਪੀ ਨ ਸੋਇ।
ਯਾਂ ਤੇ ਸਤਿਗੁਰੁ ਪਰ ਭਰਵਾਸਾ।
ਪੂਰਨਿ ਕਰਹਿਂ ਮੋਹਿ ਮਨ ਆਸਾ ॥੮॥
ਭਾਈ ਪਾਰੋ ਕੋ ਬਰੁ ਭਯੋ।
ਸ੍ਰੀ ਗੁਰੁ ਅਮਰਦਾਸ ਜੀ ਦਯੋ।
'ਗੁਰੁ ਘਰ ਸੋਂ ਤੁਵ ਕੁਲ ਕੋ ਨਾਤਾ।
ਹੁਇ ਹੈ ਆਗੈ ਜਗ ਬੱਖਜਾਤਾ' ॥੯॥
ਸੋ ਅਬਿ ਸਮਾ ਆਨਿ ਕਰਿ ਹੋਵਾ।
ਔਚਕ ਹੀ ਮੰਡਲ[3] ਮਹਿਂ ਜੋਵਾ-।
ਇੱਤਯਾਦਿਕ ਬਹੁ ਰਿਦੇ ਬਿਚਾਰਾ।
ਸਾਰ ਅਸਾਰ ਕਰਯੋ ਨਿਰਧਾਰਾ ॥੧੦॥
ਖਰੋ ਭਯੋ ਜੋਰੇ ਜੁਗ ਹਾਥ।
'ਹੇ ਪ੍ਰਭੁ! ਮੁਝ ਕੋ ਲਖਹੁ ਅਨਾਥ।
ਪਾਰੋ ਬੰਸ ਬਿਖੈ ਜਨਮਯੋ।
ਡੱਲੇ ਕੀ ਵਾਸੀ ਮੈਂ ਥਿਯੋ ॥੧੧॥
ਸ਼ੁਭ ਖੱਤ੍ਰੀ ਹੌਂ ਦਾਸ ਤੁਮਾਰਾ।
ਮੁਝ ਨਿਕੇਤ ਨਹਿਂ ਦਰਬ ਉਦਾਰਾ।
ਬਡਯੋਂ ਸਹਤ ਹਮ ਗੁਰ ਸ਼ਰਨਾਈ।
ਮਮ ਪੁੱਤ੍ਰੀ ਕੀ ਲੇਹੁ ਸਗਾਈ ॥੧੨॥
ਸੰਮਤ ਸਪਤ ਆਰਬਲ ਹੋਇ।
ਹਰਿ ਗੋਬਿੰਦ ਦਾਸੀ ਬਨਿ ਸੋਇ।
ਲਾਜ ਬਿਨਾਂ ਮੈਂ ਸਭਾ ਮਝਾਰੀ।
ਬਿਨਤੀ ਸ਼ਰਧਾ ਸਹਤ ਉਚਾਰੀ ॥੧੩॥
ਰਾਖਹੁ ਲਾਜ ਮੋਹਿ ਭਰਵਾਸਾ।
ਯਾਂ ਤੇ ਕਹੀ ਆਪਨੀ ਆਸਾ।'
ਸ੍ਰੀ ਅਰਜਨ ਸੁਨਿ ਭਏ ਪ੍ਰਸੰਨ।
'ਭਲੇ ਸਮੇਂ ਬੋਲਯੋ ਸਿਖ ਧੰਨ! ॥੧੪॥

---

[1](ਲੱਜਾ ਰਖਣੀ) ਸੁਖੱਲੀ ਹੈ।
[2]ਮਦਦਗਾਰ।
[3]ਸਭਾ।

ਉਤਸਵ ਕੋ ਸਮਾਜ ਬਰ ਜੁਰਯੋ।
ਸੋ ਤੈਂ ਨਾਂਹਿਨ ਥਿਰਥਾ ਕਰਯੋ।
ਮੰਗਲ ਨੌਕਾ ਜਯੋਂ ਬਿਚਿ ਧਾਰਿ[1]।
ਡੂਬਤਿ ਹੁਤੀ ਲਗਾਈ ਪਾਰਿ ॥੧੫॥
ਮਹਿਮਾ ਗੁਰੁ ਸਿੱਖਨਿ ਕੀ ਮਹਾਂ।
ਕੋ ਸਮਤਾ ਕਰਿ ਸਕਹਿ ਨ ਤਹਾਂ।
ਸਤਿਗੁਰੂ ਕੋ ਸਿੱਖਨਿ ਸੋਂ ਮੇਲਾ।
ਸਕਲ ਥਾਨ ਮਹਿਂ ਹੋਤਿ ਸੁਹੇਲਾ ॥੧੬॥
ਹੰਕਾਰੀ ਮਨਮੁਖ ਨਰ ਜੋਇ।
ਸਤਿਗੁਰੁ ਸੰਗ ਮੇਲ ਨਹਿਂ ਹੋਇ।
ਜੇ ਕਰਿ ਮਿਲਹਿ ਉਠਹਿ ਉਤਪਾਤ।
ਜਯੋਂ ਰਵਿ ਰਾਹੁ[2] ਗਗਨ ਮਿਲਿ ਜਾਤਿ ॥੧੭॥
ਯਾਂ ਤੇ ਸ਼੍ਰੀ ਨਾਨਕ ਸੁਖਦਾਈ।
ਸਿੱਖਨਿ ਸੋਂ ਹਮ ਬਣਤਿ ਬਣਾਈ।'
ਦੈਵਗ[3] ਸੋਂ ਸ਼੍ਰੀ ਅਰਜਨ ਭਾਖਾ।
'ਪੂਰਨ ਕਰਹੁ ਸਭਿਨਿ ਅਭਿਲਾਖਾ ॥੧੮॥
ਇਹ ਨਾਤਾ ਲੀਜੈ ਹਿਤ ਸਾਥ।
ਦਿਹੁ ਟੀਕਾ ਹਰਿਗੋਵਿੰਦ ਮਾਥ।'
ਚਹਿਯ ਸਮਿੱਗ੍ਰੀ ਜੋ ਸਮੁਦਾਈ।
ਤੁਰਤ ਨਰਾਇਣ ਦਾਸ ਮੰਗਾਈ ॥੧੯॥
ਪਾਈ ਹਰਿ ਗੁਵਿੰਦ ਕੀ ਝੋਰੀ।
ਭਈ ਸਭਿਨਿ ਕੇ ਖੁਸ਼ੀ ਨ ਥੋਰੀ।
ਕਰਯੋ ਨਿਕਾਸਨਿ ਮਸਤਕ ਟੀਕਾ।
ਅੱਛਤ[4] ਸਹਤ ਬਿਰਾਜਤਿ ਨੀਕਾ ॥੨੦॥
ਦੋਹਰਾ: ਕੇਸਰ ਤਿਲਕ ਸੁ ਦੇਵ ਗੁਰੁ, ਤਿਸ ਕੇ ਮੰਡਲ[*] ਆਇ।
ਅੱਛਤ ਜਨੁ ਸੀਸ ਕਲਾ ਗਨ, ਤ੍ਰਾਸ ਰਾਹੁ ਤੇ ਪਾਇ[5] ॥੨੧॥

---

[1]ਖੁਸ਼ੀ ਰੂਪੀ ਬੇੜੀ (ਨਦੀ ਦੀ) ਧਾਰਾ ਵਿੱਚ।
[2]ਸੂਰਜ ਤੇ ਰਾਹੂ।
[3]ਜੋਤਸ਼ੀ ਨੂੰ।
[4]ਚਾਵਲ।
[*]ਪਾ:-ਮੰਗਲ।
[5]ਕੇਸਰ ਦਾ ਤਿਲਕ ਸੋ ਬ੍ਰਹਸਪਤ ਹੈ (ਕਯੋਂ ਕਿ ਬ੍ਰਹਸਪਤ ਦਾ ਪੀਲਾ ਰੰਗ ਹੁੰਦਾ ਹੈ) ਤਿਸ ਦੇ ਅਸਥਾਨ ਵਿੱਚ ਚਾਵਲ ਮਾਨੋ ਚੰਦ੍ਰਮਾ ਦੀਆਂ ਸਾਰੀਆਂ ਕਲਾਂ ਰਾਹੂ ਤੋਂ ਡਰ ਪਾ ਕੇ ਆਈਆਂ ਹਨ।

ਚੌਪਈ: 'ਧੰਨ ਧੰਨ' ਸਭਿ ਸਭਾ ਬਖানা।
ਦਾਸ ਨਰਾਇਣ ਬਹੁ ਸਨਮਾਨਾ।
ਹਰੀ ਚੰਦ ਇਕ ਖੱਤ੍ਰੀ ਔਰ।
ਲੰਮ ਗੋਤ ਬੈਠਯੋ ਤਿਸ ਠੌਰ ॥੨੨॥
ਤਿਹ ਬਿਲੋਕ[1] ਤਿਨ ਰਿਦੈ ਬਿਚਾਰਾ।
-ਇਸ ਤੇ ਆਛੀ ਅਪਰ ਨ ਕਾਰਾ।
ਮਮ ਘਰ ਸੁਤਾ ਸੁ ਅਰਪਨਿ ਕਰੌਂ।
ਇਸ ਸਮੈਂ ਮਹਿਂ ਉਚਿਤ, ਨ ਟਰੌਂ- ॥੨੩॥
ਖਰੇ ਹੋਇ ਸੋ ਬਿਨਤੀ ਕਹੈ।
'ਦ੍ਵੈ ਸੰਮਤਿ ਕੀ ਦੁਹਿਤਾ[2] ਅਹੈ।
ਸੋ ਮੈਂ ਚਹੌਂ ਦਿਯੋ ਤੁਮ ਪਾਸੀ।
ਹਰਿਗੋਵਿੰਦ ਕੀ ਬਨਿ ਹੈ ਦਾਸੀ ॥੨੪॥
ਆਪਿ ਅਨਾਥਨਿ ਕੇ ਹੋ ਨਾਥ।
ਯਾਂ ਤੇ ਕਹੌਂ ਜੋਰਿ ਜੁਗ ਹਾਥ।
ਕੀਜਹਿ ਅੰਗੀਕਾਰ ਸਗਾਈ।
ਮਨ ਬਚ ਕ੍ਰਮ ਤੇ ਮੈਂ ਸ਼ਰਨਾਈ' ॥੨੫॥
ਸ੍ਰੀ ਅਰਜਨ ਸੁਨਿ ਕੈ ਸਿਖ ਬਿਨਤੀ।
ਭਏ ਪ੍ਰੇਮ ਵਸਿ ਤਜਿ ਸਭ ਗਿਨਤੀ।
ਭਨਯੋ ਬਾਕ 'ਇਹ ਭੀ ਲੈ ਲੇਹੁ।
ਆਸਾ ਸਿੱਖਨਿ ਕੀ ਪੂਰੇਹੁ ॥੨੬॥
ਲੇਨਾ ਦੇਨਾ ਸਾਥ ਹਮਾਰੇ।
ਗੁਰੁ ਸਿੱਖਨਿ ਕੀ ਸਾਂਝ ਉਦਾਰੇ।'
ਹਰੀ ਚੰਦ ਤਬਿ ਹੋਇ ਨਜੀਕਾ।
ਦਿਯੋ ਸਗਨ ਅਰੁ ਕਾਢਯੋ ਟੀਕਾ ॥੨੭॥
ਲੋਕ ਹਜ਼ਾਰਹੁਂ ਅਦਭੁਤ ਹੇਰੇ।
ਸਭਿ ਕੇ ਉਮਗਯੋ ਅਨੰਦ ਬਡੇਰੇ।
ਕਹੈਂ ਪਰਸਪਰ ਚੌਂਪ ਵਧਾਈ।
'ਇਕ ਤਜਾਗੇ ਭਈ ਦੋਇ ਸਗਾਈ ॥੨੮॥
ਸਤਿਗੁਰੁ ਕੇ ਘਰ ਕਮੀ ਨ ਕੋਈ।

---

[1] ਭਾਵ ਨਰਾਇਣ ਦਾਸ ਜੀ ਨੂੰ ਵੇਖਕੇ।
[2] ਦੋ ਸਾਲ ਦੀ ਪੁੱਤ੍ਰੀ।

ਕਜਾ ਚੰਦੂ ਤੇ ਧਨੀ ਸੁ ਹੋਈ[1]।
ਲੇਨੋ ਦੇਨਿ ਹਜ਼ਾਰਨਿ ਕੇਰਾ।
ਸਭਿ ਤੇ ਸਤਿਗੁਰੁ ਸਦਨ ਉਚੇਰਾ ॥੨੯॥
ਜੇ ਕਰਿ ਤਿਸ ਕੇ ਹੋਵਤਿ ਨਾਤਾ।
ਕਬਹੂੰ ਉਠਤਿ ਮਹਿਤ ਉਤਪਾਤਾ।
ਸ਼ਾਹੁ ਦਿਵਾਨੀ ਤੇ ਹੰਕਾਰਾ।
ਬੋਲੇ ਤੇ ਕਬਿ ਪਰਤਿ ਬਿਗਾਰਾ ॥੩੦॥
ਸਹੈਂ ਨ ਗੁਰੂ ਬਾਕ ਹੰਕਾਰੀ।
ਚੰਦੂ ਰਿਦੇ ਅਸ਼ਰਧਾ ਧਾਰੀ।
ਯਾਂ ਤੇ ਭਲੋ ਭਯੋ ਬੱਖਜਾਤਾ।
ਲਿਯੋ ਨ ਤਿਸ ਤਨੁਜਾ ਕੋ ਨਾਤਾ ॥੩੧॥
ਤਤਛਿਨ ਜੁਗ ਨਾਤੇ ਹੁਇ ਗਏ।
ਕਹੈਂ ਪਰਸਪਰ ਹਰਖਤਿ ਭਏ।
ਜਨੁ ਗਨ ਰੰਕਨਿ ਸੁਰਤਰੁ ਲੀਓ।
ਛੀਨਿ ਸਭਿਨਿ ਤੇ ਪੁਨ ਤਿਨ ਦੀਓ ॥੩੨॥
ਬੋਈ ਕਿਧੌਂ ਅਨੰਦ ਕੀ ਬਾਰੀ[2]।
ਸੂਕਤਿ ਹੁਤੀ[3] ਸੀਂਚਿ ਬਰ ਬਾਰੀ।'
ਇਸ ਪ੍ਰਕਾਰ ਮੰਗਲ ਪੁਨ ਹੋਯੋ।
ਸਕਲ ਸਮਾਜ ਅਨੰਦ ਕਰਿ ਜੋਯੋ ॥੩੩॥
ਹਰਖਤਿ ਚਿਤ ਗਾਵਤਿ ਪਿਕ ਬੈਨੀ।
ਉਮਗ ਉਮਗ ਕਰਿ ਪੰਕਜ ਨੈਨੀ।
ਨੌਬਤਿ ਬਾਜਤਿ ਸਹਤ ਨਫੀਰਨਿ।
ਬੋਲਤਿ ਭਾਟ ਸੁਜਸੁ ਵਿਸਤੀਰਨਿ ॥੩੪॥
ਤੰਬੂਰਾ ਮਿਰਦੰਗ ਬਜਾਵਤਿ।
ਗੀਤ ਕਲਾਵਤਿ ਗਾਵਤਿ ਭਾਵਤਿ।
ਡੋਮ ਆਦਿ ਮੰਗਤ ਜਨ ਸਾਰੇ।
ਸਤਿਗੁਰੁ ਕੋ ਜੈਕਾਰ ਉਚਾਰੇ ॥੩੫॥
ਲੇ ਆਇਸੁ ਤਬਿ ਉਠੇ ਮਸੰਦ।
ਮੋਦਕ ਧਰੇ ਪਤਾਸੇ ਬ੍ਰਿੰਦ।

---

[1]ਧਨੀ ਚੰਦੂ ਤੋਂ ਕੀ ਹੋਣਾ ਸੀ।
[2]ਬਗੀਚੀ।
[3]ਸੁੱਕ ਰਹੀ ਸੀ।

ਮਿਸਰੀ ਕੇ ਬਹੁ ਥਾਰ ਸੁਧਾਰੇ।
ਮੇਵਾ ਗਰੀ ਬਦਾਮ ਛੁਹਾਰੇ ॥੩੬॥
ਸਭਿ ਬਰਤਾਏ ਸਭਾ ਮਝਾਰੇ।
ਭਰਿ ਭਰਿ ਅੰਜੁਲੁ ਦੇ ਜਨ ਸਾਰੇ।
ਅਧਿਕ ਭੀਰ ਹੇਰੀ ਗੁਰ ਜਬੈ।
ਗਨ ਬਰਤਾਵੇ ਲਾਯਸਿ ਤਬੈ ॥੩੭॥
'ਸਭਿ ਕੋ ਪਹੁੰਚਹਿ' ਕਹਯੋ ਸੁਨਾਈ।
ਬਰਤੀ ਤੁਰਤ ਸਮੂਹ ਮਿਠਾਈ।
ਸਭਿ ਹੀ 'ਧੰਨ ਧੰਨ ਗੁਰੁ' ਕਹੈਂ।
'ਤੁਮਰੇ ਸਮ ਤੁਮ ਹੀ ਪ੍ਰਭੁ ਅਹੈਂ' ॥੩੮॥
ਸ੍ਰੀ ਅਰਜਨ ਸਭਿ ਲਾਗ ਦਿਵਾਏ।
ਦਾਨ ਮਾਨ ਦੇ ਕਰਿ ਹਰਖਾਏ।
ਅਨੰਦ ਉਦਧਿ ਜਨੁ ਵਧਯੋ ਅਨੰਤ।
ਸਿਖ ਸੰਗਤਿ ਨਰ ਭੇ ਜਲ ਜੰਤੁ ॥੩੯॥
ਉਦਯੋ ਅਨੰਦ ਚੰਦ ਕੈ[1] ਅਬੈ।
ਕੁਮਦ ਚਕੋਰ ਭਏ ਨਰ ਸਭੈ।
ਚੰਦੂ ਕੇ ਲਾਗੀ ਜੇ ਦੋਇ।
ਚਕਵਾ ਸਮ ਦੁਖ ਪ੍ਰਾਪਤਿ ਸੋਇ ॥੪੦॥
ਲਖਿ ਅਨੁਚਿਤ ਗੁਰੁ ਰਿਦੈ ਬਿਚਾਰਾ।
ਤਿਨ ਦੋਇਨ ਕੋ ਨਿਕਟ ਹਕਾਰਾ।
'ਸਮੈ ਹਰਖ ਕੋ ਸਭਿ ਹਰਖਾਏ।
ਤੁਮ ਮਨ ਭੰਗ ਸਚਿੰਤ ਦਿਸਾਏ ॥੪੧॥
ਲਿਹੁ ਧਨ ਗਨ ਮਨ ਅਨੰਦ ਕਰੀਜੈ।
ਚੰਦੂ ਕੋ ਬ੍ਰਿਤੰਤ ਕਹਿ ਦੀਜੈ।
ਜੋ ਸੰਜੋਗ ਬਿਧਾਤਾ ਜੋਰੰ[2]।
ਸੋਈ ਹੋਇ, ਨ ਕਿਸ ਕੋ ਜੋਰੰ[3]' ॥੪੨॥
ਦਿਜ ਨੇ ਕਹਯੋ 'ਜੋਗਤਾ ਨਾਂਹੀ।
ਜੇ ਸਬੰਧ ਤੁਮ ਸੋਂ ਹੁਇ ਜਾਹੀ।
ਤੌ ਲੈਬੋ ਹਮ ਕੋ ਬਨਿ ਜਾਇ।

---

[1]ਚੰਦ੍ਰਮਾ ਰੂਪ ਹੋਕੇ।
[2]ਜੋੜਦਾ ਹੈ।
[3]ਕਿਸੇ ਦਾ ਜ਼ੋਰ ਨਹੀਂ (ਚੱਲਦਾ)।

ਇਮ ਨਹਿਂ ਲੇਹਿਂ ਦੇਹੁ ਸਮੁਦਾਇ' ॥੪੩॥
ਇਸ ਬਿਧਿ ਜਥਾ ਜੋਗ ਸਭਿ ਕੀਨਿ।
ਸ਼੍ਰੀ ਅਰਜਨ ਸਤਿਗੁਰੂ ਪ੍ਰਬੀਨ।
ਸੁਤ ਕੋ ਆਇਸੁ ਉਠਿਬੇ ਦਈ।
ਸਭਾ ਸਰਬ ਨਿਜ ਨਿਜ ਥਲ ਗਈ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ਸਗਾਈ ਕੋ ਪ੍ਰਸੰਗ ਬਰਨਨੰ ਨਾਮ ਖਸ਼ਟਮੋਂ ਅੰਸੂ ॥੬॥

੭. [ਵਿਵਾਹ ਦੀ ਤਿਆਰੀ]

੬<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੮

ਦੋਹਰਾ: ਸ਼੍ਰੀ ਹਰਿਗੋਵਿੰਦ ਚੰਦ ਤਬਿ, ਬਦਨ ਪ੍ਰਫੁੱਲਜ ਬਿਲੰਦ।
ਰੁਖ਼ ਲਖਿ ਪਿਤ ਸਤਿਗੁਰੂ ਕੋ, ਉਠੇ ਸੁ ਦੇਤਿ ਅਨੰਦ ॥੧॥

ਤੋਟਕ ਛੰਦ: ਜਨਨੀ ਗਨ ਤ੍ਰੀਯਨਿ ਬੀਚ ਹੁਤੀ।
ਜਿਸ ਭਾਲ ਜਗੀ ਬਡ ਭਾਗ ਰਤੀ[1]।
ਹਿਤ ਬੰਦਨ ਕੇ ਤਿਸ ਥਾਨ ਚਲੇ।
ਉਰ ਧਾਰਿ ਅਨੰਦ ਬਿਲੰਦ ਭਲੇ ॥੨॥
ਪਦ ਮੰਦਹ ਮੰਦ ਧਰੇ ਧਰਨੀ।
ਬਡ ਲੋਚਨ ਤੇ ਕੁਟਿਲੈਂ ਬਰਨੀ[2]।
ਜੁਤਿ ਸੁੰਦਰਤਾ ਬਹੁ ਸ਼ੋਭ ਧਰੇ।
ਘਰ ਪੌਰ ਬਿਖੈ ਤਬਿ ਜਾਇ ਬਰੇ ॥੩॥
ਗਨ ਤ੍ਰੀਯਨਿ ਦੇਖਿ ਵਿਸ਼ੇਖ਼ ਸੁਖੰ।
ਹਰਖਾਇ ਬਿਲੋਕਤਿ ਚਾਰੁ ਮੁਖੰ।
ਕਰਿ ਜੋਰਿ ਨਮੋ ਸਭਿ ਧਾਰਤਿ ਹੈਂ।
ਗੁਰੁ ਨੰਦ ਗੁਰੂ ਸੁ ਬਿਚਾਰਤਿ ਹੈਂ ॥੪॥
ਸੁਤ ਗੰਗ ਉਮੰਗਹਿ ਸੰਗ ਪਿਖ੍ਯੋ।
ਗੁਰ ਬੰਸਹਿਕੋ ਅਵਿਤੰਸ਼ ਲਖ੍ਯੋ।
ਪਦਬੰਦਤਿ ਕੋ ਗਹਿ ਅੰਕ ਲਯੋ।
ਨਹਿੰ ਜਾਇ ਕਹ੍ਯੋ ਜੁ ਅਨੰਦ ਭਯੋ ॥੫॥
ਮੁਖ ਸੂੰਘਤਿ ਧਾਰਿ ਦੁਲਾਰ[3] ਘਨੋ।
ਕਿਸਿ ਰੰਕ ਲਹੀ ਨਿਧਿ ਬ੍ਰਿੰਦ ਮਨੋ।
'ਸੁਤ! ਜੀਵਹੁ, ਪੁੰਜ ਬਿਘੰਨ ਹਨੋ।'
ਇਮ ਆਸ਼ਿਖ ਦੇਤਿ ਸੁ ਪ੍ਰੀਤ ਸਨੋ ॥੬॥
ਨਿਜ ਅੰਕ ਬਿਠਾਇ ਸੁ ਨੰਦਨ ਕੋ।
ਸਭਿ ਨਾਰਿ ਪਿਖ੍ਯੋ ਜਗ ਬੰਦਨ ਕੋ।
ਬਹੁ ਆਸ਼ਿਖ ਦੇਤਿ ਵਧਾਇਨਿ ਕੋ।
'ਬਯ ਦੀਰਘ, ਸੰਕਟ ਹੋਇ ਨ ਕੋ' ॥੭॥
ਮਿਲਿ ਕੋ ਅਬਲਾ[4] ਪਗ ਕੰਜ ਛੁਵੈਂ।

---

[1]ਭਾਗਾਂ ਦੀ ਮਣੀ, [ਦੇਖੋ ਗੁਰੂ ਗ੍ਰੰਥ ਕੋਸ਼] ਭਾਗਾਂ ਦੀ ਸ਼ੋਭਾ।
[2]ਟੇਢੀਆਂ ਝਿੰਮਣੀਆਂ।
[3]ਲਾਡ।
[4]ਇਸਤ੍ਰੀ।

ਅਵਿਲੋਕਤਿ ਕੇ ਸਿਰ ਨੰਮ੍ਰ ਹੁਵੈਂ।
ਮਨ ਭਾਵਤਿ ਗੀਤਨ ਗਾਵਤਿ ਹੈਂ।
ਪਟ ਭੂਖਨ ਚਾਰੁ ਸੁਹਾਵਤਿ ਹੈਂ ॥੮॥
ਇਮ ਹੋਤਿ ਭਯੋ ਉਤਸਾਹੁ ਮਹਾਂ।
ਗੁਰ ਕੋ ਪੁਰਿ ਮੋਦ ਜਹਾਂ ਸੁ ਕਹਾਂ।
ਨਰ ਨਾਰਿ ਮਿਲੇ ਅਵਿਲੋਕਨਿ ਕੋ।
ਹਰਖਾਇ ਗਏ ਸਭਿ ਓਕਨ ਕੋ[1] ॥੯॥
ਗਨ ਮੰਗਤਿ ਕੋ ਧਨ ਦੀਨ ਮਹਾਂ।
ਸਭਿਹੂੰ ਜਸੁ ਕੀਨਿ ਗਏ ਸੁ ਜਹਾਂ।
ਨਰ ਬਾਜ ਬਜਾਵਤਿ ਜੇ ਗਨ ਕੋ[2]।
ਸਮੁਦਾਇ ਪ੍ਰਮੋਦਤਿ ਲੇ ਧਨ ਕੋ ॥੧੦॥
ਇਸ ਭਾਂਤਿ ਬਿਤਾਇ ਭਲੇ ਦਿਨ ਕੋ।
ਕਰਿ ਖਾਨ ਰੁ ਪਾਨ ਜੁ ਜਾਮਨਿ ਕੋ।
ਸੁਪਤੇ ਸੁਖ ਸਾਥ ਸਭੇ ਤਬਿ ਹੂੰ।
ਤਜਿ ਨੀਂਦ ਪ੍ਰਭਾਤਿ ਭਈ ਜਬਿ ਹੂੰ ॥੧੧ ॥

ਦੋਹਰਾ: ਦਿੱਲੀ ਕੋ ਗਮਨਜੋ ਤਬੋ,
ਦਿਜ ਨਾਈ ਲੈ ਸੰਗ।
ਮਹਾਂ ਦੁਖਤਿ ਚਿਤ ਮਹਿਂ ਚਲਤਿ,
ਭਯੋ ਜਾਂਹਿ[3] ਮਨ ਭੰਗ ॥੧੨॥

ਤੋਟਕ ਛੰਦ: ਬਿਵਹਾਰ ਮਨੋ ਬਡ ਘਾਟ ਪਯੋ[4]।
ਸਮ ਬਾਨਿਕ[5] ਚਿੰਤ ਬਿਲੰਦ ਲਯੋ।
ਉਦਤਜੋ ਜਨੁ ਬਾਗ ਲਗਾਵਨਿ ਕੋ।
ਛਿਤਿ ਛੀਨਿ ਲਈ ਪਛੁਤਾਵਨਿ ਕੋ ॥੧੩॥
ਕਿ ਜਹਾਜ ਭਰਜੋ ਜਲ ਡੂਬ ਗਯੋ।
ਨ ਬਚਜੋ ਕੁਛ, ਯੋਂ ਦੁਖ ਤਾਂਹਿ ਭਯੋ।
ਮੁਰਝਾਇ ਰਹਜੋ ਕਹਿ ਸੰਗਨਿ ਕੋ।
'ਬਿਗਰੀ ਬਹੁ ਬਾਤਿ ਨਿਰੰਗਨ ਕੋ[6] ॥੧੪॥

---

[1]ਘਰਾਂ ਨੂੰ।
[2]ਕੌਣ ਗਿਣੇ?
[3]ਜਿਸਦਾ।
[4]ਮਾਨੋ ਘਾਟਾ ਪੈ ਗਿਆ।
[5]ਬਾਣੀਏ ਵਾਂਗੂ।
[6]ਰੰਗ ਰਹਿਤ ਹੋ ਗਈ।

ਸ਼ੁਭ ਮੇਲਿ ਬਿਖੈ ਬਡ ਭੰਗ ਭਯੋ।
ਸਮ ਦੋਇਨਿ ਬੀਚ[1] ਬਿਗਾਰ ਕਿਯੋ।
ਜਿਮ ਚੰਦੁ ਕਹ੍ਯੋ ਤਿਮ ਸ਼੍ਰੌਨ ਸੁਨ੍ਯੋ[2]।
ਰਿਸ ਤੇ ਨਹਿਂ ਲੇਹਿਂ, ਕੁਵਾਕ ਭਨ੍ਯੋ[3]' ॥੧੫॥
ਇਮ ਸੋਚਤਿ ਬੋਲਤਿ ਸ਼ੋਕ ਧਰੇ।
ਪੁਨਿ ਚੰਦੁ ਜਹਾਂ ਤਹਿਂ ਪਯਾਨੁ ਕਰੇ।
ਜਬਿ ਸ਼੍ਰੀ ਗੁਰੁ ਬੈਠਿ ਦਿਵਾਨ ਕਿਯੋ।
ਤਬਿ ਆਇ ਨਰਾਇਣ ਦਾਸ ਗਯੋ ॥੧੬॥
ਕਰ ਜੋਰਿ ਕਹੀ ਬਿਨਤੀ ਗੁਰੁ ਕੋ।
'ਪ੍ਰਭੁ ਮੋਰ ਮਨੋਰਥ ਯੌਂ ਉਰ ਕੋ।
ਦਿਜ ਦੈਵਗ[4] ਲੇਹੁ ਬੁਲਾਇ ਇਹਾਂ।
ਦਿਨ ਬ੍ਯਾਹ ਬਿਚਾਰਨਿ ਬੈਠਿ ਮਹਾਂ ॥੧੭॥
ਬਿਨੁ ਦੋਸ਼ਨਿ ਦ੍ਯੋਸ[5] ਬਤਾਇ ਜਬੈ।
ਹਰਿਗੋਵਿੰਦ ਬ੍ਯਾਹ ਉਮਾਹ ਤਬੈ।
ਲਿਹੁ ਆਪਿ ਪ੍ਰਭੂ ! ਨਹਿਂ ਦੇਰਿ ਕਰੋ।
ਗਨ ਜੇ ਵਸਤੂ ਮੰਗਵਾਇ ਧਰੋ ॥੧੮॥
ਉਤ ਮੈਂ ਸੁਨਿ ਕੈ ਘਰਿ ਜਾਇ ਅਬੈ।
ਇਕਠੀ ਗਨ ਸੌਂਜ ਕਰਾਇ ਸਬੈ।'
ਸੁਨਿ ਪਾਸ ਨਰਾਇਣ ਦਾਸਹਿ ਤੇ।
ਸਿਖ ਸੰਗਤਿ ਮੋਦ ਪ੍ਰਕਾਸ਼ਹਿਤੇ ॥੧੯॥
ਤਬਿ ਸ਼੍ਰੀ ਗੁਰ ਬਿੱਪ੍ਰ ਬੁਲਾਇ ਲਿਯੋ।
ਨਿਜ ਪਾਸ ਬਿਠਾਇ ਸੁ ਮਾਨ ਕਿਯੋ।
ਭਰਿ ਅੱਛਤ ਥਾਰ ਧਰ੍ਯੋ ਧਨ ਕੋ।
ਕਹਿ 'ਸੋਧਹੁ ਬ੍ਯਾਹਨਿ ਕੇ ਦਿਨ ਕੋ ॥੨੦॥
ਇਮ ਚਾਹਿ ਨਰਾਇਣ ਦਾਸ ਧਰੈ।
ਸੁਧਿ ਦ੍ਯੋਸ ਬਤਾਵਹੁ ਜਾਨਿ ਪਰੈ।
ਬਿਨ ਦੋਸ਼ ਬਨੈ ਅਸ ਨੀਕ ਅਹੈ।
ਦੁਹ ਪਾਸਨਿ ਤੇ ਰਸ ਰੀਤਿ ਰਹੈ ॥੨੧॥

---

[1]ਬਰਾਬਰ ਦੇ ਦੋਹਾਂ ਵਿੱਚ।
[2]ਭਾਵ, ਗੁਰੂ ਜੀ ਨੇ।
[3](ਕਿਉਂ ਜੋ) ਚੰਦੂ ਨੇ ਕੁਵਾਕ ਕਹੇ ਹਨ।
[4]ਜੋਤਸ਼ੀ।
[5]ਬਿਨਾ ਦੂਸ਼ਨ ਦੇ ਦਿਨ।

ਸੁਨਿ ਬਿੱਪ੍ਰ ਲਯੋ ਪਤਰਾ[1] ਕਰ ਮੈਂ।
ਦਿਨ ਦੇਖਿ ਬਿਚਾਰਤਿ ਭਾ ਉਰ ਮੈਂ।
ਗ੍ਰੈਹ ਵਾਰ ਨਿਛੱਤ੍ਰਨਿ ਰਾਸਿਨਿ ਕੋ[2]।
ਦਿਨ ਜਾਨਿ ਸੁ ਬਜਾਹ ਪ੍ਰਕਾਸ਼ਨਿ ਕੋ ॥੨੨॥
ਗੁਰੁ ਸੰਗ ਭਨਜੋ 'ਜੁਗ ਮਾਸ ਬਿਤੇ।
ਹੁਇ ਮਾਘ ਸੁਦੀ ਦਸਮੀ ਸੁ ਹਿਤੇ।
ਸੁਧਿ ਦਯੋਸ ਅਹੈ ਤਬਿ ਬਜਾਹ ਕਰੋ।
ਰੁਤਿ ਸੁੰਦਰ ਹੈ ਨਿਸ਼ਚੈ ਸੁਧਰੋ' ॥੨੩॥

ਦੋਹਰਾ: ਇਮ ਸਾਹਾ ਸੁਧਵਾਇ ਕਰਿ*, ਸੁਨਜੋ ਨਰਾਇਨਦਾਸ।
ਕਰਿ ਨਿਸ਼ਚੈ ਹਰਖਤ ਭਯੋ, ਖਰੇ ਕਰੀ ਅਰਦਾਸਿ ॥੨੪॥

ਤੋਟਕ ਛੰਦ: 'ਦਿਹੁ ਆਇਸੁ ਜਾਉਂ ਅਵਾਸਿ ਅਬੈ।
ਗਨ ਸੌਜਨਿ ਤਜਾਰ ਕਰਾਉਂ ਸਬੈ।'
ਕਰਿ ਬੰਦਨ ਕੋ ਤਤਕਾਲ ਗਯੋ।
ਅਪਨੇ ਘਰ ਪ੍ਰਾਪਤਿ ਹੋਤਿ ਭਯੋ ॥੨੫॥
ਬਿਰਤਾਂਤ ਕੁਟੰਬਹਿ ਸੰਗਿ ਕਹਜੋ।
ਸੁਨਿ ਕੈ ਸਭਿ ਨੇ ਮਨ ਮੋਦ ਲਹਜੋ।
ਨਿਜ ਭਾਗ ਬਿਸਾਲਹਿ ਧੰਨ ਲਖੈ।
ਘਰ ਸ਼੍ਰੀ ਗੁਰੁ ਆਇ ਸਰੂਪ ਪਿਖੈ ॥੨੬॥
ਸਭਿ ਸੰਗ੍ਰਹਿ ਸੌਜ ਕਰੰਤਿ ਭਏ।
ਹਿਤ ਬਜਾਹ ਉਛਾਹ ਅਨੰਦ ਲਏ।
ਇਤ ਸ਼੍ਰੀ ਗੁਰੁ ਸੰਗਹਿ ਸੰਗਤਿ ਹੈ।
ਮਿਸ਼ਟਾਨ ਮੰਗਾਇ ਉਮੰਗਤਿ ਹੈਂ ॥੨੭॥

---

[1]ਤਿੱਥ ਪੱਤ੍ਰਕਾ।
[2]ਸਾਰੇ ਨਿਛੱਤ੍ਰਾਂ ਨੂੰ (ਅ) ਨਿਛੱਤ੍ਰਾਂ ਤੇ ਰਾਸ਼ੀਆਂ ਨੂੰ।
*ਪਿਛੇ ਬਹੁਤ ਥਾਈਂ ਦੱਸ ਆਏ ਹਾਂ ਕਿ 'ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਉਪਰਿ ਏਕੰਕਾਰੁ' ॥ ਬਾਣੀ ਦੇ ਉਚਾਰਨ, ਪ੍ਰਚਾਰਨ ਤੇ ਮੰਨਣ ਵਾਲੇ ਆਪ ਕਦੋਂ ਅਪਣੇ ਵਾਕਾਂ ਦੇ ਵਿਰੁੱਧ ਟੁਰ ਸਕਦੇ ਸਨ? ਇਹ ਮੰਨਣੇ ਯੋਗ ਗੱਲਾਂ ਨਹੀਂ ਹਨ। ਦੇਖੋ ਸਤਿਗੁਰ ਜੀ ਦੇ ਇਸ ਵਿਸ਼ੇ ਤੇ ਵਾਕ ਜੋ ਕਵਿ ਜੀ ਨੇ ਆਪ ਰਾਸ ੩ ਅੰਸੂ ੩੨ ਵਿਚ ਐਉਂ ਲਿਖੇ ਹਨ:-ਭਗਤ ਅਨੰਨ ਕਹਾਵਤਿ ਪੰਡਿਤ। ਖਰ ਤੇ ਜਾਤ੍ਰਾ ਕੀਨਸਿ ਖੰਡਤਿ। ਗਣਪਤਿ ਆਦਿ ਪੰਚਾਂਗ ਮਨਾਏ। ਤਿਨ ਪਰ ਨਿਸਚਾ ਨਹੀਂ ਟਿਕਾਏ। ਸਿੱਖ ਅਨਿੰਨ ਭਗਤ ਹੈਂ ਮੇਰੇ। ਜੇ ਨ ਪ੍ਰਤੀਤ; ਲੇਹੁ ਅਬਿ ਹੇਰੇ॥੧੪॥ [ਰਾਸ ੩ ਅੰਸੂ ੩੨] ਪੁਨ- 'ਪੰਡਿਤ ਕੋ ਦਿਖਾਇ ਤਬਿ ਕਹਜੋ। ਗਮਨਜੋ ਸਿੱਖ ਭਲੇ ਤੈਂ ਲਹਯੋ। ਵਾਰ ਮਹੂਰਤ ਤਿਥਿਨਹਿੰ ਪੂਛਾ। ਬਿਨਾਂ ਖਰਚ ਤੇ ਮਨ ਨਹਿ ਛੂਛਾ॥੨੨॥ ਨਿਸਚਾ ਏਕ ਕਰਨਿ ਅਰਦਾਸ। ਨਿਤ ਜਾਨਹਿੰ ਜਹਿੰ ਕਹਿੰ ਗੁਰ ਪਾਸ। ਭਗਤਿ ਅਨੰਨ ਕਹਾਵਤਿ ਐਸੇ। ਗੁਰ ਬਿਨ ਅਪਰ ਨ ਮਾਨਹਿ ਜੈਸੇ॥੨੩॥ ਗਨ ਦੇਵਨ ਪਰ ਨਿਸ਼ਚਾ ਤੇਰਾ। ਤਜਜੋ ਸੋ ਪਿ ਸੁਨਿ ਰਵ ਖਰ ਕੇਰਾ।' [ਰਾਸ ੩ ਅੰਸੂ ੩੨] ਵਿਸ਼ੇਸ਼ ਵਿਚਾਰ ਲਈ ਦੇਖੋ ਇਸੇ ਰਾਸ ਦੇ ਅੰਸੂ ੪ ਅੰਕ ੩੮ ਦੀ ਹੇਠਲੀ ਟੂਕ।

ਪਿਤ ਥਾਨ ਥਪ੍ਯੋ ਹਰਿਮੰਦਰ ਕੋ।
ਹਿਤ ਪੂਜਨਿ ਕੇ ਚਲਿ ਸੁੰਦਰ ਕੋ।
ਸਿਖ ਸੇਵਕ ਭੀਰ ਸੁ ਸਾਥ ਮਹਾਂ।
ਤਟ ਤੀਰਥ ਪੌਰ[1] ਪਹੂੰਚਿ ਤਹਾਂ ॥੨੮॥
ਹਰਿਗੋਵਿੰਦ ਨਾਰਿ ਅਨੇਕ ਮਿਲੀ।
ਨਿਜ ਸੰਗਿ ਕਰੇ ਤਹਿਂ ਗੰਗ ਚਲੀ।
ਗੁਰੁ ਅੱਗ੍ਰ ਭਏ ਪਸ਼ਚਾਤਿ ਇਹੀ।
ਗੁਰੁ ਨਾਨਕ ਨਾਮ ਉਚਾਰਤਿ ਹੀ ॥੨੯॥
ਦਰਬਾਰ ਕਿ ਦ੍ਵਾਰਿ ਨਮੋ ਕਰਿ ਕੈ।
ਪਰਦੱਛਨ ਦੀਨਿ ਸਭੀ ਫਿਰਿ ਕੈ।
ਸਭਿ ਹੋਇ ਖਰੇ ਅਰਦਾਸ ਕਰੀ।
ਬਰ ਫੂਲਨਿ ਕੀ ਬਰਖਾ ਸੁ ਝਰੀ ॥੩੦॥
ਬਹੁ ਧੂਪ ਧੁਖਾਵਤਿ ਦੇਵਤਿ ਹੈਂ।
ਕਰ ਜੋਰਤਿ ਸ੍ਰੀ ਗੁਰੁ ਸੇਵਤਿ ਹੈਂ।
ਬਰਤਾਇ ਪ੍ਰਸਾਦਿ ਸਮੂਹ ਦਿਯੋ।
ਪਿਖਿ ਮੰਗਲ ਕੌ ਹਰਖੰਤਿ ਹਿਯੋ[2] ॥੩੧॥
ਕਰ ਬੰਦਿ ਕਰੈਂ ਅਭਿਬੰਦਨ ਕੋ[3]।
ਗੁਰੁ ਨਾਮ ਜਪੈਂ ਅਭਿਨੰਦਨ ਕੋ[4]।
ਇਮ ਗੰਗ ਲਿਏ ਨਿਜ ਨੰਦਨ ਕੋ[5]।
ਝੁਕ ਬੰਦਤਿ ਹੈਂ ਜਗ ਬੰਦਨ ਕੋ[6] ॥੩੨॥
ਪੁਨ ਆਇ ਨਿਕੇਤ ਅਨੰਦ ਭਰੀ।
ਕੁਲ ਰੀਤਿ ਹੁਤੀ ਸਭਿ ਹੀ ਸੁ ਕਰੀ।
ਮਿਸ਼ਟਾਨਿ ਦਿਯੋ ਸਭਿ ਕੇ ਘਰ ਮੈਂ।
ਰਹਿ ਊਚ ਜੁ ਨੀਚ ਗੁਰੂ ਪੁਰਿ ਮੈਂ ॥੩੩॥
ਇਮ ਮੰਗਲ ਔ ਕੁਲ ਰੀਤਿ ਜਿਤੀ।
ਹਰਖਾਇ ਕਰੀ ਤਬਿ ਗੰਗ ਤਿਤੀ।
ਜਸੁ ਫੈਲਤਿ ਭਾ ਤਿਸ ਦੇਸ਼ ਮਹਾਂ।

---

[1]ਪੌੜਾਂ ਉੱਪਰ।
[2]ਹਿਰਦੇ।
[3]ਬੰਦਨਾ ਯੋਗ ਨੂੰ।
[4]ਅਨੰਦ ਹੁੰਦੇ ਹਨ, ਯਾ ਹੋਣ ਲਈ।
[5]ਪੁੱਤ੍ਰ ਨੂੰ।
[6]ਜਗਤ ਦੇ ਬੰਦਨ ਯੋਗ ਨੂੰ।

ਧਨ ਲੇ ਉਚਰੰਤਿ ਜਹਾਂ ਸੁ ਕਹਾਂ ॥੩੪॥
ਪੁਨ ਸ੍ਰੀ ਗੁਰ ਸੌਜ ਮੰਗਾਵਤਿ ਹੈਂ।
ਹਿਤ ਬਜਾਹ ਅਵਾਸ ਰਖਾਵਤਿ ਹੈਂ।
ਬਹੁ ਗ੍ਰਾਮਨਿ ਤੇ ਘ੍ਰਿਤ ਲੇਤਿ ਭਏ।
ਧਨ ਪਾਸ ਮਸੰਦਨਿ ਕੇ ਸੁ ਦਏ ॥੩੫॥
ਪੁਰਿ ਭੂਰਨਿ ਮੈਂ ਧਨ ਭੇਜਿ ਦਿਯੋ।
ਮਿਸ਼ਟਾਨ ਮਹਾਂਨ ਮੰਗਾਇ ਲਯੋ।
ਬਡ ਬਾਸਨਿ ਲੇ ਕਰਿ ਪੂਰਿ ਧਰੇ।
ਗਨ ਮੇਵਨਿ ਕੀ ਸੁ ਖਰੀਦ ਕਰੇ ॥੩੬॥
ਪਸ਼ਮੰਬਰ[1] ਕੇਤਿਕ ਮੋਲਿ ਲਿਯੇ।
ਬਹੁ ਸੂਖਮ ਅੰਬਰ ਬ੍ਰਿੰਦ ਕਿਯੇ।
ਗਨ ਜਾਤ ਪਟੰਬਰ ਲੀਨਿ ਭਲੇ।
ਜਿਨ ਲਾਗਿ ਜ਼ਰੀ ਬਹੁ ਭਾਵ ਮਿਲੇ[2] ॥੩੭॥
ਸਿਖ ਸੰਗਤਿ ਔਰ ਮਸੰਦਨਿ ਕੋ।
ਪੁਰਿ ਪੈਂਚ ਅਨੇਕ ਬਿਲੰਦਨਿ ਕੋ।
ਜਿਨਿ ਦੇਨਿ ਬਨੈ ਹਿਤ ਮਾਨਿ ਘਨੇ।
ਸੁ ਖਰੀਦ ਕਰੇ ਤਿਨ ਕੌਨ ਗਿਨੇ ॥੩੮॥

ਦੋਹਰਾ: ਸਾਹਾ ਜਾਨਿ ਸਮੀਪ ਕੋ, ਸਭਿ ਤਯਾਰੀ ਕਰਿ ਲੀਨਿ।
ਅੰਨ ਅਧਿਕ ਸੰਚੈ ਕਰਯੋ, ਜਹਿਂ ਕਹਿਂ ਧਨ ਗਨ ਦੀਨ ॥੩੯॥
ਰਿਦੇ ਅਨੰਦ ਬਿਲੰਦ ਤੇ, ਗੰਗਾ ਧਾਰਿ ਉਮੰਗ।
ਪ੍ਰਥਮ ਬਜਾਹ ਲਖਿ ਚੌਂਪ ਚਿਤਿ, ਕਰਤਿ ਅਧਿਕ ਗਨ ਰੰਗ ॥੪੦॥
ਜਾਇ ਨਰਾਇਣ ਦਾਸ ਘਰ, ਜਥਾ ਸ਼ਕਤਿ ਕੋ ਧਾਰਿ।
ਸਰਬ ਵਸਤੁ ਸੰਚੈ ਕਰੀ, ਹੈ ਜੁ ਅਨੇਕ ਪ੍ਰਕਾਰ ॥੪੧॥
ਹਿਤ ਦਾਇਜ[3] ਕੇ ਦੇਨਿ ਕੋ, ਕਰਨਿ ਸਮੂਹ ਅਹਾਰ।
ਅੰਨ ਬਸਨ ਭੂਖਨ ਭਲੇ, ਕੀਨਸਿ ਸਗਰੇ ਤਯਾਰ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਗਾਈ ਕੋ' ਪ੍ਰਸੰਗ ਬਰਨਨੰ ਨਾਮ ਸਪਤਮੋ ਅੰਸੂ ॥੭॥

---

[1]ਪਸ਼ਮੀਨੇ ਦੇ ਬਸਤ੍ਰ।
[2]ਮਹਿੰਗੇ ਭਾਉ ਨੂੰ ਜੋ ਮਿਲੇ [ਭਾਉ = ਨਿਰਖ]
[3]ਦਾਜ।

੮. [ਚੰਦੂ ਦਾ ਵੈਰ ਵਧਿਆ]

੭<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੯

ਦੋਹਰਾ: ਦਿਜ ਨਾਈ ਛੂਛੇ ਹਟੇ ਤਿਨ ਕੋ ਸੁਨੋ ਬ੍ਰਿਤੰਤ।
ਮਹਾਂ ਦੁਖਤਿ ਗਮਨਤਿ ਭਏ ਰਿਦੇ ਅਧਿਕ ਪਛੁਤੰਤ ॥੧॥

ਚੌਪਈ: ਸਨੈ ਸਨੈ ਦਿੱਲੀ ਪੁਰਿ ਗਏ।
ਮਗ ਮਹਿਂ ਕਿਨਹੁਂ ਲੂਟਿ ਜਨੁ ਲਏ।
ਘਰ ਖੱਤ੍ਰੀ ਕੇ ਪਹੁੰਚੇ ਜਾਇ।
ਜਹਾਂ ਮੂਢ ਬੈਠ੍ਯੋ ਗਰਬਾਇ ॥੨॥
ਗਿਲਮਿ ਗਲੀਚੇ[1] ਫਰਸ਼ ਬਿਸਾਲਾ।
ਬੈਠਿਕ ਮੈਂ ਬੈਠ੍ਯੋ ਖੁਸ਼ਹਾਲਾ।
ਬਡ ਉਪਧਾਨ[2] ਧਰ੍ਯੋ ਜਿਹ ਪਾਛੇ।
ਸਗਰੇ ਸੇਤ ਬਸਤ੍ਰ ਤਨੁ ਕਾਛੇ[3] ॥੩॥
ਬੈਠੇ ਲਿਖਿਨਹਾਰ ਢਿਗ ਬ੍ਰਿੰਦ।
ਕਿਤਿਕ ਖੁਸ਼ਾਮਦ ਕਰਤਿ ਬਿਲੰਦ।
ਕਾਰਜ ਅਰਥੀ ਮਾਨਵ ਕੇਈ।
ਜੋਰਤਿ ਹਾਥਨਿ ਜਾਚਤਿ ਸੇਈ ॥੪॥
ਬਡੀ ਕਚਹਿਰੀ ਮਹਿਂ ਸੋ ਬੈਸਾ।
ਉੱਤਰ ਦੇਤਿ ਜੋਗ ਜਿਸ ਜੈਸਾ।
ਬਿੱਪ੍ਰ ਅਸ਼ੀਰਬਾਦ ਕਹਿ 'ਜੀਵਹੁ।
ਚਿਰੰਕਾਲ ਜਸੁ ਜੁਤਿ ਜਗ ਥੀਵਹੁ' ॥੫॥
ਮੁਖ ਮੁਰਝਾਯੋ ਬਹੁ ਦਿਜ ਕੇਰਾ।
ਚੰਦੂ ਤਬਹਿ ਬਿਲੋਚਨ ਹੇਰਾ।
'ਪਾਂਇ ਲਗਹਿਂ[4], ਪਾਂਧਾ! ਕਹੁ ਬਾਤੀ।
ਤੁਝ ਦੇਖਤਿ ਧਰਕਤਿ ਮੁਝ ਛਾਤੀ ॥੬॥
ਫਰਕਤਿ ਬਾਂਮ ਅੰਗ ਤਨ ਮੇਰੇ।
ਨਹੀਂ ਸ਼ਗੁਨ ਕੁਛ ਆਛੇ ਹੇਰੇ।
ਬਦਨ ਸਚਿੰਤ ਦੇਖਿ ਕਰਿ ਤੋਹੀ।
ਅਤਿ ਸੰਸੈ ਹੋਵਤਿ ਉਰ ਮੋਹੀ ॥੭॥

---

[1]ਨਰਮ ਵਿਛੌਣੇ ਤੇ ਕਾਲੀਨ [ਫ਼ਾ: ਗਿਲੀਮ = ਕਬੰਲੀ, ਗੱਦਾ। ਫ਼: ਗ਼ਾਲੀਚਹ = ਕਾਲੀਨ]
[2]ਤਕੀਆ, ਸਿਰਹਾਣਾ।
[3]ਸਜਾਏ ਹੋਏ।
[4]ਪੈਰੀ ਪੈਂਦਾ ਹਾਂ।

ਪੰਥ ਚਲਤਿ ਵਸਤੂ ਚੁਰਵਾਈ।
ਕਿਧੌਂ ਅਪਰ ਕਾਰਜ ਬਿਗਰਾਈ।
ਮੁਦਿ ਜੁਤ ਮਿਲਿਬੋ ਚਹੀਅਹਿ ਤੇਰਾ।
ਪਠਯੋ ਹੁਤੋ ਸ਼ਾਦੀ ਹਿਤ ਮੇਰਾ ॥੮॥
ਜਿਸ ਮਹਿਂ ਤੁਝ ਕੋ ਲਾਭ ਬਿਸਾਲਾ।
ਅਸ ਕਾਰਜ ਮਹਿਂ ਤੂੰ ਇਸ ਕਾਲਾ।
ਸਮੈ ਹਰਖ ਕੇ ਮੁਖ ਮੁਰਝਾਯੋ।
ਦੇਖਤਿ ਮੋ ਕੋ ਅਚਰਜ ਆਯੋ ॥੯॥
ਸ਼ੁਭ ਕਾਰਜ ਸੋ ਬਨਯੋ ਕਿ ਨਾਂਹੀ?
ਕਹੁ ਪਾਂਧਾ ਸਭਿ ਬਿਧਿ ਮੁਝ ਪਾਹੀ।'
ਸੁਨਿ ਚੰਦੂ ਤੇ ਬਿੱਪ੍ਰ ਉਚਾਰਾ।
'ਸੁਨਹੁ ਇਕੰਤ ਹੋਇ ਕਰਿ ਸਾਰਾ' ॥੧੦॥
ਸੰਸੈ ਜੁਤ ਉਠਿ ਕਰਿ ਤਤਕਾਲਾ।
ਬੈਠਯੋ ਸਭਿ ਤੇ ਹੋਇ ਨਿਰਾਲਾ।
ਦਿਜ ਨੇ ਢਿਗ ਹੁਇ ਸਕਲ ਸੁਨਾਯੋ।
'ਹੇ ਜਜਮਾਨ! ਸੁ ਹੁਇ ਪ੍ਰਭੁ ਭਾਯੋ[1] ॥੧੧॥
ਹਮ ਨਾਤਾ ਜਬਿ ਲੇ ਕਰਿ ਗਏ।
ਸ਼ੁਭ ਦਿਨ ਤਬਹਿ ਸੁਧਾਵਤਿ ਭਏ।
ਸਕਲ ਸਮਾਜ ਮਿਲਯੋ ਤਤਕਾਲਾ।
ਲੋਕ ਹਜ਼ਾਰਹੁਂ ਅਨੰਦ ਬਿਸਾਲਾ ॥੧੨॥
ਬਾਲਕ ਚੌਂਕੀ ਆਨਿ ਬਿਠਾਯਹੁ।
ਗਾਵਨਿ ਬਾਦਤਿ ਸਕਲ ਰਚਾਯਹੁ।
ਹਮਹਿਂ ਬੁਲਾਯੋ ਗਮਨੇ ਤੀਰ।
ਜਹਿਂ ਗੁਰੁ ਅਪਰ ਨਰਨਿ ਕੀ ਭੀਰ ॥੧੩॥
ਨੌ ਗ੍ਰਿਹ ਗਨਪਤਿ ਹੁਤੋ ਮਨਾਯਹੁ।
ਤਿਲਕ ਕਰਨਿ ਕੋ ਜਬਿ ਉਦਤਾਯਹੁ।
ਦਿੱਲੀ ਤੇ ਤਬਿ ਪਠਈ ਪਾਤੀ[2]।
ਚਲਤਿ ਹਮਹਿ ਤੁਮ ਕਹੀ ਜੁ ਬਾਤੀ ॥੧੪॥
ਮੋਰੀ ਅਰੁ ਦ੍ਰਿਸ਼ਟਾਂਤ ਚੁਬਾਰਾ।
ਨਿਜ ਬਡਤਾ[1] ਕੇ ਹੇਤੁ ਉਚਾਰਾ।

---

[1]ਸੋ ਹੋਂਵਦੀ ਹੈ (ਜੋ) ਪ੍ਰਭੂ ਨੂੰ ਚੰਗੀ ਲਗਦੀ ਹੈ।
[2]ਭੇਜੀ ਗਈ ਪੱਤ੍ਰਿਕਾ।

ਕਿਹ ਸੁਨਿ ਕੈ ਲਿਖਿ ਭੇਜ੍ਯੋ ਸਾਰੋ।
ਸੋ ਪਠਿ ਕੈ ਲਖਿ ਤੁਵ ਹੰਕਾਰੋ ॥੧੫॥
ਜਰੀ ਨ ਬਾਤ, ਨ ਲਖੀ ਬਡਾਈ[1]।
ਤੂਰਨ ਹਮ ਸੋਂ ਗਿਰਾ ਅਲਾਈ।
-ਰਹੈ ਚੁਬਾਰੇ ਸੋ ਦੁਖ ਪਾਵਹਿ।
ਮਾਰਹਿ ਟੱਕਰ ਭਾਲ ਭਨਾਵਹਿ- ॥੧੬॥
ਕੇਤਿਕ ਸਿੱਖ ਕਹ੍ਯੋ ਬਖ੍ਯਾਤਾ।
-ਨਹਿਂ ਲਿਹੁ ਇਸ ਕਿਰਾੜ ਕੋ ਨਾਤਾ-।
ਪ੍ਰਥਮ ਭਯੋ ਤੈਂ ਬੋਲ ਬਿਗਾੜ।
ਸਹੀ ਨ ਤਿਨਹੁ ਸੁ ਦੀਨਿ ਉਘਾੜ[2] ॥੧੭॥
ਕਜਾ ਕਹੀਅਹਿ ਬਡ ਕਾਜ ਬਿਗਾਰਾ।
ਨਹਿਂ ਸਵਰ੍ਯੋ ਮੈਂ ਬਹੁਤ ਉਚਾਰਾ।
ਕਹਤਿ ਭਏ, -ਜੋ ਸਮ ਹੈ ਮੋਰੀ[3]।
ਸਮ ਮੋਰੀ ਕੇ ਮਿਲਹਿ ਸੁ ਮੋਰੀ[4]- ॥੧੮॥
ਇਮ ਸੁਨਿ ਬਹੁਤ ਥਾਨਿ ਕੀ ਸੰਗਤਿ।
ਬੈਠੀ ਬ੍ਰਿੰਦ ਬਿਲੋਕ ਉਮੰਗਤਿ।
ਤਿਨ ਮਹਿਂ ਤੇ ਇਕ ਉਠਿ ਕਰਿ ਖੱਤ੍ਰੀ।
ਹਾਥ ਜੋਰਿ ਕਹਿ ਗਿਰਾ ਬਚਿੱਤ੍ਰੀ ॥੧੯॥
-ਸਪਤ ਬਰਖ ਕੀ ਦੁਹਿਤਾ ਮੇਰੀ।
ਲਿਹੁ ਨਾਤਾ ਗੁਰ ਕਰਹੁ ਨ ਦੇਰੀ-।
ਬਾਲਕ ਤਿਲਕ ਕਰ੍ਯੋ ਤਤਕਾਲਾ।
ਤਿਮ ਹੀ ਉਤਸਵ ਰਹ੍ਯੋ ਬਿਸਾਲਾ ॥੨੦॥
ਖੱਤ੍ਰੀ ਔਰ ਉਠ੍ਯੋ ਇਕ ਪਾਛੇ।
ਸੰਗ ਗੋਤ ਨਿਜ ਕਹਿ ਕਰਿ ਆਛੇ।
ਤਬਿ ਹੀ ਦੂਜੀ ਕਰੀ ਸਗਾਈ।
ਦੇਖਤਿ ਦੁਗਨੀ ਬਜੀ ਬਧਾਈ ॥੨੧॥
ਨਾਤਾ[5] ਤੋਹਿ ਸੁਤਾ ਕੋ ਫੇਰਾ।
ਚਲ੍ਯੋ ਉਪਾਇ ਨਹੀਂ ਕੁਛ ਮੇਰਾ।'

---

[1]ਬਡਿਆਈ।
[2]ਪ੍ਰਗਟ ਕਰ ਦਿੱਤੀ।
[3]ਜੋ ਮੋਰੀ ਦੇ ਸਮਾਨ ਹੈ।
[4]ਉਹ ਮੇਰੇ ਸਮਾਨ ਹੈ ਸੋ ਮੇਰੇ ਤਾਈਂ ਮਿਲੇਗਾ (ਅ) ਓਹ ਮੋਰੀ ਨੂੰ ਮੋਰੀ ਵਾਂਗ ਆ ਮਿਲੇਗਾ।
[5]ਸਾਕ।

ਸੁਨਿ ਅਨਖਜੋ[1] ਚੰਦੂ ਮਤਿ ਹੀਨ।
ਤਪਤਿ ਰਿਦਾ ਤੂਸ਼ਨਿ ਦੁਖਭੀਨ ॥੨੨॥
ਬਾਨ ਸਮਾਨ ਲੈਨ ਦਿਜ ਕੇਰੇ।
ਲਗੇ ਰਿਦੇ ਭਏ ਦੁਖਤਿ ਬਡੇਰੇ।
ਕਹਤਿ ਭਯੋ 'ਪਾਂਧਾ! ਸੁਨਿ ਲੇਹੁ।
ਜਯੋਂ ਕਯੋਂ ਸਾਕ ਤਿਸੀ ਥਲ ਦੇਹੁ ॥੨੩॥
ਐਸੀ ਬਿਦਤਿ ਹੋਇ ਨਹਿਂ ਜਾਇ।
-ਹਟਯੋ ਸਾਕ ਲਾਗੀ ਮੁਰਿ ਆਇ-।
ਯਾਂ ਤੇ ਤੂਰਨਿ ਅਬ ਚਲਿ ਜਾਵਹੁ।
ਮੈਂ ਪੱਤ੍ਰੀ ਲਿਖਿ ਦੇਉਂ ਸਿਧਾਵਹੁ ॥੨੪॥
-ਮੋਹਿ ਦਿਵਾਨ ਸ਼ਾਹ ਕੋ ਜਾਨਹੁ।
ਭਲੀ ਬਾਤ ਨਾਤੋ ਅਬ ਮਾਨਹੁ-।
ਇਮ ਡਰਾਇ ਕਰਿ ਦੀਜਹੁ ਪਾਤੀ।
ਜਿਸ ਤੇ ਧਰਕ ਉਠੈ ਤਿਸ ਛਾਤੀ ॥੨੫॥
ਮ੍ਰਿਦੁਲ ਕਠੋਰ ਕਹਹੁ ਬਿਧਿ ਦੋਈ।
-ਅਬਿ ਨਾਤੋ ਇਹ ਲੇਹਿ ਨ ਕੋਈ।
ਯਾਂ ਤੇ ਤੁਮ ਢਿਗ ਪੁਨਹੁ ਪਠਾਵਾ-।'
ਇਸ ਪ੍ਰਕਾਰ ਦਿਜ ਕੋ ਸਮੁਝਾਵਾ ॥੨੬॥
ਪਾਤੀ ਲਿਖਨਿ ਲਗਯੋ ਪਨ ਚੰਦੂ।
'ਲਿਖਤੁਮ ਸ਼ਾਹੁ ਦਿਵਾਨੁ ਬਿਲੰਦੂ।
ਸ੍ਰੀ ਅਰਜਨ! ਰਿਸ ਕੈਸੇ ਕਰੀ?
ਸਹਜ ਸੁਭਾਇਕ ਮੈਂ ਜੁ ਉਚਰੀ ॥੨੭॥
ਕਿਨਹੂੰ ਅਧਿਕ ਵਧਾਇ ਸੁਨਾਈ।
ਜਾਤ ਗੋਤ ਉੱਤਮ ਲਘੁਤਾਈ।
ਕਜਾ ਹੁਇ ਗਯੋ ਜੁ ਮੈਂ ਕਹਿ ਦੀਨਿ।
ਜਥਾ ਜੋਗ ਲਿਹੁ ਮਨ ਮਹਿਂ ਚੀਨਿ ॥੨੮॥
ਕਹਾਂ ਭਯੋ ਜੇ ਅਪਰ ਸਗਾਈ।
ਧਨੀ ਪੁਰਖ ਕੈ ਬਹੁ ਹੁਇ ਜਾਈਂ।
ਜੇ ਹਮਰੋ ਸਨਬੰਧ ਤੁਮਾਰੇ।
ਕਾਰਜ ਦੇਉਂ ਅਨੇਕ ਸੁਧਾਰੇ ॥੨੯॥

---
[1]ਅਣਖ ਵਿੱਚ ਆਯਾ ਭਾਵ ਖਿਝਿਆ।

ਨਾਂਹਿ ਤ ਜੇ ਕਰਿ ਲੇਹੁ ਨ ਨਾਤਾ।
ਤੌ ਮੇਰੋ ਬੈਰੀ ਬੱਖਜਾਤਾ।
ਤੁਮਰੇ ਸਿੱਖਨ ਕੂਕਰ ਕਹਜੋ।
ਸੋ ਸੁਨਿ ਮੈਂ ਹਿਰਦੇ ਦੁਖ ਲਹਜੋ ॥੩੦॥
ਕੂਕਰ ਹੋਇ ਲਗੌਂ ਤੁਮ ਗੈਲ[1]।
ਤਬਿ ਜਾਨਹੁ ਜਬਿ ਹੁਇ ਫਲ ਫੈਲ[2]।
ਅਬਿ ਲੌਂ ਰਸ ਹੈ ਹਮ ਤੁਮ ਮਾਂਹਿ।
ਅਧਿਕ ਬਿਰੋਧ ਬਧਾਵਹੁ ਨਾਂਹਿ ॥੩੧॥
ਮੋ ਸੋਂ ਦ੍ਵੈਸ਼ ਰਚਹਿ ਬਿਨ ਜਾਨੇ।
ਸੋ ਆਸ਼ਾ ਜੀਵਨਿ ਕਿਮ ਠਾਨੇ।
ਸ਼ਾਹੁ ਦਿਵਾਨ ਮਰਾਤਬ ਮੋਹਿ।
ਕਹੌਂ ਬਾਕ ਮਾਨਹਿਂ ਤਿਮ ਹੋਹਿ[3] ॥੩੨॥
ਕਨਕਾ ਅਬਹਿ ਹੁਤਾਸਨ ਦ੍ਵੈਸ਼[4]।
ਸਮਝਹੁ ਕੀਜਹੁ ਨਹੀਂ ਵਿਸ਼ੇਸ਼।'
ਇੱਤਜਾਦਿਕ ਲਿਖਿ ਕੇ ਬਿਚ ਪਾਤੀ।
ਲਖਿ ਅਨੀਤ ਕੋ ਸੁਲਗਤਿ ਛਾਤੀ ॥੩੩॥
ਏਕ ਨਿਸਾ ਦਿੱਲੀ ਦਿਜ ਰਹਜੋ।
'ਬਡੀ ਪ੍ਰਾਤ ਚਲਿ' ਚੰਦੂ ਕਹਜੋ।
ਪਸ਼ਚਮ ਮੁਖ ਕਰਿ ਗਮਨਜੋ ਤਬੈ।
ਸਨੈ ਸਨੈ ਮਗ ਉਲੰਘਜੋ ਸਬੈ ॥੩੪॥
ਗੁਰੁਪੁਰਿ ਬਿਖੈ ਪ੍ਰਵੇਸ਼ਜੋ ਆਇ।
ਨਿਸ ਪਰਿ ਗਈ ਬਸਜੋ ਇਕ ਥਾਇਂ।
ਭਈ ਪ੍ਰਾਤ ਗੁਰੁ ਸਭਾ ਲਗਾਈ।
ਸੰਗਤਿ ਸਿਖ ਮਸੰਦ ਸਮੁਦਾਈ ॥੩੫॥
ਬਿੱਪ੍ਰ ਆਇ ਕਰਿ ਆਸ਼ਿਖ ਦੀਨਿ।
ਪਾਤੀ ਬੈਠਿ ਅੱਗ੍ਰ ਕੋ ਕੀਨਿ।
ਲੇ ਸਿਖ ਗੁਰੁ ਕੇ ਕਰ ਪਕਰਾਈ।
ਖੋਲਿ ਪਢੀ ਚੰਦੂ ਚਤੁਰਾਈ ॥੩੬॥

---

[1]ਪਿੱਛੇ।
[2]ਫਲ ਫਲੇਗਾ।
[3](ਬਾਦਸ਼ਾਹ) ਮੰਨਦਾ ਹੈ ਤੇ ਤਿਵੇਂ ਹੀ ਹੁੰਦਾ ਹੈ।
[4]ਕਿਣਕਾ ਵਤ ਵੈਰ ਦੀ ਅਗਨੀ।

ਜਾਨਿ ਕੁਟਿਲਤਾ ਮੂਰਖ ਕੇਰੀ।
ਉੱਤਰ ਕਹਤਿ ਭਏ ਤਿਸ ਬੇਰੀ।
'ਮਾਨਨੀਯ ਗੁਰੁ ਸਿੱਖ ਹਮਾਰੇ।
ਕਰਹਿਂ ਤਥਾ ਇਹ[1] ਜਥਾ ਉਚਾਰੇਂ ॥੩੭॥
ਸ੍ਰੀ ਨਾਨਕ ਆਦਿਕ ਗੁਰੁ ਸਾਰੇ।
ਜਾਨਤਿ ਰਹੇ ਇਨਹੁ ਬਹੁ ਪਜਾਰੇ।
ਹਮ ਭੀ ਮਾਨਤਿ ਹੈਂ ਸਿਖ ਬਾਕ।
ਕਹਜੋ ਤਿਨਹੁ -ਨਹਿਂ ਲੀਜਹਿ ਸਾਕ- ॥੩੮॥
ਸੋ ਕਿਮ ਫੇਰਿ ਸਕਹਿਂ ਮਨ ਜਾਨੋ।
ਤੁਮ ਕਜੋਂ ਅਬਿ ਐਸੇ ਹਠ ਠਾਨੋ।
ਅਪਰ ਥਾਨ ਨਾਤਾ ਕਰਿ ਦੀਜਹਿ।
ਜੋ ਅਪਨੇ ਸਮਸਰ ਲਖਿ ਲੀਜਹਿ ॥੩੯॥
ਦੋਹਰਾ: ਸੁਤ, ਤਿਯ, ਧਨ, ਤਨ ਆਦਿ ਸਭਿ,
ਤਜਿਤਿ ਨ ਲਾਵੈਂ ਦੇਰਿ।
ਸਿੱਖ ਬਚਨ ਕੋ ਤਜਾਗਬੋ,
ਤਊ ਨ ਹਮਤੇ ਹੇਰਿ* ॥੪੦॥
ਚੌਪਈ: ਹੋਇ ਸਿੱਖਜ ਏਤੋ ਪਦ ਪਾਏ।
ਸਕਲ ਜਗਤ ਕੇ ਪੂਜ ਬਨਾਏ।
ਸਿਖ ਕੇ ਸਮਸਰ ਅਪਰ ਨ ਪਜਾਰੋ।
ਸਾਸਿ ਸਾਸਿ ਮਹਿਂ ਸਿੱਖ ਸੰਭਾਰੋਂ ॥੪੧॥
ਪੂਜਨੀਯ ਹੈਂ ਸਿੱਖਜ ਮਹਾਂਨ।
ਤਨ ਧਨ ਮੇਰੋਂ ਹੈਂ ਸਿੱਖ ਪ੍ਰਾਨ।
ਸਿੱਖਨਿ ਕੀ ਕਰੁਨਾ ਸੁਖ ਪੱਯੈ।
ਕਹਜੋ ਤਿਨਹੁ ਕੋ ਕਿਮ ਹਟਕੱਯੇ ॥੪੨॥
ਬਿਸ਼ਨੁ ਭਗਤ ਵਤਸਲ ਭਗਵਾਨ[2]।
ਜਿਮ ਤਿਨ ਕੇ ਪ੍ਰਿਯ ਭਗਤ ਮਹਾਂਨ।
ਤਥਾ ਹਮਾਰੈ ਸਿੱਖਨਿ ਕੇਰੀ।

---

[1]ਭਾਵ ਸਿੱਖ।
*ਦੇਖੋ ਸਤਿਗੁਰ ਜੀ ਸਿੱਖ ਨੂੰ ਕਿੰਨਾਂ ਪਿਆਰ ਕਰਦੇ ਹਨ। ਇਹੋ ਬਿਰਦ ਦਸਾਂ ਗੁਰਾਂ ਦਾ ਰਿਹਾ ਹੈ। ਸ੍ਰੀ ਮੁਖ ਵਾਕ ਹੈ:- 'ਜਨੁ ਨਾਨਕੁ ਧੂੜਿ ਮੰਗੈ ਤਿਸੁ ਸਿਖ ਕੀ' ਫੇਰ ਸ੍ਰੀ ਮੁਖ ਵਾਕ ਉਚਾਰਿਆਂ:- 'ਮੋ ਗ੍ਰਹ ਮੈ ਤਨ ਤੇ ਮਨ ਤੇ ਧਨ ਲੌ ਸਭ ਹੈ ਇਨ ਹੀ ਕੋ।' ਪਰ ਏਹ ਯਾਦ ਰਹੇ ਕਿ ਇਸ ਸਮੇਂ ਨਾਮ ਨਾਲ ਜਾਗੇ ਹੋਏ ਲਿਵ ਵਾਲੇ ਬੰਦੇ ਹੁੰਦੇ ਸਨ। ਸਾਈਂ ਤੋਂ ਟੁੱਟੀ ਸੁਰਤ ਵਾਲੇ ਸਾਕਤ ਨਰ ਨਹੀਂ ਸਨ ਹੁੰਦੇ।
[2]ਭਗਤਾਂ ਦਾ ਪਿਆਰਾ ਵਿਸ਼ਨੂੰ ਭਗਵਾਨ ਹੈ।

ਸ਼੍ਰੀ ਸਤਿਗੁਰੂ ਸੋਂ ਪ੍ਰੀਤਿ ਘਨੇਰੀ ॥੪੩॥
ਹਮ ਤੇ ਲਿਯੋ ਜਾਇ ਨਹਿਂ ਨਾਤਾ।
ਕਹੁ ਦਿਜ ਚੰਦੂ ਕਹੁ ਬੱਖਜਾਤਾ।'
ਸੁਨਤਿ ਬਿੱਪ੍ਰ ਨੇ ਗਿਰਾ ਬਖਾਨੀ।
'ਸ਼ਾਹੁ ਦਿਵਾਨ ਅਧਿਕ ਹਠ ਮਾਨੀ[1] ॥੪੪॥
ਪਰਹਿ ਬੈਰ ਬਹੁ ਕਾਜ ਬਿਗਾਰੇ।
ਚਹੈ ਸੁ ਕਰੈ ਮਹਾਂ ਬਲ ਧਾਰੇ।
ਹਟੀ ਸਗਾਈ ਸਮ ਦੁਖ ਔਰਿ।
ਨਹੀਂ ਹੋਤਿ ਜਾਨਹਿਂ ਸਭਿ ਠੌਰਿ ॥੪੫॥
ਹਿਤ ਰਾਵਰ[2] ਕੋ ਮੈਂ ਸ਼ੁਭ ਕਹਜੋ।
ਜਥਾ ਭਵਿੱਖਜਤਿ ਬਰਤਹਿ ਲਹਜੋ[3]।
ਲਿਹੁ ਨਾਤਾ ਹੁਇ ਸ਼ਾਂਤਿ ਬਿਖੇਰਾ।
ਨਾਂਹਿ ਤ ਇਸ ਫਲ ਕਸ਼ਟ ਘਨੇਰਾ ॥੪੬॥
ਸਮਾ ਚੁਕੇ ਪਛੁਤਾਵਨਿ ਰਹੇ।
-ਭਲੋ ਨ ਕਰਜੋ- ਆਪਿ ਕੋ ਕਹੇ[4]।
ਯਾਂ ਤੇ ਮਾਨਿ ਲੇਹੁ ਮਤਿ ਮੇਰਾ।
ਦੁਹ ਦਿਸ਼ਿ ਵਧਹਿ ਪ੍ਰਮੋਦ ਬਡੇਰਾ ॥੪੭॥
ਨਤੁ ਸੰਸੈ ਜੀਵਨਿ ਮਹਿਂ ਹੋਇ।
ਜੇਤੋ ਬਲ ਕਰਿ ਹੈ ਸਭਿ ਕੋਇ।'
ਸੁਨਿ ਸ਼੍ਰੀ ਅਰਜਨ ਦਿਜ ਤੇ ਬਾਤਿ।
ਬੋਲੇ ਸ਼੍ਰੀ ਮੁਖ ਤੇ ਮੁਸਕਾਤਿ ॥੪੮॥
'ਹਮ ਕਿਸਹੂੰ ਸੋ ਬੈਰ ਨ ਕਰੈਂ।
ਕਿਸ ਕੋ ਬੁਰੋ ਨ ਹਿਰਦੈ ਧਰੈਂ।
ਕਰਹਿ ਨ੍ਰਿਵੈਰ ਸੰਗ ਜੋ ਬੈਰ।
ਤਿਸ ਕੇ ਜੁਗ ਲੋਕਨਿ ਕਜਾ ਖੈਰ? ॥੪੯॥
ਸਭਿ ਕੋ ਪਤਿ ਪਰਮੇਸ਼ੁਰ ਅਹੈ।
ਸੁਖ ਦੁਖ ਕੀ ਸੁਧਿ ਜਗ ਕੀ ਲਹੈ।
ਭਲਾ ਬੁਰਾ ਜੋ ਕਰਮ ਕਰੰਤੇ।

---
[1]ਹੰਕਾਰੀ।
[2]ਆਪਦੇ ਭਲੇ ਲਈ।
[3]ਅੱਗੇ ਨੂੰ ਵਰਤਦੀ ਜਾਣੀ ਹੈ।
[4](ਉਸ ਵੇਲੇ) ਜੋ ਕੀਤਾ ਸੀ ਚੰਗਾ ਨਹੀਂ ਸੀ-ਇਉਂ ਆਪਣੇ ਆਪ ਨੂੰ (ਪਿਛੋਂ) ਕਹੀਦਾ ਹੈ।

ਤਿਨ ਤੇ ਸੁਖ ਦੁਖ ਜੀਵ ਧਰੰਤੇ ॥੫੦॥
ਚਿਤਵਤਿ ਬੁਰਾ, ਬੁਰਾ ਫਲ ਪਾਵੈ।
ਇਹੀ ਨੇਮ ਪ੍ਰਭੁ ਤੇ ਬਨਿ ਆਵੈ।
ਪਰ ਕੋ ਖਨਹਿ ਕੂਪ ਹਿਤ ਬੁਰੇ[1]।
ਝੇਰੇ[2] ਗਿਰੈ ਸੁ ਬਹੁ ਦੁਖ ਭਰੈ' ॥੫੧॥
ਇਮ ਕਹਿ ਤੂਸ਼ਨਿ ਭਏ ਗੁਸਾਈਂ।
ਦਿਜ ਉਠਿ ਗਯੋ ਬਹੁਤ ਪਛੁਤਾਈ।
ਦਿੱਲੀ ਪੁਰਿ ਕੋ ਹੋਇ ਨਿਰਾਸ।
ਚੰਦੂ ਕੋ ਸੁਧਿ ਦਈ ਅਵਾਸ ॥੫੨॥
ਦੋਹਰਾ: ਚੰਦੂ ਸੁਨਿ ਜਰ ਬਰ ਗਯੋ -ਨੈਕ ਨ ਮਾਨਜੋ ਤ੍ਰਾਸ।
ਕਰੀ ਜਾਤਿ ਮੈਂ ਹੀਨਤਾ[3], ਹਤੌਂ ਜਤਨ ਨਿਰਜਾਸ- ॥੫੩॥
ਗੁਰੁ ਘਰ ਸੋਂ ਰਚਿ ਦ੍ਵੈਸ਼ ਕੋ, ਬੁਰੀ ਕਰਨਿ ਤਬਿ ਲਾਗਿ।
ਘਾਤਿ ਬਿਚਾਰਤਿ ਪਿਖਤਿ ਨਿਤ, ਚੁਗਲੀ ਉਗਲ ਕੁਭਾਗ ॥੫੪॥
ਬਹੁਰ ਕਥਾ ਇਹ ਕਹੈਂਗੇ, ਦੁਸ਼ਟੀ ਦੁਸ਼ਟ ਜੁ ਕੀਨਿ।
ਸ੍ਰੀ ਹਰਿ ਗੋਵਿੰਦ ਬਜਾਹੁ ਕੋ, ਸ਼੍ਰੋਤਾ ਸੁਨਹੁ ਪ੍ਰਬੀਨ ॥੫੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਅੰਸੂ ॥੮॥

---

[1]ਪਰਾਏ ਦੇ ਬੁਰੇ ਲਈ ਖੂਹ ਖੋਦੇ।
[2]ਖਾਤੇ ਵਿਖੇ।
[3]ਮੇਰਾ ਡਰ (ਗੁਰੂ ਜੀ ਨੇ) ਨਹੀਂ ਮੰਨਿਆ, ਮੇਰੀ ਜਾਤ (ਭਾਈਆਂ) ਵਿਚ ਹੀਨਤਾ ਕੀਤੀ।

੯. [ਵਿਆਹ ਦੀ ਤਿਆਰੀ ਮੇਲ ਦਾ ਆਵਣਾ]

੮<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੦

ਦੋਹਰਾ: ਬਾਸੁਰ ਕਿਤਿਕ ਬਿਤਾਇ ਕਰਿ, ਸ਼੍ਰੀ ਗੁਰ ਅਰਜਨ ਨਾਥ।
ਚਿਤਵਤਿ ਨੰਦਨ ਬਜਾਹ* ਕੋ, ਬਡਿ ਉਤਸਵ ਕੇ ਸਾਥ ॥੧॥

ਨਿਸ਼ਾਨੀ ਛੰਦ: ਅਗਹਨਿ[1] ਬੀਤਜੋ ਮਾਸ ਜਬਿ, ਪੁਨ ਪੂਸ[2] ਸੁ ਆਯੋ।
ਸਮੈ ਇਹਾਂ ਉਤਸਾਹ ਕੋ, ਜਾਨਜੋ ਨਿਯਰਾਯੋ।
ਮਹਾਂਦੇਵ ਸੋਂ ਮਿਲਿ ਗੁਰੂ, ਬੈਠੇ ਇਕ ਥਾਨਾ।
ਕਰੀ ਵਾਰਤਾ ਬਹੁਤ ਹੀ, ਪਰਸੰਗ ਜਿ ਨਾਨਾ ॥੨॥
ਬਹੁਰ ਬਜਾਹ ਕੀ ਬਾਤਿ ਕੋ, ਸਬਿ ਜ਼ਿਕਰ ਸੁਨਾਯੋ।
'ਏਕ ਮਾਸ ਹੀ ਬਿਚਿ ਰਹਜੋ, ਦਿਨ ਨਿਕਟ ਸੁ ਆਯੋ।
ਬਡੋ ਭ੍ਰਾਤ ਅਬਿ ਦੂਰਿ ਹੈ, ਬਡ ਧਰਤਿ ਬਿਰੋਧਾ।
ਨੰਮ੍ਰ ਭਏ, ਨਹਿਂ ਮਾਨਹੀ, ਰਾਖਹਿ ਉਰ ਕ੍ਰੋਧਾ ॥੩॥
ਚਹਿਯਹਿ ਅਬਹਿ ਬੁਲਾਵਨੋ, ਇਹੁ ਉਚਿਤ ਮਹਾਨਾ।
ਸਹਤ ਕੁਟੰਬ ਸੁ ਆਵਨੋ, ਹੋਵਹਿ ਇਸ ਥਾਨਾ।'
ਮਹਾਂਦੇਵ ਬੋਲਜੋ ਸੁਨਤਿ, 'ਭੇਜਹੁ ਲਿਖਿ ਪਾਤੀ।
ਕੋ ਨਰ ਆਛੋ ਜਾਇ ਕੈ, ਆਨਹਿ ਭਲਿ ਭਾਂਤੀ ॥੪॥
ਸਨਮਾਨਹੁ ਸਭਿ ਰੀਤਿ ਤੇ, ਹੈ ਭ੍ਰਾਤ ਬਡੇਰੋ।
ਜਤੋਂ ਜਤੋਂ ਕਰਿ ਤਿਸ ਆਨਿਯੈ, ਆਛੀ ਬਿਧਿ ਹੇਰੋ।
ਪਰਨੇ[3] ਮਰਨੇ ਮਹਿਂ ਸਰਬ, ਸਨਬੰਧਿ[4] ਮਿਲੰਤੇ।
ਇਹੀ ਜਗਤ ਕੀ ਰੀਤਿ ਹੈ, ਸਭਿ ਨਰ ਬਰਤੰਤੇ ॥੫॥
ਸ਼ਾਦੀ ਤੁਮਰੈ ਸਦਨ ਹੈ, ਰੂਠੇ ਸੁ ਮਨਾਓ[5]।
ਭ੍ਰਾਤਾ ਕਰਹੁ ਇਕੱਤ੍ਰ ਸਭਿ, ਬਡਿਤਾ ਜਿਮ ਪਾਓ।
ਸ਼ੋਭਾ ਹੈਬਹੁ ਮੇਲਿ ਕੀ, ਬੰਧੁਪ ਸਮੁਦਾਯਾ[6]।
ਜਾਤਿ ਬਿਖੈ ਸੋ ਬਡਾ ਹੁਇ, ਸਭਿ ਸੋਂ ਬਨਿ ਆਯਾ ॥੬॥
ਮਹਾਂਦੇਵ ਕੇ ਬਾਕ ਕੋ, ਸਤਿਗੁਰੁ ਨੇ ਮਾਨਾ।
ਲਿਖੀ ਪੱਤ੍ਰਿਕਾ ਤਬਹਿ ਗੁਰੁ, ਬਡਿਆਇ ਮਹਾਨਾ।

---

*ਸ਼੍ਰੀ ਗੁਰੂ ਹਰਿਗੋਬਿੰਦ ਜੀ ਦੇ ਵਿਵਾਹਾਂ ਪਰ ਦੇਖੋ ਰਾਸ ੫ ਅੰਸੂ ੨੭ ਅੰਕ ੪੬ ਦੀ ਹੇਠਲੀ ਟੂਕ।
[1]ਮੱਘਰ।
[2]ਪੋਹ ਦਾ ਮਹੀਨਾ।
[3]ਵਿਵਾਹ।
[4]ਸੰਬੰਧੀ।
[5]ਰੁੱਸਿਆਂ ਨੂੰ ਮਨਾਓ।
[6]ਸਾਰੇ ਸੰਬੰਧੀਆਂ ਦੇ ਮੇਲ ਦੀ ਸ਼ੋਭਾ ਹੈ।

'ਮਿਹਰਵਾਨ ਨੰਦਨ ਜਥਾ, ਹਰਿ ਗੋਵਿੰਦ ਤੈਸੇ।
ਬਜਾਹ ਸਮਾਂ ਇਨ ਕੋ ਅਬਹਿ, ਭੇਜਯੋ ਲਿਖਿ ਜੈਸੇ ॥੭॥
ਅਪਨਿ ਜਾਨਿ ਆਵਹੁ ਇਹਾਂ, ਤੁਮ ਕਾਜ ਰਚਾਵੋ।
ਜਿਮ ਆਇਸੁ ਦਿਹੁ ਕਰਹਿਂ ਤਿਮ, ਜਿਸ ਤੇ ਜਸੁ ਪਾਵੋਂ।
ਕ੍ਰੋਧ ਬਿਰੋਧ ਨ ਕੀਜੀਏ, ਹਮ ਕੋ ਲਘੁ ਜਾਨੋ।
ਹਾਨ ਲਾਭ ਤੁਮ ਕੋ ਅਹੈ, ਜਸੁ ਅਪਜਸੁ ਸਾਨੋ[1] ॥੮॥
ਹਮ ਲਘੁ ਤੁਮ ਭ੍ਰਾਤਾ ਬਡੇ, ਸਗਰੀ ਬਿਧਿ ਜਾਨੋ।
ਚਤੁਰ ਮਹਾਂ ਬਿਵਹਾਰ ਮਹਿਂ, ਸਭਿ ਤੇ ਨਹਿਂ ਛਾਨੋ[2]।'
ਇੱਤਜਾਦਿਕ ਲਿਖਿ ਸਿਖ ਪਠਜੋ, ਜੰਗਲ[3] ਦਿਸ਼ਿ ਜਾਹੀ।
ਗ੍ਰਾਮ ਨਾਮ ਕੋਠਾ ਅਹੈ, ਬਾਸਹਿ ਤਿਸ ਮਾਂਹੀ ॥੯॥
ਕਾਵਰਿ[4] ਭਰਿ ਪਕਵਾਨ ਕੀ, ਸੰਗ ਕਰੇ ਕਹਾਰਾ।
ਗਮਨੇ ਲੇ ਕਰਿ ਪੰਥ ਕੋ, ਗੇ ਸਲਿਤਾ ਪਾਰਾ।
ਉਲੰਘ ਬਿਪਾਸਾ ਸਤੁਦ੍ਰਵਾ, ਕੋਠੇ ਕਹੁ ਆਏ।
ਜਹਿਂ ਪ੍ਰਿਥੀਆ ਬੈਠਜੋ ਸੁਨਜੋ, ਤਿਸ ਨਿਕਟ ਸਿਧਾਏ ॥੧੦॥
ਅਗ੍ਰ ਮਿਠਾਈ ਕੋ ਧਰਜੋ, ਪਾਤੀ ਕਰ ਦੀਨੀ।
ਗੁਰੁ ਦਿਸ਼ਿ ਤੇ ਬੰਦਨ ਕਰੀ, ਬਹੁ ਧਰੀ ਅਧੀਨੀ।
ਪਾਤੀ ਖੋਲ੍ਹੀ ਪਠੀ ਜਬਿ, ਦੁਖ ਰਿਦਾ ਪਰੋਯੋ।
ਚਿਤਵਤਿ -ਸਭਿ ਬਿਧਿ ਭਜੋ ਬਡ[5], ਸੁਤ ਬਜਾਹ ਸੰਜੋਯੋ[6] ॥੧੧॥
ਵਧਤਿ ਗਯੋ ਦਿਨ ਪ੍ਰਤਿ ਅਧਿਕ, ਨਹਿਂ ਚਲਜੋ ਉਪਾਊ।
ਕਿਮ ਗਹਾਇ ਮਰਵਾਇ ਹੌਂ, ਕੋ ਘਾਤ ਨ ਪਾਊਂ-।
ਇਮ ਮਨ ਮਹਿਂ ਸੰਕਟ ਲਹਜੋ, ਪਠਿ ਕੈ ਪੁਨ ਪਾਤੀ।
ਉਤਸਵ ਸੁਨਿ ਕੈ ਅਨੁਜ ਕੌਂ, ਜਨੁ ਫਾਟਤਿ ਛਾਤੀ ॥੧੨॥
ਮੁਖ ਤੇ ਕਹਿ ਸਿਖ ਸਾਥਿ ਤਬਿ, 'ਕੋ ਹਮਰੋ ਭਾਈ?
ਦੁਸ਼ਮਨ ਜਾਨਤਿ ਹੌਂ ਮਹਾਂ, ਤਿਹ ਸਾਂਝਿ ਨ ਕਾਈ।
ਘਰ ਦਰ ਮੇਰੋ ਲੂਟਿ ਕੈ, ਪੁਰਿ ਵਹਿਰ ਨਿਕਾਸਾ।
ਤੁਹਮਤ ਲਾਇ ਤੁਫਾਨ ਕੀ[7], ਸਭਿ ਬਿਖੈ ਪ੍ਰਕਾਸ਼ਾ ॥੧੩॥

---

[1]ਜਸ ਅਪਜਸ ਸਣੇ।
[2]ਸਭ ਨੂੰ ਪਤਾ ਹੈ ਤੁਸੀਂ ਵਿਹਾਰ ਵਿਚ ਸਿਆਣੇ ਹੋ।
[3]ਮਾਲਵਾ।
[4]ਵਹਿੰਗੀ।
[5]ਸਭ ਤਰ੍ਹਾਂ ਵੱਡੇ ਹੋ ਗਏ ਹਨ।
[6]ਰਚਾਇਆ ਹੈ।
[7]ਤੂਫਾਨ ਦੀ, ਭਾਵ ਭਾਰੀ ਤੁਹਮਤ ਲਾਕੇ।

ਮਹਾਂ ਕਠੋਰ ਨਿਲਾਜ ਹੈ, ਘਟ ਕਪਟ ਬਿਸਾਲਾ।
ਮੁਖ ਤੇ ਮੀਠਾ ਉੱਜਲਾ, ਅੰਤਰ ਤੇ ਕਾਲਾ।
ਪਾਇ ਪਿਤਾ ਕੀ ਵਸਤੁ ਕੋ, ਬਡ ਮਾਲਿਕ ਹੋਵਾ।
ਤਿਸ ਕੋ ਫਲ ਪਾਯੋ ਨਹੀਂ, ਸੰਕਟ ਨਹਿਂ ਜੋਵਾ ॥੧੪॥
ਮੇਲ ਹਮਾਰੋ ਰਹਿ ਚੁਕ੍ਯੋ, ਨਹਿਂ ਬਦਨ ਮਿਲੈ ਹੈਂ[1]।
ਸ਼ਾਹੁ ਪਾਸ ਗ੍ਰਹਿਵਾਇ ਕਰਿ, ਅਵਿਲੋਕ ਸੁ ਲੈਂ ਹੈਂ।
ਉਰ ਗ਼ਰੂਰ ਗੁਰੁਤਾ ਲਹੈ[2], ਨਹਿਂ ਜਾਨੈ ਆਨਾ।
ਸ਼ਾਹੁ ਦਿਵਾਨ ਮਹਾਨ ਸੋਂ, ਜਿਨ ਬਾਦ ਉਠਾਨਾ ॥੧੫॥
ਕਹਾਂ ਅਲਪ ਹਮ, ਕਹਾਂ ਸੋ, ਜਹਿਂ ਬੈਰ ਲਗਾਯੋ।
ਨਿਜ ਜੀਵਨਿ ਨਹਿਂ ਚਾਹਤੋ, ਦਿਲ ਕੁਤੋ ਬੰਧਾਯੋ[3]।
ਮੈਂ ਜਾਵੌਂ ਜਬਿ ਬਜਾਹ ਮੈਂ, ਚੰਦੂ ਸੁਨਿ ਲੈ ਹੈ।
ਕਰਹਿ ਬੈਰ ਮੋ ਸੋਂ ਤਬਹਿ, ਸਭਿ ਕਿਛੁ ਬਿਗਰੈ ਹੈ ॥੧੬॥
ਯਾਂ ਤੇ ਮੈਂ ਕਿਮ ਜਾਇ ਹੌਂ, ਪੁਨ ਦੁਸ਼ਮਨ ਮੇਰਾ।
ਨਹਿਂ ਭ੍ਰਾਤਾ ਮਨ ਜਾਨਤੋ, ਛਲ ਕਰਤਿ ਬਡੇਰਾ।
ਲੈ ਜਾਵੋ ਮਿਸ਼ਟਾਨ ਕੋ, ਮੈਂ ਨਾਂਹਿਨ ਜਾਵੌਂ।
ਜੀਵਤਿ ਮਿਲੌਂ ਨ ਪ੍ਰੀਤਿ ਕਿਰ, ਛਾਤੀ ਤਪਤਾਵੌਂ ॥੧੭॥
ਉਠਹੁ ਜਾਹੁ ਮਮ ਪਾਸ ਤੇ, ਨਹਿਂ ਬਿਲਮ ਲਗੀਜੈ।
ਅਨਿਕ ਜਤਨ ਤੇ ਨਹਿਂ ਮਿਲੌਂ, ਅਬਿ ਜਾਇ ਕਹੀਜੈ।'
ਇਤਯਾਦਿਕ ਕਹਿ ਕ੍ਰੋਧ ਸੋਂ, ਸਿਖ ਦਿਯੋ ਉਠਾਈ।
ਕਾਵਰ ਸਭਿ ਮਿਸ਼ਟਾਨ ਕੀ, ਹਟਿ ਕਰਿ ਪੁਰਿ ਆਈ ॥੧੮॥
ਆਇ ਸਿੱਖ ਸਤਿਗੁਰੂ ਕੋ, ਬੰਦਨ ਪਦ ਕੀਨੀ।
ਪ੍ਰਿਥੀਏ ਕੀ ਸਭਿ ਬਾਰਤਾ, ਥਿਤਿ ਹੁਇ ਕਹਿ ਦੀਨੀ।
'ਕ੍ਰੋਧ ਬਿਸਾਲ ਕਰਾਲ ਤਿਸ, ਓਰ ਬੈਰ ਧਰੰਤਾ।
ਚਾਹਤਿ ਹੈ ਗਹਿਵਾਇਬੋ, ਪ੍ਰਾਨਨ ਕੋ ਹੰਤਾ' ॥੧੯॥
ਸੁਨਿ ਸ਼੍ਰੀ ਅਰਜਨ ਜਾਨਿ ਕਰਿ, ਤੂਸ਼ਨਿ ਹੀ ਠਾਨੀ।
ਬੁਰਾ ਭਲਾ ਕਿਛੁ ਨਹਿਂ ਕਹ੍ਯੋ, ਭਾਵੀ ਅਸਮਾਨੀ।
ਮਹਾਂਦੇਵ ਕੋ ਫੇਰ ਤਬਿ, ਨਿਜ ਨਿਕਟ ਬੁਲਾਯੋ।
ਬਡੇ ਭ੍ਰਾਤ ਬਿਰਤੰਤ ਕੋ, ਕਹਿ ਸਕਲ ਸੁਨਾਯੋ ॥੨੦॥
'ਤਿਹ ਸੋਂ ਮੇਲ ਨ ਬਨਤਿ ਹੈ, ਟੂਟ੍ਯੋ ਨਹਿਂ ਥੋਰਾ।

---

[1]ਮੂੰਹ ਨਹੀਂ ਲੱਗਾਂਗੇ।
[2]ਗੁਰਿਆਈ ਲੈ ਕੇ ਰਿਦੇ ਵਿਚ ਹੰਕਾਰ ਹੈ।
[3]ਦਿਲ (ਪਤਾ ਨਹੀਂ) ਕਿੱਥੇ ਲੱਗਾ ਹੈ, ਭਾਵ ਕਿਥੋਂ ਐਡਾ ਹੀਆ ਕੀਤਾ ਨੇ।

ਜੋ ਚਾਹਤਿ ਹੈ ਰਿਸ ਧਰੇ, ਹਤਿ ਪ੍ਰਾਨਨਿ ਮੋਰਾ।
ਪੁਸ਼ਤਨਿ ਲੌਂ[1] ਕਿਮ ਮਿਲਹਿ ਨਹਿਂ, ਐਸੀ ਤਿਨ ਕੀਨੀ।
ਗਯੋ ਪੁਕਾਰੂ ਫਿਰਿ ਰਹਜੋ, ਰਿਸ ਤਜੀ ਨ, ਚੀਨੀ' ॥੨੧॥
ਮਹਾਂਦੇਵ ਨੇ ਸੁਨਿ ਭਨਜੋ, 'ਕ੍ਰੋਧੀ ਸੋ ਮਾਨੀ।
ਉਚਿਤ ਰੀਤਿ ਤੁਮ ਨੇ ਕਰੀ, ਅਨਉਚਿਤ ਨ ਮਾਨੀ।
ਹੇਰਿ ਹੇਰਿ ਐਸ਼੍ਵਰਜ ਕੋ, ਦੁਖ ਪਾਇ ਘਨੇਰੇ।
ਸਮਤਾ ਚਾਹਤਿ ਕਿਮ ਲਹੇ, ਨਹਿਂ ਭਾਗ ਬਡੇਰੇ' ॥੨੨॥
ਸ਼੍ਰੀ ਅਰਜਨ ਜੀ ਪੁਨ ਭਨਜੋ, 'ਸਭਿ ਮੇਲ ਬੁਲਾਵੈਂ।
ਗੋਇੰਦਵਾਲ ਖਡੂਰ ਤੇ, ਸੁਨਿ ਕਰਿ ਚਲਿ ਆਵੈਂ।'
ਕਾਵਰ ਭਰੇ ਕਹਾਰ ਗਨਿ, ਪਠਿਏ ਪਕਵਾਨਾ।
ਲਿਖੀ ਪੱਤ੍ਰਿਕਾ ਸਭਿਨਿ ਸੋ, ਕਰਿ ਪ੍ਰੇਮ ਮਹਾਨਾ ॥੨੩॥
'ਸਰਬ ਸੰਗਿ ਪਰਵਾਰ ਲੇ, ਇਤਿ ਦਿਸ਼ਿ ਕੋ ਆਵੋ।
ਹਰਿ ਗੋਵਿੰਦ ਵਿਵਾਹੁ ਲਖਿ, ਨਹਿਂ ਦੇਰ ਲਗਾਵੋ।'
ਗੋਇੰਦਵਾਲ ਪਠਾਇਓ, ਸਿਖ ਦੇ ਕਰਿ ਪਾਤੀ।
ਮਿਲਜੋ ਜਾਇ ਕਰਿ ਮੋਹਰੀ, ਸੁਨਿ ਸੀਤਲ ਛਾਤੀ ॥੨੪॥
ਸਭਿ ਕੁਟੰਬ ਹਰਖਤਿ ਭਯੋ, ਨਿਜ ਉਤਸਵ ਜਾਨਾ।
ਤਥਾ ਜਾਇ ਦਾਤੂ ਨਿਕਟ, ਬਿਰਤਾਂਤ ਬਖਾਨਾ।
ਸੁਨਤਿ ਸੁਧਾਸਰ ਕੋ ਚਹਜੋ, ਕਰਿਬੇ ਪ੍ਰਸਥਾਨਾ।
ਤਜਾਰ ਸਰਬ ਪਰਵਾਰ ਭਾ, ਕਰਿ ਹਰਖ ਮਹਾਨਾ ॥੨੫॥
ਪੁਨ ਅਪਨੇ ਸਸੁਰਾਰ ਘਰ, ਇਕ ਮਨੁਜ ਪਠਾਵਾ।
ਮਉ[2] ਸੁ ਗ੍ਰਾਮ ਕੋ ਨਾਮ ਤਿਹ, ਸੁਧਿ ਸਕਲ ਸੁਨਾਵਾ।
ਕ੍ਰਿਸ਼ਨ ਚੰਦ[3] ਆਨੰਦ ਲਹਿਂ, ਧਨਵੰਤੀ[4] ਦਾਰਾ।
ਦੋਹਿਤ ਕੋ ਉਤਸਵ ਸੁਨਜੋ, ਕੀਨਿਸਿ ਬਡ ਤਜਾਰਾ ॥੨੬॥
ਬ੍ਰਿੰਦ ਮਸੰਦ ਹਕਾਰਿ ਗੁਰੁ, ਆਇਸੁ ਫੁਰਮਾਈ।
'ਤਜਾਰ ਸਮਿੱਗ੍ਰੀ ਕਰਹੁ ਸੁਭ, ਚਹਿਯ ਜੁ ਸਮੁਦਾਈ।
ਚੰਦੋਏ ਬਹੁ ਮੋਲ ਕੇ, ਝਾਲਰ ਝਮਕੰਤੀ।
ਖੀਨਖਾਫ ਲਾਗਹਿ ਜ਼ਰੀ, ਸੁੰਦਰ ਦੁਤਿਵੰਤੀ ॥੨੭॥
ਰੇਸ਼ਮ ਕੀ ਡੋਰੈਂ ਲਗੀ, ਬਹੁ ਬਰਨ ਬਨਾਵੌਂ।

---

[1] ਪੀੜ੍ਹੀਆਂ ਤਕ।

[2] ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਾਹੁਰੇ ਪਿੰਡ ਦਾ ਨਾਮ ਸੀ ਜੋ ਤਸੀਲ ਫਲੌਰ ਵਿਚ ਹੈ।
[3] ਪੰਚਮ ਗੁਰੂ ਜੀ ਦੇ ਸਹੁਰੇ ਦਾ ਨਾਮ।
[4] ਨਾਮ ਸੀ ਪੰਚਮ ਸਾਹਿਬਾਂ ਦੀ ਸੱਸ ਦਾ।

ਮਖ਼ਮਲ ਕੇ ਸਭਿ ਫਰਸ਼ ਕੋ, ਗਨ ਦਰਬ ਲਗਾਵੌਂ।
ਕਰੌਂ ਕਨਾਤ ਬਨਾਤ ਕੀ, ਤੰਬੂ ਜੁ ਬਿਸਾਲਾ।
ਚਾਂਦੀ ਕੀ ਚੋਬੈਂ ਰੁਚਿਰ, ਕੀਜੈ ਦਰਹਾਲਾ[੧] ॥੨੮॥
ਸਜੰਦਨ ਸਕਟਨਿ ਤਯਾਰ ਹੁਇ, ਜੋ ਚਹਿਯ ਕਰਾਵੋ।
ਆਤਸ਼ਬਾਜੀ ਹੋਹਿ ਬਹੁ, ਤਿਨ ਦਰਬ ਦਿਵਾਵੋ।
ਜ਼ੀਨ ਤੁਰੰਗਨਿ ਕੇ ਨਵੇਂ, ਲੀਜਹਿ ਬਡਿ ਮੋਲੇ।
ਅਲੰਕਾਰ ਘਰਿਵਾਇ ਕਰਿ, ਸਾਜਹੁ ਸਭਿ ਟੋਲੇ' ॥੨੯॥
ਲਘੁ ਨੌਬਤ ਆਇਸੁ ਦਈ, ਦਿਨ ਰੈਨ ਬਜਾਵੋ।
ਤੂਤੀ ਅਪਰ ਨਫੀਰੀਆਂ, ਨਿਜ ਸੰਗਿ ਮਿਲਾਵੋ।
ਡਫ ਬਾਜਤਿ ਜੁਤ ਬੰਸਰੀ, ਬਡ ਧੌਂਸ ਗਹੀਰੰ[੨]।
ਪਟਹ ਪਣਵ[੩] ਕੀ ਧੁਨਿ ਉਠਹਿ, ਸੁਨਿ ਹੋਵਹਿ ਭੀਰੰ ॥੩੦॥
ਬਜਹਿ ਢੋਲ ਅਰੁ ਬੰਸਰੀ, ਦਿਨ ਪ੍ਰਤਿ ਗੁਰਦ੍ਵਾਰੇ।
ਮਹਾਂ ਕੁਲਾਹਲ ਹੋਤਿ ਹੈ, ਸੁਨਿ ਹਰਖਤਿ ਭਾਰੇ।
ਅਨਿਕ ਕਰਾਹੇ ਧਰਿ ਦਏ, ਪਕਵਾਨ ਪਕਾਵੈਂ।
ਭਾਂਤਿ ਭਾਂਤਿ ਕੀ ਸ੍ਵਾਦਿ ਮਹਿਂ, ਮੇਵੇ ਸੁ ਮਿਲਾਵੈਂ ॥੩੧॥
ਮੋਦਕ, ਖੁਰਮੇ, ਅਰੁ ਬਰੇ, ਦਧਿ ਲਵਨਿ ਰਲਾਏ।
ਚਿਰਵੇ[੪] ਬਡੇ ਜਲੇਬ ਜੁਤਿ, ਇੱਤਯਾਦਿ ਬਨਾਏ।
ਮੇਲ ਲਗਯੋ ਆਵਨਿ ਤਬੈ, ਹਰਖਤਿ ਨਰਨਾਰੀ।
ਪਹਰਿ ਬਿਭੂਖਨ ਬਸਨ ਸ਼ੁਭ, ਬਡਿ ਸ਼ੋਭਾ ਧਾਰੀ ॥੩੨॥
ਗੁਇੰਦਵਾਲ ਤੇ ਮੋਹਿਰੀ, ਇਸਤ੍ਰੀ ਗਨ ਲਯਾਯੋ।
ਰਿਦੇ ਅਨੰਦ ਅਨੰਦ[੫] ਮਿਲਿ, ਸੰਸਰਾਮ ਸੁ ਆਯੋ।
ਸੁੰਦਰ[੬] ਜੁਤਿ ਗਮਨੇ ਸਕਲ, ਸਜੰਦਨ ਚਢਿ ਚਾਲੇ।
ਕਿਤਿਕ ਅਰੂਢੇ ਸਕਟ ਪਰ, ਸ਼ਿੰਗਾਰ ਬਿਸਾਲੇ ॥੩੩॥
ਉਤਰੇ ਨਿਕਟ ਖਡੂਰ ਮੈਂ, ਦਾਤੂ ਘਰ ਜਾਏ।
ਕਰੀ ਸੇਵ ਸਭਿ ਭਾਂਤਿ ਕੀ, ਨਿਸ ਤਹਾਂ ਬਿਤਾਏ।
ਉਠੇ ਪ੍ਰਾਤ ਕਰਿਬੇ ਗਮਨ, ਰਥ ਸਕਟ ਸੁ ਜੋਰੇ।

---

[੧]ਛੇਤੀ।
[੨]ਭਾਰੀ ਧੌਂਸਾ।
[੩]ਪਟਹ = ਵਡਾ ਨਗਾਰਾ। ਪਣਵ = ਛੋਟੇ ਢੋਲ।
[੪]ਝੋਨਾ ਉਬਾਲ ਤੇ ਕੁੱਟਕੇ ਕਢੇ ਚਾਵਲ ਜਿਸ ਦੀ ਖੀਰ ਸ੍ਵਾਦੀਕ ਹੁੰਦੀ ਹੈ।

[੫]ਬਾਬਾ ਅਨੰਦ ਜੀ ਅਨੰਦ ਹਿਰਦੇ ਨਾਲ।
[੬]ਬਾਬਾ ਸੁੰਦਰ ਜੀ।

ਅਰੂਢੇ ਬਾਡ ਚੌਂਪ ਜੁਤਿ, ਚਲਿ ਗੁਰੁ ਪੁਰਿ ਓਰੇ ॥੩੪॥
ਸਭਿ ਕੁਟੰਬ ਕੋ ਸੰਗ ਲੇ, ਦਾਤੂ ਭਾ ਤਯਾਰੀ।
ਚਢਿ ਚਢਿ ਅਪਨੇ ਜਾਨੁ ਪਰਿ, ਗਮਨੇ ਹਿਤ ਧਾਰੀ।
ਦੋਨਹੁਂ ਥਲ ਤੇ ਚਾਲਿ ਕਰਿ, ਗੁਰ ਨਗਰੀ ਆਏ।
ਕੂਪ ਸ਼ਨਾਨੇ ਪ੍ਰਥਮ ਪੁਨ, ਅੰਮ੍ਰਿਤਸਰ ਨ੍ਹਾਏ ॥੩੫॥
ਹਰਿ ਮੰਦਿਰ ਸੁੰਦਰ ਸਭਿਨਿ, ਬੰਦਨ ਕੋ ਕੀਨੀ।
ਦਰਸ਼ਨ ਕਰਿ ਜਸੁ ਉਚਰਤੇ, ਪਰਦਛਨਾ ਦੀਨੀ।
ਪੁਨਿ ਸਤਿਗੁਰੁ ਕੇ ਸਦਨ ਕੋ, ਗਮਨੇ ਸਮੁਦਾਈ।
ਮਿਲਿ ਮਿਲਿ ਕਰਤਿ ਪ੍ਰਣਾਮ ਕੋ, ਬਹੁ ਭਨੈਂ ਬਡਾਈ ॥੩੬॥
ਜਥਾ ਜੋਗ ਅਰਜਨ ਗੁਰੂ, ਸਗਰੇ ਸਨਮਾਨੇ।
ਸੁੰਦਰ ਸਦਨ ਨਿਵੇਸ ਦੇ[1], ਬਚ ਮਧੁਰ ਬਖਾਨੇ।
ਮਹਾਂ ਦੇਵ ਸੋਂ ਮਿਲੇ ਸਭਿ, ਧਰਿ ਪ੍ਰੇਮ ਉਦਾਰਾ।
ਕਰਤਿ ਪਰਸਪਰ ਬੰਦਨਾ, ਨਿਜ ਕੁਸ਼ਲ ਉਚਾਰਾ ॥੩੭॥
ਬੁੱਢਾ ਅਰੁ ਗੁਰੁਦਾਸ ਜੁਤ, ਮਿਲਿ ਆਨੰਦ ਪਾਏ।
ਸਾਲ੍ਹੋ ਆਦਿ ਮਸੰਦ ਗਨ, ਸਭਿ ਸੀਸ ਨਿਵਾਏ।
ਜਹਾਂ ਕਹਾਂ ਕੀ ਸੰਗਤਾਂ, ਸੁਨਿ ਸੁਨਿ ਚਲਿ ਆਈ।
ਧਰਹਿਂ ਅਕੋਰ ਅਨੇਕ ਬਿਧਿ, ਗੁਰੁ ਨਿਕਟਿ ਰਹਾਈ ॥੩੮॥
ਅਨਗਨ ਨਰ ਕੀ ਭੀਰ ਭੀ, ਉਤਸਵ ਹੁਇ ਭਾਰੀ।
ਭੋਜਨ ਬਨਿਹੈ ਤਯਾਰ ਬਹੁ, ਜਿਨ ਸ੍ਵਾਦ ਉਦਾਰੀ।
ਦਿਨ ਪ੍ਰਤਿ ਅਧਿਕ ਅਨੰਦ ਭਾ, ਕੋ ਕਹੈ ਬਨਾਈ।
ਹਰਿ ਗੁਵਿੰਦ ਜੀ ਤਬਿ ਅਏ, ਨਿਜ ਗ੍ਰੀਵ ਨਿਵਾਈ ॥੩੯॥
ਤੁਰਤ ਅੰਕ[2] ਲੇ ਮੋਹਰੀ, ਨਿਜ ਗਰੇ ਲਗਾਯੋ।
ਕਰਿ ਦੁਲਾਰ ਸਿਰ ਸੂੰਘ ਕੈ, ਦੇਖਤਿ ਹਰਖਾਯੋ।
ਮਿਲਿ ਅਨੰਦ ਸੰਸਰਾਮ ਜੁਤਿ, ਦਾਤੂ ਭਰਿ ਅੰਕਾ।
ਕਰਹਿਂ ਸਰਾਹਨਿ ਰੂਪ ਕੋ, ਬੋਲਹਿਂ ਸਹਿ ਸ਼ੰਕਾ[3] ॥੪੦॥

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮੇਲ ਆਵਨ' ਪ੍ਰਸੰਗ ਬਰਨਨੰ ਨਾਮ ਨਵਮੋਂ ਅੰਸੂ ॥੯॥

---

[1]ਡੇਰਾ ਦਿੱਤਾ।
[2]ਜੱਫੀ।
[3](ਨਜ਼ਰ ਨਾ ਲੱਗ ਜਾਏ ਇਸ ਗੱਲੋਂ ਡਰਦਾ) ਸੰਗ ਸੰਗ ਕੇ ਸਲਾਹੁਤ ਕਰਦਾ ਹੈ। ਅਥਵਾ ਸ਼੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਜਦ ਬੁਲਾਂਵਦੇ ਹੈਨ ਤਾਂ ਓਹ ਨਵੇਂ ਸਨਬੰਧੀ ਤੱਕਕੇ ਝਕ ਝਕ ਕੇ ਬੋਲਦੇ ਹੈਨ।

੧੦. [ਬਰਾਤ ਦੀ ਚੜ੍ਹਾਈ]

੯<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੧

ਦੋਹਰਾ: ਨਾਰਿ ਮੋਹਰੀ ਕੀ ਸੁਮਤਿ, ਮਿਲਿ ਗੰਗਾ ਕੇ ਸੰਗ।
ਨੇਹੁੰ ਜਨਾਵਤਿ ਅਧਿਕ ਹੀ, ਕਰਿ ਕਰਿ ਹ੍ਰਿਦੈ ਉਮੰਗ ॥੧॥

ਪਾਧੜੀ ਛੰਦ: ਗਨ ਅਬਲਾ ਅਪਰ ਮਿਲੰਤਿ ਸੰਗ।
ਸਨਮਾਨਿਤ ਸਭਿ ਕਹਿ ਮ੍ਰਿਦੁਲ ਗੰਗ।
ਦਾਤੂ ਸੁ ਤ੍ਰਿਯਾ ਮਿਲਿ ਅਨੰਦ ਕੀਨਿ।
ਹਿਤ ਬੈਠਨਿ ਚਾਰੁ ਆਸਨਿ ਸੁ ਦੀਨ ॥੨॥
ਪਨ ਬੂਝਨਿ ਲਗੀ 'ਕਿਤ ਹਰਿ ਗੁਵਿੰਦ?
ਦਿਖਰਾਵਹੁ ਮੁਹਿ ਲਾਲਸ ਬਿਲੰਦ।'
ਕਹਿ ਗੰਗ 'ਗਯੋ ਅਬਿ ਵਹਿਰ ਥਾਨ।
ਆਏ ਸੁਨੇ ਸੁ ਜਬਿ ਪ੍ਰੀਤਿ ਠਾਨਿ[1] ॥੩॥
ਹਿਤ ਮਿਲਨਿ ਕਰਤਿ ਬਡ ਚਾਵ ਚੀਤ[2]।
ਤਿਨ ਨਿਕਟ ਹੋਹਿੰਗੇ ਧਰਤ ਪ੍ਰੀਤ।'
ਇਮਿ ਕਹਿ ਸੁ ਦਾਸ ਭੇਜਯੋ ਤੁਰੰਤ।
'ਘਰ ਬਿਖੈ ਆਨਿ ਮਿਲਿਬੋ ਚਹੰਤਿ' ॥੪॥
ਸ੍ਰੀ ਅਮਰ ਪੁੱਤ੍ਰ ਕੇ ਨਿਕਟ ਹੇਰਿ।
ਲੀਨਸਿ ਹਕਾਰ ਜੋ ਗਯਹੁ ਚੇਰ।
ਨਿਜ ਸਾਥ ਆਨਿ ਕਰਿ ਘਰ ਮਝਾਰ।
ਸਭਿ ਤ੍ਰਿਯਨਿ ਹਰਖ ਸੂਰਤਿ ਨਿਹਾਰਿ ॥੫॥
ਤ੍ਰਿਯ ਮੋਹਰੀ ਜੁ, ਗਹਿ ਕੰਠ ਲਾਇ।
ਬਹੁ ਚੀਤ ਪ੍ਰੀਤ ਗੋਦ ਸੁ ਬਿਠਾਇ।
ਸਿਰ ਹਾਥ ਫੇਰਿ ਮੁਖ ਹੇਰਿ ਹੇਰਿ।
ਕਰਤੀ ਦੁਲਾਰ ਬਹੁ ਫੇਰ ਫੇਰ ॥੬॥
ਸ੍ਰੀ ਹਰਿ ਗੁਵਿੰਦ ਕਰ ਬੰਦਿ ਬੰਦਿ।
ਸਭਿਹੁੰਨਿ ਬੰਦਨਾ ਕਰਿ ਅਨੰਦ।
ਸਗਰੀਨਿ ਗੋਦ ਲੇ ਕਰਿ ਦੁਲਾਰ।
ਚਿਰ ਜੀਵ ਆਸ਼ਿਖਾ ਦੇਤਿ ਪਜਾਰ ॥੭॥
ਨਰ ਨਾਰਿ ਮੇਲਿ ਹੋਯਹੁ ਬਿਸਾਲ।
ਕਰਿ ਜਥਾ ਜੋਗ ਸੇਵਾ ਸੰਭਾਲਿ।

---

[1]ਜਦੋਂ ਹਰਿ ਗੋਵਿੰਦ ਜੀ ਨੇ (ਗੋਂਦਵਾਲ ਦੇ ਸਬੰਧੀ) ਆਏ ਸੁਣੇ ਤਾਂ ਪ੍ਰੀਤ ਨਾਲ ਬਾਹਰ ਗਏ ਹਨ, ਕਿਉਂਕਿ।
[2]ਮਿਲਨ ਵਾਸਤੇ ਚਿਤ ਵਿਚ ਵੱਡਾ ਚਾਉ ਕਰਦੇ ਸਨ।

ਦਿਨ ਪ੍ਰੀਤ ਉਛਾਹ ਵਧਤੋ ਬਿਲੰਦ।
ਜਨੁ ਮੀਠ ਹੋਤਿ ਸਾਗਰ ਅਨੰਦ ॥੮॥
ਇਮ ਬਸੇ ਜਾਮਨੀ ਜਬਿ ਬਿਤਾਇ।
ਸਰ ਮੱਜਤਿ ਮੰਦਿਰ ਦਰਸ ਜਾਇ।
ਸ੍ਰੀ ਅਰਜਨ ਕੋ ਸਸੁਰਾਰ ਜੋਇ।
ਗੁਰ ਪੁਰੀ ਅਯੋ ਪਿਖਿ ਹਰਖ ਸੋਇ ॥੯॥
ਤਬ ਕ੍ਰਿਸ਼ਨ ਚੰਦ ਸੁਨਿਓ ਅਵੰਤਿ[1]।
ਉਠਿ ਆਗੇ ਸ਼੍ਰੀ ਅਰਜਨ ਤੁਰੰਤ।
ਲਖਿ ਜਗਤ ਰੀਤਿ ਬੰਦਨ ਸੁ ਕੀਨਿ।
ਆਸਨਿ ਬਿਠਾਇ ਸਨਮਾਨ ਦੀਨਿ ॥੧੦॥
ਸ਼੍ਰੀ ਹਰਿ ਗੁਵਿੰਦ ਸੁਨਿ ਆਇ ਧਾਇ।
ਕਰਿ ਨਮੋ ਤੁਰਤ ਨਾਨੇ ਸੁ ਪਾਇ।
ਧਨਵਤੀ ਸਾਸੁ ਗੁਰ ਕੀ ਸੁਨੀਤਿ[2]।
ਮਿਲ ਸੁਤਾ ਸੰਗਿ ਧਰਿ ਪ੍ਰੀਤ ਚੀਤਿ ॥੧੧॥
ਨਰ ਨਾਰਿ ਅਪਰ ਪਰਵਾਰ ਕੇਰਿ।
ਮਿਲਿ ਮਿਲਿ ਅਨੰਦ ਸੁਖ ਹੇਰਿ ਹੇਰਿ।
ਕੀਨਸਿ ਨਿਵੇਸ ਸੁੰਦਰ ਅਵਾਸ।
ਤਬਿ ਮਾਤ ਮਾਤ[3] ਕੇ ਆਇ ਪਾਸਿ ॥੧੨॥
ਮਿਲਿ ਹਰਿਗੁਵਿੰਦ ਬੰਦਨ ਸੁ ਕੀਨਿ।
ਧਰਿ ਹਰਖ ਉਰ ਆਸ਼ਿਖ ਸੁ ਦੀਨਿ।
ਗਨ ਮੇਲਿ ਪਰਸਪਰ ਮਿਲਹਿ ਚਾਇ।
ਕੌਤਕ ਹੁਵੰਤਿ ਸ਼ੁਭ ਥਾਇੰ ਥਾਇੰ ॥੧੩॥
ਸੰਗਤਿ ਮਸੰਦ ਅਰੁ ਮੇਲਿ ਆਇ।
ਬਹੁ ਭਈ ਭੀਰ ਬਾਜਤਿ ਬਧਾਇ।
ਇਮ ਕਿਤਿਕ ਦਯੋਸ ਬੀਤੇ ਮਿਲੰਤਿ।
ਸਭਿ ਕਰੀ ਤਯਾਰ ਵਸਤੂ ਤੁਰੰਤ ॥੧੪॥
ਮੰਗਵਾਇ ਸਰਬ ਕੋ ਗੁਰ ਨਿਹਾਰ।
ਤੰਬੂ ਕਨਾਤ ਕੀਨੇ ਉਦਾਰ।
ਰਥ ਬਹਿਲ ਸਾਜਿ ਸੁੰਦਰ ਸ਼ਿੰਗਾਰਿ।

---

[1]ਆਂਵਦਾ।
[2]ਸ਼ੀਲ ਸੁਭਾਵ ਵਾਲੀ (ਅ) ਅਕਲ ਵਾਲੀ।
[3]ਭਾਵ ਨਾਨੀ ਜੀ ਦੇ ਪਾਸ।

ਜਿਨ ਲਗੇ ਘੁੰਘਰੂ ਬਜਤਿ ਚਾਰੁ ॥੧੫॥
ਸ੍ਰੀ ਹਰਿ ਗੁਵਿੰਦ ਚੌਕੀ ਬਿਠਾਇ।
ਤ੍ਰਿਯ ਮਿਲਿ ਸੁਹਾਗਨਿ ਗੀਤਿ ਗਾਇ।
ਮਰਦਨ ਕਰੰਤ ਬਟਣਾ ਸੁ ਅੰਗ।
ਸਭਿ ਬਿਖੈ ਅਧਿਕ ਆਨੰਦ ਗੰਗ ॥੧੬॥
ਬਲਿਹਾਰ ਹੋਤਿ ਪਿਖਿ ਸੁਤ ਸਰੂਪ।
ਦਿਨ ਪ੍ਰਤਿ ਉਦੋਤਿ ਸੁੰਦਰ ਅਨੂਪ।
ਕਰ ਬੰਧਿ ਕੰਗਣਾ ਸਗੁਨ ਸੰਗਿ।
ਪਟ ਪੀਤ ਪਹਿਰ ਕਰਿ ਸਰਬ ਅੰਗੁ ॥੧੭॥
ਕੁਲ ਰੀਤਿ ਕਰੀ ਜੇਤਿਕ ਬਤਾਇ।
ਦਿਨ ਚਢਨਿ ਬਰਾਤ[1] ਸਮੀਪ ਆਇ।
ਸ੍ਰੀ ਅਰਜਨ ਤਯਾਰੀ ਸਭਿ ਕਰਾਇ।
ਜਨੁ ਕਰਹਿ ਸ਼ੀਘ੍ਰਤਾ ਲੇਂਬਨਾਇ ॥੧੮॥

ਦੋਹਰਾ: ਜੇਵਰ ਜਰੇ ਜਰਾਇ[2] ਜੇ, ਜਬਰ ਜਵਾਹਰ ਜੋਤਿ।
ਜਾਂਬੂਨਦ[3] ਦਮਕਤਿ ਮਹਿਦ, ਪਹਿਰੇ ਸ਼ੋਭ ਉਦੋਤਿ ॥੧੯॥

ਪਾਧੜੀ ਛੰਦ: ਸ੍ਰੀ ਹਰਿਗੁਵਿੰਦ ਤਨ ਕਰਿ ਸ਼ਿੰਗਾਰ।
ਸਭਿ ਬਸਤ੍ਰ ਬਿਭੂਖਨ ਚਾਰੁ ਡਾਰਿ।
ਸਿਰਪੇਚ[4] ਸੀਸ ਪਰ ਅਤਿ ਸੁਹਾਇ।
ਜਿਸ ਪਰਿ ਜਿਗਾ ਸੁ ਹੀਰੇ ਜਰਾਇ ॥੨੦॥
ਕਲਗੀ ਉਤੰਗ ਜਿਹ ਜਗਤਿ ਜੋਤਿ।
ਮੁਖ ਮੰਡਲ ਸ਼ੁਭਤਿ ਅਨੰਦ ਹੋਤਿ।
ਕੁੰਡਲ ਸੁ ਡੋਲਿ ਗੋਲੈਂ ਕਪੋਲ[5]।
ਸ਼ੋਭਤਿ ਅਮੋਲ ਜਬਿ ਹੋਤਿ ਲੋਲ[6] ॥੨੧॥
ਮੁਕਤਾ ਸੁ ਮਾਲ ਗਰ ਮੈਂ ਬਿਸਾਲ।
ਭੁਜਦੰਡਨਿ ਅੰਗਦ ਦੁਤਿ ਉਜਾਲ।
ਹਾਟਕ ਜੜਾਵ ਕਰ ਕਟਕ ਪਾਇ[7]।

---

[1]ਜੰਞ ਚੜ੍ਹਨ ਦਾ ਦਿਨ।
[2]ਗਹਿਣੇ ਜੜੇ ਜੜਾਊ।
[3]ਸੋਨਾ।
[4]ਚੀਰਾ।
[5]ਵਾਲੇ ਲਟਕਦੇ ਹਨ ਗੋਲ ਗੱਲ੍ਹਾਂ ਤੇ।
[6]ਜਦੋਂ ਹਿੱਲਦੇ ਹਨ।
[7]ਸੋਨੇ ਦੇ ਜੜਾਊ ਕੜੇ ਹੱਥਾਂ ਵਿਚ ਪਾਏ ਹੋਏ ਹਨ।

ਛਬਿ ਛਾਪ ਛਲਾਯਨਿ ਸ੍ਵੱਛ ਛਾਇ[1] ॥੨੨॥
ਕਰ ਬੰਧਯੋ ਕੰਗਣਾ ਸੋਭ ਦੇਤਿ।
ਪਟ ਪੀਤ ਪਹਿਰ ਦੁਤਿ ਪਰਮ ਲੇਤਿ।
ਝੁਲਿਯੰਤਿ ਛਤਰ ਫਿਰ ਫਿਰ ਫਿਰਾਇ।
ਢੁਰਿਯੰਤਿ ਚੌਰ ਚਾਰੂ ਸੁਹਾਇ ॥੨੩॥
ਤਬਿ ਗਈ ਗੰਗ ਲੇ ਗੁਰੁ ਸਥਾਨ।
ਇਸਤ੍ਰੀ ਸਮੂਹ ਮਿਲਿ ਕਰਤਿ ਗਾਨ।
ਤਬਿ ਹਨੇ ਡੰਕ ਧੌਂਸਾ ਧੁੰਕਾਰ।
ਡਫ ਪਣਵ ਪਟਹ, ਧੁਨਿ ਭੀ ਉਦਾਰ ॥੨੪॥
ਤੁਰਰੀ ਨਫੀਰ ਛੈਣੇ ਬਜੰਤਿ।
ਗਨ ਢੋਲ ਬੰਸਰੀ ਧੁਨਿ ਉਠੰਤਿ।
ਗਨ ਥਾਰ ਭਰੇ ਮੋਦਕ ਬਿਲੰਦ।
ਥਿਰ ਪੌਰ[2] ਦਰਸ਼ਨੀ ਹਾਥ ਬੰਦਿ ॥੨੫॥
ਪੁਨ ਅੱਗ੍ਰ ਜਾਇ ਦਰਬਾਰ ਦ੍ਵਾਰ।
ਕਰਿ ਨਮੋ ਤਹਾਂ ਬਿਨਤੀ ਉਚਾਰਿ।
'ਇਹ ਦਾਸ ਆਪਕੋ ਬਜਾਹ ਜਾਹਿ।
ਤੁਮ ਹੁਇ ਸਹਾਇ ਦਿਹੁ ਬਿਘਨ ਦਾਹਿ ॥੨੬॥
ਸਭਿ ਥਾਨ ਕਰੋ ਕੱਲਜਾਨ ਨਾਥ।
ਨਿਸ ਦਯੋਸ ਦਾਸ ਕੇ ਹੋਇ ਸਾਥ।
ਸੁਖ ਸੰਗਿ ਬਜਾਹ ਕੇ ਸਦਨ ਆਇ।
ਤੁਮ ਢਿਗ ਕਰਾਹੁ ਬਹੁ ਤਬਿ ਚਢਾਇੰ' ॥੨੭॥
ਇਮ ਪੁੱਤ੍ਰ ਸ਼੍ਰੇਯ ਹਿਤ[3] ਗੰਗ ਭਾਖਿ।
ਗੁਰੁ ਦਾਸਨਿ ਕੀ ਪੁਰਵਤਿ ਭਿਲਾਖ।
ਪੁਨ ਦੀਨਿ ਪ੍ਰਦੱਛਨ ਚਾਰ ਬਾਰਿ।
ਚਹੁੰ ਓਰ ਨੰਮ੍ਰਿ ਹ੍ਵੈ ਭਾਉ ਧਾਰਿ ॥੨੮॥
ਸਤਿਗੁਰੁ ਮਨਾਇ ਲੇ ਤਨੁਜ ਸੰਗਿ।
ਹਿਤ ਬ੍ਰਾਤਿ ਚਢਾਵਨਿ ਗਮਨਿ ਗੰਗ।
ਪੁਰਿ ਵਹਿਰ ਜਾਇ ਗਨ ਸੰਗ ਨਾਰਿ।
ਬਾਦਤ ਬਜੰਤ ਧੁਨਿ ਏਕ ਸਾਰ ॥੨੯॥

---

[1]ਪਵਿੱਤ੍ਰ ਛਬੀ ਛਾ ਰਹੀ ਹੈ।
[2]ਦਰਵਾਜੇ।
[3]ਭਲੇ ਲਈ।

ਵਾਹਨ ਅਨੇਕ ਨਿਕਸੰਤਿ ਚਾਰੁ।
ਸਜੰਦਨ ਸੁਰੰਗ ਜ਼ਰ ਸੋਂ ਉਛਾਰ[1]।
ਕਿਸਹੂੰ ਤੁਰੰਗ ਕਿਸ ਬ੍ਰਿਖਭ ਜੋਰਿ।
ਜਿਨ ਕੇਰ ਪੁਸ਼ਟ ਤਨ ਮਹਿਦ ਜੋਰਿ ॥੩੦॥
ਘੰਟੇ ਠਣੰਕ, ਘੁੰਘਰ ਝਣੰਕ।
ਪ੍ਰੇਰਕ ਸਬਿੱਦਜ[2] ਤੋਰਤਿ[3] ਨਿਸ਼ੰਕ।
ਬਹੁ ਬਹਿਲ ਬੇਗ ਤੇ ਚਲਿ ਬਿਲੰਦ।
ਸੁੰਦਰ ਸ਼ਿੰਗਾਰ ਪਿਖਿ ਦੇ ਅਨੰਦ ॥੩੧॥
ਨਿਕਸੇ ਕਿਤੇਕ ਚਢਿ ਕਰਿ ਤੁਰੰਗ।
ਜੋ ਚਲਿਤਿ ਚਾਲ ਬਡ ਬੇਗ ਸੰਗਿ।
ਬਹੁ ਹੇਮ ਰਜਤਿ ਜੁਤ ਸਜਤਿ ਜ਼ੀਨ।
ਪਟ ਅਲੰਕਾਰ ਪਹਿਰੇ ਨਵੀਨ ॥੩੨॥
ਚਢਿ ਛੈਲ[4] ਕੁਦਾਵਤਿ ਚਲਤਿ ਗੈਲਿ।
ਪੁਰਿ ਤਜਿ ਬਰਾਤ ਗਈ ਵਹਿਰ ਫੈਲਿ।
ਸ਼੍ਰੀ ਅਰਜਨ ਤਬਿ ਦਰਬਾਰ ਜਾਇ।
ਪਿਤ ਧਜਾਨ ਧਾਰਿ ਕਰਿ ਸਿਰ ਨਿਵਾਇ ॥੩੩॥
ਲੇ ਬ੍ਰਿੱਧ ਸੰਗਿ ਗੁਰਦਾਸ ਆਨਿ।
ਅਰੁ ਮਹਾਦੇਵ ਬਡ ਭ੍ਰਾਤ ਜਾਨਿ।
ਸਜੰਦਨ ਚਢਾਇ ਸਨਮਾਨ ਕੀਨਿ।
ਪੁਨ ਦਾਤੂ ਮੁਹਰੀ ਬੋਲਿ ਲੀਨਿ ॥੩੪॥
ਜੁਤ ਅਨੰਦ ਭ੍ਰਾਤ ਸੰਸਰਾਮ ਜੋਇ।
ਬਚ ਮ੍ਰਿਦੁਲ ਸੁਨਤਿ ਰਥ ਚਢਤਿ ਸੋਇ।
ਪੁਨ ਕ੍ਰਿਸ਼ਨਚੰਦ ਨੰਦਨ ਸਮੇਤ।
ਹੁਇ ਕਰਿ ਅਰੂਢ ਬਡ ਸ਼ੋਭ ਦੇਤਿ ॥੩੫॥
ਜੇਠਾ ਪਿਰਾਣ ਅਰੁ ਬਿਧਿਯ ਚੰਦ।
ਚਢਿ ਕਰਿ ਸੁ ਲੰਙ[5] ਪੈੜਾ ਬਿਲੰਦ।
ਗਨ ਭੱਲੇ ਤੇਹਣ ਸਹਤ ਦਾਸ।
ਗੁਰੁ ਸਿੱਖ ਚਲੇ ਧਰਿ ਕੈ ਹੁਲਾਸ ॥੩੬॥

---

[1]ਜ਼ਰੀ ਦੇ ਉਛਾੜਾਂ ਸਮੇਤ।
[2]ਰਥਵਾਹੀ ਵਿੱਦਜਾ ਸਹਤ, ਭਾਵ ਪ੍ਰਬੀਨ ਰਥਵਾਹੀ।
[3]ਤੋਰਦੇ ਹਨ।
[4]ਬਾਂਕੇ ਜਵਾਨ।
[5]ਨਾਮ ਹੈ-ਲੰਗਾਹਾ।

ਸਗਰੇ ਮਸੰਦ ਲਹਿ ਲਹਿ ਅਨੰਦ।
ਸਭਿ ਚਢੇ ਜਾਨੁ ਪਿਖਿ ਪਿਖਿ ਸੁਛੰਦ।
ਸਾਲ੍ਹੋ ਅਰੂਢ ਹ੍ਵੈ ਕਰਿ ਸੁ ਚਾਲਿ।
ਅਰੁ ਉਮਰ ਸ਼ਾਹੁ ਕੱਲਜਾਨ ਲਾਲ ॥੩੭॥
ਮੋਰਨਿ ਮਨਿੰਦ ਘੋਰਨਿ ਚਲਾਇ।
ਜੁਤ ਬਸਨ ਬਿਭੂਖਨ ਦੁਤਿ ਬਢਾਇ।
ਅਰੁ ਔਰ ਨਾਮ ਗਿਨੀਅਹਿਂ ਕਿਤੇਕ।
ਚਾਲੇ ਬਰਾਤਿ ਸਾਊ[1] ਅਨੇਕ ॥੩੮॥
ਸ੍ਰੀ ਅਰਜਨ ਸਿਵਕਾ ਪਰ ਅਰੂਢਿ।
ਜਿਹ ਜਰੀ ਲਾਗਿ ਦੁਤਿ ਹੈ ਅਗੂਢ।
ਬਿਚ ਮੁਕਰ[2] ਜਰੇ ਮਲਹੀਨ ਚਾਰੁ।
ਲਟਕੰਤਿ ਜਰੀ ਗੁੰਫਨਿ ਸੁ ਲਾਰੁ[3] ॥੩੯॥
ਸ੍ਰੀ ਹਰਿ ਗੁਵਿੰਦ ਪਟ ਪੀਤ ਸ਼ੋਭ।
ਚਢਿ ਹੈਂ ਕੁਦਾਇ ਕਵਿ ਚਿੱਤ ਲੋਭ।
ਜਨੁ ਸੰਝ ਸਮੈ ਘਨ ਅਲਪ ਹੋਇ[4]।
ਬਰ ਬਰਹਿਂ[5] ਨਚਾਵਤਿ ਚਲਤਿ ਸੋਇ ॥੪੦॥
ਇਕ ਦਿਸ਼ਾ ਬਜਤਿ ਬਾਜੇ ਉਦਾਰ।
ਇਕ ਦਿਸ਼ਾ ਗੀਤ ਗਨ ਗਾਇੰ ਨਾਰਿ।
ਛਣਕਾਰ ਰਥਨਿ ਉਤ ਅਧਿਕ ਹੋਇ।
ਇਕ ਦਸ਼ਾ ਕੁਦਾਵਤਿ ਹਯਨਿ ਕੋਇ ॥੪੧॥
ਬਡ ਸ਼ਬਦ ਚੱਕਰਨਿ[6] ਭਰੀ ਭੀਰ।
ਨਰ ਬ੍ਰਿੰਦ ਕੁਲਾਹਲ ਅਧਿਕ ਭੀਰ।
ਹੁਇ ਹਯਨਿ ਹਿਰੇਖਾ ਧੁਨਿ ਉਠੰਤਿ।
ਸ਼ੁਤਰੰਨਿ ਉਪਰ ਸੁਥਰੀ[7] ਬਜੰਤਿ ॥੪੨॥
ਕੁਛ ਕਹੀ ਬਾਤ ਨਹਿਂ ਸੁਨਿਯ ਜਾਇ।
ਇਮ ਪਣਵ ਪਟਹ ਢੋਲਾਦਿ ਵਾਇ[1]।

---

[1]ਭਲੇ ਪੁਰਸ਼।
[2]ਸ਼ੀਸ਼ੇ।
[3]ਜ਼ਰੀਦਾਰ ਗੁੱਛਿਆਂ ਦੀ ਪੰਗਤੀ।
[4]ਬੱਦਲ ਥੋੜਾ ਹੋਵੇ।
[5]ਸ੍ਰੇਸ਼ਟ ਮੋਰ [ਸੰਸ: ਵਰ੍ਹਿ]
[6]ਪਹੀਆਂ ਦਾ।
[7]ਊਠਾਂ ਉੱਤੇ ਧਰੇ ਜਾਣ ਵਾਲੇ ਨਗਾਰੇ।

ਗੁਰ ਪੁਰੀ ਛੋਟਿ ਉਤਸਵ ਬਿਸਾਲ।
ਜਨੁ ਬਿਚ ਨ ਮੇਯ ਬਾਹਰ ਉਛਾਲਿ ॥੪੩॥
ਗਮਨੇ ਸੁ ਪੰਥ ਦਿਨ ਰਹਤਿ ਜਾਮ।
ਜੁਗ ਕੋਸ ਜਾਇ ਠਾਨ੍ਯੋ ਬਿਸ੍ਰਾਮ।
ਚਲਿ ਪ੍ਰਥਮ ਸਿਵਰ ਕਿਯ ਥੋਰਿ ਦੂਰਿ।
ਉਤਰੀ ਬਰਾਤ ਸ਼ੋਭੰਤਿ ਰੂਰ ॥੪੪॥
ਗਨ ਤ੍ਰੀਯ ਸੰਗ ਲੇ ਗੰਗ ਆਇ।
ਨਿਜ ਸਦਨ ਪ੍ਰਵੇਸ਼ਤਿ ਰੁਚਿਰ ਗਾਇ।
ਸੁਖ ਚਹਤਿ, ਪੁੱਤ੍ਰ ਮਹਿਂ ਅਧਿਕ ਪਜਾਰਿ।
ਬਿਛਰ੍ਯੋ ਸੁ ਪ੍ਰਥਮ ਜਿਸ ਨਿਤ ਨਿਹਾਰ ॥੪੫॥
ਸੁਤ ਸਹਤ ਸਨੂਖਾ ਪਿਖਿਵ ਫੇਰਿ।
ਉਰ ਸਿਮਰਿ ਸਿਮਰਿ ਕਹਿ ਬੇਰਿ ਬੇਰਿ।
'ਗੁਰੁ ਕ੍ਰਿਪਾ ਪਾਇ ਆਵਹਿ ਅਨੰਦ।'
ਸਭਿ ਤ੍ਰੀਯ ਕਹਤਿ 'ਤੁਵ ਨੰਦ ਚੰਦ[2]' ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਵਜਾਹ' ਪ੍ਰਸੰਗ ਬਰਨਨੰ ਨਾਮੁ ਦਸ਼ਮੋਂ ਅੰਸੂ ॥੧੦॥

---

[1]ਵਜਦੇ ਹਨ।
[2]ਤੇਰਾ ਪੁੱਤ੍ਰ ਚੰਦ੍ਰਮਾਂ ਵਤ (ਸੁਹਣਾ) ਗੁਰੂ ਕ੍ਰਿਪਾ ਨਾਲ ਛੇਤੀ ਰਾਜ਼ੀ ਖੁਸ਼ੀ ਆਵੇ।

੧੧. [ਬਰਾਤ ਦਾ ਢੁਕਾਉ]

੧੦<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੨

ਦੋਹਰਾ: ਖਾਨ ਪਾਨ ਉੱਤਮ ਕਰਯੋ, ਨਿਸਾ ਬਿਖੈ ਪਰਿ ਸੋਇ।
ਸ੍ਰੀ ਸਤਿਗੁਰੂ ਅਰਜਨ ਨਿਕਟਿ, ਹਰਿ ਗੁਵਿੰਦ ਤਬਿ ਹੋਇ ॥੧॥

ਪਾਧੜੀ ਛੰਦ: ਜਬਿ ਰਹੀ ਜਾਮਨੀ ਆਨਿ ਜਾਮ।
ਸਿਮਰਨਿ ਲਗੇ ਸੁ ਕਰਤਾਰ ਨਾਮ।
ਰਾਗੀ ਰਬਾਬ ਸੁ ਮ੍ਰਿਦੰਗ ਸੰਗਿ।
ਇਨ ਕੋ ਬਜਾਇ ਗਾਵਤਿ ਉਤੰਗ ॥੨॥
ਸ੍ਰੂਤ ਸੁਖਦ ਗਾਇਂ ਗੁਰੁ ਸ਼ਬਦ ਰਾਗ[1]।
ਸਿਖ ਸੁਨਤਿ ਪ੍ਰੇਮ ਕਰਿ ਮਹਿਦ ਭਾਗ।
ਇਸ਼ਨਾਨ ਆਦਿ ਸਭਿ ਸੌਚਿ ਕੀਨਿ।
ਨਰ ਉਠੇ ਸਕਲ ਮਤਿ ਨਾਮ ਭੀਨਿ ॥੩॥
'ਧੰਨ ਧੰਨ ਸਤਿਗੁਰੂ' ਭਨਤਿ ਬੈਨ।
ਸਤਿਨਾਮ ਸ਼੍ਰੋਨਿ ਸੁਨਿ ਹੋਤਿ ਚੈਨ।
ਪੁਨਿ ਬਜੇ ਬਾਜ ਪਿਖਿ ਪ੍ਰਾਤਕਾਲ।
ਸਭਿ ਥਿਏ ਤਯਾਰਿ ਉਰ ਮੁਦ ਬਿਸਾਲ ॥੪॥
ਅਸਵਾਰੁ ਭਏ ਸਭਿ ਸਜਤਿ ਜਾਨੁ।
ਬਡ ਉਠਯੋ ਸ਼ਬਦ ਨਹਿਂ ਸੁਨਿਯ ਕਾਨ।
ਦਿਨ ਚਢे ਚਲਤਿ ਹਿਮ ਰੁਤ ਮਹਾਨ।
ਨਹਿਂ ਲਗਹਿ ਸੀਤ ਹੁਇ ਤੇਜ ਭਾਨੁ ॥੫॥
ਸਯੰਦਨ ਤੁਰੰਗ ਅਰੁ ਬਹਿਲ ਜਾਲ[2]।
ਬਾਦਿਤ ਬਜੰਤਿ, ਚਾਲਤਿ ਉਤਾਲ।
ਬਡ ਧੂਲਿ ਉਠਤਿ ਵਾਹਨ ਚਲੰਤਿ।
ਗਨ ਸ਼ੁਤਰ ਗਮਨਿ ਭਾਰਨਿ ਉਠੰਤਿ ॥੬॥
ਗਨ ਆਇ ਜੁ ਮੰਗਤਿ ਪੰਥ ਬੀਚ।
ਸਭਿ ਲਹੈਂ ਦਰਬ ਹੁਇ ਊਚਿ ਨੀਚ।
ਜਸੁ ਭਨਤਿ ਗ੍ਰਾਮ ਜੇ ਰਾਹ ਮਾਂਹਿ।
ਢਿਗ ਆਇ ਜਾਚਿ ਹਟਿ ਛੂਛ ਨਾਂਹਿ* ॥੭॥
ਜਨੁ ਧਨੁ ਗਨ ਘਨ ਬਰਖੰਤਿ ਜਾਤਿ।

---

[1]ਕੰਨਾਂ ਨੂੰ ਸੁਖ ਦੇਣ ਵਾਲੇ ਗੁਰ ਸ਼ਬਦ ਰਾਗ ਵਿਚ ਗਾਵੇਂ।

[2]ਸੱਭੇ।

*ਪਾ:-ਨਹਿਂ ਛੂਛ ਜਾਹਿਂ।

ਇਮ ਦੇਤਿ ਗੁਰੂ ਅਰਜਨ ਸੁ ਦਾਤਿ।
ਚਲਿ ਸਨੇ ਸਨੇ ਪਹੁੰਚੇ ਖਡੂਰ।
ਤਬਿ ਆਇ ਦਾਤੁ ਗੁਰੁ ਕੇ ਹਦੂਰ ॥੮॥
ਬਚ ਕਹਜੋ 'ਕਰਹੁ ਡੇਰਾ ਸਥਾਨ।
ਮੈਂ ਚਹੌਂ ਦਿਯੋ ਸਭਿ ਖਾਨ ਪਾਨ।
ਪੁਰਿ ਗੋਂਦਵਾਲ ਜੇ ਚਹਹੁ ਜਾਨਿ।
ਸਭਿ ਹੋਹਿਂ ਸ਼੍ਰਮਤਿ ਬਡ ਖੇਦ ਮਾਨਿ ॥੯॥
ਹਿਤ ਬਜਾਹ ਆਵਨੋ ਨਿਤ ਨ ਹੋਇ।
ਪਹੁਨਾਈ ਪ੍ਰਿਯ ਮੁਝ ਅਧਿਕ ਜੋਇ।'
ਇਮ ਦਾਤੂ ਤੇ ਸੁਨਿ ਸ਼੍ਰੌਨ ਬਾਤ।
ਸ਼੍ਰੀ ਅਰਜਨ ਉਲੰਘਨਿ ਨਹਿਂ ਚਹਾਤਿ ॥੧੦॥
ਕਹਿ ਕਰਿ ਨਿਦੇਸ਼ ਕੀਨਸਿ ਨਿਵੇਸ।
ਸਭਿ ਪਰੇ ਉਤਰ ਕਰਿ ਮੁਦ ਵਿਸ਼ੇਸ਼।
ਸ਼੍ਰੀ ਹਰਿ ਗੋਵਿੰਦ ਕੋ ਸੰਗ ਲੀਨਿ।
ਗੁਰ ਅੰਗਦ ਥਲ ਚਹਿ ਦਰਸ ਕੀਨਿ ॥੧੧॥
ਧਨ ਪੰਚ ਸਹਸ[1] ਗਿਨ ਲੀਨਿ ਸਾਥ।
ਪਰਸਾਦਿ ਥਾਰਿ ਭਰਿ ਧਰਹਿ ਹਾਥਿ।
ਸ਼੍ਰੀ ਅਰਜਨ ਗਮਨੇ ਅਨੰਦ ਧਾਰਿ।
ਚਲਿ ਪਹੁੰਚਤਿ ਭੇ ਦਰਬਾਰ ਦ੍ਵਾਰਿ ॥੧੨॥
ਅਰਦਾਸ ਖਰੇ ਹ੍ਵੈ ਕਰਿ ਕਰਾਇ।
ਬਹੁ ਨਮੋ ਕੀਨਿ ਧਰਿ ਸਿਰ ਨਿਵਾਇ।
ਪਰਦਛਨ ਦੀਨਿ ਪੁਸ਼ਪਨਿ ਚਢਾਇ।
ਉਰ ਭਾਉ ਧਾਰਿ ਧੂਪਨਿ ਧੁਖਾਇ ॥੧੩॥
ਜਬਿ ਰਹਜੋ ਦਿਵਸ ਘਟਿਕਾ ਸੁ ਚਾਰ।
ਗੁਰੁ ਸਭਾ ਲਾਇ ਦਰਬਾਰ ਦ੍ਵਾਰ।
ਸੁਨਿ ਚੌਕੀ ਸੋਦਰ ਸੰਝਿ ਆਇ।
ਤਬਿ ਬਿਚ ਨਿਵੇਸ[2] ਪ੍ਰਵਿਸ਼ੇ ਸੁ ਆਇ ॥੧੪॥
ਸਭਿ ਖਾਨ ਪਾਨ ਕੀ ਸੇਵ ਜੋਇ।
ਹਿਤ ਲਾਇ ਸੁ ਦਾਤੂ ਕੀਨਿ ਸੋਇ।
ਸੁਖ ਕੇ ਸਮੇਤ ਜਾਮਨਿ ਬਿਤਾਇ।

---

[1]ਪੰਜ ਸੌ।
[2]ਘਰ, ਉਤਾਰੇ ਦੇ ਥਾਂ।

ਉਠਿ ਸੌਚ ਕ੍ਰਿਆ ਕੀਨਿਸਿ ਨਹਾਇ ॥੧੫॥
ਚਢਿ ਕੈ ਬਰਾਤ ਗਮਨੀ ਸੁ ਰਾਹੁ।
ਜਿਸ ਬਿਖੈ ਛੈਲ[1] ਕਰਤੇ ਉਮਾਹੁ।
ਤ੍ਰੈ ਕੋਸ ਹੁਤੀ ਗੋਇੰਦਵਾਲ।
ਤਹਿਂ ਗਏ ਜਾਇ ਪਹੁੰਚੇ ਉਤਾਲ ॥੧੬॥
ਸਭਿ ਉਤਰ ਬਾਵਲੀ ਕਰਿ ਸ਼ਨਾਨ।
ਕਰਿ ਨਮੋ ਜਹਾਂ ਸ਼੍ਰੀ ਅਮਰ ਥਾਨ।
ਪੁਨ ਮਿਲੇ ਜਾਇ ਮੋਹਨ ਸੁ ਪਾਸ।
ਕਰ ਬੰਦਿ ਬੰਦਨਾ ਕੀਨਿ ਤਾਸਿ ॥੧੭॥
ਸ਼੍ਰੀ ਹਰਿਗੁਵਿੰਦ ਸਿਰ ਚਰਨ ਧਾਰਿ।
ਬਲਿਹਾਰ ਹੋਤਿ ਤਨ ਦੁਤਿ ਨਿਹਾਰਿ।
ਲਹਿ ਸੋਢਿਬੰਸ ਬਡਿਤਾ ਬਿਲੰਦ।
ਜਿਨ ਸ਼ੁਭਤਿ ਰੂਪ ਜਨੁ ਉਦਯ ਚੰਦ ॥੧੮॥
ਨਿਜ ਅੰਕ ਲੀਨਿ ਧਾਰਤਿ ਦੁਲਾਰਿ।
ਪਿਖਿ ਵਧੀ ਪ੍ਰੀਤਿ ਲਾਗੰਤਿ ਪਜਾਰ।
ਅਸ ਕੌਨ ਪੁਰਖ ਦੇਖੇ ਸਰੂਪ।
ਨਹਿਂ ਕਰਹਿ ਪ੍ਰੇਮ ਅਸ ਲਹਿ ਅਨੂਪ ॥੧੯॥
ਪੁਨ ਗ੍ਰੰਥ ਕਰਨਿ ਕੀ ਬਾਤਿ ਕੀਨਿ।
ਸ਼੍ਰੀ ਅਰਜਨ ਸੁਧਿ ਸਭਿ ਉਚਰਿ ਦੀਨਿ।
'ਇਹ ਕ੍ਰਿਪਾ ਆਪ ਕੀ ਭੀ ਬਿਸਾਲ।
ਨਰ ਮੰਦ ਮਤੀ ਕਲਿ ਕਾਲ ਜਾਲ ॥੨੦॥
ਇਸ ਕੇ ਅਲੰਬ ਹੋਇਸਿ ਉਧਾਰ।
ਉਪਕਾਰ ਮਹਾਂ ਜਗ ਪਰ ਤੁਮਾਰ।'
ਸੁਨਿ ਮੋਹਨ ਕਹਤਿ ਸਗਰੋ ਬਿਚਾਰ।
'ਮਮ ਪਿਤਾ ਕਰਨਿ ਲਾਗੇ ਉਚਾਰ ॥੨੧॥
-ਨਹਿਂ ਲਿਖਨ ਹਾਰ ਢਿਗ- ਉਰ ਬਿਚਾਰਿ।
ਸੰਸਰਾਮ ਪੁੱਤ੍ਰ ਮੇਰੋ ਹਕਾਰ।
ਇਸ ਕੋ ਸਿਖਾਇ ਦਿਨ ਥੋਰ ਮਾਂਹਿ।
ਤਬਿ ਲਿਖਨਿ ਲਗਾਯਸਿ ਸ਼ਬਦ ਤਾਂਹਿ ॥੨੨॥
ਸਭਿ ਗੁਰਨਿ ਕੇਰਿ ਬਾਨੀ ਮਹਾਨ।
ਕਰਿ ਖੋਜਿ ਰੋਜ ਲਿਖਿ ਕਰਿ ਸੁਜਾਨ।

---
[1]ਬਾਂਕੇ ਜਵਾਨ।

ਸਭਿ ਸ਼ਬਦ ਸਕਲ ਪੋਥੀ ਸੁ ਕੀਨਿ।
ਇਹ ਪਿਤਾ ਮੋਹਿ ਉਪਕਾਰ ਚੀਨ ॥੨੩॥
ਜਬਿ ਦੇਵ ਲੋਕ ਪਹੁੰਚੇ ਕ੍ਰਿਪਾਲ।
ਤਬਿ ਸੰਸਰਾਮ ਰਾਖੀ ਸੰਭਾਲਿ।
ਤੁਮ ਕਰੀ ਜਾਚਨਾ ਬਹੁਰ ਆਇ।
ਹਮ ਦਈ ਤਬਹਿ ਸੁਤ ਤੇ ਮੰਗਾਇ' ॥੨੪॥
ਸ੍ਰੀ ਅਰਜਨ, ਕਹਿ 'ਅਬਿ ਚਲਹੁ ਸੰਗ।
ਨਿਜ ਸੇਵਕ ਬਜਾਹਨਿ ਕੋ ਉਮੰਗ।
ਤੁਮ ਬਡੇ ਸਦਾ ਹਮਰੇ ਅਲੰਬ।
ਨਿਜ ਸ਼ਰਨਿ ਹੇਰਿ ਹਤਿ ਦੁਖ ਕੁਟੰਬ' ॥੨੫॥
ਸੁਨਿ ਮੋਹਨ ਉਤਰ ਬਹੁਰ ਦੀਨਿ।
'ਸਭਿ ਕੁਟੰਬ ਸੰਗ ਹਮਰੋ ਸੁ ਲੀਨਿ।
ਹਮ ਸਦਾ ਸਾਥ ਤੁਮਰੇ ਰਹੰਤਿ।
ਨਿਤ ਮੋਹਿ ਭਾਵਤੋ ਰਹਿ ਇਕੰਤ' ॥੨੬॥
ਸੁਨਿ ਕ੍ਰਿਪਾ ਭਰੇ ਮਾਤੁਲ ਸੁ ਬੈਨ।
ਕਰਿ ਨਮੋ ਉਠੇ ਪੁਨ ਤਾਂਹਿ ਐਨ।
ਉਲੰਘੀ ਬਰਾਤ ਸਲਿਤਾ ਸੁ ਪਾਰ।
ਬਾਦਿਤ ਲਜੰਤਿ ਗਮਨੇ ਅਗਾਰਿ ॥੨੭॥
ਸ੍ਰੀ ਹਰਿ ਗੋਵਿੰਦ ਨਿਜ ਸੰਗ ਲੀਨਿ।
ਹੁਇ ਨਦੀ ਪਾਰਿ ਪ੍ਰਸਥਾਨ ਕੀਨਿ।
ਸੁਲਤਾਨ ਪੁਰੇ ਪਹੁੰਚੇ ਸੁ ਜਾਇ।
ਧਨ ਦੇਤਿ ਜਾਚਤੋ ਜੌਨ ਆਇ ॥੨੮॥
ਸ੍ਰੀ ਗੁਰੁ ਨਿਦੇਸ਼ ਲੇ ਕਰਿ ਨਿਵੇਸ।
ਉਤਰੇ ਸਮੂਹ ਪਿਖਿ ਥਾਨ ਬੇਸ਼[1]।
ਸਜੰਦਨ ਤੁਰੰਗ ਦੀਨਿਸਿ ਲਗਾਇ[2]।
ਲਗਿ ਖਾਨਪਾਨ ਸਭਿ ਥਾਇੰ ਥਾਇੰ ॥੨੯॥
ਸ੍ਰੀ ਹਰਿ ਗੁਵਿੰਦ ਨਿਜ ਸੰਗ ਲੀਨਿ।
ਗੁਰੁ ਨਾਨਕ ਥਲ ਤਿਨ ਦਰਸ ਕੀਨਿ।
ਜਹਿਂ ਲਗੀ ਦੰਤਧਾਵਨਿ[3] ਸੁ ਬੇਰਿ।

---
[1]ਸੁੰਦਰ, [ਫਾ: ਬੇਸ਼ = ਬੜਾ, ਵਧੀਆ]
[2]ਥਾਂ ਸਿਰ ਬੰਨ੍ਹ ਦਿੱਤੇ।
[3]ਦਾਤਣ।

ਤਹਿਂ ਧਰੀ ਭੇਟਿ ਕਰ ਜੋਰਿ ਹੇਰਿ ॥੩੦॥
ਪੁਨਿ ਕਰੀ ਕਾਰ ਮੋਦੀ ਦੁਕਾਨ।
ਤਿਸ ਦਰਸ ਕੀਨਿ ਨਿਜ ਜੋਰਿ ਪਾਨ।
ਨਿਜ ਸੰਗ ਸੰਗਤਾਂ ਸਿਖ ਮਹਾਨ।
ਤਿਨ ਸੋਂ ਪ੍ਰਸੰਗ ਕਰਤੇ ਬਖਾਨ ॥੩੧॥
'ਦਿਨ ਤੀਨ ਰਹਿ ਸੁ ਵੇਂਈ ਮਝਾਰ।
ਪੁਨ ਨਿਕਸਿ ਲੁਟਾਇ ਵਸਤੂ ਉਦਾਰ।
ਬਹੁ ਦੇਸ਼ ਵਿਦੇਸ਼ਨਿ ਫਿਰਿ ਵਿਸ਼ੇਸ਼।
ਬਿਸਤਾਰ ਦੀਨਿ ਸਿੱਖੀ ਸੁ ਬੇਸ਼ ॥੩੨॥
ਕਲਿਕਾਲ ਘੋਰ ਅੰਧੇਰ ਭੂਰ।
ਕੀਨਸਿ ਪ੍ਰਕਾਸ਼ ਜਿਮ ਚਢਤਿ ਸੂਰ।'
ਇਮ ਕਹਤਿ ਦਰਸ ਕਰਿ ਸਕਲ ਥਾਨ।
ਪੁਨ ਬਸੇ ਨਿਸਾ ਨਿਜ ਸਿਵਰ ਆਨਿ ॥੩੩॥
ਕਰਿ ਖਾਨ ਪਾਨ ਮਿਸ਼ਟਾਨ ਆਦਿ।
ਨਰ ਭਏ ਸੁਪਤਿ ਪਰਿ ਸਾਹਿਲਾਦ[1]।
ਉਠਿ ਕੇ ਪ੍ਰਭਾਤਿ ਸਭਿ ਹਰਖ ਧਾਰਿ।
ਪਹਿਰੇ ਸੁ ਬਿਭੂਖਨ ਬਸਨ ਚਾਰੁ ॥੩੪॥
ਵਾਹਨਿ ਸਜਾਇ ਨਿਜ ਨਿਜ ਬਡੇਰ।
'ਹੁਇ ਹੈ ਢੁਕਾਉ' ਮੁਖ ਕਹਤਿ ਟੇਰਿ।
ਸਭਿ ਚਢੇ ਬਜਤਿ ਬਾਜੇ ਉਦਾਰ।
ਤੁਰਰੀ ਨਫੀਰ ਧੌਂਸਾ ਧੁੰਕਾਰ ॥੩੫॥
ਡਫ, ਪਣਵ, ਪਟਹ ਮੁਰਲੀ ਬਜੰਤਿ।
ਬਡ ਸ਼ੁਤਰਨਿ ਪਰਿ ਸੁਥਰੀ[2] ਚਲੰਤਿ।
ਸਜੰਦਨਿ ਧਵਾਇ ਘੋਰਨਿ ਕੁਦਾਇ।
ਬਹਿਲਨਿ ਚਲਾਇ ਘੁੰਘਰੂ ਬਜਾਇ ॥੩੬॥
ਇਮ ਮਚਜੋ ਕੁਲਾਹਲ ਧੁਨਿ ਬਿਲੰਦ।
ਗਮਨੈਂ ਸੁ ਪੰਥ ਧਰਿ ਧਰਿ ਅਨੰਦ।
ਤਬਿ ਗਏ ਸਰਬ ਪਹੁੰਚੇ ਸੁ ਜਾਇ।
ਅਧ ਕੋਸ ਗ੍ਰਾਮ ਡੱਲਾ ਰਹਾਇ ॥੩੭॥
ਤਹਿਂ ਉਤਰ ਪਰੇ ਸਭਿ ਜਾਨੁ[1] ਛੋਰ।

---

[1]ਸਹਿਤ ਅਨੰਦ ਦੇ ਪੈਕੇ ਸੁੱਤੇ।
[2]ਊਠੀ ਨਗਾਰੇ।

ਸੁਧਿ ਗਈ ਤਬਹਿ ਡੱਲੇ ਸੁ ਓਰਿ।
ਸੁਨਿ ਸ੍ਰੁਤਿ[੨] ਨਰਾਇਣ ਦਾਸ ਸੋਇ।
ਸਭਿ ਕਰੀ ਤਯਾਰਿ ਹਿਤ ਪਠਨਿ ਜੋਇ ॥੩੮॥
ਪਕਵਾਨ ਅਧਿਕ ਮਿਸ਼ਟਾਨ ਲੀਨਿ।
ਭਰਿ ਕਾਵਰ[੩] ਜੇਤਿਕ ਖਰਚ ਚੀਨਿ।
ਸਜਿ ਵਾਹਨ ਅਪਨੇ ਹੁਇ ਸੁਚੇਤ।
ਚਢਿ ਚਲੇ ਅਗਾਊ ਲੈਨਿ ਹੇਤਿ ॥੩੯॥
ਅਗਵਾਨ ਆਇ ਅਵਿਲੋਕਿ ਬ੍ਰਿੰਦ।
ਤਬਿ ਹਨੇ ਡੰਕ ਬਾਦਿਤ ਬਿਲੰਦ।
ਛੂਟੇ ਨਿਸ਼ਾਨ ਅਗਵਾਨਿ ਜਾਤਿ।
ਜਿਨ ਜ਼ਰੀ ਲਾਗਿ ਬਹੁ ਰੰਗ ਭਾਂਤਿ ॥੪੦॥
ਦੁਹਿੰ ਦਿਸ਼ਿਨਿ ਮੇਲ ਇਸ ਰੀਤਿ ਕੀਨਿ।
ਜਨੁ ਘੋਖਿ ਘੋਖਿ ਘਨ ਮਿਲਤਿ ਪੀਨ[੪]।
ਵਾਹਨਿ[੫] ਭਜਾਇ ਵਾਹਨ[੬] ਉਠਾਇ।
ਮਿਲਿ ਆਪ ਮਾਂਹਿ ਆਨੰਦ ਉਪਾਇ ॥੪੧॥
ਜਨੁ ਨਦੀ ਹਰਖ ਕੀ ਉਮਡਿ ਦੋਇ।
ਹੁਇ ਸੰਗਮ[੭] ਅੰਗ ਉਮੰਗ ਜੋਇ।
ਗਨ ਵਸਤੁ ਅੱਗ੍ਰ ਗੁਰੁ ਕੇ ਟਿਕਾਇ।
ਸਭਿ ਪਰੇ ਪਾਂਇ ਚਿਤ ਚਾਇ ਚਾਇ ॥੪੨॥
ਬਹੁ ਬਿਨੈ ਭਨੀ ਸਭਿ ਹਾਥ ਬੰਦਿ।
'ਹਮ ਅਲਪ, ਲਘੁ, ਤੁਮ ਬਡਿ ਬਿਲੰਦ।
ਨਿਜ ਦਾਸ ਜਾਨਿ ਪਤਿ ਲੇਹੁ ਰਾਖਿ।
ਦੇ ਦਰਸ ਕਰੀ ਪੂਰਨ ਭਿਲਾਖ' ॥੪੩॥
ਸਨਮਾਨ ਜਾਨਿ ਗੁਰੁ ਤਿਨਹੁਂ ਕੇਰਿ।
ਪਕਵਾਨ ਲੀਨਿ ਦਿਯ ਬਾਂਟਿ ਫੇਰਿ।
ਸਭਿ ਜਥਾ ਜੋਗ ਕਰਿ ਤਿਨਹੁਂ ਸਾਥ।

---

[੧]ਅਸਵਾਰੀਆਂ।
[੨]ਕੰਨੀ (ਅ) ਖਬਰ।
[੩]ਵਹਿੰਗੀ।
[੪]ਮਾਨੋ ਭਾਰੀ ਬੱਦਲ ਗੱਜ ਗੱਜ ਕੇ ਮਿਲਦੇ ਹਨ। [ਸੰਸ: ਘੁਸ਼ ਰਟਨਾ, ਉਚਾਰਨਾ]
[੫]ਅਸਵਾਰੀਆਂ ਭਾਵ ਘੋੜੇ ਭਜਾਕੇ।
[੬]ਬਾਹਵਾਂ।
[੭]ਮੇਲ।

ਕਰਿਬੇ ਢੁਕਾਉ ਪੁਨ ਚਹਤਿ ਨਾਥ ॥੪੪॥
ਇਕਿ ਮਹਾਂਦੇਵ ਕੋ ਦਰਬ ਦੀਨਿ।
ਗੁਰੁਦਾਸ ਬ੍ਰਿੱਧ, ਦੋਨੋ ਸੁ ਲੀਨਿ।
ਪੁਨ ਕ੍ਰਿਸ਼ਨ ਚੰਦ ਥਾਤੀ ਸੁਧਾਰਿ।
'ਬਰਖਾਵਤਿ ਗਮਨਹੁ*' ਗੁਰੁ ਉਚਾਰਿ ॥੪੫॥
ਤਬਿ ਚਲੇ ਗ੍ਰਾਮ ਕੇ ਸਮੁਖ ਹੋਇ।
ਨਰ ਮਿਲੇ ਹਜ਼ਾਰੋਂ ਦਿਸਨਿ ਦੋਇ।
ਗਨ ਬਜਤਿ ਬਾਜ ਭਈ ਧੂਮ ਧਾਮ।
ਬਡ ਉਠੀ ਧੂਲਿ ਲਿਯ ਛਾਦਿ ਗ੍ਰਾਮ ॥੪੬॥
ਧਨ ਕੋ ਬ੍ਰਖਾਇ ਘਨ ਮਨਹੁਂ ਚਾਰੁ।
ਬਡ ਭਯੋ ਸ਼ੋਰ ਇਕ ਬਾਰਿ ਝਾਰਿ।
ਚਢਿ ਕੈ ਉਤੰਗ ਨਰ ਨਾਰਿ ਹੇਰਿ।
ਕਹਿ ਬਚ 'ਬਰਾਤ ਆਈ ਬਡੇਰਿ' ॥੪੭॥
ਸ਼ੁਭ ਥਾਨ ਦੀਨਿ ਡੇਰੋ ਲਗਾਇ।
ਕਰਿ ਰੰਕ ਤ੍ਰਿਪਤ, ਧਨ ਕੋ ਬ੍ਰਖਾਇ।
ਤੰਬੂ ਸ਼ਮਜਾਨ ਦੀਨੇ ਸੁ ਤਾਨਿ।
ਬਡਿ ਜੈ ਉਤੰਗ ਬਹੁ ਸ਼ੋਭਵਾਨ ॥੪੮॥

ਦੋਹਰਾ: ਬੀਚ ਚੰਦੋਆ ਚਾਨਣੀ, ਤਾਨੇ ਰੇਸ਼ਮ ਡੋਰ।
ਲਗੀ ਕਨਾਤ ਬਨਾਤ ਕੀ, ਚਹੁਂ ਗਿਰਦੇ ਦੁਤਿ ਬੋਰ[1] ॥੪੯॥
ਸ੍ਰੀ ਅਰਜਨ ਨਿਜ ਤਨੁਜ, ਜੁਤਿ ਬੈਠੇ ਬ੍ਰਿੰਦ ਮਝਾਰ।
ਮਨਹੁਂ ਸੁਧਰਮਾ[2] ਸ਼ੋਭਤੀ, ਬਸਨ ਬਿਭੂਖਨ ਚਾਰੁ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਬਿਆਹ' ਪ੍ਰਸੰਗ ਬਰਨਨੰ ਨਾਮ ਇਕਾਦਸ਼ਮੋਂ ਅੰਸੂ ॥੧੧॥

---

*ਇਹ ਧਨ ਬ੍ਰਿਥਾ ਗਵਾਉਣਾ ਗੁਰੂ ਜੀ ਦੀ ਰੀਤੀ ਨਹੀਂ ਸੀ, ਸਮਾਂ ਬੰਨ੍ਹਣਾਂ ਤੇ ਉਸ ਦੇ ਸਾਰੇ ਅੰਗ ਪੂਰਨ ਕਰਨੇ ਇਹ ਕਾਵਜ ਦੀ ਇਕ ਰੀਤੀ ਹੈ, ਇਤਿਹਾਸਕ ਵਾਕਿਆ ਨਹੀਂ ਜਾਪਦਾ। ਉਂਞ ਲੋੜਵੰਦਾਂ, ਗ੍ਰੀਬਾਂ, ਥੁੜਿਆਂ ਨੂੰ ਗੁਰੂ ਜੀ ਧਨ ਦੇਂਦੇ ਹੁੰਦੇ ਸਨ।
[1]ਸ਼ੋਭਾ ਵਿਚ ਡੁੱਬੀ ਹੋਈ (ਅ) ਬੋਰਾਂ ਦੀ ਸ਼ੋਭਾ [ਬੋਰ = ਛੋਟੇ ਛੋਟੇ ਘੁੰਗਰੂ ਜੋ ਗਹਿਣਿਆਂ ਨੂੰ ਲਾਏ ਜਾਂਦੇ ਹਨ]
[2]ਇੰਦ੍ਰ ਦੀ ਸਭਾ।

੧੨. [ਬਰਾਤ]

੧੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੩

ਦੋਹਰਾ: ਸ਼੍ਰੀ ਅਰਜਨ ਕੇ ਸਾਥ ਤਬਿ, ਮਿਲਨਿ[1] ਹੇਤੁ ਹਿਤੁ ਧਾਰਿ।
ਤਜਾਰ ਨਰਾਇਣ ਦਾਸ ਭਾ, ਗਨ ਵਸਤੁਨਿ ਸੰਭਾਰਿ ॥੧॥
ਚੌਪਈ: ਜਰੇ ਜ਼ੀਨ ਬਾਜੀ ਚਪਲਾਵਤਿ।
ਗਰੇ ਬਿਭੂਖਨ ਸ਼ੋਭ ਬਢਾਵਤਿ।
ਬਸਤ੍ਰ ਰੇਸ਼ਮੀ ਛਾਦਨਿ ਕੀਨੇ।
ਗਹੇ ਲਗਾਮ ਨ ਥਿਰਤਾ ਲੀਨੇ[2] ॥੨॥
ਲੇ ਬਹੁ ਮੋਲੇ ਲਲਿਤ ਦੁਕੂਲ।
ਸ਼੍ਰੀ ਸਤਿਗੁਰੂ ਕੇ ਹੁਇ ਅਨੁਕੂਲ।
ਊਪਰ ਧਰਿ ਕਰਿ ਗਨ ਦੀਨਾਰੂ[3]।
ਲੇ ਕਰਿ ਸੰਗ ਨਰਨਿ ਪਰਵਾਰੂ ॥੩॥
ਬੰਧਪ ਸਖਾ ਸਹਿਤ ਸਮੁਦਾਊ।
ਚਲਜੋ ਨਰਾਇਣ ਦਾਸ ਅਗਾਊ।
ਸ਼੍ਰੀ ਅਰਜਨ ਸਨਮੁਖ ਤਿਹ ਸਮੋ।
ਆਇ ਮਿਲਜੋ ਕਰਿਬੇ ਚਹਿ ਨਮੋ ॥੪॥
ਹੁਤੋ ਪਰੋਹਤਿ ਤਿਹ ਸਮੁਝਾਇਵ।
'ਭੁਜਾ ਪਸਾਰਿ ਮਿਲਹੁ ਗਰ ਲਾਇਵ।
ਸਮ ਸਮਧੀ ਇਸ ਸਮੈ ਬਨੰਤੇ।
ਰਾਉ ਰੰਕ ਕੈਸੇ ਸੁ ਹੁਵੰਤੇ ॥੫॥
ਲੌਕਿਕ ਬੈਦਕ ਰੀਤਿ ਜੁ ਦੋਊ।
ਬਜਾਹ ਆਦਿ ਮਹਿਂ ਕਰਿ ਸਭਿ ਕੋਊ।
ਲਾਜ ਛੋਰਿ ਕਰੀਅਹਿ ਬਿਵਹਾਰੇ।
ਸਮਧੀ ਸੋਂ ਮਿਲਿ ਭੁਜਾ ਪਸਾਰੇ' ॥੬॥
ਸੁਨਤਿ ਨਰਾਇਣ ਦਾਸ ਬਖਾਨਾ।
'ਮੈਂ ਕੈਸੇ ਕਰਿ ਇਨਹੁਂ ਸਮਾਨਾ।
ਲੋਕ ਪ੍ਰਲੋਕ ਸਹਾਇਕ ਸ੍ਵਾਮੀ।
ਤੀਨ ਭਵਨਿ ਪਤਿ ਅੰਤਰਿਜਾਮੀ ॥੭॥
ਇਨ ਕੇ ਦਾਸ ਦਾਸ ਕੋ ਦਾਸਾ।

---

[1]ਮਿਲਨੀ ਕਰਨ ਲਈ।
[2]ਲਗਾਮ ਫੜਿਆਂ ਬੀ ਜੋ ਨਹੀਂ ਟਿਕਦੇ, ਭਾਵ ਅਤਿ ਚੰਚਲ।
[3]ਮੁਹਰਾਂ।

ਕਿਮ ਸਮਤਾ ਕਰਿਹੌਂ, ਹੁਇ ਹਾਸਾ।'
ਇਮ ਕਹਿ ਕਰੀ ਅਕੋਰ ਅਗਾਰੀ।
ਪਰਜੋ ਚਰਨ ਪਰ ਨਿਰਹੰਕਾਰੀ ॥੮॥
ਸ੍ਰੀ ਅਰਜਨ ਸਿਮਧੀ[1] ਲਖਿ ਭਾਊ।
ਪਕਰਿ ਉਠਾਇ ਲਿਯੋ ਗਰ ਲਾਊ।
ਜਥਾ ਜੋਗ ਕਰਿ ਲੌਕਿਕ ਰੀਤਿ।
ਸਨਮਾਨਜੋ ਸਭਿ ਮਹਿਂ ਲਖਿ ਪ੍ਰੀਤਿ ॥੯॥
ਹੇਰਿ ਹੇਰਿ ਸਿਖ ਸਭਿ ਬਿਸਮਾਵਹਿਂ।
'ਧੰਨ ਨਰਾਇਣ ਦਾਸ' ਅਲਾਵਹਿਂ।
'ਆਦਰ ਅਧਿਕ ਗੁਰੂ ਕਿਯ ਜਾਂਹੀ।
ਲਗਜੋ ਗਰੇ, ਇਹ ਸਮ ਕੋ ਨਾਂਹੀ' ॥੧੦॥
ਇਮ ਮਿਲਿਨੀ ਕਰਿ ਘਰੋਂ ਸਿਧਾਰਾ।
ਸ੍ਰੀ ਗੁਰੁ ਜਨਵਾਸੇ[2] ਪਗ ਧਾਰਾ[3]।
ਲਾਵਾਂ ਲੇਨਿ ਸਮੈ ਤਬਿ ਆਯਹੁ।
ਧੰਨੁ ਧੂਲਿ ਪਾਵਨਿ ਦਰਸਾਯਹੁ[4] ॥੧੧॥
ਦਿਜ ਗਨ ਪ੍ਰੇਰਜੋ ਬੈਠੇ ਪਾਸ।
ਭੇਜਜੋ ਮਨੁਜ ਨਰਾਇਣ ਦਾਸ।
'ਲਾਵਾਂ ਹਿਤ ਕਰੀਅਹਿ ਆਗਵਨੂ।
ਮੈਂ ਤਯਾਰੀ ਜੁਤਿ ਇਸਥਿਤ ਭਵਨੂ' ॥੧੨॥
ਜਬਿ ਜਨਵਾਸ[3] ਬਿਖੈ ਸੁਧਿ ਆਈ।
ਹਨੇ ਡੰਕ ਸਭਿ ਬਾਜ ਬਜਾਈ।
ਲਘੁ ਦੁੰਦਭਿ ਬਡਿ ਧੌਂਸ ਧੁੰਕਾਰੀ।
ਤੁਰਰੀ, ਮੁਰਲਿ, ਨਫੀਰ ਸੰਭਾਰੀ ॥੧੩॥
ਪਟਹ ਪਣਵ ਬਡ ਢੋਲ ਬਜਾਏ।
ਸੁਨਿਤ ਉਠੇ ਤਤਛਿਨ ਸਮੁਦਾਏ।
ਦੂਲਹੁ ਸ੍ਰੀ ਹਰਿ ਗੋਵਿੰਦ ਚੰਦ।
ਗੁਰੁ ਨੰਦਨ ਸੁੰਦਰ ਸੁਖਕੰਦ ॥੧੪॥
ਮਹਾਂਦੇਵ, ਬ੍ਰਿਧ ਅਰੁ ਗੁਰੁਦਾਸ।

---

[1]ਕੁੜਮ ਦਾ।
[2]ਜੰਞ ਘਰ, ਜਿਥੇ ਜੰਞ ਨੂੰ ਉਤਾਰਾ ਦਿੱਤਾ ਜਾਂਦਾ ਹੈ।
[3]ਭਾਵ ਗਏ।
[4]ਗਊ ਧੂੜ ਦਾ ਪਵਿੱਤ੍ਰ (ਸਮਾਂ) ਦੇਖਿਆ (ਜਦ)।

ਉਮਰਸ਼ਾਹੁ, ਸਾਲ੍ਯੋ ਗੁਰੁ ਪਾਸ।
ਲੇ ਗਮਨੇ ਸਭਿਹਿਨਿ ਕੋ ਸੰਗ।
ਹਿਤ ਲਾਵਾਂ ਕੇ ਚਲੇ ਉਮੰਗ ॥੧੫॥
ਬਾਦਿਤ ਬਾਜਤਿ ਜਾਤਿ ਅਗਾਰੀ।
ਕੀਰਤਿ ਭਾਟ ਨਕੀਬ[1] ਉਚਾਰੀ।
ਆਤਪੱਤ੍ਰ[2] ਦੁਲਹੁ ਪਰ ਫਿਰਿਹੀ।
ਚਮਰ ਚਾਰੁ ਸਤਿਗੁਰੁ ਪਰ ਢੁਰ ਹੀ ॥੧੬॥
ਮਹਿਦ ਕੁਲਾਹਲ ਸਭਿ ਮਹਿਂ ਹੋਵਾ।
ਤ੍ਰਿਯ ਗਨ ਚਾਹਤਿ ਦੂਲਹੁ ਜੋਵਾ।
ਸੁਨਿ ਬਾਦਿਤ ਕੀ ਧੁਨਿ ਇਕ ਬਾਰੀ।
ਬਿੱਭ੍ਰਮ[3] ਭਯੋ ਸਭਿਨਿ ਮਨ ਨਾਰੀ ॥੧੭॥
ਤਜੀ ਕਾਰ ਘਰ ਕੀ ਉਠ ਧਾਈ।
ਛੁਦ੍ਰ ਘੰਟਿਕਾ[4] ਲੇ ਗਰਿ ਪਾਈ।
ਅੰਜਨ ਅੰਜ ਕਪੋਲਨਿ ਲਾਯੋ[5]।
ਕੰਠਹਾਰ ਕਟ ਸੋਂ ਲਪਟਾਯੋ ॥੧੮॥
ਕਰਤਿ ਸ਼ੀਘ੍ਰਤਾ ਚਢਈ ਅਟਾਰੀ।
ਖਰੀ ਸੁ ਦੂਲਹੁ ਬਦਨ ਨਿਹਾਰੀ।
ਬਾਦਿਤ ਧੁਨਿ ਬਡ ਛੁਟੀ ਹਵਾਈ।
ਚਢੀ ਗਗਨ ਪੁਨ ਹਟਿ ਕਰਿ ਆਈ ॥੧੯॥
ਜਨੁ ਤਾਰੇ ਟੂਟਤਿ ਚਮਕੰਤੇ।
ਭਯੋ ਪ੍ਰਕਾਸ਼ ਅਕਾਸ਼ ਦਿਖੰਤੇ।
ਛੁਟਤਿ ਬਰੂਦ ਭਰੇ ਗਜ ਘੋਰੇ।
ਇਤ ਉਤ ਜਰਤਿ ਬੇਗ ਤੇ ਦੌਰੇ ॥੨੦॥
ਚਾਦਰ ਝਾਰ ਛੁਟਤਿ ਫੁਲਵਾਈ[6]।
ਦੇਖਤਿ ਲੋਕ ਹਸਤਿ ਹਰਖਾਈ।
ਦੇਵ ਦੇਵਨੀ ਦਾਰੁਨ ਬਨੇ[1]।

---

[1]ਚੋਬਦਾਰਾਂ।
[2]ਛਤਰ।
[3]ਕਿਸੇ ਅਚਾਨਕ ਆਏ ਚਾਉ ਸਮੇਂ ਦਾ ਘਬਰਾ, ਜਿਸ ਵਿਚ ਕਿ ਇਸਤ੍ਰੀ ਕਾਹਲੀ ਵਿਚ ਉਲਟ ਪੁਲਟ ਗਹਿਣੇ ਕੱਪੜੇ ਪਹਿਨਣ ਲੱਗ ਜਾਂਦੀ ਹੈ।
[4]ਤੜਾਗੀ।
[5]ਸੁਰਮਾਂ ਗੱਲ੍ਹਾਂ ਪਰ ਪਾਕੇ ਲਾ ਲਿਆ।
[6](ਆਤਸ਼ਬਾਜੀ ਦੀਆਂ) ਚਾਦਰਾਂ, ਝਾੜ ਤੇ ਫੁਲਵਾਈਆ ਛੁਟਦੀਆਂ ਹਨ।

ਛੁਟਤਿ ਬਿਲੋਕਤ ਮਾਨਵ ਘਨੇ ॥੨੧॥
ਅਧਿਕ ਕੁਲਾਹਲ ਹਰਖਤਿ ਹੋਵਾ।
ਜਰੈਂ ਮਤਾਬੀ ਅਦਭੁਤ ਜੋਵਾ।
ਭਯੋ ਪ੍ਰਕਾਸ਼ ਸਭਿਨਿ ਮਹਿਂ ਐਸੇ।
ਬਿਨਾ ਤੇਜ[2] ਤੇ ਬਾਸੁਰ ਜੈਸੇ ॥੨੨॥
ਮਨਹੁਂ ਮਤਾਬੀ ਪਾਇ ਬਹਾਨਾ।
ਗੁਰੂ ਪ੍ਰਕਾਸ਼ ਦਿਖਾਇ ਮਹਾਨਾ।
ਦੇਖਿ ਭਏ ਬਿਸਮੈ ਨਰੁ ਨਾਰੀ।
ਅਸ ਪ੍ਰਕਾਸ਼ ਨਹਿਂ ਕਬਹੁਂ ਨਿਹਾਰੀ ॥੨੩॥
ਤਿਸ ਪ੍ਰਕਾਸ਼ ਮਹਿਂ ਦੂਲਹੁ ਦੇਖੈ।
ਬਾਰਿ ਬਾਰਿ ਬਲਿਹਾਰ ਵਿਸ਼ੇਖੈ।
ਕੋਠਨਿ ਚਢੀ ਨਿਹਾਰਹਿਂ ਦਾਰਾ।
ਸ਼੍ਰੀ ਅਰਜਨ ਕੋ ਕਰਹਿਂ ਜੁਹਾਰਾ ॥੨੪॥
ਸਨੈ ਸਨੈ ਦੇਖਤਿ ਦਿਖਰਾਵਤਿ।
ਸਮਧੀ ਸਦਨ ਸਤਿਗੁਰੂ ਜਾਵਤਿ।
ਬੜਵਾ ਪਰ ਸ਼੍ਰੀ ਹਰਿ ਗੋਬਿੰਦ।
ਗਏ ਸਸੁਰ ਕੇ ਸਦਨ ਅਨੰਦ ॥੨੫॥
ਆਇ ਨਰਾਇਣ ਦਾਸ ਅਗਾਰੇ।
ਲੇਤਿ ਪ੍ਰਵੇਸ਼ਜੋ ਅੰਤਰਿਦ੍ਵਾਰੇ।
ਜਹਿਂ ਬੇਦੀ ਸੁੰਦਰ ਰਚਿ ਰਾਖੀ।
ਗਨ ਬੰਧੁ ਪਥਿਤ ਦੇਖਨਿ ਕਾਂਖੀ ॥੨੬॥
ਖਰੋ ਹੇਰਿ ਸ਼੍ਰੀ ਗੁਰੁ ਆਗਵਨੂ।
ਸਭਿ ਆਗੈ ਦੂਲਹੁ ਦੁਤਿ ਰਵਨੂ[3]।
ਸਾਦਰ ਸਗਰੇ ਕਰੇ ਬਿਠਾਵਨਿ।
ਚਹੁਂਦਿਸ਼ਿ ਬੇਦੀ ਕੇ ਥਲ ਪਾਵਨ ॥੨੭॥
ਬਿੱਪ੍ਰ ਉਚਾਰ ਕਰਨਿ ਤਬਿ ਲਾਗੇ।
ਪੂਜਤਿ ਨਵ ਗ੍ਰੈਹ ਗਣਪਤਿ ਆਗੇ।
ਬੀਚ ਹੁਤਾਸਨ ਕੀਨਿ ਪ੍ਰਕਾਸ਼ਨਿ।
ਪਾਵਤਿ ਸਰਪੀ ਕਰਤਿ ਉਪਾਸਨਿ* ॥੨੮॥

---

[1]ਬਰੂਦ ਦੇ ਬਣੇ ਹੋਏ।
[2]ਪ੍ਰਕਾਸ਼।
[3]ਸੁਹਣੀ ਦੁਤੀ ਵਾਲਾ।

ਤਬਿ ਦੁਲਹਨ ਢਿਗ ਆਨਿ ਬਿਠਾਈ।
ਜਥਾ ਜੋਗ ਸਭਿ ਬਿਧਿ ਕਰਵਾਈ।
ਬਰਬਰ[1] ਸੰਗ ਫੇਰਿ ਕਰਿ ਫੇਰੇ।
ਪਾਣਗ੍ਰਹਣ[2] ਕੀਨਸਿ ਤਿਸ ਬੇਰੇ ॥੨੯॥
ਮਿਲਿ ਸੁਰਬਧੂ ਕਰੇ ਛਲ ਬੇਸਾ।
ਆਨਿ ਪ੍ਰਵੇਸ਼ੀ ਰੂਪ ਸੁ ਬੇਸਾ।
ਰਲਿ ਨਾਰਿਨਿ ਮੈਂ ਗੀਤਿਨਿ ਗਾਵੈਂ।
ਸਤਿਗੁਰੁ ਮੰਗਲ ਅਧਿਕ ਵਧਾਵੈਂ ॥੩੦॥
ਕਰਤਿ ਅਪਨਿਪੌ ਸਫਲ ਬਿਸਾਲਾ।
ਗੁਰੁ ਕੋ ਦਰਸਹਿਂ ਅਨੰਦ ਉਛਾਲਾ।
ਤ੍ਰਿਯਾ ਨਰਾਇਣਦਾਸ ਸੁਜਾਨੀ[3]।
ਬਿਨ ਜਾਨੇ ਸਗਰੀ ਸਨਮਾਨੀ ॥੩੧॥
ਬ੍ਰਿੰਦ ਮੇਲ ਘਰ ਬਿਖੈ ਸਕੇਲਾ।
ਤਿਨ ਮੈਂ ਤੇ ਜਾਨਸਿ ਹਿਤ ਮੇਲਾ[4]।
ਸੁਰ ਨਰ ਬੇਸ ਧਾਰਿ ਸਮੁਦਾਏ।
ਮਿਲੇ ਆਨਿ ਬਹੁ ਸੇਵ ਕਮਾਏ ॥੩੨॥
ਜਥਾ ਜੋਗ ਸ਼੍ਰੀ ਅਰਜਨ ਤਹਾਂ।
ਦਿਯੋ ਦਰਬ ਹਰਖੇ ਜਹਿਂ ਕਹਾਂ।
ਬਿੱਪ੍ਰ ਪ੍ਰਸੰਸਤਿ ਧਨ ਹਿਤ ਚਾਊ।
ਕਿਤਿਕ ਸਰਾਹਹਿਂ ਧਰਿ ਧਰਿ ਭਾਊ ॥੩੩॥
ਸਾਖੋਚਾਰ[5] ਉਚਾਰਨਿ ਕੀਨਿਸਿ।
ਸੁਨਜੋ ਸਭਿਨਿ ਪੁਨਿ ਧਨ ਗਨ ਦੀਨਸਿ।
ਇਮ ਲਾਵਾਂ ਲੇ ਕਰਿ ਜਸੁ ਸਾਜਾ।
ਬੀਚ ਬੇਦਿਕਾ[6] ਉਠਜੋ ਸਮਾਜਾ ॥੩੪॥
ਸ਼੍ਰੀ ਅਰਜਨ ਗਮਨੇ ਜਨਵਾਸੇ।

---

*ਇਹ ਰੀਤੀ ਗੁਰੂ ਘਰ ਦੀ ਨਹੀਂ, ਦੇਖੋ ਇਸੇ ਰਾਸ ਦੇ ਅੰਸੂ ੪, ਅੰਕ ੩੮ ਤੇ ਅੰਸੂ ੭, ਅੰਕ ੨੪ ਦੀ ਹੇਠਲੀ ਟੂਕ।
[1]ਸੁਹਣੇ ਲਾੜੇ ਨਾਲ।
[2]ਭਾਵ, ਪਿਤਾ ਨੇ ਕੰਨਜਾਂ ਦਾ ਹੱਥ ਵਰ ਦੇ ਹੱਥ ਫੜਾਉਣਾ।
[3]ਸੁਜਾਨੀ = ਸਿਆਣੀ ਹੈ। (ਅ) ਭਾਵ ਨਰੈਣ ਦਾਸ ਦੀ ਵਹੁਟੀ ਨੇ (ਦੇਵ ਬਧੂਆਂ ਨੂੰ) ਚੰਗੀ ਤਰ੍ਹਾਂ ਜਾਣਿਆਂ; ਭਾਵ ਹਿਤ ਨਾਲ ਬੁਲਾਇਆ।
[4]ਜਾਣਿਆਂ ਕਿ ਘਰ ਵਿਚ ਇਕੱਠੇ ਹੋਏ ਮੇਲ ਵਿਚੋਂ ਇਹ ਬੀ ਕੋਈ ਹਿਤ ਵਾਲੇ ਮੇਲੀ ਹੀ ਹਨ।
[5]ਗੋਤ੍ਰਾਚਾਰ।
[6]ਵੇਦੀ ਵਿਚੋਂ।

ਛੁਟਤਿ ਮਤਾਬੀ ਹੋਤਿ ਪ੍ਰਕਾਸ਼ੇ।
ਬ੍ਰਿੰਦ ਮਸਾਲੈਂ ਜ੍ਵਲਤਿ ਅਗਾਰੀ।
ਬਾਜੇ ਬਜਹਿਂ ਉਠਤਿ ਧੁਨਿ ਭਾਰੀ ॥੩੫॥
ਆਇ ਥਿਰੇ ਜਨਵਾਸ ਮਝਾਰੇ।
ਹਿਤ ਅਹਾਰ ਗੁਰੁ ਬਹੁਰ ਹਕਾਰੇ।
ਸਕਲ ਬਰਾਤਿ ਜਾਤਿ ਹਰਖੰਤੀ।
ਆਤਸ਼ਬਾਜ਼ੀ ਬ੍ਰਿੰਦ ਛੁਟੰਤੀ ॥੩੬॥
ਸੁੰਦਰ ਮੰਦਿਰ ਅੰਦਰ ਸਾਰੇ।
ਸਾਦਰ ਕਹਿ ਕਹਿ ਪੰਤਿ[1] ਬਿਠਾਰੇ।
ਪੁਨ ਚੌਕੀ ਪਰ ਆਸਨ ਡਾਸਾ।
ਸਤਿਗੁਰੂ ਥਿਰੇ ਬਿਸਾਲ ਪ੍ਰਕਾਸ਼ਾ ॥੩੭॥
ਪਰੁਸ ਨਿਹਾਰਿ[2] ਆਇ ਸਮੁਦਾਏ।
ਧਰੇ ਥਾਰ ਸਭਿ ਕੇ ਅਗੁਵਾਏ।
ਮੋਦਕ, ਖੁਰਮੇ ਨੁਗਦੀ[3] ਘਨੀ।
ਘੇਵਰ ਘ੍ਰਿੱਤਿ ਸਿਤਾ ਬਹੁ ਸਨੀ ॥੩੮॥
ਸ੍ਵਾਦਿਲ ਮਹਾਂ ਅੰਮ੍ਰਿਤੀ ਦੀਨਿ।
ਮੇਵੇ ਬ੍ਰਿੰਦ ਮਿਲੌਨੀ ਕੀਨਿ।
ਤੁਰਤ ਪਰੋਸਯੋ ਚਤੁਰਨਿ ਚਾਰੂ।
ਖਾਨਿ ਲਗੇ ਬਹੁ ਸ੍ਵਾਦ ਅਹਾਰੂ ॥੩੯॥
ਗਾਰਿ ਗੇਰਿ[4] ਗੀਤਨਿ ਕੋ ਗਾਵੈਂ[*]।
ਸੁੰਦਰ ਰੀਤਨਿ ਸਭਿਨਿ ਸੁਨਾਵੈਂ।
ਬੈਠਿ ਝਰੋਖਨਿ ਕਹਿ ਕਹਿ ਨਾਮੂ।
ਮਿਲੀ ਮਨੋਹਰ ਤ੍ਰਿਯ ਅਭਿਰਾਮੂ ॥੪੦॥
ਸੁਨਤਿ ਮੁਦਤਿ ਗੁਰੁ ਸਹਤ ਸਮਾਜਾ।
ਸਮੈਂ ਉਛਾਹ ਬਿਸਾਲ ਬਿਰਾਜਾ।

---

[1]ਪੰਕਤੀਆਂ।
[2]ਪ੍ਰੋਸਣ ਵਾਲੇ।
[3]ਬੂੰਦੀ।
[4]ਸਿੱਠਣੀਆਂ ਪਾਕੇ।
[*]ਗੁਰੂ ਸਾਹਿਬਾਂ ਨੇ ਵਿਆਹ ਸਮੇਂ ਦੀਆਂ ਰੀਤੀਆਂ ਤੇ ਸ਼ਬਦ ਉਚਾਰੇ ਹਨ। ਪ੍ਰਯੋਜਨ ਇਹੋ ਸੀ ਕਿ ਗੰਦੇ ਗੀਤ ਹਟ ਜਾਣ ਤੇ ਵਾਹਿਗੁਰੂ ਮਹਿਮਾ ਦਾ ਸੁਜਸ ਪ੍ਰਚਾਰ ਪਾਵੇ। ਇਹ ਕਦੋ ਹੋ ਹੀ ਨਹੀਂ ਸਕਦਾ ਕਿ ਐਸੇ ਮਹਾਂ ਪੁਰਖਾਂ ਦੀ ਹਜ਼ੂਰੀ ਵਿਚ ਕੋਈ ਗਾਰੀ ਸਿੱਠਣੀ ਦੇ ਸਕੇ। ਦੇਖੋ ਇਸੇ ਰਾਸ ਦੇ ਅੰਸੂ ੪ ਅੰਕ ੧੪ ਦੀ ਹੇਠਲੀ ਟੂਕ।

ਸੁਨਿ ਸੁਨਿ ਪਿਖਿ ਪਿਖ ਦੁਹਦਿਸ਼ ਹਰਖਹਿਂ।
ਮਨਹੁਂ ਅਨੰਦ ਉਨਵ ਕਰਿ ਬਰਖਹਿ ॥੪੧॥
ਇਮ ਅਹਾਰ ਕੋ ਅਚਵਨਿ ਕੀਨਿ।
ਉਠੀ ਬਰਾਤਿ ਲਾਗਿ[1] ਧਨ ਦੀਨਿ।
ਪਾਇ ਉਛਿਸਟ[2] ਬਿਖੈ ਬਹੁ ਦਰਬਾ।
ਖਾਨ ਪਾਨ ਕਰਿ ਗਮਨੇ ਸਰਬਾ ॥੪੨॥
ਦੋਹਰਾ: ਜਨਵਾਸੇ ਮਹਿਂ ਜਾਇ ਗੁਰੁ, ਸੁਪਤੇ ਨਿਜ ਨਿਜ ਥਾਨ।
ਅਤਿ ਅਨੰਦ ਉਰ ਪਾਇ ਕਰਿ, ਸਕਲ ਬਰਾਤ ਸੁ ਜਾਨ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ‘ਬਜਾਹ’ ਪ੍ਰਸੰਗ ਬਰਨਨੰ ਨਾਮ ਦ੍ਵਾਦਸ਼ਮੋਂ ਅੰਸੂ ॥੧੨॥

---

[1]ਲਾਗੀਆਂ ਦਾ।
[2]ਜੂਠ।

੧੩. [ਬਰਾਤ]

੧੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੪

ਦੋਹਰਾ: ਸੁਖ ਸੋਂ ਬੀਤੀ ਜਾਮਨੀ, ਜਾਮ ਰਹੀ ਜਬਿ ਆਇ।
ਗਾਵਤਿ ਆਸਾ ਵਾਰ ਜੁਤ, ਰਾਗਨਿ ਕੇ ਸਮੁਦਾਇ ॥੧॥

ਹਾਕਲ ਛੰਦ: ਗੁਰ ਉਠਿ ਕਰਿ ਸੌਚਿ ਸ਼ਨਾਨੇ।
ਪੁਨ ਬੈਠੇ ਏਕਲ ਥਾਨੇ।
ਨਿਜ ਰੂਪ ਬਿਖੈ ਲਿਵਲਾਈ।
ਮਨ ਥਿਰਯੋ ਸਮਾਧਿ ਲਗਾਈ ॥੨॥
ਤਬਿ ਪ੍ਰਾਤਕਾਲ ਹੁਇ ਗਇਊ।
ਸਭਿ ਸੌਚਾ ਚਾਰੀ ਭਇਊ[1]।
ਗਨ ਬਾਦਿਤ ਬਾਜ ਬਿਲੰਦੇ।
ਤਬਿ ਉਠਿ ਸ਼੍ਰੀ ਹਰਿ ਗੋਵਿੰਦੇ ॥੩॥
ਕਰਿ ਸੌਚ ਸ਼ਨਾਨ ਮਹਾਨਾ।
ਤਨ ਬਸਤ੍ਰ ਪਹਿਰ ਦੁਤਿ ਨਾਨਾ।
ਦਿਨ ਚਢੇ ਦਿਵਾਨ ਲਗਾਯੋ।
ਸਿਖ ਸੰਗਤਿ ਬਹੁ ਛਬਿ ਪਾਯੋ ॥੪॥
ਥਿਤ ਬ੍ਰਿੰਦ ਮਸੰਦ ਮਝਾਰੇ।
ਗਨ ਧਨੀ ਤਹਾਂ ਪਰਵਾਰੇ।
ਬ੍ਰਿਧ ਸਾਲੋ ਅਰੁ ਗੁਰਦਾਸੂ।
ਕੱਲਜਾਨ ਆਦਿ ਸਭਿ ਪਾਸੂ ॥੫॥
ਥਿਤ ਮਹਾਂਦੇਵ ਗੁਰੁ ਤੀਰਾ।
ਜਿਮ ਬੂਝਤਿ ਭਾਖਤਿ ਧੀਰਾ।
ਤਬਿ ਡੱਲੇ ਗ੍ਰਾਮ ਮਝਾਰੀ।
ਸਿਖ ਸੰਗਤਿ ਬਸਹਿ ਸੁ ਸਾਰੀ ॥੬॥
ਹੁਇ ਇਕਠੀ ਲੇ ਗੁਰ ਕਾਰੀ।
ਕਰਿ ਅਪਰ ਉਪਾਇਨ ਧਾਰੀ।
ਧਰਿ ਭਾਉ ਦਰਸ ਕੋ ਆਏ।
ਜੋ ਸਿੱਖ ਕਦੀਮੀ ਗਾਏ ॥੭॥
ਗੁਰੁ ਅੰਗਦ ਅਮਰ ਸਧੀਰਾ।
ਹਿਤ ਸੇਵਾ ਰਹੇ ਜੁ ਤੀਰਾ।
ਗਨ ਧਰੀ ਅਕੋਰ ਅਗਾਰੀ।

---

[1]ਸੌਚ ਇਸ਼ਨਾਨ ਆਦਿ ਆਚਾਰ ਵਾਲੇ ਹੋਏ।

ਕਰ ਬੰਦਤਿ ਬੰਦਨ ਧਾਰੀ ॥੮॥
ਸਿਖ ਸ਼ਰਧਾਵਾਨ ਅਨੇਕਾ।
ਜਿਨ ਰਿਦੈ ਬਿਸਾਲ ਬਿਬੇਕਾ।
ਅਸ ਜਾਨਿ ਗੁਰੂ ਸਨਮਾਨੇ।
ਢਿਗ ਬੈਠੇ ਹਰਖ ਮਹਾਂਨੇ ॥੯॥
ਜੋ ਭਏ ਪ੍ਰਥਮ ਸਿਖ ਧੀਰਾ।
ਸੋ ਬੂਝੇ ਗੁਨੀ ਗਹੀਰਾ[1]।
'ਕੋ ਭਯੋ ਮਹਦ ਗੁਰੁ ਪਜਾਰੋ?
ਸੋ ਹਮਰੇ ਪਾਸ ਉਚਾਰੋ' ॥੧੦॥
ਸੁਨਿ ਸਿੱਖਜਨਿ ਜੋਰੇ ਹਾਥਾ।
'ਇਸ ਗ੍ਰਾਮ ਦਾਸ ਗਨ ਨਾਥਾ[2]।
ਭਾ ਲਾਲੋ, ਭਾਈ ਧੀਰਾ।
ਗੁਨ ਸਿੱਖੀ ਕੇ ਭਰਪੂਰਾ ॥੧੧॥
ਜੋ ਰਾਵਰਿ ਬਖਸ਼ਿਸ਼ ਕੀਨੀ।
ਸਿਖ ਬਹਿਲੋ ਹਿਤ ਕਰਿ ਲੀਨੀ।
ਸ੍ਰੀ ਅਮਰਦਾਸ ਸਭਿ ਸੋਈ।
ਢਿਗ ਲਾਲੋ ਕੇ ਦਈ ਜੋਈ ॥੧੨॥
ਅਸ ਸਿੱਖ ਅਪਰ ਗਨ ਹੋਏ।
ਜੋ ਗਿਨਿਬੇ ਤੇ ਬਹੁ ਜੋਏ।
ਇਕ ਭਯੋ ਸੁ ਭਾਈ ਪਾਰੋ।
ਗੁਰੁ ਅਮਰ ਕੇਰਿ ਬਹੁਪਜਾਰੋ ॥੧੩॥
ਤਿਸ ਊਪਰ ਅਧਿਕ ਪ੍ਰਸੰਨੇ।
ਗੁਰੁ ਭਾਣਾ ਜਿਨ ਮਨ ਮੰਨੇ।
ਉਰ ਗਜਾਨ ਮਹਿਦ ਗੰਭੀਰੰ।
ਨਿਤ ਨਿਸ਼ਚਲ ਮਨ, ਉਰਧੀਰੰ ॥੧੪॥
ਤਿਸ ਗੁਰੁਤਾ ਦੇਵਨਿ ਲਾਗੇ।
ਨਹਿੰ ਮਾਨੀ ਮਨ ਬਡਭਾਗੇ।
ਕਰਿ ਜੋਰਤਿ ਬਿਨੈ ਬਖਾਨੇ।
-ਹਮ ਸਿੱਖੀ ਮਹਿਂ ਮਨ ਮਾਨੇ ॥੧੫॥

---
[1]ਭਾਵ ਗੁਰੂ ਜੀ ਨੇ ਪੁੱਛੇ।
[2]ਗੁਰੂ ਜੀ ਦੇ ਬਹੁਤੇ ਦਾਸ (ਹੋਏ ਹਨ) ਅਥਵਾ ਹੇ ਨਾਥ ਜੀ।

ਇਹ ਤੁਮ ਕੋ ਹੀ ਬਨਿ ਆਵੈ।
ਹਮ ਸੇਵਕ ਸੇਵ ਕਮਾਵੈਂ-।
ਸੁਨਿ ਅਮਰਦਾਸ ਗੁਰੁ ਭਾਖਾ।
-ਜੇ ਤੇਰੀ ਅਸ ਅਭਿਲਾਖਾ ॥੧੬॥
ਤੌਂ ਤਨੁ ਕੋ ਤਜਾਗ ਸਮਾਵੋ।
ਗੁਰੁ ਬਿਖੈ ਏਕਤਾ ਪਾਵੋ-।
ਇਮ ਆਗਜਾ ਸੁਨਿ ਘਰ ਆਯੋ।
ਤਤਛਿਨ ਤਨੁ ਤਜਜੋ ਸਮਾਯੋ ॥੧੭॥
ਇਕ ਬੜਵਾ ਚਪਲ ਬਲੀ ਹੈ।
ਜਿਹ ਸਮ ਨਹਿਂ ਔਰ, ਭਲੀ ਹੈ।
ਸੋ ਅਮਰ ਗੁਰੂ ਢਿਗ ਭੇਜੀ।
ਨਹਿਂ ਅਪਰ ਚਢਨਿ ਦੇ ਤੇਜੀ[੧] ॥੧੮॥
ਪਿਖਿ ਅਪਨੇ ਢਿਗ ਰਖਿ ਲੀਨੀ।
ਗੁਰੁ ਰਾਮਦਾਸ ਕੋ ਦੀਨੀ।
ਸ਼੍ਰੀ ਅੰਮ੍ਰਿਤਸਰ ਕੇ ਥਾਨਾ।
ਤਿਸ ਚਢਿਕੈ ਕੀਨਸਿ ਪਜਾਨਾ ॥੧੯॥

ਦੋਹਰਾ: ਸੋ ਭਾਈ ਪਾਰੋ ਭਯੋ, ਬਡੋ ਨਰਾਇਣ ਦਾਸ[੨]।
ਜਿਸ ਕੀ ਤਨੁਜਾ ਨਿਜ ਤਨੁਜ[੩], ਬਜਾਹੀ ਧਰੇ ਹੁਲਾਸ ॥੨੦॥

ਹਾਕਲ ਛੰਦ: ਅਬਿ ਸਭਿ ਸਿੱਖਨਿ ਕੀ ਬਿਨਤੀ।
ਜਿਮ ਆਏ ਮਿਲਿ ਕਰਿ ਗਿਨਤੀ[੪]।
ਸੋ ਸੁਨੀਅਹਿ ਕਰਿ ਨਿਰਧਾਰਾ।
ਇਤਿ ਆਵਨ ਭਯੋ ਤੁਮਾਰਾ ॥੨੧॥
ਕੁਛ ਕੀਜਹਿ ਚਿੰਨ੍ਹ ਇਥਾਈਂ।
ਸਿਖ ਹੇਰੈਂ ਸੀਸ ਨਿਵਾਈ।'
ਸ਼੍ਰੀ ਅਰਜਨ ਸੁਨਤਿ ਪ੍ਰਸੰਨੇ।
'ਗੁਰੁ ਸਿੱਖਜਨਿ ਮਹਿਮਾ ਧੰਨੇ ॥੨੨॥
ਨਿਤ ਚਾਹਤਿ ਪਰਉਪਕਾਰਾ।
ਹਮ ਬਚਨ ਮਾਨਿਬੋ ਧਾਰਾ[੫]।

---

[੧](ਐਨੀ) ਤੇਜ਼ ਸੀ।
[੨]ਭਾਈ ਨਾਰਾਇਣ ਦਾਸ ਜੀ ਦਾ ਵੱਡਾ।
[੩](ਆਪ ਜੀਓ ਜੀ ਨੇ) ਆਪਣੇ ਪੁੱਤ੍ਰ ਨਾਲ।
[੪]ਮਿਲਕੇ ਵਿਚਾਰ ਕਰਕੇ ਆਏ ਹਾਂ।
[੫]ਕੀਤਾ ਹੈ।

ਜਬਿ ਜਾਮ ਰਹੈ ਦਿਨ ਆਈ।
ਤਬਿ ਕਰੈਂ ਜਿ ਤੁਮਹੁ ਅਲਾਈ' ॥੨੩॥
ਇਮ ਕਹ੍ਯੋ ਗੁਰੂ ਅਰੁ ਸੰਗਤਿ।
ਜਹਿਂ ਨਰਨਿ ਹਜ਼ਾਰਹੁਂ ਪੰਗਤਿ।
ਸਿਖ ਗਮਨੇ ਨਮਹੁ ਕਰੰਤੇ।
ਸ਼ਰਧਾ ਉਰ ਭਾਉ ਧਰੰਤੇ ॥੨੪॥
ਗਨ ਮੰਗਤਿ ਜਨ ਤਬਿ ਆਏ।
ਬਹੁ ਗ੍ਰਾਮਨਿ ਭੇ ਇਕ ਥਾਏਂ।
ਤਿਸ ਕਾਲ ਬਿਖੇ ਜਸ ਜਾਚੇ[1]।
ਤਸ ਦੇਤਿ ਤੁਰਤ ਗੁਰੁ ਸਾਚੇ ॥੨੫॥
ਗਨ ਢਾਢੀ, ਭਾਟ, ਕਲਾਵਤਿ।
ਬਹੁ ਡੂਮ, ਬਿੱਪ੍ਰ ਧਨੁ ਪਾਵਤਿ।
ਹੁਇ ਹਰਖਤਿ ਦੇਤਿ ਅਸੀਸਾ।
'ਗੁਰ ਨੰਦ! ਜਿਵਹੁ ਜੁਗ ਬੀਸਾ' ॥੨੬॥
ਗਨ ਰੰਕਨਿ ਕੋ ਧਨ ਦੀਨਾ।
ਜਸੁ ਕਰਤਿ ਜਾਤਿ ਸਭਿ ਲੀਨਾ।
ਇਮ ਦੇਤਿ ਢਰ੍ਯੋ ਦਿਨ ਜਾਏ।
ਹਿਤ ਅਸਨ ਹਕਾਰਨਿ ਆਏ ॥੨੭॥
ਕਰਿ ਦੂਲਹੁ ਸਭਿਨਿ ਅਗਾਰੀ।
ਪੁਨ ਚਲੀ ਬਰਾਤਿ ਪਿਛਾਰੀ।
ਘਰ ਗਏ ਨਰਾਇਨ ਦਾਸੇ।
ਬਡਿ ਧੂਮ ਧਾਮ ਚਹੁਂ ਪਾਸੇ ॥੨੮॥
ਹਰਿ ਗੋਵਿੰਦ ਰੂਪ ਸੁਹੰਤਾ।
ਸਿਰ ਊਪਰਿ ਛਤਰ ਝੁਲੰਤਾ।
ਗੁਰੁ ਅਰਜਨ ਪਰ ਦੁਤਿਵਾਰੂ[2]।
ਕਰਿ ਚਮਰ ਢੁਰਾਵਤਿ ਚਾਰੂ ॥੨੯॥
ਸਭਿ ਬਸਨ ਬਿਭੂਖਨ ਆਛੇ।
ਨਰ ਸਭਿ ਬਰਾਤ ਮੈਂ ਕਾਛੇ[3]।
ਤਬਿ ਮੰਦਰ ਅੰਦਰ ਗਮਨੇ।

---
[1]ਜੈਸਾ (ਕਿਸੇ) ਮੰਗਿਆ।
[2]ਸ਼ੋਭਾਵਾਨ।
[3]ਫਬਾਏ ਹੋਏ।

ਕਰਿ ਪੰਕਤਿ ਬੈਠੇ ਰਵਨੇ ॥੩੦॥
ਤਬਿ ਅਏ ਪਰੋਸਨਿ ਹਾਰੇ।
ਜਲ ਲੇ ਕਰਿ ਹਾਥ ਪਖਾਰੇ।
ਸਭਿ ਕੇਰਿ ਅਗਾਰੀ ਥਾਰਾ।
ਬਹੁ ਸ੍ਵਾਦਲਿ ਪਾਇ ਅਹਾਰਾ ॥੩੧॥
ਜੋ ਸਪਤਿ ਬਿਧਿਨਿ ਪਕਵਾਨਾ।
ਬਿਚ ਮੇਵੇ ਮਿਲੇ ਮਹਾਨਾ।
ਦਧਿ ਸੰਗ ਬਿਸਾਲ ਮਸਾਲੇ।
ਗਨ ਬਰੇ ਪਕੌਰੇ ਡਾਲੇ ॥੩੨॥
ਸਭਿ ਅਚਤੇ ਸਾਦ ਸਰਾਹੇ।
ਪੁਨ ਸੂਖਮ ਚਾਵਰ ਚਾਹੇ।
ਜੁਗ ਰੀਤਨਿ ਕੇ[੧] ਤਬਿ ਲਜਾਏ।
ਇਕ ਮਧੁਰ, ਸਲਵਨ ਮਿਲਾਏ ॥੩੩॥
ਬਹੁ ਸਾਵਗ[੨], ਗਰੀ, ਬਦਾਮੰ।
ਕਿਯ ਚਤੁਰਨਿ ਅਤਿ ਅਭਿਰਾਮੰ।
ਪਿਖਿ ਬੈਠੀ[*] ਨਾਗਰਿ ਨਾਰੀ[੩]।
ਗਨ ਭੂਖਨ ਬਸਨ ਸ਼ਿੰਗਾਰੀ ॥੩੪॥
ਕਲ ਕੋਕਲ ਕੰਠੀ ਗਾਵੈਂ।
ਦ੍ਰਿਗ ਖੰਜਨ ਅੰਜ ਨਚਾਵੈਂ[੪]।
ਨਰ ਜੇ ਬਰਾਤ ਅਭਿਰਾਮੂ।
ਦੇਂ ਗਾਰੀ[+] ਲੇ ਕਰਿ ਨਾਮੂ ॥੩੫॥
ਸਭਿ ਰਿਦੇ ਅਨੰਦ ਵਧਾਵੈਂ।
ਹੈਂ ਗਾਰਿ[੫] ਤਊ ਮਨ ਭਾਵੈਂ।
ਰਸ ਰੰਗ ਸਮੈ ਤਿਸ ਹੋਵਾ।
ਮੁਦ ਕਰਹਿਂ ਪਰਸਪਰ ਜੋਵਾ[++] ॥੩੬॥

---

[੧]ਦੋ ਤਰ੍ਹਾਂ ਦੇ।
[੨]ਸਾਵਗੀ।
[*]ਪਾ:-ਪਿਕ ਬੈਨੀ।
[੩]ਸੁੰਦਰ ਇਸਤ੍ਰੀਆਂ (ਜੰਞ ਨੂੰ) ਬੈਠੀਆਂ ਵੇਖ ਰਹੀਆਂ ਸਨ।
[੪]ਮਮੋਲੇ (ਜੇਹੇ) ਨੇਤ੍ਰਾਂ (ਵਿਚ) ਸੁਰਮਾ ਪਾਕੇ ਮਟਕਾਉਂਦੀਆਂ ਹਨ।
[+]ਦੇਖੋ ਇਸੇ ਰਾਸ ਦੇ ਅੰਸੂ ੧੨ ਅੰਕ ੪੦ ਦੀ ਹੇਠਲੀ ਟੂਕ।
[੫]ਭਾਵੇਂ ਗਾਲਾਂ ਹਨ।
[++]ਦੁਵੱਲੀ ਨਾਮਰਸੀਏ ਪੁਰਖ ਤੇ ਇਸਤ੍ਰੀਆਂ ਹਨ, ਦਾਤਾ ਵਿਚ ਬੈਠਾ ਹੈ, ਐਸਾ ਹੋ ਸਕਣਾ ਅਸੰਭਵ ਹੈ।

ਅਚਿ ਸਨੈ ਸਨੈ ਅਸ ਅਸਨਾ।
ਮੁਸਕਾਇ ਦਿਪੈਂ ਦੁਤਿ ਦਸਨਾ।
ਮਨ ਸਭਿ ਕੇ ਤਬਿ ਬਿਰਮਾਏ।
ਨਹਿਂ ਉਠਨਿ ਕਿਸੂ ਮਨਿ ਭਾਏ ॥੩੭॥
ਸੁਖ ਪਾਇ ਭਨੈਂ ਸਭਿ ਐਸੇ।
'ਅਸ ਉਤਸਵ ਕਿਤਹੁਂ ਨ ਕੈਸੇ।'
ਉਰ ਬਿਸਰਯੋ ਦੇਸ਼ ਰੁ ਕਾਲਾ।
ਅਸ ਆਨੰਦ ਭਯੋ ਬਿਸਾਲਾ ॥੩੮॥
ਤਬਿ ਨੀਠਿ ਨੀਠਿ ਲੇ ਪਾਨੀ।
ਸਭਿ ਕਰੇ ਪਖਾਰਨਿ ਪਾਨੀ[1]।
ਪੁਨ ਦੀਨਿ ਗਿਲੌਰੀ ਖਾਨੇ[2]।
ਮੁਖ ਰੰਗ ਸੁਰੰਗੀ ਬਾਨੇ[3] ॥੩੯॥
ਧਨ ਜਥਾ ਜੋਗ ਤਹਿਂ ਦੀਨਾ।
ਉਠਿ ਗਮਨੇ ਗੁਰੁ ਪ੍ਰਬੀਨਾ।
ਸਿਖ ਸੰਗਤ ਸੰਗ ਲਏ ਹੈਂ।
ਦਿਸ਼ਿ ਪੂਰਬ ਗ੍ਰਾਮ ਗਏ ਹੈਂ[4] ॥੪੦॥
ਤਹਿਂ ਖਰੇ ਹੋਇ ਮੁਖ ਭਾਖਾ।
'ਸਭਿ ਸਿੱਖਨਿ ਕੀ ਅਭਿਲਾਖਾ।
ਚਿਤ ਚਹੈਂ ਕਰਯੋ ਇਸ ਥਾਨਾ।
ਬਨਿ ਹੈ ਗੁਰ ਚਿੰਨ੍ਹ ਮਹਾਨਾ ॥੪੧॥
ਜੋ ਆਇ ਦਰਸ ਕੋ ਲੈ ਹੈ।
ਕਰਿ ਬੰਦਨ ਸ਼ੁਭ ਫਲ ਪੈ ਹੈ।
ਟਕ ਬਾਪੀ ਕੋ ਹਮ ਲਾਈਂ।
ਪੁਨ ਪੀਛੇ ਲੇਹੁ ਬਨਾਈ' ॥੪੨॥
ਇਮ ਕਹਿ ਕਰਿ ਕਹੀ ਮੰਗਾਈ।
ਬਹੁ ਦੀਨਸਿ ਬਾਂਟਿ ਮਿਠਾਈ।
ਨਿਜ ਕਰ ਸੋਂ ਟੱਕ ਲਗਾਯੋ।
ਪੁਨ ਖੋਦਯੋ ਪਾੜ ਬਨਾਯੋ ॥੪੩॥

---

[1]ਹੱਥ ਧੋਤੇ।
[2]ਪਾਨਾਂ ਦੇ ਬੀੜੇ ਖਾਣ ਨੂੰ।
[3]ਜੀਕੁਣ ਰੰਗਾਂ ਦੇ (ਬਾਨੇ =) ਪੁਸ਼ਾਕੇ ਸਨ ਤੀਕਣ ਮੁਖ ਭੀ ਰੰਗੇ ਗਏ।
[4]ਪਿੰਡ ਦੀ ਪੂਰਬ ਦਿਸ਼ਾ ਵੱਲ।

ਢਿਗ ਸਾਲੋ ਕੋ ਗੁਰ ਹੇਰਾ।
ਸ੍ਰੀ ਮੁਖ ਤੇ ਕਹਿ ਤਿਸ ਬੇਰਾ।
'ਤੁਮ ਰਹੋ ਕਿਤਿਕ ਚਿਰ ਗ੍ਰਾਮੂ।
ਹਿਤ ਬਾਪੀ ਕਰਿਬੇ ਕਾਮੂ ॥੪੪॥
ਜਬਿ ਤਯਾਰ ਸਰਬ ਬਨਿ ਜਾਵੈ।
ਗੁਰੁ ਬਾਪੀ ਸੰਗਤਿ ਨ੍ਹਾਵੈ।
ਸਤਿਨਾਮ ਜਪੈ ਲਿਵ ਲਾਵੈ।
ਮਨਿ ਬਾਂਛਤਿ ਸੋ ਫਲ ਪਾਵੈ' ॥੪੫॥
ਇਮ ਕਹਿ ਕਰਿ ਗੁਰੂ ਕ੍ਰਿਪਾਲੇ।
ਜਨਵਾਸੇ ਕੋ ਪੁਨ ਚਾਲੇ।
ਜੋ ਮੰਗਤਿ ਜਨ ਜਬਿ ਆਵੈ।
ਧਨ ਲੇ ਜਸੁ ਉਚਰਤਿ ਜਾਵੈ ॥੪੬॥
ਗੁਰੁ ਆਨਿ ਬਿਰਾਜੇ ਡੇਰੇ।
ਸਿਖ ਸੰਗਤਿ ਸੰਗ ਘਨੇਰੇ।
'ਧੰਨ ਧੰਨ' ਉਚਾਰਤਿ ਬਾਨੀ।
ਤਹਿਂ ਕੀਰਤਿ ਭਈ ਮਹਾਨੀ ॥੪੭॥
ਇਮ ਰਹੇ ਤਹਾਂ ਗਤਿਦਾਈ।
ਸਭਿ ਬਜਾਹ ਰੀਤਿ ਕਰਵਾਈ।
ਜੋ ਲਾਗਿ ਦੇਨਿ ਅਰੁ ਲੈਨਾ।
ਸਭਿ ਕਰੇ ਮਹਾਂ ਗੁਨ ਐਨਾ[1] ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਬਜਾਹ' ਪ੍ਰਸੰਗ ਬਰਨਨੰ ਨਾਮ ਤ੍ਰਯੋਦਸ਼ਮੋਂ ਅੰਸੂ ॥੧੩॥

---

[1]ਭਾਵ ਗੁਰੂ ਜੀ ਨੇ।

੧੪. [ਬਰਾਤ ਵਾਪਸ ਆਈ]

੧੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੫

ਦੋਹਰਾ: ਸ਼੍ਰੀ ਹਰਿਗੋਵਿੰਦ ਚੰਦ ਕੇ, ਬ੍ਰਿੰਦ ਨਾਗਰੀ ਨਾਰਿ।
ਬਿਚ ਬਰਾਤ ਤੇ ਲੇ ਗਏ, ਕਰਿ ਜਬਿ ਲੀਨਿ ਅਹਾਰ ॥੧॥

ਸ੍ਵੈਯਾ: ਦੇਖਿ ਸਰੂਪ ਵਿਸ਼ੇਖ ਹੀ ਦੂਲੋ
ਆਨੰਦ ਤੇ ਬਤਰਾਵਤਿ ਹੈਂ[1]।
ਦੀਰਘ ਅੰਗ, ਪ੍ਰਲੰਬ[2] ਭੁਜਾ,
ਅਰਬਿੰਦ ਬਿਲੋਚਨ ਭਾਵਤਿ ਹੈਂ।
ਕੇਚਿਤ ਜਾਨਿ ਗੁਰੂ ਸੁਤ ਹੈਂ
ਗੁਰੂ ਹੇਰਤਿ ਸੀਸ ਝੁਕਾਵਤਿ ਹੈ[3]।
ਹਾਸ ਬਿਲਾਸ ਕਰੈਂ ਮਿਲਿ ਕੈ
ਇਕ ਪ੍ਰੇਮ ਧਰੇ ਬਲਿ ਜਾਵਤਿ ਹੈਂ ॥੨॥
'ਰੂਪ ਦਮੋਦਰੀ ਕੋ ਜਿਮ ਸੁੰਦਰ
ਤਜੋਂ ਹਰਿਗੋਵਿੰਦ ਰੂਪ ਬਿਸਾਲਾ।
ਏ ਰੀ ਸਖੀ! ਇਹ ਜੋਰੀ[4] ਜੁਰੀ ਸਮ,
ਜੀਵੋ ਭੋਗ ਭੁਗੋ ਚਿਰਕਾਲਾ।
ਭਾਗ ਨਰਾਇਨ ਦਾਸ ਬਡੇ
ਜਿਸ ਕੇਰਿ ਦਮਾਦ[5] ਭਯੋ ਦੁਤਿ ਜਾਲਾ।
ਸੁੰਦਰ ਲੱਛਨ ਅੰਗ ਸਮੂਹ
ਮਨਿੰਦ ਬਿਲੰਦ ਦਿਪੈ ਮਹਿਪਾਲਾ[6]' ॥੩॥
ਸਾਸੁ ਤਬੈ ਬਡ ਭਾਗ ਭਰੀ
ਨਿਜ ਅੰਕ ਬਿਠਾਇ ਸਨੇਹ ਮਹਾਨਾ।
ਸੀਸ ਪੈ ਹਾਥ ਕੋ ਫੇਰਿ ਸਰਾਹਤਿ,
ਡੀਠ ਲਗੈ ਨਹਿਂ, ਭੈ ਉਰ ਮਾਨਾ।
ਸਾਰੀਆਂ ਸਾਰੀਆਂ ਆਇ[7] ਪਿਖ੍ਯੋ
ਬਲਿਹਾਰੀਆਂ ਹ੍ਵੈ ਮਨ ਕੋ ਬਿਰਮਾਨਾ[8]।

---

[1]ਗੱਲਾਂ ਕਰਦੀਆਂ ਹਨ।
[2]ਲੰਬੀਆਂ।
[3]ਕਈ ਗੁਰਾਂ ਦੇ ਸਪੁੱਤ੍ਰ ਨੂੰ ਗੁਰੂ ਜਾਣਕੇ, ਦਰਸ਼ਨ ਕਰ ਮੱਥੇ ਟੇਕਦੀਆਂ ਹਨ।
[4]ਜੋੜੀ।
[5]ਜਵਾਈ।
[6]ਰਾਜੇ ਵਾਂਙ।
[7]ਸਾਰੀਆਂ ਸਾਲੀਆਂ ਨੇ ਆ ਕੇ।
[8]ਭਾਵ ਮੋਹਿਤ ਹੋ ਗਈਆਂ।

ਬੋਲਿ ਮਹਾਂ ਮਧੁਰੇ ਬਚਨਾਂ
ਹਰਿ ਗੋਵਿੰਦ ਆਨੰਦ ਕੋ ਪ੍ਰਗਟਾਨਾ ॥੪॥
ਯੌਂ ਮਿਲਿ ਕੈ ਸਭਿ ਸੋਂ ਸ਼ੁਭਿ ਰੀਤਿ
ਬਿਲਾਸ ਕੇ ਹਾਸ ਕਰੇ ਮਨ ਭਾਏ।
ਜਾਨਿ ਸਮੈ ਨਿਕਸੇ ਤਬਿ ਹੀ
ਜਨ ਵਾਸ ਵਿਖੈ ਹਰਿ ਗੋਵਿੰਦ ਆਏ।
ਸ਼੍ਰੀ ਗੁਰੁ ਬੀਚ ਸਭਾ ਕੇ ਸੁਹਾਵਤਿ,
ਹੋਇ ਸਮੀਪ ਤੇ ਸੀਸ ਨਿਵਾਏ।
ਬੈਠਿ ਗਏ ਮੁਦ ਦੇਤਿ ਭਏ,
ਬਹੁ ਸ਼ੋਭ ਲਏ ਸੁ ਤਹਾਂ ਦਿਪਤਾਏ ॥੫॥
ਬਾਸੁਰ ਤੀਨ ਰਹੇ ਥਿਰ ਕੀਨਿ
ਗੁਰੂ ਸੁ ਪ੍ਰਬੀਨਿ ਮਹਾਂ ਜਸੁ ਛਾਯੋ।
ਫੇਰ ਨਰਾਇਣ ਦਾਸ ਕਹਜੋ,
ਸਭਿ ਦਾਇਜ ਕੋ ਨਿਕਸਾਇ ਧਰਾਯੋ।
ਬੋਲਿ ਪਠੇ[1] ਤਬਿ ਹੇਤ ਬਿਦਾ,
ਸੁਨਿ ਬਾਦਿਤ ਬ੍ਰਿੰਦ ਬਿਸਾਲ ਬਜਾਯੋ।
ਮੰਦ ਹੀ ਮੰਦ ਗਏ ਗੁਰੁ ਮੰਦਰ
ਸੁੰਦਰ ਸਾਜ ਸਮਾਜ ਸੁਹਾਯੋ ॥੬॥
ਤੇਵਰ ਜੇਵਰ ਜੇਵਰ[2] ਹੈਂ
ਜਿਮ ਜੋਤਿ ਜਵਾਹਰ ਕੀ ਝਮਕਾਵੈਂ।
ਭੂਖਨ ਸੰਗ ਤੁਰੰਗਮ ਭੂਖਤਿ[3]
ਚੰਚਲ ਅੰਗਨਿ ਤੇ ਚਪਲਾਵੈਂ।
ਬਾਸਨ ਬ੍ਰਿੰਦ ਬਿਸਾਲ ਧਰੇ ਜੁਤਿ
ਦਾਸਨਿ ਕੇ ਕਹਿ ਭਾਟ ਸੁਨਾਵੈਂ।
ਦ੍ਵੈ ਕਰਿ ਜੋਰਿ ਨਰਾਇਣ ਦਾਸ
ਭਨੈ ਬਿਨਤੀ 'ਗਿਨਤੀ ਨ ਸੁਹਾਵੈ ॥੭॥
ਔਰ ਕਛੂ ਨ ਬਨਜੋ ਮੁਝ ਤੇ
ਇਕ ਦਾਸੀ ਦਈ ਹਿਤ ਸੇਵ ਤੁਮਾਰੀ।

---

[1]ਬੁਲਾ ਭੇਜਿਆ।
[2]ਉਹ ਤੇਉਰ (ਭਾਵ ਪੁਸ਼ਾਕੇ) (ਜੇਵਰ =) ਤਿੱਲੇ ਗੋਟੇ ਨਾਲ ਜੜੇ ਹੋਏ ਤੇ (ਜ਼ੇਵਰ =) ਗਹਿਣੇ। (ਅ) ਤੇਵਰ ਤੇ ਗਹਿਣੇ ਜੋ ਵਰ (ਸ੍ਰੇਸ਼ਟ) ਹੈਨ।
[3]ਗਹਿਣੇ ਪਹਿਨਾਏ ਹੋਏ।

ਆਪ ਕੋ ਨਾਮ ਅਨਾਥ ਕੋ ਨਾਥ ਹੈ
ਰਾਖਿ ਲਈ ਪਤਿ ਆਨਿ ਹਮਾਰੀ।
ਦੋਨਹੁਂ ਲੋਕ ਸਹਾਇ ਕਰੋ
ਸੁ ਕਰੋਰਨਿ ਕੀ[1]* ਕਰਤੇ ਰਖਵਾਰੀ।
ਮੈਂ ਪਕਰਜੋ ਇਕ ਦਾਮਨ[2] ਆਪ ਕੋ
ਆਯੋ ਸ਼ਰੰਨ ਲਖੇ ਉਪਕਾਰੀ ॥੮॥
ਮੈਂ ਸਮਤਾ ਕੋ ਸਮਰਥ ਨਹੀਂ
ਜਿਮ ਰੰਚਕ ਮੇਰੁ ਅਗਾਰੀ ਕਹਾਂ।
ਆਪ ਨੇ ਨਾਮ ਕੀ ਲਾਜ ਰਖੀ
ਬਡਿਆਈ ਦਈ ਘਰਿ ਆਇ ਇਹਾਂ।'
ਸ਼੍ਰੀ ਗੁਰੁ ਸ਼੍ਰੋਨ ਸੁਨੀ ਬਿਨਤੀ
ਭਨਿ ਧੀਰਜ ਦੀਨਿ ਪ੍ਰਬੀਨ ਮਹਾਂ।
'ਸਾਧੁ ਹੀ ਸਾਧ[3] ਅਹੈ ਤੁਝ ਕੋ
ਬਹੁ ਦੀਨਿਸਿ[4] ਦੀਨਿ ਹੀ ਬਾਕ ਕਹਾ[5]' ॥੯॥
ਸ਼੍ਰੀ ਹਰਿ ਗੋਵਿੰਦ ਸੰਗ ਦਮੋਦਰੀ
ਦਾਇਜ ਬੀਚ ਧਰਜੋ ਸਮੁਦਾਈ।
ਪਾਨ ਲੇ ਪਾਨ ਮੈਂ ਕੀਨਿ ਸਭੀ ਬਿਧਿ[6],
ਡੋਰਾ ਮੰਗਾਇ ਲਿਯੋ ਤਿਸ ਥਾਈਂ।
ਦੀਨੀ ਬਿਠਾਇ ਸੁਤਾ ਤਿਸ ਮੈ
ਘਰ ਤੇ ਨਿਕਸੇ ਤ੍ਰਿਯ ਬਾਹਿਰ ਆਈ।
ਰੋਦਤਿ ਹੈ ਗਰ ਸੰਗ ਲਗਾਵਤਿ
ਮਾਤ ਮਿਲੈ ਬਡਿ ਨੇਹੁ ਜਨਾਈ ॥੧੦॥
'ਦੇਰਿ ਲਗੈ, ਫਿਰ ਫੇਰ ਮਿਲੇ,
ਹਟਿ ਜਾਹੁ' ਨਰਾਇਣ ਦਾਸ ਕਹਜੋ।
ਹੋਇ ਬਿਦਾ ਗਮਨੇ ਜਬਿਹੀ,

---

[1]ਕਰੋੜਾਂ ਦੀ।
*ਪਾ:-ਨਿਜ ਦਾਸਨ ਕੀ।
[2]ਪੱਲਾ।
[3]ਸ਼ਾਬਾਸ਼ ਹੈ ਸ਼ਾਬਾਸ਼ ਹੈ।
[4]ਬਥੇਰਾ ਦਿੱਤਾ ਹੈ।
[5]ਫਿਰ ਦੀਨਤਾ (ਨਿੰਮ੍ਰਤਾ) ਦੇ ਵਾਕ ਕਹਿ ਰਹੇ ਹੋ।
[6]ਭਾਵ, ਸ਼੍ਰੀ ਮਤੀ ਦਮੋਦਰੀ ਦਾ ਹੱਥ ਤੇ ਸ਼੍ਰੀ ਗੁਰੂ ਹਰਿ ਗੋਵਿੰਦ ਜੀ ਦਾ ਹੱਥ ਵਿਚ ਹੱਥ ਮਿਲਵਾਕੇ ਦਾਜ ਵੇਲੇ ਦਾਜ ਦੇਣ ਦੀ ਸਾਰੀ ਰਸਮ ਪੂਰੀ ਕੀਤੀ।

ਬਰਖਾ ਧਨ ਕੀ ਬਹੁ ਦੀਨ ਲਹ੍ਯੋ[1]।
ਸ੍ਰੀ ਹਰਿਗੋਵਿੰਦ ਦੂਲਹੁ ਤੇ
ਦੁਲਹੀ ਚਲਿ ਆਗੇ ਸੁ ਅੱਸ਼੍ਰੂ ਬਹ੍ਯੋ।
ਊਪਰ ਕੋ ਬਰੁ ਡਾਰਤਿ ਹੈਂ ਬਿਤ,
ਦਾਰਿਦ ਰੰਕਨ ਬ੍ਰਿੰਦ ਦਹ੍ਯੋ ॥੧੧॥
ਭ੍ਰਾਤਨਿ ਸਾਥ ਨਰਾਇਣ ਦਾਸ
ਗਯੋ ਮਗ ਕੇਤਿਕ ਸ਼੍ਰੀ ਗੁਰੁ ਜਾਨਾ।
ਆਪ ਖਰੇ ਹੁਇ ਤੀਰ ਬੁਲਾਇ ਕੈ
ਬਾਕ ਕਹ੍ਯੋ 'ਹਟੀਏ ਨਿਜ ਥਾਨਾ।'
ਯੌਂ ਸੁਨਿ ਕੈ ਬਿਨਤੀ ਬਹੁ ਕੀਨਿ'
ਛਿਮੋ ਅਪਰਾਧ ਮੈਂ ਕੀਨੋ ਮਹਾਨਾਂ।
ਆਪਨੇ ਧਾਮ ਬੁਲਾਇ ਪਠੇ
ਜਗ ਕੇ ਗੁਰ ਪੂਜ ਨ ਮਾਨ ਪਛਾਨਾ[2] ॥੧੨॥
ਚਾਰ ਦਿਸ਼ਾ ਨਰ ਦੇਖਨਿ ਕੇ ਹਿਤ
ਪੰਥ ਉਲੰਘਤਿ ਦੂਰਿ ਤੇ ਆਵੈਂ।
ਦੇਤਿ ਅਕੋਰ ਖਿਰੈਂ ਕਰ ਜੋਰਿ
ਅਨੇਕ ਮਨੋਰਥ ਆਪ ਤੇ ਪਾਵੈਂ।
ਰਾਉ ਕੈ ਰੰਕ ਤਜੈਂ ਸਭਿ ਸ਼ੰਕ
ਧਰੇ ਸ਼ਰਧਾ ਪਦ ਕੰਜ ਮਨਾਵੈਂ।
ਮੈਂ ਮਤਿਹੀਨ ਨ ਜਾਨ੍ਯੋ ਕਛੂ
ਲਖਿ ਲੌਕਿਕ ਰੀਤਿ ਕਰੇ ਬਨਿ ਆਵੈ' ॥੧੩॥
ਸ਼੍ਰੀ ਗੁਰੁ ਨੇ ਸੁਨਿ ਧੀਰਜਿ ਦੀਨਿ
'ਇਤੇ ਹਮ ਆਪਹੀ ਆਵਨਿ ਠਾਨਾ।
ਤੌ ਕਹੁ ਦੋਸ਼ ਨ, ਰਾਖਿ ਭਰੋਸ ਕੋ
ਜਾਪ ਕਰੋ ਸਤਿਨਾਮ ਸੁਜਾਨਾ।
ਆਪਿ ਹਟੇ ਨਿਜ ਧਾਮਨਿ ਕੋ,
ਅਬਿ ਚਾਹਤਿ ਹੈਂ ਹਮ ਭੀ ਪ੍ਰਸਥਾਨਾ।
ਲੌਕਿਕ ਰੀਤਿ ਸਭੈ ਬਨਿ ਆਵਤਿ,
ਕਯੋਂ ਮਨ ਤੋਹਿ ਸੰਦੇਹ ਉਠਾਨਾ' ॥੧੪॥
ਬੈਨ ਸਨੇ ਕਰੁਨਾ[1] ਸੁਨ ਕੈ

---

[1]ਧਨ ਦੀ ਬਰਖਾ ਕੀਤੀ ਜੋ ਗ੍ਰੀਬਾਂ ਨੇ ਲੀਤਾ।
[2]ਪੂਜਨ ਤੇ ਸਤਿਕਾਰ ਕਰਨ ਦੀ ਜਾਚ ਨਹੀਂ ਆਈ।

ਕਰ ਜੋਰਿ ਨਰਾਇਣ ਦਾਸ ਤਬੈ।
ਸ਼੍ਰੀ ਗੁਰੁ ਕੇ ਪਗ ਪੰਕਜ ਊਪਰ
ਸੀਸ ਧਰਜੋ ਬਿਚ ਭ੍ਰਾਤ ਸਬੈ[2]।
ਸ਼੍ਰੀ ਹਰਿ ਗੋਵਿੰਦ ਬੰਦਨ ਕੀਨਿ
ਲਖਜੋ ਸਸੁਰੋ ਬਡ ਥਾਨ ਜਬੈ।
ਔਰ ਨਮੋ ਸਗਰੇ ਕਰਿ ਕੈ
ਹਟਿ ਧਾਮ ਚਲੇ ਮਨ ਪ੍ਰੇਮ ਫਬੈ ॥੧੫॥
ਯੌਂ ਮਿਲਿ ਕੈ ਬਿਛੁਰੇ ਦਿਸਿ ਦੋਇ,
ਗਏ ਨਿਜ ਧਾਮ ਬਡੋ ਮੁਦ ਪਾਏ।
ਗ੍ਰਾਮ ਕੋ ਲੋਕ ਕਹੈਂ ਸਭਿ ਹੀ
'ਬਹੁ ਬਜਾਹ ਪਿਖੇ ਹਮ ਨੇ ਬਡਿ ਥਾਏ।
ਹੁਯੋ ਨ ਐਸੋ ਅਨੰਦ ਬਿਲੰਦ
ਜਥਾ ਇਸ ਮੈਂ ਗਨ ਮੰਗਲ ਛਾਏ।'
ਸ੍ਰੀ ਗੁਰੁ ਕੇਰ ਪ੍ਰਤਾਪ ਬੱਖਜਾਤ ਹੈ
ਗ੍ਰਾਮ ਬਿਖੈ ਸਗਰੇ ਹਰਖਾਏ ॥੧੬॥
ਬ੍ਰਿੰਦ ਬਰਾਤ ਲਿਯੇ ਹਰਿ ਗੋਵਿੰਦ
ਡੋਰੇ ਕੋ ਅੱਗ੍ਰ ਕਰੇ ਮਗ ਚਾਲੇ।
ਲੰਘਿ ਗਏ ਸੁਲਤਾਨ ਪੁਰੇ ਕੌ
ਬਾਦਿ ਬਜਾਵਤਿ ਜਾਤਿ ਬਿਸਾਲੇ।
ਭਾਨੁ ਢਰੇ ਸਲਿਤਾ ਉਲੰਘੇ
ਸਭਿ ਪਾਰ ਪਰੇ ਥਿਤਿ ਗੋਇੰਦਵਾਲੇ।
ਕੇਵਟ ਕੋ ਧਨ ਦੀਨਿ ਮਹਾਂ
ਹਰਖਾਇ ਰਹਜੋ ਪਿਖਿ ਰੂਪ ਕ੍ਰਿਪਾਲੇ ॥੧੭॥
ਜਾਇ ਨਿਵੇਸ ਬਰਾਤ ਕਿਯੋ
ਗਨ ਸਜੰਦਨ ਸੰਗਿ ਤੁਰੰਗ ਬਿਲੰਦੇ।
ਡੋਰੇ ਕੋ ਅੰਤਰ ਲੇ ਗਮਨੇ
ਬਹੁ ਆਦਰ ਸੋਂ ਉਰ ਧਾਰਿ ਅਨੰਦੇ।
ਬਾਹਰ ਔਰਿ ਥਿਰੇ ਸਭਿ ਹੂੰ
ਸਕਟੇ ਉਤਰੇ ਢਿਗ ਭਾਰਨਿ ਬ੍ਰਿੰਦੇ।
ਮੋਹਰੀ ਸੇਵ ਕਰੀ ਸਗਰੀ

---

[1]ਮੇਹਰ ਭਰੇ ਬਚਨ।
[2]ਸਾਰੇ ਭ੍ਰਾਵਾਂ ਦੇ ਵਿਚ।

ਬਹੁ ਖਾਨੁ ਰੁ ਪਾਨ ਕਿਯੋ ਮਨ ਚਿੰਦੇ[1] ॥੧੮॥
ਸ੍ਰੀ ਗੁਰੁ ਨੰਦਨ ਸੰਗ ਲਿਏ
ਚਲਿ ਮੋਹਨ ਕੋ ਪਗ ਬੰਦਨ ਕੀਨੀ।
ਦੇਖਤਿ ਹੀ ਹਰਖ੍ਯੋ ਤਬਿਹੂੰ
ਹਰਿ ਗੋਵਿੰਦ ਗੋਦ ਲੈ ਆਸ਼ਿਖ ਦੀਨੀ।
ਬ੍ਯਾਹ ਪ੍ਰਸੰਗ ਜੁ ਬੂਝ੍ਯੋ ਤਬੈ
ਜਿਮ ਹੋਯੋ ਕਹ੍ਯੋ ਸੁਖ ਮੈਂ ਮਤਿ ਭੀਨੀ।
ਆਇ ਨਿਵੇਸ ਪ੍ਰਵੇਸ਼ ਭਏ,
ਗੁਰੁ ਥਾਨ ਨਮੋ ਕਰਿ ਜੋ ਪੁਨ ਚੀਨੀ[2] ॥੧੯॥
ਰੈਨਿ ਬਿਖੈ ਸਭਿ ਸੈਨ ਕਰੀ
ਮਨ ਚੈਨ ਧਰੀ, ਮੁੰਦ ਨੈਨ ਲਿਏ।
ਪ੍ਰਾਤ ਉਠੇ ਕਰਿ ਮੱਜਨ ਬਾਵਲੀ
ਨਾਨੇ ਗੁਰੂ[3] ਕੋ ਪ੍ਰਨਾਮ ਕਿਏ।
ਹੋਇ ਸੁ ਤ੍ਯਾਰਿ ਬਰਾਤ ਥਿਰੀ
ਪੁਨਿ ਮੋਹਨਿ ਪਾਸ ਗੁਰੂ ਜੀ ਗਏ।
'ਆਪ ਕ੍ਰਿਪਾ ਕਰਿ ਸੰਗ ਚਲੋ ਤਹਿਂ
ਦੇਖਹੁ ਤੀਰਥ ਜੈਸੇ ਥਿਏ ॥੨੦॥
ਬਾਨੀ ਇਕੱਤ੍ਰ ਕੈ ਬੀੜ ਰਚੀ
ਬਡ ਗ੍ਰਿੰਥ ਭਯੋ ਅਵਿਲੋਕਹੁ ਤਾਂਹੀ।
ਸ੍ਰੀ ਹਰਿਮੰਦਰ ਸੁੰਦਰ ਭਾ
ਤਿਸ ਅੰਦਰ ਸੋ ਅਸਥਾਪ ਕਿਯਾ ਹੀ।
ਮੰਗਲ ਕੇਰਿ ਸਮੋ ਅਬਿ ਹੈ
ਸਭਿ ਸੰਗ ਅਹੈਂ ਪਿਖਿ ਕੈ ਸੁਖ ਪਾਂਹੀ।'
ਮਾਤੁਲ ਸੋਂ ਬਿਨਤੀ ਇਮ ਕੀਨਿ
ਸੁ ਮਾਨਿ ਲਈ ਹਰਖੇ ਉਰ ਮਾਂਹੀ ॥੨੧॥
ਦੀਰਘ ਮਾਤੁਲ ਸੰਗ ਭਯੋ
ਮਨ ਆਨੰਦ ਪਾਇ ਕੈ ਲੀਨਿ ਚਢਾਈ।
ਮੋਹਰੀ ਔ ਸੰਸਰਾਮ[4] ਅਨੰਦ[5]

---

[1]ਮਨ ਭਾਂਵਦੇ।
[2]ਦੇਖਿਆ।
[3]ਸ੍ਰੀ ਗੁਰੂ ਅਮਰਦਾਸ ਜੀ।
[4]ਬਾਬੇ ਮੋਹਨ ਜੀ ਦਾ ਪੁੱਤ੍ਰ।
[5]ਬਾਬੇ ਮੋਹਰੀ ਜੀ ਦਾ ਪੁੱਤ੍ਰ।

ਚਲੇ ਚਢਿ ਕੈ ਬਹੁ ਬਾਦ ਬਜਾਈ।
ਛੁਟੇ ਨਿਸਾਣ ਚਲੇ ਅਗੁਵਾਇ
ਕੁਲਾਹਲ ਮਾਰਗਿ ਮਾਂਹਿ ਉਠਾਈ।
ਗ੍ਰਾਮ ਖਡੂਰ ਪਹੂਚਤਿ ਭੇ ਤਬਿ
ਦਾਤੂ ਨੇ ਹੋਇ ਸਮੀਪ ਅਲਾਈ ॥੨੨॥
'ਡੇਰਾ ਕਰੋ ਗੁਰੁ, ਦੇਗ ਅਚੋ,
ਪੁਨ ਪ੍ਰਾਤ ਕੋ ਆਪ ਕਿਜੈ ਪ੍ਰਸਥਾਨਾ।'
ਯੌਂ ਸੁਨਿ ਸ਼੍ਰੀ ਗੁਰ ਬੈਨ ਭਨੇ
'ਉਤਰੈਂ ਅਬਿ ਆਗੈ, ਨ ਰੋਕ ਪਯਾਨਾ[1]।
ਜਾਤਿ[2] ਦਯੋਤੁ ਮਖਾਨ ਰੁ ਪਾਨ,
ਅਨੰਦ ਕਰੇ ਬਸਿ ਕੈ ਇਸ ਥਾਨਾ।
ਤੀਨ ਹੀ ਕੋਸ ਚਲੇ ਅਟਕੈਂ ਕਿਮ
ਆਗੈ ਰਹਜੋ ਕੱਲ ਪੰਥ ਮਹਾਨਾ[3]' ॥੨੩॥
'ਰੈਨਿ ਬਸੋ ਨਹਿਂ ਜੇ ਤੁਮ ਆਪ,
ਅਹਾਰਿ ਹੈ ਤਜਾਰ ਅਚੋ ਸਮੁਦਾਈ।'
ਯੌਂ ਕਹਿ ਕੈ ਅਟਕਾਇ ਲਿਏ,
ਸਭਿ ਕੇ ਹਤ ਲਜਾਇ ਸੁ ਦੀਨਿ ਅਚਾਈ।
ਸ਼੍ਰੀ ਗੁਰ ਅੰਗਦ ਮੰਦਰ ਕੋ
ਅਭਿਬੰਦਨ ਕੈ ਗਮਨੇ ਅਗੁਵਾਈ।
ਸੰਗ ਲਿਯੋ ਨਿਜ ਦਾਤੂ ਚਲਜੋ
ਅਤਿ ਮੋਦ ਬਢਜੋ ਸਭਿ ਮੈਂ ਤਿਸ ਥਾਈਂ ॥੨੪॥
ਦੋਹਰਾ: ਉਲੰਘਿ ਪੰਥ ਪਹੁੰਚਤਿ ਭਏ, ਤਾਰਨ ਤਰਨ[4] ਸਥਾਨ।
ਉਤਰੇ ਜਾਇ ਸਮੂਹ ਤਹਿਂ, ਸ਼੍ਰੀ ਅਰਜਨ ਗੁਨ ਖਾਨ ॥੨੫॥
ਸ੍ਵੈਯਾ: ਦੀਨਿ ਸਬੈ ਪਕਵਾਨ ਸੁ ਖਾਨ ਕੋ
ਵਾਹਨ ਕੋ ਮਨ ਭਾਇ ਖੁਲਾਯੋ।
ਰੈਨਿ ਬਿਖੈ ਕਰਿ ਸੈਨ ਪਰੇ ਸੁਖ
ਸੰਗ ਤਹਾਂ ਸਭਿ ਕਾਲ ਬਿਤਾਯੋ।
ਪ੍ਰਾਤ ਉਠੇ ਕਰਿ ਮੱਜਨ ਤੀਰਥ

---

[1]ਜਾਂਦਿਆਂ ਨੂੰ ਨਾ ਰੋਕੋ।
[2]ਜਾਂਦੀ ਵਾਰ।
[3]ਕੱਲ ਦਾ ਰਸਤਾ ਬਹੁਤਾ।
[4]ਭਾਵ ਤਰਨ ਤਾਰਨ।

ਦਾਨ ਦਿਯੋ ਜੁਉ ਮਾਂਗਨਿ ਆਯੋ।
ਗ੍ਰਾਮਨਿ ਕੇ, ਪੁਰਿ ਕੇ, ਮਗ ਕੇ
ਨਰ ਰੰਕਨਿ ਕੋ ਧਨ ਦੇ ਹੁਲਸਾਯੋ ॥੨੬॥
ਦੁੰਦਭਿ ਦੀਰਘ ਧੌਂਸ ਬਜੀ
ਸਜਿ ਵਾਹਨ ਤਜਾਰਿ ਭਏ ਸਭਿ ਚਾਲੇ।
ਕੇਤਿਕ ਸਜੰਦਨ ਜਾਤਿ ਪਲਾਵਤਿ,
ਕੇਤਿਕਿ ਬਾਜੀ ਕੁਦਾਇ ਬਿਸਾਲੇ।
ਕੇਤਿਕ ਬੈਲਨ ਕੀ ਬਹਿਲੈਂ
ਬਹੁ ਦੌਰਤਿ ਹੈਂ ਤਨ ਪ੍ਰਾਕ੍ਰਮ ਵਾਲੇ।
ਘੁੰਘਰ ਕੀ ਛਨਕਾਰ ਮਹਾਂ
ਧੁਨਿ ਬਾਦਤ ਕੀ ਮਿਲਿ ਕੈ ਤਿਸ ਨਾਲੇ ॥੨੭॥
ਹਾਸ ਬਿਲਾਸ ਪ੍ਰਕਾਸ਼ਿਤ ਹੈਂ
ਮਿਲਿ ਆਪਸ ਮਹਿਂ ਮਨ ਮੋਦ ਉਪਾਏ।
ਮਾਰਗ ਦੂਰਿ ਉਲੰਘ ਗਏ
ਨਹਿਂ ਜਾਨ ਪਰਜੋ ਪੁਰਿ ਕੇ ਨਿਯਰਾਏ[1]।
ਡੇਰੇ ਕੋ ਆਗੇ ਕਰੇ ਗਮਨੇ
ਹਰਿਗੋਵਿੰਦ ਦੂਲਹੁ ਸ਼ੋਭ ਵਧਾਏ।
ਆਇ ਸੁਧਾਸਰ ਤੀਰ ਗਏ
ਤਬਿ ਬਾਦਿਤ ਕੀ ਧੁਨਿ ਊਚ ਉਠਾਏ ॥੨੮॥
ਕਬਿੱਤ: ਮਹਾਂਦੇਵ, ਮੋਹਰੀ ਔ ਮੋਹਨ ਸੁ ਦਾਤੂ ਸਾਥ,
ਬ੍ਰਿੱਧ, ਗੁਰਦਾਸ ਤੇ ਮਸੰਦ ਬ੍ਰਿੰਦ ਆਵਈਂ।
ਸੇਵਕ ਔ ਸਿੱਖ ਹਰਖਾਏ ਦੇਖਿ ਦੇਖਿ ਪੁਰਿ
ਆਨੰਦ ਬਿਲੰਦ ਤੇ ਨ ਅੰਗਨਿ ਮੈਂ ਮਾਵਈਂ।
ਪਟਹ, ਪਣਵ, ਢੋਲ, ਦੁੰਦਭਿ, ਨਫੀਰੀ ਜੁਤ
ਧੌਂਸਾ ਕੀ ਧੁੰਕਾਰ ਧੁਨਿ ਅਧਿਕ ਉਠਾਵਈਂ।
ਡਫ ਅਰੁ ਬੰਸਰੀ ਬਜਾਈ ਐਲਿ ਗੈਲਿ[2] ਭਯੋ
ਸੁਥਰੀ ਸੁ ਤੁਰਰੀ ਸ਼ਬਦ ਕੋ ਸੁਨਾਵਈਂ ॥੨੯॥
ਸੁਨੀ ਧੁਨਿ ਗੰਗ, ਭਈ ਆਨੰਦ ਕੇ ਸੰਗ
ਉਠੀ ਰਿਦੇ ਤੇ ਉਮੰਗ, ਸਾਜ ਮੰਗਲ ਬਿਸਾਲ ਕੋ।
ਬ੍ਰਿੰਦ ਕੀਨਿ ਅੰਗਨਾ ਸੁ ਅੰਗਨਿ ਮੈਂ ਅੰਗ ਸ਼ੁਭ[1],

---

[1]ਰਾਹ ਨਿਬੜਦਾ ਜਾਣਿਆਂ ਨਾ ਗਿਆ ਤੇ ਛੇਤੀ ਹੀ ਰਮਦਾਸ ਪੁਰੇ ਦੇ ਨੇੜੇ ਆ ਪਹੁੰਚੇ।
[2]ਰੌਲਾ ਗੌਲਾ (ਅ) ਰਸਤੇ ਵਿਚ (ਆਵਾਜ਼) ਭਰ ਗਈ ਜਾਂ ਮੁਹਾਵਰਾ ਹੈ। 'ਚਹਲ ਪਹਲ।'

ਅੰਗਨਿ ਮੈਂ ਮੇਵੈ ਨਹਿਂ ਦੇਖਿ ਮੋਦ ਜਾਲ ਕੋ[੨]।
ਦਾਤੂ ਦਾਰਾ, ਮੋਹਨ ਔ ਮੋਹਰੀ ਕੀ ਦਾਰਾ ਸੰਗ
ਔਰ ਗਿਨੌਂ ਕੌਨ ਕੌਨ ਮਿਲੀ ਗਨ ਬਾਲ ਕੋ[੩]।
ਦੇਤਿ ਹੈਂ ਵਧਾਈ ਲੇਤਿ ਸੌ ਗੁਨੀ ਚਢਾਈ ਸੀਸ,
ਸਭਿ ਉਮਹਾਈ ਦੇਖਿਬੇ ਕੋ ਬਧੂ ਲਾਲ ਕੋ[੪] ॥੩੦॥
ਡਾਰੈਂ ਧਨ ਵਾਰਿ ਵਾਰਿ ਸ਼੍ਰੀ ਗੁਰੂ ਉਦਾਰ ਚਿਤ
ਮਿਲੇ ਨਰ ਨਾਰਿ ਮੋਦ ਧਾਰਿ ਪੁਰਿ ਬਰੇ ਹੈਂ।
ਸੁਜਸ ਪਸਾਰਿ ਕਰਿ, ਜੋਰੀ[੫] ਗਈ ਦ੍ਵਾਰ ਨਿਜ,
ਗੰਗ ਨੇ ਨਿਹਾਰਿ ਸੁਤ ਰੀਤਿ ਗਨ ਕਰੇ ਹੈਂ।
ਸਹਤ ਸਨੁਖਾ ਲੀਨਿ ਜੋਖਤਾਂ[੬] ਕੋ ਪੁੰਜ ਸੰਗਿ,
ਬੰਦਨਾ ਕੇ ਹੇਤੁ ਹਰਿਮੰਦਿਰ ਕੋ ਮੁਰੇ ਹੈਂ।
ਤਜਾਗ ਅਸਵਾਰੀ ਲਏ ਮੋਦਕ ਕੋ ਥਾਰ ਭਰਿ
ਸਗਰੀ ਪਧਾਰੀ ਗੀਤ ਗਾਇ ਪ੍ਰੀਤਿ ਧਰੇ ਹੈਂ ॥੩੧॥
ਸਨੈ ਸਨੈ ਗਏ ਸੰਗ ਬਾਦਿਤ ਬਜਾਇ ਗਨ,
ਜਾਚਕ ਜੋ ਆਏ ਧਨ ਪਾਇ ਹਰਖਾਇ ਕੈ।
ਤੀਰਥ ਕੇ ਤੀਰ ਪਰ ਭਈ ਬਹੁ ਭੀਰ ਤਹਾਂ,
ਬੰਦਨਾ ਕਰਤਿ ਨਰ ਨਾਰੀ ਸੀਸ ਨਜਾਇ ਕੈ।
ਅੰਤਰਿ ਪ੍ਰਵੇਸ਼ ਹੋਏ ਸੇਤੁ[੭] ਪੈ ਗਮਨ ਕਰੇ,
ਥਿਰੇ ਹਰਿ ਮੰਦਿਰ ਅਗਾਰੀ ਉਰ ਭਾਇ ਕੈ।
ਦੇ ਕਰਿ ਦਰਬ ਅਰਦਾਸ ਕੋ ਕਰਾਇਓ ਖਰੇ
ਜੋਰਿ ਜੁਗ ਹਾਥਨਿ ਕੋ ਬੰਦੈਂ ਭਾਲ ਲਾਇ ਕੈ ॥੩੨॥
ਬਾਂਟਿ ਕੈ ਪ੍ਰਸਾਦਿ ਅਹਿਲਾਦਿ ਕੈ, ਅਗਾਰੀ ਕਰਿ[੮],
ਦੀਨਿ ਹੈ ਪ੍ਰਦੱਛਨਾ ਫਿਰੇ ਸੁ ਚਾਰਿ ਬਾਰਿ ਹੈਂ।
ਸਤਿਗੁਰੂ ਰਾਮਦਾਸ ਚਰਨ ਮਨਾਇ ਚਲੇ
ਆਪਨੇ ਸਦਨ ਕੌ ਅਨੇਕ ਨਰ ਨਾਰਿ ਹੈਂ।

---

[੧]ਕੱਠੀਆਂ ਕੀਤੀਆਂ ਸੁਹਣੇ ਅੰਗਾਂ ਵਾਲੀਆਂ ਇਸਤ੍ਰੀਆਂ ਵੇਹੜੇ ਵਿਚ।
[੨](ਮਾਤਾ ਜੀ) ਅੰਗਾਂ ਵਿਚ ਮੇਉਂਦੇ ਨਹੀਂ ਸਾਰੇ ਅਨੰਦ ਨੂੰ ਦੇਖਕੇ।
[੩]ਬਹੁਤ ਇਸਤ੍ਰੀਆਂ।
[੪]ਚਾਹੁੰਦੀਆਂ ਹਨ ਦੇਖਣਾ ਲਾਲ ਦੀ ਵਹੁਟੀ ਨੂੰ (ਅ) ਨੋਂਹ ਪੁੱਤ੍ਰ ਨੂੰ।
[੫]ਭਾਵ ਲਾੜਾ ਲਾੜੀ।
[੬]ਇਸਤ੍ਰੀਆਂ।
[੭]ਪੁਲ।
[੮](ਜੋੜੀ ਨੂੰ) ਅੱਗੇ ਕਰਕੇ।

ਬਾਦਿਤ ਬਜਤਿ ਆਗੇ ਗਾਵੈਂ[1], ਤ੍ਰੀਯ ਪਾਛੇ ਲਗੇ,
ਸਭਿਨਿ ਮਝਾਰ ਜੋਰੀ ਸ਼ੋਭਤਿ ਉਦਾਰ ਹੈ।
ਚਿੱਤ੍ਰਾ ਕੇ ਸਮੇਤ ਚੰਦ[2] ਆਨੰਦ ਬਿਲੰਦ ਕਰਿ
ਪੂਜਿ ਦੇਵ ਗੁਰ[3] ਕੋ ਚਲਤਿ ਮਨੋ ਚਾਰੁ ਹੈਂ ॥੩੩॥
ਦੇਵਕੀ[4] ਮਨਿੰਦ ਸ਼ਯਾਮ ਘਨ[5] ਸਤਿਭਾਮਾ[6] ਜੁਤਿ
ਮਾਨੋ ਕੁਲ ਬਡੋ ਪੂਜ ਜਾਤਿ ਨਿਜ ਦ੍ਵਾਰਿ ਹੈ[*]।
ਮੰਦ ਮੰਦ ਗਮਨਤਿ ਗਏ ਨਿਜ ਮੰਦਿਰ ਕੋ
ਸੁੰਦਰ ਫਰਸ਼ ਜਹਾਂ ਆਸਨ ਉਦਾਰ ਹੈ।
ਸਹਤ ਸਨੁਖਾ ਸੁਤ ਹੇਰਤਿ ਹਰਖ ਚਿਤ
ਗੰਗਾ ਕੋ ਅਨੰਦ ਕਿਮ ਕਰੈ ਕੋ ਉਚਾਰ ਹੈ।
ਜਥਾ ਜੋਗ ਸਗਰੀ ਬਿਠਾਈ ਸਨਮਾਨ ਕਰਿ,
ਹੁਤੀ ਕੁਲ ਰੀਤਿ ਸਭਿ ਕੀਨੀ ਨਿਰਧਾਰ ਹੈ ॥੩੪॥

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਬਰਾਤ ਆਗਵਨ' ਪ੍ਰਸੰਗ ਬਰਨਨੰ ਨਾਮ ਚੌਦਸਮੋਂ ਅੰਸੂ ॥੧੪॥

---

[1]ਗਾਂਵਦੇ ਹਨ (ਸ਼ਬਦ)।
[2]ਮਾਨੋਂ ਚੰਦ ਚੰਦ੍ਰਮਾਂ ਦੀ ਇਸਤ੍ਰੀ ਸਣੇ।
[3]ਬ੍ਰਹਸਪਤਿ।
[4]ਕ੍ਰਿਸ਼ਨ ਦੀ ਮਾਤਾ।
[5]ਕ੍ਰਿਸ਼ਨ।
[6]ਇਸਤ੍ਰੀ ਕ੍ਰਿਸ਼ਨ ਦੀ।
[*]ਇਹ ਦੋਨੋਂ ਦ੍ਰਿਸ਼ਟਾਂਤ ਮਾਤ੍ਰ ਹਨ।

੧੫. [ਮੇਲ ਦੀ ਵਿਦੈਗੀ]

੧੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੬

ਦੋਹਰਾ: ਗੰਗਾ ਮੰਗਲ ਸੰਗ ਤਬਿ, ਕਰਤਿ ਨਿਛਾਵਰ ਨੰਦ[1]।
ਅਪਰ ਸਰਬ ਨੇ ਉਠਿ ਕਰੀ, ਖਰਚਹਿਂ ਦਰਬ ਬਿਲੰਦ ॥੧॥
ਚੌਪਈ: ਪਿਖਿਨਿ ਸਨੁਖਾ[2] ਮੁਖ ਕੋ ਲਾਗੀ।
ਰਿਦਾ ਅਨੰਦ ਭਰਜੋ ਬਡਿ ਭਾਗੀ।
ਪਾਇ ਓਲਿ ਮਹਿਂ[3] ਧਨ ਕੀ ਥਾਤੀ।
ਅਵਿਲੋਕਤਿ ਭਈ ਸੀਤਲ ਛਾਤੀ ॥੨॥
ਪੁਨ ਉਠਿ ਉਠਿ ਕਰਿ ਸਗਰੀ ਦਾਰਾ।
ਜਥਾ ਉਚਿਤ ਝੋਰੀ ਧਨ ਡਾਰਾ।
ਪਿਖਤਿ ਬਧੂ ਕੋ ਮੁਖ ਹਰਖਾਈ।
ਕਰਹਿਂ ਸਰਾਹਨਿ ਸੁੰਦਰਤਾਈ ॥੩॥
'ਹੇ ਅਲਿ[4]! ਗੰਗਾ ਕੇ ਬਡਿਭਾਗਾ।
ਜਿਸ ਕੋ ਜਗ ਗੁਰੁ ਅਹੈਂ ਸੁਹਾਗਾ।
ਬਹੁਤ ਪੁੱਤ੍ਰ ਜਨੁ ਚੰਦ ਅਮੰਦੂ[5]।
ਕੋ ਅਸ ਤ੍ਰਿਯ, ਪਿਖਿ ਹ੍ਵੈ ਨ ਅਨੰਦੂ ॥੪॥
ਤਿਹ ਸੁਤ ਸੰਗਿ ਸੁਨੁਖਾ ਸੋਹੀ।
ਰਾਮਚੰਦ ਜਨੁ ਸੀਤਾ ਹੋਹੀ।
ਇਹ ਜੋਰੀ ਜੀਵਹੁ ਚਿਰਕਾਲਾ।
ਇਮ ਸਮ ਸੁੰਦਰ ਰੂਪ ਬਿਸਾਲਾ' ॥੫॥
ਉਤਸਵ ਜਥਾ ਜੋਗ ਕਰਿ ਗੰਗਾ।
ਸਭਿ ਕੋ ਸਨਮਾਨਿਤ ਹਿਤ ਸੰਗਾ।
ਨਾਨਾ ਭਾਂਤਿਨਿ ਬਨਜੋ ਅਹਾਰਾ।
ਸੂਖਮ ਚਾਵਰ ਦੌਨਿ ਪ੍ਰਕਾਰਾ ॥੬॥
ਮਧੁਰ ਸਲਵਣ ਸੁ ਮੇਵਾ ਡਾਲੇ।
ਗਰੀ ਬਦਾਮਨਿ ਛੀਲ[6] ਬਿਸਾਲੇ।
ਪਿਸਤਾ ਸ੍ਵਾਦ ਸਾਵਗੀ ਪਾਏ।

---

[1]ਵਾਰਨੇ ਕਰਦੀ ਹੈ ਪੁੱਤ੍ਰ ਉਪਰੋਂ।
[2]ਨੂੰਹ।
[3]ਝੋਲੀ ਵਿਚ।
[4]ਸਖੀ।
[5]ਨਿਹਕਲੰਕ ਚੰਦ੍ਰਮਾ ਵਤ।
[6]ਛਿੱਲਕੇ।

ਪੂਰੀ ਕਹਿ ਕਚੌਰਿ ਸਮੁਦਾਏ ॥੭॥
ਬਰੇ ਪਕੌਰੇ ਦਧਿ ਮਹਿਂ ਡਾਲੇ।
ਧਨੀਆ ਮਿਰਚ ਅਨੇਕ ਮਸਾਲੇ।
ਨਰ ਨਾਰਿਨਿ ਕੋ ਰੁਚਿਰ ਅਹਾਰਾ।
ਸਾਦਰ ਕਹਿ ਕਰਿ ਸਭਿਨਿ ਖੁਆਰਾ ॥੮॥
ਤ੍ਰਿਪਤਿ ਹੋਇ ਭੀ ਚਾਹਤਿ ਖਾਯੋ[1]।
ਅਸਨ ਸੁ ਅਸ ਸ੍ਵਾਦਲ ਮਨ ਭਾਯੋ।
ਸਭਿ ਕੇ ਵਾਹਨ ਕੋ ਦੇ ਦਾਨਾ।
ਤ੍ਰਿਣ ਗਨ ਦਈ ਨਿਹਾਰੀ[2] ਖਾਨਾ ॥੯॥
ਦਾਸ ਅਨਿਕ ਅਰੁ ਸਗਲ ਮਸੰਦ।
ਸਭਿ ਕੀ ਸੇਵਾ ਕਰਹਿਂ ਬਿਲੰਦ।
ਜੋ ਜਿਸ ਚਾਹਿ ਦਈ ਤਿਹ ਸੋਈ।
ਰਿਦੇ ਕਾਮ ਪੂਰਤਿ ਸਭਿ ਕੋਈ[3] ॥੧੦॥
ਖਾਨ ਪਾਨ ਸਨਮਾਨ ਮਹਾਨਾ।
ਪਰੀ ਰੈਨ ਸੁਪਤੇ ਨਿਜ ਥਾਨਾ।
ਸ੍ਰੀ ਅਰਜਨ ਸੁਧਿ ਸਭਿ ਕੀ ਸੁਨਿ ਕੈ।
-ਭਈ ਸੇਵ ਤ੍ਰਿਪਤੇ ਗਨ- ਗੁਨਿ ਕੈ[4] ॥੧੧॥
ਸੁਪਤੇ ਸਭਿਹਿਨਿ ਤੇ ਪਸ਼ਚਾਤੀ।
ਤਿਮ ਅੰਤਰਿ ਗੰਗਾ ਹਰਖਾਤੀ।
ਦਾਸੀ ਗਨ ਕੋ ਪ੍ਰੇਰਨਿ ਕਰਤੀ।
ਖਾਨ ਪਾਨ ਸਭਿ ਕੀ ਸੁਧਿ ਧਰਤੀ ॥੧੨॥
ਬਹੁ ਸਨੇਹ ਤੇ ਨੁਖਾ ਬਿਠਾਵਹਿ।
ਕਹਿ ਕਹਿ ਬਰ ਭੋਜਨ ਕੇ ਖ੍ਵਾਵਹਿ।
ਪੁਨ ਅਪਨੇ ਢਿਗ ਸਿਹਜਾ ਸੁੰਦਰ।
ਕਰੀ ਡਸਾਵਨਿ ਅੰਦਰ ਮੰਦਿਰ ॥੧੩॥
ਲੇ ਕਰਿ ਨਿਕਟ ਆਪ ਤਬਿ ਸੋਈ।
ਨੁਖਾ ਬਿਲੋਕਤ ਹਰਖਤਿ ਹੋਈ।
ਹਰਿ ਗੁਵਿੰਦ ਬਰ ਇੰਦ ਮਨਿੰਦਾ।

---

[1]ਰੱਜਕੇ ਵੀ ਖਾਣਾ ਚਾਹੁੰਦੇ ਹਨ।
[2]ਛੋਲਿਆਂ ਦਾ ਆਟਾ ਤੇ ਗੁੜ ਆਦਿ ਜੋ ਮਿਲਾਕੇ ਘੋੜਿਆਂ ਨੂੰ ਦੇਂਦੇ ਹਨ।
[3]ਰਿਦੇ ਦੀ ਕਾਮਨਾ ਸਭ ਕਿਸੇ ਦੀ ਪੂਰਨ ਕਰਦੇ ਹਨ।
[4]ਬਿਚਾਰਕੇ।

ਪਿਤ ਸਮੀਪ ਪੌਢੇ ਸੁਖਕੰਦਾ ॥੧੪॥
ਮਹਾਂਦੇਵ ਨਿਜ ਘਰਹੁਂ ਸਿਧਾਰਾ।
ਸਭਿ ਕੁਟੰਬ ਹਿਤ ਪਠਜੋ ਅਹਾਰਾ।
ਮੋਹਨ ਅਪਰ ਮੋਹਰੀ ਦਾਤੂ।
ਖਾਨ ਪਾਨ ਸੁਪਤੇ ਹਰਖਾਤੂ ॥੧੫॥
ਅਪਰ ਸਿੱਖ ਸੰਗਤਿ ਨਰ ਨਾਰੀ।
ਬ੍ਰਿੰਦ ਮਸੰਦ ਕਰਤਿ ਜੇ ਕਾਰੀ।
ਦਾਸੀ ਦਾਸ ਸਭਿਨਿ ਸੁਖ ਪਾਏ।
ਨਿਜ ਨਿਜ ਥਾਨ ਸਕਲ ਸੁਪਤਾਏ ॥੧੬॥
ਜਾਮ ਜਾਮਨੀ ਜਾਗੇ ਨਾਥ।
ਮੋਹਨ ਮਾਤੁਲ ਲੀਨਸਿ ਸਾਥ।
ਸੌਚਾਚਾਰ ਕਰੇ ਬਿਧਿ ਸਾਰੀ।
ਪ੍ਰਥਮ ਨਹਾਇ ਕੂਪ ਕੇ ਬਾਰੀ ॥੧੭॥
ਸੁਧਾ ਸਰੋਵਰ ਜਾਇ ਸ਼ਨਾਨੇ।
ਪੁਨ ਪਹੁਚੇ ਹਰਿਮੰਦਿਰ ਥਾਨੇ।
ਬੈਠਤਿ ਭਏ ਸੁ ਸਭਾ ਸੁਧਾਰਿ।
ਗਾਵਨਿ ਲਗੇ ਸੁ ਆਸਾਵਾਰਿ ॥੧੮॥
ਬ੍ਰਿੱਧ ਜੁਤ ਆਇ ਗਯੋ ਗੁਰਦਾਸ।
ਬੈਠੇ ਬ੍ਰਿੰਦ ਮਸੰਦੈ ਪਾਸ।
ਉਮਰਸ਼ਾਹੁ, ਭਾਈ ਕੱਲਜਾਨ।
ਬਹੁ ਸਿਖ ਕਰਹਿੰ ਦਰਸ ਕੋ ਆਨਿ ॥੧੯॥
ਨੰਦ ਅਨੰਦ ਮੋਹਰੀ ਸੰਗਿ[1]।
ਸੰਸਰਾਮ ਜੁਤਿ ਰਿਦੇ ਉਮੰਗਿ।
ਆਇ ਸਭਾ ਦਰਬਾਰ ਲਗਾਈ[2]।
ਹੇਰਤਿ ਸੁਨਤਿ ਸਰਬ ਹਰਖਾਈ ॥੨੦॥
ਪ੍ਰਾਤ ਹੋਤਿ ਕੇ ਪਾਯੋ ਭੋਗ।
ਸਿਰ ਨਿਵਾਇ ਤਬਿ ਸਭਿਹੂੰ ਲੋਗ।
ਸ਼੍ਰੀ ਗੁਰੁ ਗ੍ਰਿੰਥ ਸਾਹਿਬ ਜਬਿ ਆਇਵ।
ਸਗਰੇ ਉਠਿ ਸਨਮਾਨ ਬਧਾਇਵ ॥੨੧॥

---

[1]ਮੋਹਰੀ ਜੀ (ਆਪਣੇ) ਪੁੱਤ੍ਰ ਅਨੰਦ ਜੀ ਨਾਲ।
[2]ਦਰਬਾਰ ਸਾਹਿਬ ਵਿਖੇ ਸਭਾ ਲਗਾਈ।

ਸ੍ਰੀ ਮੰਜੀ ਪਰ ਖੋਲਨਿ ਕੀਨਿ।
ਪਠਨਿ ਹੇਤੁ ਗੁਰੁ ਆਇਸੁ ਦੀਨਿ।
ਬ੍ਰਿੱਧ ਨੇ ਤਬਿ ਬਾਂਚੀ ਗੁਰ ਬਾਨੀ।
ਜਿਸ ਮਹਿਂ ਹੰਤਾ ਮਮਤਾ ਹਾਨੀ ॥੨੨॥

ਸ੍ਰੀ ਮੁਖਵਾਕ:
ਛੰਤੁ ॥
ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥
ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥
ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ ॥
ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ ॥
ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥

ਚੌਪਈ: ਪਰਮੇਸ਼ੁਰ ਕੋ ਸੁਜਸੁ ਮਹਾਨਾ।
ਕੈ ਸੰਤਨਿ ਕੋ ਕੀਨਿ ਬਖਾਨਾ।
ਅਧਿਕ ਨੰਮ੍ਰਤਾ ਤਜਿਨਿ ਹੰਕਾਰ।
ਸੱਤਿਨਾਮ ਸਿਮਰਨ ਸੁਖਸਾਰ ॥੨੩॥
ਕਾਮ ਕ੍ਰੋਧ ਆਦਿਕ ਕੋ ਤਜਾਗਨਿ।
ਸ੍ਰੀ ਭਗਵੰਤ ਭਗਤਿ ਕੋ ਲਾਗਨਿ।
ਬਹੁ ਬੈਰਾਗ ਜਗਤ ਤੇ ਕਰਿਬੋ।
ਸੰਤਨਿ ਸੇਵਨਿ ਸ਼ਰਧਾ ਧਰਿਬੋ ॥੨੪॥
ਜਿਸ ਤੇ ਉਧਰਹਿ ਜੀਵਨਿ ਜਾਲ।
ਅਸ ਜਹਾਜ ਕੀਨਸਿ ਕਲਿ ਕਾਲ।
ਸੁਨਿ ਮੋਹਨਿ ਦਾਤੂ ਤਬਿ ਸ਼੍ਰੌਨ।
ਭਰੇ ਹਰਖ ਕੁਛ ਠਾਨੀ ਮੌਨਿ ॥੨੫॥
ਬਹੁਰ ਸਰਾਹਨਿ ਲਗੇ ਬਿਸਾਲਾ।
'ਸੋਢੀ ਪੰਥ ਸੁ ਕੀਨਿ ਉਜਾਲਾ।
ਦੋਨੋ ਕਰੇ ਮਹਾਂ ਉਪਕਾਰੇ।
ਜਿਸ ਤੇ ਕਲਿ ਮਹਿਂ ਮੰਦ ਉਧਾਰੇ ॥੨੬॥
ਧੰਨ ਬੈਠਿਬੋ ਗੁਰਤਾ ਗਾਦੀ।
ਜਿਸ ਤੇ ਹੋਹਿ ਅਨਿਕ ਅਹਿਲਾਦੀ।
ਸਰਬ ਗੁਰੁਨਿ ਕੋ ਸੁਜਸੁ ਪ੍ਰਕਾਸ਼ਾ।
ਬਿਸਥਾਰਜੋ ਸਭਿ ਮਹਿਂ ਚਹੁੰ ਪਾਸਾ ॥੨੭॥
ਗੁਰਬਾਨੀ ਇਕਠੀ ਦਰਸਾਵੈ।
ਪਢਹਿਂ ਲਿਖਹਿਂ ਸਿਖ ਸਨੈਂ ਸੁਨਾਵੈਂ।

ਅਵਨੀ ਮੰਡਲ ਗਿਰ ਲਗਿ ਸਾਗਰ[੧]।
ਪੁਰਿ ਪੁਰਿ ਘਰ ਘਰ ਹੋਇ ਉਜਾਗਰ ॥੨੮॥
ਹਰਿਮੰਦਿਰ ਤੀਰਥ ਗੁਰੁ ਕੇਰੋ।
ਇਨ ਪ੍ਰਤਾਪ ਨਿਤ ਵਧਹਿ ਵਧੇਰੋ।
ਚਹੁੰਦਿਸ਼ਿ ਕੇ ਨਰ ਸ਼ਰਧਾ ਧਰਿ ਧਰਿ।
ਨਿਰਮਲ ਹੋਹਿਂ ਸੁ ਮੱਜਨ ਕਰਿ ਕਰਿ' ॥੨੯॥
ਸ੍ਰੀ ਅਰਜਨ ਪੁਨ ਭਨਜੋ ਸੁਨਾਯੋ।
'ਕ੍ਰਿਪਾ ਤੁਮਾਰੀ ਤੇ ਬਨਿ ਆਯੋ।
ਭਈ ਇਕੱਤ੍ਰ ਸਕਲ ਗੁਰੂ ਬਾਨੀ।
ਸਿਰਜਜੋ ਤੀਰਥ ਕਲਮਲ ਹਾਨੀ ॥੩੦॥
ਗੁਰਿ ਸਿੱਖਨਿ ਕੋ ਭਯੋ ਅਧਾਰਾ।
ਹੋਹਿਂ ਭਵਿੱਖਜਤਿ ਬਿਖੈ ਅਪਾਰਾ[੨]।
ਮਿਟਹਿ ਨ ਸਿੱਖੀ ਇਨਹੁ ਅਲੰਬ।
ਗੁਰੁ ਕੋ ਮਾਨਹਿਂ ਸਦਾ ਕਦੰਬ[੩] ॥੩੧॥
ਜੋ ਨਰ ਹਿਤ ਧਰਿ ਸੁਨਹਿਂ ਸੁਨਾਵੈਂ।
ਜਨਮ ਮਰਨ ਤਿਨ ਕੌ ਛੁਟਿ ਜਾਵੈ।
ਮਹਾਂ ਮਹਾਤਮ ਹੈ ਗੁਰੁ ਬਾਨੀ।
ਤਜਹਿਂ ਕਸ਼ਟ ਕੋ ਲਾਖਹੁਂ ਪ੍ਰਾਨੀ- ॥੩੨॥
ਸੁਨਿ ਗੁਰੁ ਮੁਖ ਤੇ ਹਰਖੇ ਸਾਰੇ।
ਕਰੇ ਸਰਾਹਨਿ ਸੁਜਸੁ ਉਚਾਰੇ।
ਜਾਮ ਦਿਵਸ ਤਹਿਂ ਬੈਠੇ ਆਯੋ।
ਪੁਨ ਸਭਿਹਿਨਿ ਤਹਿਂ ਸੀਸ ਨਿਵਾਯੋ ॥੩੩॥
ਉਠਿ ਗਮਨੇ ਪਰਦਛਨਾ ਧਾਰੇ।
ਲੀਨੇ ਸੰਗ ਆਪਨੇ ਸਾਰੇ।
ਬਹੁਰੋ ਵਹਿਰ ਪ੍ਰਕਰਮਾ ਫਿਰੇ।
ਪੌਰ ਦਰਸ਼ਨੀ ਬੰਦਨ ਕਰੇ ॥੩੪॥
ਤਹਿਂ ਤੇ ਚਲਿ ਨਿਜ ਘਰ ਕੋ ਆਏ।
ਮੋਹਨ ਆਦਿ ਸੰਗ ਸਮੁਦਾਏ।
ਥਾਨ ਬੈਠਿਬੇ ਕੋ ਤਹਿਂ ਗਏ।

[੧]ਪਹਾੜ ਤੋਂ ਲੈ ਕੇ ਸਮੁੰਦ੍ਰ ਤੱਕ।
[੨]ਬਹੁਤ।
[੩]ਸਾਰੇ।

ਸਰਬ ਜਥੋਚਿਤ ਥਲ ਥਿਰ ਭਏ ॥੩੫॥
ਬਹੁ ਸ੍ਵਾਦਨਿ ਜੁਤਿ ਬਨ੍ਯੋ ਅਹਾਰਾ।
ਧਰਿ ਧਰਿ ਥਾਰ ਸਭਿਨਿ ਕਹੁ ਖ੍ਵਾਰਾ।
ਕ੍ਰਿਸ਼ਨ ਚੰਦ ਆਦਿਕ ਤ੍ਰਿਪਤਾਏ।
ਮਹਾਂਦੇਵ ਪੁਨ ਚਲਿ ਕਰਿ ਆਏ ॥੩੬॥
ਮਿਲਿ ਬੈਠੇ ਸਗਰੇ ਇਕ ਥਾਨਾ।
ਕਰਹਿਂ ਪਰਸਪਰ ਬਾਕ ਬਖਾਨਾ।
'ਪ੍ਰਿਥੀਏ ਕਹਾਂ ਕਰ੍ਯੋ ਨਹਿਂ ਆਯੋ।
ਕ੍ਯੋਂ ਦੁਖ ਪਾਇ ਬਿਰੋਧ ਉਠਾਯੋ ॥੩੭॥
ਸ਼੍ਰੀ ਗੁਰੁ ਰਾਮਦਾਸ ਕੇ ਹਾਥ[1]।
ਦੇ ਗੁਰਤਾ ਕੋ ਕਰ੍ਯੋ ਸਨਾਥ।
ਅਪਰ ਜਤਨ ਤੇ ਕ੍ਯੋਂਹੁ ਨ ਪਾਵੈ।
ਕ੍ਯੋਂ ਅਬਿ ਲਗਿ ਬਡਿ ਕਪਟ ਕਮਾਵੈ ॥੩੮॥
ਅਬਿ ਕੇ ਬਿਛਰ੍ਯੋ ਮਿਲਹਿ ਨ ਕੈਸੇ।
ਆਗੈ ਸੰਤਤਿ ਰਹਿ ਹੈ ਤੈਸੇ।
ਨਹਿਂ ਕੁਛ ਸਮਝੀ ਭਾ ਮਤਿ ਮੰਦ।
ਮਿਲ੍ਯੋ ਨ ਐਸੇ ਕਾਜ ਬਿਲੰਦ' ॥੩੯॥
ਸ਼੍ਰੀ ਅਰਜਨ ਸਭਿ ਸਾਥ ਬਖਾਨੀ।
'ਅਘ ਕੋ ਕਰਤਿ ਰਹ੍ਯੋ ਛਲ ਸਾਨੀ।
ਹਰਿ ਗੁਵਿੰਦ ਕੇ ਮਾਰਨਿ ਕਾਰਨ।
ਕਰੇ[2] ਅਨਿਕ, ਕਿਯ ਗੁਰੂ ਉਬਾਰਨਿ ॥੪੦॥
ਤਊ ਬੇਨਤੀ ਹਮ ਨੇ ਕੀਨਿ।
ਨਹਿਂ ਮਾਨ੍ਯੋ ਮਨ ਮਹਾਂ ਮਲੀਨ।
ਤੁਰਕਨਿ ਪਾਸਿ ਪੁਕਾਰੂ ਗਯੋ।
ਕੁਛ ਨ ਬਸਾਇ ਤ ਬੈਠਤਿ ਭਯੋ ॥੪੧॥
ਲਿਖਿ ਅਰਦਾਸ ਪਠ੍ਯੋ ਪਕਵਾਨ।
ਪਿਖਿ ਕਹਿ -ਕਰੌਂ ਪਾਨ ਤਿਨ ਹਾਨਿ-।
ਅਬਿ ਤੇ ਹਮਨੇ ਤਜਾਗਨਿ ਕਰ੍ਯੋ।
ਮਿਲ੍ਯੋ ਨ, ਮਰਨੇ ਪਰਨੇ ਬਰ੍ਯੋ' ॥੪੨॥
ਸੁਨਿ ਕੁਕਰਮ ਕੋ ਸਗਰੇ ਨਿੰਦਹਿਂ।

---

[1](ਜੀ ਨੇ) ਆਪਣੀ ਹੱਥੀਂ।
[2](ਛਲ) ਕੀਤੇ।

ਕਪਟੀ ਕ੍ਰੋਧੀ ਕਲਹੀ ਬਿੰਦਹਿ[1]।
ਇੱਤਯਾਦਿਕ ਬਹੁ ਬਾਤਨਿ ਕਰਤੇ।
ਸ਼੍ਰੀ ਅਰਜਨ ਕੋ ਸੁਜਸੁ ਉਚਰਿਤੇ ॥੪੩॥
ਪੁਨ ਅਹਾਰ ਸਭਿਹਿਨਿ ਕਹੁ ਦੀਨੋ।
ਮਹਾਂਦੇਵ ਹਿਤ ਧਾਰਿ ਪ੍ਰਬੀਨੋ।
ਸ਼੍ਰੀ ਅਰਜਨ ਜੁਤ ਮੇਲਿ ਜਿ ਸਾਰੋ।
ਜਾਇ ਕਰਯੋ ਤਿਹ ਸਦਨ ਅਹਾਰੋ ॥੪੪॥
ਦਿਨ ਪ੍ਰਤਿ ਨਈ ਪ੍ਰੀਤਿ ਉਪਜਾਵੈ।
ਬਿਨ ਜਾਨੇ ਨਿਜ ਦਯੋਸ ਬਿਤਾਵੈ[2]।
ਬਾਸੁਰ ਪੰਚ ਬਿਤੇ ਇਸ ਰੀਤਿ।
ਸਮ ਘਟਿਕਾ ਕੇ ਜਾਨਿਸਿ ਚੀਤ[3] ॥੪੫॥
ਨਿਜ ਨਿਜ ਸਦਨ ਜਾਨਿ ਕੋ ਸਾਰੇ।
ਹੁਇ ਕਰਿ ਬਹੁ ਬੇਬਸੇ ਉਚਾਰੇ।
'ਬਸਿ ਸਨੇਹ ਕੇ ਗਯੋ ਨ ਜਾਵਤਿ[4]।
ਨਿਸ ਦਿਨ ਬਸਿਬੇ ਪੁਰਿ ਉਮਾਹਤਿ' ॥੪੬॥
ਬਸਤ੍ਰ ਬਿਭੂਖਨਿ ਦੇ ਕਰਿ ਸੋਹਨ[5]।
ਕਰੇ ਬਿਸਰਜਨ ਮੁਹਰੀ ਮੋਹਨ।
ਸੰਸਰਾਮ ਕੇ ਸੰਗ ਅਨੰਦ।
ਸਭਿ ਕੇ ਉਰ ਉਪਜਾਇ ਅਨੰਦ ॥੪੭॥
ਤਿਮ ਦਾਤੂ ਕੋ ਦੀਨਸਿ ਦਾਤਿ।
ਦਾਰਾ ਸਹਤ ਹਰਖ ਧਰਿ ਗਾਤਿ।
ਹਰਿਗੁਵਿੰਦ ਸੰਗਿ ਕਰਿ ਕਰਿ ਪਜਾਰਿ।
ਮਿਲਹਿੰ ਤ੍ਰਿਯਾ ਗਨ ਬਾਰੰ ਬਾਰਿ ॥੪੮॥
ਨਿਜ ਘਰ ਕੋ ਗਮਨੇ ਮਗ ਮਾਂਹੀ।
ਸ਼੍ਰੀ ਅਰਜਨ ਕੋ ਅਧਿਕ ਸਰਾਹੀਂ।
'ਮ੍ਰਿਦੁਲ ਸੁਸ਼ੀਲ ਸਨੇਹ ਮਹਾਨੇ।
ਬਡੇ ਉਦਾਰ ਗਜਾਨ ਗੁਨਵਾਨੇ' ॥੪੯॥
ਸਭਿ ਖਡੂਰ ਮਹਿੰ ਉਤਰੇ ਜਾਈ।

---

[1]ਜਾਣਦੇ ਹਨ।
[2]ਭਾਵ ਦਿਨ ਰਾਤ ਬੀਤਦੇ ਮਲੂਮ ਨਹੀਂ ਪੈਂਦੇ।
[3]ਪੰਜ ਦਿਨ ਇੱਕ ਘੜੀ ਵਾਂਙੂ ਲੰਘ ਗਏ।
[4]ਜਾਯਾ ਨਹੀਂ ਜਾਂਦਾ।
[5]ਸੁਹਣੇ।

ਗੋਇੰਦਵਾਲ ਗਏ ਅਗਵਾਈ।
ਕ੍ਰਿਸ਼ਨ ਚੰਦ ਧਨਵੰਤੀ ਦੋਊ।
ਪਿਖਤਿ ਕੁਟੰਬ ਹਿਤੂ ਨਿਜ ਸੋਊ ॥੫੦॥
ਅਸ਼ਟਦਿਵਸ ਪਾਛੇ ਸੋ ਰਹਜੋ।
ਬਹੁਰ ਚਲਨਿ ਕੋ ਚਿਤ ਮਹਿਂ ਚਹਜੋ।
ਬਜਾਹਿ ਦੋਹਤੇ ਕੋ ਹਰਖਾਨਾ।
ਖਰਚਜੋ ਢਿਗ ਤੇ ਦਰਬ ਮਹਾਨਾ ॥੫੧॥
ਕਰਜੋ ਜਥੋ ਚਿਤ ਤਬਹਿ ਬਿਸਰਜਨ।
ਭਯੋ ਸਨੇਹ ਅਛੇਹ ਦੁਹਨਿ ਮਨ।
ਮਿਲ ਪੁੱਤ੍ਰੀ ਸੰਗ ਬਾਰਹਿ ਬਾਰੀ।
ਮੌ[1] ਕੀ ਓਰ ਚਲੇ ਸੁਖਧਾਰੀ ॥੫੨॥
ਅਪਰ ਸਿੱਖ ਸੰਗਤਿ ਜੇ ਆਏ।
ਜਥਾ ਜੋਗ ਸਭਿ ਬਿਦਾ ਕਰਾਏ।
ਉਤਸਵ ਏਵ ਬਜਾਹ ਕੋ ਹੋਵਾ।
ਪਠਹਿਂ ਸੁਨਹਿਂ ਸਿਖ ਤਿਨ ਦੁਖ ਖੋਵਾ ॥੫੩ ॥

ਇਤਿ ਸ਼੍ਰੀ ਗੁਰੂ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ‘ਬਿਵਾਹ’ ਪ੍ਰਸੰਗ ਬਰਨਨੰ ਨਾਮ ਪੰਚਦਸ਼ਮੋਂ ਅੰਸੂ ॥੧੫॥

---

[1] ਮਉ ਪਿੰਡ।

੧੬. [ਪ੍ਰਿਥੀਏ ਨੇ ਸੁਲਹੀ ਨੂੰ ਸੱਦਿਆ]

੧੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੭

ਦੋਹਰਾ: ਸ਼੍ਰੀ ਗੁਰੁ ਇਮ ਸੁਤ ਬਜਾਹ ਕੈ, ਲੀਨੋ ਸੁਜਸੁ ਬਿਲੰਦ।
ਜਾਚਕ ਜਹਿਂ ਕਹਿਂ ਕਹਤਿ ਭੇ, ਦੇਸ਼ ਬਿਦੇਸ਼ਨਿ ਬ੍ਰਿੰਦ ॥੧॥
ਚੌਪਈ: ਲੋਕ ਹਜ਼ਾਰਹੁਂ ਉਤਸਵ ਦੇਖਾ।
ਸਭਿਹਿਨਿ ਕਉ ਭਾ ਮੋਦ ਵਿਸ਼ੇਖਾ।
ਜਿਤ ਜਿਤ ਦੇਸ਼ ਗਯੋ ਚਲਿ ਜੋਈ।
ਬਜਾਹ ਕਥਾ ਕਹੁ ਭਾਖਤਿ ਸੋਈ ॥੨॥
ਅਪਰ ਪ੍ਰਸੰਗ ਹਟੀ ਜੁ ਸਗਾਈ[1]।
ਇਸ ਤੇ ਭੀ ਕਹਿਂ ਗੁਰ ਬਡਿਆਈ।
ਆਜ ਸ਼ਾਹੁ ਕੋ ਮਹਾਂ ਦਿਵਾਨ।
ਜਿਸ ਕੀ ਮਾਨਹਿਂ ਆਨ ਜਹਾਨ ॥੩॥
ਫੇਰਜੋ ਤਿਸੀ ਸੁਤਾ ਕਾ ਨਾਤਾ।
ਕਹਿ ਬਹੁ ਰਹਜੋ ਨ ਮਾਨੀ ਬਾਤਾ।
ਇਕ ਦ੍ਵੈ ਬੇਰ ਪਠਾਏ ਲਾਗੀ।
ਨਹੀਂ ਲੀਨਿ, ਚਿਤ ਚਿੰਤਾ ਜਾਗੀ[2] ॥੪॥
ਦਰਬਦੇਨਿ ਕੋ ਕਹਜੋ ਘਨੇਰੇ।
-ਕਰੌਂ ਕਾਜ ਮੈਂ ਸ਼ਾਹੁ ਸੁ ਨੇਰੇ-।
ਤਊ ਨ ਸ਼੍ਰੀ ਅਰਜਨ ਮਨ ਮਾਨੀ।
ਜਾਨਜੋ -ਮੂਢਿ ਮਹਾਂ ਮਨਮਾਨੀ- ॥੫॥
ਕਰਿ ਹੰਕਾਰ ਜੁ ਬੋਲਿ ਬਿਗਾਰੀ[3]।
ਸਿੱਖਨਿ ਭਨੇ ਲਖੀ ਗੁਰੁ ਗਾਰੀ[4]।
ਕਰਜੋ ਅਨਾਦਰ ਨੀਚ ਸਮਾਨਾ।
ਮਾਨ ਮਹਾਨ ਠਾਨਤੋ ਮਾਨਾ[5] ॥੬॥
ਕੁਲ ਖੱਤ੍ਰੀਨਿ ਜਹਾਂ ਕਹਿਂ ਜੋਈ[6]।
ਹਾਨ ਭਈ ਚੰਦੂ ਕੀ ਸੋਈ[*]।

---

[1]ਜੋ ਮੰਙਣੀ ਮੋੜੀ (ਚੰਦੂ ਵਾਲੀ)।
[2]ਚੰਦੂ ਨੂੰ।
[3]ਹੰਕਾਰ ਨਾਲ ਜੋ ਬੋਲ ਵਿਗਾੜ ਕੀਤਾ।
[4]ਸਿੱਖਾਂ ਨੇ (ਆਪਣੇ ਗੁਰੂ ਨੂੰ) ਗਾਲ੍ਹੀ (ਦਿੱਤੀ) ਲਖਕੇ (ਗੁਰਾਂ ਨੂੰ) ਕਹਿ ਦਿੱਤਾ (ਕਿ ਨਾਤਾ ਨਾ ਲਓ) (ਅ) ਸਿੱਖਾਂ ਦੇ ਕਹੇ ਗੁਰੂ ਜੀ ਨੇ (ਗੁਰੂ ਘਰ ਨੂੰ ਓਹ) ਗਾਲ੍ਹੀ ਸਮਝੀ।
[5](ਚੰਦੂ ਨੇ) ਆਪ ਨੂੰ ਵੱਡਾ ਮੰਨਕੇ ਹੰਕਾਰ ਕੀਤਾ ਸੀ।
[6]ਖੱਤ੍ਰੀਆਂ ਦੀ ਕੁਲ ਜਿੱਥੇ ਕਿੱਥੇ ਜੋ ਹੈ।
[*]ਪਾ:-ਜੋਈ।

ਦਿੱਲੀ ਲਵਪੁਰਿ ਆਦਿਕ ਸਾਰੇ।
ਕਹੈਂ ਬਿਚਾਰੇਂ ਸਾਰ ਅਸਾਰੇ[੧] ॥੭॥
ਸਿਖ ਸੰਗਤਿ ਭੇਜੀ ਅਰਦਾਸ।
ਤਿਨਹੁ ਕਹੀ ਮਾਨੀ ਲਖਿ ਦਾਸ।
ਸੋ[੨] ਕਹਿ ਰਹ੍ਯੋ ਫਿਰੇ ਨਹੀਂ ਫੇਰੇ[੩]।
ਸੁਤ ਕੇ ਅਪਰ ਥਾਨ ਕਿਯ ਫੇਰੇ[੪]' ॥੮॥
ਪ੍ਰਿਥੀਏ ਨਿਕਟ ਜਾਇ ਨਰ ਜੋਈ।
ਕਹੈ ਬਹੁਤ ਜੈਸੇ ਇਤ ਜੋਈ।
ਕੀਰਤਿ ਨਹੀਂ ਅਨੁਜ ਕੀ ਜਰੈ।
ਬਿਨਾਂ ਹੁਤਾਸਨ ਹੀਯੋ ਜਰੈ ॥੯॥
ਚਿਤਵਹਿ ਜਤਨ ਅਨੇਕ ਪ੍ਰਕਾਰਾ।
-ਕੁਛ ਨ ਸਰੀ ਦੁਸ਼ਮਨ ਸੋਂ ਕਾਰਾ।
ਦਿਨਪ੍ਰਤਿ ਵਧ੍ਯੋ ਅਨੰਦ ਬਿਲੰਦੂ।
ਜ੍ਯੋ ਸਾਗਰ ਪਿਖਿ ਪੂਰਨਿ[੫] ਚੰਦੂ ॥੧੦॥
ਮੈਂ ਨਿਤ ਨਿਬਲ ਪਰ੍ਯੋ, ਦੁਖ ਪਰ੍ਯੋ।
ਸੁਤ ਪਿਤ ਮਹਿਂ ਤੇ ਏਕ ਨ ਮਰ੍ਯੋ।
ਗਹ੍ਯੋ ਨ ਗਯੋ ਸ਼ਾਹੁ ਢਿਗ ਗਯੋ[੬]।
ਸੁਲਹੀ ਆਦਿ ਨ ਕੁਛ ਕਰਿ ਲਿਯੋ ॥੧੧॥
ਜਤਨ ਰਚੌਂ ਅਬ ਪ੍ਰਾਪਤਿ ਘਾਤਿ[੭]।
ਜਿਸ ਤੇ ਹੋਇ ਸ਼ੱਤ੍ਰੂ ਕੋ ਘਾਤ।
ਸੁਲਹੀ ਸੋਂ ਲਿਖਿ ਕੈ ਇਕ ਵਾਰੀ।
ਮੰਗਵਾਵੌਂ ਇਸ ਥਲ ਅਸੁਵਾਰੀ[੮] ॥੧੨॥
ਜੇ ਕਰਿ ਅਪਨੋ ਪ੍ਰਾਕ੍ਰਮ ਧਰੈ।
ਆਨਿ ਇਹਾਂ ਅਰਜਨ ਕੋ ਧਰੈ[੯]।
ਮਿਲਿ ਮਸਲਤਿ ਕਰਿ ਕੈ ਸੰਗ ਚੰਦੂ।

---

[੧]ਭਲਾ ਬੁਰਾ ਵਿਚਾਰਕੇ ਕਹਿਨ ਲਗੇ।
[੨]ਚੰਦੂ।
[੩]ਮੋੜੇ ਨਹੀਂ ਮੁੜੇ।
[੪]ਭਾਵ ਵਿਵਾਹ।
[੫]ਪੂਰਨਮਾਸ਼ੀ ਦਾ।
[੬](ਮੇਰੇ) ਗਿਆਂ ਤੇ ਵੀ।
[੭]ਮੌਕਾ, ਦਾਉ।
[੮]ਸੁਲਹੀ ਦੀ ਸਵਾਰੀ।
[੯]ਫੜੇ।

ਗਹੈ ਇਸੈ ਰਾਹੁ ਜਿਮ ਇੰਦੂ[1]- ॥੧੩॥
ਇਮ ਬਿਚਾਰਿ ਲਿਖਿਬੈ ਲਗਿ ਪਾਤੀ।
ਰਿਸ ਤੇ ਨਿਸ ਦਿਨ ਸੁਲਗਤਿ ਛਾਤੀ।
'ਲਿਖਿਤਮ ਪ੍ਰਿਥੀਆ ਮਲ ਸੁਨਿ ਮੀਤ।
ਚਿਤਵੌਂ ਚੀਤ ਨੀਤ ਕਰਿ ਪ੍ਰੀਤ ॥੧੪॥
ਸਕਲ ਕਾਜ ਕੀਨਸਿ ਤੈਂ ਮੋਰਾ।
ਇਹ ਨ ਭਯੋ ਕਬਿ ਰਿਪੁ ਮੁਖ ਮੋਰਾ[2]।
ਤੈਂ ਅਰੁ ਮੈਂ ਮਿਲਿ ਕਰੇ ਉਪਾਯਾ।
ਨਹੀਂ ਅਨੁਜ ਤੇ ਗੁਰੁ ਪਦ ਪਾਯਾ[3] ॥੧੫॥
ਮਿਹਰਬਾਨਗੀ ਚਾਹਤਿ ਤੋਰੀ।
ਕਬਹੁਂ ਦੇਹੁ ਰਿਪੁ ਧੀਰਜ ਤੋਰੀ[4]।
ਵਧਯੋ ਜਗਤਿ ਮੈਂ ਅਧਿਕ ਪ੍ਰਤਾਪੂ।
ਦੇਖਤਿ ਸੁਨਤਿ ਮੋਹਿ ਉਰ ਤਾਪੂ ॥੧੬॥
ਆਇ ਇਤਹੁਂ[5] ਕਰਿ ਕਾਜ ਹਮਾਰੇ।
ਦਿਹੁ ਗੁਰੁਤਾ, ਅਰਜਨ ਕੋ ਮਾਰੇ।
ਤੋ ਪਰ ਮੋਹਿ ਬਿਸਾਲ ਭਰੋਸਾ।
ਵਧਯੋ ਸ਼ੱਤ੍ਰ ਲਖਿ ਕੀਜਹਿ ਰੋਸਾ' ॥੧੭॥
ਇਮ ਲਿਖਿ ਦਿੱਲੀ ਪਠਿ ਹਲਕਾਰਾ।
'ਦੇਉਂ ਇਨਾਮ ਕਰਹੁ ਇਹੁ ਕਾਰਾ।'
ਸੁਨਿ ਤੂਰਨ ਗਮਨਯੋ ਮਗ ਮਾਂਹੂ।
ਪਹੁਂਚਯੋ ਪੁਰੀ ਮਹਾਨ ਉਮਾਹੂ ॥੧੮॥
ਮਿਲਯੋ ਸਲਾਮ ਕੀਨਿ ਹੁਇ ਦੀਨਿ।
ਪੁਨ ਪਾਤੀ ਸੁਲਹੀ ਕਰ ਦੀਨਿ।
ਖੋਲਤਿ ਪਠੀ ਸਖਾ ਕੇ ਕਰ ਕੀ।
ਸ੍ਰੀ ਅਰਜਨ ਕੀਰਤਿ ਉਰ ਕਰਕੀ[6] ॥੧੯॥
-ਮੇਰੋ ਤ੍ਰਾਸ ਰਿਦੇ ਮਹਿਂ ਧਰਿ ਕੇ।
ਅਬਿਲੌਂ ਸ਼ੱਤ੍ਰ ਨ ਛਾਤੀ ਧਰਕੇ[1]?

---

[1]ਜਿਵੇਂ ਰਾਹੂ ਚੰਦ ਨੂੰ।
[2]ਸ਼ੱਤ੍ਰੂ ਦਾ ਮੁਖ ਤੈਂ ਕਦੇ ਨਹੀਂ ਮੋੜਿਆ।
[3]ਗੁਰਿਆਈ ਦਾ ਮੁਰਾਤਬਾ ਨਾਂ ਲਿਆ।
[4]ਸ਼ੱਤ੍ਰੂ ਦਾ ਧੀਰਜ ਕਦੇ ਤੋੜ ਦਿਓ।
[5]ਇੱਥੇ।
[6]ਚੁਭੀ।

ਬਡੋ ਹੋਨਿ ਨਿਸ਼ਫਲ ਹੈ ਮੋਰਾ।
ਸੁਖ ਨ ਸਖਾ, ਰਿਪੁ ਤੁੰਡ ਨ ਮੋਰਾ[੨]- ॥੨੦॥
ਚਿੰਤਤਿ ਚੀਤ ਚਾਰ ਕੋ ਬੋਲਾ[੩]।
ਤਿਸ ਕੇ ਸਾਥ ਬਾਕ ਅਸ ਬੋਲਾ।
'ਮੁਝ ਦਿਸ਼ ਤੇ ਕਹੁ ਸਕਲ ਅਨੰਦ।
ਕਹਾਂ ਭਯੋ ਜੇ ਬਜਾਹਜੋ ਨੰਦ ॥੨੧॥
ਇਤ ਆਵੌਂ ਆਗਜਾ ਲੇ ਸ਼ਾਹੂ।
ਗੁਰ ਗਹਿਬੇ ਕੋ ਨਿਤ ਉਤਸਾਹੂ।
ਚੰਦੂ ਬਿਨ ਮੈਂ ਹੀ ਲਿਉਂ ਮਾਰਿ।
ਜੈਸੇ ਡਸੈ ਅਚਾਨਕ ਮਾਰ[੪] ॥੨੨॥
ਧੀਰ ਧਰੋ, ਆਯਹੁ ਮੁਝ ਜਾਨਿ।
ਕਰੋਂ ਕਾਜ ਸੁਨਿ ਸਖਾ ਸੁਜਾਨਿ!
ਕੇਚਿਤ ਦਿਨ ਮੈ ਦੇਖੌਂ ਆਈ।
ਅਰਜਨ ਹਤਿ[੫], ਦੈ ਹੌਂ ਗੁਰਿਆਈ ॥੨੩॥
ਤਬਿ ਮੇਰੇ ਮਨ ਉਪਜਹਿ ਸ਼ਾਂਤੀ।
ਜਬਿ ਤੇਰੇ ਸ਼ੱਤ੍ਰ ਹੁਇੰ ਸ਼ਾਂਤੀ[੬]।'
ਇਮ ਲਿਖਿ ਕਰਿ ਦੀਨਸਿ ਕਰ ਪਾਤੀ।
ਲਖਹਿ ਨ ਮੂਰਖ ਅਪਨਿ ਨਿਪਾਤੀ[੭] ॥੨੪॥
ਲੇ ਕਰਿ ਚਾਰ ਚਲਜੋ ਤਤਕਾਲਾ।
ਜਹਿਂ ਪ੍ਰਿਥੀਆ ਅੰਤਰ ਤੇ ਕਾਲਾ।
ਸਖਾ ਲਿਖੇ ਕੋ ਪਠਿ ਹਰਖਾਜੋ।
ਛੁਧਿਤ ਅਧਿਕ[੮] ਜਨੁ ਭੋਜਨ ਖਾਯੋ ॥੨੫॥
-ਅਬਿ ਕੇ ਆਏ ਜਜੋਂ ਕਜੋਂ ਕਰਿ ਕੇ।
ਹਤੌਂ ਅਨੁਜ ਕੋ ਨਿਤ ਉਰ ਕਰਕੇ[੯]।
ਗੁਰਤਾ ਗਾਦੀ ਕੋ ਲੇ ਕਰਿ ਮੈਂ।

---

[੧]ਵੈਰੀ ਦੀ ਛਾਤੀ ਨਹੀਂ ਧੜਕਦੀ?
[੨]ਮਿੱਤ੍ਰ ਨੂੰ ਸੁਖ ਨਹੀਂ ਤੇ ਵੈਰੀ ਦਾ ਮੂੰਹ ਨਾਂ ਮੋੜਿਆ।
[੩]ਹਲਕਾਰੇ ਨੂੰ ਬੁਲਾਇਆ। [ਸੰਸ: ਚਾਰ:]
[੪]ਸਰਪ।
[੫]ਮਾਰਕੇ।
[੬]ਨਾਸ਼।
[੭]ਆਪਣਾ ਅੰਤ।
[੮]ਬਹੁਤ ਭੁੱਖੇ ਨੇ।
[੯]ਛਾਤੀ ਵਿਚ ਰੜਕਦਾ ਹੈ।

ਤਬਿ ਸਭਿ ਕਿਛ ਪ੍ਰਾਪਤਿ ਮਮ ਕਰ ਮੈਂ- ॥੨੬॥
ਬਹੁਰ ਚਾਰ ਨੇ ਬਾਕ ਉਚਾਰਾ।
'ਕੀਜਹਿ ਤਯਾਰਿ ਤੁਰੰਗਨਿ ਚਾਰਾ[1]।
ਅੰਨਜ ਘ੍ਰਿੱਤ ਸੰਚਹੁ ਸਮੁਦਾਯਾ।
ਸੁਲਹੀ ਕਹਯੋ ਬਡੀ ਕਰਿ ਦਾਯਾ ॥੨੭॥
-ਤੋਹਿ ਸਮੀਪ ਆਇ ਹੈਂ ਪੂਰਬ।
ਕਰਹਿਂ ਕਾਜ ਬਲ ਸਾਥਿ ਅਪੂਰਬ-।
ਕਾਗਦ ਲਿਖਯੋ ਸੁ ਖੋਲਿ ਪਠਾਵਾ[2]।
ਤਬਿ ਖ਼ਾਤਰ ਕਰਿ ਮੋਹਿ ਪਠਾਵਾ[3] ॥੨੮॥
ਆਯੋ ਹੀ ਜਾਨਹੁ ਨਿਜ ਤੀਰ[4]।
ਨਹਿਂ ਅਟਕਹਿ ਜਿਮ ਛੂਟਯੋ ਤੀਰ।
ਤੁਵ ਹਿਤ ਤੇ ਨਿਜ ਸੈਨ ਸਕੇਲੇ[5]।
ਸ਼ੱਤ੍ਰੁ ਹਤਹਿ ਕਰੀ ਜਿਮ ਕੇਲੇ[6]' ॥੨੯॥
ਹਲਕਾਰੇ ਤੇ ਸੁਨਿ ਸਭਿ ਬਾਤਿ।
ਮਨਹੁ ਸ੍ਵੇਦਿ ਤਨੁ ਲਾਗੀ ਬਾਤ[7]।
ਬੀਸ ਰਜਤਪਣ ਦੀਨਿ ਇਨਾਮੂ।
-ਕਰਹਿ ਕਾਜ ਸੁਲਹੀ ਜਿਸ ਨਾਮੂ- ॥੩੦॥
ਨਿਸ਼ਚੇ ਧਰੇ ਪ੍ਰਤੀਖਨਿ ਕਰੀ।
ਹਤੌਂ ਸ਼ੇਰ, ਜਿਮ ਚਾਹੇ ਕਰੀ[8]।
ਸੰਚਨਿ ਲਗਯੋ ਤ੍ਰਿਣਨਿ ਅਰੁ ਅੰਨੁ।
ਬਸਹਿਂ ਸਮੀਪ ਗ੍ਰਾਮ ਜੇ ਅੰਨ[9] ॥੩੧॥
ਤਿਸ ਆਗਵਨ ਚਿਤਹਿ ਦਿਨ ਰਾਤੀ।
ਜਾਨੈ ਅਨੁਜ ਦੁਖਦ ਆਰਾਤੀ[10]।
ਸੁਲਹੀ ਜਬਿ ਦਿੱਲੀ ਮਹੁਂ ਗਾਜਾ[1]।

---

[1]ਸੁੰਦਰ।
[2]ਪੜ੍ਹਿਓਸੁ।
[3]ਸੱਦ ਘਲਿਆ।
[4]ਪਾਸ।
[5]ਤੇਰੇ ਲਈ ਅਪਣੀ ਫੌਜ ਕੱਠੀ ਕਰਕੇ।
[6]ਹਾਥੀ ਜਿਵੇਂ ਕੇਲੇ ਨੂੰ ਨਾਸ਼ ਕਰਦਾ ਹੈ।
[7]ਮੁੜ੍ਹਕੇ ਆਏ ਸ੍ਰੀਰ ਨੂੰ ਮਾਨੋਂ ਹਵਾ ਲੱਗੀ ਭਾਵ ਠੰਢ ਪੈ ਗਈ।
[8]ਜਿਵੇਂ ਹਾਥੀ ਸ਼ੇਰ ਨੂੰ ਮਾਰਿਆ ਚਾਹਵੇ।
[9]ਹੋਰ।
[10]ਵੈਰੀ।

'ਪਰੌਂ ਰਿਪੁਨਿ ਜਿਮ ਗਿਰ ਪਰਗਾਜਾ[੨]' ॥੩੨॥
ਸੰਗਤਿ ਮਹਿਂ ਬ੍ਰਿਤੰਤ ਬਿਸਤਰਾ।
'ਬੋਲਜੋ ਤੁਰਕ ਬੁਰੀ ਹੀ ਤਰਾ।'
ਮਿਲਿ ਕਰਿ ਸਭਿਨਿ ਲਿਖੀ ਅਰਦਾਸ।
'ਮਸਤਕ ਟੇਕਜੋ ਜੇ ਗਨ ਦਾਸ ॥੩੩॥
ਪ੍ਰਿਥੀਏ ਕੇ ਪ੍ਰੇਰੇ ਇਤਿ ਸੁਲਹੀ।
ਜਿਮ ਬੋਲਜੋ ਹਮਨੇ ਸੁਧਿ ਲਹੀ।
-ਕੇਚਿਤ ਬਾਸੁਰ ਮਹਿਂ ਇਸ ਦੇਸ਼।
ਆਇ ਗਹਾਵੌਂ ਦੇਉਂ ਨਿਦੇਸ਼[੩]- ॥੩੪॥
ਰਾਵਰ ਜਤਨ ਕਰਹੁ ਜਿਮ ਬਨਿ ਹੈ[੪]।
ਕੈ ਪੁਰਿ ਛੋਰ ਬਸਹੁ ਜਿਤ ਬਨ ਹੈ[੫]।
ਕੈ ਮਿਲਿ ਜਾਹੁ ਸਾਥਿ ਬਡ ਭ੍ਰਾਤਾ।
ਲਿਖਜੋ ਜੁ ਹਮ ਯਾਂ ਮਹਿਂ ਨਹਿਂ ਭ੍ਰਾਤਾ[੬] ॥੩੫॥
ਜਹਾਂਗੀਰ ਤੇ ਕਰਹਿ ਬਹਾਨਾ।
ਚਹੈ ਤੁਮਾਰੇ ਪ੍ਰਾਨਨ ਹਾਨਾ।'
ਇਮ ਸੰਗਤਿ ਲਿਖਿ ਪਾਤੀ ਪਠੀ।
ਗੁਰ ਢਿਗ ਪਹੁੰਚੀ ਖੋਲਤਿ ਪਠੀ ॥੩੬॥
ਹੁਤੇ ਮਸੰਦ ਕਿਤਿਕ ਗੁਰੁ ਤੀਰ।
ਸੁਨਤਿ ਬਾਤਿ ਜਨੁ ਲਾਗਜੋ ਤੀਰ।
ਸਤਿਗੁਰੂ ਪਠਿ ਰਹਿਗੇ ਅਰੁਗਾਈ[੭]।
ਹੁਤੇ ਸਮੀਪ ਗਿਰਾ ਸਭਿ ਗਾਈ[੮]* ॥੩੭॥
'ਬਡੋ ਕੁਸੂਤ ਬਨੈ ਇਮ ਹੋਏ।
ਬੈਰੀ ਕਰਹਿ ਆਨਿ ਕਰਿ ਢੋਏ[੯]।

---

[੧]ਗੱਜਿਆ।
[੨]ਪਰਬਤ (ਉਤੇ) ਬਿਜਲੀ।
[੩]ਆਗਿਆ ਦੇਕੇ।
[੪]ਜਿਸ ਤਰ੍ਹਾਂ ਬਨ ਪਵੇ।
[੫]ਬਨ ਵਿਚ।
[੬]ਸੰਸਾ।
[੭]ਚੁੱਪ।
[੮]ਸਭ ਨੇ ਕਹੀ।
*ਪਿਛਲੇ ਅੰਕ ੧੪ ਤੋਂ ਇਥੋਂ ਤਕ, ਦੋ ਦੋ ਤੁਕਾਂ ਦੇ ਤੁਕਾਂਤ ਇਕੋ ਜੇਹੇ ਦੋ ਦੋ ਅੱਖਰਾਂ ਦੇ ਰੱਖਕੇ ਵੱਖੋ ਵੱਖਰੇ ਅਰਥ ਵਰਤਕੇ ਕਵੀ ਜੀ ਨੇ ਆਪਣੀ ਕੋਸ਼ ਪ੍ਰਬੀਨਤਾ ਦੀ ਚਿੱਤ੍ਰਕਾਰੀ ਕੀਤੀ ਹੈ।
[੯]ਸਮੀਪਤਾ ਭਾਵ ਵਾਰ।

ਬਿਨਾ ਉਪਾਇ ਨ ਮਿਟਿ ਹੈ ਬਜਾਧੀ।
ਹੁਇ ਅਸਾਧ ਭੀ ਲੇਵੈ ਸਾਧੀ[1] ॥੩੮॥
ਚੰਦੂ ਸੁਲਹੀ ਸ਼ਾਹੁ ਅਗਾਰੀ।
ਵਧੇ ਬਡੇ ਅਫਰੇ ਹੰਕਾਰੀ।
ਤਿਨ ਸੋਂ ਮਿਲਹੁ ਪ੍ਰੀਤ ਉਪਜਾਇ।
ਬੈਰ ਜੁ ਬਧਜੋ ਸ਼ਾਂਤਿ ਹੁਇ ਜਾਇ ॥੩੯॥
ਨਾਂਹਿ ਤ ਲੀਜਹਿ ਆਪ ਬਿਚਾਰੀ।
ਮਿਲਿ ਮਿਲਿ ਕਰੈ ਸ਼ਾਹੁ ਢਿਗ ਚਾਰੀ[2]।
ਜਜੋਂ ਕਜੋਂ ਕਰਹਿ ਰਿਸਾਵਹਿ ਸ਼ਾਹੂ।
ਬਿਗਰਨਿ[3] ਹਿਤ ਪਹੁੰਚੈ ਤੁਮ ਪਾਹੂ' ॥੪੦॥
ਸੁਨਿ ਮਸੰਦ ਕਮ ਦਿਲ ਕੀ ਬਾਨੀ।
ਕੀਨ ਮੌਨ ਗੁਰ ਕਛੁ ਨ ਬਖਾਨੀ।
ਪੁਨਹੁ ਕਹਜੋ 'ਸ੍ਰੀ ਗੁਰੂ! ਸੁਨੀਜੈ।
ਤੁਰਕ ਰਾਜ ਬਡ ਬਲੀ ਲਖੀਜੈ ॥੪੧॥
ਹਿੰਦੁਨਿ ਕੋ ਮੀਤ ਮਾਨੈਂ ਥੋਰਾ[4]।
ਪੁਨ ਸੁਲਹੀ ਪਾਪੀ ਬਡ ਘੋਰਾ।
ਆਗੇ ਆਇ ਜਨਾਜੋ ਜੋਰ।
ਨਿਕਸੇ ਆਪ ਵਡਾਲੀ ਓਰ ॥੪੨॥
ਹਮਰੋ ਕਹਿਨੋ ਈ ਬਨਿ ਆਵੈ।
ਕਰਹੁ ਆਪ ਜੈਸੇ ਮਨ ਭਾਵੈ।
ਤੁਮ ਸੁਖ ਤੇ ਸੁਖ ਸਦਾ ਹਮਾਰੇ।
ਹੋਨਿ ਸ਼ੁਭਾਸ਼ੁਭ ਕੀਨਿ ਉਚਾਰੇ ॥੪੩॥
ਤੂਸ਼ਨਿ ਕਰਨਿ ਸਮੋ ਅਬਿ ਨਾਂਹੀ।
ਪੂਰਬ ਜਤਨ ਸਕਲ ਬਨਿ ਜਾਹੀ।
ਬਨਹਿ ਨਹੀਂ ਤਤਕਾਲ ਉਪਾਇ।
ਖਨਹਿ ਕੂਪ ਕਿਮ ਆਗ ਲਗਾਇ[5] ॥੪੪॥
ਸੋਚਤਿ ਜਲ ਸਗਰੋ ਬਹਿ ਜਾਏ।
ਸਰਹਿ ਕਹਾਂ ਪੁਨ ਸੇਤੁ[1] ਬੰਧਾਏ।'

---

[1]ਨਾ ਸਾਧਣ ਯੋਗ ਵੀ ਉਪਾਉ ਨਾਲ ਸਾਧ ਲਈਦੀ ਹੈ।
[2]ਚੁਗਲੀ।
[3]ਬਿਗਾੜ ਕਰਨ ਲਈ।
[4]ਭਾਵ ਹਿੰਦੂਆਂ ਦੇ ਮਤ ਨੂੰ ਨਹੀਂ ਮੰਨਦਾ।
[5]ਅੱਗ ਲੱਗੀ ਤੇ ਕਿਵੇਂ ਖੂਹ ਪੁਟਾਂਗੇ।

ਸ੍ਰੀ ਅਰਜਨ ਸੁਨਿ ਕੀਨਿ ਬਖਾਨਾ।
'ਚਿਤ ਮਹਿਂ ਚਿੰਤ ਨ ਕਰੋ ਮਹਾਨਾ ॥੪੫॥
ਹੋਨ ਹਾਰ ਆਵੱਸ਼ਜਕ[2] ਹੋਇ।
ਬੁਧਿ ਤੇ ਬਲ ਤੇ ਮਿਟਹਿ ਨ ਸੋਇ।
ਸ੍ਰੀ ਕਰਤਾਰ ਕਿਯੋ ਜਿਮ ਭਾਣਾ।
ਸੋ ਕੈਸਿਹੁਂ ਨਿਸ਼ਫਲ ਨਹਿਂ ਜਾਣਾ ॥੪੬॥
ਜੋ ਪਰਮੇਸ਼ੁਰ ਕਰਯੋ ਨ ਚਾਹੈ।
ਹੋਇ ਨ ਸੋ, ਨਰ ਕਿਤੋ ਉਮਾਹੈ।
ਅਸ ਮਨ ਜਾਨਿ ਕਰਹੁ ਭਰਵਾਸਾ।
ਦੇਖਹੁ ਜੈਸੇ ਹੋਇ ਤਮਾਸ਼ਾ' ॥੪੭॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਹੀ ਕੋ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਅੰਸੂ ॥੧੬॥

---

[1]ਬੰਨ੍ਹ। ਪੁਲੀ।
[2]ਜ਼ਰੂਰ ਹੀ।

੧੭. [ਸੁਲਹੀ ਚੜ੍ਹਕੇ ਆਇਆ]

੧੬<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੮

ਦੋਹਰਾ: ਚਿਤਵਤਿ ਕਾਰਜ ਅਨਿਕ ਕੋ, ਸੁਲਹੀ ਚਹਤਿ ਪਜਾਨ।
ਗਮਨਜੋ ਸ਼ਾਹ ਸਮੀਪ ਤਬਿ, ਤਸਲੀਮਾਤ ਬਖਾਨ ॥੧॥
ਚੌਪਈ: ਜਬਿ ਅਵਕਾਸ਼ ਕਹਨਿ ਕੋ ਪਾਯੋ।
ਤਬਿ ਸੁਲਹੀ ਕਰ ਜੋਰਿ ਅਲਾਯੋ।
'ਮਾਝੇ ਦੇਸ਼ ਚਹਤਿ ਮੈਂ ਗਯੋ।
ਕਛੂ ਕਾਰ ਤਹਿਂ ਅਫਤਰ[1] ਭਯੋ[*] ॥੨॥
ਸ੍ਰੀ ਅਰਜਨ ਜਗ ਗੁਰੂ ਕਹਾਵੈ।
ਕਹਿ ਲੋਕਨਿ ਕੋ ਸੋ ਬਿਗਰਾਵੈ।
ਦੇਸ਼ ਮਾਮਲਾ ਦੇਤਿ ਬਿਗਾਰੇ।
ਨਰ ਹਜ਼ਾਰ ਹੀ ਤਿਸ ਅਨੁਸਾਰੇ ॥੩॥
ਬਿਗਰਜੋ ਸਰਬ ਜਾਇ ਸੁਧਰਾਊਂ[2]।
ਦੇ ਕਰਿ ਜੋਰ ਆਪ ਮੈਂ ਲਜਾਊਂ।
ਮੋ ਬਿਨ ਗਏ ਦਰਬ ਨਹਿਂ ਆਵੈ।
ਅਪਰ ਨ ਬੁਧਿ ਬਲ ਕਰਿ ਕੋ ਲਜਾਵੈਂ ॥੪॥
ਸੁਨਤਿ ਸ਼ਾਹੁ ਕੀਨਸਿ ਫੁਰਮਾਨ।
'ਜਾਇ ਕਰੋ ਧਨ ਕਾਜ ਮਹਾਨ।
ਤੂਰਨਿ ਹੀ ਹਟਿ ਕਰਿ ਇਤ ਆਵਹੁ।
ਸੈਨ ਸੰਗ ਲੇ ਕਰਿ ਚਢਿ ਜਾਵਹੁ' ॥੫॥
ਸੁਲਹੀ ਲਈ ਸ਼ਾਹੁ ਕੀ ਆਇਸੁ।
ਹਰਖਤਿ ਉਰ ਨਿਜ ਘਰ ਕੋ ਆਇ ਸੁ।
ਕਰਿ ਬਿਚਾਰ ਚੰਦੂ ਢਿਗ ਗਯੋ।
ਮਿਲਿ ਸਲਾਮ ਕਰਿ ਬੈਠਤਿ ਭਯੋ ॥੬॥
'ਸੁਨਹੁ ਦਿਵਾਨ ਬਾਕ ਅਸ ਮੋਰਾ।
ਏਕ ਕਾਜ ਭਾ ਮਮ ਅਰੁ ਤੋਰਾ।
ਜਿਨਹਿ ਹਟਾਵਨਿ ਕੀਨਸਿ ਨਾਤਾ।
ਸੋ ਮੇਰੋ ਬੈਰੀ ਬੱਖਜਾਤਾ ॥੭॥
ਮੈਂ ਅਬਿ ਜਾਤਿ ਗਹੌਂ ਕੈ ਮਾਰੌਂ।

---

[1]ਅਬਤਰ = ਖ਼ਰਾਬ।
[*]ਪਾ:-ਅਫਰਤੀ।
[2]ਸਧਾਰਾਂ।

ਨਹੀਂ ਕੁਸ਼ਲ ਯੁਤ ਤਜਾਗ ਸਿਧਾਰੋਂ[1]।
ਸ਼ਾਹੁ ਸਮੀਪ ਸਹਾਇਕ ਰਹੀਅਹਿ।
ਤਿਸ ਕੇ ਦੋਸ਼, ਮੋਰ ਗੁਨ ਕਹੀਯਹਿ ॥੮॥
ਤੋਹਿ ਬੈਰ ਕੋ ਲੇ ਕਰਿ ਆਊਂ।
ਤੌ ਮੈਂ ਸੁਲਹੀ ਨਾਮ ਕਹਾਊਂ।
ਮਾਝੇ ਦੇਸ਼ ਬਿਖੈ ਮਮ ਫੇਰਾ।
ਤਹਿਂ ਕਜਾ ਕਾਜ ਕਰੌਂ ਨਹਿਂ ਤੇਰਾ? ॥੯॥
ਨਾਤਾ ਫਿਰਜੋ ਮੋਹਿ ਦੁਖ ਲਾਗਾ।
ਗਹੌਂ ਜਾਇ ਕਰਿ ਜੇ ਨਹਿਂ ਭਾਗਾ।'
ਸੁਨਿ ਚੰਦੂ ਹਰਖਜੋ ਸੁਖ ਭਯੋ।
ਨਿਬਹੀ ਜਤਨ ਸ਼ੱਤ੍ਰੁ ਮਰਿ ਗਯੋ ॥੧੦॥
ਜਿਮ ਕੋ ਸਰਪ ਗਹਜੋ ਨਹਿਂ ਜਾਈ।
ਨਕੁਲ[2] ਅਚਾਨਕ ਲੇ ਤਿਸ ਘਾਈ।
ਕਹਤਿ ਭਯੋ 'ਮੈਂ ਬਨੋ ਸਹਾਇ।
ਲਿਹੁ ਮਮ ਦਿਸ਼ਿ ਤੇ ਅਬਿ ਸਿਰੁਪਾਇ' ॥੧੧॥
ਇਮ ਕਹਿ ਬਸਤ੍ਰ ਮੋਲਿ ਬਹੁ ਕੇਰੇ।
ਦੇਤਿ ਭਯੋ ਹਰਖਾਇ ਘਨੇਰੇ।
ਕਰਜੋ ਬਿਸਰਜਨ ਧੀਰਜ ਦੈ ਕੈ।
ਸੁਲਹੀ ਚਢਜੋ ਸੈਨ ਸੰਗ ਲੈਕੈ ॥੧੨॥
ਦਿੱਲੀ ਕੀ ਸੰਗਤਿ ਲਖਿ ਪਾਯੋ।
ਦੇ ਅਰਦਾਸਿਕ ਦੂਤ[3] ਪਠਾਯੋ।
'ਤੂਰਨ ਨਿਸ ਦਿਨ ਗਮਨਤਿ ਜੱਯੈ।
ਸ਼੍ਰੀ ਅਰਜਨ ਕੋ ਸਕਲ ਸੁਨੱਯੈ' ॥੧੩॥
ਧਾਇ ਪੰਥ ਹਲਕਾਰਾ ਆਯੋ।
ਸ਼੍ਰੀ ਸਤਿਗੁਰ ਕੋ ਸਕਲ ਸੁਨਾਯੋ।
ਲੇਕਿਰ ਹਾਥ ਪਠੀ ਅਰਦਾਸ।
'ਲਿਖਤੁਮ ਸਭਿਹੀ ਸੰਗਤਿ ਦਾਸ ॥੧੪॥
ਅਬਿ ਸੁਲਹੀ ਮਗ ਕੀਨਿ ਪਯਾਨਾ।
ਆਯਹੁ ਤੁਮ ਦਿਸ਼ਿ ਅਧਿਕ ਰਿਸਾਨਾ।

---

[1]ਸੁਖ ਨਾਲ ਛੱਡਕੇ ਨਹੀਂ ਆਵਾਂਗਾ।
[2]ਨਿਉਲਾ।
[3]ਇਕ ਹਲਕਾਰਾ।

ਸ੍ਰੀ ਪ੍ਰਭੁ ਹੋ ਸਮਰਥ ਸਭਿ ਭਾਂਤੀ।
ਹਮਰੀ ਤੋ ਪਿਖਿ ਧਰਕਤਿ ਛਾਤੀ ॥੧੫॥
ਸ਼ਾਹੁ ਸਮੀਪੀ ਹੋਏ ਦੁਸ਼ਟ।
ਗੁਰੁ ਸੋਂ ਕਰਹਿਂ ਨ ਕਾਜ ਅਨਿਸ਼ਟ[1]।
ਹਮਰੋ ਜੋਰ ਕਰਨਿ ਸੁਧਿ ਕੇਰੋ।
ਸੋ ਕਰਿ ਪਠੀ ਤੁਰਤ ਗਨ ਚੇਰੋ[2]' ॥੧੬॥
ਸ੍ਰੀ ਅਰਜਨ ਪਠਿ ਕਰਿ ਅਰਦਾਸ।
ਕਰੀ ਮੋਨ ਬੈਠੇ ਸਿਖ ਪਾਸਿ।
ਬ੍ਰਿੰਦ ਮਸੰਦ ਸਭਿਨਿ ਕੋ ਚਿੰਤਾ।
ਸ੍ਰੀ ਗੁਰੁ ਕੋ ਨਹਿਂ ਲਖਹਿਂ ਬ੍ਰਿਤੰਤਾ ॥੧੭॥
ਤਬਿ ਸਭਿਹਿਨਿ ਕਰ ਜੋਰਿ ਬਖਾਨਾ।
'ਪ੍ਰਭੁ ਜੀ ਕੌਨਿ ਜਤਨ ਅਬਿ ਠਾਨਾ?
ਜਿਸ ਤੇ ਬੈਠੇ ਨਿਸ਼ਚਲ ਹੋਇ।
ਆਵਤਿ ਚਲਯੋ ਮਹਾਂ ਰਿਪੁ ਜੋਇ ॥੧੮॥
ਹਮਰੋ ਧੀਰਜ ਹੋਤਿ ਬਿਨਾਸੀ।
ਕਜਾ ਸੋ ਕਰਹਿ ਆਨਿ ਕਰਿ ਪਾਸੀ।
ਕੁਛ ਸੈਨਾ ਕੋ ਨਾਂਹਿ ਨ ਜੋਰ।
ਜਿਸ ਤੇ ਸਮੁਖ ਜੰਗ ਦੇਂ ਜੋਰ ॥੧੯॥
ਤੁਮ ਭ੍ਰਾਤਾ ਜੇਸ਼ਟ ਕੋ ਮੀਤ[3]।
ਨਹਿਂ ਦੇਖਤਿ ਕੁਛ ਨੀਤ ਅਨੀਤਿ।
ਆਗਲਿ ਬਾਰ ਆਇ ਰਿਸ ਭਰਯੋ।
ਨੀਠਿ ਨੀਠਿ ਤਬਿ ਮੋਰਨ ਕਰਯੋ ॥੨੦॥
ਸ਼ਾਹੁ ਨ ਤੁਮ ਸੋਂ ਬਿਗਰਯੋ ਚਹੈ।
ਤਊ ਦੁਸ਼ਟ ਏ ਨਿਤਿ ਢਿਗ ਰਹੈਂ।
ਤੁਮ ਦਿਸ਼ਿ ਅਨਿਕ ਤੁਫਾਨ ਉਠਾਵਹਿ।
ਕਹਿ ਕਹਿ ਅਧਿਕ ਸਦਾ ਬਿਗਰਾਵਹਿ ॥੨੧॥
ਆਪਿ ਕਰੀ ਤੂਸ਼ਨਿ ਕਿਸ ਕਾਰਨਿ।
ਧ੍ਰਿਤਿ ਹਮ ਲਹੈਂ ਸੁ ਕਰਹੁ ਉਚਾਰਨਿ।
ਬੁਰਾ ਕਰਨਿ ਬੈਰੀ ਢਿਗ ਆਵਤਿ।

---

[1]ਕਿਤੇ ਗੁਰਾਂ ਨਾਲ ਕੋਈ ਬੁਰਾ ਵਰਤਾਉ ਨਾ ਕਰਨ।
[2]ਸਾਰੇ ਦਾਸਾਂ ਨੇ।
[3]ਭਾਵ ਸੁਲਹੀ।

ਨਹਿਂ ਉਪਾਉ ਤੁਮ ਕਛੂ ਬਨਾਵਤਿ ॥੨੨॥
ਜਿਮ ਕੂਕਰ ਤੇ ਤ੍ਰਾਸਤ ਹਰਨ[1]।
ਤਿਮ ਹਮਰੀ ਗਤਿ ਹੈ ਤੁਮ ਸ਼ਰਨਿ।
ਸ਼੍ਰੀ ਸਤਿਗੁਰੂ ਕਰਿ ਲੇਹੁ ਮਿਲਾਪ।
ਕੈ ਤਜਿ ਥਾਨ ਚਲਹੁ ਕਿਤ ਆਪਿ ॥੨੩॥
ਐਸੀ ਹੋਇ ਨ ਜੇ ਚਲਿ ਆਵੈ।
ਕਰਹਿ ਸ਼ੱਤ੍ਰੁਤਾ ਗਹਿ ਲੇ ਜਾਵੈ।
ਤਬਿ ਸਭਿ ਬਿਧਿ ਹੀ ਮੁਸ਼ਕਲ ਬਨੇ।
ਸ਼ਾਹੁ ਸਮੀਪ ਦੁਸ਼ਟ ਹੈਂ ਘਨੇ ॥੨੪॥
ਹਮ ਕੋ ਉੱਤਰ ਦੀਜਹਿ ਸ੍ਵਾਮੀ।
ਜਿਸ ਤੇ ਸੁਖ ਲਹਿਂ ਥਿਤਿ ਪਦ ਸਾਮੀ[2]।'
ਬਾਰਿ ਬਾਰਿ ਸਭਿ ਸਿੱਖ ਮਸੰਦ।
ਭਨਤਿ ਦੀਨ ਹ੍ਵੈ ਬਿਨੈ ਬਿਲੰਦ ॥੨੫॥
ਕ੍ਰਿਪਾ ਠਾਨਿ ਸੰਗਤਿ ਸੋਂ ਬੋਲੇ।
'ਨਿਸ਼ਚਾ ਧਰਹੁ ਕਹਾਂ ਤੁਮ ਡੋਲੇ।
ਸਤਿਗੁਰ ਬਨਹਿ ਸਹਾਇ ਹਮਾਰੀ।
ਬਿਪਦਾ ਪਰਹਿ ਤਿਨਹੁਂ ਪਰ ਭਾਰੀ ॥੨੬॥
ਨਹਿਂ ਆਵਨਿ ਹਮ ਲਗਿ ਤਿਹ ਕੇਰਾ।
ਹੁਇ ਮਾਰਗ ਮਹਿਂ ਦੁਸ਼ਟ ਨਿਬੇਰਾ।
ਜਿਮ ਕੂਕਰ ਮਿਰਗਨਿ ਪਰ ਧਾਵੈ।
ਸ੍ਵਾਪਦ ਪੰਥ ਬਿਖੈ ਭਖਿ ਜਾਵੈ[3]' ॥੨੭॥
ਸੁਨਤਿ ਬ੍ਰਿੰਦ ਆਨੰਦ ਬਿਲੰਦੇ।
-ਸਤਿਗੁਰੁ ਬਾਕ ਅਮੋਘ ਹੁਵੰਦੇ-।
ਭਏ ਨ ਚਿੰਤ ਨ ਹੌਲ ਉਠਾਵਾ।
ਮਨਹੁ ਮਰਜੋਈ ਸੋ ਲਖਿ ਪਾਵਾ ॥੨੮॥
ਸੰਗਤਿ ਕੋ ਸੁਨਿ ਕੈ ਹਲਕਾਰਾ।
ਦਿੱਲੀ ਪੁਰਿ ਕੋ ਤੁਰਤ ਪਧਾਰਾ।
ਪਹੁੰਚਿ ਸੁਨਾਯੋ ਸ਼੍ਰੀ ਗੁਰ ਬੈਨ।
ਸਭਿ ਕੈ ਮਨ ਉਪਜੀ ਤਬਿ ਚੈਨਿ ॥੨੯॥

---

[1]ਡਰਦਾ ਹੈ ਹਰਨ।
[2]ਚਰਣਾਂ ਦੀ ਸ਼ਰਣ ਵਿਚ ਰਹਿਕੇ।
[3]ਸ਼ੇਰ ਰਾਹ ਵਿਚ ਕੁੱਤੇ ਨੂੰ ਖਾ ਜਾਵੇ [ਸੰਸ: ਸ਼੍ਵਾਪਦ = ਕੋਈ ਹਿੰਸਕ ਜੰਤੂ]

-ਪਹੁੰਚਹਿ ਨਹੀਂ ਸੁਧਾਸਰ ਜਾਇ।
ਮਾਰਗ ਮਹਿਂ ਹ੍ਵੈ ਬਿਘਨ ਬਿਲਾਇ[1]-।
ਅਚਲ ਮੇਰੁ ਸਮ ਲਖਿ ਗੁਰੁ ਬਾਨੀ।
ਸਗਰੀ ਸੰਗਤਿ ਸੁਨਿ ਹਰਿਖਾਨੀ ॥੩੦॥
ਅਬਿ ਸੁਨੀਅਹਿ ਸੁਲਹੀ ਕੀ ਬਾਤਿ।
ਬਹੁ ਅਪਸ਼ਗਨ ਭਏ ਬੱਖਜਾਤਿ।
ਫਰਕੇ ਭੁਜਾ ਬਿਲੋਚਨ ਬਾਮੂ।
ਸਿਰ ਬਾਇਸ[2] ਬੈਠਯੋ ਦੁਖ ਧਾਮੂ ॥੩੧॥
ਨਿਕਸਤਿ ਛੀਂਕ ਭਈ ਦਿਸਿ ਦਾਏਂ।
ਵਹਿਰ ਕੁਫੇਰੋ ਹਰਣ ਪਲਾਏ[3]।
ਹੁਤੇ ਜੁ ਸੰਗੀ ਤਿਹ ਸਮੁਝਾਯੋ।
'ਗਨ ਕੁਸੌਨ ਕੋ ਹਮ ਲਖਿ ਪਾਯੋ ॥੩੨॥
ਸੁਖ ਸਰੀਰ ਕੀ ਚਹਿਯ ਤੁਮਾਰੇ।
ਇਨ ਕੋ ਫਲ ਦੁਰਦਸ਼ਾ ਬਿਚਾਰੇ।
ਹਮ ਇਹ ਸਭਿ ਪਤਿਆਵਨਿ ਕੀਨੇ।
ਬੁਰਾ ਕਰੇ ਬਿਨ ਹੋਇਂ ਨ ਹੀਨੇ' ॥੩੩॥
ਸੁਨਿ ਸੁਲਹੀ ਬੋਲਯੋ ਮਨਮਾਨੀ।
'ਕਹਾਂ ਬਿਚਾਰਿ ਕਰਤਿ ਹੋ ਬਾਨੀ।
ਮੈਂ ਕਜਾ ਚਲਯੋ ਜੁੱਧ ਕਿਤ ਕਰਿਬੇ।
ਜਿਸ ਤੇ ਅਸ ਸੰਸੈ ਤੁਮ ਧਰਿਬੇ ॥੩੪॥
ਅਪਨੇ ਦੇਸ਼ ਗਮਨ ਹਮ ਕੀਨਿ।
ਸਗਰੋ ਅਹੈ ਰਿਪੁਨਿ ਤੇ ਹੀਨਿ।
ਇਕ ਹਿੰਦੁਨਿ ਗੁਰੁ ਸੋਂ ਮਮ ਬੈਰ।
ਤਿਸ ਗਹਿ ਲੇਹੁਂ ਅਪਰ ਸਭਿ ਖ਼ੈਰ ॥੩੫॥
ਅਹੈ ਫਕੀਰਨਿ ਕੇ ਸਮ ਸੋਈ।
ਆਯੁਧ ਧਰਤਾ ਤੀਰ ਨ ਕੋਈ[4]।
ਪ੍ਰਥਮ ਸਖਾ ਸੋਂ ਮਿਲਿ ਹੌਂ ਅਪਨੇ।
ਦੇਸ਼ ਬਿਖੈ ਮੁਝ ਤ੍ਰਾਸ ਨ ਸੁਪਨੇ ॥੩੬॥

---

[1]ਭਾਵ ਨਾਸ਼ ਹੋ ਜਾਵੇਗਾ।
[2]ਕਾਂ।
[3]ਬਾਹਿਰ (ਨਿਕਲਿਆਂ) ਹਰਣ (ਕੁਫੇਰੋ =) ਸੱਜੇ ਯਾ ਸਾਹਮਣੇ ਤੋਂ ਆ ਕੇ ਖੱਬੇ ਪਾਸੇ ਦੌੜ ਗਿਆ, ਭਾਵ ਏਹ ਅਪਸ਼ਗੁਨ।
[4]ਸ਼ਸਤ੍ਰਧਾਰੀ ਪਾਸ ਕੋਈ ਨਹੀਂ।

ਪੁਨ ਮਾਝੇ ਤੇ ਲੈ ਧਨ ਘਨੋ।
ਚਹੌਂ ਸੁ ਗਹੌਂ ਕਿਧੋਂ ਤਿਸ ਹਨੌਂ।
ਸ਼ਾਹੁ ਸਮੀਪ ਸਹਾਇਕ ਮੇਰਾ।
ਚੰਦੂ ਬਲੀ ਦਿਵਾਨ ਬਡੇਰਾ ॥੩੭॥
ਮੈਂ ਅਪਸ਼ਗੁਨ ਬਿਚਾਰੌਂ ਕੈਸੇ।
ਕੋ ਹੁਇ ਸਨਮੁਖ[1]? ਲਖੌਂ ਨ ਐਸੇ।'
ਇਮ ਕਹਿ ਸਨੇ ਸਨੇ ਮਗ ਚਾਲਾ।
ਦੁਸ਼ਟ ਰਿਦੇ ਹੰਕਾਰ ਬਿਸਾਲਾ ॥੩੮॥
ਪੁੱਤ੍ਰ ਸਖਾ ਸਭਿ ਸੰਗ ਲਏ ਹੈਂ।
ਦਿਵਸ ਚਲਹਿ ਥਿਰ ਨਿਸਾ ਭਏ ਹੈਂ।
ਗਮਨਤਿ ਮਗ ਸਗਰੋਂ ਉਲੰਘਾਯਹੁ।
ਕੋਠੇ ਗ੍ਰਾਮ ਦਿਸ਼ਾ ਸਮੁਹਾਯਹੁ[2] ॥੩੯॥
ਏਕ ਮਜ਼ਲ ਨਰ ਪਠਜੋ ਅਗਾਰੀ।
ਪ੍ਰਿਥੀਏ ਕੋ ਸੁਧਿ ਜਾਇ ਉਚਾਰੀ।
'ਸੁਲਹੀ ਸਖਾ ਤੋਹਿ ਚਲਿ ਆਯਹੁ।
ਮਿਲਨਿ ਹੇਤੁ ਹਿਯਰੋ ਲਲਚਾਯਹੁ' ॥੪੦॥
ਸੁਨਿ ਫੂਲਜੋ ਜਨੁ ਗੁਰੁਤਾ ਪਾਈ।
-ਅਬਿ ਮੇਰੋ ਦੇ ਕਾਮ ਬਨਾਈ-।
ਸਗਲ ਭਾਤਿ ਕੀ ਠਾਨਿਸਿ ਤਯਾਰੀ।
ਤ੍ਰਿਣ ਅਰੁ ਅੰਨ ਸੰਚਿ ਕਰਿ ਭਾਰੀ ॥੪੧॥
ਨਿਸਿ ਕੋ ਜਾਗਤਿ ਰਹਜੋ ਅਨੰਦਤਿ।
ਬੋਲਤਿ ਕਰਤਿ ਉਡੀਕ ਬਿਲੰਦਤਿ।
ਭਈ ਪ੍ਰਾਤ ਸੁਲਹੀ ਢਿਗ ਆਯੋ।
ਸੁਨਿ ਕਰਿ ਆਗੇ ਲੈਨਿ ਸਿਧਾਯੋ ॥੪੨॥
ਕੇਚਿਤ ਮਾਨਵ ਲੀਨੇ ਸੰਗਿ।
ਮਿਲਜੋ ਜਾਇ ਕਰਿ ਧਰੇ ਉਮੰਗ।
ਦੋਨਹੁਂ ਉਤਰ ਗਲੇ ਸੋਂ ਲਾਗੇ।
ਬੂਝਤਿ ਕੁਸ਼ਲ ਰਿਦੇ ਅਨੁਰਾਗੇ ॥੪੩॥
ਹਰਖ ਪਰਸਪਰ ਮਿਲਿ ਕਰਿ ਕੀਨੋ।
ਪੁਨ ਪ੍ਰਿਥੀਏ ਆਸ਼ਿਖ[1] ਗਨ ਦੀਨੋ।

---
[1]ਕੌਣ ਸਾਹਮਣੇ ਹੋਵੇਗਾ।
[2]ਸਾਹਮਣੇ ਆਇਆ ਭਾਵ ਨੇੜੇ ਆਇਆ।

'ਸਤਿਗੁਰ ਕਰਹਿ ਮਰਾਤਬ ਊਚੋ।
ਵਧਹੁ, ਮਿਲਹੁ ਜੋ ਤੁਮ ਮਨ ਰੂਚੋ[2] ॥੪੪॥
ਸਦਾ ਸਹਾਇ ਅੰਗ ਸੰਗ ਰਹੈ।
ਸ਼ਾਹੁ ਖੁਸ਼ੀ ਕਰਿ ਕਰਿ ਨਿਤ ਚਹੈ।'
ਕਹਿ ਸੁਲਹੀ 'ਬਡਿ ਕ੍ਰਿਪਾ ਤੁਮਾਰੀ।
ਅਭਿਲਾਖਾ ਸਭਿ ਪੁਰਵ[3] ਹਮਾਰੀ ॥੪੫॥
ਕਾਰਜ ਤੋਰ ਮੋਰਿ ਉਰ ਰਹੈ।
ਕਰੌਂ ਪੂਰ ਅਬਿ ਕੈ ਜਿਮ ਅਹੈ।
ਝਗਰੋ ਪਾਛੇ ਛੋਰ ਨ ਜਾਊਂ।
ਮੈਂ ਆਯੋ ਤੁਝ ਗੁਰੂ ਬਨਾਊਂ' ॥੪੬॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਹੀ ਆਗਵਨ' ਪ੍ਰਸੰਗ ਬਰਨਨੰ ਨਾਮ ਸਪਤ ਦਸਮੋਂ ਅੰਸੂ ॥੧੭॥

---

[1]ਅਸ਼ੀਰਵਾਦਾਂ।
[2]ਮਨਮੰਨੀ ਮੁਰਾਦ ਮਿਲੇ।
[3]ਪੂਰਨ ਹੁੰਦੀ ਹੈ।

੧੮. [ਸੁਲਹੀ ਸੜ ਮੋਇਆ]

੧੭<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੧੯

ਦੋਹਰਾ: ਉਤਰਜੋ ਕੋਠੇ ਗ੍ਰਾਮ ਤੇ, ਵਹਿਰ ਸੈਨ ਜਿਹ ਸੰਗਿ।
ਸੇਵਾ ਸਭਿ ਬਿਧਿ ਕੀ ਕਰੀ, ਪ੍ਰਿਥੀਏ ਧਾਰਿ ਉਮੰਗ ॥੧॥
ਚੌਪਈ: ਜ਼ਜਾਫ਼ਤ[1] ਹੇਤੁ ਦਰਬ ਲੈ ਗਯੋ।
ਜਾਇ ਸੁ ਡੇਰੇ ਪ੍ਰਾਪਤਿ ਭਯੋ।
ਤੰਬੂ ਮੈਂ ਮਿਲਿ ਕੈ ਸੋ ਦਯੋ।
'ਗੁਰੁ ਘਰ ਕੁਨਕਾ' ਭਾਖਤਿ ਭਯੋ ॥੨॥
ਸੁਲਹੀ ਕਹਿ 'ਸਭਿ ਕ੍ਰਿਪਾ ਤੁਮਾਰੀ।
ਕਜੋਂ ਧਨ ਧਰਜੋ ਸੁ ਲਜਾਇ ਅਗਾਰੀ।'
ਨਹੀਂ ਲੇਤਿ ਬਰਬਸ ਇਨ ਦੀਨੋ।
ਸੇਵਾ ਤੇ ਪ੍ਰਸੰਨ ਅਤਿ ਕੀਨੋ ॥੩॥
ਮਸਲਤਿ ਹਿਤ ਇਕੰਤ ਹੁਇ ਬੈਸੇ।
ਕਹਿ ਪ੍ਰਿਥੀਆ 'ਅਬਿ ਕਰਿਹੋ ਕੈਸੇ?
ਦਿਨ ਪ੍ਰਤਿ ਧਨੀ ਅਧਿਕ ਰਿਪੁ ਹੋਵਾ।
ਖਰਚਜੋ ਬਹੁ ਸੁਤ ਬਜਾਹੁ ਸੰਜੋਵਾ[2] ॥੪॥
ਸ਼ਾਹੁ ਤ੍ਰਾਸ ਭੀ ਨਾਂਹਿਨ ਮਾਨਹਿ।
ਉਮਰਾਵਨਿ ਕੋ ਕਛੂ ਨ ਜਾਨਹਿ।
ਸ਼ਾਹੁ ਦਿਵਾਨ ਸੁਤਾ ਕੋ ਨਾਤਾ।
ਮੋਰਜੋ ਕਹਿ ਕੂਕਰ ਬੱਖਜਾਤਾ ॥੫॥
ਸੋਹਿ ਅਚਰਜ ਹੋਇ ਤਿਸ ਦੇਖੇ।
ਸਭਿ ਸੋਂ ਕਰਹਿ ਹੰਕਾਰ ਵਿਸ਼ੇਖ਼ੇ।
ਅਬਿ ਲੌ ਰੋਮ ਨ ਬਾਂਕੋ ਹੋਵਾ।
ਵਧਤਿ ਪ੍ਰਤਾਪ ਅਧਿਕ ਹੀ ਜੋਵਾ' ॥੬॥
ਸੁਨਿ ਸੁਲਹੀ ਨੇ ਧੀਰਜ ਦੀਨੋ।
'ਸ਼ਾਹੁ ਸੰਗ ਆਵਤਿ ਕਹਿ ਲੀਨੋ।
ਬਹੁਰ ਚੰਦੂ ਕੋ ਸਕਲ ਜਨਾਈ।
ਸ਼ਾਹੁ ਸਮੀਪੀ ਰਹਹਿ ਸਹਾਈ ॥੭॥
ਪਹੁੰਚਤਿ ਸ਼੍ਰੀ ਅਰਜਨ ਗਹਿ ਲੈ ਹੌਂ।
ਕਰਿ ਬੰਧਨ[1] ਕਿਸ ਦੁਰਗ ਗਿਰੈ ਹੌਂ।

---

[1]ਪ੍ਰਾਹੁਣਚਾਰੀ। ਪ੍ਰੀਤੀ ਭੋਜਨ।
[2]ਰਚਾਕੇ।

ਇਕ ਦੁਇ ਮਾਸ ਰਖੌਂ ਬਿਧਿ ਐਸੇ।
ਹੇਰਿ ਲੇਉਂ ਨਰ ਗਨ ਕਹਿਂ ਜੈਸੇ[2] ॥੮॥
ਜਬਿ ਮਿਟ ਜਾਇ ਕਹਿਨ ਤੇ ਬ੍ਰਿੰਦ।
ਰੁਖ਼ ਲਖਿ ਲੈਹੌਂ ਸ਼ਾਹ ਬਿਲੰਦ।
ਤਿਹ ਪਾਛੈ ਹੁਇ ਕੈਦ ਮਝਾਰੀ।
ਕਹਿ ਕਿਹ ਸੋਂ ਤਬਿ ਦੈਹੌਂ ਮਾਰੀ ॥੯॥
ਤੋਹਿ ਬਨੈ ਹੌਂ ਗੁਰੁ ਜਗ ਕੇਰਾ।
ਚਹੁੰ ਦਿਸ਼ਿ ਤੇ ਧਨ ਮਿਲਹਿ ਘਨੇਰਾ।
ਸੰਗਤਿ ਸਕਲ ਪਾਇੰ ਤਵ ਪੂਜਹਿ।
ਸੁਤ ਜੁਤਿ ਰਹਿਨ ਦੇਉਂ ਨਹਿਂ ਦੂਜਹਿ ॥੧੦॥
ਨਿਜ ਬਲ ਤਬਹਿ ਸਫਲਤਾ ਪਾਊਂ।
ਤੁਵ ਰਿਪੁ ਸੁਤ ਜੁਤਿ ਜਬਿ ਮਰਵਾਊਂ।
ਨਾਂਹਿ ਤ ਧਿਕ ਜੀਵਨ ਹੈ ਮੇਰਾ।
ਦਿਯੋ ਸਖਾ ਕੋ ਸੁਖ ਨ ਬਡੇਰਾ ॥੧੧॥
ਗਹਿਨ ਤਿਸੈ ਪੂਰਬ ਅਭਿਲਾਖਾ।
ਗਯੋ ਵਡਾਲੀ ਮਹਿਂ ਤਬਿ ਰਾਖਾ।
ਨਹਿਂ ਤ ਕਰਤਿ ਕਾਜ ਤਬਿ ਸਾਰਾ।
ਅਬਿ ਲੌਂ ਹੁਤੋ ਕਬੀ ਕਉ ਮਾਰਾ ॥੧੨॥
ਤੋਰੀ ਬਾਤ ਨ ਚੰਦੁ ਜਨਾਈ।
ਰਿਪੁ ਮਾਰੇ ਤਬਿ ਦੇਉਂ ਮਿਲਾਈ।
ਸ਼ਾਹੁ ਸੰਗ ਅਰੁ ਸੰਗ ਦਿਵਾਨ।
ਬਨਿ ਜੈ ਹੈ ਤੁਵ ਬਾਤ ਮਹਾਨ' ॥੧੩॥
ਇਮ ਮਸਲਤ ਸੁਨਿ ਸਦਨ ਸਿਧਾਰਾ।
ਸੁਲਹੀ ਸੁਪਤਯੋ ਨਿਸਾ ਮਝਾਰਾ।
ਪ੍ਰਾਤ ਭਈ ਕਰਿ ਸੌਚ ਸ਼ਨਾਨਾ।
ਦਿਵਸੁ ਚਰੇ ਤਿਸ ਨਿਕਟ ਪਯਾਨਾ ॥੧੪॥
ਬੈਠਿ ਗਯੋ ਤਹਿਂ ਸਹਿਜ ਸੁਭਾਇ।
ਬਾਤ ਕਹਤਿ ਨਿਜ ਕੋ ਬਡਿਆਇ।
'ਸੁਨਹੁ ਸਖਾ! ਉਪਕਾਰ ਤਿਹਾਰੋ।

---

[1]ਕੈਦ।
[2]ਲੋਕਾਂ ਨੂੰ ਵੇਖ ਲਵਾਂਗਾ ਕਿ ਕੀ ਕਹਿੰਦੇ ਹਨ।

ਗ੍ਰਾਮ ਦਿਵਾਯਹੁ, ਬਸੇ ਮਝਾਰੋ ॥੧੫॥
ਸੁਖ ਕੋ ਪਾਇ ਕਰਜੋ ਨਿਜ ਥਾਨਾ।
ਕੀਨਿ ਚਿਨਾਵਨਿ ਮਹਿਲ ਮਹਾਨਾ।
ਬਡੇ ਜਤਨ ਤੇ ਲਗੇ ਪਚਾਵੇ।
ਪਾਕ ਈਂਟਿਕਾ ਸਦਨ ਬਨਾਵੈ ॥੧੬॥
ਕ੍ਰਿਪਾ ਠਾਨਿ ਕਰਿ ਆਪਿ ਨਿਹਾਰੋ।
ਮੋਹਿ ਅਨੰਦ ਕੋ ਅਪਨਿ ਬਿਚਾਰਹੁ।
ਲੋਕ ਬਸਾਏ ਕ੍ਰਿਖੀ ਬਿਸਾਲਾ।
ਆਇ ਪਿਦਾਇਸ਼ ਬਹੁ ਸਭਿ ਕਾਲਾ ॥੧੭॥
ਫਿਰ ਕਰਿ ਦੇਖਹੁ ਚਢਹੁ ਤੁਰੰਗ।
ਮੈਂ ਚਢਿ ਚਲੌਂ ਕਾਲਿ ਕੋ ਸੰਗਿ।
ਆਜ ਪਿਖੋ ਮੰਦਰ ਅਰੁ ਆਵੇ[1]।
ਤੁਮਹੁੰ ਦਿਖਾਇ ਹਰਖ ਮੁਝ ਆਵੈ' ॥੧੮॥
ਇਮ ਸੁਨਿ ਸੁਲਹੀ ਆਨੰਦ ਧਾਰਾ।
ਭਯੋ ਬਿਲੋਕਨਿ ਕੋ ਤਬਿ ਤਜਾਰਾ।
ਪੁੱਤ੍ਰ ਸਖਾ ਸਗਰੇ ਸੰਗਿ ਚਾਲੇ।
ਬਸਤ੍ਰ ਸ਼ਸਤ੍ਰ ਤਨ ਪਹਿਰਿ ਬਿਸਾਲੇ ॥੧੯॥
ਪ੍ਰਿਥੀਏ ਕੋ ਕਰ ਸੋਂ ਕਰ[2] ਗਹਜੋ।
ਪ੍ਰਿਥਮ ਗ੍ਰਾਮ ਕੋ ਹੇਰਨਿ ਚਹਜੋ।
ਸਨੈ ਸਨੈ ਅੰਤਰਿ ਚਲਿ ਗਏ।
ਮੰਦਰ ਸਕਲ ਨਿਹਾਰਤਿ ਭਏ ॥੨੦॥
ਅਨਿਕ ਭਾਂਤਿ ਕੀ ਬਾਤਿਨਿ ਕਰਤੇ।
ਇਤ ਉਤ ਪ੍ਰੇਰਤਿ ਹੇਰਤਿ ਫਿਰਤੇ।
ਗ੍ਰਾਮ ਦਿਖਾਯੋ ਜਿਤਿਕ ਬਸਾਯੋ।
ਤਹਿਂ ਤੇ ਪੁਨ ਬਾਹਰ ਨਿਕਸਾਯੋ ॥੨੧॥
ਚਲੇ ਪਚਾਵਨਿ ਕੀ ਦਿਸ਼ਿ[3] ਫੇਰਿ।
ਦੀਖਤਿ ਲਗੇ ਜੁ ਊਚੇ ਢੇਰਿ।
ਪ੍ਰਿਥੀਏ ਕੀ ਸਰਾਹ ਕੋ ਕਰਤਾ।
-ਮੋ ਮਹਿਂ ਪ੍ਰੀਤ ਬਿਸਾਲ- ਬਿਚਰਿਤਾ ॥੨੨॥

---

[1] ਪੰਜਾਵੇ
[2] ਹੱਥ ਵਿੱਚ ਹੱਥ।
[3] ਆਵਿਆਂ ਵੱਲ।

ਜਬਿ ਆਵੇ ਪਰ ਲਗੇ ਅਰੂਢਨਿ।
ਨਿਕਟ ਮੀਚ ਆਈ ਤਿਨ ਮੂਢਨਿ।
ਪ੍ਰਿਥੀਏ ਕੋ ਪਿਸ਼ਾਬ ਤਬਿ ਆਯੋ।
ਤਜਾਗਨਿ ਲਗਜੋ ਰਹਜੋ ਪਿਛਵਾਯੋ ॥੨੩॥
ਸੁਲਹੀ ਨਿਜ ਸੰਗਨਿ ਸੋਂ ਕਹੈ।
'ਚਲਹੁ ਉਚੇਰੇ ਸਭਿ ਦਿਸ਼ਿ ਲਹੈਂ।
ਖਰੇ ਹੋਇ ਚਹੁੰਦਿਸ਼ਿ ਕੋ ਹੇਰੈਂ।
ਪਹੁੰਚਹਿ ਦ੍ਰਿਸ਼ਟਿ ਦੂਰਿ ਅਰੁ ਨੇਰੈ' ॥੨੪॥
ਇਮ ਕਹਿ ਚਢਜੋ ਬੇਗ ਤੇ ਮਾਨੀ।
ਨਹਿਂ ਨੀਕੇ ਥਲਿ ਪਿਖਿ ਅਗਵਾਨੀ।
ਦੌਰਜੋ ਜਾਤਿ ਸੰਗ ਸਭਿ ਲੀਏ।
ਏਕ ਸ੍ਵਾਸ ਚਢਿ ਹੈਂ ਹਠਿ ਕੀਏ ॥੨੫॥
ਹੋਨਿਹਾਰ ਨੇ ਮਤਿ ਬਿਚਲਾਈ।
ਸਨੇ ਸਨੇ ਨਹਿਂ ਕੀਨਿ ਚਢਾਈ।
ਸ਼੍ਰੀ ਅਰਜਨ ਜੀ ਸ਼ਬਦ ਬਨਾਯੋ।
ਦੀਨੋ ਸ੍ਰਾਪ ਸਮੈ ਸੋ ਆਯੋ ॥੨੬॥
ਊਪਰ ਛਾਰ ਦਿਖਾਈ ਪਰੈ।
ਤਰੈ ਤਿਸੀ ਕੇ ਪਾਵਕ ਜਰੈ।
ਊਪਰ ਕਛੁਕ ਭਸਮ ਕਰਿ ਹੇਰਾ।
ਤਰੈ ਪੋਲਿ ਧਸਿ ਜਾਨਿ[1] ਘਨੇਰਾ ॥੨੭॥
ਜਿਦਤਿ ਪਰਸਪਰ ਧਾਇ ਪਹੂਚੇ।
ਚਢੇ ਪਚਾਵੇ ਚੋਟੀ ਊਚੇ।
ਗੁਰੂ ਬਾਕ ਤੇ ਧਸਿ ਗਜੋ ਐਸੇ।
ਪ੍ਰਾਨ ਹਾਨ ਤੇ ਬਚੈ ਨ ਜੈਸੇ ॥੨੮॥
ਧਸਤਿ ਭਸਮ ਤੇ ਉਛਰਜੋ ਬਲ ਤੇ।
ਨਿਕਸਜੋ ਗਯੋ ਨਹੀਂ ਤਿਸ ਥਲ ਤੇ।
ਬਹੁਰ ਗਿਰਜੋ ਤਿਸ ਹੀ ਮਹਿਂ ਜਾਏ।
ਸਾਥੀ ਗਹਿਨ ਹੇਤੁ ਉਤਲਾਏ ॥੨੯॥
ਹਾਇ ਹਾਇ ਕਰ ਤੇ ਤਰਫ਼ਰਜੋ[2]।
ਉਛਰਿ ਉਛਰਿ ਤਿਸ ਹੀ ਮਹਿਂ ਪਰਜੋ।

---

[1]ਬੜਾ ਪੋਲ ਸੀ ਧਸ ਜਾਣ ਨੂੰ।
[2]ਤੜਫਿਆ।

ਹੁਤੋ ਹਾਥ ਮਹਿਂ ਖਰ ਗੰਡਾਸਾ।
ਉਛਲਤਿ ਗਿਰਯੋ ਤਾਂਹਿ ਕੇ ਪਾਸਾ ॥੩੦॥
ਜਹਾਂ ਗਿਰੀ ਗ੍ਰੀਵਾ ਤਹਿਂ ਧਾਰਾ।
ਤਤਛਿਨ ਧਰ ਤੇ ਸਿਰ ਕਟਿ ਡਾਰਾ।
ਅਗਨਿ ਸਾਥ ਤਨ ਭਰਥਾ ਭਯੋ*।
ਕਿਸ ਤੇ ਨਹੀਂ ਨਿਕਾਸਯੋ ਗਯੋ* ॥੩੧॥
ਉਤਲਾਵਤਿ ਨਰ ਬਸ ਨ ਬਸਾਵੈ।
ਨਿਕਟਿ ਨ ਹੋਤਿ ਇਤੇ ਉਤ ਜਾਵੈਂ।
ਪਹੁੰਚਯੋ ਨਹੀਂ ਨਿਕਾਸਨ ਵਾਰੋ।
ਦੂਰਿ ਹਟੇ ਕੁਛ ਚਲਯੋ ਨ ਚਾਰੋ[1] ॥੩੨॥
ਆਪ ਜਲਨਿ ਤੇ ਗਾਤਿ ਬਚਾਵੈਂ।
ਸੋ ਜਲਿ ਗਯੋ ਨ ਕੋ ਨਿਕਸਾਵੈ।
ਰੋਦਤਿ ਊਚੇ ਕਰਤਿ ਪੁਕਾਰੂ।
'ਮਰਯੋ ਜਰਤਿ ਹਮਰੋ ਸਿਰਦਾਰੂ' ॥੩੩॥
ਪ੍ਰਿਥੀਆ ਸੁਨਿ ਦੌਰਤਿ ਚਢਿ ਗਯੋ।
ਕਰਯੋ ਬਿਲੋਕਨਿ ਭੁਰਥਾ ਭਯੋ।
ਬਡੇ ਜਤਨ ਤੇ ਤਬਿ ਨਿਕਸਾਵਾ।
ਚਰਬੀ ਸੇਤ[2] ਦੇਹਿ ਦਰਸਾਵਾ ॥੩੪॥
'ਹਾਇ ਹਾਇ' ਕਹਿ ਪ੍ਰਿਥੀਆ ਰੋਯੋ।
'ਕਾਰਨ ਕੌਨ ਅਚਾਨਕ ਹੋਯੋ।'
ਮਿਹਰਵਾਨ ਕੇ ਸਹਤ ਪੁਕਾਰੈ।
ਅੱਸ਼ੂ ਬਿਲੋਚਨ ਤੇ ਗਨ ਡਾਰੈ ॥੩੫॥
'ਮਰਯੋ ਕੁਮੌਤ' ਸੰਗਿ ਕੇ ਕਹੈਂ।
'ਯਾ ਖ਼ੁਦਾਇ ਦੋਜ਼ਕ ਇਹ ਲਹੈ।
ਦਫਨ ਕਰਨਿ ਕੋ ਤੁਰਕ ਇਮਾਨ[3]।
ਜਰਯੋ ਮਰਯੋ[4] ਦੁਖ ਲਹੈ ਮਹਾਨ' ॥੩੬॥
ਬਹੁਰ ਦੁਸ਼ਾਲਾ ਤਿਸ ਪਰ ਡਾਲਾ।

---

*ਕਈ ਨੁਸਖਿਆਂ ਵਿਚ ਇਹ ਦੋਵੇਂ ਤੁਕਾਂ ਨਹੀਂ ਹਨ। ਇਕ ਲਿਖਤੀ ਵਿਚ ਇਨ੍ਹਾਂ ਦੀ ਥਾਵੇਂ ਪਾਠ ਇਉਂ ਹੈ:- ਮਰਯੋ ਕੁਮੌਤ ਅਗਨਿ ਮਹਿਂ ਦਹਯੋ। ਪਰਮੇਸੁਰ ਗੁਰ ਬਚ ਨਿਬਹਯੋ।

[1]ਵੱਸ ਨਹੀਂ ਚਲਦਾ।

[2]ਚਿੱਟੀ।

[3]ਤੁਰਕਾਂ ਦਾ ਧਰਮ ਹੈ।

[4]ਸੜਕੇ ਜੋ ਮਰੇ।

ਖਾਟ ਪਾਇ ਕਰਿ ਵਹਿਰ ਨਿਕਾਲਾ।
ਕਬਰ ਖੋਦ ਕਰਿ ਤਹਿਂ ਦਫਨਾਯੋ।
ਸਭਿ ਮਹਿਂ ਸ਼ੋਕ ਅਧਿਕ ਬਿਦਤਾਯੋ ॥੩੭॥
ਜਥਾ ਪੁੱਤ੍ਰ ਭ੍ਰਾਤਾ ਹਿਤਕਾਰੀ।
ਮਰੇ ਹੋਤਿ ਸ਼ੋਕਤਿ ਦੁਖ ਭਾਰੀ।
ਤਿਮ ਪ੍ਰਿਥੀਏ ਨੇ ਸੰਕਟ ਪਾਵਾ।
ਚਿਤਵਹਿ -ਮੁਝ ਕਲੰਕ ਇਹ ਆਵਾ- ॥੩੮॥
ਸੁਲਹੀ ਸੁਤ ਰੁਦਯੰਤਿ ਪੁਕਾਰਾ।
'ਪ੍ਰਿਥੀਏ ਨੇ ਪਿਤ ਜਾਰਤਿ[1] ਮਾਰਾ।
ਭਲੋ ਸਖਾਪਨਿ ਕੋ ਫਲ ਦੀਨਾ।
ਮੈਂ ਅਬਿ ਚਹੌਂ ਤੋਹਿ ਸੰਗ ਕੀਨਾ[2] ॥੩੯॥
ਛਲ ਕਰਿ ਜਾਰਯੋ ਅਗਨਿ ਭਖਾਏ।
ਛਾਦਿ ਛਾਰ[3] ਚਢਿਵਾਇ ਪਚਾਏ।
ਮੈਂ ਕਯਾ ਤੋਹਿ ਕਪਟ ਨਹਿਂ ਜਾਨੌਂ।
ਇਸ ਕੋ ਪਲਟਾ ਤਿਸ ਬਿਧਿ ਠਾਨੌਂ' ॥੪੦॥
ਇੱਤਯਾਦਿਕ ਸੁਨਿ ਪ੍ਰਿਥੀਆ ਡਰਯੋ।
ਚਹੈ ਰਿਦੈ ਤਿਸ ਹਰਖਨਿ ਕਰਯੋ।
ਕਰ ਕੋ ਜੋਰਤਿ ਬਿਨੈ ਬਖਾਨੈ।
'ਤੁਝ ਤੇ ਅਧਿਕ ਹਿਤੂ ਹਮ ਮਾਨੈ ॥੪੧॥
ਹੋਨਿਹਾਰ ਕੋ ਲਖੈ ਨ ਕੋਈ।
ਅਚਵਤਿ ਸੁਧਾ ਹਲਾਹਲ ਹੋਈ।
ਪਾਲਿਯ ਧੇਨੁ ਦੂਧ ਕੇ ਲੈਬੇ।
ਜਿਮ ਹੁਇ ਸ਼ੇਰ ਉਠੇ ਤਨ ਖੈਬੇ ॥੪੨॥
ਕਹੌਂ ਕਹਾਂ ਕੁਛ ਬਾਤਿ ਨ ਕਹਿਬੇ।
ਮੁਝ ਤਜਿ ਚਢਯੋਂ ਤੁਰਤਿ ਭਾ ਦਹਿਬੇ[4]।
ਅਪਰ ਅਨੇਕ ਦੀਵਨਾ ਲਹਿ ਲਹਿ।
ਸਮੁਝਾਵਤਿ ਬਹੁ ਭਾਂਤਿਨਿ ਕਹਿ ਕਹਿ ॥੪੩॥
ਤਿਨ ਸੰਗਨਿ ਕੋ ਗਨ ਧਨ ਦੀਨੋ।

---
[1]ਸਾੜ ਕੇ।
[2]ਵੈਰ [ਫਾ: ਕੀਨਹ] (ਅ) ਕੀਤਾ।
[3]ਢਕ ਕੇ ਸਵਾਹ ਨਾਲ।
[4]ਸੜ ਗਿਆ।

ਨੀਠਿ ਨੀਠਿ ਪਰਚਾਵਨਿ ਕੀਨੋ।
ਅਪਰ ਦੁਸ਼ਾਲੇ ਬਸਤ੍ਰ ਅਛੇਰੇ।
ਬਾਜੀ ਚਪਲ ਜੁ ਮੋਲ ਬਡੇਰੇ ॥੪੪॥
ਦਰਬ ਸਮੇਤ ਬਿਨੈ ਬਹੁ ਕੀਨਿ।
ਸੁਲਹੀ ਸੁਤ ਕੋ ਪ੍ਰਿਥੀਏ ਦੀਨਿ।
ਕੋ ਦਿਨ ਰਹਿ ਕਰਿ ਦਿੱਲੀ ਗਯੋ।
ਜਹਾਂਗੀਰ ਕੇ ਢਿਗ ਕਹਿ ਦਿਯੋ ॥੪੫॥
'ਜਰਯੋ ਅਚਾਨਕ ਆਵੇ ਜਾਇ।
ਹੋਨਿਹਾਰ ਨਹਿਂ ਮਿਟਹਿ ਕਦਾਇ।'
ਪ੍ਰਿਥੀਆ ਰਹਯੋ ਬਿਸੂਰਤਿ ਭਾਰੋ।
ਸ੍ਰੀ ਅਰਜਨ ਸ੍ਰਾਪਯੋ ਤਨ ਜਾਰੋ ॥੪੬॥
ਕੈਸੇ ਬਚਹਿ ਜੁ ਦੋਖੀ ਗੁਰੁ ਕੋ।
ਕੌਨ ਬਚਾਇ, ਹਤਯੋ ਸੋ ਧੁਰ ਕੋ[1]।
ਸ੍ਰਾਪ ਦਿਯੋ[*] ਗੁਰੁ ਸਬਦ ਬਨਾਇ।
ਸੋ ਮੈਂ ਲਿਖਯੋ ਬਨਹਿ ਇਸ ਥਾਇਂ ॥੪੭॥

ਸ੍ਰੀ ਮੁਖਵਾਕ:
ਬਿਲਾਵਲੁ ਮਹਲਾ ੫ ॥
ਸੁਲਹੀ ਤੇ ਨਾਰਾਇਣ ਰਾਖੁ ॥
ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ ॥੧॥ ਰਹਾਉ ॥
ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ ॥
ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ ॥੧॥
ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ ॥
ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ ॥੨॥੧੮॥੧੦੪॥

ਦੋਹਰਾ: ਸ੍ਰੀ ਅਰਜਨ ਕੋ ਬੁਰਾ ਨਿਤ; ਚਿਤਵਤਿ[2], ਚਿਤਵਤਿ ਮੀਚ[3]।
ਬਸ ਨ ਬਸਾਯਹੁ ਮੂਢ ਕੇ, ਪਰਯੋ ਸੁ ਦੋਜਕ ਬੀਚ[+] ॥੪੮॥
ਚੌਪਈ: ਗੁਰ ਦੋਖੀ ਕੀ ਦੁਰਗਤਿ ਹੋਇ।

---

[1]ਧੁਰ ਦੇ ਮਾਰੇ ਹੋਏ ਨੂੰ।
[*]ਜਾਪਦਾ ਹੈ ਕਿ ਸੰਗਤ ਦੇ ਬਹੁਤ ਘਬਰਾ ਤੋਂ ਸਤਿਗੁਰਾਂ ਨੇ ਅਗੰਮ ਵਾਚਕੇ ਪਹਿਲੋਂ ਹੀ ਸਹਜ ਸੁਭਾਵ ਦਸ ਦਿੱਤਾ ਸੀ ਕਿ ਸੁਲਹੀ ਦੀ ਮੌਤ ਆਈ ਹੈ ਏਥੇ ਨਹੀਂ ਅੱਪੜੇਗਾ। ਜਦ ਮਰੇ ਦੀ ਖਬਰ ਆਈ ਤਾਂ ਇਹ ਸ਼ਬਦ ਉਚਾਰਿਆ, ਜਿਸ ਵਿਚ ਸਾਈਂ ਦਾ ਸ਼ੁਕ੍ਰੀਆ ਹੈ, ਤੇ ਸੁਲਹੀ ਦੀ ਮ੍ਰਿਤੂ ਦਾ ਹਾਲ ਹੈ। ਇਹ ਸ੍ਰਾਪ ਨਹੀਂ, ਜੈਸੇ ਕਵੀ ਜੀ ਆਪ ੫੦ ਅੰਕ ਵਿਚ ਉਪਰ ਦਸਦੇ ਹਨ, 'ਖਿਮਾ ਨਿਧਾਨ ਗੁਰੁ ਨਹਿਂ ਰਿਸੇ।' ਆਪ ਪ੍ਰਮੇਸ਼ੁਰ ਨਾਸਹਿ ਤਿਸੈ।
[2]ਵਿਚਾਰਦਾ ਸੀ।
[3](ਪਰ ਉਸਨੂੰ) ਮੌਤ ਤੱਕ ਰਹੀ ਸੀ।
[+]ਮੁਸਲਮਾਨਾਂ ਵਿਚ ਸੜਨ ਦੀ ਮੌਤ ਨਾਪਾਕ ਮੌਤ ਹੈ। ਹਿੰਦੂਆਂ ਵਿਚ ਬੀ ਅਪਗਤ ਗਿਣਦੇ ਹਨ।

ਹਿੰਦੂ ਕਿਧੌਂ ਤੁਰਕ ਹ੍ਵੈ ਕੋਇ।
ਇੰਦ੍ਰ ਆਦਿ ਗੁਰੁ ਦੋਖ ਨ ਤਿਸ਼ਟੈ[1]।
ਦੁਖ ਸਜਾਇ ਲਹਿ ਪਦ ਤੇ ਭ੍ਰਿਸ਼ਟੈ ॥੪੯॥
ਖਿਮਾ ਨਿਧਾਨ ਗੁਰੂ ਨਹਿਂ ਰਿਸੈ।
ਆਪਿ ਪ੍ਰਮੇਸ਼ੁਰ ਨਾਸਹਿ ਤਿਸੈ।
ਹੁਇ ਦਰਗਾਹ ਬਿਖੈ ਮੁਖ ਕਾਰਾ।
ਮਰਿ ਕੁਮੌਤ ਪਰਿ ਨਰਕ ਮਝਾਰਾ ॥੫੦॥
ਸਭਿ ਪੁੰਨਨਿ ਕੋ ਹੋਇ ਬਿਨਾਸ਼ੀ।
ਜਨਮਹਿਂ ਮਰਹਿ ਪਰਹਿ ਜਮ ਫਾਸੀ।
ਇਮ ਸੁਲਹੀ ਗੁਰ ਦੋਖੀ ਮਰਜੋ।
ਘੋਰ ਨਰਕ ਮਹਿਂ ਤਤਛਿਨ ਪਰਜੋ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਹੀ ਨਸ਼ਟ' ਪ੍ਰਸੰਗ ਬਰਨਨੰ ਨਾਮੁ ਅਸ਼ਟ ਦਸਮੋਂ ਅੰਸੂ ॥੧੮॥

---

[1]ਇੰਦ੍ਰ ਆਦੀ ਵੀ ਗੁਰੂ ਜੀ ਦਾ ਦੋਖ (ਕਰਕੇ) ਇਸਥਤ ਨਹੀਂ ਰਹਿੰਦਾ।

੧੯. [ਚੰਦੂ ਦੀ ਪ੍ਰਿਥੀਏ ਨੂੰ ਚਿੱਠੀ]

੧੮<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੦

ਦੋਹਰਾ: ਪਹੁੰਚੀ ਕੇਤਿਕ ਦਜੋਸ ਮਹਿਂ,
ਸੁਧਿ ਸਤਿਗੁਰੁ ਕੇ ਪਾਸਿ।
ਮਿਲਿ ਸੰਗਤਿ ਉਤਸਵ ਕੀਯੋ,
ਦੁਸ਼ਟ ਮਹਾਂ ਲਖਿਨਾਸ਼ ॥੧॥
ਚੌਪਈ: ਪੰਚਾਂਮ੍ਰਿਤ ਕਰਿਵਾਇ ਘਨੇਰਾ।
ਸਤਿਗੁਰ ਕੋ ਜਸ ਕਰਹਿਂ ਉਚੇਰਾ।
ਬਾਰਿ ਬਾਰਿ ਸੋ ਸ਼ਬਦ ਪਠੰਤਿ।
ਜਿਸ ਤੇ ਸੁਲਹੀ ਮਰਜੋ ਦੁਖੰਤਿ ॥੨॥
ਧੀਰਜ ਧਾਰਿ ਭਰੋਸਾ ਕਰਿਹੀ।
ਲਘੁ ਬਿਸਾਲ ਕਹਿ ਸ਼੍ਰੀਗੁਰੁ ਪੁਰਿਹੀ[1]।
'ਬਡੋ ਦੁਸ਼ਟ ਕੋ ਭਯੋ ਬਿਨਾਸ਼ਿ।
ਹੁਇ ਨਿਚਿੰਤ ਭੋਗਹੁ ਸੁਖ ਰਾਸਿ ॥੩॥
ਧੰਨ ਧੰਨ ਸ਼੍ਰੀ ਅਰਜਨ ਗੁਰੂ।
ਬਾਕ ਸਿੰਘ ਜਿਨ ਕੇ ਰਿਪੁ ਰੁਰੂ[2]।
ਬ੍ਰਹਮ ਅਸਤ੍ਰ ਸਮ ਜਥਾ ਕਹੰਤੇ[3]।
ਕੋਟਿ ਜਤਨ ਤੇ ਬਚਹਿ ਨ, ਹੰਤੇ' ॥੪॥
ਜਬਿ ਤੇ ਸੁਲਹੀ ਜਰ ਮਰਿ ਗਯੋ।
ਚਿੰਤੋਦਿਧ ਮਹਿਂ ਪ੍ਰਿਥੀਆ ਭਯੋ।
ਗਟੀ ਅਨੇਕ ਉਤਾਰ ਚਢਾਵਹਿ।
ਨਿਸ ਬਾਸੁਰ ਝੂਰਤਿ ਦੁਖ ਪਾਵਹਿ ॥੫॥
-ਹੁਤੋ ਅਲੰਬ ਸੈਲ ਸਮ[4] ਮੋਰਾ।
ਭਾਵੀ ਬੱਜ੍ਰ[5] ਅਚਾਨਕ ਫੋਰਾ।
ਜਿਸ ਨੇ ਮੇਰੋ ਮਾਨ ਬਧਾਯੋ।
ਗ੍ਰਾਮ ਸ਼ਾਹੁ ਤੇ ਕਹਿ ਦਿਲਵਾਯੋ ॥੬॥
ਸਦਾ ਚਹਤਿ ਰਹਿ ਕਰਿਬੇ ਆਛੋ[6]।

---

[1]ਸ੍ਰੀ ਅੰਮ੍ਰਿਤਸਰ ਦਾ ਛੋਟਾ ਬੜਾ ਕਹਿੰਦਾ ਹੈ।
[2]ਜਿਨ੍ਹਾਂ ਦੇ ਬਚਨ ਸ਼ੇਰ ਰੂਪ ਹਨ ਸ਼ੱਤ੍ਰੂ ਰੂਪ ਮ੍ਰਿਗਾਂ ਲਈ।
[3]ਜਿਵੇਂ ਬ੍ਰਹਮ ਅਸਤ੍ਰ ਹੋਵੇ ਉਸਦੇ ਸਮਾਨ ਬਚਨ ਕਹਿੰਦੇ ਹਨ।
[4]ਪਹਾੜ ਜੇਡਾ।
[5]ਭਾਈ ਰੂਪ ਬੱਜਰ ਨੇ।
[6]ਭਲਾ ਕਰਨਾ ਚਾਹੁੰਦਾ ਰਹਿੰਦਾ ਸੀ।

ਮੈਂ ਤਿਸ ਤੇ ਨਿਤ ਨਿਜ ਹਿਤ ਬਾਂਛੋ[1]।
ਜਿਸ ਅਲੰਬ ਹੌਂ ਸਦਾ ਸੁਖਾਰੋ।
ਕਰਤਿ ਪ੍ਰਤੀਖਨ ਅਨੁਜ ਸੰਘਾਰੋ ॥੭॥
ਸ਼ਾਹੁ ਸਭਾ ਸਭਿ ਅਪਨੀ ਜਾਨਤਿ।
ਇਸ ਬੈਠੇ ਪਿਖਿ ਬੁਰਾ ਨ ਠਾਨਤਿ[2]।
ਸ਼ੱਤ੍ਰੂ ਕੇ ਘਰ ਸ਼ਾਦੀ ਹੋਵੈ।
ਮੁਝ ਤੇ ਅਬਹਿ ਤ੍ਰਾਸ ਕੋ ਖੋਵੈ ॥੮॥
ਅਪਨੀ ਅਜ਼ਮਤਿ ਨਰਨ ਜਨਾਵੈ।
ਕਹਿ ਕਹਿ ਸੰਗਤਿ ਤੇ ਪੁਜਵਾਵੈ।
ਤਿਸ ਕੋ ਸੁਤ ਲੇ ਗੁਰੁਤਾ ਗਾਦੀ।
ਮਨ ਭਾਵਤਿ ਲਖਿ ਠਾਨਹਿ ਸ਼ਾਦੀ ॥੯॥
ਮਿਹਰਵਾਨ ਮਮ ਸੁਤ ਕਯਾ ਕਰੈ।
ਹੇਰਿ ਸ਼ਰੀਕਨਿ ਕੋ ਦੁਖ ਭਰੈ।
ਬਿਪਦਾ ਪਰੀ ਆਨਿ ਕਰਿ ਮੋਹੀ।
ਅਬਿ ਮਮ ਕੌਨ ਆਸਰੋ ਹੋਹੀ ॥੧੦॥
ਨਹੀਂ ਸ਼ਰੀਰਨਿ ਕੋ ਬਿੱਸ੍ਰਾਸ।
ਸੁਲਹੀ ਸਮ ਛਿਨ ਮਹਿਂ ਹੁਇ ਨਾਸ਼।
ਮੁਝ ਪਾਛੇ ਸੁਤ ਕੋਇ ਇਕੇਲਾ।
ਕਿਸ ਕੇ ਰਹੈ ਅਲੰਬ ਸੁਹੇਲਾ ॥੧੧॥
ਅਪਰ ਉਪਾਇ ਬਨਤਿ ਨਹਿਂ ਕੋਈ।
ਇਕ ਚੰਦੂ ਅਰਜਨ ਰਿਪੁ ਹੋਈ।
ਤਿਸ ਦਿਵਾਨ ਸੋਂ ਕੌਨ ਮਿਲਾਵੈ।
ਕਹਿ ਗੁਰ[3], ਮੇਰੋ ਸੁਜਸੁ ਸੁਨਾਵੈ ॥੧੨॥
ਜਿਸ ਤੇ ਅਦਬ ਸਾਥ ਮੁਹਿ ਮਿਲੇ।
ਕਰੌਂ ਚਿਨਾਰੀ ਦਿੱਲੀ ਚਲੇ।
ਤਿਸ ਕੋ ਲੇ ਅਲੰਬ ਮੈ ਰਹੋਂ।
ਅਨੁਜ ਸੰਘਾਰਨਿ ਕੀ ਬਿਧਿ ਕਹੋਂ- ॥੧੩॥
ਇੱਤਯਾਦਿਕ ਨਿਤ ਗਟੀ ਗਿਨੰਤਾ।
ਸਿਮਰਿ ਸਿਮਰਿ ਸੁਲਹੀ ਪਛੁਤੰਤਾ।

---

[1] ਆਪਣਾ ਲਾਭ ਚਾਹੁੰਦਾ ਸਾਂ।
[2] ਇਸਨੂੰ ਬੈਠਾ ਵੇਖਿ ਮੇਰਾ ਕੋਈ ਬੁਰਾ ਨਹੀਂ ਸੀ ਕਰ ਸਕਦਾ।
[3] (ਮੈਨੂੰ) ਗੁਰੂ ਕਹਿਕੇ।

-ਅਬਿ ਗਮਨਤਿ ਹੀ ਰਿਪੁ ਗਹਿ ਲੇਤੋ।
ਕਰਿ ਕੈ ਕੈਦ ਮਾਰਿ ਪੁਨ ਦੇਤੋ ॥੧੪॥
ਸੋ ਨਹਿਂ ਭਯੋ ਆਪ ਮਰਿ ਗਯੋ।
ਭਾਵੀ ਆਇ ਅਚਾਨਕ ਹਯੋ[1]-।
ਉਤ ਚੰਦੂ ਦੁਖੀਆ ਪਛੁਤਾਵੈ।
ਦੇਖਹਿ ਸੁਤਾ ਬਦਨ ਮੁਰਝਾਵੈ ॥੧੫॥
ਇਤਨੇ ਮਹਿਂ ਸੁਧਿ ਕਿਸੇ ਸੁਨਾਈ।
'ਹਰਿ ਗੁਵਿੰਦ ਲਿਯ ਬਜਾਹ ਕਿ ਥਾਂਈ।
ਦਰਬ ਬ੍ਰਿੰਦ ਖਰਚਜੋ ਤਿਹ ਸਮੇ।
ਚਹੁਂ ਦਿਸ਼ਿ ਕੇ ਨਰ ਅਨਗਨ ਨਮੈ[2]' ॥੧੬॥
ਸੁਨਤਿ ਮਨੋ ਕਿਨ ਬਰਛੀ ਮਾਰੀ।
ਮੁਖ ਅਛਾਦ ਪੌਢਜੋ ਤਿਸ ਬਾਰੀ।
ਚਿਤਵਤਿ -ਤਨਿਯਾ ਰਹੀ ਕੁਮਾਰੀ।
ਜਾਤਿ ਬਿਖੈ ਪਤਿ ਗਈ ਹਮਾਰੀ ॥੧੭॥
ਨਾਤਾ ਹਟਜੋ ਨ ਲੈਹੈ ਕੋਈ*।
ਮੁਸ਼ਕਲ ਆਨਿ ਮੋਹਿ ਕਹੁ ਹੋਈ।
ਤਨੀਆ ਦੁਖ ਦੇਖਨਿ ਤੇ ਆਛੋ।
ਪ੍ਰਾਨ ਹਾਨ ਅਪਨੇ ਕੋ ਬਾਂਛੋਂ ॥੧੮॥
ਧਿਕ ਜੀਵਨ ਮੇਰੋ ਜਗ ਮਾਂਹੀ।
ਜਿਸ ਤਨੀਆ ਪਤਿ ਪ੍ਰਾਪਤਿ ਨਾਂਹੀ।
ਨਾਤਾ ਫੇਰਜੋ ਰਹਜੋ ਸੁਖਾਰੋ।
ਸੋ ਮੁਝ ਤੇ ਨਹਿਂ ਗਯੋ ਸੰਘਾਰੋ ॥੧੯॥
ਸ਼ਾਹੁ ਦਿਵਾਨ ਹੁਕਮ ਮਮ ਚਲੈ।
ਲੋਕ ਹਜ਼ਾਰੋਂ ਮੋ ਕਹੁ ਮਿਲੈਂ।
ਜਿਸ ਨੇ ਤ੍ਰਾਸ ਤਨਕ ਨਹੀਂ ਮਾਨਾ।
ਮੈ ਨ ਤਿਦਾਰਕ ਤਿਸ ਸੋਂ ਠਾਨਾ[3] ॥੨੦॥
ਪ੍ਰਿਥੀਆ ਭ੍ਰਾਤ ਬਡੇਰੋ ਅਹੈ।
ਕੋਠੇ ਗ੍ਰਾਮ ਸੁਨਜੋ ਸੋ ਰਹੈ।

---

[1]ਨਾਸ਼ ਕੀਤਾ।
[2]ਨਮਸਕਾਰ ਕਰਦੇ ਹਨ।
*ਇਹ ਗੱਲ ਕੁਛ ਵਾਧੂ ਜੇਹੀ ਹੈ। ਮੰਗਾਂ ਛੁਟੀਆਂ ਹੋਰਥੇ ਮੰਗ ਹੋ ਜਾਂਦੀਆਂ ਹਨ।
[3]ਤਿਸਦਾ ਪ੍ਰਬੰਧ ਨਾ ਕੀਤਾ, [ਅ: ਤਦਾਰਕ]

ਲਿਖ੍ਯੋ ਪਟਾ ਮੈਂ, ਦੀਨੋ ਜਬੈ[1]।
ਤਿਸ ਕੋ ਤ੍ਰਾਸਦ ਲਿਖਿ ਹੌਂ ਅਬੈਂ[2] ॥੨੧॥
ਅਨੁਜ ਆਪਨੇ ਕੋ ਸਮੁਝਾਵੈ।
ਨਾਂਹਿ ਤ ਕੋਠਾ ਗ੍ਰਾਮ ਛਿਨਾਵੈ[3]।
ਦੇਉਂ ਬਿਗਾਰ ਕਾਰ ਮੈਂ ਸਾਰੋ।
ਸਹਤ ਕੁਟੰਬ ਗਹੌਂ ਦੁਖ ਭਾਰੋ[4] ॥੨੨॥
ਨਿਰਭੈ ਕੀਨਿ ਅਨਾਦਰ ਮੋਰਾ।
ਕਹਿ ਸ ਕਠੋਰ ਬਿੱਪ੍ਰ ਕੋ ਮੋਰਾ-।
ਲਿਖੀ ਪੱਤ੍ਰਿਕਾ ਅਪਨੋ ਜੋਰਾ।
'ਅਬਿ ਲਗਿ ਕਹੌਂ ਹਾਥ ਮੈ ਜੋਰਾ[5] ॥੨੩॥
ਨਾਤਾ ਮੋਰ ਸੁਤਾ ਨਹਿਂ ਮੋਰਿ[6]।
ਯਾਂ ਤੇ ਕਹੌਂ ਨਿਹੋਰ ਨਿਹੋਰ[7]।
ਅਬਿ ਲਗਿ ਮੈਂ ਕੁਛ ਨਹਿਂ ਨ ਬਿਗਾਰਾ।
ਹੋਵੈ ਗੋ ਸਨਬੰਧ ਬਿਚਾਰਾ[8]' ॥੨੪॥
ਇੱਤ੍ਯਾਦਿਕ ਲਿਖਿ ਕਰਿ ਪਠਿ ਪਾਤੀ।
ਨਿਸ ਦਿਨ ਦੁਖ ਤੇ ਸੁਲਗਤਿ ਛਾਤੀ।
ਚਲਿ ਦਿੱਲੀ ਤੇ ਤਬਿ ਹਲਕਾਰਾ।
ਆਯਹੁ ਕੋਠੇ ਗਰਾਮ ਮਝਾਰਾ ॥੨੫॥
ਪ੍ਰਿਥੀਆ ਬੈਠ੍ਯੋ ਜਾਇ ਨਿਹਾਰ੍ਯੋ।
ਹੁਤੋ ਪੱਤ੍ਰ ਤਿਸ ਆਗੇ ਡਾਰ੍ਯੋ।
ਪਠਿ ਕੈ ਹਰਖ ਕਸ਼ਟ ਜੁਗ ਧਾਰੇ।
ਪੁਨਹਿ ਬਾਕ ਭਾਖੇ ਹਲਕਾਰੇ ॥੨੬॥
'ਤੁਮ ਕਿਮ ਬੈਠਿ ਰਹੈ ਸੁਖ ਮਾਨੇ?
ਸ਼ਾਹੁ ਦਿਵਾਨ ਬੈਰਿ ਕੋ ਠਾਨੇ।
ਨਹਿਂ ਅਪਨੋ ਤੁਮ ਜੀਵਨਿ ਚਾਹਾ।

---

[1]ਜਦ (ਪਾਤਸ਼ਾਹ ਨੇ ਗ੍ਰਾਮ) ਦਿੱਤਾ ਸੀ।
[2]ਭਾਵ ਪ੍ਰਿਥੀਏ ਨੂੰ ਭੈ ਦੇ ਕੇ ਹੁਣ ਲਿਖਦਾ ਹਾਂ।
[3]ਖੁਹਾ ਲਵੇਗਾ।
[4]ਭਾਰੀ ਦੁੱਖ (ਦੇਕੇ)।
[5]ਜੋੜਕੇ।
[6]ਮੇਰੀ ਪੁੱਤ੍ਰੀ ਦਾ ਸਾਕ ਨਾ ਮੋੜੋ।
[7]ਬੇਨਤੀ ਕਰਕੇ।
[8](ਇਹ ਮੈਂ) ਵਿਚਾਰਿਆ ਹੈ।

ਜਿਸ ਕੋ ਹੁਕਮ ਦੇਸ਼ ਕੇ ਮਾਹਾਂ ॥੨੭॥
ਸੁਪਤੋ ਕਿਮ ਨਿਚਿੰਤ ਹਠਿ ਕਰਿ ਕੈ।
ਝੋਰੀ ਮਹਿਂ ਬਿਖਧਰ[1] ਕੋ ਧਰਿ ਕੈ।
ਅਬਿ ਲਗਿ ਲਖੈ ਸਬੰਧ ਬਨੈ ਹੈ।
ਨਤੁ ਪਤਿਸ਼ਾਹੁ ਸੁਨਾਇ ਗਹੈ ਹੈ[2] ॥੨੮॥
ਕਿਸ ਕੇ ਬਲ ਅਲੰਬ ਕੋ ਲੀਏ।
ਬੈਠੇ ਬਿਨਾ ਤ੍ਰਾਸ ਕਰਿ ਹੀਏ[3]।'
ਸੁਨਿ ਪ੍ਰਿਥੀਏ ਡਰੁ ਕੀਨਿ ਘਨੇਰਾ।
-ਬਿਗਰ ਨ ਜਾਇ ਅਨੁਜ ਸੰਗ ਮੇਰਾ[4] ॥੨੯॥
ਮੈਂ ਅਤਿ ਬੁਰਾ ਕੀਨਿ ਬਿਲਮਾਯੋ।
ਅਪਨਿ ਦ੍ਵੈਸ਼ ਕੋ ਨਹੀਂ ਲਖਾਯੋ।
ਭ੍ਰਾਤਾ ਜਾਨਿ ਗਹੈ ਜਬਿ ਆਈ।
ਪਤਿ ਬਿਗਰੇ ਕਜਾ ਬਨਹਿ ਉਪਾਈ ॥੩੦॥
ਚੰਦੂ ਸੰਗ ਬੈਰ ਤਿਸ ਕੇਰਾ[5]।
ਇਸ ਮਹਿਂ ਭਲਾ ਭਯੋ ਅਤਿ ਮੇਰਾ।
ਤਊ ਜਨਾਏ ਬਿਨ ਨਿਜ ਦ੍ਵੈਖ।
ਮੋ ਕਹੁ ਬੁਰਾ ਬਨਹਿ ਸੁ ਵਿਸ਼ੇਖ- ॥੩੧॥
ਇਮ ਬਿਚਾਰ ਚਾਰ[6] ਜੁ ਸਨਮਾਨਾ।
ਦੀਨ[7] ਬਾਕ ਤਿਹ ਸਾਥ ਬਖਾਨਾ।
'ਜਿਨ ਚੰਦੂ ਕੇ ਸੰਗ ਬਿਗਾਰੀ।
ਸੋ ਤੋ ਮੋਰ ਸ਼ੱਤ੍ਰੂ ਹੈ ਭਾਰੀ ॥੩੨॥
ਜੇ ਤਿਹ ਸੰਗ ਕਰਨਿ ਕੁਛ ਚਾਹੋ।
ਬਨੌਂ ਸਹਾਇਕ ਸਦਾ ਉਮਾਹੋ।
ਮੋ ਕਹੁ ਇਸ਼ਟ[8] ਹਤਨਿ ਤਿਸ ਕੇਰਾ।
ਇਸ ਬਿਧਿ ਦੇਹੁ ਸੰਦੇਸਾ ਮੋਰਾ ॥੩੩॥

---

[1]ਸਰਪ।
[2]ਫੜਾ ਦੇਵੇਗਾ।
[3]ਹਿਰਦੇ ਵਿੱਚ।
[4]ਛੋਟੇ ਭਾਈ ਪਿੱਛੋਂ ਮੇਰੇ ਨਾਲ ਬੀ ਨਾ ਵਿਗੜ ਜਾਵੇ (ਚੰਦੂ)।
[5]ਚੰਦੂ ਦਾ ਤਿਸ (ਗੁਰੂ ਅਰਜਨ ਜੀ) ਨਾਲ ਵੈਰ ਹੈ।
[6]ਹਲਕਾਰੇ ਨੂੰ।
[7]ਨਿੰਮ੍ਰਤਾ ਦੇ।
[8]ਇਸ਼ਟ = ਵਾਂਛਤ, ਭਾਵ ਮੇਰੇ ਮਨ ਦੀ ਮੁਰਾਦ ਹੈ।

ਜਿਸ ਦਿਨ ਗਹਹੁ ਕਿ ਮਾਰਉ ਤਾਂਹਿ।
ਉਤਸਵ ਕਰੌਂ ਅਪਨਿ ਘਰ ਮਾਂਹਿ।
ਮੈਂ ਚਾਹਤਿ ਹੌਂ ਨਿਤਪ੍ਰਤਿ ਮਾਰਾ।
ਨਹੀਂ ਪਰੰਤੁ ਚਲਹਿ ਮਮ ਚਾਰਾ ॥੩੪॥
ਮੈਂ ਪਿਤ ਕੋ ਸੁਤ ਅਹੌਂ ਬਡੇਰਾ।
ਸਭਿ ਤੇ ਲਘੁ ਸੋ ਲਖਹੁ ਖੁਟੇਰਾ।
ਬਲ ਛਲ ਕਰਿ ਸਭਿ ਵਸਤੁ ਸੰਭਾਰੀ।
ਬਨਿ ਬੈਠ੍ਯੋ ਆਪੇ ਅਧਿਕਾਰੀ ॥੩੫॥
ਚਹੁਂ ਦਿਸ਼ ਕੇ ਨਰ ਦਰਬ ਚਢਾਵੈਂ।
ਭਯੋ ਧਨੀ ਬਹੁ, ਉਰ ਗਰਬਾਵੈ।
ਛੀਨ ਲੀਨਿ ਮੇਰੋ ਅਧਿਕਾਰਾ।
ਪਿਤ ਪੁਰਿ ਤੇ ਕਹਿ ਵਹਿਰ ਨਿਕਾਰਾ ॥੩੬॥
ਤੁਮ ਸਮ ਨੇ ਮੁਹਿ ਸ਼ਾਹੁ ਮਿਲਾਵਾ।
ਏਕ ਗ੍ਰਾਮ ਤਬਿ ਤਿਸ ਤੇ ਪਾਵਾ।
ਸਾਥ ਗਰੀਬੀ ਕਰੌਂ ਗੁਜ਼ਾਰਾ।
ਲਖਿ ਮੁਝ ਅਪਨੋ ਕੀਜਹਿ ਪਜਾਰਾ ॥੩੭॥
ਹਮ ਤੋ ਤੁਮਰੇ ਨਿਤ ਅਨੁਸਾਰੇ।
ਤਿਹ ਭ੍ਰਾਤਾ ਲਖਿ ਦਿਹੁ ਨ ਬਿਗਾਰੇ[1]।
ਮਿਹਰਵਾਨਗੀ ਹਮ ਪਰ ਕਰੀਏ।
ਨਿਜ ਸ਼ੱਤ੍ਰੂ ਕੋ ਪਕਰਿ ਸੰਘਰੀਏ' ॥੩੮॥
ਇੱਤਜਾਦਿਕ ਲਿਖਿ ਕੈ, ਹਲਕਾਰੇ।
ਕੁਛੁਕ ਦਰਬ ਦੇ ਆਦਰ ਧਾਰੇ।
ਖਾਨ ਪਾਨ ਆਛੇ ਕਰਿਵਾਇ।
ਗੁਰੂ ਦ੍ਵੈਸ਼ ਕੋ ਬਹੁ ਸਮਝਾਇ ॥੩੯॥
ਚਾਰ[2] ਬਿਸਰਜਨ ਕਰ੍ਯੋ ਅਨੰਦੇ।
ਜਾਨ੍ਯੋ -ਅਬਿ ਹ੍ਵੈ ਕਾਜ ਬਿਲੰਦੇ।
ਜਥਾ ਅਚਾਨਕ ਸੁਲਹੀ ਮਰ੍ਯੋ।
ਤਥਾ ਕਾਜ ਮਮ ਗੁਰੂ ਸੁਧਰ੍ਯੋ- ॥੪੦॥
ਹਰਖ ਕਰਤਿ ਚਿਤਵਤਿ ਨਿਤ ਐਸੇ।
-ਚੰਦੂ ਬਿਗਰਿ ਗਹੈ ਗੁਰ ਜੈਸੇ-।
ਦਿੱਲੀ ਬਰ੍ਯੋ ਜਾਇ ਹਲਕਾਰਾ।

---

[1]ਭਾਵ, ਉਸਦਾ ਭਿਰਾ ਸਮਝਕੇ ਮੇਰਾ ਨੁਕਸਾਨ ਨਾ ਕਰਨਾ।

ਪਾਤੀ ਦੇਤਿ ਬ੍ਰਿਤਾਂਤ ਉਚਾਰਾ ॥੪੧॥
'ਅਨੁਜ ਸਾਥ ਸੋ ਬੈਰ ਧਰੰਤਾ।
ਪ੍ਰਾਨ ਹਾਨ ਲੌ ਜਤਨ ਕਰੰਤਾ।
ਸੁਲਹੀ ਤੇ ਚਾਹਤਿ ਗਹਿਵਾਯੋ।
ਸੋ ਮਰਿ ਕਰਿ ਜਮ ਧਾਮ ਸਿਧਾਯੋ ॥੪੨॥
ਅਬਿ ਬਾਂਛਤਿ ਉਰ, ਹਤਹਿ ਦਿਵਾਨ।
ਮੋ ਸਮੀਪ ਬਹੁ ਬਾਰ ਬਖਾਨ।
ਮੇਲਿ ਚਹਤਿ ਹੈ ਰਾਵਰਿ ਸੰਗ।
ਕਰਹਿ ਜਤਨ ਗਹਿਬੇ ਗੁਰ ਅੰਗ[1] ॥੪੩॥
ਆਪ ਹਕਾਰੋ ਤੂਰਨ ਆਵੈ।
ਅਨਿਕ ਭਾਂਤਿ ਕੀ ਘਾਤ ਬਤਾਵੈ।
ਤੁਮ ਕੋ ਹੁਇ ਸੁਖੈਨ ਗਹਿ ਲੇਨੋ।
ਚਹਹੁ ਸਜਾਇ ਕਰਹੁ ਤਬਿ ਦੇਨੋ ॥੪੪॥
ਕੈ ਕੰਨਜਾਂ ਕੋ ਲੇਹੈ ਨਾਤਾ।
ਕੈ ਮਾਨਹਿ ਨਿਜ ਪ੍ਰਾਨਨਿ ਘਾਤਾ।
ਕਰਹੁ ਜਤਨ ਰਹਿ ਆਵਹਿ ਲਾਜਾ।
ਸੁਧਰਹਿ ਨੀਕੇ ਬਿਗਰਯੋ ਕਾਜਾ' ॥੪੫॥
ਸੁਨਿ ਕਰਿ ਚੰਦੂ ਹਰਖਤਿ ਹੋਵਾ।
-ਲੇਉਂ ਬੈਰ ਸਹਿਜੇ- ਤਬਿ ਜੋਵਾ।
-ਜੇ ਰਿਪੁ ਘਰ ਮਹਿਂ ਭੇਦ[2] ਪਰੰਤਾ।
ਤੌ ਸੁਖੇਨ ਹੀ ਕਾਜ ਬਨੰਤਾ ॥੪੬॥
ਜਥਾ ਅੱਸ਼੍ਰੁ ਨਿਕਸਹਿਂ ਚਖਦ੍ਵਾਰੇ[3*]।
ਅੰਤਰ ਦੁਖ ਲਖਿਯਤਿ ਬਿਧਿ ਸਾਰੇ।
ਤਯੋਂ ਰਿਪੁ ਕੋ ਸਭਿ ਭੇਦ ਬਤਾਵੈ।
ਭ੍ਰਾਤਾ ਫਟਿ ਕਰਿ ਜੇ ਮਿਲਿ ਜਾਵੈ[4] ॥੪੭॥
ਕਹਿਨ ਸ਼ਾਹੁ ਸੋਂ ਬਨੈ ਬਹਾਨੋ।
ਭ੍ਰਾਤ ਪੁਕਾਰੂ[5] ਦੁਖੀ ਮਹਾਨੋ।

---

[1]ਗੁਰੂ ਜੀ ਦਾ ਸਰੀਰ।
[2]ਫੁੱਟ, ਨਫਾਕ।
[3]ਜਿਵੇਂ ਅੱਖਾਂ ਰਸਤੇ ਅਥਰੂ (ਬਾਹਰ) ਨਿਕਲਣ (ਤਾਂ ਦਿਲ ਦਾ ਸਾਰਾ ਦੁਖ ਲਖ ਲਈਦਾ ਹੈ)।
[*]ਕਵਿ ਜੀ ਦੀ ਆਲਾ ਦਿਮਾਗ਼ੀ ਦਾ ਇਕ ਨਮੂਨਾ ਹੈ।
[4]ਭਾਈ ਜੇ (ਗੁਰੂ ਅਰਜਨ ਨਾਲੋਂ) ਫਟ ਕਰਕੇ (ਸਾਡੇ ਨਾਲ) ਮਿਲ ਜਾਵੇ।
[5]ਫਰਿਆਦੀ ਹੈ।

ਯਾਂ ਤੇ ਅਬਿ ਬੁਲਾਇ ਕਰਿ ਤੂਰਨ।
ਕਰੋਂ ਮਨੋਰਥ ਅਪਨੋ ਪੂਰਨ- ॥੪੮॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪ੍ਰਿਥੀਏ ਸੋਂ ਚੰਦੂ' ਪ੍ਰਸੰਗ ਬਰਨਨੰ ਨਾਮ ਊਨ ਬਿੰਸਤੀ ਅੰਸੂ ॥੧੯॥

੨੦. [ਚੰਦੂ ਨਾਲ ਪ੍ਰਿਥੀਏ ਦਾ ਮੇਲ]

੧੯<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੧

ਦੋਹਰਾ: ਲਿਖੀ ਪੱਤ੍ਰਿਕਾ ਤਬਿ ਭਲੇ, ਅਪਨਿ ਜਨਾਯਹੁ ਪਜਾਰ।
'ਆਵਹੁ ਮੋਹਿ ਸਮੀਪ ਅਬਿ, ਦ੍ਵੈਸ਼ ਜਿ ਇਸੀ ਪ੍ਰਕਾਰ[1] ॥੧॥
ਚੌਪਈ: ਰਚੌਂ ਜਤਨ ਮਿਲਿ ਸੰਗ ਤੁਮਾਰੇ।
ਗਹਿ ਲੈਹੋਂ ਤਤਛਿਨ ਤਿਸ ਮਾਰੇ।
ਮੈਂ ਜਿ ਸਹਾਯਕ ਹੋਯਹੁ ਤੇਰਾ।
ਬਨੈ ਕਾਜ, ਤਜਿ ਕਸ਼ਟ ਬਡੇਰਾ' ॥੨॥
ਇੱਤਜਾਦਿਕ ਲਿਖਿ ਚਾਰ[2] ਪਠਾਵਾ।
'ਮਿਲਹੁ ਆਨਿ, ਕਹੁ ਜਿਮ ਗਹਿ ਜਾਵਾ[3]।'
ਪੰਥ ਉਲੰਘਤਿ ਕੋਠੇ ਆਯੋ।
ਮਿਲਿ ਪ੍ਰਿਥੀਏ ਸੋਂ ਸਕਲ ਸੁਨਾਯੋ ॥੩॥
'ਤੁਵ ਦਿਸ਼ਿ ਤੇ ਮੈਂ ਬਹੁ ਸਮੁਝਾਯੋ।
ਸੁਨਿ ਹਰਖ੍ਯੋ ਅਬਿ ਨਿਕਟ ਬੁਲਾਯੋ।
ਮਿਲਹੁ, ਦੁਹਨਿ ਕੋ ਸੁਧਰੈ ਕਾਜੂ।
ਉਠੋ ਚਰਨ ਧਰਿ ਮਗ ਮਹਿਂ ਆਜੂ ॥੪॥
ਨਹਿਂ ਬੂਝੋ ਪਾਂਧਾ[4] ਚਲਿ ਪਰੀਅਹਿ।
ਅਪਨਿ ਮਨੋਰਥ ਪੂਰਨ ਕਰੀਅਹਿ।'
ਸੁਨਿ ਪ੍ਰਿਥੀਏ ਨਹਿਂ ਬਿਲਮ ਲਗਾਈ।
ਬੜਵਾ ਪਰ ਕਾਠੀ ਬੰਧਵਾਈ ॥੫॥
ਮਿਹਰਵਾਨ ਸੋਂ ਕਰਿ ਕਰਿ ਪਜਾਰੂ।
ਛੋਰ੍ਯੋ ਕਰਿ ਚੌਕਸ ਪਰਵਾਰੂ।
'ਅਬਿ ਕੇ ਜਾਇ ਲੇਯ ਹੌਂ ਗਾਦੀ।
ਸ਼ਾਹੁ ਦਿਵਾਨ ਭਯੋ ਬਹੁ ਬਾਦੀ[5]' ॥੬॥
ਕਹਿ ਇੱਤਜਾਦਿਕ ਕਰਮੋ ਸੰਗ।
ਧੀਰਜ ਦੇ ਕਰਿ ਚਲ੍ਯੋ ਉਮੰਗ।
ਚਲੈ ਦੂਰ ਮਗ ਬਾਸੁਰ ਸਾਰੇ[6]।

---

[1]ਜੇ ਵੈਰ ਇਸੇ ਤਰ੍ਹਾਂ ਦਾ ਹੈ।
[2]ਦੂਤ, ਹਲਕਾਰਾ।
[3]ਆਕੇ ਮਿਲ ਤੇ ਕਹੁ ਜਿਵੇਂ ਫੜਿਆ ਜਾਵੇ।
[4]ਪਾਂਧਾ ਨਾ ਪੁੱਛ, ਭਾਵ ਦੇਰੀ ਨਾ ਕਰ।
[5]ਵੈਰੀ (ਸ਼੍ਰੀ ਅਰਜਨ ਜੀ ਦਾ)।
[6]ਰਸਤੇ ਵਿਚ ਦੂਰ (ਮੰਜ਼ਲ) ਤੱਕ ਚਲਦਾ ਹੈ।

ਨਿਸ ਮਹਿਂ ਬਸੈ ਕੁਕਰਮ ਚਿਤਾਰੇ ॥੭॥
ਥੋਰਨਿ ਦਿਨ ਮਹਿਂ ਦਿੱਲੀ ਗਯੋ।
ਪ੍ਰਵਿਸ਼ੵੋ ਕਿਤ ਨਿਵੇਸ ਕਰਿ ਦਯੋ।
ਪਠੵੋ ਦਾਸ ਤਬਿ ਚੰਦੂ ਪਾਸ।
'ਆਯੋ ਮੈਂ ਉਰ ਧਰੈ ਹੁਲਾਸ' ॥੮॥
ਸੁਨਿ ਸੁਧ ਕੋ ਨਿਜ ਨਿਕਟ ਬੁਲਾਯੋ।
ਜਾਇ ਦਾਸ ਨੇ ਤਬੈ ਸੁਨਾਯੋ।
'ਗਮਨਹੁ ਤੁਰਤ, ਕਾਜ ਬਨਿ ਆਯੋ।'
ਸੁਨਿ ਪ੍ਰਿਥੀਆ ਮਨ ਮਹਿਂ ਹਰਖਾਯੋ ॥੯॥
ਸੂਖਮ ਬਹੁ ਪਾਲਨਿ ਕੋ ਜਾਮਾ[1]।
ਪਹਿਰ ਪਾਗ ਬਾਂਧੀ ਅਭਿਰਾਮਾ।
ਪੁਨ ਚੰਦੂ ਕੇ ਦੈਬੇ ਹੇਤ।
ਜਿਮ ਸਿਰਪਾਉ ਗੁਰੂ ਸਿਖ ਦੇਤਿ ॥੧੦॥
ਅਧਿਕ ਮੋਲ ਕੀ ਪਾਗ ਮੰਗਾਈ।
ਜਰੀ ਛੋਰ ਦ੍ਵੈ ਬਹੁਤਿ ਲਗਾਈ[2]।
ਤੈਸੇ ਲਿਯੋ ਦੁਕੂਲ[3] ਅਛੇਰਾ।
ਤਿਸ ਹਿਤ ਖਰਚੵੋ ਮੋਲ ਬਡੇਰਾ ॥੧੧॥
ਦਾਸ ਪਾਸ ਤੇ ਸੋ ਉਚਵਾਏ।
ਅਪਰ ਬਸਤ੍ਰ ਤੇ ਲੀਨਿ ਦੁਰਾਏ।
ਕਛੁਕ ਸੰਗ ਨਰ ਪਹੁੰਚੵੋ ਜਾਈ।
'ਆਵਤਿ ਹੈ' ਸੁਧਿ ਅੱਗ੍ਰ ਪਠਾਈ ॥੧੨॥
ਖਰੋ ਭਯੋ ਚੰਦੂ ਜਬਿ ਹੇਰਾ।
ਮਿਲੇ ਭੁਜਨਿ ਭਰਿ ਜੁਗ ਤਿਸ ਬੇਰਾ।
ਪੁਨ ਬੈਠੇ ਇਕ ਆਸਨ ਦੋਊ।
ਦੇਖਿ ਪਰਸਪਰਿ ਹਰਖਤਿ ਸੋਊ ॥੧੩॥
ਪ੍ਰਥਮ ਪ੍ਰਿੱਥੀਏ ਪ੍ਰਿਥਕ ਕਰਨਿ ਕੀ[4]।
ਕਹੀ ਬਾਰਤਾ ਜਥਾ ਗੁਰਨਿ ਕੀ।
'ਮੈਂ ਜੇਸ਼ਟ ਸੁਤ ਬੈਠੇ ਰਹਿਓ।

---

[1]ਬਹੁਤ ਪੱਲਿਆਂ ਵਾਲਾ ਬ੍ਰੀਕ ਜਾਮਾਂ।
[2]ਦੋਹਾਂ ਪੱਲਿਆਂ ਤੇ ਜ਼ਰੀ ਬਹੁਤ ਲੱਗੀ ਹੋਈ।
[3]ਦੁਪੱਟਾ।
[4]ਪਹਿਲੋਂ ਪ੍ਰਿਥੀਏ ਨੇ (ਆਪਣੇ ਆਪ ਨੂੰ ਗੁਰਿਆਈ ਗੱਦੀ ਤੋਂ) ਅੱਡ ਕੀਤੇ ਜਾਣ ਦੀ।

ਬਲ ਛਲ ਤੇ ਗੁਰਤਾ ਪਦ ਲਹਿਓ ॥੧੪॥
ਹੁਤੇ ਨਾਨਕੇ ਗੋਇੰਦਵਾਲ।
ਤਿਨ ਕੋ ਪੱਖੀ ਕੀਨਿ ਬਿਸਾਲ।
ਇਕ ਭੱਲਾ ਤਹਿਂ ਤੇ[1*] ਗੁਰਦਾਸ।
ਸੋ ਲੇ ਲੇ ਸੰਗਤਿ ਤਿਸ ਪਾਸਿ ॥੧੫॥
ਕਰੇ ਮਿਲਾਵਨਿ ਧਨ ਅਰਪਾਵੈ।
ਕਹਿ ਕਹਿ[+] ਮਹਿਮਾ ਅਧਿਕ ਬਧਾਵੈ।
ਦੇਸ਼ ਬਿਦੇਸ਼ਨਿ ਮਹਿਂ ਪ੍ਰਗਟਾਯੋ।
ਧਨੀ ਹੋਇ ਕਰਿ ਗਰਬ ਬਢਾਯੋ ॥੧੬॥
ਤੁਹਮਤਿ ਮੁਹਿ ਤੁਫਾਨ ਕੀ ਲਾਏ।
ਪਿਤ ਪੁਰਿ ਬਸਤਿ ਹੁਤੇ ਨਿਕਸਾਏ।
ਸੁਲਹੀ ਹੁਤੋ ਸਹਾਇਕ ਮੇਰਾ।
ਮਰਜੋ ਅਚਾਨਕ ਦੁਖਦ ਬਡੇਰਾ[2] ॥੧੭॥
ਅਬਿ ਅਲੰਬ ਮੈਂ ਗਹਜੋ ਤੁਹਾਰੋ।
ਬਾਂਹ ਗਹੇ ਕੀ ਲਾਜ ਬਿਚਾਰੋ।
ਸੁਤ ਜੁਤ ਹਤਹੁ ਕਿ ਕੈਦ ਕਰੀਜੈ।
ਨਾਤਾ ਫੇਰਨਿ ਕੋ ਫਲ ਦੀਜੈ ॥੧੮॥
ਗੁਰਤਾ ਗਾਦੀ ਮੈਂ ਅਧਿਕਾਰੀ।
ਮੋਹਿ ਦਿਵਾਵਹੁ ਕਰੁਨਾ ਧਾਰੀ।'
ਸੁਨਿ ਚੰਦੂ ਨੈ ਧੀਰਜ ਦੀਨਿ।
'ਅਬਿ ਨ ਚਿੰਤ ਕਰਿ ਚੀਤ ਮਲੀਨ[3] ॥੧੯॥
ਮੇਰੇ ਸੰਗ ਬੈਰ ਨਹਿਂ ਬਾਧਾ[4]।
ਚਾਹਤਿ ਨਿਜ ਪ੍ਰਾਨਨਿ ਕੋ ਬਾਧਾ[5]।
ਸਕਲ ਬਿਨਾਸੋਂ ਤਿਸ ਹੰਕਾਰਾ।
ਕਾਰਾਗ੍ਰਿਹਿ ਮਹਿਂ ਪਰੈਂ ਦੁਖਾਰਾ ॥੨੦॥
ਦਿਉਂ ਸਜਾਇ ਨਾਤਾ ਮਨਵਾਊਂ।

---

[1]ਤਿਥੋਂ ਦਾ।
[*]ਪਾ:ਮਾਤੁਲ।
[+]ਪਾ:-ਤਾਕੀ।
[2]ਬੜਾ ਦੁਖ ਦੇ ਗਿਆ।
[3]ਚਿੰਤਾ ਨਾਲ ਚਿੱਤ ਮੈਲਾ ਨਾ ਕਰ।
[4]ਮੇਰੇ ਨਾਲ (ਉਸ ਨੇ) ਵੈਰ ਨਹੀਂ ਵਧਾਯਾ (ਯਾ ਬੰਨ੍ਹਿਆਂ, ਸਗੋਂ)।
[5]ਆਪਣੇ ਪ੍ਰਾਣਾਂ ਦਾ ਨਾਸ਼ (ਮੈਥੋਂ ਕਰਵਾਉਣਾ) ਚਾਹਿਆ ਹੈ।

ਤੌਂ ਚੰਦੂ ਮੈਂ ਨਾਮ ਕਹਾਊਂ।
ਕਰੌਂ ਦੀਨ ਦੁਖ ਤੇ ਸਭਿ ਭਾਂਤੀ।
ਤਿਸ ਬਾਸੁਰ ਹੁਇ ਸੀਤਲ ਛਾਤੀ ॥੨੧॥
ਜਾਤਿ ਬਿਖੈ ਪਤਿ ਮੋਰ ਬਿਗਾਰੀ।
ਦੁਹਿਤਾ ਸਾਕ ਹਟਯੋ ਦੁਖਭਾਰੀ।
ਜਾਵਤਿ[1] ਲਵਪੁਰਿ ਕੋ ਨਹਿਂ ਜਾਵਤਿ।
ਤਾਵਤਿ ਸੁਖ, ਮੈਂ ਸਾਚ ਬਤਾਵਤਿ ॥੨੨॥
ਅਬੈ ਸ਼ਾਹੁ ਕੋ ਦਿਉਂ ਉਪਦੇਸ਼।
ਹੋਇ ਪ੍ਰਵੇਸ਼ ਸੁ ਮਾਝੇ ਦੇਸ਼।
ਤਹਾਂ ਜਾਇ ਕਰਿ ਜਤਨ ਬਨਾਵੌਂ।
ਕਰਿ ਫਰੇਬ ਕੋ ਨਿਕਟ ਬੁਲਾਵੌਂ ॥੨੩॥
ਏਕ ਬਾਰ ਨਿਜ ਘਰਿ ਮਹਿਂ ਬਾਰ[2]।
ਦੈ ਦੈ ਹੌਂ ਪੁਨ ਬਾਰ ਕਿਵਾਰਿ[3]।
ਜਥਾ ਬਜਾਧ ਕੋ ਜਾਰ ਪਸਾਰ[4]।
ਕਰੈ ਫਸਾਵਨਿ ਬਿਹੰਗ ਉਦਾਰ ॥੨੪॥
ਤਿਸ ਪਾਛੇ ਗੁਰਤਾ ਬਰ ਗਾਦੀ।
ਪਹੁੰਚਹਿ ਤੋਹਿ ਕਰੋ ਨਿਤ ਸ਼ਾਦੀ।
ਰਹਯੋ ਪ੍ਰਤੀਖਤਿ ਏਤੋ ਸਮੈਂ।
ਹਠਿ ਕੋ ਤਯਾਗਿ ਮੋਹਿ ਦਿਸਿ ਨਮੈਂ[5] ॥੨੫॥
ਨਾਂਹਿ ਤ ਅਬਿ ਲਗਿ ਮੈਂ ਗਹਿਵਾਵਤਿ।
ਜਿਮ ਚਾਹਤਿ ਤਿਸ ਤੇ ਮਨਵਾਵਤਿ।
ਕੈ ਲੇ ਨਾਤਾ, ਕੈ ਦੇ ਪ੍ਰਾਨ।
ਨਿਸ਼ਚੈ ਹੁਇ ਹੈ ਇਹੀ ਨਿਦਾਨ[6]' ॥੨੬॥
ਸੁਨਿ ਸੁਨਿ ਪ੍ਰਿਥੀਆ ਅੰਗ ਨ ਮਾਵੈ।
ਕਰਿ ਅਨੰਦ ਚੰਦੂ ਬਡਿਆਵੈ।
'ਤੁਮ ਮਾਲਿਕ ਜਗ ਕੇ ਸਮਰੱਥ।
ਬਖਸ਼ਨਿ ਹਤਨਿ ਨਰਨਿ ਬਿਚ ਹੱਥ' ॥੨੭॥

---

[1]ਭਾਵ ਜਦ ਤੱਕ ਸ਼ਾਹ ਲਾਹੌਰ ਨਹੀਂ ਜਾਂਦਾ।
[2]ਵਾੜਕੇ।
[3]ਬੂਹੇ ਦੇ ਤਖਤੇ।
[4]ਜਿਵੇਂ ਕੋਈ ਬੱਧਕ ਜਾਲ ਫੈਲਾਉਂਦਾ ਹੈ।
[5]ਨਿਵੇਂਗਾ।
[6]ਅੰਤ ਨੂੰ।

ਇਮ ਬਕ[1] ਸਮ ਅਘ ਚਿਤਵਤਿ ਦੋਊ।
ਸਿਰੇਪਾਉ ਚਹਿ ਦੈਬੋ ਸੋਊ।
ਬਹੁਤ ਮੋਲ ਕੋ ਜਰੀ ਬਿਸਾਲਾ।
'ਗੁਰੁ ਘਰ ਕੋ ਲਿਹੁ ਰਹੋ ਸੁਖਾਲਾ' ॥੨੮॥
ਸਾਦਰ ਚੰਦੂ ਨੇ ਤਬਿ ਲੀਨਿ।
ਸਿਰ ਪਰ ਧਰਿ ਕਰਿ ਆਨੰਦ ਕੀਨਿ।
ਦਰਬ ਮੰਗਾਇ ਅਰਪਨਾ ਕਰੇ।
ਹਾਥ ਜੋਰਿ ਨੰਮ੍ਰਜੋ ਹਿਤ ਧਰੇ ॥੨੯॥
ਪ੍ਰਿਥੀਏ ਨਿਸ਼ਚੈ ਕੀਨਸਿ ਤਬੈ।
-ਗੁਰਤਾ ਪ੍ਰਾਪਤਿ ਮੋ ਕੌ ਅਬੈ।
ਸੁਲਹੀ ਤੇ ਇਹ ਅਹੈ ਮਹਾਨ।
ਮਾਲਿਕ ਮੁਲਕਨਿ ਸ਼ਾਹੁ ਦਿਵਾਨ[2]- ॥੩੦॥
ਕਰਜੋ ਸਖਾਪਨਿ ਸੁਖ ਕੋ ਪਾਏ।
ਚਿਤਹਿ ਮਨੋਰਥ ਹੁਇ ਦੁਖਦਾਏ[3]।
ਕੇਤਿਕ ਦਿਨ ਤਬਿ ਦਿੱਲੀ ਰਹਜੋ।
ਨਿਤ ਚੰਦੂ ਮਿਲਿ ਹੁਇ ਹਿਤ ਲਹਜੋ ॥੩੧॥
ਸਦਨ ਜਾਨਿ ਕੋ ਪੁਨ ਚਿਤ ਚਾਹਾ।
ਗਮਨਜੋ ਸ਼ਾਹੁ ਸਚਿਵ ਕੇ ਪਾਹਾ।
ਸਾਦਰ ਬੈਠੇ ਮਸਲਤਿ ਕਰੈਂ।
ਸ਼੍ਰੀ ਅਰਜਨ ਸੰਗ ਅਘ ਕੋ ਧਰੈਂ ॥੩੨॥
'ਮੋ ਕਹੁ ਦੇਹੁ ਬਿਦਾ, ਘਰ ਜਾਵੌਂ।
ਬੀਤਜੋ ਚਿਰ, ਕੁਟੰਬ ਸੁਧਿ ਪਾਵੌਂ।
ਰਹੌਂ ਪ੍ਰਤੀਖਤਿ ਪੰਥ ਤੁਮਾਰਾ।
ਆਵਨਿ ਮਹਿਂ ਨਹਿਂ ਕਰਹੁ ਆਵਾਰਾ ॥੩੩॥
ਏਕ ਆਸਰੋ ਹਮ ਨੇ ਹੇਰਾ।
ਤੁਮ ਤੇ ਕਾਰ ਸੁਧਰ ਹੈ ਮੇਰਾ।
ਬਾਰਿ ਬਾਰਿ ਕਜਾ ਕਹੌਂ ਬਨਾਈ।
ਜਾਨਤਿ ਸਭਿ ਬਿਧਿ ਕੀ ਚਤੁਰਾਈ ॥੩੪॥
ਜਜੋਂ ਕਜੋਂ ਕਰਹੁ ਸ਼ਾਹੁ ਕੋ ਤਜਾਰੀ।

---

[1]ਬਗਲੇ।
[2]ਮੁਲਕਾਂ ਦੇ ਮਾਲਿਕ ਸ਼ਾਹ ਦਾ ਦੀਵਾਨ।
[3]ਦੁਖਦਾਈ ਮਨੋਰਥ ਚਿਤਵਦਾ ਹੈ।

ਲਵਪੁਰਿ ਥਿਰਹੁ ਆਇ ਜਿਸ ਬਾਰੀ।
ਰਾਵਰਿ ਸੰਗ ਮਿਲੌਂ ਮੈਂ ਆਈ।
ਤਹਿਂ ਲੈ ਹੈਂ ਸਭਿ ਬਾਤ ਬਨਾਈ ॥੩੫॥
ਮੈਂ ਪੁਕਾਰ ਕਰਿ ਹੌਂ ਤਿਸ ਥਾਨਾ।
ਬਨਹਿ ਬੁਲਾਵਨਿ ਕੇਰ ਬਹਾਨਾ।
ਲਵਪੁਰਿ ਮਹਿਂ ਨਿਜ ਘਰ ਲੇ ਜਾਵਹੁ।
ਮਨ ਭਾਵਤਿ ਰਿਪੁ ਸੰਗ ਕਰਾਵਹੁ' ॥੩੬॥
'ਚੰਦ ਰੋਜ਼ ਮਹਿਂ' ਚੰਦੂ ਕਹੈ।
'ਹਮਰੋ ਆਵਨਿ ਹੁਇ ਤਹਿਂ ਰਹੈ[1]।
ਬਿਲਮ ਨਹੀਂ ਬਹੁ, ਜਾਨਹੁ ਸਾਚੀ।
ਹੁਇ ਪੂਰਨ ਜਿਸ ਮਹਿਂ ਰੁਚਿ ਰਾਚੀ ॥੩੭॥
ਮਿਲਹੁ ਆਇ, ਸਭਿ ਕਾਰ ਸੁਧਾਰੈਂ।
ਗੁਰਤਾ ਦੇਹਿ ਸ਼ੱਤ੍ਰੂ ਕੋ ਮਾਰੈਂ।'
ਮਹਾਂ ਦੁਸਟ ਸੋਂ ਮਸਲਤਿ ਕਰਿ ਕੈ।
ਭਯੋ ਬਿਸਰਜਨ ਸੁਖ ਉਰ ਭਰਿ ਕੈ ॥੩੮॥
ਦਿੱਲੀ ਤੇ ਹ੍ਵੈ ਕਰਿ ਅਸਵਾਰ।
ਗਮਨਯੋ ਤੂਰਨ ਮਗ ਪਗ ਡਾਰਿ।
ਪਹੁੰਚਯੋ ਕੋਠੇ ਗ੍ਰਾਮ ਮਝਾਰਾ।
ਮਿਲਯੋ ਆਨਿ ਅਪਨੇ ਪਰਵਾਰਾ ॥੩੯॥
ਮਿਹਰਵਾਨ ਕੋ ਲੇ ਕਰਿ ਗੋਦ।
ਬੈਠਯੋ ਪ੍ਰਿਥੀਆ ਪਾਇ ਪ੍ਰਮੋਦ।
ਚੰਦੂ ਸੰਗ ਮਿਲਨਿ ਹਰਖਾਵਨਿ।
ਸਭਿ ਕਰਮੋ ਢਿਗ ਕਰਯੋ ਬਤਾਵਨਿ ॥੪੦॥
'ਕੇਚਿਤ ਦਿਨ ਮਹਿ ਗੁਰਤਾ ਗਾਦੀ।
ਹਮ ਢਿਗ ਆਇ ਹੋਹਿ ਸਭਿ ਸ਼ਾਦੀ।
ਪ੍ਰਥਮ ਸਹਾਇਕ ਭਯੋ ਬਿਨਾਸ਼।
ਅਬਿ ਚੰਦੂ ਹਮ ਕਰਹਿ ਹੁਲਾਸ' ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਮਿਲਨਿ' ਪ੍ਰਸੰਗ ਬਰਨਨੰ ਨਾਮੁ ਬਿੰਸਤੀ ਅੰਸੂ ॥੨੦॥

[1]ਥੋੜੇ ਦਿਨਾਂ ਵਿਚ ਸਾਡਾ ਆਵਣਾ ਹੋਵੇਗਾ, ਓਥੇ (ਅਸੀਂ) ਰਹਾਂਗੇ।

੨੧. [ਗੋਇੰਦਵਾਲ ਜਾਣਾ]

੨੦<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੨

ਦੋਹਰਾ: ਸ੍ਰੀ ਅਰਜਨ ਜਗ ਸਤਿਗੁਰੂ, ਸੰਗਤਿ ਕਰਤਿ ਉਧਾਰ।
ਸਹਤ ਅਨੰਦ ਬਿਲੰਦ ਕੇ, ਕਿਤਿਕ ਕਾਲ ਕੋ ਟਾਰਿ ॥੧॥

ਸੈਯਾ ਛੰਦ: ਸਿੱਖਯ ਹਜ਼ਾਰੋਂ ਸ਼ਰਨੀ ਪਰਿ ਹੈਂ
ਸੱਤਿਨਾਮ ਕੋ ਦੇ ਉਪਦੇਸ਼।
ਅਜ਼ਮਤਿ ਜੁਤਿ ਬਹੁ ਜੀਵ ਮੁਕਤਿ ਭੇ
ਕਾਟੇ ਬੰਧਨ ਕੁਮਤਿ ਕਲੇਸ਼।
ਸੇਵਾ ਕਰਿ ਕਰਿ ਸ਼ਰਧਾ ਧਰਿ ਧਰਿ
ਪਾਤਕ ਹਰਿ ਹਰਿ ਭਏ ਵਿਸ਼ੇਸ਼।
ਕਿਤਿਕ ਸਮੀਪ ਰਹਤਿ ਨਹਿਂ ਗਮਨਤਿ,
ਦਰਸ਼ਨ ਕੋ ਸੁਖ ਲਹੈਂ ਅਸ਼ੇਸ਼ ॥੨॥
ਅਪਰ ਦੇਸ਼ ਕਰਿਬੇ ਕਿਰਤਾਰਥ
ਕਿਤਿਕ ਬਿਸਰਜਨ ਹ੍ਵੈ ਚਲਿ ਜਾਇ।
ਰਿਦੇ ਧ੍ਯਾਨ ਗੁਰੂ ਰੂਪ ਬਸਾਵਹਿਂ,
ਨਿਸ਼ਚਲ ਮਤਿ ਕਰਿ ਨਹੀਂ ਡੁਲਾਇ।
ਮਿਲਹਿ ਤਿਨਹੁ[1] ਉਪਦੇਸ਼ਤਿ ਸਿੱਖੀ,
ਅਸਿ ਤੇ ਤਿੱਖੀ[2] ਜੋ ਅਧਿਕਾਇ।
ਗੁਰੂ ਭਾਣੇ ਕਹੁ ਮਾਨੈਂ ਸੁਖ ਸੋਂ
ਇਕ ਸਮ ਬ੍ਰਿਤੀ ਨ ਸ਼ੋਕ ਉਪਾਇ ॥੩॥
ਜਹਿਂ ਕਹਿਂ ਗੁਰ ਕੀ ਬਾਣੀ ਬਿਥਰੀ,
ਸੁਥਰੀ ਕਰਹਿਂ ਕੰਠ ਹਰਖਾਇ।
ਪਾਤਕ ਦਾਦਰ ਗਨ ਕੋ ਅਹਨੀ[3],
ਦਹਨੀ ਬਿਘਨ ਬਿਪਨ ਸਮੁਦਾਇ[4]।
ਮ੍ਰਿਗਨਿ ਬਿਕਾਰ ਬ੍ਰਿੰਦ ਕੋ ਸ਼ੇਰਨਿ[5],
ਪ੍ਰੇਰਨਿ ਮਨ ਕੀ ਪ੍ਰਭੁ ਦਿਸਿ ਧਾਇ[6]।
ਬ੍ਰਹਮ ਗ੍ਯਾਨ ਕੀ ਸੁਗਮ ਸੁ ਜਨਿਨੀ[1],

---

[1]ਭਾਵ ਗੁਰ ਸਿੱਖਾਂ ਨੂੰ।
[2]ਖੰਡੇ ਤੋਂ ਤਿੱਖੀ।
[3]ਮਾਰੇ ਪਾਪਾਂ ਰੂਪ ਡੱਡੂਆਂ ਨੂੰ ਸੱਪਣੀਵਤ।
[4]ਸਾਰੇ ਬਿਘਨਾਂ ਦੇ ਬਨ ਨੂੰ ਸਾੜਨ ਵਾਲੀ ਭਾਵ ਅੱਗ।
[5]ਸਮੂਹ ਵਿਕਾਰਾਂ ਰੂਪੀ ਹਰਨਾਂ ਨੂੰ (ਜੋ) ਸ਼ੇਰਨੀ ਵਤ (ਨਾਸ਼ਕ) ਹੈ।
[6]ਦੌੜਦੇ ਮਨ ਨੂੰ ਪ੍ਰਭੂ ਤਰਫ ਪ੍ਰੇਰਣ ਵਾਲੀ।

ਹਨਨੀ ਮੋਹ, ਜਨਨਿ[1] ਸੁਖਦਾਇ ॥੪॥
ਪਾਠਕ ਪੁੰਜ ਮਨੋਰਥ ਪੁਰਨੀ[3],
ਫੁਰਨੀ ਅਨੁਭਵ ਕੀ[4] ਉਰ ਮਾਂਹਿ।
ਕੂਰ ਬਿਸ਼ਿਯਨਿ ਕੀ ਅਹੈ ਬਿਰਾਗਨਿ[5],
ਰਾਗਨਿ ਸੱਤਿਨਾਮ ਕੀ[6] ਆਹਿ।
ਪ੍ਰੇਮਾ ਭਗਤਿ ਉਪਾਵਨਿ ਹਾਰੀ,
ਹਾਰੀ ਨਿੰਦਕ ਬ੍ਰਿੰਦਨ ਦਾਹਿ[7]।
ਪਠਿ ਗੁਰੁ ਸਿੱਖ ਕ੍ਰਿਤਾਰਥ ਹੋਵਤਿ,
ਜੋਵਤਿ ਅਪਨਿ ਰੂਪ ਸੁਖ ਪਾਹਿ ॥੫॥
ਜਿਸ ਹਿਤ ਜਗ ਅਵਤਰੇ ਪ੍ਰਭੂ ਜੀ
ਸਭਿ ਜੀਵਨਿ ਕੀ ਚਹਿੰ ਕੱਲਜਾਨ।
ਹੋਤਿ ਨਿਤਾ ਪ੍ਰਤਿ ਕਾਰਜ ਐਸੇ
ਜੈਸੇ ਵਧਹਿ ਭਗਤਿ ਅਰੁ ਗਯਾਨ।
ਪੁਰਬਨਿ[8] ਬਿਖੈ ਆਇ ਗਨ ਸੰਗਤਿ
ਮੰਗਤਿ ਸੱਤਿਨਾਮ ਦੇ ਦਾਨ।
ਆਇ ਉਪਾਇਨ ਅਰਪਹਿੰ ਪਗ ਪਰ,
ਪਰਹਿੰ ਸ਼ਰਨ ਕਰਿ ਸੰਕਟ ਹਾਨਿ ॥੬॥
ਇਕ ਦਿਨ ਸ੍ਰੀ ਅਰਜਨ ਗੁਰੁ ਬੈਠੇ
ਹਰਿ ਮੰਦਰ ਮਹਿੰ ਸ਼ੁਭਤਿ ਬਿਸਾਲ।
ਮਹਾਂਦੇਵ ਤਬਿ ਤਯਾਗ ਸਦਨ ਕੋ
ਕਰਿ ਸ਼ਨਾਨ ਸ਼੍ਰੀ ਅੰਮ੍ਰਿਤ ਤਾਲ।
ਗਯੋ ਅਨੁਜ ਕੇ ਨਿਕਟ, ਦੇਖਿ ਤਬਿ
ਲਿਯੋ ਬਿਠਾਇ ਮਾਨ ਕੇ ਨਾਲ।
ਸ਼ਬਦ ਰਬਾਬੀ ਗਾਵਤਿ ਸੁੰਦਰ,
ਸੁਨਤਿ ਰਹਯੋ ਕਰਿ ਪ੍ਰੇਮ ਬਿਸਾਲ ॥੭॥

---

[1]ਸੁਖੈਨ ਹੀ ਬ੍ਰਹਮ ਗਯਾਨ ਉਪਜਾਵਣ ਵਾਲੀ।
[2]ਦਾਸਾਂ ਦੇ।
[3]ਪੂਰਣ ਕਰਨ ਵਾਲੀ।
[4]ਅਨੁਭਵ ਦੇ ਫੁਰਾਉਣ ਵਾਲੀ।
[5]ਝੂਠੇ ਵਿਸ਼ਿਆਂ ਤੋਂ ਵੈਰਾਗ ਦੇਣ ਵਾਲੀ।
[6]ਪ੍ਰੇਮ ਪਾਉਣ ਵਾਲੀ ਸਤਿਨਾਮ ਦਾ।
[7]ਸਾਰੇ ਨਿੰਦਕਾਂ ਨੂੰ ਸਾੜਨ ਵਾਲੀ।
[8]ਗੁਰਪੁਰਬਾਂ, ਤਹਿਵਾਰਾਂ।

ਚੌਕੀ ਕੋ ਜਬਿ ਭੋਗ ਪਰਯੋ ਤਹਿਂ
ਸ਼੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਬਡੀ ਕ੍ਰਿਪਾ ਕਰਿ ਤੁਮ ਚਲਿ ਆਏ,
ਆਇਸੁ ਦੇਹੁ ਉਚਿਤ ਚਿਤ ਚੀਨਿ।
ਹਮ ਰਾਵਰ ਕੇ ਨਿਤ ਅਨੁਸਾਰੀ
ਅਹੋ ਸ਼ਾਂਤਿ ਮਤਿ ਗੁਰ ਜਸੁ ਭੀਨਿ।
ਭਲੀ ਬਾਰਤਾ ਨਿਤ ਸਮੁਝਾਵਤਿ
ਗਜਾਨ ਉਦਿਧਿ ਮਹਿਂ ਸਦ ਮਨ ਮੀਨਿ[1]' ॥੮॥
ਮਹਾਂਦੇਵ ਉਰ ਹਰਖਯੋ ਅਤਿਸ਼ੈ
'ਤੁਮ ਕੋ ਐਸੇ ਹੀ ਬਨਿ ਆਇ।
ਸਰਬ ਜਗਤ ਕੇ ਗੁਰੂ ਸ਼ਿਰੋਮਣਿ
ਮੁਝ ਕੋ ਬੋਲਤਿ ਬਹੁ ਬਡਿਆਇ।
ਅਹੈ ਬਡਨਿ ਕੀ ਇਹੁ ਬਡਿਆਈ
ਪਰ ਜਸ ਕਹਿਨੋ ਅਪਨਿ ਦੁਰਾਇ।
ਬਡੋ ਭ੍ਰਾਤ ਕਰਿ ਮੁਝ ਕੋ ਜਾਨਹੁ
ਤੁਮ ਗੁਨ ਮਹਿਂ ਸਭਿ ਤੇ ਅਧਿਕਾਇ ॥੯॥
ਸ਼੍ਰੀ ਨਾਨਕ ਆਦਿਕ ਕੀ ਗਾਦੀ
ਤਿਸ ਪਰ ਬੈਠੇ ਤਿਨਹੁ ਸਮਾਨ।
ਮੋ ਉਰ ਬਿਖੈ ਪ੍ਰਤੀਤ ਭਈ ਅਬਿ,
ਨਾਂਹਿ ਤ ਅਨੁਜ ਆਪਨੋ ਜਾਨਿ।
ਬਿਨੈ ਸਹਤ ਮੈਂ ਕਹਤਿ ਤੁਮਹੁਂ ਕੋ
ਅਪਨੇ ਨਾਨੇ ਗੁਰੂ ਮਹਾਨ।
ਗੋਇੰਦਵਾਲ ਅੰਸ ਹੈ ਤਿਨ ਕੀ
ਹਮਰੇ ਸੰਗ ਸਨੇਹ ਸੁ ਠਾਨਿ ॥੧੦॥
ਸ਼੍ਰੀ ਗੁਰੁ ਅਮਰ ਦਿਵਸ ਸ਼ੁਭ ਪੂਨੋ[2]
ਉਤਸਵ ਕਰਤਿ ਸਕਲ ਹਰਖਾਇ।
ਸਿਖ ਸੰਗਤਿ ਗਨ ਮਿਲਹਿਂ ਆਇ ਕਰਿ,
ਪਾਇ ਮਹਾਂ ਫਲ ਸਭਿ ਸੁਖਦਾਇ।
ਹੈ ਮਮ ਚਿਤ ਮਹਿਂ ਤਹਾਂ ਜਾਨਿ ਕੀ
ਚਹੋਂ ਤੁਮਾਰੀ ਅਬਹਿ ਰਜ਼ਾਇ।

---

[1]ਮਨ ਮੱਛੀ ਵਾਂਙੂ ਹੈ।
[2]ਪੂਰਨਮਾਸ਼ੀ ਦਾ।

ਕੇਤਿਕ ਦਿਵਸ ਰਹੌਂ ਪੁਰਿ ਤਿਸ ਹੀ,
ਜੀਵਤਿ ਰਹਜੋ ਮਿਲਹਿਂ ਪੁਨ ਆਇ' ॥੧੧॥
ਸੁਨਤਿ ਭ੍ਰਾਤ ਤੇ ਹਰਖਤਿ ਹੋਏ
ਕਹਜੋ 'ਬੁੱਧਿ ਤੁਮਰੀ ਕੋ ਧੰਨ।
ਹਮ ਭੀ ਚਲਹਿਂ ਕਰਹਿਂ ਸਭਿ ਦਰਸ਼ਨਿ
ਉਤਸਵ ਪੂਰਨਮਾ[2] ਮਨ ਮੰਨਿ[1]।
ਹੁਇ ਇਕੱਤ੍ਰ ਪੁਰਿ ਪਿਖਹਿਂ ਪਵਿੱਤ੍ਰਾ
ਜਹਾਂ ਬੱਚਿਤ੍ਰ ਪਾਇ ਫਲ ਜੰਨ[2]।
ਚਿਰ ਬੀਤਜੋ ਦਰਸੇ ਬਿਨ ਥਲ ਕੋ
ਉਮਗਤਿ ਰਿਦਾ ਬਿਲੋਕ ਪ੍ਰਸੰਨ' ॥੧੨॥
ਇਮ ਸਾਦਰ ਬਹੁ ਭ੍ਰਾਤ ਸਰਾਹਜੋ,
ਮਹਾਂਦੇਵ ਸੁਨਿ ਕਰਿ ਹਰਖਾਇ।
ਅਪਰ ਬਾਰਤਾ ਅਮਰ ਗੁਰੂ ਕੀ
ਕਰਤਿ ਸ਼ਲਾਘਾ ਰੁਚਿ ਉਪਜਾਇ।
'ਸਮ ਪਾਰਸ ਕੇ ਪਰਸੇ ਜਿਸ ਕੇ
ਹੁਤੇ ਮਨੂਰ ਸੁ ਹੇਮ[3] ਬਨਾਇ।
ਬਨ ਮਹਿਂ ਜਿਮ ਇਕ ਬਾਵਨ ਚੰਦਨ
ਤੂਰ ਸੁਗੰਧਤਿ ਕਰਿ ਸਮੁਦਾਇ ॥੧੩॥
ਦੇਸ਼ ਬਿਦੇਸ਼ਨਿ ਮਹਿਂ ਨਿਜ ਦਾਸਨਿ
ਕਰਾਮਾਤ ਸਾਹਿਬ ਕਰਿ ਦੀਨ।
ਨਰਨਿ ਹਜ਼ਾਰਨਿ ਕੇ ਬਚ ਫੁਰਿ ਹੈਂ
ਸੁਰ ਆਦਿਕ ਸਭਿ ਕਰੇ ਅਧੀਨ।
ਜਿਮ ਆਇਸੁ ਕਰਿ ਦੇਤਿ ਸੁਭਾਇਕ
ਮਾਨਹਿਂ ਤਿਮ ਬਾਸੀ ਪੁਰ ਤੀਨ[4]।
ਸਿੱਖੀ ਜਹਿਂ ਕਹਿਂ ਬਹੁ ਬਿਸਤਾਰੀ,
ਬਿਸ਼ਿਯਨਿ ਬਿਸ ਤਾਰੀ ਦੁਖ ਹੀਨ[5]' ॥੧੪॥
ਇਸ ਤੇ ਆਦਿਕ ਕਰਤਿ ਪ੍ਰਸੰਸਾ
'ਹਮਰੇ ਪਿਤ ਪਰ[1] ਅਧਿਕ ਕ੍ਰਿਪਾਲ।

---

[1]ਮਨ ਵਿਚ ਜਾਣਕੇ।
[2]ਦਾਸ।
[3]ਮਨੂਰ ਨੂੰ ਸੋਨਾ।
[4]ਤਿੰਨਾਂ ਲੋਕਾਂ ਦੇ ਵਸਣੇ ਵਾਲੇ।
[5]ਵਿਸ਼ਿਆਂ ਰੂਪੀ ਜ਼ਹਿਰ ਉਤਾਰੀ ਤੇ ਦੁਖ ਦੂਰ ਕੀਤੇ (ਦਾਸਾਂ ਦੇ)।

ਪ੍ਰਿਯ ਪੁੱਤ੍ਰਨਿ ਤੇ ਆਦਿ ਤਜੇ ਸਭਿ
ਦਈ ਬਡਾਈ ਕਰੇ ਬਿਸਾਲ।
ਜਮ ਆਦਿਕ ਗਨ ਬਜਾਧਿ ਨਰਨਿ ਕੀ
ਨਿਜ ਪੁਰਿ ਤੇ ਬਰਜੇ ਦੁਖ ਜਾਲ।
ਕੌਨ ਕੌਨ ਗੁਨ ਤਿਨ ਕੇ ਭਨੀਅਹਿ
ਅੰਤ ਨ ਪੱਯਤਿ ਭਗਤਿ ਰਸਾਲ[2]' ॥੧੫॥
ਉਠੇ ਬਹੁਰ ਸ਼੍ਰੀ ਅਰਜਨ ਸਤਿਗੁਰੁ,
ਨਿਜ ਨਿਜ ਸਦਨ ਗਏ ਸਭਿ ਕੋਇ।
ਨਿਸਾ ਪਰੀ ਭੋਜਨ ਸ਼ੁਭ ਕਰਿ ਕੈ
ਸੁਠ ਪ੍ਰਯੰਕ ਪਰ ਪੌਢਤਿ ਸੋਇ।
ਪ੍ਰਾਤਕਾਲ ਕਰਿ ਸੌਚਿ ਸ਼ਨਾਨਹਿ
ਚਲਿਬੇ ਹੇਤ ਤਜਾਰ ਗੁਰੁ ਹੋਇ।
ਮਹਾਂਦੇਵ ਕੋ ਸੰਗ ਮਿਲਾਯਹਿ
ਚਹਤਿ ਜੁ ਦਰਸ ਸਾਥ ਭੇ ਸੋਇ ॥੧੬॥
ਨੰਦਨ ਹਰਿ ਗੋਵਿੰਦ ਰਿਪੁ ਕੰਦਨ,
ਚੰਦ ਮਨਿੰਦ ਬਿਲੰਦ ਦੁਲਾਰਿ।
ਦੇ ਧੀਰਜ ਬੀਰਜ ਜੁਤ ਸੁਤ ਕੋ[3],
ਹਾਥ ਬੰਦਿ ਤਿਨ ਬੰਦਨ ਧਾਰਿ।
ਹਟੇ ਨਿਕੇਤ ਸਮੇਤ ਸਿੱਖਜ ਗਨ,
ਸਤਿਗੁਰੁ ਗਮਨੇ ਪੰਥ ਮਝਾਰਿ।
ਦਾਸ ਮਸੰਦ ਬ੍ਰਿੰਦ ਸਿਖ ਸੰਗੀ
ਸੰਗ ਚਲੇ ਜੈਕਾਰ ਉਚਾਰਿ ॥੧੭॥
ਉਲੰਘੇ ਮਾਰਗ ਗਏ ਗ੍ਰਾਮ ਢਿਗ
ਨਾਮ ਖਡੂਰ ਗੁਰੂ ਇਸਥਾਨ[4]।
ਸੁਨਿ ਦਾਤੂ ਹਿਤ ਆਦਰ ਆਯੋ
ਲੇ ਨਿਜ ਸੰਗ ਪ੍ਰਵੇਸ਼ਨਿ ਠਾਨ।
ਡੇਰਾ ਕਰਵਾਇਸਿ ਸ਼ੁਭ ਘਰ ਮਹਿਂ
ਨੀਰ ਅਨਾਇ ਪਖਾਰੇ ਪਾਨ।

---

[1]ਭਾਵ ਸ਼੍ਰੀ ਗੁਰੂ ਰਾਮਦਾਸ ਜੀ ਪਰ।
[2]ਭਾਵ ਸ਼੍ਰੀ ਗੁਰੂ ਅਮਰਦਾਸ ਜੀ ਦਾ।
[3]ਬਲਵਾਨ ਪੁੱਤ੍ਰ ਨੂੰ।
[4]ਗੁਰੂ ਜੀ ਦੀ ਜਗਾ।

ਪਗ ਪਖਾਰ ਕਰਿ ਟਿਕੇ ਕਿਤਿਕ ਚਿਰ
ਸ੍ਰੀ ਅਰਜਨ ਹ੍ਵੈ ਕਰਿ ਸਵਧਾਨ ॥੧੮॥
ਲੇ ਦਾਤੂ ਸੰਗ ਸ੍ਰੀ ਅੰਗਦ ਥਲ
ਗਏ ਦਰਸ ਕਰਿਬੇ ਦਰਬਾਰਿ।
ਦਰਬ ਦੀਨਿ, ਅਰਦਾਸ ਕਰਾਇਸਿ,
ਹਾਥ ਜੋਰਿ ਠਾਂਢੇ ਅਗਵਾਰਿ।
ਬਹੁਤ ਪ੍ਰਸਾਦਿ ਤਹਾਂ ਬਰਤਾਇਸਿ,
ਨਮਸਕਾਰ ਕੀਨਸਿ ਹਿਤ ਧਾਰਿ।
ਦਈ ਪ੍ਰਕਰਮਾ ਚਾਰ ਬਾਰਿ ਫਿਰਿ
ਸਿਖ ਸੰਗਤਿ ਸਭਿ ਤਿਸੀ ਪ੍ਰਕਾਰਿ ॥੧੯॥
ਪੁਨਹ ਸਿਵਰ ਮਹਿਂ ਪਹੁੰਚੇ ਸਤਿਗੁਰੁ
ਦਾਤੂ ਸੇਵਾ ਸਰਬ ਕਰਾਇ।
ਨਿਸ ਸੁਪਤੇ ਉਠਿ ਪ੍ਰਾਤ ਚਲੇ ਗੁਰੁ
ਗੋਇੰਦਵਾਲ ਅਨੰਦ ਉਪਾਇ।
ਸੁਨਿ ਆਗਵਨੂ ਅਪਨੇ ਭਵਨੂ
ਦੁਸ਼ਮਨ ਦਵਨੂ[1] ਜੁਤ ਸਮੁਦਾਇ।
ਨਿਕਸਿ ਮੋਹਿਰੀ ਆਗੇ ਆਇ ਸੁ
ਮਿਲਯੋ ਰਿਦੇ ਬਹੁ ਪ੍ਰੇਮ ਬਧਾਇ ॥੨੦॥
ਪੁੱਤ੍ਰ ਆਦਿ ਪਰਵਾਰ ਅਗਾਰੀ
ਮਿਲਯੋ ਗੁਰੂ ਸੋਂ ਆਗੇ ਆਇ।
ਦੁਹਿ ਦਿਸ਼ਿ ਬੰਦਨ ਕਰੀ ਭਾਉ ਧਰਿ
ਕੁਸ਼ਲ ਪੂਛ ਕਰਿ ਸੁਖ ਕੋ ਪਾਇ।
ਸੁੰਦਰ ਮੰਦਿਰ ਬਿਖੈ ਉਤਾਰੇ
ਰੁਚਿਰ ਪ੍ਰਯੰਕ ਡਸਾਏ ਲਯਾਇ।
ਸਕਲ ਭਾਂਤਿ ਕੀ ਸੇਵਾ ਕੀਨਸਿ
ਖਾਨ ਪਾਨ ਆਦਿਕ ਸਮੁਦਾਇ ॥੨੧॥
ਨਿਸ ਮਹਿਂ ਸੁਪਤੇ, ਉਠੇ ਪ੍ਰਾਤ ਕੋ,
ਜਾਇ ਬਾਵਲੀ ਕੀਨਿ ਸ਼ਨਾਨ।
ਸਿਖ ਸੰਗਤਿ ਤੈਸੀ ਬਿਧਿ ਕਰਿ ਕੈ
ਪੁਨਹ ਚੁਬਾਰੇ ਦਰਸ਼ਨ ਠਾਨਿ।
ਸ੍ਰੀ ਗੁਰੁ ਅਮਰ ਅੰਸ ਸਭਿ ਮਿਲਿ ਕੈ

---

[1]ਭਾਵ ਗੁਰੂ ਜੀ।

ਕੀਨਸਿ ਚਰਚਾ ਆਤਮ ਗ੍ਯਾਨ।
ਭਨਜੋ, ਸੁਨਜੋ, ਮਨ ਗੁਨਜੋ ਭਲੇ ਕਰਿ,
ਸਭਿ ਮਹਿਂ ਭਯੋ ਅਨੰਦ ਮਹਾਨ ॥੨੨॥
ਕਿਤਿਕ ਦਿਵਸ ਬਸਿ ਪੁਰੀ ਬਿਤਾਇਸਿ
ਪੁਨ ਪੂਰਨਮਾਸ਼ੀ ਦਿਨ ਆਇ।
ਡੱਲੇ ਵਾਸੀ ਆਦਿਕ ਸਿਖ ਗਨ
ਭਯੋ ਮੇਲਿ ਆਏ ਸਮੁਦਾਇ।
ਘ੍ਰਿਤ, ਮਿਸ਼ਟਾਨ, ਚੂਨ ਗੋਧੁਮ ਕੋ,
ਸੂਖਮ ਚਾਵਰ ਸੂਪ[1] ਲਿਆਇ।
ਸੰਚੈ ਭਯੋ ਬ੍ਰਿੰਦ ਸਾਮਿੱਗ੍ਰੀ
ਦੇਗ ਹੋਤਿ ਸਿਧ ਸ੍ਵਾਦਿ ਰਸਾਇ[2] ॥੨੩॥
ਸਿੱਖਜ ਬ੍ਰਿੰਦ ਸੇਵਾ ਮਹਿਂ ਠਾਂਢੇ
ਕੋ ਜਲ ਆਨਹਿ ਈਂਧਨ ਜਾਲਿ।
ਭਯੋ ਅਹਾਰ ਸੁ ਤ੍ਯਾਰ ਅਨਿਕ ਬਿਧਿ
ਸਿਖ ਸੰਗਤਿ ਥਿਤ ਪੰਗਤ ਨਾਲਿ।
ਸ਼੍ਰੀ ਅਰਜਨ ਜਲ ਨਿਜ ਕਰ ਧਰਿ ਕੈ,
ਚਰਨ ਪਖਾਰੇ ਪ੍ਰੀਤ ਬਿਸਾਲਿ[*]।
ਮਹਾਂਦੇਵ, ਸੇਵਾ ਮਹੁਂ ਲਾਗੇ
ਬਰਤਾਵਹਿਂ ਬਹੁ ਅਸਨ ਰਸਾਲਿ ॥੨੪॥
ਮੋਹਨ, ਅਨੰਦ ਮੋਹਰੀ ਆਦਿ ਜਿ
ਸਭਿ ਸੰਗਤਿ ਕੀ ਸੇਵ ਕਰੰਤਿ।
'ਸ਼੍ਰੀ ਗੁਰੁ ਅਮਰਦਾਸ ਕੋ ਮਖ[3] ਹੈ'
ਇਮ ਕਹਿ ਸਗਰੇ ਟਹਿਲ ਚਹੰਤਿ।
ਕੇਤਿਕ ਅਚਤਿ ਕਿਤਿਕ ਬਰਤਾਵਤਿ
ਕੇਤਿਕ ਜਲ ਕੋ ਦੇਤਿ ਪਿਵੰਤਿ।
ਲੋਕ ਹਜ਼ਾਰਹੁਂ ਮੇਲਿ ਭਯੋ ਬਡ

---

[1]ਰਸੋਈ ਵਾਸਤੇ।
[2]ਤਿਆਰ ਹੁੰਦੀ ਹੈ। ਸੁਆਦਲੇ ਰਸਾਂ ਵਾਲੀ।
[*]ਇਹ ਕਦੇ ਹੋ ਨਹੀਂ ਸਕਦਾ ਕਿ ਕੋਈ ਸਿੱਖ ਗੁਰੂ ਜੀ ਦਾ ਹੱਥ ਆਪਣੇ ਚਰਣਾਂ ਨੂੰ ਲੱਗਣ ਦੇਵੇ। ਕਦੇ ਕਿਸੇ ਪੁੱਤ੍ਰ ਨੇ ਕਿਸੇ ਪੰਗਤ ਵਿਚ ਬਹਿਕੇ ਪਿਤਾ ਤੋਂ ਪੈਰ ਨਹੀਂ ਧੁਆਏ, ਇਹ ਕਦ ਹੋ ਸਕਦਾ ਹੈ ਕਿ ਪ੍ਰੀਤ ਤਾਰ ਪ੍ਰੋਤੇ ਅਦਬਾਂ ਸੁਆਰੇ ਸਿੱਖ ਗੁਰੂ ਜੀ ਦੇ ਕਰ ਕਮਲਾਂ ਅੱਗੇ ਆਪਣੇ ਪੈਰ ਕਰ ਦੇਣ। ਗੱਦੀ ਦੇਣ ਵੇਲੇ ਗੁਰੂ ਨਾਨਕ ਦੇਵ ਜੀ ਦੇ ਝੁਕਣ ਉੱਤੇ ਗੁਰੂ ਅੰਗਦ ਜੀ ਕੀਕੂੰ ਵ੍ਯਾਕੁਲ ਹੋਏ ਸਨ।
[3]ਯੱਗ।

ਅਧਿਕ ਕੁਲਾਹਲ ਸੁਨੇ ਸ਼ੁਭੰਤਿ ॥੨੫॥
ਭਾਉ ਭਗਤਿ ਬਹੁ ਸੰਗਤਿ ਪੰਗਤਿ
ਮੰਗਤਿ ਜੋ ਪੁਰਵਤਿ ਅਭਿਲਾਖ।
ਬਡ ਉਤਸਵ ਕਰਿ ਪੂਰਨਮਾਸ਼ੀ
ਅਸਨ ਖੁਵਾਇ ਖਾਇ ਕਰਿ ਕਾਂਖਿ।
ਭਯੋ ਪ੍ਰਮੋਦ ਸਭਿਨਿ ਕੇ ਮਾਂਹੀ
ਗੁਰੂ ਅਮਰ ਕੇ ਜਸੁ ਕੋ ਭਾਖਿ।
ਕਰਿ ਗੁਰ ਦਰਸ਼ਨ ਹਰਖਤਿ ਹ੍ਵੈ ਕਰਿ
ਬਹੁ ਨਰ ਮਿਲੇ ਭਉ ਚਿਤ ਰਾਖਿ ॥੨੬॥
ਇਮ ਪੂਰਨਮਾਸ਼ੀ ਕੋ ਮੇਲਾ
ਗੁਰੁ ਦਰਸ਼ਨ ਕਰਿ ਨਰ ਸਮੁਦਾਇ।
ਆਜ ਦਿਵਸ ਮਹਿਂ ਗੁਰੂ ਅਮਰ ਕੋ
ਦੇਖਨਿ ਕੇ[1] ਫਲ ਕੋ ਨਰ ਪਾਇ।
ਸਭਿ ਸੰਗਤਿ ਮਹਿਂ ਆਇ ਪ੍ਰਵੇਸ਼ਿਤ
ਮਹਾਂ ਮਹਾਤਮ ਕਹ੍ਯੋ ਨ ਜਾਇ।
ਗੁਰੁ ਜਸੁ ਕੋ ਇਮ ਉਚਰਤਿ ਗਮਨੇ
ਆਪੋ ਅਪਨੇ ਸਦਨ ਸਿਧਾਇ ॥੨੭॥

ਦੋਹਰਾ: ਮੇਲਾ ਭਯੋ ਸੁ ਬਿਛਰਗਾ, ਸ਼੍ਰੀ ਅਰਜਨ ਕਰਿ ਬਾਸ।
ਪੂਰਨਮਾ ਪੀਛੇ ਰਹੇ ਮੋਹਨ, ਮੁਹਰੀ ਪਾਸ ॥੨੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਗੋਇੰਦਵਾਲ ਗਮਨ' ਪ੍ਰਸੰਗ ਬਰਨਨੰ ਨਾਮ ਏਕ ਬਿੰਸਤੀ ਅੰਸੂ ॥੨੧॥

[1]ਦਰਸ਼ਨ ਕਰਨ ਦਾ।

੨੨. [ਮਹਾਂਦੇਵ ਜੀ ਦਾ ਪ੍ਰਲੋਕ ਗਮਨ]

੨੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੩

ਦੋਹਰਾ: ਪੂਰਨਮਾ ਕੇ ਜੱਗਜ ਮਹਿਂ, ਸਿਖ ਮੇਲਾ ਦਰਸਾਇ।
ਦਰਸ਼ਨ ਜਿਮ ਸ਼੍ਰੀ ਅਮਰ ਕੋ, ਫਲ ਤੈਸੇ ਨਰ ਪਾਇ ॥੧॥

ਸ੍ਵੈਯਾ ਛੰਦ: ਸ਼੍ਰੀ ਅਰਜਨ ਪੁਨ ਪੁਰਿ ਮਹਿਂ ਬਾਸੇ
ਹੋਤਿ ਭਯੋ ਅਤਿਸ਼ੈ ਸਤਿਸੰਗ।
ਨਿਤਪ੍ਰਤਿ ਚਰਚਾ ਆਤਮ ਕੇਰੀ
ਕਰਹਿਂ ਜਾਨਿ -ਇਹ ਤਨੁ ਛਿਨ ਭੰਗ-।
ਭਜਨ ਪਰਾਇਨਿ ਇਕ ਰਸ ਹ੍ਵੈ ਕਰਿ
ਪ੍ਰੀਤਿ ਵਧਹਿ ਪਰਮੇਸ਼ੁਰ ਸੰਗ।
ਸਭਿ ਕੋ ਉਪਦੇਸ਼ਤਿ ਮ੍ਰਿਦੁ ਬਾਕਨਿ
ਜਿਸ ਤੇ ਚਢਹਿ ਭਗਤਿ ਕੋ ਰੰਗ ॥੨॥
ਸਵਾ ਜਾਮ ਜਾਮਨਿ ਤੇ ਕਿਰਤਨੁ
ਕਰਹਿਂ ਰਬਾਬੀ ਸ਼ਬਦ ਉਚਾਰਿ।
ਸ਼੍ਰੀ ਅਰਜਨ ਜੁਤ ਮੁਹਰੀ ਆਦਿਕ
ਸੁਨੈ ਸਕਲ ਅਰੁ ਕਰਹਿਂ ਬਿਚਾਰ।
ਮਿੱਥਯਾ ਜਗਤ ਜਾਨਿ ਕਰਿ ਨਿਸ਼ਚੇ
ਅੰਤਰਬ੍ਰਿਤੀ ਕਰਹਿਂ ਸੁਖ ਕਾਰ।
ਮਨੋ ਮਹਾਂ ਮੁਨਿ ਮਨ ਸੁਧ ਕਰਿਬੇ
ਕਪਲ ਰਿਖੀ ਜੁਤ ਕੇ ਅਨੁਹਾਰ[1] ॥੩॥
ਦੇਖਿ ਪ੍ਰਤਾਪ ਅਨੁਜ ਕੋ ਤਬਿਹੀ
ਜਿਨਕੇ ਉਪਦੇਸ਼ਤਿ ਹੁਇ ਗਜਾਨੁ।
ਭ੍ਰਾਤ ਸਬੰਧ ਜਾਨਿ ਕਰਿ ਕੂਰੋ
ਮਹਾਂਦੇਵ ਸ਼ਰਧਾਲੁ ਮਹਾਨ।
ਤਨ ਤਜਿਬੇ ਕੋ ਸਮੈਂ ਨਿਕਟ ਲਖਿ
ਜਨਮ ਸਫਲਤਾ ਚਹਿ ਮਨ ਮਾਨਿ।
ਸ਼੍ਰੀ ਅਰਜਨ ਕੋ ਲਖਿ ਇਕਾਂਤ ਮਹਿਂ
ਗਯੋ ਸਮੀਪ ਬੈਠਿ ਹਿਤ ਠਾਨਿ ॥੪॥
'ਸ਼੍ਰੀ ਸਤਿਗੁਰੂ ਕੀ ਗਾਦੀ ਪਰ ਤੁਮ
ਈਸ਼ੁਰ ਕੇ ਸਰੂਪ ਅਵਤਾਰ।
ਮੈਂ ਭ੍ਰਾਤਾ ਹੀ ਜਾਨਤਿ ਨਿਤ ਚਿਤ,

---

[1] ਵਾਂਙੂ।

ਅਬਿ ਬਖਸ਼ੋ ਤੁਮ ਰਿਦਾ ਉਦਾਰ।
ਉਪਦੇਸ਼ਹੁ ਇਹੁ ਆਤਮ ਕੋ ਹੈ[1],
ਕਿਮ ਬੰਧਨ ਮੈਂ ਦੁਖ ਗਨ ਧਾਰਿ?
ਕਿਮ ਸੁਖ ਲਹੈ, ਦਹੈ ਜਗ ਸੰਕਟ,
ਮੋਹਿ ਸੁਨਾਵਹੁ ਭਲੀ ਪ੍ਰਕਾਰ' ॥੫॥
ਸ੍ਰੀ ਅਰਜਨ ਸ਼ਰਧਾਲੁ ਭ੍ਰਾਤ ਲਖਿ
ਅਰੁ ਜਾਨਜੋ ਤਨੁ ਤਜਿਬੇ ਕਾਲ।
-ਉੱਤਮ ਅਧਿਕਾਰੀ, ਲਘੁ ਕਹਿਬੇ[2]
ਸਮਝਹਿਗੋ ਬ੍ਰਹਮਗਜਾਨ ਬਿਸਾਲ-।
ਕਰਨਿ ਲਗੇ ਉਪਦੇਸ਼ ਮ੍ਰਿਦੁਲ ਬਚ
ਭ੍ਰਾਤ! ਸੁਨਹੁ ਇਹ ਬਾਤ ਸੁਖਾਲ।
ਆਪਹਿ ਬੰਧਨ ਲਹਿ ਦੁਖ ਭੋਗਤਿ
ਸ੍ਰੀ ਨਾਨਕ ਕਹਿ ਗਿਰਾ ਰਸਾਲ ॥੬॥

ਸ੍ਰੀ ਮੁਖਵਾਕ:

ਸਲੋਕ ਮਃ ੧ ॥
ਨਾਨਕ ਇਹੁ ਤਨੁ ਜਾਲਿ ਜਿਨਿ ਜਲਿਐ ਨਾਮੁ ਵਿਸਾਰਿਆ ॥
ਪਉਦੀ ਜਾਇ ਪਰਾਲਿ ਪਿਛੈ ਹਥੁ ਨ ਅੰਬੜੈ ਤਿਤੁ ਨਿਵੰਧੈ ਤਾਲਿ ॥੧॥*

ਸ੍ਰੈਯਾ ਛੰਦ: ਪ੍ਰਥਮ ਕੁਬੰਧਨ[1] ਪਰਜੋ ਸੁਨਹੁ ਸੋ

---

[1]ਕੀਹ ਹੈ।
[2]ਥੋੜਾ ਹੀ ਕਹਿਣ ਨਾਲ।
*ਗਜਾਨੀ ਇਸ ਸ਼ਲੋਕ ਦਾ ਅਰਥ ਇਉਂ ਕਰਦੇ ਹਨ:-
ਇਸ ਸ਼ਰੀਰ ਨੂੰ ਸਾੜ ਜਿਸ ਸੜੇ ਹੋਏ ਨੇ ਨਾਮ ਭੁਲਾ ਦਿੱਤਾ ਹੈ, ਪਰਾਲੀ ਉੱਤੇ ਪੈਂਦੀ ਜਾਂਦੀ ਹੈ, ਪਿਛੋਂ ਉਸ ਨੀਵੇਂ ਤਾਲ ਵਿਚ ਹੱਥ ਨਹੀਂ ਪਹੁੰਚ ਸਕੇਗਾ। ਭਾਵ ਦੇਹ ਅਭਿਮਾਨ ਨੂੰ ਗਜਾਨ ਅਗਨੀ ਨਾਲ ਸਾੜ ਦੇਹ, ਜਿਸ ਤ੍ਰਿਸ਼ਨਾ ਨਾਲ ਸੜੇ ਹੋਏ ਨੇ ਨਾਮ ਵਿਸਾਰ ਦਿੱਤਾ ਹੈ, ਉਸ ਰਿਦੇ ਰੂਪੀ ਨੀਵੇਂ ਤਲਾ ਵਿਚ ਪ੍ਰਾਲੀ, ਮੈਲ ਪੈ ਰਹੀ ਹੈ ਤਾਂਤੇ ਪਹਿਲਾਂ ਹੀ ਆਤਮ ਵਸਤੂ ਨੂੰ ਕੱਢ ਲੈ (ਜਾਣ ਲੈ)। ਜਦ ਓਥੇ ਬਹੁਤ ਮੈਲ ਹੋ ਗਈ ਤਾਂ ਬੁੱਧੀ ਰੂਪੀ ਹੱਥ ਉਥੇ ਨਹੀਂ ਅਪੜੇਗਾ। ਪਰ ਭਾਈ ਸੰਤੋਖ ਸਿੰਘ ਜੀ ਨੇ ਅਰਥ ਭਾਵ ਐਉਂ ਲਾਇਆ ਹੈ-ਆਤਮ ਇਕ ਤਲਾਉ ਦੇ ਸਮਾਨ ਹੈ, ਇਸ ਨੇ ਤਨ ਹੰਤਾ ਧਾਰਨ ਕੀਤਾ ਹੈ ਕਿ ਇਹ ਤਨ ਮੈਂ ਹਾਂ, ਮੈਂ ਅਮਕ ਹਾਂ ਢਮਕ ਹਾਂ, ਇਹ ਇਸ ਤਲਾ ਉੱਤੇ ਜਾਲਾ ਆ ਗਿਆ ਹੈ, ਪਾਣੀ ਉੱਤੇ ਬੂਰ ਕਾਈ ਜੋ ਹੋ ਜਾਵੇ ਸੋ ਜਾਲਾ ਕਹੀਦਾ ਹੈ। ਜਾਲਾ ਜਿਵੇਂ ਪਾਣੀ ਦੇ ਸ਼ੁੱਧ ਰੂਪ ਨੂੰ ਛਾਦ ਲੈਂਦਾ ਹੈ ਤਿਵੇਂ ਤਨਹੰਤਾ ਨੇ ਆਪਣੇ ਸਰੂਪ ਆਤਮਾ ਨੂੰ ਛਾਦ ਲਿਆ ਹੈ, ਜਦੋਂ ਇਹ ਤਨ ਹੰਤਾ ਧਾਰਨ ਕੀਤਾ ਤਦੋਂ ਇਸ ਨੇ ਨਾਮ ਭੁਲਾ ਦਿੱਤਾ, ਨਾਮ ਦਾ ਅਰਥ ਏਥੇ ਕਵਿ ਜੀ-ਅਹੰ ਬ੍ਰਹਮ-ਕਰਦੇ ਹਨ। 'ਜਲਿਐ' ਦਾ ਆਪ ਅਰਥ ਕਰਦੇ ਹਨ, ਇਸ ਅਛਾਦਨ ਹੋਏ ਨੇ। ਪਰਾਲ = ਪ੍ਰਾਲੀ = ਘਾਸ ਫੂਸ। ਉਸ ਜਾਲੇ ਉੱਤੇ ਘਾਸ ਫੂਸ ਜਮਾਂ ਹੋਕੇ ਸਾਰਾ ਤਲਾ ਅਟ ਜਾਂਦਾ ਹੈ ਇਸ ਤੋਂ ਕਵਿ ਜੀ ਭਾਵ ਲੈਂਦੇ ਹਨ ਮਮਤਾ ਦਾ, ਕਿ ਤਨਹੰਤਾ ਪਰ ਮਮਤਾ ਦਾ ਘਾਸਫੂਸ ਪੈ ਗਿਆ ਕਿ ਇਹ ਮੇਰਾ ਘਰ ਹੈ ਇਹ ਮੇਰੀ ਇਸਤ੍ਰੀ ਹੈ ਇਹ ਮੇਰਾ ਪੁੱਤ੍ਰ ਹੈ। ਤਨਹੰਤਾ ਤੇ ਮਮਤਾ, ਯਾ ਕਹੋ ਕਿ 'ਮੈਂ ਮੇਰੀ' ਦਾ ਪਰਦਾ ਹੁਣ ਮੋਟਾ ਹੋ ਗਿਆ ਹੈ। ਹੁਣ ਬ੍ਰਿਤੀ ਇਸ ਨੂੰ ਫਾੜਕੇ ਜਲ ਤਾਈਂ ਭਾਵ ਆਤਮ ਤੱਤ ਵਸਤੂ ਤਾਈਂ ਅਪੜਦੀ ਨਹੀਂ, ਏਹ ਦੋਵੇਂ ਦੁਖ ਤੇ ਦਾਤੇ ਹਨ। ਬ੍ਰਿਤੀ ਤੋਂ ਬਾਹਰਮੁਖੀ ਵਾਸ਼ਨਾ ਉਠਦੀਆਂ ਹਨ, ਉਹ ਜਨਮ ਮਰਣ ਦੀਆਂ ਦਾਤੀਆਂ ਹਨ। ਜੇ ਤਨਹੰਤਾ ਤੇ ਮਮਤਾ ਤਜਾਗ ਦੇਵੇ ਤਾਂ ਆਤਮਾ ਨੂੰ ਲਖ ਲੈਂਦਾ ਹੈ।

ਅਹੈ ਆਤਮਾ ਤਾਲ ਸਮਾਨ।
ਤਨੁ ਹੰਤਾ ਧਾਰਨਿ ਇਨ ਕੀਨੀ
ਮੈ ਦਿਜ ਖ਼ੱਤ੍ਰੀ ਬੈਸ[2] ਸੁਜਾਨ।
ਇੱਤਜਾਦਿਕ ਤਨ ਅਪਨਿ ਰੂਪ ਲਖਿ
ਭਯੋ ਜਾਲਿ ਹਰਿਆਵਲਿ[3] ਆਨਿ।
ਜਲ ਕੋ ਕਰਜੋ ਅਛਾਦਨ ਜੈਸੇ
ਤਿਮ ਸਰੂਪ ਨਿਜ ਛਾਦਨਿ ਠਾਨਿ ॥੭॥
ਅਹੰ ਬ੍ਰਹਮ ਇਹ ਨਾਮ ਬਿਸਾਰਜੋ
ਤਨੁ ਹੰਤਾ ਜਬਿ ਧਾਰਨਿ ਕੀਨਿ।
ਪਨਹੁ ਪਰਾਲ ਘਾਸ ਅਰੁ ਫੂਸ ਜੁ
ਪਰਜੋ ਜਾਲ[4] ਪਰਿ ਭਾ ਬਹੁ ਪੀਨ[5]।
ਤਿਮਿ ਹੰਤਾ ਪਰ ਮਮਤਾ ਉਪਜੀ
ਮਮ ਸੁਤ, ਮਮ ਗ੍ਰਿਹ, ਤ੍ਰਿਯ, ਧਨ ਚੀਨ।
ਜਲ ਸਮ ਆਤਮ ਅਧਿਕ ਅਛਾਦਜੋ
ਪਰਦਾ ਮੋਟੋ ਭਯੋ ਨਵੀਨ ॥੮॥
ਬ੍ਰਿੱਤਿ ਨ ਪਹੁੰਚੈ ਇਨ ਦੁਇ ਕੋ ਤਜਿ
ਫਸਜੋ ਇਨਹੁਂ ਮਹੁਂ, ਜਾਨੈ ਨਾਂਹਿ।
ਜਬਿ ਸਤਿਗੁਰੁ ਉਪਦੇਸ਼ ਜਤਨ ਕੋ[6]
ਜਲ ਆਤਮ ਪ੍ਰਾਪਤਿ ਨਿਜ ਮਾਂਹਿ।
ਇਨ ਦੋਨਹੁਂ ਤੇ ਦੁਖ ਕੋ ਭੋਗਹਿ
ਅਤਿ ਦੁਖ ਕੋ ਸੁਖ ਲਖਿ ਚਿਤ ਚਾਹਿ।
ਵਹਿਰ ਬ੍ਰਿਤਿ ਤੇ ਉਠਹਿ ਵਾਸ਼ਨਾ
ਤਿਨ ਅਨੁਸਾਰ ਜਨਮ ਕੋ ਪਾਹਿ ॥੯॥
ਇਹ ਪਰਦੋ ਤਨੁਹੰਤਾ ਮਮਤਾ
ਤਜਾਗੇ ਤੇ ਆਤਮ ਲਖਿ ਲੇਤਿ।
ਮਨ ਕੋ ਇੰਦ੍ਰਯ ਸੰਗਿ ਸਬੰਧ ਜੁ[7]

---

[1]ਖੋਟੇ ਬੰਧਨਾਂ ਵਿਖੇ।
[2]ਵੈਸ਼।
[3]ਹਰਿਆਵਲ ਦਾ ਜਾਲਾ।
[4]ਜਾਲਾ, ਕਾਈ।
[5]ਗਾਹੜਾ।
[6]ਕੋਈ ਜਤਨ (ਦੱਸਦੇ ਹਨ)।
[7]ਮਨ ਦਾ ਇੰਦ੍ਰੀਆਂ ਨਾਲ ਜੋ ਸਬੰਧ ਹੈ।

ਇਹ ਬੰਧਨ ਅਤਿਸ਼ੈ ਦੁਖ ਦੇਤਿ।
ਇੰਦ੍ਰਯ ਤੇ ਹਟਿ ਕਰਿ ਹੁਇ ਫਿਰ ਜਬਿ
ਟਿਕ ਜਾਵੈ ਮਨ ਰਿਦੇ ਨਿਕੇਤਿ।
ਸੋ ਮੁਕਤੀ ਹੈ ਸੁਖਦ ਪਰਮਗਤਿ
ਕਹਤਿ ਸੰਤ ਸਭਿ ਬੇਦ ਸਮੇਤਿ ॥੧੦॥
ਬੁਧਿ ਤੇ ਗੇਯ[1] ਆਤਮਾ ਬ੍ਰਹਮ ਜੁ
ਨਹਿਂ ਕਿਸ ਇੰਦ੍ਰੀ ਬਿਸ਼ਯ ਬਿਚਾਰ।
ਗਜਾਤਾ ਪਾਇ ਅਨੰਦ ਉਦਧਿ ਕੀ
ਤਤਛਿਨ ਮਿਲਹੈ ਤਾਂਹਿ ਮਝਾਰ।
ਨਹੀਂ ਬਾਸ਼ਨਾ ਉਠਹਿ ਬਹੁਰ ਕਬਿ
ਜਨਮ ਮਰਨ ਨਹਿਂ ਹੁਇ ਸੰਸਾਰ।
ਸਾਰਿ ਅਸਾਰ ਬਿਚਾਰ[2] ਧਾਰ ਕਰਿ
ਸਾਰ ਗਹੈ ਸਭਿ ਤਜਾਗ ਅਸਾਰ ॥੧੧॥
ਅੰਤਰ ਬ੍ਰਿਤੀ ਹੋਇ ਕਰਿ ਜਾਨਹੁ,
ਵਹਿਰ ਨਹੀਂ ਕੁਛ, ਸਭਿ ਇਸ ਮਾਂਹਿ।'
ਮਹਾਂਦੇਵ ਸੁਨਿ ਦ੍ਰਿਗ ਜੁਗ ਮੁੰਦੇ
ਅੰਤਰਿ ਬ੍ਰਿਤਿ ਤੇ ਵਹਿਰ ਨ ਆਹਿ।
ਤਤਛਿਨ ਲਗੀ ਸਮਾਧਿ ਅਚਲਿ ਚਿਤ
ਰਸ ਕੋ ਪਾਇ ਤਜਤਿ ਸੋ ਨਾਂਹਿ।
ਬੀਤ ਗਏ ਜੁਗ ਜਾਮ ਖਿਰਜੋ ਜਬਿ
ਸ੍ਰੀ ਅਰਜਨ ਤਬਿ ਗਹਿ ਕਰਿ ਬਾਂਹਿ ॥੧੨॥
'ਧੰਨ ਬ੍ਰਿੱਤਿ ਤੁਮਰੀ ਗੁਰੁ ਸੁਤ ਹੋ,
ਕਹੇ ਤਨਕ ਤੇ[3] ਉਪਜਜੋ ਗਜਾਨੁ।
ਲਹਹੁ ਸਮਾਧਿ ਵਹਿਰ ਕੀ ਅਬਿ ਤੁਮ
ਜਗਤ ਆਪਨੋ ਰੂਪ ਪਛਾਨ।
ਬ੍ਰਹਮ ਸੁ ਦੀਸਹਿ ਬ੍ਰਹਮ ਸੁ ਸੁਨੀਯੈ
ਤਿਸ ਬਿਨ ਊਨ ਨਹੀ ਕੋ ਥਾਨ।
ਜਾਗਤਿ ਸੁਪਤਿ ਉਠਤਿ ਅਰੁ ਬੈਠਤਿ
ਫਿਰਤਿ ਸਥਿਤਿ ਇਕ ਰਸ ਬ੍ਰਿਤਿ ਠਾਨਿ' ॥੧੩॥

---

[1] ਜਾਣਨ ਯੋਗ।
[2] ਸਤਿ, ਅਸਤਿ ਦਾ ਵਿਚਾਰ।
[3] ਥੋੜਾ ਕਹਿਣ ਤੇ।

ਦ੍ਰਿਗ ਉਘਾਰ ਕਰਿ ਅਨੁਜ ਬਿਲੋਕਯੋ
ਮਹਿਮਾ ਮਹਾਂ ਜਾਨਿ ਸੁਖ ਪਾਇ।
ਨਿਸ ਬਾਸੁਰ ਕੀ ਮਹਾਂ ਸਮਾਧੀ
ਸੋ ਸਭਿ ਜਾਨੀ ਇਕ ਰਸ ਭਾਇ।
ਏਕ ਆਤਮਾ ਪੂਰਨ ਨਭ ਸਮ,
ਅੰਤਰ ਵਹਿਰ ਬ੍ਰਹਮ ਦ੍ਰਿਸ਼ਟਾਇ।
ਨਮਸਕਾਰ ਕਰਿ ਉਠਤਿ ਭਯੋ ਤਬਿ
'ਕਹਾਂ ਭਯੋ ਇਹ' ਚਿਤ ਬਿਸਮਾਇ ॥੧੪॥
ਰਾਗ ਨ ਦ੍ਵੈਸ਼ ਨ ਮੋਹ ਨ ਮਾਯਾ
ਪਰਦਾ[1] ਮਿਟਯੋ, ਪਛਾਨਯੋ ਏਕ।
ਇਕ ਦੁਇ ਦਿਨ ਪੁਨ ਬਸੇ ਤਿਸੀ ਪੁਰਿ
ਅਤਿ ਸੁਖ ਪਾਇਸਿ ਪਰਮ ਬਿਬੇਕ[2]।
ਤਬਿ ਸ਼੍ਰੀ ਅਰਜਨ ਗਿਰਾ ਬਖਾਨੀ
'ਸੁਨਹੁ ਭ੍ਰਾਤ! ਤਨ ਤਜਿਬੇ ਟੇਕ[3]।
ਦੋਇ ਦਿਵਸ ਮਹਿਂ ਪ੍ਰਾਨਨਿ ਤਜਾਗਹੁ,
ਬਸਹਿਂ ਇਹਾਂ, ਹਹਿਂ ਸਿੱਖਜ ਅਨੇਕ ॥੧੫॥
ਸ਼੍ਰੀ ਗੁਰੁ ਅਮਰ ਅੰਸ ਹੈ ਇਹ ਠਾਂ
ਪਿਤ[4], ਨਾਨੇ[5] ਤਨੁ ਤਜਾਗਨਿ ਥਾਨ।
ਜਯੋਂ ਗਜ ਫੂਲ ਮਾਲ ਕੋ ਡਾਰੇ,
ਤਿਮ ਤੁਮ ਤਜੋ ਦੇਹਿ ਸੁਖ ਮਾਨਿ।'
ਸੁਨਤਿ ਪ੍ਰਫੁੱਲਿਤਿ ਮਹਾਂਦੇਵ ਭਾ
'ਅਬਿ ਕੁਛ ਕਰਨੋ ਰਹਯੋ ਨ ਜਾਨ।
ਨਹਿਂ ਚਿੰਤਾ ਤਨ ਰਾਖਨਿ ਤਜਾਗਨਿ,
ਹੋਹਿ ਭਲੇ ਗਤਿ ਕਰਮਨਿ ਠਾਨਿ[6] ॥੧੬॥
ਮੈਂ ਨਿਤ ਅਮਰ, ਨ ਜਨਮ ਨ ਮਰਨੋ,
ਮਿੱਥਜਾ ਦੇਹ ਨ ਥਿਰਤਾ ਪਾਇ।
ਇਮ ਕਹਿ ਰਹਯੋ ਅਨੰਦਤਿ ਅਤਿਸ਼ੈ

---

[1]ਭਾਵ ਭਰਮ ਦਾ ਪਰਦਾ।
[2]ਗਿਆਨ ਦਾ।
[3]ਸਰੀਰ ਨੇ ਕਿੰਨਾ ਕੁ ਟਿਕਣਾ ਹੈ ਕਦੋਂ ਕੁ ਛੁੱਟਣਾ ਹੈ।
[4]ਭਾਵ ਸ਼੍ਰੀ ਗੁਰੂ ਰਾਮਦਾਸ ਜੀ।
[5]ਭਾਵ ਸ਼੍ਰੀ ਗੁਰੂ ਅਮਰਦਾਸ ਜੀ।
[6](ਆਪ ਦੀ) ਬਖਸ਼ਸ਼ ਕਰਕੇ। (ਅ) ਕਰਮ ਗਤੀ ਅਨੁਸਾਰ ਜੋ ਹੋਏ ਸੋ ਭਲਾ ਹੈ।

ਭ੍ਰਮ ਅੱਗਜਾਨ ਸਮੇਤਿ ਬਿਹਾਇ।
ਬੀਤ ਗਏ ਦਿਨ, ਸਮਾਂ ਸੁ ਆਯੋ
ਜਾਨਯੋ ਤਨ ਕੋ ਤਜਨਿ ਸੁਭਾਇ[1]।
ਸ੍ਰੀ ਅਰਜਨ ਢਿਗ ਹ੍ਵੈ ਕਰਿ ਪੌਢਯੋ
ਕਹਯੋ 'ਪ੍ਰਾਨ ਅਬਿ ਮੇਰੋ ਜਾਇ' ॥੧੭॥
ਤਬਿ ਸਤਿਗੁਰੁ ਪਰਵਾਰ ਸਹਤ ਕੋ
ਮੁਹਰੀ ਤਤਛਿਨ ਲੀਨਿ ਬੁਲਾਇ।
ਸੰਸਰਾਮ ਜਿਹ ਸਾਥ ਅਰਥਮਲ
ਸਿਖ ਸੰਗਤਿ ਆਨੰਦ ਸੁ ਆਇ।
ਸੱਤਾ ਅਰੁ ਬਲਵੰਡ ਬੁਲਾਏ
'ਕਰਹੁ ਕੀਰਤਨ' ਬਚ ਫੁਰਮਾਇ।
ਭਈ ਭੀਰ ਧੁਨਿ ਉਠੀ ਸ਼ਬਦ ਕੀ
ਸੁਨਿ ਬੈਰਾਗ ਸਭਿਨਿ ਉਪਜਾਇ ॥੧੮॥
ਮਹਾਂਦੇਵ ਸਭਿਹਿਨਿ ਕੋ ਪਿਖਿ ਕਰਿ
ਕਰ ਕੋ ਜੋਰਿ ਬੰਦਨਾ ਕੀਨ।
'ਛਿਮਹੁ ਸਰਬ ਹੀ ਜੇ ਮਮ ਅਵਗੁਨ
ਸਤਿ ਸੰਗਤਿ ਗੁਰ ਸਿੱਖਜ ਪ੍ਰਬੀਨ!
ਦੇਹੁ ਸਕਲ ਬਰ, ਮਨ ਲਹਿ ਥਿਰੁ ਉਰ
ਪਰਮੇਸ਼ੁਰ ਮੈਂ ਹੋਵਸਿ ਲੀਨ।'
ਸੁਨਿ ਕਰਿ ਸਭਿਨਿ ਨਮੋ ਤਿਸ ਕੋ ਕਰਿ,
ਅੱਸ਼੍ਰੁ ਭਰੇ ਦ੍ਰਿਗ ਤਨੁ ਤਜਿ ਚੀਨ[2] ॥੧੯॥
ਪੌਢਯੋ ਪਾਇ ਬਦਨ ਪਰ ਅੰਬਰ,
ਤਤਛਿਨ ਤਨ ਤਜਿ ਸਭਿਨਿ ਮਝਾਰ।
ਲੀਨ ਭਯੋ ਸ੍ਰੀ ਅਰਜਨ ਮਹਿਂ ਤਬਿ
ਲਹੀ ਏਕਤਾ ਗਤੀ ਉਦਾਰ।
'ਧੰਨਜ ਧੰਨਜ' ਮੁਖ ਕਰਹਿਂ ਉਚਾਰਨਿ
ਉਸਤਤਿ ਸੁਜਸੁ ਭਨਤਿ ਬਹੁ ਬਾਰ।
ਸੱਤਿਨਾਮ ਸਿਮਰਹਿਂ ਬੈਰਾਗਹਿਂ
'ਇਹ ਜਗ ਸਗਰੋ ਦੀਸਤਿ ਛਾਰ[3]' ॥੨੦॥

---

[1]ਸੁਭਾਵਕ ਹੀ।
[2]ਤਿਆਗਣਾ ਜਾਣਕੇ।
[3]ਖੇਹ ਰੂਪ।

ਸਸਿਕਾਰਿਨਿ ਕੀ ਬਿਧਿ ਸਭਿ ਕੀਨਸਿ
ਜਲ ਬਾਪੀ ਤੇ ਤਾਂਹਿ ਸ਼ਨਾਨ।
ਸੁੰਦਰ ਬਸਤ੍ਰ ਸਰਬ ਪਹਿਰਾਇਵ
ਬਹੁ ਧਨ ਤੇ ਬਨਵਾਇ ਬਿਬਾਨ।
ਚਹੁੰਦਿਸਿ ਮਹਿਂ ਸੁਮਨਸਿ[1] ਲਰਕਾਇਸਿ
ਪਾਇ ਦੁਸ਼ਾਲਾ ਮੋਲ ਮਹਾਨ।
ਗਨ ਚੰਦਨ ਅਰੁ ਸੰਚੈ ਕਾਸ਼ਟ
ਤੀਰ ਬਿਪਾਸਾ ਡਾਰੇ ਆਨਿ ॥੨੧॥
ਸ਼੍ਰੀ ਅਰਜਨ ਅਰੁ ਸੰਗ ਮੋਹਰੀ,
ਬ੍ਰਿਧ, ਗੁਰਦਾਸ ਆਦਿ ਸਮੁਦਾਇ।
ਕੰਧ ਉਠਾਇ ਚਲੇ ਪੁਰਿ ਬਾਹਿਰ
ਧੁਨਿ ਸੰਖਨਿ ਕੀ ਅਧਿਕ ਬਜਾਇ।
ਚਮਰ ਢੁਰਾਵਤਿ ਜਾਤਿ ਬ੍ਰਿੰਦ ਨਰ
ਤੀਰ ਬਿਪਾਸਾ ਸੁੰਦਰ ਥਾਇਂ।
ਚਿਨਿ ਕਰਿ ਚਿਤਾ ਸੁ ਚੰਦਨ ਗਨ ਤੇ
ਊਪਰ ਦੇਹਿ ਧਰਜੋ ਉਚਵਾਇ ॥੨੨॥
ਸ਼੍ਰੀ ਅਰਜਨ ਕਰ ਲੀਨਿ ਅਗਨਿ ਤਬਿ
ਨਰ ਅਨੁਸਾਰ[2] ਰੁਦਨ[*] ਕੋ ਠਾਨਿ।
ਕੀਨਿ ਲਗਾਵਨਿ ਊਚੇ ਰੋਦਤਿ[*]
ਦਿਖਿ ਸਭਿ ਹੀ ਕੇ ਅੱਸ਼੍ਰ ਚੁਚਾਨਿ।
ਬ੍ਰਿਧ ਨੇ ਸਭਿ ਸਮੁਝਾਏ ਕਹਿ ਕਹਿ

---

[1]ਫੂਲ ਮਾਲ।

[2]ਸੰਸਾਰੀ ਪੁਰਸ਼ਾਂ ਵਾਂਙੂੰ।

[*]ਜੋ ਉਪਦੇਸ਼ ਸਤਿਗੁਰਾਂ ਨੇ ਮਹਾਂਦੇਵ ਜੀ ਨੂੰ ਦਿੱਤਾ ਹੈ, ਉਸ ਉਪਦੇਸ਼ ਦਾ ਦਾਤਾ ਕਦੇ ਐਉਂ ਨਹੀਂ ਰੋ ਸਕਦਾ ਤੇ ਫੇਰ ਮਨੁੱਖਾਂ ਵਾਂਙੂ ਬਨਾਵਟ ਕਰਕੇ, ਇਹ ਅਣਹੋਣੀ ਬਾਤ ਹੈ। ਕਵਿ ਜੀ ਈਸ਼੍ਵਰ ਕੋਟੀ ਦੇ ਮਨੁੱਖ ਨਾਟ ਪੂਰਾ ਕਰਨ ਦਾ ਨਕਸ਼ਾ ਬੰਨ੍ਹ ਰਹੇ ਹਨ, ਵਾਕਿਆ ਬਿਆਨ ਨਹੀਂ ਕਰ ਰਹੇ। ਹਾਂ ਜੇ ਨਿਸ਼ਕਾਮ ਪ੍ਰੇਮ ਵਿਚ ਅੱਥਰੂ ਆ ਗਏ ਤਾਂ ਇਹ ਕਮਜ਼ੋਰੀ ਬੀ ਨਹੀ, ਯਥਾ ਮਹਾਂ ਵਾਕ:-ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥ [ਵਡਹੰਸ ਮਃ ੧] ਹੋਰ ਮ੍ਰਿਤਕ ਕ੍ਰਿਆ ਦੀਆਂ ਰਸਮਾਂ ਪਰ ਕਵਿ ਜੀ ਆਪ ਦੱਸ ਆਏ ਹਨ ਕਿ ਗੁਰੂ ਘਰ ਦੀ ਮਿਰਯਾਦਾ ਅਰਦਾਸ ਦੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

[*]ਜੋ ਉਪਦੇਸ਼ ਸਤਿਗੁਰਾਂ ਨੇ ਮਹਾਂਦੇਵ ਜੀ ਨੂੰ ਦਿੱਤਾ ਹੈ, ਉਸ ਉਪਦੇਸ਼ ਦਾ ਦਾਤਾ ਕਦੇ ਐਉਂ ਨਹੀਂ ਰੋ ਸਕਦਾ ਤੇ ਫੇਰ ਮਨੁੱਖਾਂ ਵਾਂਙੂ ਬਨਾਵਟ ਕਰਕੇ, ਇਹ ਅਣਹੋਣੀ ਬਾਤ ਹੈ। ਕਵਿ ਜੀ ਈਸ਼੍ਵਰ ਕੋਟੀ ਦੇ ਮਨੁੱਖ ਨਾਟ ਪੂਰਾ ਕਰਨ ਦਾ ਨਕਸ਼ਾ ਬੰਨ੍ਹ ਰਹੇ ਹਨ, ਵਾਕਿਆ ਬਿਆਨ ਨਹੀਂ ਕਰ ਰਹੇ। ਹਾਂ ਜੇ ਨਿਸ਼ਕਾਮ ਪ੍ਰੇਮ ਵਿਚ ਅੱਥਰੂ ਆ ਗਏ ਤਾਂ ਇਹ ਕਮਜ਼ੋਰੀ ਬੀ ਨਹੀ, ਯਥਾ ਮਹਾਂ ਵਾਕ:-ਨਾਨਕ ਰੁੰਨਾ ਬਾਬਾ ਜਾਣੀਐ ਜੇ ਰੋਵੈ ਲਾਇ ਪਿਆਰੋ॥ [ਵਡਹੰਸ ਮਃ ੧] ਹੋਰ ਮ੍ਰਿਤਕ ਕ੍ਰਿਆ ਦੀਆਂ ਰਸਮਾਂ ਪਰ ਕਵਿ ਜੀ ਆਪ ਦੱਸ ਆਏ ਹਨ ਕਿ ਗੁਰੂ ਘਰ ਦੀ ਮਿਰਯਾਦਾ ਅਰਦਾਸ ਦੀ ਹੈ। ਵਿਸ਼ੇਸ਼ ਲਈ ਦੇਖੋ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ।

'ਕਰਹੁ ਨ ਸ਼ੋਕ ਇਹੀ ਮਗ ਜਾਨਿ[1]।
ਮਿਥ੍ਯਾ ਤਨ ਹੈਂ ਬਿਨਸਨਿ ਹਾਰੇ,
ਮੇਲਿ ਬਨ੍ਯੋ ਜਲ ਨਾਉ ਸਮਾਨਿ ॥੨੩॥
ਜਥਾ ਪ੍ਰਵਾਹ ਨਦੀ ਕੋ ਚਲਿ ਹੈ
ਤ੍ਰਿਣ ਮਿਲਿ ਜਾਹਿਂ ਬਿਛੁਰਤੇ ਫੇਰਿ।
ਤਥਾ ਸੰਬੰਧ ਸ਼ਰੀਰਨਿ ਸਭਿ ਕੋ
ਗ੍ਯਾਨੀ ਜਾਨਹਿ ਜਗ ਇਮ ਹੇਰਿ।
ਕਹਾਂ ਸ਼ੋਕ ਇਸ ਤਨ ਕੋ ਕਰਿਬੋ,
ਨਿਤ ਪਰਣਾਮੀ ਨਸਹਿ ਅਦੇਰਿ[2]।
ਏਕ ਆਤਮਾ ਸੋ ਸਤਿ ਸਮਝਹੁ
ਆਇ ਨ ਜਾਇ ਅਨੰਦ ਬਡੇਰ' ॥੨੪॥
ਇਮ ਸੁਨਿ ਕਰੀ ਕਪਾਲ ਕ੍ਰਿਆ[3] ਉਠ
ਪੁਨਹ ਬਿਪਾਸਾ ਨੀਰ ਸ਼ਨਾਨ।
ਗਾਇ ਰਾਗ ਵਡਿਹੰਸ ਰਬਾਬੀ
ਪੌੜੀ ਲਾਇ ਸੁਨਾਵਹਿਂ ਕਾਨ।
ਦੀਨਿ ਤਿਲਾਜੁਲ* ਨਾਮ ਲੀਨਿ ਤਿਹ
ਪੰਚਾਂਮ੍ਰਿਤ ਬਰਤਾਇਹੁ ਆਨਿ।
ਸਨੇ ਸਨੇ ਪੁਨ ਪੁਰਿ ਮਹਿਂ ਆਏ
ਬਾਪੀ ਆਗੇ ਲਾਇ ਦਿਵਾਨ ॥੨੫॥
ਬ੍ਰਿੰਦ ਨਰਨਿ ਕੀ ਭੀਰ ਭਈ ਤਹਿਂ
ਸ਼ਬਦ ਰਬਾਬੀ ਸੁੰਦਰ ਗਾਇਂ।
ਕਿਤਿਕ ਕਾਲ ਥਿਤ ਹ੍ਵੈ ਨਰ ਗਮਨੇ
ਗੁਰੂ ਪ੍ਰਸੰਸਤਿ ਸਦਨ ਸਿਧਾਇ।
ਸੁਨਿ ਸੁਨਿ ਗ੍ਰਾਮਨਿ ਕੇ ਸਿਖ ਪਹੁੰਚੇ
ਸ਼੍ਰੀ ਅਰਜਨ ਸਤਿਗੁਰੁ ਢਿਗ ਆਇ।
ਮਿਲਿ ਮਿਲਿ ਗਮਨੈਂ ਗੁਨ ਗਨ ਬਰਨਹਿਂ
'ਮਹਾਂਦੇਵ ਅਬਿ ਗਏ ਸਮਾਇ' ॥੨੬॥
ਦਿਵਸ ਤੀਸਰੇ ਪੁਸ਼ਪ ਭਸਮ ਸਭਿ
ਬੀਚ ਬਿਪਾਸਾ ਕੇ ਤਹਿ ਡਾਰਿ*।

---

[1]ਇਹੋ ਰਾਹ ਹੈ। ਭਾਵ ਮਰਨਾ ਇਕ ਅਟਲ ਬਾਤ ਹੈ।
[2]ਦਿਨੋ ਦਿਨ ਘਟਣ ਵਾਲਾ, ਨਾਸ਼ ਹੁੰਦਾ ਹੈ ਦੇਰੀ ਤੋਂ ਬਿਨਾ।
[3]ਸੜਦੇ ਹੋਏ ਮੁਰਦੇ ਦੇ ਸਿਰ ਨੂੰ ਸੋਟੇ ਨਾਲ ਫੋੜਨਾ।

ਦਿਨ ਦੋਇਕ ਸ਼੍ਰੀ ਅਰਜਨ ਤਿਹ ਠਾਂ
ਬਸੇ ਕ੍ਰਿਆ ਕਰਿ ਜਿਤਕ ਸੰਸਾਰਿ+[1]।
ਕਰੀ ਜਥੋਚਿਤ ਸਕਲ ਬਾਰਤਾ
ਜਥਾ ਮੋਹਰੀ ਬਚਨ ਉਚਾਰਿ।
ਮਿਲਿ ਮਿਲਿ ਕਰੈਂ ਵਿਰਾਗ ਅਨਿਕ ਬਿਧਿ
ਸ਼੍ਰੀ ਗੁਰੁ ਅਮਰ ਕੇਰਿ ਪਰਵਾਰਿ ॥੨੭॥

ਦੋਹਰਾ: ਸੋਲਹ ਸਤ ਊਪਰ ਸਪਤ[2],
ਮਹਾਂਦੇਵ ਜਨਮਜਾਸੁ[3]।
ਊਪਰ ਪਾਂਚ ਪਚਾਸ ਕੇ,
ਬਰਸ ਬੈਸ ਦ੍ਵੈ ਮਾਸ[4] ॥੨੮॥
ਸੋਲਹ ਸਤ ਬਾਹਠ[5] ਅਧਿਕ,
ਭਾਦ੍ਰੋਂ++ ਚੌਥ ਬਿਚਾਰ।
ਮਹਾਂਦੇਵ ਪਰਲੋਕ ਭਾ,
ਗੁਰੁ ਕੋ ਪੁੱਤ੍ਰ ਉਦਾਰ ॥੨੯॥
ਸ਼੍ਰੀ ਅਰਜਨ ਗਮਨੇ ਤਬਹਿ,
ਸਤਿ ਸੰਗਤਿ ਲੈ ਸੰਗ।
ਸ਼੍ਰੀ ਅੰਮ੍ਰਿਤਸਰ ਕੋ ਗਏ,
ਦੇਤਿ ਭਗਤਿ ਕੋ ਰੰਗ ॥੩੦ ॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮਹਾਂਦੇਵ ਪ੍ਰਲੋਕ' ਬਰਨਨੰ ਨਾਮ ਦ੍ਵੈ ਬਿੰਸਤੀ ਅੰਸੂ ॥੨੨॥

---

*ਇਹ ਗੰਗਾ ਫੁੱਲ ਨਾ ਪਾਉਣ ਦਾ ਗੁਰਮਤ ਦਾ ਅਸੂਲ ਸਫੁਟ ਹੈ।
+ਜਦ ਫੁੱਲ ਬਿਆਸਾ ਵਿਚ ਪਾਏ ਗਏ ਫੇਰ ਸੰਸਾਰੀ ਰੀਤਿ ਕਿੱਥੇ ਰਹਿ ਗਈ।
[1]ਸੰਸਾਰਿਕ।
[2]ਭਾਵ ੧੬੦੭।
[3]ਜਨਮੇ ਸਨ।
[4]ਪਚਵੰਜਾ ਸਾਲ ਦੋ ਮਹੀਨੇ।
[5]੧੬੬੨
++ਪਾ:-ਅੱਸੂਨ।

੨੩. [ਸ਼੍ਰੀ ਗੁਰੂ ਜੀ ਦੇ ਗੁਣ]

੨੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੪

ਦੋਹਰਾ: ਇਸ ਪ੍ਰਕਾਰ ਸ਼੍ਰੀ ਸਤਿਗੁਰੂ
ਕੇਤਿਕ ਸਮੈਂ ਬਿਤਾਇ।
ਕਰਤਿ ਨਰਨਿ ਕੱਲਜਾਨ ਕੋ
ਸਿੱਖੀ ਜਗ ਪ੍ਰਗਟਾਇ ॥੧॥

ਨਿਸ਼ਾਨੀ ਛੰਦ: ਸ਼੍ਰੀ ਹਰਿ ਗੋਵਿੰਦ ਚੰਦ ਜੀ, ਆਨੰਦ ਬਿਲੰਦੈ।
ਚਢੈਂ ਤੁਰੰਗ ਕੁਰੰਗ ਜਨੁ, ਦੁਤਿ ਮੋਰ ਮਨਿੰਦੈ।
ਅਧਿਕ ਪਲਾਇ ਫੰਦਾਵਤੇ, ਧਨੁਸਰ[1] ਧਰਿ ਹਾਥਾ।
ਕਬਿ ਅਖੇਰ ਹਿਤ ਗਮਨਤੇ, ਲੈ ਕੈ ਸਿਖ ਸਾਥ ॥੨॥
ਬਿੱਦਜਾ ਆਯੁਧ ਕੀ ਕਰਹਿਂ ਦਸ ਸੰਮਤ ਬੈਸਾ।
ਤੀਰ ਪ੍ਰਹਾਰਤਿ ਬੇਗ ਤੇ ਰਿਪੁ ਕੋ ਅਹਿ ਜੈਸਾ[2]।
ਮਹਾਂ ਸਫਾਈ ਬਲ ਸਹਤ ਧਰਿ ਲਛ[3] ਹਨੰਤੇ।
ਗਰਕ ਹੋਤਿ[4] ਜਹਿਂ ਲਗਤਿ ਹੈਂ ਸੇਵਕ ਨਿਕਸੰਤੇ ॥੩॥
ਆਰਬਲਾ ਜਿਨ ਕੀ ਅਲਪ, ਸ਼ੁਭ ਡੀਲ ਬਿਸਾਲਾ।
ਭੁਜਾ ਪ੍ਰਲੰਬ ਅਲੰਬ ਬਲ[5], ਗ੍ਰਹਿ ਧਨੁਸ਼ ਕਰਾਲਾ।
ਸੁਕਚਤਿ ਪਿਤ ਤੇ ਕਰਤਿ ਹੈਂ, ਇਹ ਰੀਤ ਨਵੀਨਾ।
ਸ਼ੁਭਤਿ ਸਿਕੰਧ ਉਤੰਗ ਜੁਗ, ਮੁਖ ਬਾਕ ਪ੍ਰਬੀਨਾ ॥੪॥
ਦਿਢ ਸੰਧੀ ਜੁਗ ਬਾਂਹ ਕੀ, ਭੁਜਦੰਡ ਪ੍ਰਚੰਡੇ।
ਕਰ ਸਾਖਾ ਦੀਰਘ ਸੁਮਿਲਿ, ਸ਼ੁਭ ਰੇਖਨਿ ਮੰਡੇ[6]।
ਰੇਖਾ ਲਗਿ ਮਣਿਬੰਧ[7] ਤੇ, ਭਈ ਮੱਛ ਅਕਾਰਾ[8]।
ਰੇਖਾ ਛਤਰ ਅਕਾਰ ਕੀ, ਜਿਸ ਕੋ ਫਲ ਭਾਰਾ ॥੫॥
ਆਯੁਤ ਛਾਤੀ, ਉਦਰ ਪਰ, ਤ੍ਰਿਵਲੀ[9] ਦੁਤਿ ਪਾਵੈ।
ਚਿਬੁਕ ਚਾਰੁ ਬਿਸਤ੍ਰਿਤਿ ਕੁਛ[10], ਚੌਂਕਾ ਚਮਕਾਵੈ[1]।

---

[1]ਧਨੁਖ ਤੇ ਬਾਣ।
[2]ਸਰਪ ਦੇ ਸ਼ੱਤ੍ਰੂ = ਗਰੜ ਵਾਂਗੂ ਤੀਰ ਤ੍ਰਿੱਖਾ ਜਾਂਦਾ ਹੈ (ਅ) ਸੱਤ੍ਰੂ ਨੂੰ, ਸੱਪ ਮਾਰਨ ਵਾਂਗੂ।
[3]ਨਿਸ਼ਾਨਾਂ ਧਰਕੇ।
[4]ਗੱਡ ਜਾਂਦੇ ਹਨ (ਤੀਰ)।
[5]ਬਾਹਾਂ ਲੰਬੀਆਂ ਬਲ ਦੇ ਆਸਰੇ........।
[6](ਕਰ ਸਾਖਾ =) ਹੱਥ ਦੀਆਂ ਉਂਗਲੀਆਂ ਲੰਬੀਆਂ ਤੇ ਇਕੋ ਜਿਹੀਆਂ ਚੰਗੀਆਂ ਰੇਖਾਂ ਨਾਲ ਸ਼ਸ਼ੋਭਤ।
[7]ਗੁੱਟਾਂ ਵਾਲਾ ਥਾਂ [ਸੰਸ: ਮਣਿਬਧ = ਜਿਥੇ ਰਤਨਾਂ ਦੀਆਂ ਚੂੜੀਆਂ ਬੰਨ੍ਹੀਆਂ ਜਾਣ]
[8]ਮੱਛ ਦੇ ਅਕਾਰ ਵਾਲੀ ਰੇਖਾ।
[9]ਪੇਟ ਪਰ ਪੈਣ ਵਾਲੇ ਤ੍ਰੈ ਵਲ।
[10]ਸੁਹਣੀ ਠੋਡੀ ਫੈਲੀ ਹੋਈ ਥੋੜੀ ਜੇਹੀ।

ਰਕਤ ਅਧਰ[2] ਸੁੰਦਰ ਮ੍ਰਿਦੁਲ, ਬੋਲਤਿ ਮੁਸਕਾਏ।
ਮੁਖ ਮੰਡਲ ਦੀਰਘ ਦਿਪਤਿ, ਦ੍ਰਿਗ ਮ੍ਰਿਗ ਡਰਪਾਏ[3] ॥੬॥
ਸੁਭਟਨਿ ਕੀ ਬਿੱਦਜਾ ਸਬਲ, ਅੱਭਜਾਸ ਕਰੰਤੇ।
ਮਨਹੁਂ ਬੀਰ ਰਸ ਅਵਤਰਜੋ, ਰਣ ਪ੍ਰਿਯ[4] ਲਖਿਯੰਤੇ।
ਨਿਤ ਪ੍ਰਤਿ ਦੇਹਿ ਬਿਸਾਲ ਹ੍ਵੈ, ਤਿਮ ਬਲ ਬਿਰਧਾਵੈ।
ਤਿਮ ਹੀ ਸ਼ੱਤ੍ਰੁਨਿ ਮਰਦਬੋ, ਨਿਜ ਭਾਵ ਜਨਾਵੈ[5] ॥੭॥
ਸਿਖ ਪਿਖਿ ਕੈ ਸਭਿ ਕਰਤਿ ਹੈਂ, ਮਨ ਮਹਿਂ ਅਨੁਮਾਨਾ।
-ਇਹ ਸਤਿਗੁਰੁ ਯੋਧਾ ਬਨਹਿ, ਹਾਨੈ ਰਿਪੁ ਪ੍ਰਾਨਾ।
-ਕੇਤਿਕ ਕਹੈਂ, ਨ ਜੋਗਤਾ, ਗੁਰੁ ਕੇ ਘਰ ਐਸੇ।
ਮਾਲਾ ਸੇਲੀ ਰਾਖਤੇ, ਸੰਤਨਿ ਮਤਿ ਜੈਸੇ ॥੮॥
ਬਾਲਕ ਲੀਲਾ ਕਰਤਿ ਹੈਂ, ਬਡਿ ਹੋਇ ਤਜੈ ਹੈਂ[6]।
ਪਿਤ ਦਾਦੇ[7] ਕੀ ਰੀਤਿ ਕੋ, ਸੁਨਿ ਪਿਖਿ ਬਰਤੈ ਹੈਂ।'
ਕੇਚਿਤ ਕਹਹਿਂ 'ਨ ਇਹ ਕਰਹਿਂ, ਗੁਰੁ ਪੂਰਬ ਰੀਤਾ।
ਦਿਪਤਿ ਪ੍ਰਤਾਪੀ ਤੇਜ ਤੇ, ਸ਼ਸਤ੍ਰਨਿ ਮਹਿਂ ਪ੍ਰੀਤਾ ॥੯॥
ਸਕਲ ਜੰਗ ਕੀ ਬਿਧਿ ਕਰਹਿ, ਪ੍ਰਿਯ ਲਾਗੈ ਸੋਈ।
ਅਰੁ ਬ੍ਰਿਧ ਕੋ ਬਚ ਕਹਜੋ ਜਿਮ, ਸੋ ਹਟਹਿ ਨ ਕੋਈ।
ਗੁਰੁ ਕੈ ਭਾਜਰ ਕਿਮ ਪਰੀ, ਕਹਿ ਸਹਜ ਸੁਭਾਊ।
ਭਾਜਿ ਵਡਾਲੀ ਮਹਿਂ ਰਹੇ, ਇਮ ਬਚ ਸਫਲਾਊ[8] ॥੧੦॥
-ਮੁਗਲ ਮਾਰਿ ਗੁਰ ਉਪਜ ਹੈ-, ਬਰ ਦੇਤਿ ਉਬਾਚਾ[9]।
-ਧਰਹਿਂ ਸ਼ਸਤ੍ਰ ਤੁਰਕਨਿ ਹਨੈਂ-, ਇਹ ਹੋਵੈ ਸਾਚਾ।'
ਗੁਰ ਮੂਰਤਿ ਸੂਰਤਿ ਚਿਤਹਿਂ[10], ਪੂਰਤਿ ਅਭਿਲਾਖੇ।
ਹੇਰਿ ਹੇਰਿ ਅਨੁਮਾਨ ਕਰਿ, ਸਿਖ ਬਹੁ ਬਿਧਿ ਭਾਖੇਂ ॥੧੧॥
ਪਿਤ ਸਮੀਪ ਆਵਹਿਂ ਜਬਹਿ, ਬਹੁ ਨੰਮ੍ਰੈ ਹੋਈ।
ਜਾਵਤਿ ਬੈਠਹਿਂ ਸਭਾ ਮਹਿਂ, ਮੁਖ ਪਿਖਿ ਸਭਿ ਕੋਈ।

---

[1]ਤੇ ਸਾਹਮਣੇ ਦੇ ਚਾਰ ਦੰਦ ਚਮਕਦੇ ਹਨ।
[2]ਲਾਲ ਬੁੱਲ੍ਹ।
[3]ਨੇਤਰ ਹਰਨ ਨੂੰ ਡਰਾ ਦੇਣ ਵਾਲੇ (ਭਾਵ ਬੀਰ ਰਸ ਭਰੇ)।
[4]ਜੰਗ ਦੇ ਪਿਆਰੇ।
[5]ਸਰੀਰ ਦਾ ਵਧਣਾ ਵੈਰੀਆਂ ਨੂੰ ਮਲ ਸਿੱਟਣ ਦਾ ਭਾਵ ਜਣਾਉਂਦਾ ਹੈ।
[6]ਛੱਡ ਦੇਣਗੇ।
[7]ਸ਼੍ਰੀ ਗੁਰੂ ਅਰਜਨ ਦੇਵ ਜੀ ਤੇ ਸ਼੍ਰੀ ਗੁਰੂ ਰਾਮਦਾਸ ਜੀ।
[8]ਸਫਲ ਹੋਏ ਸਨ (ਬਾਬੇ ਬੁੱਢੇ ਜੀ ਦੇ)।
[9]ਵਰ ਦਿੰਦਿਆਂ ਕਹਿਆ ਸੀ।
[10]ਦੇਖਦੇ ਹਨ।

ਸਗਰੇ ਦੀਰਘ ਅੰਗ ਹੈਂ, ਕਦ ਵਧਹਿ ਬਿਸਾਲਾ।
ਦਬਹਿ ਸ਼ੱਤ੍ਰੂ ਛਾਯਾ ਤਰੇ[1], ਰਣ ਪਿਖਹਿਂ ਕਰਾਲਾ ॥੧੨॥
ਸ਼੍ਰੀ ਅਰਜਨ ਲੇ ਗੋਦ ਮਹਿਂ, ਸਿੱਖਯਾ ਸਿਖਰਾਵੈਂ।
'ਸਿਖ ਸੰਗਤਿ ਸੁਖ ਪਾਇ ਜਿਮ, ਤਿਮ ਕਰਹੁ ਸੁਹਾਵੈ।
ਗੁਰੁ ਸਿਖਨਿ ਸਨਮਾਨੀਅਹਿ, ਨਿਤ ਬਨਹੁ ਸਹਾਈ।
ਸ਼੍ਰੀ ਨਾਨਕ ਆਦਿਕ ਗੁਰੂ, ਇਹ ਰੀਤਿ ਚਲਾਈ ॥੧੩॥
ਗੁਰੁ ਬਾਣੀ ਬਹੁ ਕੰਠ ਕਰਿ, ਉਠਿ ਪ੍ਰਾਤ ਉਚਾਰੋ।
ਕਿਰਤਨ ਸੁਣਹੁ ਸਨੇਹ ਤੇ, ਨਿਜ ਧਰਮ ਸੰਭਾਰੋ।
ਜਾਮ ਜਾਮਨੀ ਜਾਗੀਅਹਿ, ਮੱਜਨ ਕਰਿ ਲੀਜੈ।
ਸਭਿ ਤੇ ਕਰਹੁ ਇਕੰਤ ਮਨ, ਪ੍ਰਭੁ ਸਿਮਰਨ ਕੀਜੈ ॥੧੪॥
ਚਿਤਵਹੁ ਅਪਨ ਸਰੂਪ ਕੋ, ਸਤਿ ਚਿਤੀ ਅਨੰਦਾ।
ਦਿਵਸ ਚਢੇ ਦਿਹੁ ਦਰਸ ਕੋ, ਚਹਿ ਸੰਗਤਿ ਬ੍ਰਿੰਦਾ।'
ਇੱਤਯਾਦਿਕ ਸਿੱਖਯਾ ਕਹੈਂ, ਲੇ ਅੰਕ ਦੁਲਾਰੈਂ।
ਸੁੰਦਰਤਾ ਨਿਜ ਨੰਦ ਕੀ, ਕਰਿ ਅਨੰਦੁ ਨਿਹਾਰੈਂ ॥੧੫॥
ਚਹੁਂ ਦਿਸ਼ਿ ਤੇ ਬਹੁ ਸੰਗਤਾਂ, ਪਹੁਂਚਹਿਂ ਸਮੁਦਾਯਾ।
ਪੂਰਹਿਂ ਤਿਨ ਕੀ ਕਾਮਨਾ, ਕਰਿ ਕੈ ਨਿਜ ਦਾਯਾ।
ਢਾਕਾ ਆਦਿਕ ਦੇਸ਼ ਜੇ, ਦਿਸ਼ ਪੂਰਬ ਕੇਰੇ।
ਬੰਧੇ ਆਵਹਿਂ ਟੋਲ ਕੋ, ਲੇ ਭੇਟ ਘਨੇਰੇ ॥੧੬॥
ਦਿਸਿ ਦੱਛਨ ਬਾਸੀ ਜੁ ਸਿਖ, ਦਰਸ਼ਨ ਹਿਤ ਆਵੈਂ।
ਅਭਿਮਤਿ[2] ਪ੍ਰਾਪਤਿ ਹੋਤਿ ਹੈ, ਉਪਹਾਰ ਚਢਾਵੈਂ।
ਆਦਿ ਹੈਦਰਾਬਾਦ ਜੇ, ਪੁਰਿ ਗਿਨੇ ਨ ਜਾਈਂ।
ਸੁਨਿ ਸੁਨਿ ਉੱਜਲ ਸੁਜਸ ਕੋ, ਦਰਸਤਿ ਸਮੁਦਾਈ ॥੧੭॥
ਪੁਨ ਪਸ਼ਚਮ ਕੇ ਦੇਸ਼ ਜੇ, ਬਡਿ ਨਗਰ ਸਥਾਨਾ।
ਧਰਿ ਧਰਿ ਸ਼ਰਧਾ ਚੌਂਪ ਤੇ, ਦਰਸਹਿਂ ਦੁਖ ਹਾਨਾ।
ਬਲਖ ਬੁਖਾਰਾ ਸਿੰਧੁ ਪੁਰਿ, ਕਾਬਲ ਕੰਧਾਰਾ।
ਨਾਨਾ ਆਨਿ ਅਕੋਰ ਕੋ, ਹੇਰਹਿਂ ਦਰਬਾਰਾ ॥੧੮॥
ਤਿਮ ਉੱਤਰ ਦਿਸਿ ਕੇ ਮਨੁਜ, ਆਵਹਿਂ ਧਰਿ ਭਾਊ।
ਅਰਪੈਂ ਅਨਿਕ ਅਕੋਰ ਕੋ, ਦੇਖਤਿ ਚਿਤ ਚਾਊ।
ਸੰਮਤਿ ਮਹਿਂ ਮੇਲੇ ਉਭੈ, ਅੰਮ੍ਰਿਤਸਰ ਲਾਗੈਂ।
ਮਨ ਭਾਵਤਿ ਸਿਖ ਆਵਤੇ, ਮੱਜਤਿ ਅਨੁਰਾਗੈਂ ॥੧੯॥

---

[1] ਪ੍ਰਤਾਪ ਦੇ ਹੇਠ ਦਬਣਗੇ ਵੈਰੀ।
[2] ਮਨ ਵਾਂਛਤ।

ਸ੍ਰੀ ਮੁਖ ਤੇ ਮਹਿਮਾ ਮਹਾਂ, ਬਿਚ ਸ਼ਬਦ ਬਨਾਈ।
ਪਠਿ ਸੁਨਿ ਕੈ ਸ਼ਰਧਾ ਧਰਤਿ, ਪਹੁੰਚਹਿ ਦਰਸਾਈ।
ਸਕਲ ਦਿਸਨਿ ਮਹਿਂ ਸੁਜਸ ਬਹੁ, ਪਸਰਜੋ ਸ਼ੁਭ ਐਸੇ।
ਪਾਰਦ ਨਾਰਦ ਸਾਰਦਾ, ਰੰਗ ਉੱਜਲ ਜੈਸੇ[੧] ॥੨੦॥
ਘਰ ਘਰ ਫੂਲੀ ਮਾਲਤੀ[੨], ਜਨੁ ਸੁਮਨਸ ਜਾਤੀ[੩]।
ਸੁਧਾ[੪] ਕਿ ਚੰਦ੍ਰਕ ਚੰਦ੍ਰਿਕਾ[੫], ਜਨ ਹੰਸਨਿ ਪਾਂਤੀਂ[੬]।
ਉਪਕਾਰੀ ਧੁਜ ਧਰਮ ਕੀ, ਸ੍ਰੀ ਅਰਜਨ ਹੋਵਾ।
ਧਾਰਨਿ ਗੁਰੁਤਾ ਭਾਰੁ ਕੋ, ਦ੍ਰਿਢ ਥੰਭ ਖਰੋਵਾ ॥੨੧॥
ਨਰ ਅਨੁਹਰਿ[੭] ਲੀਲਾ ਕਰਹਿਂ, ਉਰ ਨਿਰਹੰਕਾਰਾ।
ਦੇਤਿ ਮ੍ਰਿਦੁਲ ਉਪਦੇਸ਼ ਕੋ, ਲਗਿ ਸਭਿਹਿਨਿ ਪਜਾਰਾ।
ਕਰੇ ਅਜ਼ਮਤੀ ਸੈਂਕਰੇ, ਸਿੱਧਾਂ ਸਭਿ ਦੀਨੀ।
ਘਾਲੀ ਘਾਲ ਸੁ ਫਲਤਿ ਭੀ, ਕਿਸ ਬਾਦ ਨ ਕੀਨੀ[੮] ॥੨੨॥
ਅਜ਼ਮਤ ਨਹੀਂ ਜਨਾਵਤੇ, ਸਿਰ ਦੇਤਿ ਨ ਦੇਰੇ।
ਅਜਰ ਜਰਨ ਧੀਰਜ ਧਰਨਿ, ਗੁਨ ਧਰੈਂ ਬਡੇਰੇ।
ਸੱਤਿਨਾਮ ਕੋ ਦਾਨ ਦੇ, ਨਰ ਭਗਤੀ ਲਾਏ।
ਬ੍ਰਹਮ ਗਜਾਨ ਮਹਿਂ ਨਿਪੁਨ ਕੋ, ਸਿੱਧਾਂ ਸਮੁਦਾਏ ॥੨੩॥
ਸਬਿ ਦਿਸ਼ਿ ਕੀ ਸੰਗਤਿ ਬਿਖੈ, ਰਹਿਂ ਬ੍ਰਿੰਦ ਮਸੰਦਾ।
ਆਗੇ ਹੁਇ ਨਿਜ ਸੰਗ ਲੇ, ਦਰਸਹਿਂ ਸੁਖਕੰਦਾ।
ਦੇਸ਼ ਬਿਦੇਸ਼ ਅਸ਼ੇਸ਼ ਮਹਿਂ, ਲੇ ਕਰਿ ਗੁਰ ਕਾਰੇ।
ਖਸ਼ਟ ਮਾਸ ਕੈ ਬਰਖ ਮੈਂ, ਆਨੈਂ ਗੁਰਦ੍ਵਾਰੇ ॥੨੪॥
ਦਰਬ ਬਿਸਾਲ ਸੁ ਆਇ ਜਿਮ, ਤਿਮ ਖਰਚ ਬਿਸਾਲਾ।
ਦੇਗ ਅਤੋਟੀ ਚਲਤਿ ਹੈ, ਨਿਸ ਦਿਨ ਜੁਗ ਕਾਲਾ।
ਅਚੈਂ ਅਹਾਰ ਹਜ਼ਾਰ ਹੀ, ਨਿਤਪ੍ਰਤਿ ਨਰ ਆਵੈਂ।
ਨਿਕਟ ਹਜ਼ਾਰੋਂ ਰਹਤਿ ਹੈਂ, ਗੁਰੁ ਕੇ ਘਰ ਖਾਵੈਂ ॥੨੫॥
ਸਿਰੇਪਾਉ ਪੁਨ ਦੇਤਿ ਹੈਂ, ਸਿਖ ਹ੍ਵੈ ਮੁਖਿ ਜੋਈ।

---

[੧]ਪਾਰੇ ਦਾ, ਨਾਰਦ ਦਾ ਤੇ ਸਾਰਦਾ ਦਾ ਜਿਵੇਂ ਉੱਜਲ ਰੰਗ ਹੁੰਦਾ ਹੈ।
[੨]ਚਿਟੇ ਫੁੱਲਾਂ ਦੀ ਇਕ ਵਡੀ ਵੇਲ।
[੩]ਚੰਬੇਲੀ ਦੇ ਫੁਲ [ਸੰਸ: ਜਾਤੀ = ਚਮੇਲੀ]
[੪]ਅੰਮ੍ਰਿਤ।
[੫]ਚੰਦ੍ਰਿਕਾ = ਚਾਂਦਨੀ। ਚੰਦ੍ਰਿਕਾ = ਜੂਹੀ, ਨਿੱਕੀ ਚੰਬੇਲੀ (ਅ) ਚੰਦਰਮਾਂ ਦੀ ਚਾਂਦਨੀ [ਚੰਦ੍ਰਕ = ਚੰਦ। ਚੰਦ੍ਰਿਕਾ = ਚਾਂਦਨੀ]
[੬](ਅਥਵਾ) ਮਾਨੋਂ ਹੰਸਾਂ ਦੀ ਪੰਗਤੀ ਹੈ।
[੭]ਸੰਸਾਰੀ ਪੁਰਸ਼ਾਂ ਵਾਂਗ।
[੮]ਕਿਸੇ ਦੀ (ਘਾਲ) ਬਿਰਥਾ ਨਹੀ ਗਈ।

ਬ੍ਰਿੰਦ ਮਸੰਦ ਬਿਲੰਦ ਧਨ, ਲੇ ਗੁਰੁ ਤੇ ਸੋਈ।
ਇੱਤਯਾਦਿਕ ਨਿਤ ਖਰਚ ਕੋ, ਕੁਛ ਤੋਟ ਨ ਆਵੈ।
ਗਾਇਂ ਰਬਾਬੀ ਪੁੰਜ ਸਦ, ਸੋ ਧਨ ਗਨ ਪਾਵੈਂ ॥੨੬॥
ਗੁਰ ਘਰ ਕੋ ਬਡ ਖਰਚ ਨਿਤ, ਗਨ ਬ੍ਰਿਖਭ ਰਹੰਤੇ।
ਖਰੇ ਤਬੇਲੇ ਹਯਨ ਕੇ, ਧਨ ਦੇਤਿ ਲਹੰਤੇ।
ਸੇਵਾ ਹਿਤ ਸਭਿ ਪਸੁਨਿ ਕੇ, ਰਾਖੇ ਗਨ ਦਾਸਾ।
ਲੇਤਿ ਚਾਕਰੀ ਸਕਲ ਸੋ, ਪ੍ਰਾਪਤਿ ਧਨ ਰਾਸਾ ॥੨੭॥
ਅਪਰ ਥਾਨ ਜਿਸ ਕੇ ਨਹੀਂ, ਬਿਤ[1] ਹਾਥ ਨ ਆਵੈ।
ਸੋ ਗੁਰੁ ਕੇ ਪੁਰਿ ਗਿਰ ਰਹੈ, ਨਿਤ ਭੋਜਨ ਖਾਵੈ।
ਮਾਣ ਨਿਮਾਣਨਿ ਕੇ ਪ੍ਰਭੂ, ਬਹੁ ਤਾਣ ਨਿਤਾਣੇ।
ਖਾਇ ਗੁਰੂ ਕੇ ਸਦਨ ਤੇ, ਮਾਨਹਿਂ ਹਰਿਭਾਣੇ ॥੨੮॥
ਸੱਤਿਨਾਮ ਕੋ ਸਿਮਰਿਬੋ, ਪਸਰਯੋ ਜਗ ਸਾਰੇ।
ਭਗਤਿ ਕਰਹਿਂ ਮਿਲਿ ਸੰਗਤਾਂ, ਗੁਰੁ ਸੁਜਸੁ ਉਚਾਰੇ।
ਤਜੈਂ ਬਿਕਾਰਨਿ ਕੋ ਰਿਦੇ, ਗੁਨ ਗਨ ਉਪਜਾਵੈਂ।
ਸੁਨਹਿਂ ਉਚਾਰਹਿਂ ਕੀਰਤਨ, ਪ੍ਰਭੁ ਪ੍ਰੀਤਿ ਲਗਾਵੈਂ ॥੨੯॥
ਸਲਿਤਾ ਸੁੰਦਰ ਭਗਤਿ ਕੀ, ਸਭਿ ਦੇਸ਼ ਬਿਥਾਰੀ।
ਸਿੱਖ ਮੀਨ ਨਹਿਂ ਤਜਿ ਸਕਹਿਂ, ਸ਼ਰਧਾ ਬਰ ਬਾਰੀ।
ਸਦਗੁਨ ਕਮਲ ਪ੍ਰਫੁੱਲਤੇ, ਜਨ ਗਨ ਜਲ ਜੰਤਾ[2]।
ਭ੍ਰਮ ਬੇਮੁਖਤਾ ਕੂਲ ਦ੍ਵੈ, ਸੰਸੇ ਤਰੁ ਹੰਤਾ[3] ॥੩੦॥
ਬ੍ਰਹਮ ਗਯਾਨ ਸਾਗਰ ਮਹਾਂ, ਤਿਸ ਕੋ ਸਮੁਹਾਈ।
ਪ੍ਰਾਪਤਿ ਸਭਿ ਥਲ ਮਹਿਂ ਸੁਗਮ, ਸੁਰ ਗਨ ਕੋ ਭਾਈ[4]।
ਕੌਨ ਕੌਨ ਗੁਨ ਗੁਰੂ ਕੇ, ਕਵਿ ਬਰਨ ਸੁਨਾਵੈ।
ਸ਼ੇਖ ਸ਼ਾਰਦਾ ਕਹਨਿ ਤੇ, ਮਨ ਮਹਿਂ ਸਕੁਚਾਵੈ ॥੩੧॥

ਦੋਹਰਾ: ਨਰ ਤਨ ਸਾਂਗੀ[5] ਜਿਮ ਧਰਯੋ, ਕਰਹਿਂ ਨਿਬਾਹਨਿ ਸੋਇ।
ਰੂਪ ਦੁਰਾਵੈਂ ਪ੍ਰਥਮ ਕੋ, ਕਵਿ ਸੰਤੋਖ ਸਿੰਘ ਜੋਇ ॥੩੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਗੁਰ ਗੁਨ' ਬਰਨਨੰ ਨਾਮ ਤੀਨ ਬਿਸੰਤੀ ਅੰਸੂ ॥੨੩॥

---

[1]ਰੋਜ਼ੀ।
[2]ਸਮੂਹ ਦਾਸ ਜਲ ਜੀਵਾਂ (ਵਤ ਖੁਸ਼ੀ)।
[3]ਸੰਸੇ ਰੂਪ ਬ੍ਰਿੱਛ ਹੈ ਤੇ ਭਰਮ ਤੇ ਬੇਮੁਖਤਾ ਕੰਢੇ ਹਨ ਦੋ ਸੋ ਨਾਸ਼ ਕੀਤੇ ਹਨ।
[4]ਸਭ ਦੇਵਤਿਆਂ ਨੂੰ ਚੰਗੀ ਲਗੀ ਹੈ।
[5]ਸਾਂਗ ਕਰਨ ਵਾਲਾ।

੨੪. [ਜਹਾਂਗੀਰ ਕਸ਼ਮੀਰ ਨੂੰ]

੨੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੫

ਦੋਹਰਾ: ਨਿਤ ਪ੍ਰਤਾਪ ਅਰੁ ਸੁਜਸੁ ਕੋ, ਸੁਨਿ ਸੁਨਿ ਪ੍ਰਿਥੀਆ ਕਾਨ।
ਬਹੁਤ ਬਿਸੂਰਤਿ ਦੁਖਤਿ ਹੈ, ਰੁਚਹਿ ਨ ਭੋਜਨ ਖਾਨ ॥੧॥

ਸੈ੍ਯਾ ਛੰਦ: ਸੁਜਸ ਗੁਰੂ ਕੋ ਘ੍ਰਿਤ ਸਮ ਜਾਨਹੁ
ਪ੍ਰਿਥੀਆ ਜਰੈ ਹੁਤਾਸਨਿ ਹੋਇ।
ਗੁਰ ਕੀਰਤਿ ਬਰਖਾ ਜਿਮ ਪਾਵਸ
ਰਿਦਾ ਜਵਾਸੋ ਜਰ ਜਰ ਖੋਇ[1]।
ਚਿੰਤਾ ਸਲਿਤਾ ਕਰਹਿ ਬਧਾਵਹਿ
ਬਹਜੋ ਜਾਤਿ ਮਨ ਥਿਰਹਿ ਨ ਕੋਇ।
ਸੰਕਟ ਨੀਰ ਵਧਹਿ ਨਿਤ ਪ੍ਰਤਿ ਹੀ
ਤਟ ਨਿਚਿੰਤ ਨਹਿਂ ਪਾਵਤਿ ਸੋਇ ॥੨॥
ਹੇਰਿ ਹੇਰਿ ਪਤਿ ਕੋ ਮੁਖ ਕਰਮੋ
ਧੀਰਜ ਦੇਤਿ 'ਨ ਕਰੀਅਹਿ ਚਿੰਤ।
ਤਨ ਕੋ ਭੱਖਜਤਿ ਹੈ[2] ਨਿਸ ਦਿਨ ਮਹਿਂ
ਅਤਿ ਦੁਰਬਲਤਾ ਤੁਮਹਿ ਕਰੰਤਿ।
ਰੁਚਿ ਸੋਂ ਖਾਨ ਪਾਨ ਨਹਿਂ ਕਰਤੇ
ਉਰ ਕੋ ਹਰਖ ਮਹਾਂ ਨਿਤ ਹੰਤਿ[3]।
ਚਿੰਤਾ ਸਮ ਬੈਰੀ ਨਹਿਂ ਦੂਸਰ
ਅੰਤਰ ਬਰਿ ਕੈ ਦੁਖ ਬਰਧੰਤਿ[4] ॥੩॥
ਜਤਨ ਅਨੇਕ ਕਰਹੁ ਜੁਤਿ ਉੱਦਮ,
ਮਿੱਤ੍ਰ ਨ ਕੋ ਉਤਸਾਹੁ ਸਮਾਨ[5]।
ਸੁਲਹੀ ਹੁਤੋ ਸਹਾਇਕ ਮਰਿਗਾ,
ਅਬਿ ਚੰਦੂ ਬਡ ਸ਼ਾਹੁ ਦਿਵਾਨ।
ਮੁਲਾਕਾਤ ਕਰਿ ਮਸਲਤ ਠਾਨੀ
ਤਿਸ ਕੋ ਪੁਸ਼ਟ ਕਰਹੁ ਹਿਤ ਠਾਨਿ।
ਉਤਸਾਹੀ ਨਰ ਚਹੈ ਸੁ ਕਰਿ ਹੈ,

---

[1]ਗੁਰਾਂ ਦੀ ਕੀਰਤੀ ਹੈ ਜਿਵੇ ਬਰਖਾ ਬਰਸਾਤ ਦੀ ਤੇ ਹਿਰਦਾ (ਉਸਦਾ) ਜਵਾਹੇ ਵਾਂਗ ਸੜਕੇ ਜੜ੍ਹ ਨੂੰ ਗੁਵਾਂਦਾ ਹੈ ਯਾ ਸੜ ਸੜ ਕੇ ਨਾਸ਼ ਹੁੰਦਾ ਹੈ।
[2]ਖਾਂਦੀ ਹੈ (ਚਿੰਤਾ)।
[3]ਨਾਸ਼ ਕਰਦੀ ਹੈ।
[4]ਦੁੱਖ ਵਧਾਉਂਦੀ ਹੈ (ਚਿੰਤਾ)।
[5]ਉਤਸ਼ਾਹ ਵਰਗਾ (ਹੋਰ) ਕੋਈ ਮਿੱਤ੍ਰ ਨਹੀਂ।

ਚਿੰਤਾਵਾਨ ਪ੍ਰਾਨ ਦੇ ਹਾਨਿ ॥੪॥
ਲਿਖਹੁ ਪੱਤ੍ਰਿਕਾ ਸੁਧਿ ਮੰਗਵਾਵਹੁ
ਕਿਮ ਦਿਵਾਨ ਕੇ ਮਨ ਮਹਿਂ ਆਇ।
ਦਿਹੁ ਉਤਸਾਹ ਗਹਾਵਹੁ ਰਿਪੁ ਕੋ
ਸੋ ਮਾਲਿਕ ਮੁਲਕਨਿ ਸਮੁਦਾਇ।
ਚਹੈ ਸੁ ਕਰੈ ਬਲੀ ਸਭਿ ਰੀਤਿਨਿ
ਗਹਿ ਕੈ ਪ੍ਰਾਨ ਤਾਂਹਿ ਬਿਨਸਾਇ।
ਗੁਰੁਤਾ ਗਾਦੀ ਲੇਹੁ ਸ਼ਾਹੁ ਤੇ
ਚਹੁਂਦਿਸ਼ਿ ਕੀ ਸੰਗਤਿ ਚਲਿ ਆਏ' ॥੫॥
ਇਮ ਕਰਮੋ ਨੇ ਜਬਿ ਸਮੁਝਾਯੋ
ਲਿਖੀ ਪੱਤ੍ਰਿਕਾ 'ਸੁਨਹੁ ਦਿਵਾਨ!
ਗਹ੍ਯੋ ਅਲੰਬ ਤੁਮਾਰੋ ਹਮ ਨੇ
ਨਿਸ ਦਿਨ ਤੁਵ ਦਿਸ਼ਿ ਕੋ ਮਨ ਧ੍ਯਾਨ।
ਸ਼ੱਤ੍ਰੂ ਹਤਨਿ ਜਤਨਿ ਨਹਿਂ ਕੀਨਸਿ,
ਕੈ ਬਿਸਾਰਿ ਦੀਨਸਿ ਇਤ ਗ੍ਯਾਨ?
ਭਾਗ ਬਲੀ ਹਮ ਆਸ਼ਿਖਿ ਨਿਤ ਕਹਿਂ,
ਰਹਹਿ ਸ਼ਾਹੁ ਸੋਂ ਕਾਰ ਮਹਾਨ[1]' ॥੬॥
ਦੇ ਕਰਿ ਨਰ ਕਰ ਤੁਰਤ ਪਠਾਈ
'ਉਤਰ ਆਨੋ ਤੂਰਨਿ ਜਾਇ।'
ਗਮਨ੍ਯੋ ਦਿੱਲੀ ਦਿਸ਼ਿ ਕੋ ਪਹੁਂਚ੍ਯੋ
ਮਿਲ੍ਯੋ ਦਿਵਾਨ ਸਾਥ ਹਰਖਾਇ।
'ਗੁਰੂ ਪ੍ਰਿਥੀਏ ਕੀ ਹੈ ਇਹ ਪਾਤੀ
ਛਾਤੀ ਦੁਖਤਿ ਲਿਖੀ ਅਕੁਲਾਇ।'
ਲੇ ਕਰਿ ਖੋਲਿ ਪਠੀ ਤਬਿ ਚੰਦੂ
ਲਖੀ ਹਕੀਕਤ ਜਯੋਂ ਦੁਖ ਪਾਇ ॥੭॥
ਉੱਤਰ ਲਿਖ੍ਯੋ ਦੁਸ਼ਟ ਨੇ ਤਤਛਿਨ
'ਨਹਿਂ ਬੈਠ੍ਯੋ ਮੈਂ ਬਾਤ ਬਿਸਾਰ।
ਦੁਹਿਤਾ ਬਦਨ[2] ਕੁਮਾਰੀ ਦੇਖਤਿ
ਲਗਤਿ ਸੂਲ ਸਮ ਰਿਦੇ ਮਝਾਰਿ।
ਕਰਕਤਿ ਨਿਤਪ੍ਰਤਿ ਚਿਤ ਮੈਂ ਅਤਿਸ਼ੈ

[1]ਪਾਤਸ਼ਾਹ ਨਾਲ (ਤੇਰਾ) ਕੰਮ ਬਣਿਆ ਰਹੇ, ਭਾਵ ਨੌਕਰੀ ਬਣੀ ਰਹੇ।
[2]ਪੁੱਤਰੀ ਦਾ ਮੂੰਹ।

ਰਿਪੁ ਬਿਸਾਲ ਕੋ ਜਸੁ ਬਿਸਤਾਰਿ।
ਰੁਚਹਿ ਨ ਭੋਜਨ, ਜੁਰਹਿਂ ਨ ਪਲਕਾਂ
ਬਿਨਾਂ ਨੀਂਦ ਮੈਂ ਝੁਰੌਂ ਉਦਾਰ ॥੮॥
ਸ਼ਾਹੁ ਲਾਹੌਰ ਚਲਨਿ ਕੀ ਦੇਰੀ
ਆਇ ਸੰਗ ਮੈਂ ਕਰੌਂ ਉਪਾਇ।
ਗਹਿ ਲੇਵੌਂ ਕਰਿ ਕੈਦ ਬਿਨਾਸੌਂ,
ਲਖਹੁ ਨਿਸੰਸੈ ਮੈਂ ਜੁ ਅਲਾਇ।
ਗੁਰੁਤਾ ਗਾਦੀ ਤੋਹਿ ਦਿਵਾਵੌਂ
ਸ਼ਾਹੁ ਪਾਸ ਤੇ ਬਾਕ ਕਹਾਇ।
ਸਭਿ ਦਿਸ਼ਿ ਮਹਿਂ ਬਿਦਤਹਿ, ਧਨ ਪਾਵਹਿ,
ਸਕਲ ਸੰਗਤਾਂ ਭੇਟ ਚਢਾਇਂ' ॥੯॥
ਦਈ ਪੱਤ੍ਰਿਕਾ ਕੁਛਕ ਦਰਬ ਜੁਤ
ਲੇ ਕਰਿ ਨਰ ਕੋਠੇ ਕੋ ਆਇ।
ਪ੍ਰਿਥੀਏ ਪਾਸ ਦਈ ਲੇ ਖੋਲੀ
ਪਠਿ ਕਰਿ ਰਹਜੋ ਮਹਾਂ ਹਰਖਾਇ।
-ਮੁਝ ਦੁਖ ਤੇ ਦੁਖ ਸੌਂ ਗੁਨ ਤਿਸ ਕੋ
ਕੈਸੇ ਕਰੈ ਨ ਅਨਿਕ ਉਪਾਇ-।
ਸਭਿ ਕੁਟੰਬ ਕੋ ਕੀਨਿ ਸੁਨਾਵਨਿ
ਖੁਸ਼ੀ ਕਰਹਿ ਮਨ ਮੋਦ ਵਧਾਇ ॥੧੦॥
ਧਰਿ ਧੀਰਜ ਤਬਿ ਬੈਠਜੋ ਘਰ ਮਹਿਂ
-ਮੁਝ ਤੇ ਚਿੰਤਾ ਚੰਦੁ ਮਹਾਨ[1]।
ਕਰਹਿ ਪ੍ਰਤੀਖਨਿ ਸ਼ਾਹੁ ਆਗਮਨਿ
ਬਿਨਾ ਜਤਨ ਮਮ ਸ਼ੱਤ੍ਰੂ ਹਾਨਿ।
ਪੂਰਬ ਭਾਗ ਉਦੇ ਅਬਿ ਮੇਰੇ
ਬਨੌਂ ਗੁਰੂ ਹੁਇ ਸਿੱਖ ਜਹਾਨ।
ਪੁਨ ਸੁਤ ਮਿਹਰਵਾਨ ਬਿਦਤੈ ਹੈ
ਅਨਗਨ ਧਨ ਭੋਗਹਿ ਸੁਖਦਾਨ- ॥੧੧॥
ਉਤ ਚੰਦੂ ਅਵਸਰ ਕੋ ਚਾਹਤਿ
-ਸ਼ਾਹੁ ਪ੍ਰਸੰਨ ਬਾਤ ਲੇ ਮਾਨਿ-।
ਕਰਿ ਫਰੇਬ ਅਵਕਾਸ਼ ਪਾਇ ਕਰਿ
ਤੁਰਕੇਸ਼ੁਰ ਸੋਂ ਕੀਨਿ ਬਖਾਨ।

---

[1]ਚੰਦੂ ਨੂੰ ਚਿੰਤਾ ਬੜੀ ਹੈ।

'ਹਜ਼ਰਤ! ਸੁਨਹੁ ਰਹੇ ਬਹੁ[1] ਦਿੱਲੀ
ਸਮੋਂ ਬਿਤਾਯਹੁ ਬਸੇ ਮਹਾਨ।
ਫਿਰਨੋ ਦੇਸ਼ ਅਸ਼ੇਸ਼ ਆਪਨੇ
ਸੁਧਿ ਕੋ ਲੇਹੁ ਪਨਾਹ ਜਹਾਨ[2]! ॥੧੨॥
ਬਡੇ ਤੁਮਾਰੇ ਬਿਚਰਤਿ ਜਿਤ ਕਿਤ
ਗਰਮੀ ਸਮੈ ਗਮਹਿਂ ਕਸ਼ਮੀਰ।
ਕੇਸਰ ਘੋਰ ਬਿਲਾਸਹਿਂ[3] ਬੇਗਮ
ਅਤਰ ਗੁਲਾਬ ਉਡਾਇ ਅਮੀਰ[4]।
ਕਰੈਂ ਸੈਲ ਮਗ ਸੈਲਨਿ ਕੇਰੀ
ਜਹਾਂ ਨ ਕਰਤੀ ਤਪਤ ਅਧੀਰ।
ਗਨ ਮੇਵਨਿ ਕੇ ਬਿਟਪਨਿ ਦੇਖਤਿ,
ਮਨ ਭਾਵਤਿ ਪਹਿਰਤਿ ਬਰ ਚੀਰ ॥੧੩॥
ਜਿਮ ਇਕ ਥਲ ਜਲ ਰੋਕਯੋ ਬਿਗਰਹਿ
ਤਿਮ ਤੁਮਰੋ ਇਕ ਥਲ ਮਹਿਂ ਬਾਸ।
ਤੇਜ ਹੀਨ ਹੁਇ ਤ੍ਰਾਸਤਿ ਨਹਿਂ ਨਰ,
ਨਹੀਂ ਪ੍ਰਤਾਪ ਬਿਸਾਲ ਪ੍ਰਕਾਸ਼।
ਅਬਿ ਸੂਰਯ ਕੀ ਚੰਡ ਕਿਰਨ ਭੀ
ਇਹਠਾਂ ਹੋਵਹਿ ਤਪਤ ਅਵਾਸ।
ਨਹਿਂ ਕਸ਼ਮੀਰ ਬਿਖੈ ਅਸ ਉਸਨ[5] ਸੁ
ਗਮਨਹੁ ਕੀਜਹਿ ਤਹਾਂ ਬਿਲਾਸ' ॥੧੪॥
ਸੁਨਤਿ ਸ਼ਾਹੁ ਕੇ ਉਰ ਮਹਿਂ ਭਾਈ
'ਆਛੀ ਬਾਤਿ ਕਹੀ ਸਮੁਝਾਇ।
ਸੁਮਤਿਵਾਨ ਗੁਨ ਖਾਨ ਪੁਰਾਤਨ
ਕਰਯੋ ਦਿਵਾਨ ਇਹੀ ਲਖਿ ਪਾਇ[6]।
ਨਿਤ ਹਮਰੇ ਤਨ ਕੋ ਸੁਖ ਚਾਹਤਿ

---

[1]ਬਹੁਤ ਰਹੇ ਹਾਂ।
[2]ਹੇ ਜਹਾਂ ਪਨਾਹ!
[3]ਕੇਸਰ ਘੋਲਕੇ ਅਨੰਦ ਭੋਗਦੇ ਸਨ।
[4]ਇਕ ਪ੍ਰਕਾਰ ਦੀ ਖੁਸ਼ਕ ਖੁਸ਼ਬੋ ਜੋ ਕਿ ਕਪੜਿਆਂ ਪਰ ਸਿੱਟਦੇ ਹਨ। [ਅ: ਅ਼ਬੀਰ = ਖ਼ੁਸ਼ਕ ਖ਼ੁਸ਼ਬੋ (ਅ) ਸੰਦਲ ਗੁਲਾਬ ਤੇ ਕਸਤੂਰੀ ਤੋਂ ਬਣੀ ਖੁਸ਼ਬੋ। (ਏ) ਕੇਸਰ ਤੋਂ ਬੀ ਬਣਾਂਦੇ ਹਨ] (ਅ) ਹਿੰਦੀ ਵਿਚ ਸਿੰਘਾੜੇ ਦੇ ਆਟੇ ਹਲਦੀ ਤੇ ਚੂਨੇ ਤੋਂ ਬਨਿਆਂ ਗੁਲਾਲ। (ੲ) ਅਬਰਕ ਦਾ ਧੂੜਾ। (ਸ) ਚੰਦਨ ਘਸਾ ਕੇ ਸੁਕਾ ਕੇ ਬਣਿਆ ਧੂੜਾ। (ਹ) ਕੋਈ ਸੁਗੰਧਿਤ ਅਲਤਾ।
[5]ਗਰਮੀ।
[6]ਇਹੀ ਗੱਲ ਜਾਣਕੇ (ਤੈਨੂੰ) ਦਿਵਾਨ ਕੀਤਾ ਹੈ।

ਨੀਕੀ ਬਾਤਨਿ ਦੇਤਿ ਬਤਾਇ।
ਅਬਿ ਬਹਾਰ ਕਸ਼ਮੀਰ ਦੇਸ਼ ਕੀ
ਜਹਾਂ ਨ ਸੂਰਜ ਤਪਤ ਉਪਾਇ' ॥੧੫॥
ਇਮ ਕਹਿ ਸਿਰੋਪਾਉ ਬਹੁ ਮੋਲਾ
ਚੰਦੂ ਕੋ ਬਖਸ਼ਜੋ ਬਡਿਆਇ।
'ਗਮਨ ਹੇਤਿ ਤਯਾਰੀ ਕਰਿਵਾਇਸਿ
ਆਧੀ ਚਮੂੰ ਰਹੇ ਇਸ ਥਾਇੰ।
ਆਧੀ ਸੰਗ ਚਲਹਿ ਕਹਿ ਦੀਜੈ'
ਸਭਿ ਬੇਗਮ ਕੋ ਦੀਨਿ ਸੁਨਾਇ।
'ਚਲਹੁ ਪਿਖਹਿਂ ਕਸ਼ਮੀਰ ਦੇਸ਼ ਕੋ,
ਬਿਲਸਹਿਂ ਬਿਨਾ ਉਸ਼ਨ ਹਰਖਾਇ ॥੧੬॥
ਗਜ ਤੁਰੰਗ ਸਯੰਦਨ ਅਰੁ ਡੋਰੇ
ਚਲੀ ਪਾਲਕੀ ਹਜ਼ਰਤ ਸੰਗਿ।
ਸੈਨਾ ਉਮਡੀ ਜਯੋਂ ਹੜ੍ਹ ਕਾ ਜਲ
ਚਲਯੋ ਸ਼ਾਹੁ ਧਰਿ ਰਿਦੈ ਉਮੰਗਿ।
ਚੰਦੁ ਬਿਲੰਦ ਅਨੰਦਤਿ ਹ੍ਵੈ ਕੈ
ਦੁਹਿਤਾ ਦੇਖਤਿ ਕਰਿ ਮਨ ਭੰਗ।
-ਦੇਉਂ ਬਯਾਹ, ਕੈ ਲੇਉਂ ਪ੍ਰਾਨ ਗੁਰੁ
ਤੌ ਮੁਝ ਕੋ ਸੁਖ ਹ੍ਵੈ ਸਰਬੰਗ[1]- ॥੧੭॥
ਸ਼ਾਹੁ ਸੰਗ ਚਢਿ ਚਲਯੋ ਮਤੰਗਹਿ
ਡੇਰਾ ਕਰਤਿ ਚਲਤਿ ਪੁਨ ਪ੍ਰਾਤ[2]।
ਕਬਿ ਹਜ਼ਰਤ ਗਜ ਪਰ ਚਢਿ ਚਾਲਹਿਂ
ਕਬਿ ਤੁਰੰਗ ਪਰ ਉਰ ਹਰਖਾਤਿ।
ਕਬਹੁਂ ਪਾਲਕੀ ਬੈਠਤਿ ਗਮਨਤਿ
ਚਮੂੰ ਅਨਿਕ ਉਮਰਾਵ ਪ੍ਰਯਾਤਿ[3]।
ਬਾਜੇ ਬਜੈਂ ਛੁਟਹਿਂ ਬਹੁ ਤੋਪੈਂ
ਧੌਂਸੇ ਧੁੰਕਾਰਤਿ ਮਗ ਜਾਤਿ ॥੧੮॥
ਮਗ ਉਲੰਘ ਸਤੁੱਦ੍ਰਵ ਤਟ ਆਏ
ਤਰੀ ਤਰੀ ਪਰ[1] ਹ੍ਵੈ ਗੇ ਪਾਰ।

---
[1]ਸਾਰਿਆਂ ਅੰਗਾਂ ਵਿਚ।
[2]ਸਵੇਰੇ।
[3]ਜਾਂਦੇ ਹਨ।

ਗਨ ਨੌਕਾ ਹਿਤ ਲਸ਼ਕਰ ਇਕਠੀ
ਬਹੁ ਕੇਵਟ[2] ਮਿਲਿ ਦਏ ਉਤਾਰਿ।
ਸਨੇ ਸਨੇ ਬਿਚ ਦੇਸ਼ ਦੁਆਬੇ
ਕਰਤਿ ਸੈਰ ਕੋ ਪੰਥ ਮਝਾਰ।
ਤੀਰ ਬਿਪਾਸਾ ਕੇ ਚਲਿ ਪਹੁੰਚਯੋ
ਤਿਸ ਦਿਨ ਹਯ ਪਰ ਭਾ ਅਸਵਾਰ ॥੧੯॥
ਕਰਨਿ ਅਖੇਰ ਪੰਥ ਕੋ ਛੋਰਯੋ
ਉਮਰਾਵਨਿ ਕੁਛ ਲੇ ਕਰਿ ਸੰਗਿ।
ਖੋਜਤਿ ਫਿਰਤਿ ਕੂਲ ਸਲਿਤਾ ਕੇ
ਨਿਕਸਯੋ ਕਾਰੀ ਪਿਸ਼ਟ ਕੁਰੰਗ[3]।
ਜਹਾਂਗੀਰ ਜਬਿ ਕਰਯੋ ਬਿਲੋਕਨਿ
ਅਪਰ ਬਰਜਿ ਕਿਯ ਤੇਜ ਤੁਰੰਗ।
ਬਲੀ ਬੇਗ ਤੇ ਬਹਯੋ ਬਾਯੁ ਸਮ
ਮਿਲਤਿ ਜਾਤਿ ਪਾਛੇ ਹਿਤ ਭੰਗ[4] ॥੨੦॥
ਬਿਖਮ ਸਥਲ ਆਗੇ ਕੁਛ ਆਇਵ
ਬਾਜੀ ਕੀਨਸਿ ਦੀਰਘ ਛਾਲ।
ਜਹਾਂਗੀਰ ਅਵਿਨੀਪਰ ਗਿਰਗਾ
ਲਗੀ ਲਾਤ ਪਰ ਚੋਟ ਬਿਸਾਲ।
ਸੰਗਨਿ[5] ਗਹਯੋ ਦੌਰ ਕੈ ਤਤਛਿਨ
ਸਨਮਾਨਿਤ ਬਹੁ ਲੀਨਿ ਉਠਾਲ।
ਲਜਾਇ ਪਾਲਕੀ ਬਿਖੈ ਸੁ ਪਾਇਵ
ਸਨੇ ਸਨੇ ਗਮਨੈ ਤਿਸ ਕਾਲ ॥੨੧॥
ਹਾਹਾਕਾਰ ਕਰੈ ਸਭਿ ਲਸ਼ਕਰਿ
'ਹਜ਼ਰਤਿ ਗਿਰਯੋ ਸਹਾਇ ਖੁਦਾਇ!'
ਚੰਦੂ ਨਿਕਟ ਗਯੋ ਕਰਿ ਬੰਦਨ
ਬਹੁਤ ਦਰਦ ਕੀ ਬਾਤ ਜਨਾਇ।
ਸ਼ਾਹੁ ਦ੍ਰਿਸ਼ਟਿ ਇਸ ਕੀ ਦਿਸ਼ਿ ਆਈ
ਕਹਯੋ ਬਾਕ 'ਕਿਛੁ ਕਰਹੁ ਉਪਾਇ।

---

[1]ਬੇੜੀ ਪੁਰ (ਚੜ੍ਹ ਕੇ) ਤਰ ਕੇ।
[2]ਮਲਾਹ।
[3]ਕਾਲੀ ਪਿੱਠ ਵਾਲਾ ਹਿਰਨ (ਹੀਰਾ ਮ੍ਰਿੱਗ)।
[4]ਮਾਰਨ ਲਈ।
[5]ਸਾਥੀਆਂ ਨੇ।

ਜਨਮ[1] ਕਿਤਾਬ ਨਜੂਮੀ ਸੋਧਹਿ
ਕਿਸ ਕਾਰਨ ਤੇ ਮੈਂ ਦੁਖ ਪਾਇ?' ॥੨੨॥
ਅਵਸਰ ਲਹਜੋ ਦੁਸ਼ਟ ਨੇ ਭਾਖਜੋ
'ਹਜ਼ਰਤ! ਕਹਿਬੇ ਉਚਿਤ ਨ ਬਾਤ।
ਕਹੌਂ ਕਹਾਂ ਨਿਸ ਤਸਕਰ ਲਾਗੇ
ਗਈ ਕਿਤਾਬ ਭਈ ਸੁਧਿ ਪ੍ਰਾਤ।
ਅਪਰ ਦਰਬ ਸਾਮਿੱਗ੍ਰੀ ਕੇਤਿਕ
ਭਾ ਨੁਕਸਾਨ ਆਜ ਕੀ ਰਾਤਿ।
ਬਹੁਤ ਚੋਰ ਇਸ ਦੇਸ਼ ਭਏ ਅਬਿ
ਕਿਤ ਕੋ ਗਏ ਨ ਜਾਨੇ ਜਾਤਿ' ॥੨੩॥
ਸੁਨਿ ਹਜ਼ਰਤਿ ਮਤਿ ਬਿਸਮਤ ਅਤਿਸ਼ੈ
'ਮੋਹਿ ਰਾਜ ਕਿਤ ਚੋਰ ਬਸੰਤਿ?
ਤ੍ਰਾਸ ਨ ਮਾਨਹਿਂ ਮੇਰੋ ਚਿਤ ਮਹਿਂ
ਮਮ ਡੇਰੇ ਕੋ ਆਇ ਲਗੰਤਿ।
ਲਵਪੁਰਿ ਕੋ ਸੂਬਾ ਨਹਿਂ ਤ੍ਰਾਸਤਿ
ਨਰ ਖੋਟਨਿ ਕੋ ਨਹੀਂ ਗਹੰਤਿ[2]।
ਜਜੋਂ ਕਜੋਂ ਕਰਿ ਤਸਕਰ ਕੋ ਸਾਬਤ
ਗਹਿ ਕਰਿ ਦਿਹੁ ਸਜਾਇ ਅਤਜੰਤ' ॥੨੪॥
ਹਾਥ ਬੰਦਿ ਚੰਦੂ ਕਹਿ ਨਿੰਦਕ
'ਇਕ ਅਰਜਨ ਖੱਤ੍ਰੀ ਲਖਿਯੰਤਿ।
ਕਹੈ ਸੁ -ਨਾਨਕ ਗਾਦੀ ਪਰ ਮੈਂ-
ਨਹਿਂ ਕਿਸਹੂੰ ਤੇ ਚਿਤ ਡਰਪੰਤਿ।
ਸੋ ਰਾਖਤਿ ਹੈ ਤਸਕਰ ਕੋ ਢਿਗ
ਜਹਿਂ ਕਹਿਂ ਤੇ ਧਨ ਕੋ ਚੁਰਵੰਤਿ[3]।
ਤੁਮ ਤੇ ਤਨਕ ਤ੍ਰਾਸ ਨਹਿਂ ਪਾਯਹੁ
ਡੇਰੇ ਮਹਿਂ ਤੇ ਵਸਤੁ ਕਢੰਤਿ ॥੨੫॥
ਰਾਮਦਾਸ ਪੁਰਿ[4] ਮਹਦ ਬਸਾਯੋ,
ਗੁਰੂ ਕਹਾਇ ਬਨਜੋ ਧਨਵੰਤ।

---

[1]ਜਨਮ ਦੀ।
[2]ਨਹੀਂ ਫੜਾਂਵਦਾ।
[3]ਚੁਰਾਂਵਦਾ ਹੈ।
[4]ਸ਼੍ਰੀ ਅੰਮ੍ਰਿਤਸਰ।

ਬਡੇ ਭ੍ਰਾਤ ਕੋ ਵਹਿਰ ਨਿਕਾਸਯੋ
ਬਲ ਛਲ ਭਾਂਤਿ ਅਨੇਕ ਕਰੰਤਿ।
ਦੇਸ਼ ਬਿਦੇਸ਼ਨਿ ਤਸਕਰ ਭੇਜਤਿ
ਨੀਕੀ ਵਸਤੁ ਨ ਕਿਤੇ ਛੁਟੰਤਿ[1]।
ਲੇਤਿ ਮੰਗਾਇ ਸਮੀਪ ਆਪਨੇ
ਬੈਠਿ ਨਰਨਿ ਮਹਿਂ ਬਚ ਗਰਬੰਤਿ[2]' ॥੨੬॥
ਸੁਨਤਿ ਸ਼ਾਹੁ ਬਿਸਮਯੋ ਭਾ ਤੂਸ਼ਨਿ
ਗੁਰੁ ਘਰ ਕੀ ਬਾਤਨਿ ਚਿਤਵੰਤਿ।
ਉਚਰਤਿ ਭਯੋ 'ਅਨੁਚਿਤ ਨ ਭਾਖੋ,
ਕਿਤ ਗੁਰੁ ਪਦ ਕਿਤ ਚੋਰ ਰਖੰਤਿ।
ਪੀਰਨ ਪੀਰ ਮਹਾਂ ਗੁਰ ਨਾਨਕ
ਜਿਸ ਕੀ ਬਖਸ਼ਿਸ਼ ਜਗ ਬਰੁਸੰਤਿ[3]।
ਬਾਬਰ ਬਡੋ ਹਮਾਰੋ ਹੋਵਾ
ਤਿਸ ਕੋ ਸਲਤਨ[4] ਦੀਨਿ ਤੁਰੰਤਿ ॥੨੭॥
ਹਿੰਦੂ ਤੁਰਕਨਿ ਇਕ ਸਮ ਜਾਨਤਿ[*]
ਸ਼ਰਧਾਲੂ ਨਰ ਕਿਏ ਨਿਹਾਲ।
ਤਿਸ ਗਾਦੀ ਪਰ ਬੈਠਿ ਗੁਰੂ ਭਾ
ਪੁਨ ਕਿਮ ਲੇ ਚੋਰੀ ਕੋ ਮਾਲ।
ਅਸ ਖੋਟੀ ਮਤਿ ਕੋ ਪਰਹਰੀਆ
ਕੈਸੇ ਚੋਰ ਰਖੈ ਨਿਜ ਨਾਲ।
ਜਗਤ ਬਿਖੈ ਜਿਨ ਕੋ ਜਸ ਕਹੀਯਤਿ
ਤਿਨ ਕੋ ਕਮੀ ਨ ਦਰਬ ਬਿਸਾਲ' ॥੨੮॥
ਸੁਨਿ ਚੰਦੂ ਨੇ ਪੁਨ ਉਲਟਾਈ
'ਜਿਮ ਤੁਮ ਕਹੋ ਅਹੈ ਤਿਮ ਬਾਤ।
ਇਸ ਬਿਨ ਪ੍ਰਥਮ ਗੁਰੂ ਜੇ ਹੋਏ
ਤਿਨ ਕੋ ਜਸ ਜਗ ਮੇਂ ਅਵਦਾਤ[5]।
ਇਹ ਬਡ ਕ੍ਰੋਧੀ, ਲੋਭੀ, ਚੰਚਲ,

---

[1]ਕਿਤੇ ਨਹੀਂ ਛੋੜਦਾ।
[2]ਹੰਕਾਰ ਦੇ ਕਹਿੰਦਾ ਹੈ ਬਚਨ।
[3]ਜਗਤ ਵਰੁਸਾਉਂਦਾ ਹੈ।
[4]ਬਾਦਸ਼ਾਹੀ [ਅ਼: ਸਲਤਨਤ]
[*]ਪਾ:-ਸੋ ਪਿਖਿ।
[5]ਉੱਜਲ, ਪ੍ਰਗਟ ਹੈ।

ਨਗਰ ਨਿਕਾਸ ਦੀਨਿ ਬਡ ਭ੍ਰਾਤ।
ਅਪਰ ਨਰਨਿ ਸੋਂ ਦ੍ਵੈਸ਼ ਕਰੰਤਾ
ਡਰਤਿ ਨ ਰਚਹਿ ਅਨਿਕ ਛਲ ਘਾਤਿ' ॥੨੯॥
ਸ਼ਾਹੁ ਕਹ੍ਯੋ 'ਪਿਤ ਅਕਬਰ ਮੇਰੋ
ਅਰਪੇ ਗ੍ਰਾਮ ਕਿਤਿਕ ਤਿਨ ਪਾਸਿ।
ਲਵਪੁਰਿ ਮਹਿਂ ਚਲਿ ਅਬਿ ਸੁਧਿ ਲੈਹੈਂ
ਖਰਚ ਬਿਸਾਲ ਜਿ ਭਯੋ ਅਵਾਸ।
ਦੇਹਿਂ ਅਪਰ ਕੁਛ ਅਰਪ ਤਿਨਹੁ ਢਿਗ
ਚੋਰੀ ਬਰਜਹਿਂ ਨੀਕ ਨ ਤਾਸ।
ਅਬਿ ਤੌ ਚਲੋ ਬਿਪਾਸਾ ਉਤਰਹੁ
ਪਾਰ ਕਰਹੁ ਡੇਰਾ ਨਿਸ ਬਾਸ[੧]' ॥੩੦॥

ਦੋਹਰਾ: ਦਿਢ ਨੌਕਾ ਪਰ ਸ਼ਾਹੁ ਚਢਿ, ਪਰ੍ਯੋ ਪਾਰ ਸੁਖਸੰਗ।
ਗੁਰ ਜਸੁ ਬਰਨ੍ਯੋ ਲਾਤ ਦੁਖ, ਤਤਛਿਨ ਹੋਯਹੁ ਭੰਗ ॥੩੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜਹਾਂਗੀਰ ਪ੍ਰਸੰਗ' ਬਰਨਨੰ ਨਾਮ ਚਤੁਰ ਬਿੰਸਤੀ ਅੰਸੂ ॥੨੪॥

---
[੧]ਰਾਤ ਵੱਸਕੇ।

੨੫. [ਸੁਲਬੀ ਦਾ ਨਾਸ਼]

੨੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੬

ਦੋਹਰਾ: ਸੁਲਹੀ ਭ੍ਰਾਤਾ ਪੁੱਤ੍ਰ[1] ਇਕ, ਸੁਲਬੀ ਨਾਮ ਕਹੰਤਿ।
ਚੰਦੂ ਅਰ ਪਤਿਸ਼ਾਹੁ ਕੋ, ਸਗਰੋ ਸੁਨਜੋ ਬ੍ਰਿਤੰਤ ॥੧॥

ਨਿਸ਼ਾਨੀ ਛੰਦ: ਉਤਰ ਪਾਰ[2] ਜਬਿ ਟਿਕੇ ਨਿਸ, ਤੰਬੂ ਮਹਿਂ ਚੰਦੂ।
ਸੁਲਬੀ ਸੁਲਹੀ ਕੇ ਚਿਤਹਿ, ਉਰ ਕਸ਼ਟ ਬਿਲੰਦੂ।
ਤਮ ਮਹਿਂ ਗਮਨਜੋ ਪਾਸ ਤਿਸ, ਬੂਝੀ ਸੁਧਿ ਸਾਰੀ।
'ਹਮਰੋ ਰਿਪੁ ਅਰਜਨ ਗੁਰੂ, ਕਹਾ ਕਰਤਿ ਉਚਾਰੀ[3]' ॥੨॥
ਸੁਨਿ ਚੰਦੂ ਤਰਕਤਿ ਭਯੋ, 'ਲਾਯਕ ਬਿਨ ਹੋਏ[4]।
ਬੈਰ ਨ ਚਾਚੇ ਕੋ ਲਿਯੋ, ਪਰ ਸੁਖ ਸੋਂ ਸੋਏ।
ਮੈਂ ਉਪਾਇ ਗਹਿਬੇ ਕਰੌਂ, ਦਿਨ ਕੇਤਿਕ ਮਾਂਹੀ।
ਬਨਿ ਸਹਾਇ ਜੇ ਦੁਖ ਰਿਦੇ, ਛੋਰਹਿੰਗੇ ਨਾਂਹੀ' ॥੩॥
[5]'ਸੁਨਿ ਦਿਵਾਨ! ਮੁਝ ਆਨ[6], ਹੈ ਸੁਧਿ ਹੁਤੀ ਨ ਤੇਰੀ।
ਹਮ ਦੋਨਹੁ ਕੋ ਮਾਰਨੇ, ਬਿਧਿ ਸੁਗਮ ਬਡੇਰੀ।
ਬਾਯੂ ਬੰਨ੍ਹੀ ਬਲੀ ਬਿਬ, ਬਨ ਬਡੋ ਬਿਨਾਸ਼ੈ[7]।
ਹੁਕਮ ਦਿਵਾਵਹੁ ਸ਼ਾਹੁ ਤੇ, ਗੁਰੁ ਜਾਉਂ ਅਵਾਸੈ[8] ॥੪॥
ਪਹੁੰਚਤਿ ਪੁਰਿ ਮੈਂ ਪਕਰਿ ਹੌਂ, ਕਾਰਾਗ੍ਰਹ ਪਾਵੌਂ।
ਨਿਸ ਮਹਿਂ ਏਕਲ ਕੋ ਕਰੌਂ, ਧਰ ਸਿਰ[9] ਉਤਰਾਵੌਂ।
ਇਹਾਂ ਸ਼ਾਹੁ ਲਗਿ ਬਾਤ ਕੋ, ਪਹੁੰਚਨ ਨਹਿਂ ਦੀਜੈ।
ਰਹੈਂ ਨਿਕਟ ਧਨ ਦਿਹੁ ਤਿਨਹਿ, ਅਪਨੇ ਕਰਿ ਲੀਜੈ ॥੫॥
ਜੇ ਕਰਿ ਕੋ ਚਿਰਕਾਲ ਮਹਿਂ, ਸੁਧਿ ਪਹੁੰਚ ਬਤਾਵੈ।
ਕਰਿ ਫਰੇਬ ਬਹੁ ਬਿਧਿਨਿ ਕੇ, ਤਬਿ ਬਾਤ ਮਿਟਾਵੈ[10]।
ਇਹ ਤੇਰੇ ਗਰ[11] ਕਾਜ ਹੈ, ਮਾਰਨਿ ਗਰ ਮੇਰੇ।

---

[1]ਸੁਲਹੀ ਦੇ ਭਰਾ ਦੇ ਪੁੱਤ੍ਰ।
[2]ਬਿਆਸਾ ਤੋਂ ਪਾਰ ਉਤਰਕੇ।
[3](ਉਹਨਾਂ ਬਾਬਤ) ਤੂੰ ਕੀ (ਰਾਇ) ਕਹਿੰਦਾ ਹੈਂ?
[4](ਤੁਸੀਂ) ਲਾਇਕ ਨਹੀਂ ਹੋ।
[5]ਸੁਲਬੀ ਬੋਲਿਆ।
[6]ਕਸਮ।
[7]ਹਵਾ ਤੇ ਅੱਗ ਦੋਵੇਂ ਬਲੀ (ਰਲ ਜਾਣ ਤਾਂ) ਵੱਡਾ ਬਣ ਬੀ ਨਾਸ਼ ਹੋ ਜਾਂਦਾ ਹੈ।
[8]ਜਾਵਾਂ ਗੁਰਾਂ ਦੇ ਘਰ।
[9]ਧੜ ਤੋਂ ਸਿਰ।
[10](ਤੂੰ) ਮਿਟਾਵੀਂ।
[11]ਗਲ।

ਗਯੋ[੧] ਨਿਸੰਸੈ ਮਾਰਿਹੌਂ, ਰਿਣ ਉਤਰ[੨] ਬਡੇਰੇ ॥੬॥
ਮਮ ਚਾਚੀ ਬਿਧਵਾ ਭਈ, ਗਨ ਤਰਕ ਉਚਾਰੈ[੩]।
-ਜਿਸ ਹਤਿਬੇ ਹਿਤ ਪਤਿ ਗਯੋ, ਤਿਸ ਤੂੰ ਨਹਿਂ ਮਾਰੈਂ।
ਲਾਜ ਨਹੀਂ ਕਿਸ ਕਾਜ ਕੀ, ਰਿਪੁ ਸੁਖੀ ਰਹੰਤਾ।
ਬਲ ਛਲ ਕਰਿ ਜਾਦੂ ਅਧਿਕ, ਧਸਿ ਪਾਵਕ ਹੰਤਾ[੪]- ॥੭॥
ਜਤਨ ਬਨ੍ਯੋ ਨਹਿਂ ਮੋਹਿ ਤੇ, ਚਿਤਵਤਿ ਚਿਤ ਨੀਤਾ।
ਸਮਝ੍ਯੋ ਆਜ ਪ੍ਰਸੰਗ ਕੋ, ਆਯੋ ਧਰਿ ਪ੍ਰੀਤਾ।'
ਸੁਨਿ ਚੰਦੂ ਹਰਖ੍ਯੋ ਰਿਦੇ, 'ਜੇ ਇਮ ਕਰਿ ਆਵੈਂ।
ਸਦਾ ਆਫਰੀਂ[੫] ਤੋਹਿ ਕੋ, ਸਭਿ ਕਸ਼ਟ ਮਿਟਾਵੈਂ ॥੮॥
ਪ੍ਰਾਤ ਸਮੀਪੀ ਰਹਹੁ ਤੁਮ, ਜਬਿ ਅਵਸਰ ਪਾਊਂ।
ਆਜ ਸਮਾਨ ਮਿਲਾਪ ਹੁਇ, ਕਹਿ ਸ਼ਾਹ ਰਿਝਾਊਂ[੬*]।
ਤਬਹਿ ਪ੍ਰਸੰਗ ਚਲਾਇਹੌਂ, ਤਸਕਰਨਿ ਬਡੇਰਾ[੭]।
ਕਰਹੁ ਉਗਾਹੀ ਮਦਤ ਕੋ, ਪਾਟ੍ਯੋ ਕਹੁ ਡੇਰਾ[੮] ॥੯॥
ਕਿਸ ਹੂੰ ਭੇਜ੍ਯੋ ਚਹਤਿ ਹੈ[੯], ਸਮੁਝਾਵਨਿ ਹੇਤੂ।
ਕਿਧੌਂ ਹਕਾਰਨ ਕੋ ਨਿਕਟ, ਤਿਸ ਪਠਹਿ ਨਿਕੇਤੂ।
ਮੈਂ ਤਬਿ ਤੇਰੋ ਨਾਮ ਲੈ, ਦੈਹੌਂ ਸਮਝਾਈ।
-ਹਜ਼ਰਤ ਜੀ! ਸੁਲਬੀ ਪਠਹੁ, ਸੁਧਿ ਲੈਹੈ ਜਾਈ ॥੧੦॥
ਸਾਚ ਕਿਧੌਂ ਹੁਇ ਕੂਰ ਇਹ, ਤਿਹ ਕੋ ਸਮੁਝਾਵੈ।
ਜਾਇ ਸੁਧਾਸਰ ਇਤਹਿ ਤੇ, ਲਵਪੁਰਿ ਕੋ ਆਵੈ।
ਕਹ੍ਯੋ ਸੁਨਹਿ ਮੇਰੋ ਜਬੈ, ਆਇਸੁ ਤਬਿ ਦੈਹੈ।
ਕਰਹੁ ਜਾਇ ਮਨ ਭਾਵਤੀ, ਨਹਿਂ ਜਿਯਤਿ ਰਹੈ ਹੈ ॥੧੧॥
ਹਮ ਸਾਮੀਪੀ ਸ਼ਾਹੁ ਕੇ, ਜੋ ਪਨਹ ਜਹਾਨਾ[੧੦]।
ਅਸ ਸ਼ੱਤ੍ਰੂ ਜੇ ਸਧਹਿ ਨਹਿਂ[੧], ਧਿਕ ਜੀਵਨ ਮਾਨਾ।

---

[੧](ਕਿਵੇਂ ਜੇ ਮੈਂ ਉੱਥੇ) ਚਲਾ ਜਾਵਾਂ ਤਾਂ।
[੨]ਬਦਲਾ ਉਤਰੇਗਾ।
[੩]ਬਹੁਤੇ ਤਾਨ੍ਹੇ ਮਾਰਦੀ ਹੈ ਚਾਚੀ।
[੪]ਅਗਨੀ ਵਿਚ ਧਸਾ ਕੇ ਮਾਰ ਦਿੱਤਾ।
[੫]ਸ਼ਾਬਾਸ਼ [ਫਾ: ਆਫਰੀਨ]
[੬](ਜੇ) ਅੱਜ ਵਰਗਾ ਮੇਲ ਹੋਇਆ (ਬਾਦਸ਼ਾਹ ਨਾਲ) ਤਾਂ (ਗੱਲ) ਕਹਿ ਕੇ ਪਾਤਸ਼ਾਹ ਨੂੰ ਰਿਝਾਵਾਂਗਾ।
[*]ਪਾ:-ਕਹਿ ਰਿਦੈ ਰਿਝਾਊਂ।
[੭]ਬਹੁਤੇ ਚੋਰਾਂ ਦਾ।
[੮]ਤੂੰ ਕਹੀਂ (ਕਿ) ਤੰਬੂ ਪਾੜਿਆ ਗਿਆ ਹੈ।
[੯](ਬਾਦਸ਼ਾਹ) ਭੇਜਿਆ ਚਾਹੁੰਦਾ ਹੈ।
[੧੦]ਜੋ ਜਹਾਨ ਦੀ ਪਨਾਹ (ਆਸਰਾ) ਹੈ। [ਫਾ: ਪਨਾਹ]

ਗਜ ਕੇ ਬਸਿ ਜਿਮ ਸਸਾ ਹੁਇ, ਸੋ ਮਰਹਿ ਨ ਮਾਰਾ।
ਤੌ ਧਿਕਾਰ ਤਿਸ ਓਜ ਕੋ, ਭਾਖਹਿ ਜਗ ਸਾਰਾ ॥੧੨॥
ਕੀਟੀ ਸਮ ਮਮ ਅੱਗ੍ਰ ਹੈ, ਨਹਿਂ ਮਾਨਹਿ ਤ੍ਰਾਸਾ।
ਕਹਾਂ ਕਰਹਿ ਹੰਕਾਰ ਕੋ, ਕਿਸ ਕੋ ਭਰਵਾਸਾ।
ਕਰਜੋ ਕਲੰਕਤਿ ਮੋਹਿ ਕੋ, ਨਿੰਦਹਿ ਜਗ ਸਾਰਾ।
ਸੁਤਾ ਕੁਮਾਰੀ ਦੇਖਿ ਕੈ, ਪਰਵਾਰ ਦੁਖਾਰਾ[2] ॥੧੩॥
ਬਿਨਾ ਹਨੇ ਮਮ ਚੈਨ ਨਹਿਂ[+]' ਇਮ ਬੈਨ ਉਚਾਰੇ।
'ਅਬਿ ਨਿਸ ਮਹਿਂ ਸ਼੍ਰਮ ਪਰਹਰਹੁ, ਕਰਿ ਕਾਰ ਸਕਾਰੇ।'
ਦੋਨਹੁਂ ਦੁਰਮਤਿ ਦੁਸ਼ਟ ਬਡਿ, ਇਮ ਮਸਲਤਿ ਠਾਨੀ।
ਅਪਨੇ ਅਪਨੇ ਥਾਨ ਮਹਿਂ, ਸੁਪਤੇ ਸੁਖ ਮਾਨੀ ॥੧੪॥
ਭਈ ਪ੍ਰਾਤ ਤਬਿ ਕੂਚ ਕੋ, ਧੌਂਸੇ ਧੁੰਕਾਰੇ।
ਸੁਨਿ ਕਰਿ ਸਗਰੀ ਬਾਹਨੀ[3], ਤੂਰਨ ਭਈ ਤਯਾਰੇ।
ਗਮਨਜੋ ਪੰਥ ਬਿਹੀਰ ਗਨ, ਲਵਪੁਰਿ ਕੇ ਰਾਹੂ।
ਚਲਿ ਚੰਦੂ ਪਹੁਂਚਜੋ ਨਿਕਟ, ਜਹਿਂ ਬੈਠਜੋ ਸ਼ਾਹੂ ॥੧੫॥
'ਹਜ਼ਰਤ ਸੁਖ ਹੈ ਲਾਤ ਕੋ, ਹਮ ਦੇਹੁ ਬਤਾਈ।
ਚਿਤਵਤਿ ਪੀਰਾ ਆਪ ਕੀ, ਮੁਹਿ ਨੀਂਦ ਨ ਆਈ।
ਜਾਨਤਿ ਜਨਮ ਕਿਤਾਬ ਤੇ, ਕਿਮ ਸੰਕਟ ਹੋਵਾ।
ਸੋ ਤਸਕਰ ਹਰਿ ਲੇ ਗਏ, ਕੁਛ ਜਾਇ ਨ ਜੋਵਾ ॥੧੬॥
ਕਹਾਂ ਨਜੂਮੀ ਅਬਿ ਕਰੈਂ, ਢਿਗ ਹੈ ਨ ਕਿਤਾਬਾ।
ਸ਼ਸਤ੍ਰ ਹੀਨ ਜਿਮ ਸੂਰਮਾ, ਕਹਾ ਦੇਹਿ ਜਬਾਬਾ।'
ਜਹਾਂਗੀਰ ਸੁਨਿਕੈ ਭਨਜੋ, 'ਅਬਿ ਸੰਕਟ ਨਾਂਹੀ।
ਤਊ ਕਿਤਾਬ ਖੁਜਾਈਅਹਿ, ਇਸ ਦੇਸ਼ ਕਿ ਮਾਂਹੀ ॥੧੭॥
ਲਾਲਚ ਦਰਬ ਦਿਖਾਈਅਹਿ, ਕੋ ਖੋਜ ਬਤਾਵੈ[4]।
ਕਰਹੁ ਜਤਨ ਸਭਿ ਬਿਧਿਨਿ ਕੇ, ਜੇ ਕਰਿ ਸੋ ਪਾਵੈਂ।'
ਕਹਿ ਚੰਦੂ 'ਚਿਤ ਆਪ ਕੇ, ਐਸੇ ਬਹੁ ਚਾਹਾ।
ਸੁਲਬੀ ਕੋ ਤਾਗੀਦ ਕਰਿ, ਭੇਜਹੁ ਗੁਰ ਪਾਹਾ ॥੧੮॥
ਕਠਨ ਮ੍ਰਿਦੁਲ ਬਚ ਕਹੈਗੋ, ਸਮੁਝਾਵਹਿ ਜਾਈ।
ਲੇਹਿ ਕਿਤਾਬ ਸੁ ਤਿਨਹੁ ਤੇ, ਤਸਕਰਨਿ ਦੁਰਾਈ[1]।

---

[1]ਸਿੱਧਾ ਨਾ ਹੋਵੇ।
[2]ਕੁਟੰਬ ਦੁਖੀਆ ਹੈ।
[+]ਪਾ:-ਮਮ ਨਹਿਂ ਬਨੈ।
[3]ਸੈਨਾ।
[4]ਪਤਾ ਦੱਸੇਗਾ।

ਨਹੀਂ ਸਪਾਰਸ਼ ਕੋ ਸੁਨਹਿ, ਤਿਸ ਕੋ ਡਰਪਾਵੈ।
ਬਿਨ ਡਰਪੇ ਕੋ ਦੇਤਿ ਨਹਿਂ, ਸਭਿ ਕੇ ਬਨਿ ਆਵੈ' ॥੧੯॥
ਕਰਹਿ ਦ੍ਰੋਹੁ ਸ਼ਾਹੁ ਨ ਲਖਹਿ[2], ਕਹਿ ਚੰਦੂ ਸੰਗਾ।
'ਪ੍ਰਥਮ ਬਿਨੈ ਕੇ ਬੈਨ ਕਹਿ, ਨਹਿਂ ਕਹੈ ਕੁਢੰਗਾ।
ਮਮ ਦਿਸ਼ਿ ਤੇ ਸਮੁਝਾਇ ਹੈ, ਨਹਿਂ ਚੋਰ ਰਖੀਜਹਿ।
ਜੇ ਕਰਿ ਖਰਚ ਬਿਸਾਲ ਹੈ, ਧਨ ਹਮ ਤੇ ਲੀਜੈ ॥੨੦॥
ਕਿਧੌਂ ਗ੍ਰਾਮ ਲਿਹੁ ਔਰ ਅਬਿ, ਮੰਦੀ ਤਜਿ ਚੋਰੀ।
ਹੋਤਿ ਪੀਰ ਜੀ! ਪਾਪ ਬਡ, ਕਬਿ ਕਰਹਿ ਜਿ ਥੋਰੀ।
ਬਿਨੈ ਕਰੋ ਬਹੁ ਭਾਂਤਿ ਕੀ* ਮ੍ਰਿਦੁ ਕਹਿ ਸਮੁਝਾਓ।
ਤਸਕਰ ਰਾਖਹਿਂ ਕੈ ਨਹੀਂ, ਇਹ ਨਿਸ਼ਚਾ ਪਾਓ' ॥੨੧॥
ਸੁਨਿ ਸੁਲਬੀ ਕਰ ਜੋਰਿ ਕਹਿ, 'ਜਿਮ ਆਇਸੁ ਪਾਊਂ।
ਮਿਲਿ ਪਰਖੌਂ ਸਭਿ ਬਾਰਤਾ, ਨੀਕੇ ਸਮੁਝਾਊਂ।
ਜਿਮ ਨਿਕਸਹਿ ਚੌਰੀ ਕਰੀ, ਤਿਮ ਰਚੌਂ ਉਪਾਯਾ।
ਅਪਰ ਥਾਨ ਖੋਜੌਂ ਭਲੇ, ਦੇ ਦਰਬ ਸਵਾਯਾ[3]।
ਜਤੋਂ ਕਤੋਂ ਕਰਿ ਕੈ ਆਨਿਹੌਂ, ਧਨ ਕੈ ਦਿਉਂ ਤ੍ਰਾਸਾ।
ਬ੍ਰਿੱਛ ਹਲਾਏ ਦੇਤਿ ਫਲ, ਨਤੁ ਪੁਰਹਿ ਨ ਆਸਾ।'
ਇੱਤਯਾਦਿਕ ਕਹਿ ਚਢਿ ਚਲਯੋ, ਸੁਲਬੀ ਮਤਿ ਹੀਨਾ।
ਪ੍ਰੇਰਯੋ ਕਾਲ ਸੁ ਦੁਰਮਤੀ, ਖਲ ਉਰ ਨਹਿਂ ਚੀਨਾ ॥੨੩॥
ਜਿਮ ਅਜਗਰ ਕੇ ਮੁਖ ਪਰਹਿ, ਅੰਧਾ ਬਿਨੁ ਹੇਰੇ।
ਬਿਨ ਕਾਰਣ ਦ੍ਰੋਹੀ ਦੁਸ਼ਟ, ਕਰਿ ਕ੍ਰੋਧ ਬਡੇਰੇ।
ਕਰੈ ਵੈਰ ਨਿਰਵੈਰ ਸੋਂ, ਤਤਛਿਨ ਮ੍ਰਿਤੁ ਪਾਵੈ।
ਜਮ ਗਹਿ ਗੇਰਹਿ ਨਰਕ ਮਹਿਂ, ਦੁਖ ਤੇ ਬਿਲਲਾਵੈ ॥੨੪॥
ਗਿਰ ਸੋਂ ਸਿਰ ਮਾਰੈ ਸਬਲ[4], ਫੂਟਤਿ ਮਰਿ ਜੈ ਹੈ।
ਨਭ ਦਿਸ਼ਿ ਬਾਨ ਪ੍ਰਹਾਰਨੇ[5], ਉਲਟੋ ਤਿਸ ਘੈ ਹੈ[6]।
ਅਲਪ ਸੈਨ ਜਿਹ ਸਾਥ ਹੈ, ਹਰਖੰਤਿ ਪਯਾਨਾ।
-ਜੋ ਚਾਚੇ ਤੇ ਬਚ ਰਹਯੋ, ਮੈਂ ਕਰਿਹੌਂ ਹਾਨਾ ॥੨੫॥

---

[1](ਜੋ) ਚੋਰਾਂ ਦੀ ਛੁਪਾਈ ਹੋਈ ਹੈ।
[2](ਗੁਰੂ ਜੀ ਨਾਲ ਚੰਦੂ) ਦ੍ਰੋਹ ਕਰਦਾ ਹੈ ਪਰ ਬਾਦਸ਼ਾਹ (ਇਹ ਗੱਲ) ਨਹੀਂ ਜਾਣਦਾ।
*ਪਾ:-ਜਗ ਸਗਰੋ ਨਿੰਦਾ ਕਰਹਿ।
[3]ਬਹੁਤਾ।
[4]ਜੋਰ ਨਾਲ।
[5]ਤੀਰ ਮਾਰਨ ਨਾਲ।
[6]ਉਲਟ ਕੇ ਉਸੇ (ਮਾਰਨ ਵਾਲੇ) ਨੂੰ ਨਾਸ਼ ਕਰਦੇ ਹਨ।

ਕਹੌਂ ਕੁਟੰਬ ਮਝਾਰ ਮੈਂ, ਪੈਹੌਂ ਬਡਿਆਈ।
ਆਨਿ ਅਚਾਨਕ ਬਿਧਿ ਬਨੀ-, ਇਮ ਚਿਤਵਤਿ ਜਾਈ।
ਜਹਾਂਗੀਰ ਚੰਦੂ ਚਮੂੰ, ਲਵਪੁਰੀ ਪਯਾਨੇ।
ਤੋਪ ਰਹਿਕਲੇ ਸੰਗ ਮੈਂ, ਛੁਟਿ ਸ਼ਬਦ ਮਹਾਨੇ ॥੨੬॥
ਚੰਦੂ ਰਿਦੇ ਬਿਚਾਰਤੋ-, ਜਾਵਤਿ ਗੁਰੁ ਘਾਵੈ।
ਨਾਤਾ ਦਿਯੋ ਹਟਾਇ ਜਿਨ, ਸੋ ਅਬਿ ਫਲ ਪਾਵੈ-।
ਇਤ ਸੁਲਬੀ ਗਮਨਜੋ ਗਯੋ, ਜਬਿ ਦ੍ਵਾਦਸ਼ ਕੋਸਾ।
ਜਥੈਦਾਰ ਸੱਯਦ ਮਿਲਜੋ, ਜਿਸ ਕੇ ਮਨ ਰੋਸਾ ॥੨੭॥
ਮਿਲੇ ਸਲਾਮਾ ਲੇਕ ਸੋਂ, ਬੂਝਜੋ 'ਕਿਤ ਜਾਵੋ?'
ਪਠਜੋ ਸ਼ਾਹੁ ਕਿਸ ਕਾਮ[1] ਮੁਝ, ਪੁਨ ਲਵਪੁਰਿ ਆਵੌਂ।'
ਸੁਨਿ ਸੱਯਦ ਨੇ ਤਬਿ ਕਹਜੋ, 'ਹਮ ਤੁਝ ਢਿਗ ਆਏ।
ਸੁਲਹੀ ਕੇ ਚਾਕਰ ਹੁਤੇ, ਇਹ ਭਟ ਸਮੁਦਾਏ ॥੨੮॥
ਏਕ ਬਰਖ ਕੀ ਚਾਕਰੀ, ਇਨ ਹਾਥ ਨ ਆਈ।
ਸੋ ਤੁਝ ਤੇ ਸਭਿ ਚਹਤਿ ਹੈਂ, ਦਿਹੁ ਰਾਖਿ ਬਡਾਈ।
ਬਿਨਾ ਦਿਏ ਸੋ ਮਰਿ ਗਯੋ, ਤੂੰ ਪੁੱਤ੍ਰ ਸਮਾਨਾ।
ਇਨ ਸੁਭਟਨਿ ਕੋ ਦੀਜੀਏ, ਚਿਤ ਚਹਤਿ ਮਹਾਨਾ' ॥੨੯॥
ਸੁਨਿ ਸੁਲਬੀ ਬੋਲਜੋ ਤਬਹਿ, 'ਮੈਂ ਜਾਨਤਿ ਨਾਹੀ।
ਕਬਿ ਕੀ ਦੇਨੀ ਕੈ ਨਹੀਂ, ਕੇਤਿਕ ਤਿਸ ਪਾਂਹੀ।
ਜਬਿ ਲਵਪੁਰਿ ਕੋ ਆਇ ਹੌਂ, ਨਿਰਨੇ ਕਰਿ ਲੈਹੈਂ।
ਮਿਲਿ ਚੰਦੂ ਕੇ ਸੰਗ ਹਮ, ਨਿਕਸਹਿ ਸੋ ਦੈ ਹੈਂ' ॥੩੦॥
ਸੱਯਦ ਕਹਿ 'ਕਿਮ ਇਹ ਟਿਕਹਿਂ, ਚਹਿਂ ਖਾਨ ਰੁ ਪਾਨਾ।
ਕਹੇ ਨ ਲਾਗੈਂ ਕਿਸੂ ਕੇ, ਲੈ ਹੈਂ ਇਸ ਥਾਨਾ।'
ਸੁਲਬੀ ਆਂਖ ਦਿਖਾਇ ਰਿਸ, 'ਮੈਂ ਗਮਨਤਿ ਰਾਹੂ।
ਜਾਹੁ ਪੁਕਾਰੁ ਸ਼ਾਹੁ ਢਿਗ, ਨਹਿਂ ਧਨ ਮਮ ਪਾਹੂ' ॥੩੧॥
ਸੁਨਿ ਸੱਯਦ ਬੋਲਜੋ ਤਬਹਿ, 'ਮਗ ਦੇਹਿਂ ਨ ਜਾਨਾ।
ਲੇਹਿਂ ਨੌਕਰੀ ਥਾਨ ਇਸ, ਕਿਮ ਕਰੈਂ ਪਯਾਨਾ[2]।'
ਸੁਲਬੀ ਕਹਿ ਨਿਜ ਸੈਨ ਕੋ, 'ਇਨ ਮਾਰਿ ਹਟਾਓ।
ਦੇਹੁ ਦਰਬ ਐਸੇ ਅਬਹਿ, ਬੈਠੇ ਪਛੁਤਾਓ[3]' ॥੩੨॥
ਸੱਯਦ ਕਹਿ 'ਭਟ[1]! ਸਭਿ ਸੁਨੋ, ਚਾਕਰ ਸਮ ਸਾਰੇ।

---

[1]ਕਿਸੇ ਕੰਮ।
[2](ਤੂੰ) ਕੀਕੂੰ ਜਾਣਾ ਕਰੇਂਗਾ।
[3](ਇਹ) ਬੈਠੇ ਪਛੁਤਾਵਣ।

ਤੁਮ ਭੀ ਲੇਤੇ ਦਰਬ ਕੋ, ਤਿਮ ਲਖਹੁ ਹਮਾਰੇ।
ਅਪਰ ਜੰਗ ਕੋ ਕਾਜ ਨਹਿਂ, ਨਾਹਕ ਮਰਿ ਮਾਰੋ[2]।
ਰਹਹੁ ਥਾਨ ਥਿਤਿ ਆਪਨੇ, ਉਰ ਭਲੇ ਬਿਚਾਰੋ' ॥੩੩॥
ਸੁਨਿ ਜਬਾਬ ਸੈਨਾ ਦਿਯੋ, 'ਇਹ ਸੱਯਦ ਪੀਰਾ।
ਪੁਨਿ ਜਾਚਤਿ ਹੈ ਨੌਕਰੀ, ਦੀਜਹਿ ਧਰਿ ਧੀਰਾ।
ਲਰਹਿਂ ਨ ਹਮ' ਸੁਲਬੀ, ਸੁਨਤਿ ਮੁਖ ਗਾਰ ਨਿਕਾਰੀ।
ਤਬਿ ਸਯਦ ਨੇ ਤੁਰਤ ਹੀ, ਜਮਧਰ ਉਰ ਮਾਰੀ ॥੩੪॥
ਉਦਰ ਪਾਰਿ ਕੈ ਪਾਰ ਭੀ, ਹਾਨੇ ਖਲ ਪ੍ਰਾਨਾ।
ਗਿਰਜੋ ਉਥਲ ਕੈ[3] ਪ੍ਰਿਥੀ ਪਰ, ਚਿਤ ਦੁਸ਼ਟ ਮਹਾਨਾ।
ਲੀਨੋ ਸਭਿ ਅਸਬਾਬ ਕੋ, ਹਯ ਭੂਖਨ ਸਾਰੇ।
ਚਮੂੰ ਹਟੀ ਲਵਪੁਰੀ ਕੋ, ਮਾਰਜੋ ਸਰਦਾਰੇ ॥੩੫॥
ਉਤ ਚੰਦੂ ਚਿਤਵਤਿ ਰਹਿਤਿ-, ਹਤਿ ਕਰਿ ਗੁਰੂ ਆਵੈ।
ਪਲਟਾ ਹੈ ਬਹੁ ਦਜੋਸ ਕੋ, ਤਿਸ ਕੋ ਅਬਿ ਪਾਵੈਂ-।
ਤਬਿ ਲੌ ਸੰਗੀ ਆਇ ਕੇ, ਸੁਧਿ ਸਕਲ ਸੁਨਾਈ।
'ਸੱਜਦ ਕੇ ਸੰਗ ਜਿਦਿ ਪਰਜੋ, ਮੁਖ ਗਾਰਿ ਸੁਨਾਈ ॥੩੬॥
ਸੁਲਹੀ ਆਗੇ ਨੌਕਰੀ, ਕੀਨੀ ਧਨ ਜਾਚੇ[4]।
ਝਗਰ ਪਰੇ ਆਪਸ ਬਿਖੈ, ਦੋਨਹੁ ਰਿਸ ਰਾਚੇ।
ਜਮਧਰ ਮਾਰੀ, ਮਰਿ ਗਯੋ, ਹਮ ਹਟਿ ਕਰਿ ਆਏ।'
ਸੁਨਿ ਚੰਦੂ ਬਿਸਮਜੋ ਰਿਦੇ-, ਭਲ ਮਾਰਨਿ ਧਾਏ[5]- ॥੩੭॥
ਕੇਤਿਕ ਦਿਨ ਮੈਂ ਸ਼ਾਹੁ ਲਿਖਿ, ਚੰਦੂ ਸੰਗ ਬੂਝਾ।
'ਅਬਿ ਲੌ ਸੁਲਬੀ ਕਿਤ ਰਹਜੋ, ਕਿਸ ਕਾਜ ਅਰੂਝਾ[6]।
ਦੋ ਤ੍ਰੈ ਦਿਨ ਮੈਂ ਆਵਨੋ, ਚਹਿਯਤਿ ਤਿਸ ਕੇਰੋ।
ਕਬਿਹੂੰ ਸੁਧਿ ਆਈ ਕਿ ਨਹਿਂ, ਸਾਮੀਪੀ ਤੇਰੋ' ॥੩੮॥
ਸੁਨਿ ਚੰਦੂ ਕਹਿ 'ਸ਼ਾਹੁ ਜੀ! ਸੱਯਦ ਸੋ ਮਾਰਾ।
ਝਗਰ ਪਰੇ ਹਿਤ ਨੌਕਰੀ, ਬਡ ਗ਼ਜ਼ਬ ਗੁਜ਼ਾਰਾ।'
ਜਹਾਂਗੀਰ ਚਿਤਵਜੋ ਤਬਹਿ-, ਗੁਰ ਪੀਰ ਮਹਾਨਾਂ।
ਕਿਮ ਤਸਕਰ ਸੋ ਰਾਖਤੇ, ਇਨ ਝੂਠ ਬਖਾਨਾ- ॥੩੯॥

---

[1]ਹੇ ਸੂਰਮਿਓਂ!
[2]ਮਰੋ ਮਾਰੋਗੇ।
[3]ਉਲਟ ਕੇ।
[4]ਨੌਕਰੀ ਕੀਤੀ ਦਾ ਧਨ ਮੰਗਿਆ।
[5]ਚੰਗਾ ਮਾਰਨ ਗਿਆ।
[6]ਫਸਿਆ।

ਕਹਜੋ ਪੁਨਹਿ 'ਬਿਨ ਦੋਸ਼ ਪਰ, ਤੁਮ ਦੋਸ਼ ਬਖਾਨਾ।
ਕਿਮ ਪਹੁਂਚਹਿ, ਅਧਿ ਬੀਚਿ ਹੀ[1], ਮੂਰਖ ਹਤਿ ਪ੍ਰਾਨਾ।
ਮੁਝ ਮਨ ਮੈਂ ਇਮ ਸਮੁਝ ਭੀ,' ਕਹਿ ਤੂਸ਼ਨ ਹੋਯੋ।
ਰੁਖ ਲਖਿਕੈ ਪਤਿਸ਼ਾਹ ਕੋ, ਚੰਦੂ ਦੁਖ ਪੋਯੋ ॥੪੦॥
ਉਠਿ ਆਯੋ ਨਿਜ ਸਦਨ ਕੋ, ਉਰ ਝੂਰਹਿ ਭੂਰਾ।
-ਇਤੋ ਜਤਨ ਕਰਿ ਕੂਰ ਕੇ, ਨਹਿਂ ਉਤਰਜੋ ਪੂਰਾ।
ਤਾਤੀ ਵਾਯੂ ਨਹਿਂ ਲਗੀ, ਨਹਿਂ ਪਾਯਹੁ ਤ੍ਰਾਸਾ-।
ਮੂਰਖ ਸੰਕਟ ਕੇ ਸਹਤ, ਭਰਿ ਦੀਰਘ ਸ੍ਵਾਸਾ ॥੪੧॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਲਬੀ ਹਤਨ' ਪ੍ਰਸੰਗ ਬਰਨਨੰ ਨਾਮ ਪੰਚ ਬਿੰਸਤੀ ਅੰਸੂ ॥੨੫॥

---
[1]ਅੱਧ ਵਿਚਾਲੇ ਹੀ।

੨੬. [ਪ੍ਰਿਥੀਆ ਪ੍ਰਲੋਕ ਗਮਨ]

੨੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੭

ਦੋਹਰਾ: ਚਿੰਤਾ ਚਿਤ ਗ਼ਲਤਾਨ ਹ੍ਵੈ, ਚੰਦੂ ਦੁਸ਼ਟ ਬਿਲੰਦ।
ਚਾਹਤਿ ਗੁਰੁ ਅਪਕਾਰ[1] ਕੋ, ਨਿਸ ਬਾਸੁਰ ਮਤਿਮੰਦ ॥੧॥

ਨਿਸ਼ਾਨੀ ਛੰਦ: ਜਤਨ ਕਪਟ ਕੇ ਚਿਤੈ ਚਿਤ, ਬਡ ਘਾਤਿ ਬਨਾਵੈ।
-ਪੂਰਬ ਕਰੇ ਉਪਾਇ ਜੇ, ਕੋ ਪੇਸ਼ ਨ ਜਾਵੈ।
ਸ਼ਾਹੁ ਲਖਹਿ ਨਹਿਂ ਇਮ ਹਨੌਂ, ਕਰਿ ਕੈ ਚਤੁਰਾਈ।
ਕਿਮ ਬੈਠਯੋ ਘਰ ਮਹਿਂ ਮਰਹਿ, ਨਿਤ ਅਨੰਦ ਵਧਾਈ ॥੨॥
ਅਬਹਿ ਸ਼ਾਹੁ ਕੋ ਦੇਖਿ ਰੁਖ, ਹਰਖਹਿ ਜਿਸ ਕਾਲਾ।
ਮੋਹਿ ਸਾਥ ਬਾਤੈਂ ਕਰੈ, ਤਬਿ ਕਹੌਂ ਰਸਾਲਾ[2]।
ਤਸਕਰ ਰਾਖਨਿ ਦੋਸ਼ ਕੋ, ਮੈਂ ਪੁਨਹ ਜਨਾਵੌਂ।
ਅਪਰ ਘਾਤ ਨਹਿਂ[3] ਦੰਡ ਤਬਿ, ਕਹਿਕੈ ਲਗਵਾਵੌਂ- ॥੩॥
ਅਵਸਰ ਕੋ ਹੇਰਤਿ ਰਹਤਿ, ਦਿਨ ਕਿਤਿਕ ਬਿਤਾਏ।
ਨਰ ਪ੍ਰਿਥੀਏ ਕੋ ਢਿਗ ਅਯੋ, ਦੇ ਪੱਤ੍ਰ ਪਠਾਏ।
ਖੋਲਿ ਪਠੀ ਇਮ ਲਿਖ੍ਯੋ ਬਿਚ, 'ਤੂੰ ਸੁਮਤਿ ਬਡੇਰੋ।
ਕਾਰਜ ਸਭਿ ਪੂਰਨ ਕਰਹਿਂ, ਭਰਵਾਸਾ ਤੇਰੋ ॥੪॥
ਹਜ਼ਰਤ ਕੋ ਉਪਦੇਸ਼ਿ ਕੈ, ਲਵਪੁਰਿ ਮਹਿਂ ਲ੍ਯਾਏ।
ਇਹ ਕਾਰਜ ਤੁਝ ਤੇ ਸਰਹਿ, ਨਹਿਂ ਅਪਰ ਬਨਾਏ।
ਰਿਪੁ ਹਤਿਬੇ ਕੋ ਸਮੈ ਅਬਿ, ਹੈ ਨਿਕਟ ਤੁਮਾਰੇ।
ਜੇ ਪੁਕਾਰ ਕੋ ਮਿਸਿ ਬਨਹਿ, ਮੁਝ ਲੇਹੁ ਹਕਾਰੇ ॥੫॥
ਦੋਸ ਸੰਦੋਹ ਅਰੋਪ ਕਰਿ[4], ਕਹਿ ਸ਼ਾਹੁ ਗਹੀਜੈ।
ਲਿਖੋ ਆਪਿ ਮੈਂ ਆਇ ਹੌਂ, ਮਿਲਿ ਜਤਨ ਕਰੀਜੈ।'
ਪਠਿਕੈ ਪਾਤੀ ਚਿਤਯੋ ਚਿਤ, -ਕਰਿ ਬੂਝਨਿ ਸ਼ਾਹੂ।
ਪੁਨ ਪ੍ਰਿਥੀਆ ਬੁਲਵਾਇ ਹੌਂ, ਤੂਰਨ ਨਿਜ ਪਾਹੂ- ॥੬॥
ਇਮ ਨਿਸ਼ਚੇ ਕਰਿ ਪ੍ਰਾਤ ਉਠਿ, ਮਤਿ ਮੰਦ ਚਿਤਾਰੈ।
ਗਮਨ੍ਯੋ ਹਜ਼ਰਤ ਕੇ ਨਿਕਟ, ਨਰ ਨਿਮਹਿ ਹਜ਼ਾਰੈਂ।
ਰਜਤ ਦੰਡ[5] ਗਹਿ ਅੱਗ੍ਰ ਚਲਿ, ਕੋ ਨਰਨਿ ਹਟਾਵੈ।
ਸੰਗ ਸੁਭਟ ਗਮਨਤਿ ਪਗਨਿ, ਚਹੁੰਦਿਸ਼ਿ ਮਹਿਂ ਜਾਵੈਂ ॥੭॥

---

[1]ਹਾਨੀ (ਅ) ਨਿਰਾਦਰ।
[2]ਰਸਦਾਇਕ (ਵਾਕ)
[3](ਜੇ) ਹੋਰ (ਕੋਈ) ਦਾਉ ਨਾ (ਲੱਗਾ)।
[4]ਬਹੁਤੇ ਦੋਸ਼ ਥੱਪ ਕੇ।
[5]ਚਾਂਦੀ ਦੇ ਡੰਡੇ (ਚੋਬਾਂ)।

ਕਿਤਿਕ ਦਾਸ ਦੌਰਤਿ ਚਲਹਿਂ, ਅਗਵਾ ਪਿਛਵਾਈ।
ਬੋਲਤਿ ਜਾਤਿ ਨਕੀਬ[1] ਜੋ, ਕੋ ਸੁਜਸੁ ਸੁਨਾਈ।
ਆਗੈ ਚਲੈਂ ਢਲੈਤ[2] ਕੁਛ, ਖਹਿ ਖੜਗ ਰੁ ਢਾਲੇ।
ਕੋ ਸਨਮਾਨਤਿ ਸੰਗ ਮੈਂ, ਕਹਿ ਬਾਕ ਰਸਾਲੇ ॥੮॥
ਮੰਗਤਿ ਜਨ ਗਨ ਬੋਲਤੇ, ਸਿਵਕਾ[3] ਪਰ ਚਾਲਾ।
ਗਰ ਜਾਮਾ ਪਾਲੇ ਬਹੁਤ[4], ਸਿਰ ਪਾਗ ਬਿਸਾਲਾ।
ਦੁਹਦਿਸ਼ਿ ਲੇਤਿ ਸਲਾਮ ਕੋ, ਗਮਨਤਿ ਪੁਰਿ ਮਾਂਹੂ।
ਪਿਖਿ ਦਿਵਾਨ ਨਰ ਖਰੇ ਹੁਇ, ਸਨਮਾਨ ਉਮਾਹੂ[5] ॥੯॥
ਸਿੰਘ ਪੌਰ[6] ਮਹਿਂ ਬਰਜੋ ਜਬਿ, ਭਟ ਗਨ ਭੇ ਠਾਂਢੇ।
ਉਮਰਾਵਨਿ ਮਹਿਂ ਪੁਨ ਗਯੋ, ਜੇ ਧਨ ਕਰਿ ਗਾਢੇ[7]।
ਜਹਾਂਗੀਰ ਬੈਠਯੋ ਤਖਤ, ਬਹੁ ਨਮੋ ਕਰੰਤਾ।
ਨਿਜ ਦਰਜੇ ਪਰ ਤਬਿ ਥਿਰਯੋ[8], ਉਤਸਾਹੁ ਧਰੰਤਾ ॥੧੦॥
ਹਜ਼ਰਤ ਕੋ ਅਭਿਨੰਦਨੇ[9], ਕਰਿ ਕਰਿ ਚਤੁਰਾਈ।
ਕਹਤਿ ਸੁਨਾਵਤਿ ਮ੍ਰਿਦੁਲ ਬਚ, ਕੀਰਤਿ ਵਰਧਾਈ।
ਹਸਤਿ ਸ਼ਾਹੁ ਹਰਖਤਿ ਹਿਯੋ, ਸਭਿ ਸਭਾ ਸਰਾਹਯੋ।
'ਚੰਦੁ ਦਿਵਾਨ ਪੁਰਾਤਨੀ, ਰਾਵਰਿ ਚਿਤ ਚਾਹਯੋ' ॥੧੧॥
ਘਾਤ ਪਾਇ ਬੋਲਯੋ ਬਹੁਰ, 'ਸੁਨਿ ਪਨਹ ਜਹਾਨਾ!
ਬਹੁ ਦਿਨ ਬੀਤੇ ਪ੍ਰਿਥੀਏ, ਨਿਜ ਕਸ਼ਟ ਬਖਾਨਾ।
ਕਹਯੋ ਆਪਿ -ਲਵਪੁਰਿ ਚਲਹਿਂ, ਤਹਿਂ ਝਗਰ ਨਿਬੇਰੈਂ-।
ਰਹਯੋ ਪ੍ਰਤੀਖਤਿ ਛੁਧਤਿ ਜਿਮ, ਭੋਜਨ ਦਿਸ਼ਿ ਹੇਰੈ ॥੧੨॥
ਅਬਿ ਆਵਨਿ ਕੋ ਚਹਤਿ ਹੈ, ਤੁਮ ਪਾਇ ਰਜਾਈ।
ਸੁਨਹੁ ਨਿਬੇਰੋ ਨਜਾਵ ਕਹੁ, ਲਿਹੁ ਦੁਹਨਿ ਬੁਲਾਈ।
ਸ਼ਾਹਨ ਕੋ ਈਮਾਨ ਬਡ, ਨਿਤ ਨਜਾਵ ਬਿਚਾਰੈਂ।
ਜਥਾ ਜੋਗ ਰਖਿ ਪ੍ਰਜਾ ਕੋ, ਸਭਿ ਕੋ ਪ੍ਰਤਿਪਾਰੈਂ ॥੧੩॥
ਸਭਿ ਕਾਜਨਿ ਤੇ ਇਹੁ ਬਡੋ, ਨਿਤ ਝਗਰ ਚੁਕਾਵੈ।

---

[1]ਆਵਾਜ਼ ਦੇਣ ਵਾਲਾ। ਭੱਟ।
[2]ਸੂਰਮੇ।
[3]ਪਾਲਕੀ।
[4]ਬਹੁਤੇ ਪੱਲਿਆਂ ਵਾਲਾ।
[5]ਉਤਸ਼ਾਹ ਕਰਦੇ ਹਨ।
[6]ਡੇਉਢੀ।
[7]ਤਕੜੇ।
[8]ਬੈਠ ਗਿਆ (ਚੰਦੂ)।
[9]ਨਮਸਕਾਰ ਕੀਤੀ।

ਤੁਮ ਸਮਾਨ ਕੋ ਨਹਿਂ ਭਯੋ, ਸੁਖਿ ਪ੍ਰਜਾ ਬਸਾਵੈ।
ਰਾਉ ਰੰਕ ਬਿਚ ਨਜਾਵ ਕੇ, ਤੁਮ ਲਖੇ ਸਮਾਨਾ[੧]।
ਪ੍ਰਿਥਕ ਕਰਜੋ ਪੈ ਪਾਨਿ ਕੋ, ਕੋ ਰਖਜੋ ਨ ਛਾਨਾ[੨] ॥੧੪॥
ਸ਼ਮਸ਼ ਮਨਿੰਦ ਪ੍ਰਕਾਸ਼ ਨਯ, ਤਮ ਅਨਯ ਨਸਾਏ[੩]।
ਚੋਰ ਜਾਰ ਬਟਪਾਰ ਠਗ, ਤਮਚਰ ਸੁ ਛਪਾਏ।'
ਸੁਨਿ ਚੰਦੂ ਤੇ ਸ਼ਾਹੁ ਕਹਿ, 'ਗੁਰ ਢਿਗ ਨ ਪਠਾਓ।
ਕਰਹਿ ਪੁਕਾਰ ਜੁ ਪ੍ਰਿਥੀਆ, ਨਿਜ ਨਿਕਟ ਬੁਲਾਓ ॥੧੫॥
ਪ੍ਰਿਥਮ ਸੁਨੈ[੨] ਨਿਰਨੈ ਕਰਹਿਂ, ਕਿਮ ਕਰਹਿ ਪੁਕਾਰੂ।
ਬਹੁਰ ਉਗਾਹ ਹਕਾਰਿ ਕਰਿ, ਤਿਨ ਸਿਖ ਜਿ ਉਦਾਰੂ।
ਸ੍ਰੀ ਗੁਰੁ ਬਹੁਰ ਬੁਲਾਇ ਹੈਂ, ਜਬਿ ਉਚਤ ਨਿਹਾਰੈਂ।
ਜਥਾ ਜੋਗ ਕਰਿਵਾਇ ਹੈਂ, ਨਹਿਂ ਪੱਖ ਸੰਭਾਰੈਂ' ॥੧੬॥
ਹਾਥ ਜੋਰਿ ਕਹਿ 'ਭਲਾ ਜੀ,' ਉਠਿ ਸ਼ਾਹੁ ਗਯੋ ਹੈ।
ਭਈ ਬ੍ਰਖਾਸਤਿ ਸਭਿ ਸਭਾ, ਮੁਦ ਚੰਦੁ ਭਯੋ ਹੈ।
ਸਦਨ ਆਇ ਤਿਸ ਚਾਰ ਕੋ, ਸਭਿ ਕਹਜੋ ਪ੍ਰਸੰਗਾ।
'ਆਨਹੁ ਪ੍ਰਿਥੀਆ ਜਾਇ ਕਰਿ, ਚਲਿ ਤੂਰਨ ਸੰਗਾ' ॥੧੭॥
ਸੁਨਿ ਕੋਠੇ ਕੋ ਨਰ ਗਯੋ, ਨਹਿਂ ਬਿਲਮ ਲਗਾਈ।
ਬੈਠਜੋ ਕਰਤਿ ਪ੍ਰਤੀਖਨਾ, ਮਿਲਿ ਸਕਲ ਸੁਨਾਈ।
'ਸਿਮਰਜੋ[੪] ਹਜ਼ਰਤਿ ਨੇ ਚਲੋ, ਨਹਿਂ ਗਹਰ[੫] ਲਗੀਜੈ।
ਹਰਖਤਿ ਚੰਦੂ ਨੇ ਪਠਜੋ, ਮਗ ਮਹਿਂ ਪਗ ਦੀਜੈ' ॥੧੮॥
ਸੁਨਤਿ ਹੌਸਲਾ ਉਰ ਵਧਜੋ, ਤਜਾਰੀ ਕਰਿਵਾਈ।
ਮਿਹਰਵਾਨੁ ਸੁਤ ਕੇ ਸਹਤ, ਕਰਮੋ ਢਿਗ ਆਈ।
'ਤੁਮ ਪ੍ਰਬੀਨ ਸਭਿ ਮਤਿ ਵਿਖੈ, ਕਜਾ ਕਹੌਂ ਬਨਾਈ।
ਕਰੋ ਬਾਤ ਸ਼ੁਭ ਰੀਤਿ ਕੀ, ਹੁਇ ਸਹਿਜ ਸੁਭਾਈ ॥੧੯॥
ਨਹਿਂ ਉਲਟੀ ਕਿਮ ਗਰ ਪਰਹਿ, ਪਤਿ ਰਹੈ ਨ ਜੈਸੇ।
ਚਲਹਿ ਜੀਵਕਾ ਬਹੁਤ ਅਬਿ, ਨਤੁ ਆਛੇ ਐਸੇ[੬]।
ਬਾਹੁ ਪਰੈ[੭] ਤੁਰਕਾਨਿ ਸੋਂ, ਕਰਹਿਂ ਨ ਸਨਮਾਨਾ।

---

[੧]ਜਾਣੇ ਜਾਂਦੇ ਹੋ ਇਕੋ ਜਿਹੇ।
[੨]ਵੱਖੋ ਵੱਖ ਕੀਤਾ ਹੈ ਦੁੱਧ ਪਾਣੀ ਨੂੰ, ਕੋਈ ਲੁਕਾਉ ਨਹੀਂ ਰੱਖਿਆ।
[੩]ਸੂਰਜ ਵਾਂਗ ਪ੍ਰਕਾਸ਼ਿਆ ਨਿਆਉਂ ਨੂੰ ਤੇ ਅੰਧੇਰਾ ਅਨਿਆਇ ਦਾ ਦੂਰ ਕੀਤਾ ਹੈ।
[੪]ਯਾਦ ਕੀਤਾ ਹੈ।
[੫]ਡੇਰੀ [ਹਿੰਦੀ, ਗਹਰ]
[੬]ਨਹੀਂ ਤਾਂ (ਗੁਰਿਆਈ ਗੱਦੀ ਮਿਲੇ ਬਿਨਾ) ਐਵੇਂ ਹੀ ਚੰਗੇ ਹਾਂ।
[੭]ਵਾਹ ਪਏਗਾ।

ਹਾਂਸੀ ਕਰਹਿ ਸ਼ਰੀਕ ਗਨ, ਜੇ ਹੁਇ ਕੁਛ ਹਾਨਾ ॥੨੦॥
ਮੋਹਿ ਨ ਆਛੋ ਅਬਿ ਲਗਹਿ, ਕਿਤ ਜਾਨਿ ਤੁਮਾਰਾ।
ਗੁਰੂ ਪਦਾਰਥ ਬਹੁ ਦਏ, ਭਲ ਚਲੈ ਗੁਜ਼ਾਰਾ।'
ਸੁਨਿ ਪ੍ਰਿਥੀਏ ਧੀਰਜ ਦਈ, 'ਕਿਮ ਬੋਲਤਿ ਬੈਨਾ?
ਲੇਨਿ ਸਮੋ ਗਾਦੀ ਅਬਹਿ, ਕਿਮ ਬੈਠਿਵ ਐਨਾ[1] ॥੨੧॥
ਜਿਯਤਿ ਰਹੈਂ ਰਿਪੁ ਕੋ ਹਤਹਿਂ, ਪੁਨ ਮਿਲਿ ਹੈਂ ਆਈ।
ਨਤੁ ਬੈਠੌਂ ਦਰ ਸ਼ਾਹੁ ਕੇ, ਲਿਉਂ ਕਿਮੈ ਰਿਝਾਈ।
ਮਿਹਰਵਾਨ ਮਮ ਪੁੱਤ੍ਰ ਸੁਖ, ਬਹੁ ਬਿਧਿ ਕੇ ਪਾਵੈ।
ਮੋਹਿ ਆਰਬਲ ਬਿਤ ਗਈ, ਦਿਨ ਅਲਪ ਰਹਾਵੈ' ॥੨੨॥
ਅੰਕ[2] ਲਿਯੋ ਮਿਲਿ ਪ੍ਰੇਮ ਕਰਿ, ਸੂੰਘਤਿ ਮੁਖ ਭਾਲਾ[3]।
ਸਰਬ ਰੀਤਿ ਸਮੁਝਾਇ ਕੈ, ਚਾਹਤਿ ਚਿਤ ਚਾਲਾ[4]।
ਨਿਕਸਤਿ ਸਨਮੁਖ ਛੀਂਕ ਭੀ, ਫਰਕੋ ਬਾਮੰਗਾ[5]।
ਸਮਧਾ[6] ਕੋ ਸਿਰ ਭਾਰ ਧਰਿ, ਨਰ ਮਿਲਯੋ ਕੁਢੰਗਾ[7] ॥੨੩॥
ਸੰਸੈ ਕਰਮੋ ਬਹੁ ਕਰਹਿ, ਨਹਿਂ ਸਕਹਿ ਹਟਾਈ।
ਫੁਰਤ[8] ਬਿਲੋਚਨਿ ਦਾਹਿਨੋ, ਲਖਿ ਉਰ ਦੁਖਦਾਈ।
ਨਹਿਂ ਪ੍ਰਿਥੀਆ ਕੁਛ ਮਨ ਗਿਨੈ, -ਮਮ ਪੱਖੀ ਚੰਦੂ।
ਲਵਪੁਰਿ ਚਲਿ ਕਰਿ ਹਹਿਂ ਜਤਨ, ਕਰਿ ਅਨੁਜ ਨਿਕੰਦੂ- ॥੨੪॥
ਦਾਸ ਸਿੱਖ ਗਨ ਸੰਗ ਲੈ, ਪਸ਼ਚਮ ਮੁਖ ਕੀਨਾ।
ਗਮਨਯੋ ਮਾਰਗ ਛਿੱਪ੍ਰ ਕਰਿ, ਤ੍ਰਿਸ਼ਨਾ ਕਿਯ ਦੀਨਾ[9]।
ਨਿਸ਼ ਬਿਸਰਾਮਹਿ ਦਿਨ ਚਲਹਿ, ਦਿਨ ਥੋਰਨਿ ਮਾਂਹੂ।
ਪਹੁੰਚਯੋ ਤਰਨ ਤਾਰਨ ਨਿਕਟ, ਬੋਲੇ ਨਰ ਪਾਹੂ[10] ॥੨੫॥
'ਗੁਰੂ ਰਚਯੋ ਤੀਰਥ ਮਹਾਂ, ਮੱਜਨ ਕਰਿ ਲੀਜੈ।
ਚਲਿ ਡੇਰਾ ਆਗੇ ਕਰੈਂ, ਨਿਸ ਪਰੀ ਲਖੀਜੈ।
ਚਲੇ ਕੋਸ ਬਹੁ ਸ਼੍ਰਮਤਿ ਹੈਂ, ਕਰਿ ਲੇਂ ਬਿਸਰਾਮੂ।'

---

[1]ਘਰ ਕਿਵੇਂ ਬੈਠਾ ਰਹਾਂ।
[2]ਜੱਫੀ ਵਿਚ।
[3]ਮੂੰਹ ਤੇ ਮੱਥਾ।
[4]ਚਲਣਾ ਚਾਹੁੰਦਾ ਹੈ ਚਿੱਤ ਵਿਚ।
[5]ਖੱਬੇ ਅੰਗ।
[6]ਲਕੜੀਆਂ।
[7]ਕੋਝਾ ਜਿਹਾ।
[8]ਫੁੜਕਦੀ ਹੈ।
[9]ਤ੍ਰਿਸ਼ਨਾਂ ਦਾ ਦੀਨ ਕੀਤਾ ਹੋਯਾ। ਭਾਵ ਤ੍ਰਿਸ਼ਨਾਂ ਦੇ ਅਧੀਨ।
[10]ਨਾਲ ਦੇ ਆਦਮੀ।

ਸੁਨਿ ਪ੍ਰਿਥੀਆ ਰਿਸ ਕਰਿ ਕਹੈ, ਜਿਸ ਕੋ ਮਨ ਬਾਮੂੰ[੧] ॥੧੬॥
'ਇਹ ਛਪੜੀ ਤੀਰਥ ਨਹੀਂ, ਫਲ ਕਹਾਂ ਨਹਾਏ।
ਨਹੀਂ ਗੁਰੂ ਕੋ ਰਚਤਿ ਥਲ, ਕਛੁ ਪੂਰ ਨ ਪਾਏ[੨]।
ਤੁਰਕਨਿ ਛੀਨ ਪਚਾਵਿਅਨਿ, ਰਚਿਬੇ ਨਹਿਂ ਦੀਨੋ।
ਚਲੋ ਅਗਾਰੀ ਦੇਖੀਯਹਿ, ਤੀਰਥ ਹਮ ਕੀਨੋ ॥੧੭॥
ਤਹਾਂ ਕਰਹਿਂ ਬਿਸਰਾਮ ਕੋ, ਸ਼੍ਰਮ ਸਭਿ ਨਿਰਵਾਰੈਂ।
ਭਲੇ ਅਸੂਦੇ[੩] ਹੋਇ ਹੈਂ, ਦਿਨ ਦੁਇ ਤ੍ਰੈ ਟਾਰੈਂ।'
ਬਿਨ ਹੇਰੇ ਗੁਰੁ ਥਾਨ ਕੋ, ਚਲਿ ਜਾਤਿ ਅਗਾਰੀ।
ਜਾਇ ਪਹੂਚਯੋ ਹੇਹਰੀ[*], ਉਤਰਯੋ ਮੁਦ ਭਾਰੀ ॥੨੮॥
ਸਿੱਖਨਿ ਕੋ ਉਪਦੇਸ਼ਤੋ 'ਇਹ ਤੀਰਥ ਆਛੋ।
ਮੱਜਹੁ ਸ਼ਰਧਾ ਧਾਰਿ ਕਰਿ, ਪ੍ਰਾਪਤ[੪] ਜੋ ਬਾਂਛੋ।
ਬਿਸਰਾਮਹੁ, ਸ਼੍ਰਮ ਪਰਹਰਹੁ, ਪੁਨ ਲਵਪੁਰਿ ਚਾਲੈਂ।'
ਖਾਨ ਪਾਨ ਕੀਨਸਿ ਪੁਨਹ, ਕਰਿ ਸ੍ਵਾਦ ਬਿਸਾਲੈ ॥੨੯॥
ਨਿਸਾ ਪਰੀ ਸੁਪਤੇ ਪੁਨਹੁ, ਉਠਿ ਪ੍ਰਾਤ ਨਹਾਏ।
ਕਰਯੋ ਕਰਾਹੁ ਬ੍ਰਤਾਇਕੈ, ਹਰਖਤਿ ਹਿਯ ਖਾਏ।
ਤੀਨ ਦਿਵਸ ਬੀਤੇ ਬਸਤਿ, ਕਹਿ ਸੰਧਯਾ ਕਾਲਾ।
'ਚਲਹਿਂ ਕਾਲਿ ਕੋ ਲਵਪੁਰੀ, ਹੁਇ ਕਾਜ ਬਿਸਾਲਾ ॥੩੦॥
ਚੰਦੂ ਕਰਹਿ ਪ੍ਰਤੀਖਨਾ, ਇਕ ਸਿਖ ਮਿਲਿ ਆਯਾ[੫]।
ਅਰਜਨ ਕੋ ਮਾਰਯੋ ਚਹੈ, ਲੇ ਮੋਹਿ ਸਹਾਯਾ।
ਨਿਸਾ ਭਈ ਭੋਜਨ ਅਚਯੋ, ਦਧਿ ਸਿਖ ਨੇ ਆਨਾ।
ਸੂਖਮ ਚਾਵਰ ਸਾਦ ਸੋਂ, ਕੀਨਸਿ ਬਹੁ ਖਾਨਾ ॥੩੧॥
ਸ੍ਵਾਦਿ ਸਾਥ ਅਚਿ ਬਹੁ ਗਯੋ, ਹੁਨਿਹਾਰ[੬] ਖੁਵਾਯੋ।
ਗਰ ਲੌ ਭਰਿ ਕੈ ਉਦਰ ਕੋ, ਨਿਸ ਮਹਿਂ ਸੁਪਤਾਯੋ।
ਅਰਧ ਨਿਸਾ ਬਦਹਾਜ਼ਮਾ, ਹੈਜ਼ਾ ਹੁਇ ਆਵਾ।
ਸੂਲ ਉਠਯੋ ਜਨੁ ਸੂਲ ਚੁਭਿ, ਦੁਖ ਤੇ ਬਿਕੁਲਾਵਾ ॥੩੨॥
'ਹਾਇ ਹਾਇ' ਮੁਖ ਕਰਤਿ ਹੈ, ਜਾਗੇ ਨਰ ਪਾਸੂ[੧]।

---

[੧]ਟੇਢਾ।
[੨]ਕੁਛ ਪੂਰੀ ਨਹੀਂ ਪਾ ਸਕਦਾ।
[੩]ਸੁਖੀ [ਫਾ: ਆਸੂਦਹ]
[*]ਦੇਖੋ ਰਾ: ੩ ਅੰ: ੨੩ ਅੰਕ ੧੧ ਦੀ ਹੇਠਲੀ ਟੂਕ।
[੪]ਮਿਲਦਾ ਹੈ।
[੫]ਇਕ (ਮੇਰਾ) ਸਿੱਖ (ਚੰਦੂ ਨੂੰ) ਮਿਲਕੇ ਆਇਆ ਹੈ।
[੬]ਹੋਣਹਾਰ ਨੇ।

ਕਹਾਂ ਜਤਨ ਕੋ ਤਬਿ ਕਰਹਿਂ, ਨਹਿਂ ਔਖਧ ਰਾਸੂ[2]।
ਨਹਿਂ ਹਕੀਮ ਕੋ ਗ੍ਰਾਮ ਮਹਿਂ, ਕਛੁ ਹ੍ਵੈ ਨ ਉਪਾਈ।
ਰੁਦਤਿ ਨਿਕਟ ਹ੍ਵੈ ਦੁਖਤਿ ਸਭਿ, ਤਿਸ ਆਸ ਚੁਕਾਈ ॥੩੩॥
ਪ੍ਰਿਥੀਏ ਨੇ ਜਾਨਜੋ ਮਰਨਿ, -ਨਹਿਂ ਬਾਚਹਿਂ ਪ੍ਰਾਨਾ-।
ਸਿੱਖ ਦਾਸ ਗਨ ਹਿਤੂ ਲਖਿ, ਅਸ ਬਾਕ ਬਖਾਨਾ।
'ਅਬਿ ਮੇਰੋ ਪਰਲੋਕ ਹ੍ਵੈ, ਰੁਜ ਵਧਜੋ ਬਿਸਾਲਾ।
ਦਾਹ ਕਰਹੁ ਇਸ ਥਾਨ ਹੀ, ਕਰਿ ਕ੍ਰਿਯਾ ਕਪਾਲਾ[3] ॥੩੪॥
-ਪੀਛੇ ਹੋਇ ਜੁ ਅੰਸ ਮਮ, ਮਰਿ ਹੈ ਕਿਤ ਕੋਈ।
ਦਾਹੁ ਆਨਿ ਇਸ ਥਲ ਕਰਹਿ-, ਕਹਿ ਦੀਜਹਿ ਸੋਈ।
ਮੋ ਕਹੁ ਮਿਲਹਿ ਸੁ ਆਨਿ ਕਰਿ, ਫਲ ਉੱਤਮ ਪਾਵੈ।
ਮਿਹਰਵਾਨ ਸੋਂ ਕਹੋ ਤੁਮ-, ਬਹੁਤ ਨ ਰੁਦਨਾਵੈ ॥੩੫॥
ਇਹੀ ਰੀਤਿ ਸਭਿ ਜਗਤ ਕੀ, ਆਵਤਿ ਇਕ ਜਾਤੇ[4]।
ਕਰਹੁ ਕ੍ਰਿਆ ਮੇਰੀ ਸਕਲ, ਜਪਿ ਨਾਮ ਪ੍ਰਭਾਤੇ।
ਪੁਨ ਆਵਹੁ ਚੰਦੂ ਮਿਲਹੁ, ਲਿਹੁ ਗੁਰਤਾ ਗਾਦੀ।
ਜਜੋਂ ਕਜੋਂ ਅਰਜਨ ਕੋ ਹਤਹੁ, ਪੁਨ ਕੀਜਹਿ ਸ਼ਾਦੀ[5] ॥੩੬॥
ਪੁਰਹੁ ਕਾਮਨਾ ਆਇ ਕਰਿ, ਸਭਿ ਬਨਜੋ ਬਨਾਊ।
ਬੈਰ ਸੰਭਾਰੋ ਆਪਨੋ, ਨਹਿਂ ਕਰਹੁ ਵਲਾਊ[6]-।'
ਇਮ ਕਹਿ ਧਰਨੀ ਪਰ ਪਰਜੋ, ਬਜਾਕੁਲ ਬਡ ਹੋਵਾ।
ਬੋਲ ਬੰਦ, ਮ੍ਰਿਤੁ ਚਿੰਨ੍ਹ ਭੇ, ਸਭਿ ਸੰਗਿਨਿ ਜੋਵਾ ॥੩੭॥
ਰਹੇ ਬੁਲਾਵਤਿ ਦਾਸ ਗਨ, ਨਿਕਸੇ ਤਨ ਪ੍ਰਾਨਾ।
ਚਿਤਵਤਿ ਗੁਰੁ ਸੰਗਿ ਬੈਰ ਕੋ, ਪਰਲੋਕ ਪਯਾਨਾ।
ਰੁਦਤਿ ਸਕਲ ਬੈਠੇ ਨਿਕਟ ਸੋ ਰਾਤ ਬਿਤਾਈ।
ਭਈ ਪ੍ਰਭਾਤਿ ਉਠਾਇ ਕੈ ਬਡ ਚਿਖਾ ਬਨਾਈ ॥੩੮॥
ਊਪਰ ਧਰਿ ਕਰਿ ਛਾਰਿ ਕਰਿ ਰੋਏ ਸਮੁਦਾਏ।
ਅਸਥਿ ਬੀਨ[7] ਦਿਨ ਤੀਨ ਮੈਂ, ਹਟਿ ਪਾਛਿ ਸਿਧਾਏ।
ਇਕ ਸਿਖ ਕੋਠੇ ਕੋ ਗਯੋ, ਪੂਰਬ ਸੁਧਿ ਦੈਬੇ।

---

[1]ਕੋਲ ਦੇ।
[2]ਰਾਸ ਦਵਾ = ਸਿਧ ਔਖਧੀ (ਅ) ਦਵਾ ਰਾਸ ਨਹੀਂ (ਪੈਂਦੀ)।
[3]ਕਪਾਲ ਕਿਰਿਆ।
[4]ਇਕ ਆਂਵਦਾ ਹੈ ਇਕ ਜਾਂਦਾ ਹੈ।
[5]ਖੁਸ਼ੀ।
[6]ਟਾਲਾ।
[7]ਫੁੱਲ ਚੁਣਕੇ।

ਸੁਨਿ ਮਰਨੋ, ਸੁਤ ਭਾਰਜਾ, ਬਡ ਕੂਕ ਕਰੈਬੇ ॥੩੯॥
'ਹਾਇ ਹਾਇ' ਕਰਿ ਰੁਦਤ ਹੈ, 'ਨਹਿਂ ਸਧਯੋ ਸਰੀਕਾ[1]।
ਹੇ ਪਤਿ! ਪੂਰਬ ਹੀ ਮਰਯੋ, ਇਹ ਕਿਯੋ ਨ ਨੀਕਾ।
ਮਿਹਰਵਾਨ ਸੁਤ ਕੀ ਖਬਰ, ਕਬਿ ਲੈਹੈਂ ਆਈ।
ਬਦਨ ਮਰਤਿ ਹਮ ਨਹਿਂ ਪਿਖ੍ਯੋ, ਬਿਧਿ ਕਹਾਂ ਬਨਾਈ ॥੪੦॥
ਰਹੀ ਹਟਾਇ ਨ ਹਟ੍ਯੋ ਤਬਿ, ਅਪਸ਼ਗੁਨ ਬਿਸਾਲੇ।
ਕਿਮ ਫਲ ਸੋ ਦੇਵੈਂ ਨਹੀਂ, ਦੁਖ ਕੀਨਿ ਕਰਾਲੇ।'
ਕਹਿਂ ਲਗਿ ਬਰਨੌਂ ਸ਼ੋਕ ਜਨੁ, ਕਿਯ ਆਇ ਅਵਾਸਾ[2]।
ਇਤਨੇ ਮੈਂ ਆਏ ਅਸਥਿ, ਰੋਦਤਿ ਭਰਿ ਸ੍ਵਾਸਾ ॥੪੧॥
ਮਿਹਰਵਾਨ ਬਹੁ ਰੋਇ ਕੈ, ਮ੍ਰਿਤੁ ਕ੍ਰਿਆ ਕਰਾਈ।
ਸ਼ਬਦ[3*] ਪਢਾਯੋ ਦਰਬ ਦੇ, ਸੁਨਤੇ ਸਮੁਦਾਈ।
ਤਿਨ ਕੀ ਸੰਗਤਿ ਆਇ ਕਰਿ, ਪੁਨ ਪਾਗ ਬੰਧਾਈ।
ਮਿਟ੍ਯੋ ਸ਼ੋਕ ਤਬਿ ਜਨ[4] ਕਹ੍ਯੋ, ਜੋ ਅਕਲ ਸਿਖਾਈ ॥੪੨॥
'-ਸ਼੍ਰੀ ਅਰਜਨ ਤੇ ਬੈਰ ਕਰਿ, ਲਿਹੁ ਗੁਰੁਤਾ ਗਾਦੀ।
ਚੰਦੂ ਹਤਹਿ ਉਪਾਇ ਤੇ, ਤਬਿ ਕੀਜਹਿ ਸ਼ਾਦੀ-।
ਮਰਤਿ ਕਹ੍ਯੋ ਤੁਮ ਸੋਂ ਪਿਤਾ, ਇਹੁ ਸੁਨਹੁ ਸੰਦੇਸਾ।'
ਸੁਨ੍ਯੋ ਪੁੱਤ੍ਰ ਅਰੁ ਭਾਰਜਾ, ਉਰ ਲਹਤਿ ਕਲੇਸ਼ਾ ॥੪੩॥

ਦੋਹਰਾ: ਮਿਹਰਵਾਨ ਮਨ ਮਾਨਿ ਕੈ, ਮੌਨ ਠਾਨਿ ਰਹਿ ਭੌਨ।
ਕਰਹਿ ਪ੍ਰਤੀਖਨ ਗੁਰ ਬਨੌਂ, ਹੁਇ ਹੈ ਕਾਰਨ ਕੌਨ[5] ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪ੍ਰਿਥੀਆ ਮਰਨ' ਪ੍ਰਸੰਗ ਬਰਨਨੰ ਨਾਮ ਖਸ਼ਟ ਬਿੰਸਤੀ ਅੰਸੂ ॥੨੬॥

---

[1]ਸ਼ਰੀਕਾ ਸੋਧ ਨਾ ਸਕਿਆ।
[2]ਮਾਨੋ ਸ਼ੋਕ ਨੇ ਹੀ ਘਰ ਆ ਕੀਤਾ ਹੈ।
[3]ਗੁਰਬਾਣੀ ਚਾਰ ਸਾਹਿਬਾਂ ਦੀ।
[*]ਪਾ:-ਗਰੜ।
[4]ਦਾਸਾਂ ਨੇ।
[5]ਕੌਣ ਸਬੱਬ ਹੋਵੇ।

੨੭. [ਸ਼ੋਕ। ਚੰਦੂ। ਜਹਾਂਗੀਰ]

੨੬<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੮

ਦੋਹਰਾ: ਸੰਮਤ ਸੋਰਹ ਸਤ ਹੁਤੇ, ਊਪਰ ਪੰਚ ਮਿਲਾਇ[੧]।
ਸਪਤਮ ਹੁਤੀ ਅਸੌਜ ਕੀ[੨], ਪ੍ਰਿਥੀਆ ਤਬਿ ਜਨਮਾਇ ॥ ੧ ॥

ਨਿਸਾਨੀ ਛੰਦ: ਸੋਰਹ ਸਤ ਤ੍ਰੇਹਠ ਬਿਖੈ, ਮਾਧਵ ਕੋ ਮਾਸਾ[੩]।
ਮ੍ਰਿਤਕ ਭਯੋ[+] ਸੋ ਜਾਨੀਅਹਿ, ਨਹਿਂ ਪੁਰਵੀ ਆਸਾ।
ਬੁਰਾ ਸੁ ਚਿਤਵਤਿ ਗੁਰੂ ਕੋ, ਸਭਿ ਬੈਸ ਬਿਤਾਈ।
ਜਿਮ ਤਸਕਰ ਸਸਿ[੪] ਕੋ ਕਹੈ, -ਜਰ ਕਯੋਂ ਨਹਿਂ ਜਾਈ- ॥੨॥
ਜਿਮ ਉਲੂਕ[੫] ਕਹਿ ਸੂਰ[੬] ਕੋ, -ਕਿਮ ਉਦਯਤਿ ਨੀਤਾ[੭]।
ਕਯੋਂ ਨ ਹਿਮਾਲੇ ਮਹਿਂ ਗਰਹਿ, ਦੁਖਦੇ ਹਮ ਚੀਤਾ[੮]-।
ਜਥਾ ਜਵਾਸੋ ਪਾਵਸੈ[੯], ਦੇ ਦੋਸ਼ ਬਡੇਰੇ।
-ਬਿਨਾ ਚਾਹ ਕਯੋਂ ਬਰਸਤੋ, ਹਮ ਹਰਿਤ[੧੦] ਘਨੇਰੇ- ॥੩॥
ਬਾਟਪਾਰ ਜਿਮ ਪਾਤਕੀ[੧੧], ਨਿਜ ਘਾਤ ਤਕਾਵੈ।
ਧਰਮਾਤਮ ਮਹਿਪਾਲ ਕੋ, ਗਨ ਦੋਸ਼ ਬਤਾਵੈ।
ਜਾਰ[੧੨] ਜਥਾ ਕੁਟਵਾਰ ਕੋ, ਨਿਤ ਚਹਤਿ ਬਿਨਾਸਾ।
ਬਕ ਮਰਾਲ ਕੋ ਪਦ ਚਿਤਹਿ[੧੩], ਕਿਮ ਪੁਰਵਹਿ ਆਸਾ ॥੪॥
ਜਿਮਿ ਬਿਰਹਨਿ ਕੋ[੧੪] ਚਾਂਦਨੀ, ਦੀਰਘ ਦੁਖਦਾਈ।
ਤਥਾ ਅਨੁਜ ਕੀ ਕੀਰਤੀ, ਕਬਹੁਂ ਨ ਮਨ ਭਾਈ।
ਜਿਮਿ ਜੰਬੁਕ ਬਨਪਤਿ ਬਨਨਿ[੧੫], ਨਿਤ ਜਤਨ ਕਰੰਤਾ।
ਕੇਹਰਿ ਕੋ ਕਾਢਨਿ ਚਹੈ, ਕਿਮਿ ਇੱਛ ਪੁਰੰਤਾ ॥੫॥

---

[੧]ਭਾਵ ੧੬੦੫।
[੨]ਅੱਸੂ ਦੀ ਸੱਤ।
[੩]ਭਾਵ ਵੈਸਾਖ ਸੰ: ੧੬੬੩।
[+]ਪ੍ਰਿਥੀਏ ਦੀ ਮੌਤ ਦਾ ਸਮਾਂ ਹੋਰ ਖੋਜ ਦਾ ਮੁਥਾਜ ਹੈ।
[੪]ਚੰਦਰਮਾ।
[੫]ਉੱਲੂ।
[੬]ਸੂਰਜ।
[੭]ਕਿਉਂ ਉਦਯ ਹੁੰਦਾ ਹੈ ਹਮੇਸ਼।
[੮]ਹਿਮਾਲੇ ਵਿਚ ਕਿਉਂ ਨਹੀਂ ਗਲ ਜਾਂਦਾ ਦੁਖ ਦਿੰਦਾ ਹੈਂ ਸਾਡੇ ਚਿੱਤ ਨੂੰ।
[੯]ਜਵਾਹਾਂ ਬਰਖਾ ਰੁਤ ਨੂੰ।
[੧੦]ਹਰੇ ਹਾਂ।
[੧੧]ਜਿਵੇਂ ਪਾਪੀ ਧਾੜਵੀ।
[੧੨]ਯਾਰ, ਵਿਸ਼ਈ।
[੧੩]ਬਗਲਾ ਹੰਸ ਦਾ ਮਰਤਬਾ ਚਾਹੇ।
[੧੪]ਵਿਛੋੜੇ ਵਾਲੀ ਨੂੰ।
[੧੫]ਗਿੱਦੜ ਸ਼ੇਰ ਬਣਨ ਦਾ।

ਗਾਦੀ ਸੀਤਾ[1] ਲੈਨਿ ਕੋ, ਰਾਵਨਿ ਸਮ ਹੋਵਾ।
ਅਭਿਲਾਖਤਿ ਹੀ ਪਚ ਗਯੋ[2], ਨਹਿਂ ਸੋ ਸੁਖ ਜੋਵਾ।
ਕੰਸ ਕ੍ਰਿਸ਼ਨ ਕੇ ਹਤਨਿ ਹਿਤ, ਛਲ ਰਚੇ ਘਨੇਰੇ।
ਮਾਰਤ ਆਪਹਿ ਮਰਿ ਗਯੋ, ਤਿਮ ਪ੍ਰਿਥੀਆ ਹੇਰੇ ॥੬॥
ਸਸਾ ਕਹੈ -ਮੈ ਸ਼ੇਰ ਹੌਂ-, ਗਰਬਤਿ ਬਿਚ ਭਾਈ[3]।
ਜਬਿ ਆਵੈ ਗਜ ਸਮੁਖ ਤਿਸਿ, ਤਬਿ ਕੌਨ ਹਟਾਈ।
-ਗੁਰੂ ਬਨਯੋ ਮੈਂ- ਨਿਤ ਕਹੈ, ਜਬਿ ਜਮ ਦੇ ਪੀਰਾ।
ਸਿੱਖਨਿ ਗਨ ਅਰੁ ਆਪਿ ਕੋ, ਧਾਰਹਿ ਕੋ ਧੀਰਾ ॥੭॥
ਮਿਹਰਵਾਨ ਪ੍ਰਸਥਾਨ ਕੋ[4], ਚਾਹੈ ਬਹੁਤੇਰਾ।
ਜਨਨੀ ਜਾਨਿ ਨ ਦੇਤਿ ਹੈ, ਕਰਿ ਨੇਹੁਂ ਘਨੇਰਾ।
'ਹੇ ਸੁਤ! ਤੂੰ ਅਬਿ ਆਸਰਾ, ਸਿਖ ਸੰਗਤਿ ਕੇਰਾ।
ਮੈਂ ਅਨੰਦ ਤੇ ਰਹਤਿ ਹੌਂ, ਪਿਖਿ ਕਰਿ ਮੁਖ ਤੇਰਾ ॥੮॥
ਤੋਹਿ ਪਿਤਾਮਾ ਜਗ ਗੁਰੂ, ਅਜ਼ਮਤਿ ਧਰਿ ਭਾਰੀ।
ਨਰ ਨਿਹਾਲ ਕਰਿ ਸੈਂਕਰੇ, ਦੁਰਮਤਿ ਉਰਟਾਰੀ।
ਬਖਸ਼ਤਿ ਨਵ ਨਿਧ ਸਿੱਧਿ ਕੋ, ਪਿਖਿ ਕੈ ਨਿਜ ਸੇਵਾ।
ਪੂਜਨੀਯ ਸਭਿ ਕੇ ਭਏ, ਜਗ ਸ੍ਰੀ ਗੁਰੁ ਦੇਵਾ ॥੯॥
ਤੋਹਿ ਪਿਤਾ ਸੇਵੇ ਨਹੀਂ, ਹੋਇ ਨ ਅਨੁਸਾਰੀ।
ਸਮਤਾ ਕੋ ਕਰਤੋ ਰਹਯੋ, ਕਟੁ ਗਿਰਾ ਉਚਾਰੀ।
ਕਹਯੋ ਨ ਮਾਨਹਿਂ ਕੁਛ ਕਬਹਿ, ਜਾਨਹਿ -ਪਿਤ ਮੇਰਾ-।
ਪ੍ਰਭੂ ਨ ਜਾਨਯੋ ਅਦਬ ਕਰਿ, ਲਰਤੋ ਬਹੁ ਬੇਰਾ ॥੧੦॥
ਸਾਸੁ[5] ਰਹੀ ਸਮੁਝਾਵਤੀ -ਜੇ ਚਹਿਂ ਗੁਰੁ ਗਾਦੀ।
ਸਮਤਾ ਕਰਹੁ ਨ ਪਿਤਾ ਕੀ, ਨਹਿਂ ਹੂਜਹਿ ਬਾਦੀ।
ਨਾਂਹਿ ਤ ਲੈ ਹੈ ਦਾਸ ਕੋ, ਛੂਛੇ ਰਹਿ ਜਾਵੋ।
ਸੇਵਾ ਕੇ ਬਸਿ ਹੋਤਿ ਹੈਂ, ਤੁਮ ਸੇਵ ਕਮਾਵੋ- ॥੧੧॥
ਏਕ ਨ ਮਾਨੀ ਕਿਸੇ ਕੀ, ਨਿਜ ਹਿਤ ਨਹਿਂ ਜਾਨਾ।
ਲਖਿ ਬਿਸਾਲ ਬੁਧਿ ਆਪਨੀ, ਉਰ ਮੇ ਗਰਬਾਨਾ।
ਅਰਜਨ ਆਇਸੁ ਮਾਨਿ ਕਰਿ, ਲਵਪੁਰੀ ਸਿਧਾਵਾ।
ਇਸ ਹੀ ਤੇ ਸੁ ਪ੍ਰਸੰਨ ਹ੍ਵੈ, ਤਿਨ ਕੇ ਮਨਿ ਭਾਵਾ ॥੧੨॥

---

[1]ਗੱਦੀ ਰੂਪੀ ਸੀਤਾ।
[2]ਤਰਸਦਾ ਹੀ ਖਪ ਗਿਆ।
[3]ਭਰਾਵਾਂ ਵਿਚ।
[4](ਚੰਦੂ ਪਾਸ) ਜਾਣ ਨੂੰ।
[5](ਮੇਰੀ) ਸੱਸ, ਭਾਵ ਬੀਬੀ ਭਾਨੀ ਜੀ।

ਗੁਰੁਤਾ ਗਾਦੀ ਪਰ ਥਿਰਯੋ, ਅਜ਼ਮਤਿ ਕੋ ਪਾਏ।
ਦੇਖਿ ਨਿਕਟ ਤੇਰੇ ਹਤਯੋ, ਸੁਲਹੀ ਧਸਿ ਜਾਏ[1]।
ਸੁਲਬੀ ਗਮਨਯੋ ਪਕਰਨੇ, ਮਗ ਬਿਖੇ ਸੰਘਾਰਾ।
ਤੋਹਿ ਪਿਤਾ ਅਸਿ ਗਤਿ ਭਈ, ਕੁਛ ਚਲਯੋ ਨ ਚਾਰਾ ॥੧੩॥
ਘਰ ਅਪਨੇ ਗੁਜ਼ਰਾਨ ਬਹੁ, ਸਿਖ ਸੇਵਕ ਆਵੈਂ।
ਬੈਠੇ ਕਰੋ ਅਨੰਦ ਕੋ, ਸੁਖ ਲਿਹੁ ਮਨ ਭਾਵੈ।
ਕਰਾਮਾਤ ਕੋ ਜੋਰ ਤਿਹ, ਨਰ ਕਿਤੇ ਸੰਘਾਰੇ।
ਨਹਿਂ ਗਮਨੋ ਕਰਿ ਬੈਰ ਕੋ, ਜੀਵਨਿ ਚਿਤ ਧਾਰੇ ॥੧੪॥
ਜਿਨ ਮਾਰਯੋ ਨਿਜ ਭ੍ਰਾਤ ਕੋ, ਲਖਿ ਸ਼ੱਤ੍ਰੁ ਸਮਾਨਾ।
ਕਹਾਂ ਭਤੀਜੇ ਸੋਂ ਕਰਹਿ, ਉਰ ਪਜਾਰ ਮਹਾਨਾ।
ਬਹੁ ਫਲ ਪਾਯਹੁ ਬੈਰ ਤੇ, ਅਬਿ ਟਿਕੋ ਅਵਾਸਾ।
ਪ੍ਰਥਮੈਂ ਕਾਢੇ ਨਗਰ ਤੇ, ਤੁਹਮਤ ਦੇ ਤ੍ਰਾਸਾ' ॥੧੫॥
ਇੱਤਯਾਦਿਕ ਮਾਤਾ ਕਹਯੋ, ਨੀਕੇ ਸਮੁਝਾਵਾ।
ਮਿਹਰਵਾਨ ਡਰਪਯੋ ਤਬਹਿ, ਘਰ ਬੈਠਿ ਰਹਾਵਾ।
ਨਹੀਂ ਜਾਨਿ ਕੀ ਮਤਿ ਕਰੀ, ਕਿਸਹੀ ਇਸਥਾਨੇ।
ਰਹਯੋ ਗ੍ਰਾਮ ਕੋਠੇ ਬਿਖੈ, ਤਿਨ ਕੇ ਸਿਖ ਮਾਨੇ ॥੧੬॥
ਉਤ ਪਾਪੀ ਚੰਦੂ ਸੁਨਯੋ, ਪ੍ਰਿਥੀਏ ਤਨ ਛੋਰਾ।
ਪਰਯੋ ਘਾਵ ਪਰ ਲਵਨ ਜਨੁ, ਪ੍ਰਾਪਤਿ ਦੁਖ ਘੋਰਾ।
ਬ੍ਰਿਣ ਪਾਕੇ ਪਰ ਲਗਿ ਗਈ, ਜਨੁ ਔਚਕ ਚੋਟਾ।
ਬਾਨ ਲਗਯੋ ਜਨੁ ਕਾਨ ਮਹਿਂ, ਬੀਧਯੋ ਮਨ ਖੋਟਾ[2] ॥੧੭॥
-ਬਾਦੀ ਹੁਤੋ ਸਮਾਨ ਕੋ, ਸੋ ਭੀ ਪ੍ਰਭੁ ਹਾਨਾ।
ਜਤਨ ਨਿਫਲ ਸਭਿ ਹੋਤਿ ਹੈ, ਜੇ ਰਚੇ ਮਹਾਨਾ।
ਸੁਲਹੀ, ਸੁਲਬੀ, ਪ੍ਰਿਥੀਆ, ਤੀਨੋ ਮ੍ਰਿਤੁ ਹੋਏ।
ਅਬਿ ਉਪਾਇ ਮੈਂ ਕਜਾ ਕਰੌਂ, ਮਤਿ ਆਇ ਨ ਕੋਏ- ॥੧੮॥
ਮਹਿਮਾ ਮਾਨਿ ਨ ਪਰਹਿ ਪਗ[3], ਜਿਹ ਬਡੇ ਕੁਭਾਗਾ।
ਪਾਤਿਸ਼ਾਹ ਕੇ ਪਾਸ ਮਹਿਂ, ਚਾਰੀ ਅਨੁਰਾਗਾ[4]।
ਨਹਿਂ ਭੋਜਨ ਬਹੁ ਅਚਤਿ ਹੈ, ਸੋਚਤਿ ਚਿਤ ਮਾਂਹੀ।
ਨਿਸਾ ਬਿਖੈ ਨਹਿਂ ਨੀਂਦ ਸੁਖ, ਛਾਤੀ ਰਿਸ ਦਾਹੀ[5] ॥੧੯॥

---

[1]ਮਾਰਿਆ ਗਿਆ ਸੁਲਹੀ (ਅੱਗ) ਵਿਚ ਧਸ ਜਾਕੇ।
[2]ਵਿੰਨ੍ਹਿਆ ਗਿਆ ਖੋਟਾ ਮਨ।
[3](ਗੁਰੂ ਜੀ ਦੀ) ਮਹਿਮਾ ਮੰਨਕੇ ਪੈਰੀਂ ਨਹੀਂ ਪੈਂਦਾ।
[4]ਚੁਗਲੀ ਦਾ ਪ੍ਰੇਮੀ ਹੋਇਆ।
[5]ਕ੍ਰੋਧ ਨਾਲ ਛਾਤੀ ਸੜਦੀ ਹੈ।

ਨਿਕਟ ਨ ਬੋਲਨਿ ਦੇਤਿ ਹੈ, ਝਿਰਕਹਿ ਬਹੁ ਦਾਸਾ।
ਨਹਿਂ ਸੁਖਾਇ ਕਿਸ ਕੋ ਕਹਜੋ, ਰਹਿ ਮੌਨ ਅਵਾਸਾ।
ਚਿਤਵਤਿ ਚਿੰਤਾ ਚਿਤ ਬਿਖੈ, ਬਹੁ ਜਤਨ ਬਨਾਵੈ।
ਇਕ ਗਿਨਤੀ ਉਰ ਚਢਤਿ ਹੈ, ਇਕ ਕਰਿ ਉਤਰਾਵੈ ॥੨੦॥
-ਸ਼ਾਹੁ ਸੁਨਹਿ ਸਭਿ ਬਾਤ ਕੋ, ਨਿਸ਼ਚੈ ਨ ਕਰੰਤਾ।
ਰਿਦੇ ਅਦਾਇਬ ਰਾਖਿ ਕਰਿ, ਸੰਸੈ ਉਪਜੰਤਾ।
ਹੁਕਮ ਨਹੀਂ ਕੁਛ ਦੇਤਿ ਹੈ, ਗਹਿ ਲਿਹੁ ਕਿ ਹਕਾਰੋ[1]।
ਕਈ ਬੇਰ ਕੀਨੇ ਜਤਨ, ਇਤ ਉਤ ਹੁਇ ਟਾਰੋ[2]- ॥੨੧॥
ਇੱਤਜਾਦਿਕ ਪਾਪਾਤਮਾ, ਗਿਨਤੀ ਉਰ ਲਜਾਵੈ।
ਸ੍ਵਾਸ ਉਸਾਰ[3] ਬਿਸੂਰਤੋ, ਕਬਹੁਂ ਨ ਬਿਸਰਾਵੈ।
ਖਰ ਸਰ ਸਮਸਰ ਕਰਕ ਉਰ[4], ਗਡਿ ਗਯੋ ਸੁ ਗਾਢੋ।
ਚਿੰਤਾ ਸਲਿਤਾ ਮਹਿਂ ਬਹਤਿ, ਦੁਖ ਜਲ ਬਹੁ ਬਾਢੋ ॥੨੨॥
ਇਕ ਦਿਨ ਗਮਨਜੋ ਸ਼ਾਹੁ ਢਿਗ, ਬਹੁ ਬਾਤ ਸੁਨਾਈ।
ਪ੍ਰਥਮ ਭਏ ਪਤਿਸ਼ਾਹੁ ਜੇ, ਤਿਨ ਕੀ ਬਡਿਆਈ।
ਨਿਜ ਦਿਸਿ ਜਾਨਜੋ ਰੁਖ ਅਧਿਕ, ਬੋਲਜੋ ਕਰ ਜੋਰੇ।
'ਹਜ਼ਰਤ ਜੀ! ਪ੍ਰਿਥੀਆ ਗੁਰੂ, ਤਨ ਪ੍ਰਾਨ ਬਿਛੋਰੇ ॥੨੩॥
ਗਾਦੀ ਸ਼੍ਰੀ ਨਾਨਕ ਹੁਤੀ, ਸ਼ੁਭ ਰੀਤਿ ਚਲਾਈ।
ਮਤੋ ਸੰਤ ਚਿਤ ਸ਼ਾਂਤਿ ਜੁਤ, ਅਤਿ ਮਤਿ ਚਤੁਰਾਈ।
ਸਿੱਖੀ ਦੇਸ਼ ਅਨੇਕ ਕੀ, ਪਗ ਪੂਜਨ ਆਵੈ।
ਅਨਿਕ ਅਕੋਰਨਿ ਆਨਿ ਕੈ, ਧਨ ਕੋ ਅਰਪਾਵੈਂ ॥੨੪॥
ਅਨੁਜ ਨਾਮ ਅਰਜਨ ਅਹੈ, ਮਨ ਮਹਿਦ ਹੰਕਾਰੀ।
ਆਂਖ ਤਰੇ ਆਨਹਿ ਨਹੀਂ, ਗੁਨ ਏਕ ਨ ਧਾਰੀ।
ਆਯੋ ਨਿਕਟ ਨ ਆਪਿ ਕੇ, ਨਿਜ ਲਖਹਿ ਬਿਸਾਲਾ।
ਪ੍ਰਿਥੀਆ ਆਯੋ ਕਈ ਬੇਰਿ, ਇਹ ਸ਼ੀਲ ਰਸਾਲਾ[5] ॥੨੫॥
ਤਿਸ ਕੋ ਸੁਤ ਇਕ ਮੈਂ ਸੁਨਜੋਂ, ਪਾਛੇ ਥਿਰ ਗਾਦੀ।
ਕਰਹਿ ਪ੍ਰਤੀਖਨਿ ਆਪ ਤੇ, ਬੈਠਨਿ ਹਿਤ ਸ਼ਾਦੀ।
ਸਿਰੇਪਾਉ ਹਜ਼ਰਤ ਕਰੈਂ, ਸਿਰ ਪਾਗ ਬੰਧਾਵੈ।
ਜਗਤਿ ਜਿਠਾਈ[1] ਬਿਦਤ ਹੁਇ, ਮੰਨਤਾ ਬਹੁ ਪਾਵੈ' ॥੨੬॥

---

[1]ਫੜ ਲੈਣ ਦਾ ਅਥਵਾ ਬੁਲਾ ਲੈਣ ਦਾ।
[2]ਟਾਲ ਦਿੱਤੇ।
[3](ਠੰਢੇ) ਸਾਹ ਭਰਕੇ।
[4]ਤਿੱਖੇ ਤੀਰ ਵਤ ਰਿਦੇ ਵਿਚ ਵੈਰ।
[5]ਇਹ ਸ਼ੀਲ ਸੁਭਾ ਵਾਲਾ ਤੇ ਰਸ ਵਾਲੇ ਬਚਨ ਬੋਲਣ ਵਾਲਾ ਸੀ।

ਸੁਨਿ ਦਿਵਾਨ ਤੇ ਸ਼ਾਹੁ ਤਬਿ, ਕਰਿ ਹੁਕਮ ਦਿਵਾਯੋ।
'ਤੁਮ ਲੇ ਅਪਨੇ ਪਾਸਿ ਅਬਿ, ਤਹਿਂ ਦੇਹੁ ਪੁਚਾਯੋ।'
ਲੇ ਕਰਿ ਨਿਜ ਜਨ ਕੋ ਦਿਯੋ, ਕਹਿ ਬਹੁਰ ਪ੍ਰਸੰਗਾ।
'ਦਈ ਜੀਵਕਾ ਪ੍ਰਥਮ ਤੁਮ, ਬਹੁ ਆਦਰ ਸੰਗਾ ॥੨੭॥
ਕੋਠੇ ਗ੍ਰਾਮ ਸੁ ਧਾਮ ਕਰਿ, ਬਸਿ ਬਾਸ[2] ਸਦੀਵਾ।
ਅਨੁਜ ਓਜ ਛਲ ਦਾਵ ਕਰਿ, ਪੁਰਿ ਤੇ ਨਿਕਸੀਵਾ।
ਸ੍ਰੀ ਅਰਜਨ ਤਬਿ ਤੇ ਮਹਾਂ, ਕਰਿ ਗਰਬ ਅਫਾਰਾ।
ਨਹੀਂ ਸ਼ਾਹੁ ਭੀ ਕੁਛ ਕਹਜੋ, ਉਰ ਤੇ ਡਰ ਡਾਰਾ ॥੨੮॥
ਪੁਨ ਤਸਕਰ ਢਿਗ ਰਾਖਿ ਕਰਿ, ਧਨ ਦੂਰਿ ਕਿ ਨੇਰੇ।
ਨਿਕਸਾਵੈ ਮੰਗਵਾਵਹੀ, ਭਾ ਧਨੀ ਬਡੇਰੇ।
ਤਾਲ ਰਚਜੋ ਮੰਦਿਰ ਕਰਜੋ, ਬਹੁ ਦਰਬ ਲਗਾਯੋ।
ਲੋਕਨਿ ਕੇ ਬਿਰਮਾਵਨੇ, ਇਕ ਬਜੋਂਤ ਬਨਾਯੋ ॥੨੯॥
ਤੁਮ ਭਾਖਜੋ -ਨ ਬੁਲਾਵ ਤਿਹ, ਆਪੇ ਚਲਿ ਆਵੈ-।
ਅਬਿ ਲੌ ਮਿਲਜੋ ਨ ਆਪ ਕੋ, ਕੁਛ ਮਨ ਨਹਿਂ ਲਜਾਵੈ।
ਹਜ਼ਰਤ ਜੀ! ਚਾਹਹੁ ਕਰਹੁ, ਤਸਕਰ ਕੇ ਹੇਤਾ।
ਚਹੀਅਹਿ ਕਹਨਿ ਬੁਲਾਇ ਢਿਗ, ਆਵੱਸ਼ਜਕ ਏਤਾ[3]' ॥੩੦॥
ਸ਼ਾਹੁ ਕਹਜੋ 'ਨਹਿਂ ਆਇ ਜੇ, ਪੁਨ ਲੇਹਿਂ ਬੁਲਾਈ।
ਨਿਸ਼ਚੈ ਕੀਜਹਿ[4] ਸਾਚ ਇਹ, ਕੈ ਮਿੱਥਜਾ ਗਾਈ[5]।
ਜਜੋਂ ਕਜੋਂ ਕਰਿ ਨਿਜ ਦੇਸ਼ ਤੇ, ਚੋਰੀ ਹਟਵਾਵੋਂ।
ਸਾਬਤ ਕਰਿ ਗਹਿ ਲੀਜਿਯੇ, ਨਹਿਂ ਝੂਠ ਲਗਾਵੋ' ॥੩੧॥

ਦੋਹਰਾ: ਚੰਦੁ ਅਨੰਦ ਬਿਲੰਦ ਰਿਦ, ਲਖਿ ਨਿਜ ਰੁਖ਼ ਕੀ ਬਾਤਿ।
ਬਾਤਿ[6] ਬ੍ਰਿੱਛ ਕੋ ਹਤਹਿ ਜਿਮ, ਘਾਤਿ ਦੇਖਿ ਕਰਿ ਘਾਤਿ[7] ॥੩੨॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਸਪਤਿ ਬਿੰਸਤੀ ਅੰਸੂ ॥੨੭॥

---

[1]ਵਡੱਪਣ।
[2]ਵੱਸਕੇ ਵਾਸਾ ਕੀਤਾ ਹੈ।
[3]ਇਤਨਾਂ ਤਾਂ ਜ਼ਰੂਰੀ ਹੈ।
[4]ਕਰੋ।
[5]ਯਾ ਝੂਠ ਕਹੀ ਹੈ (ਤੂੰ ਹੇ ਚੰਦੂ)।
[6]ਹਵਾ।
[7]ਦਾਉ ਵੇਖਕੇ ਸਟ ਮਾਰਨੀ (ਠੀਕ ਹੈ)। (ਅ) ਮਾਰਨ ਦਾ ਦਾਉ ਵੇਖਿਆ।

੨੮. [ਸ੍ਰੀ ਚੰਦ ਜੀ ਨੇ ਭੇਟ ਮੰਗੀ]

੨੭<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੨੯

ਦੋਹਰਾ: ਸ਼੍ਰੀ ਗੁਰੁ ਅਰਜਨ ਸੁਧਾਸਰ, ਕਰਹਿਂ ਨਰਨਿ ਕੱਲਜਾਨੁ।
ਕੀਰਤਿ ਘਰ ਘਰ ਚੰਦ੍ਰਿਕਾ, ਉੱਜਲ ਦਿਪਤਿ ਮਹਾਨ ॥੧॥

ਹਾਕਲ ਛੰਦ: ਸ਼੍ਰੀ ਨਾਨਕ ਸੁਤ ਸ੍ਰੀ ਚੰਦੰ।
ਤਪ ਤਾਪਤਿ ਦਿਪਤਿ ਬਿਲੰਦੰ।
ਅੱਭਜਾਸ ਜੋਗ ਮਹਿ ਭਾਰੀ।
ਹੁਇ ਸਫਲ ਜਿ ਗਿਰਾ ਉਚਾਰੀ ॥੨॥
ਨਿਤ ਦਾਸ ਕਮਲੀਆ ਪਾਸੀ।
ਮਤਿ ਬਿਸ਼ਿਯਨਿ ਬਿਸੈ[੧*] ਉਦਾਸੀ।
ਇਕ ਸੇਵ ਕਰਨਿ ਹੀ ਭਾਵੈ।
ਨਿਸ ਬਾਸੁਰ ਬਹੁਤ ਕਮਾਵੈ ॥੩॥
ਤਿਸ ਨਿਕਟ ਦੇਖਿ ਸ਼੍ਰੀ ਚੰਦੰ।
ਬਚ ਭਾਖਯੋ ਕਾਰਜਵੰਦੰ[੨]।
'ਭੋ ਸੁਨਹੁ ਕਮਲੀਆ ਨੀਕਾ!
ਗੁਰੁ ਸੋਢੀ ਕੁਲ ਕੋ ਟੀਕਾ ॥੪॥
ਸ਼੍ਰੀ ਅਰਜਨ ਧੀਰਜ ਧਾਰੀ।
ਨਿਤ ਬਨਯੋ ਰਹਤਿ ਉਪਕਾਰੀ।
ਤਿਨਿ ਅਪਨੋ ਨੰਦਨ ਬਜਾਹਾ।
ਹਰਿ ਗੋਵਿੰਦ ਚੰਦ ਉਮਾਹਾ ॥੫॥
ਇਕ ਸੰਮਤਿ ਜਬਹਿ ਬਿਤਾਏ[੩]।
ਧਨ ਹਮ ਢਿਗ ਭੇਟ[+] ਪਠਾਏ[੪]।
ਗਿਨ ਦੇਤਿ ਪੰਚ ਸੈ ਸਾਰੇ।
ਅਬਿ ਕੈ ਨਹਿਂ ਰਿਦ ਬਿਚਾਰੇ ॥੬॥
ਲਖਿ ਦੁਗਨੀ ਭਈ ਅਕੋਰਾ[+]।
ਇਕ ਬਜਾਹੁ, ਬਰਸ ਕੀ ਔਰਾ[੫]।

---

[੧]ਵਿਸ਼ਿਆਂ ਵਿਚੋਂ।
[*]ਪਾ:-ਬਿਖੈ।
[੨]ਕਾਰਜ ਵਾਲਾ।
[੩]ਬੀਤਦਾ ਹੈ।
[+]ਗੁਰ ਨਾਨਕ ਦੇਵ ਜੀ ਦੀ ਅੰਸ਼ ਜਾਣਕੇ, ਮਾਣ ਰੱਖਣ ਤੋਂ ਕਵੀ ਜੀ ਦੀ ਮੁਰਾਦ ਹੈ, ਹੋਰ ਭਾਵ ਨਹੀਂ ਹੈ, ਕਿਉਂ ਜੋ ਵਡੇ ਤਾਂ ਗੁਰੂ ਸਾਹਿਬ ਜੀ ਹੀ ਸਨ।
[੪]ਭੇਜਦੇ ਸੀ।
[੫]ਇਕ ਵਿਆਹ ਦੀ ਤੇ ਦੂਜੀ ਸਾਲਾਨਾ।

ਤੂੰ ਗਮਨਹੁ ਤਿਨਹੁੰ ਅਵਾਸਾ।
ਹੁਇ ਕਠਨ[1] ਲੇਹੁ ਧਨ ਪਾਸਾ ॥੭॥
ਕਹੁ ਹਮ ਦਿਸ਼ਿ ਤੇ ਅਸ ਬਾਤੀ।
-ਦਿਹੁ ਏਕ ਹਜ਼ਾਰਨਿ ਥਾਤੀ[2]।
ਅਰੁ ਚੰਚਲ ਏਕ ਤੁਰੰਗਾ।
ਕਰਿ ਦੀਜਹਿ ਮੇਰੇ ਸੰਗਾ- ॥੮॥
ਜਬਿ ਸ਼੍ਰੀ ਅਰਜਨ ਢਿਗ ਜਾਵੋ।
ਰਹੁ ਖਰੋ, ਨ ਬੈਠਹੁ, ਆਵੋ।
ਸਭਿ ਖਰੇ ਖਰੇ ਨਿਜ ਲੀਜੈ।
ਪੁਨ ਹਮ ਦਿਸ਼ਿ ਆਵਨਿ ਕੀਜੈ ॥੯॥
ਰਹੁ ਤਿਨ ਢਿਗ ਤਾਵਤ ਠਾਂਢੇ।
ਨਹਿਂ ਜਾਵਤਿ ਦੇਂ ਧਨ ਕਾਢੇ।
ਜਬਿ ਦੇਹਿਂ ਉਪਾਇਨ ਸਾਰੀ।
ਤਬਿ ਨਿਕਸਹੁ ਪੁਰੀ ਮਝਾਰੀ ॥੧੦॥
ਪੁਨ ਬੈਠਹੁ ਸੁਪਤਹੁ ਆਛੇ।
ਇਤ ਆਵਹੁ ਜਿਮ ਚਿਤ ਬਾਂਛੇ।'
ਸੁਨਿ ਆਇਸੁ ਕੋ ਸਿਰ ਧਾਰਾ।
ਕਰਿ ਬੰਦਨ ਪੰਥ ਪਧਾਰਾ ॥੧੧॥
ਚਲਿ ਸਨੇ ਸਨੇ ਪੁਰਿ ਆਵਾ।
ਬਿਚ ਪ੍ਰਵਿਸ਼ਯੋ ਪਿਖਿ ਮੁਦ ਪਾਵਾ।
ਸ਼੍ਰੀ ਅਰਜਨ ਥਿਤ ਜਿਸ ਥਾਨਾ।
ਸੁਨਿ ਸੁਧਿ ਕੋ ਨਿਕਟ ਪਯਾਨਾ ॥੧੨॥
ਬਿਚ ਸਭਾ ਸੁ ਜਾਇ ਪ੍ਰਵੇਸ਼ਾ।
ਕਰਿ ਬੰਦਨ ਦੀਨਿ ਸੰਦੇਸਾ।
'ਸ਼੍ਰੀ ਚੰਦੁ ਖੁਸ਼ੀ ਬਹੁ ਕੀਨੀ।
ਚਹਿ ਭੇਟ ਆਪਨੀ ਲੀਨੀ ॥੧੩॥
ਮਮ ਆਵਨਿ ਕਾਰਜ ਏਹੀ।
ਅਬਿ ਦੁਗਨਿ ਪ੍ਰਥਮ ਤੇ ਲੇਹੀ।
ਅਰੁ ਲੈਨੋ ਸੰਗ ਤੁਰੰਗਾ।
ਹੈ ਕਾਰਣ ਬਜਾਹ ਉਮੰਗਾ ॥੧੪॥

---

[1]ਕਰੜੇ ਹੋ ਕੇ।
[2]ਹਜ਼ਾਰ ਦੀ ਥੈਲੀ।

ਤੁਮ ਦਿਯੋ ਨ ਬਿਲਮ ਲਗਾਈ।
ਇਸ ਕਾਰਣ ਤੇ ਇਮਗਾਈ[1]।
-ਲਿਹੁ ਖਰੋ ਖਰੋ ਧਨ ਥਾਤੀ।
ਨਹਿਂ ਕੀਜਹਿ ਬੈਠਤਿ ਬਾਤੀ- ॥੧੫॥
ਮੈਂ ਆਇਸੁ ਕਰੋਂ ਨ ਭੰਗਾ।
ਦਿਹੁ ਦਰਬ ਹਜ਼ਾਰ ਤੁਰੰਗਾ[2]।'
ਸ੍ਰੀ ਅਰਜਨ ਸੀਤਲ ਛਾਤੀ।
ਸੁਨਿ ਮਾਨਤਿ ਭੇ ਤਿਸ ਬਾਤੀ ॥੧੬॥
ਕਹਿ ਬਾਕ 'ਲੇਹੁ ਧਨ ਸਾਰੋ।
ਅਬਿ ਕੀਜੈ ਜਾਇ ਅਹਾਰੋ।
ਸ੍ਰੀ ਨਾਨਕ ਨੰਦ ਬਿਲੰਦੇ।
ਨਿਤ ਪੂਜਨੀਯ ਸੁਖਕੰਦੇ ॥੧੭॥
ਜਿਮ ਆਗਯਾ ਦੇਯ ਪਠਾਈ।
ਹਮ ਮੇਟਹਿਂ ਨਹੀਂ ਕਦਾਈਂ।'
ਇਮ ਕਹਿ ਸਿਖ ਸੰਗ ਮਿਲਾਯੋ।
ਇਸਥਾਨ ਦੇਗ ਕੇ ਆਯੋ ॥੧੮॥
ਸ੍ਰੀ ਗੰਗਾ ਤਹਿਂ ਬਰਤਾਵੈ।
ਸਿਖ ਸੰਗਤਿ ਲੇ ਸਭਿ ਖਾਵੈਂ।
ਗਨ ਦਾਸ ਕਰੈਂ ਬਹੁ ਸੇਵਾ।
ਜਹਿਂ ਲੰਗਰ ਸ੍ਰੀ ਗੁਰੁ ਦੇਵਾ ॥੧੯॥
ਨਿਜ ਕਰ ਤੇ ਗਨ ਕੋ ਦੇਨਾ।
ਗਨ ਭੋਜਨ ਕਰਤੇ ਲੇਨਾ।
ਥਿਰ ਭਯੋ ਕਮਲੀਆ ਜਾਏ।
ਨਹਿਂ ਬੈਠਜੋ ਖਰੋ ਰਹਾਏ ॥੨੦॥
ਕਹਿ 'ਮਾਈ! ਦੇਹੁ ਅਹਾਰਾ।
ਅਚਿ ਲੇਵੌਂ ਮੈਂ ਇਸ ਬਾਰਾ।'
ਕਛੁ ਮਾਤਾ ਰੁਖ਼ ਨਹਿਂ ਕੀਨਾ।
ਬਹੁ ਨਰ ਕੋ ਦੇਤਿ ਪ੍ਰਬੀਨਾ ॥੨੧॥
ਪੁਨ ਜਾਚਜੋ 'ਮੋ ਕਹੁ ਦੀਜੈ।
ਨਹਿਂ ਤਨਕ ਬਿਲਮ ਕੋ ਕੀਜੈ।'

---

[1]ਕਿਹਾ ਹੈ।
[2](ਤੇ ਇਕ) ਘੋੜਾ।

ਗਨ ਸਿੱਖਨਿ ਬਾਂਟਤਿ ਸੋਈ।
ਚਿਤ ਮਹਿਂ ਅਤਿ ਕਾਹਲ ਹੋਈ ॥੨੨॥
ਬਚ ਬੋਲੀ 'ਅਹਿਦੀ ਜੈਸੇ[1]।
ਰਹਿ ਖਰੋ ਜਾਚਤੋ ਐਸੇ।
ਨਹਿਂ ਬੈਠਹਿ ਧੀਰਜ ਪਾਈ।
ਲੇ ਬਰਤਹਿ ਭੋਜਨ ਖਾਈ' ॥੨੩॥
ਇਮ ਕਹਿ ਕਰਿ ਦਿਯੋ ਅਹਾਰਾ।
ਲੇ ਅਚਵਯੋ ਠਾਂਢੇ ਸਾਰਾ।
ਕਰਿ ਪਾਨੀ ਪਾਨ ਪਖਾਰੇ।
ਪੁਨ ਤਹਿਂ ਤੇ ਨਿਕਸਿ ਪਧਾਰੇ ॥੨੪॥
ਸ੍ਰੀ ਅਰਜਨ ਕੇ ਢਿਗ ਆਯੋ।
'ਮੁਹਿ ਦੀਜਹਿ' ਬਾਕ ਅਲਾਯੋ।
'ਨਤੁ ਠਾਂਢੋ ਨਿਕਟ ਤੁਮਾਰੇ।
ਨਹਿਂ ਬੈਠੋਂ[2] ਆਇਸੁ ਧਾਰੇ' ॥੨੫॥
ਤਬਿ ਸਤਿਗੁਰੁ ਧਨ ਅਨਵਾਯੋ।
ਯੁਤ ਬਾਜੀ[3] ਦਿਯੋ ਸੁਹਾਯੋ।
ਨਿਜ ਸੇਵਕ ਸੰਗ ਰਲਾਯੋ।
ਸੰਭਾਰਿ ਭਲੇ ਪਹੁੰਚਾਯੋ ॥੨੬॥
ਸ੍ਰੀ ਨਾਨਕ ਦਿਹੁਰੇ ਥਾਨਾ।
ਸ੍ਰੀ ਚੰਦੁ ਥਿਰੇ ਤਪਵਾਨਾ।
ਤਬਿ ਦਾਸਨਿ ਬਿਨੈ ਬਖਾਨੀ।
'ਇਹ ਭੇਟ ਤੁਮਾਰੀ ਆਨੀ' ॥੨੭॥
ਸੁਨਿ ਹਰਖਤਿ ਹੋਇ ਪ੍ਰਬੀਨਾ।
ਨਿਜ ਸੇਵਕ ਬੂਝਨ ਕੀਨਾ।
'ਕਹੁ ਬਾਤਿ! ਕਮਲੀਆ ਸਾਰੀ।
ਜਬਿ ਗੁਰੁ ਢਿਗ ਜਾਇ ਉਚਾਰੀ ॥੨੮॥
ਤਬਿ ਹਰਖ ਕਿ ਰਿਸ ਉਰ ਛਾਈ।
ਕਿਮ ਕਹਿ ਕਰਿ ਭੇਟ ਪਠਾਈ?
ਰਹਿ ਠਾਂਢੋ ਕੇਤਿਕ ਕਾਲਾ?

---
[1] ਸਿਪਾਹੀ ਵਾਂਗੂ।
[2] ਬੈਠਾਂਗਾ ਨਹੀਂ।
[3] ਸਮੇਤ ਘੋੜੇ ਦੇ।

ਕਿਮ ਬੋਲੇ ਬਾਕ ਰਸਾਲਾ[1]?' ॥੨੯॥
ਗੁਰੁ ਦਾਸ[2] ਕਮਲੀਆ ਦੋਊ।
ਹੁਇ ਠਾਂਢੇ ਆਗੇ ਸੋਊ।
ਬਿਰਤਾਂਤ ਭਯੋ ਜੁ ਬਤਾਵਾ।
'ਮੈਂ ਜਾਇ ਸੁ ਬਾਕ ਸੁਨਾਵਾ ॥੩੦॥
ਨਹਿਂ ਛੋਭ ਗੁਰੂ ਉਰ ਹੋਵਾ।
ਸਮ ਪੂਰਬ ਕੇ ਮੁਖ ਜੋਵਾ।
ਮੁਝ ਭੇਜਯੋ ਦੇਗ ਸਥਾਨੇ।
ਤਬਿ ਪਹੁੰਚਯੋ ਭੋਜਨ ਖਾਨੇ ॥੩੧॥
ਸ੍ਰੀ ਗੰਗਾ ਤਹਿਂ ਬਰਤਾਵੈ।
ਸਿਖ ਪੁੰਜ ਅਸਨ ਲੇ ਖਾਵੈਂ।
ਬਹੁ ਭੀਰ ਭਈ* ਸਿਖ ਲੇਤੇ।
ਇਕ ਮਾਤਾ ਭੋਜਨ ਦੇਤੇ ॥੩੨॥
ਮੈਂ ਜਾਚਯੋ ਇਕ ਦੁਇ ਬਾਰੀ।
ਤਿਨ ਦੇਖਿਤਿ ਗਿਰਾ ਉਚਾਰੀ।
-ਸਮ ਅਹਿਦੀ[3] ਕੇ ਤੁਮ ਆਵੋ।
ਰਹਿ ਖਰੇ ਅਸਨ ਕੋ ਖਾਵੋ- ॥੩੩॥
ਇਮ ਕਹਿ ਕਰਿ ਦਿਯੋ ਅਹਾਰਾ।
ਮੈਂ ਖਾਯੋ ਵਹਿਰ ਪਧਾਰਾ।
ਗੁਰੁ ਅਰਜਨ ਭੇਟ ਮੰਗਾਈ।
ਸਿਖ ਦੇ ਕਰਿ ਸੰਗ ਪਠਾਈ' ॥੩੪॥
ਸੁਨਿ ਸਿਰੀਚੰਦ ਜਿਨ ਭੈ ਨਾ।
ਰਿਸ ਤਨਕ ਧਾਰਿ ਕਹਿ ਬੈਨਾ।
'ਜੇ ਅਹੈਂ ਅਹਿਦੀਅਨਿ ਭੂਖੇ।
ਚਿਤ ਚਹਤਿ ਕਹਤਿ ਬਚ ਰੂਖੇ ॥੩੫॥
ਤੌ ਅਹਿਦੀ ਤਿਨ ਘਰ ਆਵੈਂ।
ਰਿਪੁ ਕੂਰੇ ਦੋਸ਼ ਲਗਾਵੈਂ।
ਤਿਨ ਆਵਨਿ ਕੋ ਫਲ ਦੇਖੋ।

---
[1]ਸੁੰਦਰ।
[2]ਗੁਰੂ ਜੀ ਦਾ ਦਾਸ ਤੇ।
*ਪਾ:-ਭਰੀ।
[3]ਸਿਪਾਹੀ।

ਤੁਰਕੇਸ਼ੁਰ ਦੁਖਦ ਵਿਸ਼ੇਖੋ' ॥੩੬॥
ਇਮ ਦਿਯੋ ਸ੍ਰਾਪ[+] ਗੁਰੁ ਘਰ ਕੋ।
ਹੁਇ ਹੋਨਹਾਰ ਪਰਹਰਿ ਕੋ[1]।
ਸਭਿ ਲਈ ਅਕੋਰ ਸੰਭਾਰੀ।
ਧਨ ਥਾਤੀ ਗਿਨੇ ਹਜ਼ਾਰੀ ॥੩੭॥
ਪੁਨ ਘੋਰਾ ਸੁੰਦਰ ਹੇਰਾ।
ਪਰਸੰਨ ਭਏ ਤਿਸ ਬੇਰਾ।
'ਗੁਰੁ ਘਰ ਮਹਿਂ ਵਧਹਿ ਤਬੇਲਾ।
ਹੁਇ ਅਧਿਕੈ ਸੈਨ ਸਕੇਲਾ' ॥੩੮॥
ਬਰੁ ਦੀਨੋ ਅਸ ਤਿਸ ਕਾਲਾ।
ਸਿਖ ਰਾਖਜੋ ਨਿਕਟ ਬਿਸਾਲਾ।
ਪੁਨ ਕੀਨਿ ਬਿਸਰਜਨ ਨੀਕੇ।
ਢਿਗ ਆਯੋ ਸਤਿਗੁਰੁ ਜੀ ਕੇ ॥੩੯॥
ਕਹਿ ਸਕਲ ਪ੍ਰਸੰਗ ਸੁਨਾਯੋ।
ਜਿਮ ਬਰ ਅਰੁ ਸ੍ਰਾਪ ਅਲਾਯੋ।
ਸਭਿ ਬਿਖੈ ਜਬੈ ਬਿਦਤਾਵਾ।
ਸ੍ਰੀ ਗੰਗਾ ਸੁਨਿ ਦੁਖ ਪਾਵਾ ॥੪੦॥
ਸ੍ਰੀ ਅਰਜਨ ਬੂਝਨਿ ਕੀਨੰ।
'ਤੁਮ ਸ੍ਰਾਪ ਕਹਾਂ ਕਰਿ ਲੀਨੰ?
ਸ੍ਰੀ ਨਾਨਕ ਨੰਦ ਉਬਾਚਾ[2]।
ਨਹਿਂ ਮਿਟਿਹੈ ਹੁਇ ਹੈ ਸਾਚਾ ॥੪੧॥
ਤਪਵਾਨ ਜਤੀ ਬ੍ਰਤਿ ਪੂਰਾ।
ਕਿਮ ਬਨਿ ਹੈ ਤਿਨ ਬਚ ਕੂਰਾ?'
ਸੁਨਿ ਗੰਗਾ ਸਕਲ ਸੁਨਾਈ।

[+]ਇਹ ਸ੍ਰਾਪ ਵਾਲਾ ਵਾਕਯ, ਘੋੜਾ ਤੇ ਠੁਕ ਬੱਝਵਾਂ ੫੦੦) ਦੇਣ ਦੇ ਪੱਕੇ ਇਤਿਹਾਸਿਕ ਸਬੂਤ ਨਹੀਂ ਮਿਲਦੇ ਤੇ ਇਸ ਵਾਕਯਾ ਦੀ ਹੋਰ ਖੋਜ ਸਫਲੀ ਨਹੀਂ ਹੋਈ। ਪੁਰਾਤਨ ਗ੍ਰੰਥ ਮਹਿਮਾ ਪ੍ਰਕਾਸ਼ ਵਾਰਤਿਕ ਤੇ ਮਹਿਮਾ ਪ੍ਰਕਾਸ਼ ਛੰਦਾ ਬੰਦੀ, ਦੋਹਾਂ ਵਿਚ ਹੀ ਇਸ ਵਾਕਯਾ ਦਾ ਜ਼ਿਕਰ ਨਹੀਂ ਹੈ। ਖਾਲਸਾ ਤਵਾਰੀਖ (ਗਯਾਨੀ ਗਿਆਨ ਸਿੰਘ ਕ੍ਰਿਤ) ਵਿਚ ਹੈ, ਪਰ ਉਹਨਾਂ ਨੇ ਇਹ ਜ਼ਿਕਰ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਹੀ ਲਿਆ ਹੈ। ਗਿਆਨੀ ਗਿਆਨ ਸਿੰਘ ਜੀ ਤਾਂ ਆਪਣੇ ਪੁਸਤਕ ਦੇ ਮੁਹਰਲੇ ਹਿੱਸਿਆਂ ਨੂੰ ਆਪ ਵਾਰਤਿਕ ਸੂਰਜ ਪ੍ਰਕਾਸ਼ ਹੀ ਲਿਖਦੇ ਹਨ। ਮਿਸਟਰ ਮੈਕਾਲਫ ਨੇ ਇਤਿਹਾਸਿਕ ਘਟਨਾਵਾਂ ਚੰਗੀ ਛਾਣ ਬੀਨ ਕਰਕੇ ਲਿਖੀਆਂ ਸਨ, ਉਹਨਾਂ ਨੇ ਬੀ ਇਹ ਭੇਟਾ ਲੈਣ ਤੇ ਸ੍ਰਾਪ ਆਦਿ ਦੇਣ ਦਾ ਵਾਕਯਾ ਨਹੀਂ ਦਿੱਤਾ। ਨਾਂ ਹੀ ਇਹ ਪ੍ਰਸੰਗ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਹੈ, ਜਿਸ ਵਿਚ ਕਿ ਪੰਚਮ ਪਾਤਸ਼ਾਹ ਜੀ ਦਾ ਜੀਵਨ ਵੀ ਹੈ।

[1]ਜੋ ਹੋਣਹਾਰ ਹੈ ਉਹਨੂੰ ਕੌਣ ਦੂਰ ਕਰੇ?

[2](ਜੀ ਦੇ) ਪੁੱਤ੍ਰ ਦਾ ਕਹਿਆ।

'ਬਡ ਭੀਰ ਬਿਖੈ ਅਕੁਲਾਈ ॥੪੨॥
ਸੋ ਮਾਂਗਹਿ ਖਰੋ ਅਹਾਰਾ।
ਨਹਿਂ ਬੈਠਯੋ ਤਬਹਿ ਨਿਹਾਰਾ।
ਬਚ ਨਿਸ਼ਠੁਰ ਜਾਚਤਿ ਜੋਵਾ।
ਬਹੁ ਕਾਇਲ[1] ਮਮ ਚਿਤ ਹੋਵਾ ॥੪੩॥
-ਸਮ ਅਹਿਦੀ ਖਰਯੋ- ਉਚਾਰਾ।
ਪੁਨ ਦਿਯੋ ਅਚਾਇ ਅਹਾਰਾ।
ਇਕ ਇਹੀ ਅਵੱਗਯਾ ਹੋਈ।
ਨਹਿਂ ਛਿਮਾ ਕਰੀ ਸੁਨਿ ਸੋਈ' ॥੪੪॥
ਇਮ ਭਯੋ ਸ੍ਰਾਪ ਗੁਰੁ ਜਾਨਾ।
ਹੁਇ ਹੋਨਹਾਰ ਕੋ ਮਾਨਾ[2]।
ਨਹਿਂ ਚਿੰਤ ਚਿੱਤ ਮਹਿਂ ਕੈਸੇ।
ਇਕ ਰਸ ਬ੍ਰਿਤਿ ਨਿਤ ਚਿਤ ਤੈਸੇ ॥੪੫॥
ਗੁਰੁ ਧੀਰ ਅਭੀਰ ਗੰਭਾਰਾ।
ਜਿਮ ਛੁਭਤਿ ਨ ਨੀਰਧ ਨੀਰਾ[3]।
ਨਹਿਂ ਸੀਤਲ ਤਪਤ ਹੁਵੰਤਾ।
ਨਹਿਂ ਵਧਹਿ ਨ ਘਟਹਿ ਕਦੰਤਾ* ॥੪੬ ॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਚੰਦ' ਪ੍ਰਸੰਗ ਬਰਨਨੰ ਨਾਮੁ ਅਸ਼ਟ ਬਿੰਸਤੀ ਅੰਸੂ ॥੨੮॥

---

[1]ਵਿਆਕੁਲ।
[2]ਹੋਣਹਾਰ ਦਾ ਹੋਣਾ ਮੰਨਿਆ।
[3]ਸਮੁੰਦਰ ਦਾ ਜਲ।
*ਏਹ ਲੱਛਣ ਹਨ ਪੂਰਨ ਪੁਰਖ ਦੇ, ਯੋਗੀ ਰਾਜ ਦੇ ਤੇ ਅਵਤਾਰ ਦੇ।

੨੯. [ਖੁਸਰੋ ਦਾ ਆਗਮਨ]

੨੮<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੦

ਦੋਹਰਾ: ਸ਼੍ਰੀ ਗੁਰੁ ਅਰਜਨ ਜੀ ਟਿਕੇ, ਤਾਰਨ ਤਰਨ ਸਥਾਨ।
ਸੰਗ ਮਸੰਦਨਿ ਸੰਗਤਾਂ, ਦਰਸਹਿਂ ਅਨਗਨ ਆਨਿ ॥੧॥
ਚੌਪਈ: ਜਹਾਂਗੀਰ ਕਿਸ ਕਾਰਨ ਕਰਿ ਕੈ।
ਇਕ ਸ਼ਹਜ਼ਾਦੇ ਸੋਂ ਰਿਸ ਧਰਿ ਕੈ।
ਦਿਯੋ ਨਿਕਾਸ ਕਹ੍ਯੋ ਸਭਿ ਠੌਰਿ।
'ਇਸ ਕੇ ਸੰਗ ਨ ਮਿਲਿ ਹੈ ਔਰਿ[1] ॥੨॥
ਜੇ ਨੌਕਰ ਮਮ ਲਘੁ ਕਿ ਮਹਾਨ।
ਕੋ ਨਹਿਂ ਦੇਹਿ ਇਸੇ ਸਨਮਾਨ।
ਗ੍ਰਾਮ ਨਗਰ ਪਰਵੇਸ਼ ਨ ਹੋਇ।
ਦੇਸ਼ ਤ੍ਯਾਗ ਕਰਿ ਗਮਨੈ ਸੋਇ[+]' ॥੩॥
ਇਮ ਸਭਿ ਕੋ ਲਿਖਿ, ਦਿਯੋ ਨਿਕਾਸਿ।
ਸੋ ਤਜਿ ਦਿੱਲੀ ਪੁਰੀ ਅਵਾਸ।
ਕੁਛ ਨਰ ਸੰਗ ਨਿਕਸਿ ਕਰਿ ਆਯੋ।
ਸਨੇ ਸਨੇ ਬਹੁ ਮਗ ਉਲੰਘਾਯੋ ॥੪॥
ਮਾਝੇ ਦੇਸ਼ ਪ੍ਰਵੇਸ਼ਜੋ ਆਇ।
ਦਿਸ਼ਿ ਪਸ਼ਚਮ ਚਿਤ ਬਾਂਛਤ ਜਾਇ।
ਗੁਰੂ ਤਰਨ ਤਾਰਨ ਪੁਰਿ ਡੇਰਾ।
ਕੇਤਿਕ ਦਿਨ ਤੇ ਕੀਨਿ ਬਸੇਰਾ ॥੫॥
ਜਬਿ ਸ਼ਹਜ਼ਾਦਾ ਤਹਿਂ ਚਲਿ ਆਯੋ।
'ਇਹਾਂ ਗੁਰੂ' ਤਿਹ ਕਿਸਹਿ ਸੁਨਾਯੋ।
-ਮਿਲੌਂ ਇਨਹਿਂ ਦਰਸ਼ਨ ਕਰਿ ਆਛੇ।
ਇਕ ਦੁਇ ਦਿਨ ਰਹਿ ਗਮਨੌਂ ਪਾਛੇ- ॥੬॥
ਇਮ ਸ਼ਹਜ਼ਾਦੇ ਰਿਦੇ ਬਿਚਾਰਾ।
ਉਤਰ ਪਰ੍ਯੋ ਡੇਰੋ ਨਿਰਧਾਰਾ।
ਤਿਸ ਨਿਸ ਮਹਿਂ ਕਰਿ ਕੈ ਬਿਸਰਾਮੂ।
ਭਈ ਪ੍ਰਾਤ, ਸੁਨਿ ਸਤਿਗੁਰੁ ਨਾਮੂ ॥੭॥
ਮਿਲ੍ਯੋ ਆਨਿ ਕਰਿ ਬੰਦੇ ਹਾਥਾ।
ਲਖਿ ਮਹਿਮਾ ਨੰਮ੍ਰੀ ਕਰਿ ਮਾਥਾ।

---

[1]ਹੋਰ ਕੋਈ।

[+]ਸ਼ਹਜ਼ਾਦਾ ਖੁਸਰੋ ਬਾਗ਼ੀ ਹੋਕੇ ਪੰਜਾਬ ਨੂੰ ਆਯਾ ਸੀ ਤੇ ਜਹਾਂਗੀਰ ਉਸਦੇ ਮਗਰੇ ਆਯਾ ਸੀ।

ਬੂਝਜੋ ਸਗਰੋ ਤਾਂਹਿ ਬ੍ਰਿਤਾਂਤ।
ਭਨਜੋ ਤਾਂਹਿ ਬੀਤਾ ਜਿਸ ਭਾਂਤਿ ॥੮॥
'ਸ਼ਾਹੁ ਰੋਸ ਬਹੁ ਮੋ ਪਰ ਕੀਨੋ।
ਦੇਸ਼ ਨਿਕਾਰਾ ਕਹਿ ਕਰਿ ਦੀਨੋ।
ਪਸ਼ਚਮ ਦਿਸ਼ਿਕੋ ਮੈਂ ਚਲਿ ਜਾਵੌਂ।
ਸ਼੍ਰੀ ਗੁਰ ਜੀ! ਤਿਤ ਬੈਸ ਬਿਤਾਵੌਂ' ॥੯॥
ਭਨਤਿ ਬਿਨੈ ਅਧਿਕਾਇ ਅਧੀਨ।
ਅਪਨੋ ਕਸ਼ਟ ਨਿਵੇਦਨਿ[1] ਕੀਨਿ।
'ਖਰਚ ਗਯੋ ਥੁਰ ਪਾਸ ਨ ਪੈਸਾ।
ਦਿਨਪ੍ਰਤਿ ਛੁਧਿਤਿ ਰੰਕ ਹ੍ਵੈ ਜੈਸਾ ॥੧੦॥
ਨੀਠ ਨੀਠ ਤੇ ਖਰਚ ਚਲਾਵੌਂ।
ਬੇਚਿ ਬਿਭੂਖਨ ਨਰਨਿ ਖੁਲਾਵੌਂ।
ਅਪਰ ਪਾਤਸ਼ਾਹਿਤ[2] ਮੈਂ ਜਾਵੌਂ।
ਮਾਫਕ ਗੁਜ਼ਰ[3] ਤਹਾਂ ਧਨ ਪਾਵੌਂ' ॥੧੧॥
ਇੱਤਜਾਦਿਕ ਜਬਿ ਬਿਨੈ ਬਖਾਨੀ।
ਸੁਨਿ ਸ਼੍ਰੀ ਅਰਜਨ ਕਰੁਨਾ ਠਾਨੀ।
ਨਿਜ ਢਿਗ ਦਿਨ ਕੇਤਿਕ ਸੋ ਰਾਖਜੋ।
ਦੇਤਿ ਅਸਨ ਹਿਤ ਧਨ ਜੋ ਕਾਂਖਜੋ ॥੧੨॥
ਜਬਹਿ ਚਲਨਿ ਕਹੁ ਤਿਨ ਮਨ ਕੀਨਾ।
ਪੰਚ ਸਹੰਸ੍ਰ[4] ਗੁਰੂ ਧਨ ਦੀਨਾ*।
ਲੇ ਕਰਿ ਨਮੋ ਠਾਨਿ ਸ਼ਹਜ਼ਾਦਾ।
ਗਮਨਜੋ ਪਸ਼ਚਮ ਦਿਸ਼ਿ ਅਹਿਲਾਦਾ ॥੧੩॥
ਜਿਸ ਦਿਨ ਲੇ ਤਿਨ ਕੀਨਿ ਪਯਾਨ।

---

[1]ਦੱਸਿਆ।
[2]ਵਲਾਇਤ।
[3]ਗੁਜ਼ਾਰੇ ਮੁਆਫਿਕ।
[4]ਪੰਜ ਹਜ਼ਾਰ।
*ਸ਼੍ਰੀ ਗੁਰ ਪ੍ਰਤਾਪ ਸੂਰਜ ਤੋਂ ਪੁਰਾਤਨ ਗ੍ਰੰਥ ਮਹਿਮਾਂ ਪ੍ਰਕਾਸ਼ ਵਿਚ ਕੇਵਲ ਰੋਟੀ ਦੇਣੀ ਲਿਖੀ ਹੈ, ਪੰਜ ਹਜ਼ਾਰ ਦੇਣਾ ਨਹੀਂ ਲਿਖਿਆ। ਜਥਾ- 'ਸੋ ਬਡਾ ਦੁਖੀ ਤਾ ਪਰ ਭਈ ਆਫਤ। ਦੇਖ ਦਿਆਲ ਗੁਰ ਕਰੀ ਜ਼ਿਆਫਤ। ਤਾਕੋ ਖਾਨ ਪਾਨ ਸਭ ਦੀਆ। ਨਿਜ ਕਰ ਗੁਜਰਾਨ ਕੂਚ ਤਿਨ ਕੀਆ।' ਅਗੇ ਇਸ ਰਾਸ ਦੇ ਅੰਸੂ ੩੨ ਦੇ ਅੰਕ ੨੭ ਵਿਚ ਕਵੀ ਜੀ ਨੇ ਆਪ ਭੀ ਕੇਵਲ ਰੋਟੀ ਲਿਖੀ ਹੈ। ਯਥਾ- 'ਦੀਨ ਜਾਨਿ ਤਿਹ ਭੋਜਨ ਖੁਾਯੋ।' ਦਬਿਸਤਾਨ ਮਜ਼ਾਹਬ ਵਿਚ ਕੇਵਲ ਸ਼ਹਜ਼ਾਦੇ ਦੇ ਹੱਕ ਵਿਚ ਦੁਆ ਕਰਨੀ ਲਿਖੀ ਹੈ ਤੇ ਜਹਾਂਗੀਰ ਦੀ 'ਤੁਜ਼ਕ' ਵਿਚ ਮੱਥੇ ਤੇ ਤਿਲਕ ਕਰਨਾ ਤੇ ਖਾਸ ਵਰਤਾਉ ਕਰਨਾ ਹੀ ਲਿਖਿਆ ਹੈ, ਪਰ ਸ਼ਹਜ਼ਾਦਾ ਗੁਰੂ ਜੀ ਨੂੰ ਮਿਲਿਆ ਹੀ ਨਹੀਂ, ਦੇਖੋ ਇਸੇ ਰਾਸਿ ਦੇ ਅੰਸੂ ੩੭ ਅੰਕ ੪੮ ਦੀ ਟੂਕ।

ਨਰ ਚੰਦੂ ਕੋ ਇਕ ਤਿਸ ਥਾਨ।
ਸਕਲ ਬਾਰਤਾ ਸੁਨਿ ਕਰਿ ਗਯੋ।
ਚੰਦੂ ਨਿਕਟ ਸੁਨਾਵਤਿ ਭਯੋ ॥੧੪॥
ਕਰਹਿ ਸ਼ੱਤ੍ਰੁਤਾ ਗੁਰੁ ਕੇ ਸਾਥ।
ਜਰ ਬਰ ਭਯੋ ਮਲਤਿ ਜੁਗ ਹਾਥ।
-ਕਹੌਂ ਸ਼ਾਹੁ ਢਿਗ ਛਿੱਦ੍ਰ[1] ਸੁ ਪਾਯੋ।
ਰਿਸਹਿ ਰਿਦੇ ਹੁਇ ਮੁਰ ਮਨ ਭਾਯੋ[2] ॥੧੫॥
ਮੈਂ ਕਰਿ ਰਹ੍ਯੋ ਉਪਾਉ ਘਨੇਰਾ।
ਨਹੀਂ ਬਿਗਾਰ ਸਕ੍ਯੋ ਗੁਰੁ ਕੇਰਾ।
ਸੋ ਫਕੀਰ, ਮੈਂ ਸ਼ਾਹੁ ਦਿਵਾਨ।
ਅਬਿ ਲਗਿ ਸਮ, ਕੈ ਰਹ੍ਯੋ ਮਹਾਨ[3] ॥੧੬॥
ਸ਼ੱਤ੍ਰੂ ਸਮ ਸ਼ਹਜ਼ਾਦਾ ਸੋਇ।
ਤਿਹ ਧਨ ਦੀਨਿ ਸਖਾ ਜਿਮ ਹੋਇ।
ਨਿਜ ਢਿਗ ਰਾਖ੍ਯੋ ਤ੍ਰਾਸ ਨ ਮਾਨਾ।
ਰਿਸਹਿ ਸ਼ਾਹੁ ਜਬਿ ਸੁਨਿਹੈ ਕਾਨਾ- ॥੧੭॥
ਪ੍ਰਾਤ ਹੋਤਿ ਗਰ ਜਾਮਾ ਪਾਇ।
ਗਯੋ ਮੂਢ ਉਰ ਹਰਖ ਉਪਾਇ।
ਤਸਲੀਮਾਤ ਸ਼ਾਹੁ ਸੋਂ ਕੀਨਿ।
ਚੁਗਲੀ ਉਗਲਨਿ ਕੋ ਮਤਿ ਹੀਨ ॥੧੮॥
ਹਾਥ ਜੋਰਿ ਕਰਿ ਬਹੁਰ ਸੁਨਾਵੈ।
'ਸੋ ਅਰਜਨ ਜਗ ਗੁਰੂ ਕਹਾਵੈ।
ਚਹੁੰ ਦਿਸ਼ਿ ਤੇ ਧਨ ਜਿਸ ਢਿਗ ਆਵੈ।
ਤੁਮ ਤੇ ਤ੍ਰਾਸ ਨ ਕੈਸੇ ਪਾਵੈ ॥੧੯॥
ਨਿਜ ਪੂਜਾ ਅਰੁ ਧਨ ਕੋ ਦੇਖਿ।
ਜਿਸ ਕੇ ਉਰ ਹੰਕਾਰ ਵਿਸ਼ੇਖ।
ਸ਼ਹਜ਼ਾਦਾ ਜੋ ਤੁਮਹਿਂ ਨਿਕਾਰ੍ਯੋ।
ਨਹਿਂ ਕਿਸ ਤਿਸ ਕੋ ਆਦਰ ਧਾਰ੍ਯੋ ॥੨੦॥
ਤੁਮ ਤੇ ਬਡਾ ਕਿ ਤੁਮ ਸਮ ਜਾਨਿ[4]।

---

[1]ਛੇਕ। ਭਾਵ ਉਜ ਲਾਉਣ ਲਈ ਕੋਈ ਬਹਾਨਾ।
[2](ਸ਼ਾਹ) ਕ੍ਰੋਧ ਕਰੇਗਾ ਦਿਲ ਵਿਚ ਤੇ ਮੇਰੇ ਮਨ ਭਾਂਵਦੀ (ਗਲ ਹੋਵੇਗੀ)।
[3]ਬਰਾਬਰ ਅਥਵਾ (ਮੈਥੋਂ) ਬੜੇ ਰਹੇ ਹਨ।
[4]ਬਰਾਬਰ ਜਾਣਕੇ।

ਪਹੁੰਚਯੋ ਗੁਰੁ ਅਰਜਨ ਕੇ ਥਾਨ।
ਸਾਦਰ ਤਿਸ ਕੋ ਪਾਸ ਉਤਾਰਾ।
-ਹਮ ਰਾਖਹਿਂ ਤੁਝ- ਧੀਰ ਉਚਾਰਾ ॥੨੧॥
-ਹਮਰੋ ਕਹਾ ਕਰੈ ਪਤਿਸ਼ਾਹ।
ਨਹਿਂ ਰੱਯਤ, ਜੇ ਹੁਕਮ ਕਰਾਹਿ-।
ਕੇਤਿਕ ਦਿਵਸ ਨਿਕਟ ਸੋ ਰਾਖ੍ਯੋ।
ਸੋ ਨਹਿਂ ਰਹ੍ਯੋ, ਚਲਨਿ ਅਭਿਲਾਖ੍ਯੋ ॥੨੨॥
ਗਮਨਤਿ ਕੋ ਬਹੁ ਧਨ ਤਿਹ ਦੀਨਾ।
ਸਕਲ ਰੀਤਿ ਤੇ ਮੱਦਤ ਕੀਨਾ।
ਤੁਮਰੋ ਤ੍ਰਾਸ ਪਾਇ ਸੋ ਗਯੋ।
ਗੁਰੁ ਅਰਜਨ ਉਰ ਡਰ ਨਹਿਂ ਕਿਯੋ ॥੨੩॥
ਬਡ ਹੰਕਾਰ ਜਿਨਹੁੰ ਕੇ ਮਾਂਹੀ।
ਆਂਖਿ ਤਰੈ ਕਿਸ ਆਨਤਿ ਨਾਂਹੀ।
ਤੁਮ ਢਿਗ ਆਗੇ ਅਰਜ਼ ਉਚਾਰੀ।
ਰਾਖਹਿ ਤਸਕਰ ਸਦਨ ਮਝਾਰੀ ॥੨੪॥
ਆਪ ਕਹਾਵਤਿ ਹੈ ਸਭਿ ਮਾਂਹੂ।
ਸਭਿ ਤੇ ਬਡੋ ਸਾਚ ਪਤਿਸ਼ਾਹੂ।
ਨਿਜ ਖ਼ਾਤਰ ਮਹਿਂ ਕਿਸੂ ਨ ਲ੍ਯਾਵੈ[1]।
ਬਰਤਹਿ ਤਥਾ ਜਥਾ ਮਨ ਭਾਵੈ ॥੨੫॥
ਅਪਰ ਸਜਾਇ ਨਹੀਂ ਜੇ ਦੇਵਹੁ।
ਢਿਗ ਬੁਲਾਇ ਅਜ਼ਮਤਿ ਕੋ ਲੇਵਹੁ।
ਕਰਾਮਾਤ ਜੇ ਦਿਖ੍ਯੋ ਨ ਚਾਹੋ।
ਤਊ ਹਕਾਰਹੁ ਅਪਨੇ ਪਾਹੋ ॥੨੬॥
ਜੇ ਇਸ ਕ੍ਰਿਤ ਕੋ ਤੁਮ ਮਨ ਜਾਨਿ।
ਨਹੀਂ ਤਿਦਾਰਕ ਦੇਹੁ ਮਹਾਨ[2]।
ਨ੍ਰਿਭੈ ਹੋਇ ਬਹੁ ਕਰਹਿ ਕੁਕਾਜ।
ਤਸਕਰ ਆਦਿ ਲਗਾਇ ਸੁ ਰਾਜ ॥੨੭॥
ਜਯੋਂ ਤੁਮ ਛਿਮਾ ਕਰਹੁ ਲਖਿ ਪੀਰ[3]।
ਤਯੋਂ ਉਰ ਗਰਬਤਿ ਹੈ ਧਰਿ ਧੀਰ।

---
[1]ਭਾਵ ਕਿਸੇ ਦੀ ਪਰਵਾਹ ਨਹੀਂ ਰੱਖਦਾ।
[2]ਕਰੜੀ ਰੋਕ ਨਹੀਂ ਪਾਓਗੇ, ਭਾਵ ਬਹੁਤੀ ਸਜ਼ਾ ਨਹੀਂ ਦਿਓਗੇ।
[3]ਗੁਰੂ ਜਾਣਕੇ।

ਸ਼੍ਰੀ ਨਾਨਕ ਸਮ ਕ੍ਰਿੱਤ ਨ ਤਿਨ ਕੋ।
ਧਰਹਿ ਈਰਖਾ ਕਪਟੀ ਮਨ ਕੋ ॥੨੮॥
ਸੁਲਬੀ ਪਠਯੋ ਨ ਪਹੁਂਚਯੋ ਤਹਾਂ।
ਤਿਸ ਪੀਛੈ ਉਰ ਗਰਬਯੋ ਮਹਾਂ।
ਹਜ਼ਰਤ ਜੇ ਡਰ ਹ੍ਵੈ ਨ ਤੁਮਾਰਾ।
ਹੋਹਿ ਰਾਜ ਮਹਿਂ ਬਹੁਤ ਬਿਗਾਰਾ' ॥੨੯॥
ਇੱਤਯਾਦਿਕ ਪਾਪੀ ਬਹੁ ਕਹਯੋ।
ਸਾਚ ਤੁਰਕ ਪਤਿ ਨੇ ਚਿਤ ਲਹਯੋ।
-ਨਿਤ ਪ੍ਰਤਿ ਤਿਨ ਕੀ ਆਇ ਖਟਾਈ।
ਮੈਂ ਅਬਿ ਲੌ ਨਹਿਂ ਕਛੂ ਜਨਾਈ- ॥੩੦॥
ਨਿਜ ਦਿਵਾਨ ਪਾਪੀ ਸੰਗ ਕਹਯੋ।
'ਕੇਤਿਕ ਡੰਨ ਉਚਿਤ ਤੈਂ ਲਹਯੋ।
ਜੇਤਿਕ ਦੇਹਿਂ ਲਿਖਹੁ ਪਰਵਾਨਾ[1]।
ਆਵੈਂ ਅਬਿ ਚਲਿਕੈ ਇਸਥਾਨਾ' ॥੩੧॥
ਦੁਸ਼ਟ ਸਚਿਵਨੇ ਮਤਿ ਬਿਚਲਾਈ[2]।
ਉਚਿਤਾਨੁਚਿਤ[3] ਸਕਲ ਬਿਸਰਾਈ।
ਜਿਨ ਕੀ ਕਰਤਿ ਸਤੁਤਿ ਲਖਿ ਪੀਰ।
ਡੰਡ ਚਹੈ ਮੂਰਖ ਤਿਨ ਤੀਰ[4] ॥੩੨॥
'ਧਨ ਦੁਇ ਲਾਖ ਦੀਜਿਯਹਿ ਆਇ।
ਤੁਮਨੇ ਕੀਨਸਿ ਬਾਤ ਬਿਜਾਇ[5]।
ਸ਼ਹਜ਼ਾਦਾ ਜੋ ਹਮਹੁ ਨਿਕਾਰਯੋ।
ਰਿਪੁ ਸਮਾਨ ਉਰ ਮਹਿਂ ਨਿਰਧਾਰਯੋ ॥੩੩॥
ਟਿਕਨ ਦਯੋ ਨਹਿਂ ਨਿਕਟ ਸੁ ਕਾਹੂੰ।
ਤੁਮ ਧਨ ਦੀਨਸਿ ਰਾਖਯੋ ਪਾਹੂੰ।'
ਆਇਸੁ ਜਹਾਂਗੀਰ ਕੀ ਲੈ ਕੇ।
ਚੰਦੂ ਦੁਸ਼ਟ ਲਿਖਯੋ ਬਿਧਿ ਕੈ ਕੈ ॥੩੪॥
ਸ਼ਾਹੁ ਕਹੇ ਕੋ ਦਸ ਗੁਨ ਰਿਸ ਕੋ।
ਲਿਖਯੋ ਕਠੋਰ ਹੁਕਮ ਗੁਰੁ ਦਿਸ਼ਿ ਕੋ।

---

[1]ਜਿਤਨਾ ਕੁ ਦੇਣਾ ਹੈ (ਦੰਡ) ਹੁਕਮਨਾਮਾ ਲਿਖੋ।
[2]ਵਿਚਲਾ ਦਿੱਤੀ।
[3]ਯੋਗ ਅਯੋਗ।
[4]ਤਿਨ੍ਹਾਂ ਪਾਸੋਂ।
[5]ਅਯੋਗ।

ਅਹਿਦੀ ਕੋ ਨਿਜ ਨਿਕਟ ਹਕਾਰਾ।
'ਤਿਨ ਪਰ ਸ਼ਾਹੁ ਕ੍ਰੋਧ ਬਡ ਧਾਰਾ ॥੩੫॥
ਗਹੁ ਪਰਵਾਨਾ ਗਮਨਹੁ ਤੂਰਨ।
ਲਿਹੁ ਦੁਇ ਲਾਖ ਦਰਬ ਕਰਿ ਪੂਰਨ।
ਜਾਹੁ ਸੁਧਾਸਰ ਹੁਕਮ ਪ੍ਰਕਾਸ਼[1]।
ਲਿਹੁ ਸਭਿ ਕਿਛੁ ਸ਼੍ਰੀ ਅਰਜਨ ਪਾਸ ॥੩੬॥
ਮ੍ਰਿਦੁਲ ਨ ਬੋਲਹੁ ਲਿਹੁ ਧਨ ਰਾਸੀ।
ਨਾਂਹਿ ਤ ਆਨਹੁ ਹਜ਼ਰਤ ਪਾਸੀ।
ਅਪਰ ਕਿਸੂ ਕੋ ਕਹਜੋ ਨ ਕੀਜਹਿ।
ਗਮਨਹੁ ਅਬਹਿ ਛਿੱਪ੍ਰ ਪਹੁੰਚੀਜਹਿ' ॥੩੭॥
ਚਲਜੋ ਅਹਿਦੀਆ ਲੇ ਪਰਵਾਨਾ।
ਪੀਛੇ ਉਰ ਪਾਪੀ ਹਰਖਾਨਾ।
-ਬੀਤੇ ਸੰਮਤ ਕਰਤਿ ਉਪਾਊ।
ਅਬਿ ਕੁਛ ਲਾਗਜੋ ਮੇਰੋ ਦਾਊ ॥੩੮॥
ਲੈਹੋਂ ਬੈਰ ਦੇਉਂ ਦੁਖ ਤੈਸੇ।
ਸੁਤਾ ਮੋਹਿ ਸੰਕਟਿ ਲਹਿ ਜੈਸੇ।
ਨਹਿਂ ਭੈ ਕਰਜੋ ਨ ਲੀਨਿ ਸਗਾਈ।
ਕਰਿ ਬਿਨਤੀ ਭੀ ਮੋਹਿ ਪਠਾਈ ॥੩੯॥
ਲਾਗੀ ਅਬਿ ਲੌ ਆਂਚਿ ਨ ਤਾਤੀ[2]।
ਬੈਠਿ ਰਹਜੋ ਕਰਿ ਸੀਤਲ ਛਾਤੀ।
ਕਰਤਿ ਰਹਜੋ ਮੈਂ ਜਤਨ ਘਨੇਰੇ।
ਤਿਨ ਕੇ ਸੰਕਟ ਗਯੋ ਨ ਨੇਰੇ ॥੪੦॥
ਖੱਤ੍ਰਿਨਿ ਬਿਖੈ ਲਾਜ ਮਮ ਖੋਈ।
ਕਰਨਿ ਸਬੰਧ[3] ਨ ਮਾਨੈ ਕੋਈ।
ਸੋ ਬਦਲਾ ਅਬਿ ਆਵਹਿ ਹਾਥ-।
ਇਮ ਬਿਚਾਰਿ ਮੂਰਖ ਮੁਦ ਸਾਥ ॥੪੧॥
ਨਹਿਂ ਜਾਨਹਿ ਨਿਜ ਮੂਲ ਉਪਾਰਤਿ[4]।
ਅਪਨੇ ਪਰ ਅਪਦਾ ਬਡ ਡਾਰਤਿ।

---

[1]ਕਹੋ।
[2]ਹੁਣ ਤੱਕ ਤਾਂ ਤੱਤਾ ਸੇਕ ਬੀ ਨਹੀਂ ਸੀ ਲੱਗਾ।
[3]ਸਾਕ ਕਰਨਾ।
[4]ਆਪਣੀ ਜੜ੍ਹ ਉਖਾੜਦਾ ਹੈ।

ਇਸ ਜਗ ਮਹਿਂ ਦੁਖ ਭੋਗ ਘनेरे।
ਮਰਯੌਂ ਕੁਮ੍ਰਿਤੁ[1] ਅੰਤ ਕੀ ਬੇਰੇ ॥੪੨॥
-ਨਰਕ ਅਗਾਰੀ ਪਰਿਹੌਂ ਜਾਇ-।
ਨਹਿਂ ਅਨਜਾਨ ਲਖਹਿ ਇਸ ਭਾਇ।
ਚਲਿ ਲਹੌਰ ਤੇ ਅਹਿਦੀ ਆਯੋ।
ਹੋਨਿ ਕ੍ਰੂਰ[2] ਜੋ ਦੁਸ਼ਟ ਸਿਖਾਯੋ ॥੪੩॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ' ਪ੍ਰਸੰਗ ਬਰਨਨੰ ਨਾਮ ਊਨਤ੍ਰਿੰਸਤੀ ਅੰਸੂ ॥੨੯॥

---

[1]ਖੋਟੀ ਮੌਤ।
[2]ਕਰੜਾ ਹੋਣ (ਲਈ)।

੩੦. [ਸ਼੍ਰੀ ਹਰਿ ਗੋਬਿੰਦ ਜੀ ਪ੍ਰਤਿ ਉਪਦੇਸ਼]

੨੯<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੧

ਦੋਹਰਾ: ਸ੍ਰੀ ਅਰਜਨ ਬੈਠਜੋ ਗੁਰੂ,
ਜਾਨਤਿ ਸਕਲ ਪ੍ਰਸੰਗ।
ਅਹਿਦੀ ਨੇ ਦਰਸ਼ਨ ਕਰਜੋ,
ਭਾ ਸੀਤਲ ਸਰਬੰਗ ॥੧॥
ਚੌਪਈ: ਲਿਖਜੋ ਸ਼ਾਹੁ ਕੋ ਧਰਜੋ ਅਗਾਰੀ।
ਆਪ ਜੋਰਿ ਕਰ ਬੰਦਨ ਧਾਰੀ।
ਦੇਖਿ ਸਰੂਪ ਸੁਭਾਵ ਬਿਸਾਲਾ।
ਅਹਿਦੀ ਕਹਿ ਨ ਸਕਜੋ ਤਿਸ ਕਾਲਾ ॥੨॥
ਸਤਿਗੁਰੁ ਸੋ ਖੁਲ੍ਹਾਇ ਪਠਵਾਯੋ[੧]।
-ਧਨ ਦੋਇ ਲਾਖ ਸ਼ਾਹੁ ਮੰਗਵਾਯੋ-।
ਸ਼੍ਰੀ ਅਰਜਨ ਸਗਰੀ ਬਿਧਿ ਜਾਨੀ।
ਤਜਨੀ ਕਾਯਾਂ ਅਪਨਿ ਪਛਾਨੀ ॥੩॥
ਅਰੁ ਕਾਨ੍ਹੇ ਕੋ ਸ੍ਰਾਪ ਚਿਤਾਰਾ[*]।
-ਤਜਨਿ ਦੇਹ ਦੁਖ ਪਾਇ ਉਚਾਰਾ।
ਹਰਿਗੋਬਿੰਦ ਗੁਰੁ ਬੈਠੇ ਭਾਰੀ।
ਮਹਾਂਬਲੀ ਬਡ ਸ਼ਸਤ੍ਰਨ ਧਾਰੀ ॥੪॥
ਸੋ ਸਭਿ ਬਦਲਾ ਲੇਗੁ ਹਮਾਰਾ[+]।
ਭੂਤ ਭਵਿੱਖਜ ਭਲੇ ਨਿਰਧਾਰਾ।
-ਏਕ ਦਿਵਸ ਅਹਿਦੀ ਕੋ ਰਾਖਜੋ।
ਭਈ ਪ੍ਰਾਤ ਤੇ ਸਤਿਗੁਰ ਭਾਖਜੋ ॥੫॥
'ਹਮ ਲਹੌਰ ਆਪਹਿ ਚਲਿ ਜੈਹੈਂ।
ਕਹੈ ਸ਼ਾਹੁ ਜੋ ਤਿਹ ਠਾਂ ਦੈ ਹੈਂ।'
ਇਸ ਪ੍ਰਕਾਰ ਕਹਿ ਅਹਿਦੀ ਤੋਰਜੋ।
ਬੋਲਜੋ ਸੋ ਨਿਜ ਹਾਥਨਿ ਜੋਰਜੋ ॥੬॥
'ਜਿਮ ਚੰਦੂ ਨੇ ਮੋਹਿ ਪਠਾਯੋ।
ਖੋਟੇ ਬਾਕਨਿ ਕੋ ਸਿਖਰਾਯੋ।
ਸੋ ਮੁਝ ਤੇ ਕਿਮ ਨਹਿਂ ਬਨਿ ਆਵਹਿ।

---

[੧]ਉਹ ਚਿੱਠੀ ਪੜ੍ਹਾਈ।
[*]ਦੇਖੋ ਰਾਸ ਤੀਸਰੀ ਅੰਸੂ ੪੬ ਅੰਕ ੩੪ ਦੀ ਹੇਠਲੀ ਟੂਕ।
[+]ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੨੮ ਦੀ ਹੇਠਲੀ ਟੂਕ।

ਤੁਮ ਦਰਸ਼ਨ ਤੇ ਕੁਮਤਿ ਨਸਾਵਹਿ ॥੭॥
ਅਪਨੋ ਸੇਵਕ ਮੋਹਿ ਪਛਾਨੋ।
ਰਾਵਰਿ ਕਹਹੁ ਤਥਾ ਅਬਿ ਮਾਨੋਂ।
ਪੁਰਸ਼ੋਤੁਮ ਤੁਮ ਸਭਿ ਕੁਛ ਜਾਨਹੁ।
ਤਊ ਦਿਵਾਨ ਦੁਸ਼ਟ ਪਹਿਚਾਨਹੁ ॥੮॥
ਤਿਸ ਤੇ ਆਪ ਰਹਹੁ ਸਵਧਾਨਾ।
ਸਕਲ ਕੁਕਰਮ ਤਿਸੀ ਨੇ ਠਾਨਾ।'
ਅਹਿਦੀ ਤੇ ਸੁਨਿ ਕੀਨਿ ਪਸਾਉ[1]।
ਸਤਿਗੁਰੁ ਦੇਤਿ ਭਏ ਸਿਰੁਪਾਉ ॥੯॥
'ਬੁਰਾ ਜੁ ਹੋਇ ਆਪ ਗਰ ਜੈ ਹੈ।
ਮੂਰਖ ਅਪਨੋ ਕੀਤਾ ਪੈ ਹੈ।'
ਰੁਖਸਦ ਹੁਇ ਅਹਿਦੀ ਚਲਿ ਗਯੋ।
ਚੰਦੂ ਸੰਗ ਕਹਤਿ ਇਮ ਭਯੋ ॥੧੦॥
'ਮੁਝ ਕੋ ਕਹਯੋ -ਆਪ ਹਮ ਆਵੈਂ।
ਕਹੈਂ ਸ਼ਾਹੁ ਸੋ ਤਹਾਂ ਦਿਵਾਵੈਂ-।'
ਸੁਨਿ ਖੁਨਸਯੋ ਗਮਨਯੋ ਢਿਗ ਸ਼ਾਹੂ।
ਕਰੀ ਅਰਜ਼ ਹ੍ਵੈ ਕਰਿ ਤਬਿ ਪਾਹੂ ॥੧੧॥
'ਨਹਿਂ ਸ਼੍ਰੀ ਅਰਜਨ ਧਨ ਕੁਛ ਦੀਨੋ।
ਅਹਿਦੀ ਸੰਗ ਨ ਆਵਨਿ ਕੀਨੋ।
ਨਹੀਂ ਤ੍ਰਾਸ ਕੁਛ ਕਰਹਿ ਤੁਮਾਰੋ।
ਹੁਕਮ ਅਦੂਲੀ[2] ਗੁਨਹਿ ਬਿਚਾਰੋ' ॥੧੨॥
ਸ਼ਾਹੁ ਕਹਯੋ 'ਕੋ ਦਿਨ ਕਰਿ ਮੌਨ।
ਨਹਿੰਨ ਪਠਾਵਹੁ ਮਾਨਵ ਕੌਨ[3]।
ਜੇ ਨਹਿਂ ਆਵਹਿ ਤਹਿਂ ਟਿਕ ਰਹੈ।
ਪੁਨ ਤਿਉਂ ਕਰਹਿਂ ਜਥਾ ਤੂੰ ਕਹੈਂ' ॥੧੩॥
ਇਤ ਸ੍ਰੀ ਅਰਜਨ ਸਭਿ ਕੁਛ ਜਾਨਾਂ।
ਹੋਨਿਹਾਰ[4] ਬਿਰਤੰਤ ਮਹਾਨਾ।
ਸ਼੍ਰੀ ਗੁਰ ਗ੍ਰਿੰਥ ਥਿਰਹਿ ਜਹਿਂ ਰੈਨ।

---
[1]ਕ੍ਰਿਪਾ।
[2]ਹੁਕਮ ਮੋੜ ਦੇਣ ਦਾ।
[3]ਕੋਈ।
[4]ਭਾਵ ਦਾ।

ਤਿਸ ਥਲ ਬੈਠੇ ਜਿਨ ਕਹਿ ਭੈ ਨ[1] ॥੧੪॥
ਬ੍ਰਿੱਧ ਆਪਨੇ ਨਿਕਟ ਹਕਾਰਾ।
ਸਾਦਰ ਭਾਖਤਿ ਤਹਿਂ ਬੈਠਾਰਾ।
ਪੁਨ ਸ਼੍ਰੀ ਹਰਿਗੋਬਿੰਦ ਬੁਲਾਏ।
ਯੁਤ ਗੁਰਦਾਸ ਤਹਾਂ ਚਲਿ ਆਏ ॥੧੫॥
ਕਰੇ ਪ੍ਰੇਮ ਕੋ ਨਿਕਟ ਬਿਠਾਇ।
'ਅਬਿ ਸਮਰੱਥ ਹੁਏ ਬਲ ਪਾਇ।
ਕਹੁ ਬੁੱਢਾ ਸ਼੍ਰੀ ਹਰਿਗੋਬਿੰਦ।
ਅਬਿ ਸੁਚੇਤ ਭੇ ਬਲੀ ਬਿਲੰਦ ॥੧੬॥
ਗੁਰਤਾ ਗਾਦੀ ਬੈਠਨਿ ਜੋਗ।
ਦੈਂ ਹੈਂ ਦੁਸ਼ਟਨਿ ਕੇ ਘਰ ਸੋਗ।'
ਬ੍ਰਿਧ ਨੇ ਭਾਖਜੋ 'ਜੋਤਿ ਤੁਮਾਰੀ।
ਹੋਹਿ ਬੀਰ ਬਡ ਆਯੁਧ ਧਾਰੀ ॥੧੭॥
ਛੱਤ੍ਰਿਨਿ ਕੁਲ ਤੇ ਯੁੱਧ ਹਟਜੋ ਹੈ।
ਰਾਜ ਤੇਜ ਕੋ ਸਕਲ ਘਟਜੋ ਹੈ।
ਭਏ ਮਲੇਛ ਸ਼ਸਤ੍ਰ ਬਡ ਧਾਰੀ।
ਕਰਹਿਂ[2] ਰਾਜ ਬਡ ਅਵਿਨੀ ਸਾਰੀ ॥੧੮॥
ਛੱਤ੍ਰੀ ਧਰਮ ਦੁਰਜੋ ਨਹਿਂ ਭਾਸੈ।
ਤਖਤ ਬੈਠਿ ਅਬਿ ਇਹੀ ਪ੍ਰਕਾਸ਼ੈਂ।
ਜਬਿ ਕਬਿ ਜਗਤਿ ਬਿਪਰਜੈ ਹੋਤਿ।
ਤੁਮ ਤਨ ਧਾਰਿ ਮ੍ਰਿਜਾਦ ਉਦੋਤਿ[3]' ॥੧੯॥
ਹਾਥ ਜੋਰਿ ਗੁਰੁਦਾਸ ਉਚਾਰੀ।
'ਬ੍ਰਿਧ ਸਾਹਿਬ ਕੀ ਉਪਮਾ ਭਾਰੀ।
ਸ਼੍ਰੀ ਨਾਨਕ ਆਦਿਕ ਗੁਰੁ ਸਾਰੇ।
ਬਹੁ ਸੇਵਾ ਕਰਿ ਸਦਾ ਨਿਹਾਰੇ ॥੨੦॥
ਸਫਲਹਿ ਬਾਕ ਸ੍ਰਾਪ ਅਰੁ ਬਰ ਕੋ।
ਬ੍ਰਹਮ ਅਸਤ੍ਰ[4] ਜਿਮ ਰਘੁਵਰ ਕਰ ਕੋ।
ਭਏ ਪੰਚ ਗੁਰ ਸ਼ਾਂਤਿ ਸਰੂਪ।

---

[1]ਕਿਸੇ ਦਾ ਡਰ ਨਹੀਂ।
[2]ਕਰਦੇ ਹਨ
[3]ਪ੍ਰਗਟ ਕਰਦੇ ਹੋ।
[4]ਚਲਾਕੇ ਸੁੱਟਿਆ ਜਾਣ ਵਾਲਾ ਸ਼ਸਤ੍ਰ (ਅ) ਜੋ ਮੰਤ੍ਰ ਪੜ੍ਹਕੇ ਚਲਾਉਂਦੇ ਸਨ ਤੇ ਜੋ ਖਾਲੀ ਨਹੀਂ ਸੀ ਜਾਂਦਾ।

ਕਰਿ ਗੁਰੁ ਸਿੱਖੀ ਰੀਤ ਅਨੂਪ ॥੨੧॥
ਦੇਤਿ ਰਹੇ ਸ਼ਾਂਤੀ ਉਪਦੇਸ਼।
ਜਿਹ ਸੁਨਿ ਕਾਟੇ ਸਕਲ ਕਲੇਸ਼।
ਅਬਿ ਸਾਯੁਧ[1] ਗੁਰ ਹੋਵਹਿ ਆਪ।
ਸਿਖ ਸਾਯੁਧ ਕਰਿ ਬਧਹਿ ਪ੍ਰਤਾਪ ॥੨੨॥
ਅਪਰ ਕੌਨ ਸਮਰਥ ਇਸ ਕਾਲ।
ਸਭਿ ਛਿਤ ਤੁਰਕਨਿ ਰਾਜ ਬਿਸਾਲ।
ਰਾਵਰ ਤੇ ਹੋਵੈ ਬਿਧਿ ਸਾਰੀ।
ਹਿੰਦੂ ਧਰਮ ਕੋ ਲੇਹੁ ਉਬਾਰੀ' ॥੨੩॥
ਇਮ ਸੁਨਿ ਕਰਿ ਸ੍ਰੀ ਅਰਜਨ ਨਾਥ।
ਉਠੇ ਹਰਖ ਲੇ ਸ੍ਰੀ ਫਲ[2] ਹਾਥ।
ਕਰੀ ਪ੍ਰਦੱਛਨ ਫਿਰਿ ਕਰਿ ਤੀਨ।
ਜਗਤ ਰੀਤਿ ਸੁਤ ਲਖ੍ਯੋ ਪ੍ਰਬੀਨ ॥੨੪॥
ਪੈਸੇ ਪੰਚ ਸਹਿਤ ਨਲੀਏਰ।
ਧਰਿ ਆਗੈ ਨੰਮ੍ਰੇ ਤਿਸ ਬੇਰ।
ਕਰੀ ਸਥਾਪਨਿ ਅਪਨੀ ਜੋਤਿ।
ਸਭਿ ਗੁਰੁ ਕੇ ਆਈ ਜਿਮ ਹੋਤਿ ॥੨੫॥
ਬੁੱਢੇ ਸਾਹਿਬ ਸੋਂ ਫੁਰਮਾਯੋ।
'ਕਰਹੁ ਸੁ ਆਪ ਕਰਤਿ ਜਿਮ ਆਯੋ।
ਸ਼ੁਭ ਅਧਿਕਾਰ ਕਰਨਿ ਕੋ ਨੀਕਾ।
ਉਠਹੁ ਮੁਦਤਿ ਦਿਹੁ ਅਬਿ ਸੁਠ ਟੀਕਾ[3]' ॥੨੬॥
ਹਾਥ ਜੋਰਿ ਤਬਿ ਬ੍ਰਿੱਧ ਬਖਾਨ੍ਯੋ।
'ਇਹ ਕਸ੍ਯਾ ਕੌਤਕ ਰਾਵਰ ਠਾਨ੍ਯੋ?
ਜਬਿ ਹੂੰ ਹੋਤਿ ਦੇਹ ਕੋ ਅੰਤ।
ਤਬਿ ਇਸ ਬਿਧਿ ਕੋ ਹੋਇ ਬ੍ਰਿਤੰਤ ॥੨੭॥
ਤਨ ਰਾਵਰ ਕੋ ਪਰਉਪਕਾਰੀ।
ਜੰਬੂ ਦੀਪ ਦੀਪ ਅਨੁਹਾਰੀ[4]।
ਜਹਿ ਕਹਿਂ ਕਰ੍ਯੋ ਪ੍ਰਕਾਸ਼ ਬਿਸਾਲਾ।

---

[1]ਸਸਤ੍ਰ ਧਾਰਨ ਵਾਲਾ।
[2]ਨਲੇਰ।
[3]ਸੁੰਦਰ ਤਿਲਕ।
[4]ਭਾਰਥ ਖੰਡ ਵਿਖੇ ਦੀਵੇ ਸਦਰਸ਼।

ਮਗ ਸ਼ੁਭ ਗਮਨਜੋ ਜਗਤ ਸੁਖਾਲਾ ॥੨੮॥
ਦਰਸ਼ਨ ਕੀ ਸੰਗਤਿ ਹੈ ਪਜਾਸੀ।
ਦੂਰਿ ਦੂਰਿ ਤੇ ਆਇਂ ਹੁਲਾਸੀ।
ਭਗਤਨਿ ਭੂਰ ਭਾਵਨਾ ਜਾਨਿ।
ਆਪ ਸਰੀਰ ਧਰਹੁ ਜਗ ਆਨਿ[1] ॥੨੯॥
ਔਚਕ ਅਚਰਜ ਕਹਾਂ ਜਨਾਵਹੁ?
ਥਿਰੋ ਆਪ ਸ਼ੁਭ ਦਰਸ ਦਿਖਾਵਹੁ।
ਸਭਿ ਕੇ ਅਹੋ ਆਸਰਾ ਭਾਰੇ।
ਚਹੁਂਦਿਸ਼ਿ ਦੁਸ਼ਟ ਦੁਸ਼ਟਤਾ ਧਾਰੇ ॥੩੦॥
ਬਨਹੁ ਸਹਾਇਕ ਸੰਗਤਿ ਕੇਰੇ।
ਸਰਬ ਪ੍ਰਵਾਰ ਤੁਮਹੁ ਦਿਸ਼ਿ ਹੇਰੇ।
ਬਿਗਰਜੋ ਸ਼ਾਹੁ ਚੰਦੂ ਕੇ ਕਹੇ।
ਸਭਿ ਬਿਧਿ ਕੇ ਤੁਮ ਜਾਨਤਿ ਅਹੇ' ॥੩੧॥
ਸੁਨਿ ਕਰਿ ਸ਼੍ਰੀ ਅਰਜਨ ਗੁਰ ਕਹਜੋ।
'ਅੰਤ ਸਮਾਂ ਹਮ ਅਪਨੋ ਲਹਜੋ।
ਤਜਾਗਨਿ ਮੈਂ ਕਾਰਨ ਹੈਂ ਘਨੇ।
ਗਏ ਲਹੌਰ ਸਰਬ ਹੀ ਬਨੇ[2] ॥੩੨॥
ਕਾਨ੍ਹੇ ਗਜਾਨੀ ਦੀਨੋ ਸ੍ਰਾਪ[*]।
ਬ੍ਰਿਥਾ ਨ ਹੋਇ ਬਿਚਾਰਹੁ ਆਪਿ।
ਸ਼ੱਤ੍ਰੁਨਿ ਕਰ ਤੇ ਛੁਟਨਿ ਸਰੀਰ।
ਪਲਟੋ ਲੇ ਹਰਿ ਗੋਬਿੰਦ ਧੀਰ ॥੩੩॥
ਸਭਿ ਸੰਗਤਿ ਕੋ ਗੁਰ ਇਹ ਭਾਰੀ।
ਹੋਇ ਸਹਾਇਕ ਪਰਉਪਕਾਰੀ।
ਕਾਜ ਸੁਧਾਰਹਿੰਗੇ ਇਹ ਘਨੋ।
ਧਰਜੋ ਸਰੀਰ ਬੀਰ ਰਸ ਮਨੋ ॥੩੪॥
ਹਮ ਤਜਿ ਹੈਂ ਤੁਰਕਨਿ ਸਿਰ ਹੋਇ।
ਇਨ ਕੋ ਤੇਜ ਕਰਹਿ ਛੈ ਜੋਇ।
ਸ਼੍ਰੀ ਨਾਨਕ ਕੀ ਬਖਸ਼ਿਸ਼ ਭਾਰੀ।
ਸਿਰ ਦੇ ਕਰਿ ਛੀਨਹਿਂ ਹਮ ਸਾਰੀ ॥੩੫॥

---

[1]ਆਕੇ।
[2]ਬਣ ਜਾਣਗੇ।
[*]ਪਾ:-ਕੋ ਨ।

ਅਪਰ ਉਪਾਉ ਲੇਨਿ ਕੋ ਨਾਂਹੀ।
ਜਿਸ ਤੇ ਤੁਰਕ ਤੇਜ ਬਿਨਸਾਹੀ।
ਅਪਰ ਸਕਲ ਕਾਰਜ ਬਨਿ ਰਹੇ।
ਕੌਨ[+] ਬਿਘਨ ਕਰਿ ਸਕਿ ਹੈ ਲਹੇ ॥੩੬॥
ਦੀਨ ਦੁਨੀ ਕੋ ਰਾਜ ਬਿਸਾਲਾ।
ਸ਼੍ਰੀ ਸਤਿਗੁਰ ਕੇ ਘਰ ਸਭਿ ਕਾਲਾ।
ਪਰਮੇਸ਼ੁਰ ਕੀ ਬਖਸ਼ਿਸ਼ ਮਹਾਂ।
ਕੌਨ ਮਿਟਾਇ ਸਕੈ ਬਲ ਕਹਾਂ ॥੩੭॥
ਹੁਇ ਪ੍ਰਸੰਨ ਸ਼੍ਰੀ ਨਾਨਕ ਦੀਨਿ।
-ਤਿਨ ਝੂਠੇ ਕਰਿ ਲੇਂ ਹਮ ਛੀਨ।'
ਇੱਤਜਾਦਿਕ ਸਤਿਗੁਰ ਸਮੁਝਾਇ।
ਨਿਜ ਗਾਦੀ ਪਰ ਪੁੱਤ੍ਰ ਬਿਠਾਇ ॥੩੮ ॥

ਦੋਹਰਾ: ਸਾਹਿਬ ਬੁੱਢੇ ਨਿਕਟ ਤੇ,
ਕੁੰਕਮ[1] ਮਲਯ[2] ਘਸਾਇ।
ਸੋਢੀ ਕੁਲ ਕੇ ਤਿਲਕ ਕੈ[3],
ਦੀਨੋ ਤਿਲਕ ਕਰਾਇ ॥੩੯॥

ਚੌਪਈ: [4]'ਰਾਖਹੁ ਗੋਪ[5] ਨਹੀਂ, ਬਿਦਤਾਵਹੁ।
ਸਭਿ ਸੰਗਤਿ ਕੋ ਸੀਖ ਸਿਖਾਵਹੁ।
ਮਮ ਸਰੂਪ ਸ਼੍ਰੀ ਹਰਿ ਗੋਬਿੰਦ।
ਜੋ ਜਾਨਹਿ ਸੋ ਲਹੈ ਅਨੰਦ ॥੪੦॥
ਹਮ ਪੀਛੈ ਦੀਜਹਿ ਦਸਤਾਰੁ।
ਸਭਿ ਬਿਧਿ ਕਰਹੁ ਮੰਗਲਾਚਾਰ।
ਸਰਬ ਮਸੰਦ ਸੰਗਤਾਂ ਸਾਰੀ।
ਲਿਖਹੁ ਹੁਕਮ ਸਭਿ ਲੇਹੁ ਹਕਾਰੀ ॥੪੧॥
ਚਹੁੰਦਿਸ਼ਿ ਕੋ ਹੁਇ ਮੇਲ ਬਿਸਾਲਾ।
ਤਖਤ ਬਿਠਾਵਹੁ ਤੁਮ ਤਿਸ ਕਾਲਾ।
ਨਿਜ[1] ਸਹਾਇਤਾ ਚਾਹਿ ਨ ਧਰੈਂ।

[+]ਦੇਖੋ ਰਾਸ ਤੀਜੀ ਅੰਸੂ ੪੬ ਅੰਕ ੩੪ ਦੀ ਹੇਠਲੀ ਟੂਕ।
[1]ਕੇਸਰ।
[2]ਚੰਦਨ।
[3]ਭਾਵ ਸ਼੍ਰੀ ਹਰਿ ਗੋਬਿੰਦ ਜੀ ਨੂੰ।
[4]ਸ਼੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ।
[5]ਗੁਪਤ।

ਅਪਰਨਿ ਕੀ ਸਹਾਇ ਇਹ ਕਰੈਂ[1]' ॥੪੨॥
ਇਮ ਕਹਿ ਪਰਮ ਪ੍ਰੇਮ ਕੋ ਕਰਿ ਮਨ।
ਸਿੱਖਯਾ ਦੇਤਿ ਭਏ ਸ੍ਰੀ ਅਰਜਨ।
'ਅਹੰ ਬ੍ਰਹਮ ਇਹ ਬ੍ਰਿਤਿ ਉਰ ਧਰਨੀ।
ਵਹਿਰ ਕ੍ਰਿਆ ਭਗਤਨਿ ਕੀ[2] ਕਰਨੀ ॥੪੩॥
ਇਹ ਉਪਦੇਸ਼ ਆਦਿ ਗੁਰੁ ਘਰੁ ਕੋ।
ਲੇਹੁ ਆਪਿ ਨਿਤ ਸ਼ਰਧਾ ਧਰਿ ਕੋ।
ਸ੍ਰੀ ਨਾਨਕ ਕੋ ਆਸ਼ੈ ਮਹਾਂ।
ਗੁਰੁ ਅੰਗਦ ਸੰਗ ਜੈਸੇ ਕਹਾਂ ॥੪੪॥
ਅਜਰ ਜਰਨਿ ਧੀਰਜ ਉਰ ਧਰਨੀ।
ਅਜ਼ਮਤਿ ਬਿਦਤਿ ਨ ਕਾਹੂੰ ਕਰਨੀ।
ਰਾਮ ਚੰਦ ਸ੍ਰੀ ਕ੍ਰਿਸ਼ਨ ਮਹਾਨੇ।
ਬਲ ਕਰਿ ਰਣ ਆਦਿਕ ਬਿਧਿ ਠਾਨੇ ॥੪੫॥
ਨਹੀਂ ਸ਼ਕਤਿ ਕਰਿ ਕਹੂੰ ਦਿਖਾਈ[*]।
ਸਹੀ ਸਰਬ ਹੀ ਜਿਮ ਬਨਿ ਆਈ।
ਤਿਸੀ ਪ੍ਰਕਾਰ ਆਪਿ ਮਤਿ ਧਰੋ।
ਨਹੀਂ ਬਿਦਤਿ ਅਜ਼ਮਤਿ ਕਿਤ ਕਰੋ ॥੪੬॥
ਪੁਰਸ਼ੋਤਮ ਜੇ ਕਰਿ ਦਿਖਰਾਈ।
ਹਿਤ ਮ੍ਰਿਜਾਦ ਕੈ ਜਨਨਿ ਸਹਾਈ[3]।
ਬਿਨਾ ਕਰੇ ਬਿਗਰਹਿ ਜਹਿਂ ਬਾਤ।
ਤਹਾਂ ਕਰਤਿ ਹੈਂ ਨਿਤ ਚਿਤ ਸ਼ਾਂਤ ॥੪੭॥
ਜਾਮ ਜਾਮਨੀ ਕਰਹੁ ਸ਼ਨਾਨ।
ਸੁਨਹੁ ਕੀਰਤਨ ਪ੍ਰਭੁ ਨਿਰਬਾਨ।
ਜਗਤ ਅਨਿੱਤ, ਆਤਮਾ ਸਾਚੋ।
ਇਮ ਲਖਿ ਸਤਿ ਸੰਗਤਿ ਚਿਤ ਰਾਚੋ' ॥੪੮॥
ਪਾਇ ਪੁੱਤ੍ਰ ਕੋ ਗੁਰੂ ਬਹਾਨਾ।
ਸੰਗਤਿ ਕੋ ਉਪਦੇਸ਼ ਬਖਾਨਾ।
ਸ੍ਰੀ ਹਰਿ ਗੋਵਿੰਦ ਸੁਨਿ ਕਰਿ ਧੀਰ।

---

[1]ਆਪ (ਸ੍ਰੀ ਹਰਿਗੋਬਿੰਦ ਜੀ)।
[2]ਭਗਤਾਂ ਦੀ।
[*]ਇਹ ਦ੍ਰਿਸ਼ਟਾਂਤ ਮਾਤ੍ਰ ਕਹਿ ਰਹੇ ਹਨ।
[3]ਦਾਸਾਂ ਦੀ ਸਹਾਇਤਾ (ਲਈ)।

ਕਮਲ ਬਿਲੋਚਨ ਮੋਚਯੋ ਨੀਰ ॥੪੯॥
'ਕਾਰਨ ਕਰਨ ਆਪ ਤੁਮ ਸਾਰੇ।
ਅਸਮੰਜਸ[1] ਹਮ ਸਮੁਖ ਉਚਾਰੇਂ।'
ਇਮ ਕਹਿ ਨੰਮ੍ਰਿ ਗ੍ਰੀਵ ਕਰਿ ਥਿਰੇ।
ਧੀਰ ਸ੍ਰਬੱਗਜ ਜਾਨਿ ਚੁਪ ਕਰੇ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਿਗੋਵਿੰਦ ਜੀ ਪਿਤ ਸੋ ਸੰਬਾਦ' ਬਰਨਨੰ ਨਾਮ ਤ੍ਰਿੰਸਤੀ ਅੰਸੂ ॥੩੦॥

---
[1]ਅਣਬਣ ਹੈ।

੩੧. [ਸ਼੍ਰੀ ਗੁਰ ਅਰਜਨ ਜੀ ਲਾਹੌਰ ਆਏ]

੩੦<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੨

ਦੋਹਰਾ: ਇਸ ਕ੍ਰਿਤ ਕੋ ਕਰਿ ਸਤਿਗੁਰੂ, ਨਿਸਾ ਭਈ ਪੁਨ ਆਇ।
ਗ੍ਰਿਹ ਪ੍ਰਵੇਸ਼ ਭੋਜਨ ਕਰਜੋ, ਬੈਠਿ ਪ੍ਰਯੰਕ ਸੁਹਾਇ ॥੧॥
ਚੌਪਈ: ਸਾਧ੍ਵੀ[1] ਸ਼੍ਰੀ ਗੰਗਾ ਚਲਿ ਆਈ।
ਬੈਠੀ ਨਿਕਟ ਦੇਖਿ ਸੁਖ ਪਾਈ।
ਸ਼੍ਰੀ ਅਰਜਨ ਸਭਿ ਬਾਤਿ ਬਖਾਨੀ।
'ਸੁਨਹੁ ਆਰਜੇ! ਭਾਗ ਮਹਾਨੀ[2] ॥੨॥
ਲਵਪੁਰਿ ਕੋ ਹਮ ਕਰਹਿਂ ਪਯਾਨਾ।
ਹੋਤਿ ਪ੍ਰਾਤਿ ਨਿਸ਼ਚੇ ਹੁਇ ਜਾਨਾ।
ਤਵ ਸੁਤ ਸਕਲ ਕਾਜ ਕੋ ਸਜਾਨਾ।
ਧਰਮ ਧੀਰ ਧਰਿ ਧਰਨਿ ਸਮਾਨਾ[3] ॥੩॥
ਨਹੀਂ ਸਦੀਵ ਦੇਹਿ ਇਹ ਰਹੈ।
ਯਾਂ ਤੇ ਸੁਮਤਿ ਸਨੇਹ ਨ ਗਹੈ।
ਜੋ ਉਪਜਹਿ ਸੋ ਬਿਨਸਨ ਹਾਰਿ।
ਜੋ ਊਚੋ ਸੋ ਗਿਰਨੇ ਹਾਰਿ ॥੪॥
ਇਹੀ ਸਨਾਤਨ ਦੇਹਨਿ ਧਰਮ[4]।
ਇਸ ਮਹਿਂ ਪ੍ਰੇਮ, ਮਹਾਂ ਉਰ ਭਰਮ[5]।
ਦਿਨ ਪ੍ਰਤਿ ਸਭਿ ਪ੍ਰਣਾਮ[6] ਕੋ ਪਾਵਹਿ।
ਪ੍ਰਥਮ ਸਮਾਨ ਸਥਿਰ ਨ ਰਹਾਵਹਿ ॥੫॥
ਬਾਲਿਕ ਤੇ ਹੋਵਹਿ ਸੁ ਕੁਮਾਰ।
ਤਰੁਨ ਹੋਤਿ ਪੁਨ ਬ੍ਰਿਧਤਾ ਧਾਰਿ।
ਜਰਾ ਗ੍ਰਸੇ ਤਬਿ ਜੀਰਣ ਹੋਇ।
ਬਹੁਰੋ ਅੰਤ ਸਮੇਂ ਮਹਿਂ ਸੋਇ ॥੬॥
ਰਹੁ ਪੀਛੇ ਕੁਛ ਸੋਕ ਨ ਮਾਨਹੁ।
ਦੇਹਿ ਆਪ ਤੇ ਤਜਨਿ ਨ ਠਾਨਹੁ[7]।

---

[1]ਪਤਿਬ੍ਰਤਿ ਇਸਤ੍ਰੀ।
[2]ਹੇ ਸ੍ਰੇਸ਼ਟੇ! ਵਡੇ ਭਾਗਾਂ ਵਾਲੀਏ।
[3]ਧਰਮ ਤੇ ਧੀਰਜ ਨੂੰ ਧਾਰਨ ਵਾਲਾ ਹੈ ਧਰਤੀ ਦੇ ਸਮਾਨ।
[4]ਆਦਿ ਤੋਂ ਸਰੀਰਾਂ ਦਾ ਧਰਮ।
[5]ਰਿਦੇ ਵਿਚ (ਇਹ) ਬੜਾ ਭ੍ਰਮ ਹੈ।
[6]ਘਟਣਾ, ਅੰਤ।
[7]ਆਪਣੇ ਆਪ ਦੇਹ ਛੱਡਣਾ ਨਾ ਕਰੋ।

ਪੁੱਤ੍ਰ ਸੁ ਪੌਤ੍ਰਨਿ ਕੋ ਸੁਖ ਦੇਖਿ।
ਸ਼ਾਦੀ ਕਰਹੁ ਅਨੰਦ ਵਿਸ਼ੇਖ਼ਿ ॥੭॥
ਅੰਤ ਸਮਾਂ ਹੁਇ ਪ੍ਰਾਪਤਿ ਜਬੈ।
ਹਮ ਸੋਂ ਮਿਲਹਿਂ ਆਨਿ ਤੂੰ ਤਬੈ।'
ਗੰਗਾ ਸੁਨੀ ਅਚਾਨਕ ਬਾਤੀ।
ਕਮਲ ਬਿਲੋਚਨ ਅੱਸ਼੍ਰ ਪਪਾਤੀ[1] ॥੮॥
'ਇਹ ਕਿਮ ਕਹੀ ਆਪ ਨੇ ਬਾਨੀ।
ਤੀਖਨ ਤਪਤਿ ਨਰਾਂਚ[2] ਸਮਾਨੀ।
ਸ੍ਰੁਤ ਦਰ[3] ਪ੍ਰਵਿਸ਼ ਰਿਦਾ ਮਮ ਬੇਧਾ।
ਕਸ ਉਪਦੇਸ਼ਤਿ ਹੋ ਅਸਮੇਧਾ[4] ॥੯॥
ਧੀਰਜ ਧਰਨਿ ਬਖਾਨਤਿ ਆਪੂ।
ਜਿਸ ਤੇ ਇਸ ਜੁਤ ਆਨੰਦ ਖਾਪੂ[5]।
ਸਭਿ ਸੰਗਤਿ ਕੇ ਸਹਤ ਕੁਟੰਬੂ।
ਕਰਨਿ ਸ਼੍ਰੇਯ ਕੇ ਆਪ ਅਲੰਬੂ ॥੧੦॥
ਸ਼੍ਰੀ ਹਰਿ ਗੋਵਿੰਦ ਬਾਲਿਕ ਬੈਸਾ।
ਆਪ ਜਨਾਵਤਿ ਕਾਰਜ ਕੈਸਾ।
ਸ਼ੱਤ੍ਰ ਗਨ ਸਭਿ ਰਚਤਿ ਉਪਾਯਾ।
ਨੀਠਿ ਨੀਠਿ ਨਿਜ ਨੰਦ ਬਚਾਯਾ ॥੧੧॥
ਤੁਮ ਸਮਰਥ ਹੋ ਨਿਤ ਸਭਿ ਭਾਂਤੀ।
ਕੌਨ ਆਸਰੋ ਗਹਿਂ ਪਸ਼ਚਾਤੀ[6]।'
ਸ਼੍ਰੀ ਅਰਜਨ ਜੀ ਪੁਨਹ ਬਖਾਨੀ।
'ਅਸ ਚਿੰਤਾ ਕਿਮ ਚਿਤ ਮਹਿਂ ਠਾਨੀ? ॥੧੨॥
ਸ਼੍ਰੀ ਨਾਨਕ ਸਮਰਥ ਜਗ ਨਾਥਾ।
ਤਿਨ ਕੋ ਅਹੈ ਮਾਥ ਪਰ ਹਾਥਾ।
ਸਦਾ ਸਹਾਇਕ ਬਿਘਨ ਨਸਾਇਕ।
ਪ੍ਰਭੁ ਬਿਸਾਲ ਗਨ ਸ਼ੱਤ੍ਰਨਿ ਘਾਯਕ ॥੧੩॥

---

[1]ਨੇਤ੍ਰ ਕਵਲਾਂ ਵਿਚੋਂ ਹੰਝੂ ਕੇਰੇ।
[2]ਤੀਰ [ਸੰ: ਨਾਰਾਚ = ਸਾਰਾ ਹੀ ਲੋਹੇ ਦਾ ਤੀਰ ਜਿਸ ਨੂੰ ਪੰਜ ਪੰਖ ਹੋਣ।
[3]ਕੰਨਾਂ ਦੇ ਦਰਵਾਜ਼ੇ ਥਾਣੀਂ।
[4]ਬੁੱਧੀ ਨੂੰ (ਅ) ਹੇ ਰਖਜ਼ਕ! ਬਿਨਾਂ ਸਮੇਂ ਤੋਂ ਭਾਵ ਆਪ ਰਾਜ਼ੀ ਪ੍ਰਸੰਨ ਬੈਠੇ ਹੋ। [ਅ+ਸਮੇ = ਬਿਨਾ ਸਮੇਂ। ਧਾ = ਹੈ ਰੱਖਜ਼ਕ!]
[5]ਜਿਸ ਕਰਕੇ ਇਸ ਧੀਰਜ ਸਮੇਤ ਅਨੰਦ ਭੀ ਨਾਸ਼ ਹੋਵੇ।
[6]ਕੇਹੜਾ ਆਸਰਾ (ਆਪ ਦੇ) ਪਿਛੋਂ ਫੜਾਂਗੇ।

ਗੁਰੁ ਪ੍ਰਤਾਪ ਤੇ ਹਰਿਗੋਵਿੰਦ।
ਦਿਨ ਪ੍ਰਤਿ ਇਨ ਕੋ ਤੇਜ ਬਿਲੰਦ।
ਅਪਰ ਨ ਕੀਜਹਿ ਚਿਤ ਦੁਚਿਤਾਈ[1]।
ਬੇਦੀ ਕੁਲ ਕੇ ਤਿਲਕ[2] ਸਹਾਈ' ॥੧੪॥
ਅਸ ਕਹਿ ਕਰੁਨਾ ਧਾਰਿ ਨਿਹਾਰਾ।
ਉਰ ਗੰਗਾ ਕੇ ਮੋਹ ਬਿਦਾਰਾ।
ਪ੍ਰਾਪਤਿ ਭਯੋ ਗਜਾਨ ਸੁਖਦਾਨੀ।
ਜਿਮ ਪਤਿ ਕਹਤਿ ਸਾਚ ਤਿਮ ਜਾਨੀ ॥੧੫॥
ਕਰ ਕੋ ਜੋਰਤਿ ਬਾਕ ਬਖਾਨਾ।
'ਜਥਾ ਜੋਗ ਸੋ ਕ੍ਰਿਤ ਤੁਮ ਠਾਨਾ।
ਤੁਮ ਤੇ ਅਪਰ ਨ ਸਜਾਨੋ ਕੋਈ।
ਜੋ ਆਛੀ ਹੁਇ ਭਾਖਹੁ ਸੋਈ' ॥੧੬॥
ਇਮ ਸੰਭਾਖਨਿ ਕਰਿ[3] ਗੁਰੁ ਸੋਏ।
ਜਾਮ ਜਾਮਨੀ ਜਾਗ੍ਰਨਿ ਹੋਏ।
ਕ੍ਰਿਆ ਸ਼ਨਾਨ ਆਦਿ ਸਭਿ ਕਰੀ।
ਬਹੁਰ ਸਮਾਧਿ ਰੂਪ ਨਿਜ ਧਰੀ ॥੧੭॥
ਜਬਿ ਪ੍ਰਕਾਸ਼ ਰਵਿ ਕੋ ਹੁਇ ਆਯੋ।
ਚਢਨਿ ਹੇਤੁ ਖਾਸਾ ਮੰਗਵਾਯੋ।
ਪੰਚ ਸਿੱਖਜ ਲੇ ਅਪਨੇ ਸਾਥ।
ਕੀਨਿ ਅਰੂਢਨਿ ਅਰਜਨ ਨਾਥ ॥੧੮॥
ਬਿਧੀਆ, ਜੇਠਾ, ਲੰਙ[4], ਪਿਰਾਣਾ।
ਪੰਚਮ ਪੈੜਾ ਸੰਗ ਪਯਾਣਾ।
ਅਪਰ ਸਰਬ ਦੈ ਧੀਰਜ ਤਜਾਗੇ।
'ਰਹਹੁ ਸੁਧਾਸਰ ਸੇਵਾ ਲਾਗੇ ॥੧੯॥
ਸ੍ਰੀ ਹਰਿ ਗੋਵਿੰਦ ਸੰਗ ਸਦੀਵਾ।
ਦਰਸ਼ਨ ਪਰਸਹੁ ਹਰਖ ਧਰੀਵਾ[5]।'
ਨਿਕਸਿ ਗ੍ਰੇਹ ਤੇ ਸਤਿਗੁਰੁ ਆਏ।
ਗਏ ਸੁਧਾਸਰ ਕੋ ਦਰਸਾਏ ॥੨੦॥

---

[1]ਚਿੰਤਾ।
[2]ਭਾਵ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ।
[3]ਕਹਿ ਕੇ।
[4]'ਲੰਙਾਹਾਂ' ਨਾਮ ਹੈ।
[5]ਪ੍ਰਸੰਨਤਾ ਧਾਰਕੇ।

ਪਿਤ ਥਲ ਜਾਨਿ ਭਾਉ ਬਡਿ ਧਾਰਾ।
ਨਮਸਕਾਰ ਕੀਨਸਿ ਦਰਬਾਰਾ।
ਸਦਾ ਕੀਰਤਨਿ ਕੀ ਧੁਨਿ ਜਹਾਂ।
ਸ਼੍ਰੀ ਹਰਿਮੰਦਰ ਸੁੰਦਰ ਮਹਾਂ ॥੨੧॥
ਕਰੀ ਪ੍ਰਕਰਮਾਂ ਪਿਤਾ ਨਿਹੋਰੇ[1]।
ਧਰਜੋ ਧਜਾਨ ਬੰਦਤਿ ਕਰਿ ਜੋਰੇ।
ਨਿਕਸੇ ਵਹਿਰ ਪੰਥ ਤਿਸ ਪਰੇ।
ਲਵਪੁਰਿ ਦਿਸ਼ਿ ਸਨਮੁਖੁ ਮੁਖ ਕਰੇ ॥੨੨॥
ਸਿੱਖਜ ਸਕਲ ਜੁਤਿ ਹਰਿ ਗੋਵਿੰਦ।
ਬਿਦਾ ਹੇਤੁ ਗਮਨੇ ਨਰ ਬ੍ਰਿੰਦ।
ਕਿਤਿਕ ਦੂਰ ਜਬਿ ਪਹੁੰਚੇ ਜਾਈ।
ਖਰੇ ਭਏ ਸਤਿਗੁਰੁ ਸੁਖਦਾਈ ॥੨੩॥
ਸਭਿ ਸੋਂ ਕਹਿ ਨੀਕੇ ਉਪਦੇਸ਼।
'ਸਿਮਰਹੁ ਸਤਿਗੁਰ ਹਰਹੁ ਕਲੇਸ਼।
ਸਾਹਿਬ ਬੁੱਢਾ ਅਰੁ ਗੁਰੁਦਾਸ।
ਇਨ ਜੁਤਿ ਸ਼੍ਰੀ ਹਰਿ ਗੋਵਿੰਦ ਪਾਸਿ ॥੨੪॥
ਰਹਹੁ ਸਦਾ ਧਰਿ ਗੁਰੁਮਤਿ ਆਛੇ।
ਨਿਤ ਪ੍ਰਸੰਨ ਰਾਖਹੁ ਹਮ ਪਾਛੇ।
ਕਿਨਹੂੰ ਆਗਜਾ ਭੰਗ ਨ ਕਰਨੀ।
ਨਿਜ ਮਤਿ ਕੀਜਹਿ ਇਨ ਅਨੁਸਰਨੀ' ॥੨੫॥
ਹਰਿਗੁਵਿੰਦ ਕੋ ਪੁਨਹ ਸੁਨਾਈ।
ਅਦਬ ਰਖਹੁ ਨਿਤ ਬੁੱਢਾ ਭਾਈ।
ਜਿਮ ਆਗਜਾ ਦੇ ਤੈਸੇ ਰਹਿਨਾ।
ਨਹਿਂ ਇਨਕੇ ਸਨਮੁਖ ਕਬਿ ਕਹਿਨਾ[*]' ॥੨੬॥

ਦੋਹਰਾ: ਸੁਨਿ ਸ਼੍ਰੀ ਅਰਜਨ ਕੇ ਬਚਨ, ਬੁੱਢਾ ਆਦਿ ਜਿ ਦਾਸ।
ਯੁਤ ਸ਼੍ਰੀ ਹਰਿਗੋਵਿੰਦ ਕੇ, ਬੰਦਿ ਚਰਨ ਸੁਖਰਾਸਿ ॥੨੭॥

ਚੌਪਈ: ਬਾਰਿ ਬਾਰਿ ਕਰਿ ਬਿਨੈ ਘਨੇਰੀ।

---

[1]ਬੇਨਤੀ ਕੀਤੀ।

[*]ਮਿਰ੍ਯਾਦਾ ਦੇ ਮਾਲਕ ਗੁਰੂ ਅਰਜਨ ਦੇਵ ਜੀ ਪੁੱਤ੍ਰ ਨੂੰ ਗੱਦੀ ਦੇਕੇ ਗੁਰਤਾ ਦੀ ਵਡਿਆਈ ਬਖ਼ਸ਼ਕੇ ਜਿਸ ਅਗੇ ਭਾਈ ਬੁੱਢਾ ਸਿਖ ਹੈ, ਫਿਰ ਸਪੁੱਤ੍ਰ ਨੂੰ ਆਗਜਾ ਕਰਦੇ ਹਨ ਕਿ ਭਾਈ ਬੁੱਢਾ ਜੀ ਦੀ ਆਗਜਾ ਦਾ ਸਤਿਕਾਰ ਕਰਨਾ। ਇਕ ਤਾਂ ਸ਼੍ਰੀ ਭਾਈ ਬੁੱਢਾ ਜੀ ਤੋਂ ਗੁਰੂ ਹਰਿਗੋਬਿੰਦ ਜੀ ਨੇ ਗੁਰਮੁਖੀ ਵਿੱਦਜਾ ਪਾਈ ਸੀ, ਦੂਸਰੇ ਆਦਿ ਸਤਿਗੁਰਾਂ ਦੇ ਵਰੋਸਾਏ ਆਦਿ ਸਿਖ ਸੇ ਤੇ ਤਿਲਕ ਦੇਣ ਦਾ ਅਧਿਕਾਰ ਰੱਖਣ ਵਾਲੇ ਮਹਾਨ ਸਤਿਕਾਰ ਜੋਗ ਹੋਣ ਕਰਕੇ ਇਹ ਆਗਜਾ ਦਿੱਤੀ ਸੀ।

ਹਟਿਬੇ ਚਹਤਿ ਨਹੀਂ ਤਿਸ ਬੇਰੀ।
ਸ੍ਰੀ ਅਰਜਨ ਕਹਿ ਕਰਿ ਬਹੁ ਬਾਰੀ।
ਬਰਬਸਿ[1] ਸਭਿਨਿ ਹਟਾਇ ਪਿਛਾਰੀ ॥੨੮॥
ਅਪਨੀ ਜੋਤਿ ਪੁੱਤ੍ਰ ਮਹਿਂ ਧਾਰੀ।
ਗੁਰ ਅਸ਼ੋਕ ਤਬਿ ਚਲੇ ਅਗਾਰੀ।
ਪਠ੍ਯੋ ਸਿੱਖ੍ਯ ਇਕ ਗੋਇੰਦਵਾਲ।
'ਪਹੁੰਚਹੁ ਆਜ ਤਹਾਂ ਮਗ ਚਾਲਿ ॥੨੯॥
ਮਿਲਹੁ ਅਰਥਮਲ ਕੋ ਤੁਮ ਜਾਇ।
ਲਵਪੁਰਿ ਗਮਨੈ ਦੇਹੁ ਸੁਨਾਇ।
ਹੋਤਿ ਪ੍ਰਾਤ ਕੇ ਸੋ ਚਲਿ ਆਵਹਿ[2]।
ਹਮ ਕੋ ਮਿਲਹਿ ਮੋਦ ਉਪਜਾਵਹਿ' ॥੩੦॥
ਸੁਨਤਿ ਸਿੱਖ੍ਯ ਉਤਲਾਵਤਿ ਧਾਵਾ।
ਸੰਧ੍ਯਾ ਹੋਤਿ ਪੁਰਿ ਪ੍ਰਵਿਸ਼ਾਵਾ।
ਮਿਲ੍ਯੋ ਅਰਥਮਲੁ ਕੋ ਕਰਿ ਨਮੋ।
ਹਾਥ ਜੋਰਿ ਬੈਠ੍ਯੋ ਤਿਹ ਸਮੋ ॥੩੧॥
ਸ੍ਰੀ ਸਤਿਗੁਰੁ ਕੋ ਦੀਨਿ ਸੰਦੇਸਾ।
'ਤੁਮ ਕੋ ਸਿਮਰਨਿ ਕੀਨਿ ਵਿਸ਼ੇਸ਼ਾ।
ਲਵਪੁਰਿ ਕੋ ਗਮਨੇ ਜਿਸ ਕਾਲ।
ਮੋ ਕਹੁ ਕਰਿ ਤਾਗੀਦ ਬਿਸਾਲ ॥੩੨॥
-ਪ੍ਰਾਤ ਚਢਾਵਹੁ ਤਿਨ ਕੋ[3] ਜਾਇ-।
ਸੁਨਿ ਆਗ੍ਯਾ ਮੈਂ ਆਯੋ ਧਾਇ।'
ਇਮ ਕਹਿ ਬਾਕ, ਸੁਨੇ ਬਿਸਮਾਨੇ।
-ਕਾਰਨ ਕੌਨ- ਕਰਤਿ ਅਨੁਮਾਨੇ ॥੩੩॥
ਸ੍ਰੀ ਗੁਰ ਅਮਰ ਅੰਸ ਮਿਲਿ ਸਾਰੇ।
ਸਿਖ ਸੋਂ ਬੂਝਤਿ ਕਰਤਿ ਬਿਚਾਰੇ।
'ਸੁਨ੍ਯੋ ਜੁ ਸ਼ਾਹੁ ਪਠ੍ਯੋ ਪਰਵਾਨਾ।
ਯਾਂ ਤੇ ਚਿਤ ਮਹਿਂ ਚਿੰਤ ਮਹਾਨਾ ॥੩੪॥
ਕਰਹਿ ਸ਼ੱਤ੍ਰੁਤਾ ਮੂਰਖ ਚੰਦੂ।
ਬਿਨੁ ਦੋਸ਼ਨਿ ਦੇ ਦੋਸ਼ ਬਿਲੰਦੂ।'

---

[1]ਜ਼ੋਰੋ ਜ਼ੋਰੀ।
[2]ਭਾਵ ਅਰਥ ਮਲ ਜੀ।
[3]ਭਾਵ ਸ੍ਰੀ ਅਰਥ ਮਲ ਨੂੰ।

ਬਹੁਤ ਬਿਚਾਰਤਿ ਨਿਸਾ ਬਿਤਾਈ।
ਚਲਜੋ ਅਰਥ ਮਲ ਪਿਖਿ ਅਰੁਨਾਈ[1] ॥੩੫॥
ਇਤ ਸ਼੍ਰੀ ਅਰਜਨ ਗੁਰ ਤਿਹ ਸਮੋਂ।
ਰਾਮਦਾਸ ਪੁਰਿ ਕੋ ਕਰਿ ਨਮੋਂ।
ਸਨੇ ਸਨੇ ਮਗ ਮਹਿਂ ਪ੍ਰਸਥਾਨੇ।
ਡੇਰੋ ਕਰਿ ਜਾਮਨ ਗੁਜ਼ਰਾਨੇ ॥੩੬॥
ਭਈ ਪ੍ਰਾਤ ਹੁਇ ਕਰਿ ਅਸੁਵਾਰ।
ਪਹੁੰਚਤਿ ਭੇ ਲਵਪੁਰੀ ਮਝਾਰ।
ਇਕ ਸੱਧੂ ਸਿਖ ਗੁਰੁਮੁਖ ਮਹਾਂ।
ਕਰਤਿ ਪ੍ਰਤੀਖਨਿ ਬਾਸੈ ਤਹਾਂ ॥੩੭॥
'ਦੀਨ ਅਹੌਂ ਮੈਂ ਦੀਨਨਿ ਦਜਾਲਾ!
ਪਿਖਹੁ ਭਗਤ ਕੇ ਭਾਉ ਬਿਸਾਲਾ।
ਮਮ ਘਰ ਨਿਸਾ ਬਾਸ ਜੇ ਕਰਿਹੀਂ।
ਸਰਬ ਸੇਵ ਠਾਨੌ ਨਿਜ ਕਰ ਹੀ ॥੩੮॥
ਕਰਨਿ ਅਹਾਰ ਆਦਿ ਜੇ ਸੇਵਾ।
ਕਰਿਵਾਵਹਿਂ ਮੋ ਤੇ ਗੁਰੁ ਦੇਵਾ।
ਬਨੌਂ ਕ੍ਰਿਤਾਰਥ ਪੂਰਹਿਂ ਆਸਾ।'
ਸਿਮਰਤਿ ਸਤਿਗੁਰੁ ਧਰਿ ਭਰਵਾਸਾ ॥੩੯॥
ਨਿਸ ਦਿਨ ਜਿਸ ਕੇ ਉਰ ਲਿਵ ਲਾਗੀ।
'ਮੈਂ ਕਿਹ ਸਮੈ ਬਨਹੁਂ ਬਡਭਾਗੀ।'
ਕਿਰਤਨ ਮੇਲ[2] ਕਰਤਿ ਬਹੁਤੇਰਾ।
ਰਿਦੇ ਪ੍ਰਤੀਖਤਿ ਸੰਝ ਸਬੇਰਾ ॥੪੦॥
ਕਰਨਿ ਕਾਮਨਾ ਪੂਰਨ ਤਾਂਹੀ।
ਸਭਿ ਤਜਿ, ਗਏ ਸਿੱਖਜ ਘਰ ਮਾਂਹੀ[3]।
ਊਚ ਨੀਚ ਕੀ ਪਰਖ ਨ ਕੋਈ।
ਪ੍ਰੇਮ ਬਿਲੋਕਤਿ ਹਰਿ ਗੁਰੁ ਸੋਈ ॥੪੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਅਰਜਨ ਲਵਪੁਰਿ ਆਗਮਨ' ਪ੍ਰਸੰਗ ਬਰਨਨੰ ਨਾਮ ਏਕ ਤ੍ਰਿੰਸਤੀ ਅੰਸੂ ॥੩੧॥

---

[1]ਸੂਰਜ ਦੀ ਲਾਲੀ।
[2]ਕੀਰਤਨ ਤੇ ਜੋੜ ਮੇਲਾ।
[3]ਸਭਨਾਂ (ਸਿੱਖਾਂ ਦੇ ਘਰਾਂ ਨੂੰ) ਛਡਕੇ (ਤਿਸ ਗਰੀਬ) ਸਿਖ ਦੇ ਘਰ ਚਲੇ ਗਏ।

੩੨. [ਭਾਈ ਸੱਧੂ ਦੇ ਘਰ ਅਰਥ ਮੱਲ ਜੀ ਮਿਲੇ]

੩੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੩

ਦੋਹਰਾ: ਸੱਧੂ ਸਿੱਖਜ ਸਭਾਰਜਾ[1], ਪ੍ਰੇਮ ਕਰੇ ਮਨ ਮਾਂਹਿ।
ਸ੍ਰੀ ਅਰਜਨ ਸਭਿ ਜਾਨਿ ਕਰਿ, ਪਹੁੰਚੇ ਤਿਸ ਘਰ ਮਾਂਹਿ ॥੧॥
ਚੌਪਈ: ਹੇਰਿ ਅਨੰਦ ਰੂਪ ਗੁਰੁ ਕੇਰਾ।
ਬੰਦਨ ਕਰੀ ਚਰਨ ਤਿਸ ਬੇਰਾ।
'ਘਟਿ ਘਟਿ ਕੇ ਨਿਤ ਅੰਤਰਜਾਮੀ!
ਦਾਸ ਕਾਮਨਾ ਪੁਰਵਹੁ ਸ੍ਵਾਮੀ! ॥੨॥
ਧਨੀ ਸਿੱਖ ਧ੍ਰਮਸਾਲਾ ਛੋਰਿ[2]।
ਉਰ ਕੀ ਲਖਿ ਆਏ ਮੁਰਿ ਓਰਿ[3]।
ਦੀਨ ਬੰਧੁ ਯਾਂਹੀ ਤੇ ਕਹੈਂ।
ਪ੍ਰੇਮ ਬਸੀ ਤੁਮ ਕੋ ਸਭਿ ਲਹੈਂ' ॥੩॥
ਹਾਥ ਜੋਰਿ ਬਹੁ ਉਸਤਤਿ ਕਰਿ ਕੈ।
ਤਰੇ[4] ਉਤਾਰੇ ਉਰ ਮੁਦ ਭਰਿ ਕੈ।
ਲੇ ਕਰਿ ਗਯੋ ਸਦਨ ਕੇ ਅੰਦਰ।
ਨੌਤਨ[5] ਪਲੰਘ ਡਸਾਯੋ ਸੁੰਦਰ ॥੪॥
ਆਸਤਰਨਿ[6] ਤੇ ਊਪਰ ਛਾਏ।
ਕਰਿ ਬਿਨਤੀ ਸਤਿਗੁਰੂ ਬਿਠਾਏ।
ਜਥਾ ਸ਼ਕਤਿ ਕਰਿ ਅਪਰ ਫਰਸ਼ ਕੋ।
ਸਿੱਖ ਬਿਠਾਏ ਧਾਰਿ ਹਰਸ਼ ਕੋ ॥੫॥
ਔਰ ਸਰਬ ਸੇਵਾ ਕਰਿ ਨੀਕੇ।
ਚਰਨ ਪਖਾਰਤਿ ਭਾ ਸਭਿ ਹੀ ਕੇ।
ਸ਼੍ਰੀ ਸਤਿਗੁਰ ਕੇ ਚਰਨ ਪਖਾਰੇ।
ਚਰਨਾਂਮ੍ਰਿਤ ਕੁਟੰਬ[7] ਮੁਖ ਡਾਰੇ ॥੬॥
ਸਰਬ ਸਦਨ ਮਹਿਂ ਛਿਰਕਨਿ ਕੀਨਸਿ।
ਭਯੋ ਨਿਹਾਲ ਅਧਿਕ ਫਲ ਲੀਨਿਸਿ।

---

[1]ਭਾਰਜਾ ਸਹਤ।
[2](ਤੇ) ਧਰਮਸਾਲਾ ਛੱਡਕੇ।
[3](ਮੇਰੇ) ਰਿਦੇ ਦੀ ਜਾਣਕੇ ਮੇਰੀ ਤਰਫ ਆਏ ਹੋ।
[4](ਸਵਾਰੀ ਤੋਂ) ਹੇਠ।
[5]ਨਵਾਂ।
[6]ਵਿਛੌਣਾ।
[7]ਸੰਤਾਨ ਦੇ।

ਸਭਿ ਬਿਧਿ ਕੀ ਸੁਚਤਾ ਤਬਿ ਕਰੀ।
ਲੇਪਨ ਆਦਿ ਰਸੋਈ ਧਰੀ ॥੭॥
ਭੋਜਨ ਕਰਨਹਾਰਿ ਇਸ਼ਨਾਨੇ[1]।
ਸੁਚ ਸੋਂ ਨੀਰ ਨਯੋ ਭਰਿ ਆਨੇ।
ਬਾਸਨ ਸਕਲ ਮਾਂਝ ਕਰਿ ਬ੍ਰਿੰਦ।
ਪਾਵਨਤਾ ਕਰਿ ਤਬਹਿ ਬਿਲੰਦ ॥੮॥
ਸੁੰਦਰ ਅੰਨ ਚੂਨ ਗੋਧੂਮ[2]।
ਸਖਮ ਚਾਵਰ ਧਰਿ ਸੁਧਿ ਭੂਮਿ[3]।
ਪਹਿਤ[4] ਬਨਾਈ ਡਾਲਿ ਮਸਾਲੇ।
ਪਾਇਸ ਪਾਕ ਕੀਨਿ[5] ਬਿਧਿ ਨਾਲੇ ॥੯॥
ਘ੍ਰਿਤ ਸੋਂ ਮੇਲਿ ਬਨਾਯਹੁ ਨੀਕੋ।
ਕਰਿ ਤਜਾਰੀ ਭੋਜਨ ਸਭਿ ਹੀ ਕੋ।
ਬਹੁ ਦੀਪਕ ਸਗਰੇ ਘਰ ਕਰੇ।
ਚੌਂਕੀ ਨਈ ਡਸਾਈ ਤਰੇ ॥੧੦॥
ਹਾਥ ਜੋਰਿ ਆਗੇ ਹੁਇ ਖਰੋ।
ਕਹਜੋ 'ਗੁਰੂ ਜੀ! ਭੋਜਨ ਕਰੋ।'
ਸੁਨਤਿ ਉਠੇ ਲਖਿ ਪ੍ਰੇਮ ਘਨੇਰਾ।
ਚੌਂਕੀ ਪਰ ਬੈਠੇ ਤਿਸ ਬੇਰਾ ॥੧੧॥
ਪ੍ਰਿਥਕ ਪ੍ਰਿਥਕ ਕਰਿ[*] ਥਾਲ ਪਰੋਸਾ।
ਭੱਖਜ, ਭੋਜ, ਲੇਹਜ ਅਰੁ ਚੋਸਾ[+]।
ਤੁਰਸ਼, ਮਧੁਰ ਅਰੁ ਤਿਕਤ[6], ਸਲੌਨ।
ਆਗੇ ਧਰਜੋ ਗੁਰੂ ਕੇ ਤੌਨ[7] ॥੧੨॥
ਹਾਥ ਜੋਰਿ ਸਨਮੁਖ ਰਹਿ ਖਰੋ।
ਚਾਹਤਿ ਹੁਕਮ ਸੁ ਸੇਵਾ ਕਰੋਂ।
ਸਿੱਖਜਨ ਸਹਤ ਸੁ ਕਰਜੋ ਅਹਾਰੇ।

---

[1]ਭੋਜਨ ਕਰਨ ਵਾਲਿਆਂ ਨੇ ਇਸ਼ਨਾਨ ਕੀਤਾ।
[2]ਆਟਾ ਕਣਕ ਦਾ।
[3]ਪਵਿੱਤ੍ਰ ਧਰਤੀ ਤੇ (ਅ) ਬਹੁਤ [ਸੰਸ: ਭੂਮਨ੍]
[4]ਦਾਲ।
[5]ਖੀਰ ਰਿੱਧੀ।
[*]ਪਾ:-ਰਸ।
[+]ਅਰਥਾਂ ਲਈ ਦੇਖੋ ਰਾਸ ੩ ਅੰਸੂ ੫੨ ਅੰਕ ੨੭ ਦੇ 'ਭੋਜਨ ਚਾਰ ਪ੍ਰਕਾਰਾ' ਪਦ ਦਾ ਪ੍ਰਯਾਯ।
[6]ਕਰਾਰੇ।
[7]ਤਿਸਨੇ।

ਤ੍ਰਿਪਤ ਭਏ ਸਭਿ ਹਾਥ ਪਖਾਰੇ ॥੧੩॥
ਸੱਧੂ ਮਾਨ ਰਾਖਿਬੇ ਕਾਰਨ।
ਸ੍ਵਾਦ ਸਰਾਹਤਿ ਭਲੇ ਅਹਾਰਨਿ[1]।
ਹਾਥ ਜੋਰਿ ਕਹਿ 'ਮੈਂ ਕਿਸ ਲਾਯਕ।
ਦੀਨ ਦਯਾਲ ਤੁਮ ਸਹਿਜ ਸੁਭਾਯਕ ॥੧੪॥
ਜਿਮ ਦੁਰਜੋਧਨ ਆਦਿਕ ਤਯਾਗੇ।
ਸਦਨ ਬਿਦਰ ਕੇ ਬਸਿ ਅਨੁਰਾਗੇ।
ਸੋ ਬਿਧਿ ਆਜ ਭਈ ਮਮ ਸਾਥ।
ਸਭਿ ਕੋ ਤਜਿ ਮਮ ਘਰ ਬਸਿ ਨਾਥ! ॥੧੫॥
ਰੁਚਿਰ ਚਰਿੱਤ੍ਰ ਬਚਿੱਤ੍ਰ ਪਵਿੱਤ੍ਰ।
ਕੋ ਕਹਿ ਸਕਹਿ ਆਪ ਕੇ ਚਿੱਤ੍ਰ[2]।'
ਗੁਰੁ ਪ੍ਰਯੰਕ ਪਰ ਪਹੁੰਚੇ ਜਬੈ।
ਭੋਜਨ ਅਚਯੋ ਤ੍ਰਿਯਾ ਜੁਤਿ ਤਬੈ ॥੧੬॥
ਪੁਨ ਦੰਪਤਿ ਬਿਜਨਾ[3] ਲੇ ਗਏ।
ਪੌਨ ਪ੍ਰੀਤਿ ਸੋ ਹਾਂਕਤਿ ਭਏ।
ਸੁੰਦਰ ਮ੍ਰਿਦੁਲ ਚਰਨ ਕੋ ਗਹਿ ਕੈ।
ਚਾਂਪਤਿ ਚੌਂਪ ਚਾਰੁ ਕੋ ਚਹਿ ਕੈ ॥੧੭॥
ਜਿਸ ਜਿਸ ਸਿਖ ਕੋ ਸੁਧਿ ਤਬਿ ਹੋਈ।
ਦਰਸ਼ਨ ਕੋ ਆਏ ਸਭਿ ਕੋਈ।
ਧਰਿ ਧਰਿ ਭੇਟ ਬੰਦਨਾ ਠਾਨਹਿਂ।
ਮਨੋ ਕਾਮਨਾ ਬਿਨੈ ਬਖਾਨਹਿਂ ॥੧੮॥
ਇਸੀ ਪ੍ਰਕਾਰ ਨਿਸਾ ਬਡ ਗਈ।
ਸੁਖ ਸਿਹਜਾ ਪਰ ਨਿੰਦ੍ਰਾ ਲਈ।
ਨਿਕਟ ਸਿੱਖਯ ਸਭਿਹੀ ਪਰਿ ਸੋਏ[4]।
ਬਿਧੀ ਚੰਦ ਆਦਿਕ ਹੈਂ ਜੋਏ ॥੧੯॥
ਜਾਮ ਜਾਮਨੀ[5] ਜਾਗ੍ਰਨ ਕੀਨਿ।
ਸੌਚਾਚਾਰੁ ਸਗਲ ਕਰਿ ਲੀਨਿ।
ਤਨ ਸ਼ਨਾਨ ਜਲ ਨਿਰਮਲ ਸਾਥ।

---

[1]ਭੋਜਨਾਂ ਦੇ।
[2]ਸੁੰਦਰ (ਚਰਿੱਤ੍ਰ)।
[3]ਪੱਖਾ।
[4]ਪੈ ਕੇ ਸੌਂ ਗਏ।
[5]ਪਹਿਰ ਰਾਤ ਰਹਿੰਦੀ।

ਇਕ ਚਿਤ ਬੈਠਿ ਰਹੇ ਗੁਰੁ ਨਾਥ ॥੨੦॥
ਪੁਨਹ ਪ੍ਰਕਾਸ਼ ਭਯੋ ਰਵਿ ਚਢ੍ਯੋ।
ਸਭਿ ਸੰਗਤਿ ਸੁਨਿ ਸੁਨਿ ਮੁਦ ਬਢ੍ਯੋ।
ਆਇ ਆਇ ਦਰਸ਼ਨ ਕੋ ਕਰਹਿਂ।
ਬੰਦਹਿਂ ਚਰਨ ਉਪਾਇਨ ਧਰਹਿਂ ॥੨੧॥
ਤਬਹਿ ਅਰਥਮਲ ਚਲਿ ਕਰਿ ਆਯੋ।
ਮਿਲ੍ਯੋ ਪ੍ਰੇਮ ਕਰਿ ਸੀਸ ਨਿਵਾਯੋ।
ਜੇਠੋ ਪੁੱਤ੍ਰ ਮੋਹਰੀ ਕੇਰਾ।
ਭਰਿ ਕਰਿ ਅੰਕ ਮਿਲੇ ਤਿਸ ਬੇਰਾ ॥੨੨॥
ਸਾਦਰ ਨਿਕਟਿ ਬਿਠਾਵਨਿ ਕਰ੍ਯੋ।
ਪ੍ਰਿਥਕ ਸਭਿਨਿ ਤੇ ਹੁਇ ਹਿਤ ਧਰ੍ਯੋ।
ਜਿਸ ਪ੍ਰਕਾਰ ਕੋ ਕਾਰਨ ਕਰਨਾ।
ਨਿਕਟ ਅਰਥਮਲ ਕੇ ਸੋ ਬਰਨਾ ॥੨੩॥
'ਹਮਰੇ ਤਨ ਕੋ ਹੈ ਅਬਿ ਅੰਤ।
ਤਜਿਬੇ ਕੋ ਸਭਿ ਸੁਨੋ ਬ੍ਰਿਤੰਤ।
ਮਹਾਂ ਬਿਰੋਧੀ ਹਮਰੇ ਜੇ ਹੈਂ।
ਸਿਰ ਅਪਰਾਧ ਤਿਨਹੁ ਕੇ ਦੈ ਹੈਂ ॥੨੪॥
ਅਰਪਾਧੀ ਜਬਿ ਹੋਹਿ ਬਿਸਾਲਾ।
ਉਚਿਤ ਸਜਾਇ ਬਨਹਿ ਤਿਸ ਕਾਲਾ।
ਸ਼੍ਰੀ ਹਰਿਗੋਬਿੰਦ ਚੰਦ ਬਿਲੰਦੈ।
ਸੰਕਟ ਦੇਹਿਂ ਦੁਸ਼ਟ ਹਤਿ ਬ੍ਰਿੰਦੈ' ॥੨੫॥
ਸੁਨਤਿ ਅਰਥਮਲ ਬੂਝਨ ਕਰੇ।
'ਕਹਹੁ ਮੋਹਿ ਕਿਮ ਤਨ ਪਰਹਰੇ[1]?'
ਸ਼੍ਰੀ ਅਰਜਨ ਸਭਿ ਗਾਥ ਬਖਾਨੀ।
'ਚੰਦੂ ਦੂਤੀ ਕਰਤਿ ਮਹਾਨੀ ॥੨੬॥
ਪ੍ਰਥਮ ਕਹਤਿ -ਇਹ ਚੋਰ ਲਗਾਵੈ।
ਸ਼ਾਹੁ ਸਮਾਜ ਮਿਲਹਿ[2] ਚੁਰਵਾਵੈ-।
ਪੁਨਹਿ ਸਜਾਦਾ ਇਕ ਚਲਿ ਆਯੋ।
ਦੀਨ ਜਾਨਿ ਤਿਹ ਭੋਜਨ ਖ੍ਵਾਯੋ ॥੨੭॥
ਇਹ ਦੂਤੀ ਕੀਨਸਿ ਮਤਿਮੰਦ।

---

[1]ਤਿਆਗਣਾ ਹੈ।
[2]ਸ਼ਾਹ ਦੀ ਸਮੱਗ੍ਰੀ ਮਿਲਕੇ (ਚੋਰਾਂ ਨਾਲ)।

ਸ਼ਾਹੁ ਸਿਖਾਇ ਰਿਸਾਇ ਬਿਲੰਦ।
ਦੋਇ ਲਾਖ ਲਿਖਿ ਦੰਡ ਪਠਾਯੋ।
ਅਹਿਦੀ ਲੇ ਹਮਰੇ ਢਿਗ ਆਯੋ ॥੨੮॥
ਯਾਂ ਤੇ ਮਹਾਂ ਦੁਸ਼ਟ ਹੈ ਏਹੀ।
ਦੋਸ਼ ਤਜਨਿ ਤਨ* ਸਿਰ ਇਸਿ ਦੇਹੀਂ।
ਕਾਨ੍ਹੇ ਕੋ ਹੈ ਸ੍ਰਾਪ ਹਮਾਰੇ+।
-ਤਨੁ ਤਜਾਗਹੁ ਰਿਪੁ ਘਰਨਿ ਮਝਾਰੇ- ॥੨੯॥
ਪੁਨ ਹਮਰੇ ਨਾਨੇ ਬਚ ਕਹਜੋ।
ਮਾਤਾ ਨੇ ਜਬਿਹੀ ਬਰ ਲਹਜੋ।
-ਗੁਰਤਾ ਰਹੈ ਹਮਾਰੇ ਘਰ ਮੈਂ।
ਅਬਿ ਨਹਿਂ ਜਾਵਹਿ ਬੰਸ ਅਪਰ ਮੈਂ- ॥੩੦॥
-ਸਲਿਤਾ ਜਲ ਚਲਤਾ ਤੁਮ ਰੋਕਜੋ।
ਹੁਇ ਹੈ ਸੰਕਟ ਏਵ ਬਿਲੋਕਜੋ-।
ਸੋ ਅਬਿ ਫੁਰਹਿ ਕਰਹਿਂ ਹਮ ਸਾਚੇ।
ਸਮੈ ਨਿਕਟ ਤੇ ਤਨੁ ਨਹਿਂ ਬਾਚੇ[1] ॥੩੧॥
ਸੋ ਸਭਿ ਕਾਰਨ ਆਇ ਮਿਲੈ ਹੈਂ।
ਅਬਿ ਤਨੁ ਤਜਾਗਨਿ ਲਖਜੋ ਭਲੇ ਹੈ।'
ਸੁਨਤਿ ਅਰਥਮਲ ਸ਼ੋਕ ਬਿਸਾਲਾ।
ਰੁਚਿਰ ਬਿਲੋਚਨ ਤੇ ਜਲ ਡਾਲਾ ॥੩੨॥
'ਹੇ ਪ੍ਰਭੁ ! ਤੁਮ ਅਲੇਪ ਸਭਿ ਸਮੈ।
ਦਰਸ ਲਾਭ ਸੁਖ ਜੋ ਬਡ ਹਮੈ।
ਸਿਖ ਸੰਗਤਿ ਸਭਿ ਰਹੈਂ ਬਿਸੂਰਤਿ।
ਕਰਤਿ ਪ੍ਰੇਮ ਹੇਰਤਿ ਤੁਮ ਮੂਰਤਿ ॥੩੩॥
ਕਰਹੁ ਅਨੇਕਨਿ ਕੋ ਕੱਲਜਾਨ।
ਪਰਉਪਕਾਰੀ ਸਦਾ ਮਹਾਨ।
ਤੁਰਕ ਯੁਕਤ ਚੰਦੂ ਦੁਖ ਪਾਵੈ।
ਹਰਖ ਧਰਤਿ ਉਰ ਬਿਖ ਕੋ ਖਾਵੈ[2] ॥੩੪॥
ਜਬਿ ਘਟ ਅੰਤਰ ਪਹੁੰਚਹਿ ਜਾਈ।

---

*ਪੰਚਮ ਸਤਿਗੁਰਾਂ ਦੇ ਸਾਕੇ ਲਈ ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੪੮ ਦੀ ਹੇਠਲੀ ਟੂਕ
+ਦੇਖੋ ਇਸੇ ਰਾਸ ਦੇ ਅੰਸੂ ੩੦, ਅੰਕ ੪ ਦੀ ਹੇਠਲੀ ਟੂਕ।
[1]ਨਹੀਂ ਬਚੇਗਾ।
[2]ਰਿਦੇ ਵਿਚ ਖੁਸ਼ੀ ਨੂੰ ਧਾਰਕੇ ਵਿਹੁ ਨੂੰ ਖਾ ਰਿਹਾ ਹੈ।

ਸੋਖਹਿ ਅੰਗ[1] ਪ੍ਰਾਨ ਬਿਨਸਾਈ।
ਤੈਸੇ ਅਬਿ ਇਹ ਨਾਂਹਿ ਨ ਜਾਨਹਿ।
ਸੰਗ ਨਿਰਵੈਰੁ ਵੈਰ ਜੋ ਠਾਨਹਿ ॥੩੫॥
ਆਪਦ ਪਰਹਿ ਇਨਹੁ ਪਰਿ ਜਬੈ।
ਇਸ ਫਲ ਕੋ ਪਾਵਹਿੰਗੇ ਤਬੈ।
ਜੋ ਕਰਤੇ ਨੇ ਕਾਰਨ ਕਰਨੇ।
ਸੋ ਸਭਿ ਤੇ ਕਾਰਜ ਹੈਂ ਸਰਨੇ[2] ॥੩੬॥
ਅਬਚਲ ਨੀਵ ਰਖੀ ਗੁਰੁ ਨਾਨਕ।
ਪਚਿ ਹੈਂ ਨਿੰਦਕ ਦੁਸ਼ਟ ਅਚਾਨਕ।'
ਬਹੁਰ ਅਰਥਮਲ ਜੋਰੇ ਹਾਥ।
'ਸੁਨੋ ਬਿਨੈ ਸ਼੍ਰੀ ਅਰਜਨ ਨਾਥ! ॥੩੭॥
ਮਮ ਕਾਂਯਾਂ ਹੈ ਆਪ ਅਗਾਰੀ।
ਤਜਿ ਕਰਿ ਦਿਉ ਜਰ ਤੁਰਕ ਉਖਾਰੀ।
ਤੁਮ ਬਿਨ ਜਗ ਮੈਂ ਰਹਨਿ ਨ ਭਾਵੈ।
ਅਬਿ ਪਰਲੋਕ ਚਲਨਿ ਬਨਿ ਆਵੈ ॥੩੮॥
ਦਿਹੁ ਆਗਜਾ ਮੈਂ ਕਰੌਂ ਚਲਾਨਾ।
ਆਪ ਰਖਹੁ ਤਨ, ਕਾਲ ਮਹਾਨਾ[3]।'
ਸ਼੍ਰੀ ਅਰਜਨ ਸੁਨਿ ਕਰਿ ਬਚ ਪ੍ਰੇਮ।
ਕਹਜੋ 'ਰਹਹੁ ਤੁਮ ਤਨ ਯੁਤ ਛੇਮ[4] ॥੩੯॥
ਰਹੀ ਆਰਬਲ ਬਾਸੁਰ ਚਾਲੀ।
ਤਬਿ ਤੁਮ ਕਾਯਾਂ ਤਜੋ ਸੁਖਾਲੀ।
ਮਿਲਹੁ ਆਨਿ ਪਰਲੋਕ ਸੁ ਮੋਹੀ।
ਨਹਿੰ ਬਿਯੋਗ ਬਹੁ ਦਿਨ ਕੋ ਹੋਹੀ' ॥੪੦॥
ਇਮ ਦੈ ਧੀਰਜ ਰਾਖਜੋ ਪਾਸੀ।
ਅਨਿਕ ਰੀਤਿ ਕੀ ਕਥਾ ਪ੍ਰਕਾਸ਼ੀ।
ਲੰਗਰ ਲਗਜੋ ਹੋਨਿ ਗੁਰੁ ਕੇਰਾ।
ਅਰਪਹਿ ਸੰਗਤਿ ਆਨਿ ਘਨੇਰਾ ॥੪੧॥
ਆਵਹਿੰ ਸਿੱਖ ਟੋਲਿ ਕਰਿ ਘਨੇ।

---

[1]ਅੰਗਾਂ ਨੂੰ ਸੁਕਾ ਦੇਵੇਗੀ (ਵਿਹੁ)।
[2]ਸੋ (ਸਾਰੇ) ਕਾਰਜ ਸਭਨਾਂ ਤੋਂ ਹੋਣੇ ਹਨ।
[3]ਬਹੁਤ ਸਮਾਂ।
[4]ਸੁਖ ਨਾਲ।

ਪੂਜਿ ਪੂਜਿ ਗਮਨਹਿं ਸੁਖ ਸਨੇ।
ਸ਼੍ਰੀ ਅਰਜਨ ਕੋ ਪੁਰਿ ਆਗਵਨੁ[1]।
ਪਸਰੀ ਸੁਧਿ ਲਘੁ ਦੀਰਘ ਭਵਨੁ ॥੪੨॥
ਸ਼ਰਧਾ ਸਹਤ ਭਾਉ ਕੋ ਧਰਿ ਧਰਿ।
ਜਾਂਹਿ ਸੰਗਤਾਂ ਆਨੰਦ ਕਰਿ ਕਰਿ।
ਸੁਜਸੁ ਉਚਾਰਿਤ ਨਰ ਤ੍ਰਿਯ ਘਰਿ ਘਰਿ।
ਉਪਦੇਸ਼ਤਿ 'ਨਿਤ ਸਿਮਰਹੁ ਹਰਿ ਹਰਿ' ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਅਰਥ ਮਲ ਮਿਲਨਿ' ਪ੍ਰਸੰਗ ਬਰਨਨੰ ਨਾਮ ਦੋਇ ਤ੍ਰਿੰਸਤੀ ਅੰਸੂ ॥੩੨॥

---

[1]ਲਾਹੌਰ ਵਿਚ ਆਉਣਾ।

੩੩. [ਜਹਾਂਗੀਰ, ਚੰਦੂ ਦੇ ਘਰ ਪੁੱਜੇ]

੩੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੪

ਦੋਹਰਾ: ਸਿਖ ਸੰਗਤਿ ਲਵਪੁਰੀ ਕੇ,
ਸਕਲ ਦਰਸ ਕੋ ਆਇ।
ਵਹਿਰ ਦੂਰ ਕੇ ਸੁਨਤਿ ਇਤ,
ਆਨਿ ਭਏ ਸਮੁਦਾਇ ॥੧॥

ਸੈਯਾ ਛੰਦ: ਆਨਿ ਉਪਾਇਨ ਅਰਪਹਿਂ ਦਰਸਹਿਂ,
ਬਡੇ ਭਾਗ ਸੁਨਿ ਸੁਨਿ ਉਪਦੇਸ਼।
ਸੱਤਿਨਾਮ ਕੀ ਉਰ ਲਿਵ ਲਾਗਹਿ
ਜਨਮ ਜਨਮ ਕੇ ਕਟਹਿ ਕਲੇਸ਼।
ਸੁਖ ਅਤੋਲ ਕੋ ਪਾਇ ਨ ਡੋਲਹਿਂ
ਅੰਤਰ ਮਨ ਕੇ ਥਿਰਹਿਂ ਵਿਸ਼ੇਸ਼।
ਧੰਨਜ ਧੰਨਜ ਸ਼੍ਰੀ ਅਰਜਨ ਸਤਿਗੁਰ
ਪ੍ਰਭੁ ਅਵਤਾਰ ਭਗਤਿ ਕੇ ਬੇਸ ॥੨॥
ਸਿੱਖਨਿ ਕੋ ਸਮੁਦਾਇ ਭਯੋ ਬਹੁ
ਸਤਿ ਸੰਗਤਿ ਮਿਲਿ ਕਰਹਿਂ ਅਨੰਦ।
ਇਕ ਆਵਤਿ ਇਕ ਜਾਤਿ ਚਲੇ ਨਰ
ਏਕ ਨਿਕਟ ਰਹਿ ਕੁਮਤਿ ਨਿਕੰਦ[1]।
ਗਾਇਂ ਰਬਾਬੀ ਬਡੀ ਰਾਤਿ ਤੇ
ਸੁਨਹਿਂ ਸਿੱਖਜ ਉਰ ਪ੍ਰੇਮ ਬਿਲੰਦ।
ਬਾਨੀ ਪਠਹਿਂ ਕੰਠ ਕੋ ਧਾਰਹਿਂ
ਸੱਤਿਨਾਮ ਜਸੁ ਉੱਜਲ ਚੰਦ ॥੩॥
ਇਕ ਦਿਨ ਸਤਿਗੁਰੁ ਚਢਿ ਕਰਿ ਖਾਸੇ
ਵਹਿਰ ਚਲੇ ਰਾਵੀ ਕੇ ਤੀਰ।
ਨਿੰਦਕ ਚੰਦੂ ਮਿਲਜੋ ਅਗਾਰੀ
ਦੇਖੀ ਸੰਗ ਨਰਨਿ ਗਨ ਭੀਰ।
ਬੂਝ ਨਿਕਰਜੋ 'ਕੌਨ ਇਹ ਗਮਨਤਿ?
ਕਾਮਦਾਰ ਉਮਰਾਵ ਅਮੀਰ[2]?
ਮਾਨਵ ਸੰਗ ਅਨੇਕ ਚਲਤਿ ਹੈਂ
ਆਗੇ ਪਾਛੇ ਬਹੁਤ ਬਿਹੀਰ ॥੪॥

---

[1]ਖੋਟੀ ਮੱਤ ਨੂੰ ਕੱਟਣ ਲਈ।
[2]ਸ਼ਾਹੂਕਾਰ ਹੈ (ਯਾ ਕੋਈ) ਅਮੀਰਾਂ ਦਾ ਅਮੀਰ ਹੈ?

ਪਾਤਿਸ਼ਾਹੁ ਕੋ ਹੋਇ ਸਮੀਪੀ
ਕੈ ਚਾਕਰ ਹੁਇ ਅਲਪ ਬਿਸਾਲ।
ਸੋ ਮੁਝ ਨਮੋ ਕਰਤਿ ਮਿਲਿ ਗਮਨਤਿ
ਮਾਨਹਿ ਆਨਿ ਉਲੰਘ ਤਤਕਾਲ[1]।'
ਸੁਨਿ ਦੌਰਯੋ ਇਕ ਨਰ ਸਿਖ ਬੂਝੇ[2]
'ਕੋ ਇਹ ਜਾਤਿ ਬ੍ਰਿੰਦ ਨਰ ਨਾਲਿ।
'ਥਿਰ ਹੁਇ ਕਰਯੋ ਬਤਾਵਨਿ ਤਿਸ ਨੇ
'ਸ਼੍ਰੀ ਅਰਜਨ ਸਤਿਗੁਰੂ ਕ੍ਰਿਪਾਲ' ॥੫॥
ਆਨਿ ਬਤਾਯਹੁ ਚੰਦੂ ਕੋ ਤਿਨ
ਸੁਨਤਿ ਜਰਯੋ ਮਨ ਮਹਿਂ ਦੁਖਪਾਇ।
-ਮਮ ਰਿਪੁ ਫਿਰਹਿ ਦਿਖਾਇ ਪ੍ਰਤਾਪੂ
ਬਹੁਤੇ ਮਾਨਵ ਸੰਗ ਲਗਾਇ।
ਮੈਂ ਨਿਤ ਚਿੰਤਾ ਕੇ ਬਸਿ ਦੁਰਬਲ
ਇਹ ਨਚਿੰਤ ਬਿਚਰਤਿ ਹਰਖਾਇ।
ਧਿਕ ਜੀਵਨ ਮਮ ਬੁੱਧਿ ਬਲ ਕੋ ਧਿਕ,
ਸਰੇ ਨ ਕੁਛ ਬਹੁ ਕਰੇ ਉਪਾਇ- ॥੬॥
ਤੁਰਤ ਤੋਰ ਅਸਵਾਰੀ ਗਮਨਯੋ-
ਆਜ ਕਹੋਂ ਸੁਧਿ ਸ਼ਾਹੁ ਕੇ ਤੀਰ-।
ਉਤਰਯੋ ਕਰਤਿ ਸਲਾਮ ਗਯੋ ਢਿਗ
ਰਿਸਿ ਤੇ ਧਰਹਿ ਨ ਕਿਮ ਉਰ ਧੀਰ।
ਕਹਿ ਪ੍ਰਸੰਗ ਕੁਛ ਹਜ਼ਰਤ ਕੋ ਤਬਿ
ਨਿਜ ਦਿਸ਼ਿ ਰੁਖ ਫੇਰਯੋ ਨਹਿਂ ਭੀਰ[3]।
ਕਰ ਜੋਰੇ ਉਚਰਤਿ ਦੁਰਮਤਿ ਕੋ
'ਅਬਿ ਆਯਹੁ ਪੁਰਿ ਸਿੱਖਨਿ ਪੀਰ ॥੭॥
ਤੁਮ ਢਿਗ ਆਵਨਿ ਕਰਯੋ ਨ ਅਬਿ ਭੀ
ਹਿੰਦੁਨਿ ਤੇ ਪੁਜਵਾਵਤਿ ਪਾਂਇ।
ਨਿਤਪ੍ਰਤਿ ਧਨ ਅਨਗਿਨਤ ਆਮਦਨ
ਧਨੀ ਭਯੋ ਉਰ ਗਰਬ ਵਧਾਇ।
ਦੋਇ ਲਾਖ ਕੋ ਦੰਡ ਲਖਹਿ ਕਜਾ,

---

[1]ਹੋਰਨਾਂ ਨੂੰ ਉਲੰਘ ਛੇਤੀ ਹੀ (ਮੇਰੀ) ਆਨ ਮੰਨਦਾ।
[2](ਚੰਦੂ ਦਾ) ਇਕ ਪੁਰਸ਼ ਸਿਖ (ਕੋਲੋਂ) ਪੁਛਦਾ ਹੈ।
[3](ਪਾਤਸ਼ਾਹ ਪਾਸ) ਕੋਈ ਭੀੜ ਨਹੀਂ ਸੀ।

ਤਤਛਿਨ ਲੈ ਦੈ ਹੌਂ ਇਸ ਥਾਇੰ।
ਆਪ ਸਪਾਰਸ਼ ਕਹੋ ਨ ਸੁਨੀਯਹਿ[1]
ਤੌ ਤਸਕਰ ਰਖਹਿ ਨ ਡਰਪਾਇ ॥੮॥
ਸੁਖੀ ਬਸਹਿਗੋ ਦੇਸ਼ ਬਹੁਰ ਸਭਿ
ਕਰਹੁ ਬੁਲਾਵਨਿ ਤੌ ਚਲਿ ਆਇ।
ਨਤੁ ਸਿੱਖਨਿ ਤੇ ਲੇ ਕਰਿ ਧਨ ਕੋ
ਅਪਨੀ ਪੁਰੀ ਪ੍ਰੇਵਸ਼ਹਿ ਜਾਇ।
ਨ੍ਰਿਭੈ ਹੋਇ ਤੁਮ ਤੇ ਬਹੁ ਰਾਖਸੋ
ਸ਼ਹਜ਼ਾਦਾ ਦੇਸ਼ ਜੁ ਨਿਕਸਾਇ।
ਪਾਇ ਤਿਦਾਰਕ ਤੌ ਚਿਤ ਸਮੁਝਹਿ
ਸ਼ਾਹੁ ਅਵੱਗਜਾ[2] ਇਮ ਦੁਖਦਾਇ' ॥੯॥
ਇਕ ਦੁਇ ਅਪਰ ਸ਼ਾਹ ਕੇ ਨਿਕਟੀ
ਧਨ ਦੇ ਕੀਨੇ ਅਪਨ ਸਹਾਇ।
ਸੋ ਉਮਰਾਵ ਕਹਨਿ ਤਬਿ ਲਾਗੇ
'ਚੰਦੂ ਸ਼ਾਹ[3] ! ਸੁਮਤਿ ਅਧਿਕਾਇ।
ਦੇਸ਼ ਦੁਖੀ ਦਿਖਿ ਦੋਖ ਲਖੈ[4] ਉਰ,
ਬਾਰਬਾਰ ਸੋ ਅਰਜ਼ ਕਰਾਇ।
ਆਪ ਹਦੂਰਿ ਹਕਾਰ ਨਿਹਾਰਹੁ
ਕਰਹੁ ਨ ਕੁਛ ਮਗ ਪੁਛਹੁ ਖੁਦਾਇ[5] ॥੧੦॥
ਦੰਡ ਦਿਵਾਨ ਸੁ ਲੇਹਿ ਨਿਬੇਰਹਿ
ਆਪ ਦੋਸ਼ ਤੇ ਸੰਕਤਿ ਜੇਯ[6]।
ਸੁਨਿ ਤਿਸ[7] ਬਾਕ ਬਿਸਰਜਨ ਕਰੀਐ
ਤੁਮਹੁ ਨ ਲੇਪ ਲਗੈ ਬਿਧਿ ਏਯ।'
ਚੰਦੂ ਅਰੁ ਉਮਰਾਵਨਿ[8] ਰੁਖ ਲਖਿ
ਸ਼ਾਹੁ ਰਿਦੇ ਭੀ ਚਾਹ ਕਰੇਯ।

---

[1]ਸਫਾਰਸ਼ ਨਾ ਕਰੋ ਤੇ ਨਾ ਸੁਣੋ।
[2]ਸ਼ਾਹ ਦਾ ਨਿਰਾਦਰ।
[3](ਹੇ) ਸ਼ਾਹ (ਇਹ) ਚੰਦੂ।
[4]ਜਾਣਦਾ ਹੈ।
[5]ਖੁਦਾਇ ਦਾ।
[6]ਜੇ ਸੰਗਦੇ ਹੋ।
[7]ਤਿਸ (ਗੁਰੂ ਜੀ ਦੇ)।
[8]ਅਮੀਰਾਂ ਦਾ।

-ਦਰਸ਼ਨ ਕਰੌਂ ਉਚਾਰਨਿ ਸੁਨਿ ਹੌਂ
ਨਿੰਦਾ ਸਿਫਤੀ ਬਹੁ ਜਿਸ ਕੇਯ- ॥੧੧॥
ਨਿਕਟ ਵਜ਼ੀਰ ਖਾਂਨ ਕੋ ਦੇਖ੍ਯੋ
ਕਹ੍ਯੋ ਤਾਂਹਿ ਕੋ 'ਸਤਿਗੁਰ ਆਨਿ।'
ਸੁਨਿ ਆਇਸੁ ਕੋ ਤਤਛਿਨ ਗਮਨ੍ਯੋ
ਜਿਸ ਥਲ ਸ਼੍ਰੀ ਅਰਜਨ ਭਗਵਾਨ।
ਧਰਿ ਅਕੋਰ ਕੋ ਕਰੇ ਨਿਹੋਰਨਿ
ਹਾਥ ਜੋਰਿ ਜੁਗ ਬੰਦਨ ਠਾਨਿ।
'ਧੰਨ੍ਯ ਧੰਨ੍ਯ ਤੁਮ ਗਿਰਾ ਧੰਨ੍ਯ ਹੈ
ਜਿਹ ਸੁਨਿ ਦੁਖ ਤੇ ਉਬਰੇ ਪ੍ਰਾਨਿ ॥੧੨॥
ਭਯੋ ਜਲੋਧਰ[1] ਅਰੁ ਬਹੁ ਪੀਰਾ
ਨਿਸ ਬਾਸੁਰ ਬ੍ਯਾਕੁਲਤਾ ਪਾਇ।
ਹਾਇ ਹਾਇ ਕਰਿ ਪਰ੍ਯੋ ਪੁਕਾਰਤਿ
ਕਿਸ ਹਕੀਮ ਤੇ ਸ਼ਾਂਤਿ ਨ ਆਇ।
ਪਾਠ ਸੁਖਮਨੀ ਤੇ ਸੁਨਿ ਸੁਖ ਭਾ
ਬ੍ਯਾਧਿ ਗਈ ਤਤਕਾਲ ਨਸਾਇ।
ਚੰਦੂ ਚਾਰੀ[2] ਕਰਤਿ ਆਪ ਕੀ
ਬਹੁ ਦਿਨ ਬੀਤੇ ਕਰਤਿ ਉਪਾਏ ॥੧੩॥
ਬਾਰਿ ਬਾਰਿ ਸੁਨਿ ਸ਼ਾਹੁ ਬਿਚਲਗਾ[3]
ਪੁਨ ਉਮਰਾਵ ਸਹਾਇ ਦਿਵਾਨ[4]।
ਚਹੈ ਕਹਾਵਤਿ ਭਰਮ ਉਪਾਵਤਿ
ਏਵ ਸੁਨਾਵਤਿ ਦੁਸ਼ਨ ਮਹਾਨ[5]।
ਹਜ਼ਰਤ ਤਊ ਬਡਾਈ ਰਾਖਤਿ
ਸ਼੍ਰੀ ਨਾਨਕ ਗਾਦੀ ਪਰ ਜਾਨਿ।
ਕਰੇ ਹਕਾਰਨਿ ਦਰਸ਼ਨ ਕਾਰਨ
ਬਾਕ ਸੁਨਨਿ ਕੀ ਚਿਤ ਰੁਚਿ ਠਾਨਿ ॥੧੪॥
ਪਠ੍ਯੋ ਆਪ ਢਿਗ, ਮੈਂ ਚਲਿ ਆਯਹੁ
ਦਿਹੁ ਦਰਸ਼ਨ ਕੋ ਬਿਰਦ ਕ੍ਰਿਪਾਲ।'

---

[1]ਇਕ ਰੋਗ ਦਾ ਨਾਮ।
[2]ਚੁਗਲੀ।
[3]ਸੁਰਤ ਭੁੱਲ ਗਈ।
[4]ਮਦਦਗਾਰ ਹਨ ਦਿਵਾਨ ਦੇ।
[5]ਜੋ (ਚੰਦੂ) ਆਦਿ ਚਾਹੁੰਦੇ ਹਨ ਭਰਮ ਪੈਦਾ ਕਰਕੇ (ਸ਼ਾਹ ਪਾਸੋਂ) ਕਹਾਂਵਦੇ ਹਨ।

ਸੁਨਿ ਸ਼੍ਰੀ ਅਰਜਨ ਬਾਕ ਬਖਾਨੇ
'ਹਮ ਇਸ ਹਿਤ ਆਏ ਮਗ ਚਾਲਿ।
ਕਰਤਿ ਪ੍ਰਤੀਖਨ ਸਮਾ ਸੁ ਪਹੁਚਯੋ'
ਇਮ ਕਹਿ ਭਏ ਤਯਾਰ ਤਿਸ ਨਾਲਿ।
ਚਢਿ ਖਾਸੇ ਪਰ ਗਮਨੇ ਸਤਿਗੁਰੂ
ਪੰਚ ਸਿੱਖ ਲੇ ਸੰਗ ਬਿਸਾਲ ॥੧੫॥
ਕਰਹਿਂ ਹਜ਼ਾਰਹੁਂ ਬੰਦਨ ਮਗ ਮਹਿਂ
ਖਰੇ ਹੋਹਿਂ ਪਿਖਿ ਹਿਤ ਸਨਮਾਨ।
'ਧੰਨ ਧੰਨ ਗੁਰੁ' ਸੁਜਸੁ ਉਚਾਰਹਿਂ
ਸੁਨਤਿ ਚਲਤਿ ਜਸੁ ਕੋ ਨਿਜ ਕਾਨ।
ਸੁਧਿ ਵਜ਼ੀਰ ਖਾਂ ਕਰੀ ਅਗਾਰੀ
'ਪਹੁਂਚੇ ਆਇ ਗੁਰੂ ਭਗਵਾਨ।'
ਊਚਾਸਨ[1] ਕਹਿ ਕੈ ਡਸਵਾਯੋ
ਚੰਦੂ ਦੁਖਯੋ ਦੇਖਿ ਸਨਮਾਨ ॥੧੬॥
ਇਤਨੇ ਮਹਿਂ ਗੁਰੁ ਦਰਸ਼ਨ ਦੀਨਸਿ
ਸਾਦਰ ਕਹਿ ਕਰਿ ਤਹਾਂ ਬਿਠਾਇ।
ਸ਼ਾਹੁ ਨਮਯੋ ਗੁਰੁ ਕੁਸ਼ਲ ਪ੍ਰਸ਼ਨ ਕਰਿ
ਹੇਰਿ ਹੇਰਿ ਸਭਿ ਸੀਸ ਨਿਵਾਇ।
ਪੁਨ ਹਜ਼ਰਤਿ ਨੇ ਬੂਝਨਿ ਕੀਨਿ
'ਹਿੰਦੂ ਤੁਰਕ ਜਿ ਬਾਦ ਬਧਾਇ[2]।
ਨਿਜ ਨਿਜ ਕੋ ਮਾਨਹਿਂ -ਹਮ ਦੀਰਘ-
ਕਹੈਂ ਭਿਸਤਿ ਇਕ ਦੋਜਕ ਜਾਇ ॥੧੭॥
ਦੋਨਹੁਂ ਮਹਿਂ ਕੋ ਸਾਹਿਬ ਜਾਨਹਿ
ਕਿਸ ਪਰ ਕਰੁਨਾ ਕਰੈ ਖ਼ੁਦਾਇ।
ਕੌਨ ਸਾਚੁ ਕਹਿ? ਕੂਰ ਕਹੈ ਕੋ?
ਇਹ ਸੰਸੈ ਮੇਰੇ ਮਨ ਆਇ।
ਉੱਤਰ ਦੇਹੁ ਪੀਰ ਤੁਮ ਦੀਰਘ
ਜਿਸ ਤੇ ਮਮ ਖ਼ਾਤਰ[3] ਹੁਇ ਜਾਇ।'
ਸੁਨਿ ਹਜ਼ਰਤ ਤੇ ਸਤਿਗੁਰੁ ਅਰਜਨ

---

[1]ਉੱਚਾ ਆਸਨ।
[2]ਝਗੜਾ ਵਧਾਂਵਦੇ ਹਨ।
[3]ਦਿਲੀ ਤਸੱਲੀ।

ਕਹਿ ਜਬਾਬ ਕੋ ਸ਼ਬਦ ਸੁਨਾਇ ॥੧੮॥

ਸ੍ਰੀ ਮੁਖਵਾਕ:

ਰਾਮਕਲੀ ਮਹਲਾ ੫ ॥
ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥
ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥
ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥

ਦੋਹਰਾ: 'ਸ੍ਰੀ ਪਰਮੇਸੁਰ ਏਕ ਹੈ, ਝਗਰਤਿ ਦੋਇ ਬਤਾਇ[1]।
ਸੁਨਹੁ ਸ਼ਾਹੁ ਨਿਸ਼ਚੈ ਕਰਹੁ, ਏਕੋ ਰਾਮ ਖੁਦਾਇ ॥੧੯॥
ਅਰਥ ਕ੍ਰਿਪਾਲ ਰਹੀਮ ਕੋ, ਏਕੋ ਜਾਨਜੋ ਜਾਇ।
ਪੱਖ ਬਾਦ[2] ਕਰਿ ਪਰਸਪਰ, ਝੂਠੇ ਦੋਇ ਬਨਾਇ ॥੨੦॥
ਹਮਰੋ ਮਤ ਹੈ ਅਪਰ ਬਿਧਿ, ਮਿਲਜੋ ਦੋਨਹੂੰ ਸਾਥਿ।
ਅਰੁ ਦੋਨੋ ਤੇ ਪ੍ਰਿਥਕ ਭੀ, ਨਹੀਂ ਬਾਦ ਕੀ ਗਾਥ ॥੨੧॥
ਹੁਕਮ ਜਾਨਿ ਸਾਹਿਬ ਪ੍ਰਭੁ, ਦੁਖ ਸੁਖ ਜਿਮ ਬਨਿ ਆਇ।
ਹਰਖਤਿ ਰਹਹਿ ਸਦੀਵ ਹਿਯ[3], ਦੋਸ਼ ਨਹੀਂ ਅਰਪਾਇ ॥੨੨॥
ਸੱਤਿਨਾਮ ਕੋ ਸਿਮਰਨੋ, ਤਜਾਗਨਿ ਤਨ ਅੱਭਜਾਸ[4]।
ਤੀਨਹੁ ਤੇ ਪ੍ਰਭੁ ਕੋ ਮਿਲਹਿ ਹੁਇ, ਬ੍ਰਹਮ ਗਜਾਨ ਪ੍ਰਕਾਸ਼ ॥੨੩॥
ਹਿੰਦੂ ਹੁਇ ਕੈ ਤੁਰਕ ਹੁਇ, ਤੀਨਹੁ ਜਿਨਹੁ ਕਮਾਇ।
ਪਾਰਿ ਪਰੇ ਭਵਸਿੰਧੁ ਤੇ, ਜਨਮ ਕਲੇਸ਼ ਮਿਟਾਇ ॥੨੪॥
ਤੀਨਹੁ ਕੋ ਬਿਸਤਾਰ ਕਰਿ[5], ਕਹੈਂ ਜਿ ਅਰਥ ਬਿਸਾਲ।
ਅਧਿਕ ਹੋਇ, ਕਹਿਂ ਤਕ ਸੁਨਹੁ[6], ਛੂਟਹਿਂ ਬੰਧਨ ਜਾਲ ॥੨੫॥
ਸੁਮਤਿਵੰਤ ਥੋਰੇ ਕਹੇ, ਸਮੁਝਹਿ ਬਾਤਿ ਬਿਸਾਲ।

---

[1]ਝਗੜਦੇ ਹਨ ਦੋ ਕਹਿਕੇ।
[2]ਮਜ਼ਹਬੀ ਖਿੱਚੋ ਖਿੱਚੀ।
[3]ਹਿਰਦੇ ਵਿਚ।
[4]ਭਾਵ ਦੇਹ ਅਧਿਆਸ ਦਾ ਤਿਆਗਨਾ।
[5]ਖੋਲ੍ਹਕੇ।
[6]ਬਹੁਤ ਹੋ ਜਾਏਗਾ ਕਿਥੋਂ ਤਕ ਸੁਣੋਂਗੇ।

ਜਿਨ ਕੋ ਲਗੀ ਖੁਦਾਇ ਲਿਵ, ਸੇਈ ਅਕਲ ਕਮਾਲ[੧]' ॥੨੬॥
ਇਮ ਸਤਿਗੁਰੂ ਕੇ ਕਹਤਿ ਬਚ, ਰਵਿ ਪਸ਼ਚਮ ਅਸਤਾਇ[੨]।
ਸੰਧਯਾ ਲਖਿ ਕਰਿ ਸ਼ਾਹੁ ਤਬਿ, ਕਰੇ ਬਿਸਰਜਨ ਗਾਇ[੩] ॥੨੭॥
ਉਠੇ ਗੁਰੂ ਨਿਕਸੇ ਵਹਿਰ, ਚੰਦੂ ਅਵਸਰ ਪਾਇ।
'ਮੈਂ ਲੇ ਜਾਵੋਂ ਨਿਜ ਸਦਨ, ਰਾਖੋਂ ਸੇਵ ਕਰਾਇ ॥੨੮॥
ਸਮੁਝਾਵੋਂ ਸਭਿ ਬਾਰਤਾ, ਤੁਮਰੀ ਦਿਸ਼ਿ ਤੇ ਹੋਇ।
ਲਿਉਂ ਦੁਇ ਲਾਖ ਸੁਖੇਨ ਹੀ, ਰਖਹਿ ਨ ਤਸਕਰ ਕੋਇ ॥੨੯॥
ਬਿਨਾ ਦੰਡ ਤੇ ਹਟਹਿ ਨਹਿਂ, ਦੇਸ਼ ਨ ਹੋਇ ਅਰਾਮ।
ਕਰੋ ਨਜਾਵ ਈਮਾਨ[੪] ਤੁਮ, ਸੁਜਸੁ ਜਗਤ ਅਭਿਰਾਮ ॥੩੦॥
ਸ਼ਹਜ਼ਾਦਾ ਰਾਖਯੋ ਨਿਕਟ, ਪਾਇ ਤਿਦਾਰਕ[੫] ਸੋਇ।
ਨਹਿਂ ਬਜਾਇ[੬] ਬਹੁਰੋ ਕਰਹਿ, ਉਰ ਦੀਰਘ ਡਰ ਹੋਇ ॥੩੧॥
ਤੁਮ ਕੋ ਦੋਸ਼ ਨ ਹੋਇ ਕੁਛ, ਮੈਂ ਲੇਵੌਂ ਦੁਇ ਲਾਖ[*]।
ਕਰੋਂ ਖਜ਼ਾਨੇ ਦਾਖਲੀ, ਤੀਨ ਚਾਰ ਦਿਨ ਰਾਖਿ ॥੩੨॥
ਅਬਿ ਨ ਬਨੈ ਕਸ਼ਮੀਰ ਕੋ, ਰਾਵਰਿ ਕਰਨਿ ਪਯਾਨ।
ਮਰਜ਼ੀ ਉਰ ਦਿੱਲੀ ਚਲਹੁ, ਮਾਨਿ ਬਿਨੋਦ[੭] ਮਹਾਨ ॥੩੩॥
ਆਪ ਕਰਹੁ ਅਬਿ ਕੂਚ ਕੋ, ਪਾਛੇ ਲੇ ਧਨ ਸੋਇ।
ਕਰਹਿ ਸਪਾਰਸ਼ ਕਬਹੁਂ ਕੋ[੮], ਨਹਿਂ ਸੁਨੀਯਹਿ ਤਿਸ ਜੋਇ' ॥੩੪॥
'ਹਾਂ' ਕਹਿਵਾਈ ਸ਼ਾਹ ਤੇ, ਨਿਕਸਯੋ ਤਤਛਿਨ ਆਇ।
ਕਰੇ ਸਿਪਾਹੀ ਸੰਗ ਗੁਰੁ, ਨਿਜ ਡੇਰੇ ਕਹੁ ਲਜਾਇ ॥੩੫॥
ਪੰਚ ਸਿੱਖਜ ਡਜੋਢੀ ਬਿਖੈ, ਕਰਿ ਕੈ ਕੈਦ ਬਿਠਾਇ।

---

[੧]ਪੂਰਨ ਅਕਲ ਵਾਲੇ ਹਨ।
[੨]ਡੁੱਬ ਗਿਆ।
[੩]ਕਹਿਕੇ।
[੪]ਧਰਮ ਦਾ ਨਿਆਉਂ।
[੫]ਦੰਡ ਪਾਵੇ ਉਸ ਗੱਲ ਦਾ।
[੬]ਅਯੋਗ।
[*]ਦੋ ਲੱਖ ਚੱਟੀ ਲੈਣ ਬਾਬਤ ਦਬਿਸਤਾਨ ਮਜ਼ਾਹਬ ਵਿਚ ਇਸ ਪ੍ਰਕਾਰ ਲਿਖਿਆ ਹੈ:-ਸ੍ਵਰਗਵਾਸੀ ਨੂਰਉੱਦੀਨ ਮਹੁੰਮਦ ਜਹਾਂਗੀਰ ਬਾਦਸ਼ਾਹ ਨੇ (ਗੁਰੂ) ਅਰਜਨ ਮੱਲ ਤੋਂ ਇਸ ਕਰਕੇ ਕਿ ਉਨ੍ਹਾਂ ਨੇ ਸ੍ਵਰਗਵਾਸੀ ਜਹਾਂਗੀਰ ਦੇ ਪੁੱਤਰ ਸ਼ਾਹਜ਼ਾਦਾ ਖੁਸਰੋ ਜੋ ਕਿ ਸਤਿਕਾਰ ਯੋਗ ਪਿਤਾ ਨੇ ਬੇਦਖਲ ਕੀਤਾ ਹੋਇਆ ਸੀ, ਦੇ ਹੱਕ ਵਿਚ ਭਲਾਈ ਦੀ ਅਰਦਾਸ ਕੀਤੀ ਸੀ, ਖੁਸਰੋ ਦੇ ਫੜੇ ਜਾਣ ਤੇ (ਗੁਰੂ ਜੀ ਤੋਂ) ਪੁਛ ਕੀਤੀ ਤੇ ਭਾਰਾ ਤਾਵਾਨ ਮੰਗਿਆ। (ਗੁਰੂ ਜੀ) ਨਾ ਦੇ ਸਕੇ ਉਨ੍ਹਾਂ ਨੂੰ ਫੜਕੇ ਲਾਹੌਰ ਦੇ ਰੇਤਲੇ ਥਾਂ ਤੇ ਰਖਿਆ। ਸੂਰਜ ਦੀ ਤਪਸ਼ ਤੇ ਗਰਮੀ ਦੇ ਜ਼ੋਰ ਅਤੇ ਤਾਵਾਨ ਵਸੂਲ ਕਰਨ ਵਾਲਿਆਂ ਵਲੋਂ ਦਿੱਤੇ ਗਏ ਤਸੀਹਿਆਂ ਨਾਲ (ਆਪ ਨੇ) ਜਾਨ ਦਿੱਤੀ। ਇਹ ਘਟਨਾ ੧੦੧੫ (ਹਿ:) ਵਿਚ ਹੋਈ।
[੭]ਅਨੰਦ ਮਾਣੋ।
[੮](ਜੇ) ਕਦੇ ਬੀ ਕੋਈ।

ਅੰਤਰ ਗੁਰੂ ਉਤਾਰਿ ਕੈ, ਕਹਿ ਕਹਾਰ ਨਿਕਸਾਇ[1] ॥੩੬॥
ਤਿਮਰ ਭਏ ਘਰ[*] ਲੇ ਬਰਜੋ, ਡੇਰਾ ਦਿਯੋ ਕਰਾਇ।
ਬ੍ਰਿੰਦ ਸਿਪਾਹੀ ਦ੍ਰਿਢ ਕਰੇ, ਸਾਵਾਧਾਨ ਹਰਖਾਇ ॥੩੭॥
'ਨਿਸ ਬਾਸੁਰ ਠਾਂਢੇ ਰਹੋ, ਗਹੇ ਹਾਥ ਅਸਿ ਢਾਲ[2]।
ਨਿਕਟਿ ਨ ਆਵਨਿ ਦੇਹੁ ਕਿਸ, ਭੇਰਿ ਕਿਵਾਰ ਬਿਸਾਲ ॥੩੮॥
-ਮਨ ਭਾਵਤਿ ਮੇਰੀ ਭਈ-, ਹਰਖੋ ਮੂਢ ਬਿਸਾਲ।
ਸੁਪਤਜੋ ਖਾਤਰ ਜਮਾ ਕਰਿ[3], ਕਰਿ ਠਾਂਢੇ ਨਰ ਜਾਲ ॥੩੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗ੍ਰਿਹ ਆਵਨਿ ਗੁਰੂ' ਪ੍ਰਸੰਗ ਬਰਨਨੰ ਨਾਮ ਤੀਨ ਤ੍ਰਿੰਸਤੀ ਅੰਸੂ ॥੩੩॥

---

[1]ਕਹਿਕੇ ਕਹਾਰਾਂ ਨੂੰ ਬਾਹਰ ਕਢਿਆ।
[*]ਤਵਾਰੀਖ ਪੰਜਾਬ ਕ੍ਰਿਤ ਕਨ੍ਹੱਯਾ ਲਾਲ ਵਿਚ ਲਿਖਿਆ ਹੈ ਕਿ ਚੰਦੂ ਨੇ ਗੁਰੂ ਜੀ ਦਾ ਡੇਰਾ ਆਪਣੇ ਮਕਾਨ ਵਿਚ, ਜੋ ਮਹੱਲਾ ਲਾਲ ਖੂਹ ਦੇ ਵਿਚ ਤੇ ਮੋਤੀ ਬਜ਼ਾਰ ਦੇ ਲਾਗੇ ਹੈ, ਕਰਵਾਇਆ ਸੀ। ਉਥੇ ਹੁਣ ਗੁਰਦਵਾਰਾ ਵੀ ਹੈ।
[2]ਤਲਵਾਰ ਤੇ ਢਾਲ।
[3]ਤਸੱਲੀ ਕਰਕੇ।

੩੪. [ਚੰਦੂ ਗ੍ਰਹ ਕਸ਼ਟ। ਤਪਤ ਨੀਰ]

੩੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੫

ਦੋਹਰਾ: ਨਿਸਾ ਬਿਤੀ ਪੁਨ ਪ੍ਰਾਤ ਭੀ, ਸ਼ਾਹੁ ਬਾਕ ਕਹਿ ਦੀਨ।
ਬਜੇ ਨਗਾਰੇ ਕੂਚ ਕੇ, ਸੁਧਿ ਸਭਿਹੂੰ ਸੁਨਿ ਲੀਨਿ ॥੧॥
ਚੌਪਈ: ਹਜ਼ਰਤਿ ਜਬਿ ਤਿਆਰ ਹੁਇ ਗਯੋ।
ਚੰਦੂ ਅਘੀ ਮੇਲਿ ਤਬਿ ਕਿਯੋ।
'ਦਿਹੁ ਪ੍ਰਵਾਨਗੀ[1] ਮੁਝ ਕੋ ਆਪੂ।
ਦਿਨ ਚਾਰਿਕ ਮਹਿਂ ਕਰਿਵ ਮਿਲਾਪੂ ॥੨॥
ਕਛੁ ਮਾਮਲੇ ਕੀ ਰਹਿ ਕਾਰਿ।
ਇਕ ਸੰਮਤ ਕੀ ਕਰਨਿ ਸੰਭਾਰਿ।
ਨਵੀ ਸਿੰਦ ਲਾਗੇ ਸਮੁਦਾਇ।
ਜਮਾਂ ਖਰਚ ਕੋ ਸਭਿ ਸਮੁਝਾਇ' ॥੩॥
ਕਰਿ ਫਰੇਬ ਕੋ ਛੋਰਯੋ ਸਾਥ।
ਸ਼ਾਹੁ ਨ ਚਿਤਵੀ ਪੁਨ ਗੁਰ ਗਾਥ।
ਬਹੁ ਧੰਧੇ ਗਨ ਭੋਗਨਿ ਬਿਸੈ[2]।
ਬਹੁਰ ਚਲਯੋ ਚਢਿ ਕਜਾ ਸੁਧਿ ਤਿਸੈ ॥੪॥
ਪੂਰਬ ਭੀ ਕਬਿ ਗੁਰੂ ਪ੍ਰਸੰਗ।
ਕੋਇ ਨ ਕਰਤਿ ਸ਼ਾਹੁ ਕੇ ਸੰਗ।
ਸਿਮਰਿ ਦ੍ਵੈਸ਼ ਕੋ ਦੁਸ਼ਟ ਚਲਾਵੈ।
ਸੁਲਹੀ ਸੁਲਬੀ ਚੰਦੁ ਬਤਾਵੈ ॥੫॥
ਲੇਨਾ ਦੇਨਾ ਕਹਿ ਸੰਗ ਕੋਇ ਨ।
ਧਨ ਹੰਕਾਰੀ ਜਾਨਹਿ ਸੋਇ ਨ[3]।
ਅਹੈਂ ਤੁਰਕ ਪੁਨ ਗ੍ਰਸੇ ਬਿਕਾਰਾ।
ਕਹਾਂ ਚਿਨਾਰੀ ਗੁਰੂ ਉਦਾਰਾ ॥੬॥
-ਨਹਿਂ ਪ੍ਰਸੰਗ ਚਲਿ- ਮਿਲੇ ਪਿਛਾਰੀ[4]।
ਬਰਜਿ ਦਿਯੇ ਚੰਦੂ ਦੁਰਚਾਰੀ।
ਗਮਨਤਿ ਮਿਲਯੋ ਸਕਲ ਕੋ ਜਾਇ।
'ਜੇ ਹਜੂਰ ਗੁਰ ਗਾਥ ਚਲਾਇ ॥੭॥

---

[1]ਮਨਜ਼ੂਰੀ।

[2]ਵਿਸ਼ਿਆਂ ਦੇ ਭੋਗਾਂ (ਵਿਚ ਖਚਤ)।

[3](ਗੁਰੂ ਜੀ ਦਾ) ਲੈਣ ਦੇਣ ਭਾਵ ਵਾਸਤਾ ਕਿਸੇ ਨਾਲ ਬੀ ਨਹੀਂ ਸੀ (ਅਤੇ) ਧਨ ਦਾ ਹੰਕਾਰੀ (ਹੋਰ ਅਹਿਲਕਾਰ) ਸੋਇ (= ਗੁਰੂ ਜੀ ਨੂੰ) ਨਹੀਂ ਜਾਣਦੇ ਸਨ।

[4]ਪਿਛੋਂ ਮਿਲਕੇ (ਲੋਕਾਂ ਨੂੰ ਕਹਿ ਦਿਤਾ ਕਿ ਸ਼ਾਹ ਪਾਸ) ਗੁਰੂ ਜੀ ਦਾ ਪ੍ਰਸੰਗ ਕੋਈ ਨਾ ਚਲਾਵੇ।

ਬੁਧਿ ਬਲ ਤੇ ਬਰਜਹੁ ਤਿਹ ਰੋਕ।
ਕਜ਼ਾ ਤਿਨ ਗਾਥ ਫਕੀਰ ਜਿ ਲੋਕ।
ਰਹੌਂ ਪਿਛਾਰੀ ਤੁਮ ਭਰਵਾਸੇ।
ਕੇਤਿਕ ਦਿਨ ਮੈਂ ਆਇਵ ਪਾਸੇ' ॥੮॥
ਕਰੀ ਕਚਹਿਰੀ ਅਪਨੀ ਸਾਰੀ।
ਕਿਸ ਧਨ ਦੇ ਕਿਸ ਮ੍ਰਿਦੁਲ ਉਚਾਰੀ।
ਜਸ ਜਸ ਹੁਤੇ ਤਥਾ ਹਰਖਾਏ।
ਸ਼ਾਹੁ ਸਮੀਪ ਸਮੂਹ ਸੁਹਾਏ ॥੯॥
ਚੰਦੂ ਹਟਜੋ ਧੀਰ ਉਰ ਧਰਿ ਕੈ।
ਦੁਸ਼ਟ ਪਨੇ ਮਹਿਂ ਚਿਤ ਕੋ ਧਰਿ ਕੈ।
ਸਭਿਨਿ ਚਢਾਇ ਮੂਢ ਤਹਿਂ ਆਯੋ।
ਸਤਿਗੁਰ ਅਰਜਨ ਜਹਿਂ ਉਤਰਾਯੋ ॥੧੦॥
ਬੈਠਜੋ ਸਨਮੁਖ ਰਿਸਿ ਤੇ ਭਰਜੋ।
ਕਹਤਿ ਭਯੋ ਬਚ ਦੁਖ ਤੇ ਜਰਜੋ।
'ਮੋਰਿ ਸੁਤਾ ਕੀ ਮੋਰਿ ਸਗਾਈ[1]।
ਕਜੋਂ ਹੂੰ ਨ ਮਾਨੀ ਬਿਨੈ ਅਲਾਈ ॥੧੧॥
ਭੇਜੇ ਦੋਇ ਬਾਰ ਪੁਰਿ ਲਾਗੀ।
ਅਤਿ ਚਿੰਤਾ ਚਿਤ ਹਮਰੇ ਲਾਗੀ।
ਲੇਨਿ ਸਾਕ ਤੌ ਰਹਜੋ ਕਿਥਾਈਂ।
ਦਈ ਮੋਹਿ ਕੂਕਰ ਸਮਤਾਈ ॥੧੨॥
ਅਬਿ ਲੌ ਕਛੂ ਨ ਬਿਗਰਜੋ ਸੁਪਨੇ।
ਨਾਤਾ ਲੇਹੁ ਜਾਹੁ ਘਰ ਅਪਨੇ।
ਨਤੁ ਕੂਕਰ ਭਾਖਜੋ ਜਿਮਿ ਜਬੈ।
ਲਗੋਂ ਗੈਲਿ[2] ਕੂਕਰ ਹੁਇ ਅਬੈ ॥੧੩॥
ਦਿਹੁ ਜਬਾਬ ਮੈਂ ਕਰੌਂ ਉਪਾਇ।
ਸੌਜ ਬਜਾਹ ਕੀ, ਕੈ ਤੁਮ ਘਾਇ[3]।'
ਨ੍ਰਿਭੈ ਬਾਕ ਤਬਿ ਸਤਿਗੁਰ ਭਾਖਾ।
'ਸੁਤਾ ਦੇਨਿ ਕੀ ਕਿਮ ਅਭਿਲਾਖਾ? ॥੧੪॥
ਤੂੰ ਊਚੀ ਕੁਲ ਅਹੈਂ ਚੁਬਾਰਾ।

---

[1]ਮੇਰੀ ਧੀ ਦੀ ਸਗਾਈ ਮੋੜ ਕੇ।
[2]ਮਗਰ।
[3]ਮਾਰਨ ਦਾ।

ਹਮ ਕੋ ਮੋਰੀ ਸਰਸ ਉਚਾਰਾ।
ਮੋਰੀ ਮੇਲ ਸੁ ਮੋਰੀ ਧਾਰਾ[1]।
ਮਿਲਹਿ ਚੁਬਾਰੇ ਸੰਗ ਚੁਬਾਰਾ ॥੧੫॥
ਤਬਿ ਭੀ ਕਹਜੋ ਅਬਹਿ ਭੀ ਕਹੈਂ।
ਸਮ ਸੋ ਮਿਲਨ ਭਲੋ ਸਭਿ ਲਹੈਂ[2]।
ਅੰਤਰ[3] ਬਹੁਤ ਹਮਾਰ ਤੁਮਾਰਾ।
ਕਿਤ ਮੋਰੀ ਕਿਤ ਹੋਤਿ ਚੁਬਾਰਾ ॥੧੬॥
ਕਹਜੋ ਨ ਕੂਕਰ, ਜੇ ਤੈਂ ਲਹਜੋ।
ਜੇ ਨ ਕਹਜੋ ਤੌ ਭੀ ਅਬਿ ਕਹਜੋ[*]।
ਸਿਖ ਨੇ ਕਹਜੋ ਹਮਹੁ ਕਹਿ ਤਦਾ[*]।
ਸਿਖ ਹਮ ਏਕ ਰੂਪ ਹੈਂ ਸਦਾ' ॥੧੭॥
ਸੁਨਿ ਮਨ ਜਰਜੋ, ਜਰਜੋ ਨਹਿਂ ਬੈਨ।
ਕੂਰ ਪਸਾਰੇ[4] ਲਾਲ ਜਿ ਨੈਨ।
ਨਿਕਟਿ ਬੁਲਾਵੇ ਅਪਨਿ ਸਿਪਾਹੀ।
'ਜਲ ਭੋਜਨ ਪਹੁਂਚਨਿ ਦਿਹੁ ਨਾਂਹੀ ॥੧੮॥
ਜਬਿ ਲਾਗਹਿ ਗੀ ਤ੍ਰਿਖਾ ਮਹਾਨੀ।
ਦੇ ਗਿਨ ਲਾਖ[5] ਦੇਹੁ ਤਬਿ ਪਾਨੀ।
ਬਜਾਕੁਲ ਹੋਇ ਛੁਧਿਤਿ ਬਹੁ ਜਬੈ।
ਲੇਹੁ ਲਾਖ ਦਿਹੁ ਭੋਜਨ ਤਬੈ ॥੧੯॥
ਨਿੰਦ੍ਰਾ ਤੇ ਜਬਿ ਸੁਪਤਨਿ ਚਹੈ।
ਦੇਹਿ ਲਾਖ ਤੌ ਸੋਵਨਿ ਲਹੈ।
ਇਸ ਕੇ ਮਨ ਮਹਿਂ ਅਤਿ ਹੰਕਾਰ।

---

[1]ਮੋਰੀ ਨੇ ਮੇਲ ਮੋਰੀ ਨਾਲ ਧਾਰ ਲਿਆ ਹੈ।
[2]ਬਰਾਬਰ ਦੇ ਨਾਲ ਮਿਲਨਾ ਸਭ ਚੰਗਾ ਜਾਣਦੇ ਹਨ।
[3]ਫਰਕ।
[*]ਗੁਰੂ ਜੀ ਦੱਸਦੇ ਹਨ ਕਿ ਅਸਾਂ ਇਹ ਵਾਕ ਨਹੀਂ ਕਿਹਾ, ਅਗਲਾ ਜੋ ਵਾਕ ਹੈ ਕਿ ਜੇ ਅੱਗੇ ਨਹੀਂ ਕਿਹਾ ਤਾਂ ਹੁਣ ਕਹਿੰਦੇ ਹਾਂ। ਇਹ ਵਾਕ ਗੁਰੂ ਸੁਭਾਵ ਦੇ ਅਨੁਕੂਲ ਨਹੀਂ, ਜਿਤਨੀ ਬਾਣੀ ਆਪ ਦੀ ਬੀੜ ਵਿਚ ਹੈ, ਉਸ ਦੇ ਮੁਤਾਲਿਆ ਤੋਂ ਜੋ ਸਤਿਗੁਰੂ ਦੇ ਹਿਰਦੇ ਦਾ ਰੂਪ ਬੱਝਦਾ ਹੈ, ਉਥੇ ਐਸੇ ਵਾਕ ਦੀ ਗੁੰਜਾਇਸ਼ ਨਹੀਂ, ਹਾਂ ਇਹ ਗੱਲ ਕਿ ਜੇ ਕਿਸੇ ਸਿਖ ਨੇ ਕਿਹਾ ਹੈ ਤਾਂ ਅਸੀਂ ਆਪਣੇ ਸਿਰ ਦੰਡ ਲੈਣ ਨੂੰ ਤਿਆਰ ਹਾਂ ਕਿਉਂਕਿ ਸਿਖ ਗੁਰੂ ਦਾ ਰੂਪ ਹੈ। ਇਸ ਵਿਚ ਇਹ ਵਡਿਆਈ ਹੈ ਕਿ ਜਾਨ ਪਰ ਆ ਬਣੀ ਤੇ ਇਹ ਕਹਿਣਾ 'ਅਸਾਂ ਕਦੇ ਇਹ ਗੱਲ ਨਹੀਂ ਆਖੀ ਤੇ ਜੇ ਕਿਸੇ ਹੋਰ ਨੇ ਆਖੀ ਹੈ ਤਾਂ ਅਸੀਂ ਦੋਸ਼ੀ ਕਿਉਂ?' ਅਸਾਨ ਬਾਤ ਹੈ, ਦਰੁਸਤ ਹੈ, ਤੇ ਹਰ ਕੋਈ ਕਹੇਗਾ, ਪਰ ਨਿਰਭੈ ਅਕਾਲੀ ਜੋਤ ਬਿਰਦ ਬਾਣੇ ਦੀ ਲਾਜ ਵਾਲੇ ਕਹਿੰਦੇ ਹਨ ਕਿ ਜੇ ਕਿਸੇ ਸਿਖ ਨੇ ਕਹੀ ਹੈ ਤਾਂ ਅਸੀਂ ਜ਼ਿੰਮੇਵਾਰੀ ਲੈਂਦੇ ਹਾਂ।
[4]ਟੱਡੀਆਂ (ਅੱਖਾਂ)।
[5]ਜੇ ਲੱਖ ਰੁਪੱਯਾ ਦੇਵਣ ਤਾਂ।

ਨਿਮਹਿ ਨਹੀਂ ਅਬਿ ਕਰੌਂ ਸੰਘਾਰ' ॥੨੦॥
'ਏਕ ਬਾਤਿ ਕੋ ਨਿਸ਼ਚੈ ਮਾਨਿ।
ਕੈ ਲਿਹੁ ਨਾਤਾ ਕੈ ਦਿਹੁ ਪ੍ਰਾਨ।'
ਸੁਨਿ ਸਤਿਗੁਰੂ ਤਬਿ ਬਾਕ ਅਲਾਵੈਂ।
'ਅਬਿ ਤੇ ਸੁਪਤਿ ਨ ਪੀਯ ਨ ਖਾਵੈਂ ॥੨੧॥
ਬੈਠੇ ਰਹੈਂ ਏਕ ਹੀ ਥਾਨ।
ਕਰਿਹੁ, ਜਥਾ ਕਰਿਬੇ ਮਨ ਜਾਨਿ।'
ਅਪਰ ਕਠੋਰ ਸੁ ਦੁਸ਼ਟ ਬਖਾਨਾ।
ਕਰੇ ਸਿਪਾਹੀ ਗਨ ਸਵਧਾਨਾ ॥੨੨॥
'ਖਰੇ ਰਹੋ ਰਾਖੋ ਤਕਰਾਈ।
ਨਾਂਹਿ ਨ ਖਾਯ ਪੀਯ ਸੁਪਤਾਈ।
ਪਾਂਚੋ ਸਿੱਖਨਿ ਪੌਰ ਮਝਾਰੁ।
ਕੈਦ ਕਰਹੁ ਰਸਰਿਨਿ ਕੋ ਡਾਰਿ ॥੨੩॥
ਇਸ ਕੇ ਪਾਸ ਨ ਆਵਨਿ ਦੀਜੋ।
ਬਾਤਿ ਬਖਾਨਹਿ ਕੋਇ ਨ ਬੀਜੋ[1]।
ਰਖਹੁ ਇਕਾਕੀ ਇਹਾਂ ਬਿਠਾਇ।
ਖਰੋ ਰਹੇ ਇਕ ਨਰ ਇਸ ਥਾਇਂ ॥੨੪॥
ਉਠਨੇ ਦੇਹੁ ਨ ਪੌਢਨਿ ਦੇਹੁ।
ਬੋਲਨਿ ਦੇਹੁ ਨ, ਦੇਖਹੁ ਏਹੁ[2]।'
ਇਮ ਕਹਿ ਸਦਨ ਬਰਯੋ ਨਿਜ ਜਾਇ।
ਮਹਾਂ ਦੁਸ਼ਟ ਬਡ ਖੋਟ ਉਪਾਇ ॥੨੫॥
ਸੋ ਦਿਨ ਬੀਤਿ ਗਯੋ ਨਿਸ ਬੀਤੇ।
ਖਾਨ ਪਾਨ ਬਿਨ ਸਤਿਗੁਰ ਰੀਤੇ[3]।
ਸਿੱਖਨਿ ਮਹਿਂ ਰੌਰਾ ਪਰਿ ਗਇਊ।
'ਗੁਰ ਕਿਤ ਗਏ ਨ ਸੁਧਿ ਕੋ ਪਇਊ' ॥੨੬॥
ਇਤ ਉਤ ਨਗਰ ਬਿਖੈ ਫਿਰਿ ਹੇਰੈਂ।
ਪਿਖੈ ਧਰਮਸਾਲਾਦਿ ਘਨੇਰੈ।
ਸਿੱਖਨਿ ਕੇ ਘਰ ਸਿੱਖ ਫਿਰੰਤੇ।
'ਕਿਤ ਸਤਿਗੁਰੁ ਉਤਰੇ ਗੁਨਵੰਤੇ ॥੨੭॥

---

[1]ਦੂਜਾ।
[2]ਇਹ ਦੇਖੋ ਭਾਵ, ਇਹ ਗਲ ਸਿਰੇ ਚੜ੍ਹੇ।
[3]ਖਾਲੀ (ਰਹੇ)।

ਗਏ ਸ਼ਾਹੁ ਢਿਗ ਬਹੁਰਿ ਨ ਆਏ।
ਕਿਧੌਂ ਸੁਧਾਸਰ ਕੋ ਗਮਨਾਏ।'
ਫਿਰਤਿ ਫਿਰਤਿ ਸਰਕਾਰੀ ਲੋਕ[1]।
ਬੂਝਨਿ ਕੀਨੇ ਸੋ ਅਵਿਲੋਕ ॥੨੮॥
ਤਿਨ ਤੇ ਸੁਧਿ ਗਨ ਸਿੱਖਨਿ ਪਾਏ।
'ਚੰਦੂ ਕੇ ਨਰ ਸੰਗ ਸਿਧਾਏ।
ਤਿਸ ਕੇ ਸਦਨ ਪ੍ਰਵੇਸ਼ਤਿ ਹੇਰੇ।
ਤਿਮਰ ਭਏ ਪਹੁੰਚੇ ਤਿਸਿ ਬੇਰੇ' ॥੨੯॥
ਪ੍ਰੇਮੀ ਸਿੱਖ ਤਹਾਂ ਕੋ ਗਏ।
ਦਿਏ ਕਿਵਾਰ ਬਿਲੋਕਤਿ ਭਏ।
ਅੰਤਰ ਸਿੱਖ ਪਠਤਿ ਇਕ ਬਾਨੀ।
-ਗੁਰੁ ਇਹਠਾਂ ਹੈਂ -ਤਬਿ ਸੁਧਿ ਜਾਨੀ ॥੩੦॥
ਝਿਰਕਨਿ ਕਰਹਿ ਸਿਪਾਹੀ ਤੌਨ[2]।
'ਕਜਾ ਤੂੰ ਬਕਹਿਂ ਬੈਠਿ ਧਰਿ ਮੌਨ।'
ਵਹਿਰ ਖਰੇ ਪਿਖਿ ਦੀਏ ਹਟਾਈ।
'ਖਰੇ ਨ ਹੋਹੁ ਜਾਹੁ ਨਿਜ ਥਾਈਂ' ॥੩੧॥
ਡਰੈਂ ਦੁਸ਼ਟ ਤੇ ਟਰਿ ਕਰਿ ਗਏ।
ਸੁਧ ਆਪਸਿ ਮਹਿਂ ਕਰਤੇ ਭਏ।
ਬਹੁਤ ਬਿਸੂਰਤ ਚਲਹਿ ਨ ਚਾਰਾ[3]।
ਭੈ ਤੇ ਕਰਹਿਂ ਨ ਊਚ ਉਚਾਰਾ ॥੩੨॥
ਪੁਨ ਚੰਦੂ ਗਮਨਜੋ ਗੁਰ ਤੀਰ।
ਨਿਠੁਰ ਸੁਨਾਇ ਕਰਜੋ ਚਹਿ ਭੀਰੁ[4]।
'ਅਬਿ ਬੀ ਮਾਨਿ ਸੁਤਾ ਕੋ ਨਾਤਾ।
ਨਾਂਹਿ ਤ ਪ੍ਰਾਨ ਹੋਹਿੰਗੇ ਘਾਤਾ ॥੩੩॥
ਜੀਵਤਿ ਨਹਿਂ ਤਜਾਗੌਂ ਅਬਿ ਤੋਹੀ।
ਬਹੁ ਦਿਨ ਕੀ ਚਿੰਤਾ ਲਗਿ ਮੋਹੀ।
ਦਿਯੋ ਕਸ਼ਟ ਪਤਿ ਸਭਿ ਮੈਂ ਖੋਈ।
ਅਬਿ ਲੌ ਤ੍ਰਾਸ ਭਯੋ ਨਹਿਂ ਕੋਈ ॥੩੪॥

---

[1]ਸਰਕਾਰ ਦੇ ਲੋਕ।
[2]ਤਿਨ੍ਹਾਂ ਨੂੰ।
[3]ਵੱਸ ਨਹੀਂ ਚੱਲਦਾ।
[4]ਕਮਜ਼ੋਰ ਦਿਲ ਕਰਨਾ ਚਾਹੁੰਦਾ ਹੈ।

ਆਨਹੁ ਅਗਨਿ ਤਪਾਵਹੁ ਨੀਰ।
ਬੀਚ ਬਿਠਾਵਹੁ ਤਪਹਿ ਸਰੀਰ।
ਮੈਂ ਜਿਨ ਤਪਤਜੋ ਦਿਨ ਅਰੁ ਰਾਤੀ।
ਮਹਾਂ ਕਸ਼ਟ ਤੇ ਸੁਲਗਤਿ ਛਾਤੀ ॥੩੫॥
ਤਿਮ ਤਪਤਾਵੋ ਬਿਲਮ ਨ ਲਾਵਹੁ।
ਨਾਹਿ ਤ ਲੇ ਨਾਤਾ ਮਨਵਾਵਹੁ।'
ਸੁਨੀ ਦੁਸ਼ਟ ਕੀ ਆਇਸੁ ਜਬੈ।
ਜਲ ਭਰਿ ਦੇਗ ਚਢਾਇਸਿ ਤਬੈ ॥੩੬॥
ਸਮਧਾ ਬਾਰਿ ਬਾਰਿ* ਤਪਤਾਯੋ[1]।
ਬਾਰਿ ਬਾਰਿ -ਲਿਹੁ ਮਾਨਿ- ਸੁਨਾਯੋ[2]।
ਸੁਨਿ ਸਤਿਗੁਰੁ ਕੁਛ ਰਿਦੈ ਨ ਆਨੀ।
ਚਿਤੈਂ ਸ੍ਰਾਪ ਕਾਨ੍ਹਾ ਬ੍ਰਹਮ ਗਜਾਨੀ+ ॥੩੭॥
ਕਹਜੋ ਬਾਕ 'ਹਮ ਕੋ ਡਰਪਾਵੈਂ।
ਜਿਮ ਪੂਰਬ[3] ਤਿਮ ਹੀ ਬਨਿ ਆਵੈ।
ਨਹਿਂ ਤੁਵ ਦੁਹਿਤਾ ਲੇਂ ਕਬਿ ਨਾਤਾ।
ਚਿਤ ਜੇ ਚਹਤਿ ਪ੍ਰਾਨ ਕਰਿ ਘਾਤਾ ॥੩੮॥
ਜਿਤੀ ਅਵੱਗਜਾ ਕਰੈਂ ਦੁਖਾਵੈਂ।
ਤਿਤੋ ਅੰਤ ਦੁਖ ਲਹਿਂ ਪਛੁਤਾਵੈਂ।
ਕ੍ਰੋਧ ਬਸੀ ਹੁਇ ਜਿਮ ਅਘ ਕਰਤਾ।
ਪਰਹਿਂ ਨਰਕ ਜਮਫਾਸੀ ਧਰਤਾ' ॥੩੯॥
ਕਹਿ ਚੰਦੂ 'ਅਬਿ ਗਜਾਨ ਸੁਨਾਵਤਿ।
ਕੂਕਰ ਕਹਜੋ ਨ ਡਰਿ ਡਰਪਾਵਤਿ।
ਤਿਸਕੋ ਫਲ ਅਬਿ ਲੇਹੁ ਮਹਾਨਾ।
ਦੇਉਂ ਸਜਾਇ ਪ੍ਰਾਨ ਕਰ ਹਾਨਾ' ॥੪੦॥
ਗੁਰੂ ਭਨਜੋ 'ਜੇ ਨਹਿਂ ਤਬਿ ਕਹਜੋ।
ਤਊ ਕਹਜੋ ਜੈਸੇ ਕਰਿ ਚਹਜੋ[4]।'
ਕਹਿ ਚਾਕਰ ਸੋ ਦੇਗ ਉਬਾਰੀ।

---

*ਪਾ:-ਤਲੇ।
[1]ਬਾਲਣ ਬਾਲਕੇ ਪਾਣੀ ਤਪਾਇਆ।
[2]ਵਾਰੰਵਾਰ ਸੁਣਾਇਆ 'ਮੰਨ ਲੌ।'
+ਇਹ ਗੱਲ ਠੀਕ ਨਹੀਂ ਜਾਪਦੀ ਸਤਿਗੁਰ ਤਾਂ ਇਸ ਵੇਲੇ ਆਪਣੇ ਉੱਚੀਆਂ ਆਤਮ ਤਕੜਾਈਆਂ ਵਿਚ ਸਨ।
[3]ਪਹਿਲੇ (ਕਹਿਆ ਹੈ ਅਸਾਂ ਨੇ)।
[4]ਜਿਵੇਂ ਚਾਹੁੰਦਾ ਹੈਂ ਕਰ।

'ਪਕਰੋ ਦੇਹੁ ਤਿਸੀ ਮਹਿਂ ਡਾਰੀ' ॥੪੧॥
ਤਬਿ ਸਤਿਗੁਰੁ ਉਠਿ ਆਪੇ ਗਏ।
ਤਪਤਿ ਨੀਰ ਮਹਿ ਬੈਠਤਿ ਭਏ।
ਹਾਹਾਕਰਿ ਹੇਰਿ ਸਿਖ ਕਰੈਂ।
ਉਠੵੋ ਪਿਰਾਣਾ ਸ਼ਕਤਿ ਨ ਜਰੈ ॥੪੨॥
ਗੁਰੁ ਦਿਸ਼ਿ ਚਲੵੋ ਕਿ -ਲਉਂ ਉਬਾਰੀ।
ਹਤੌਂ ਦੁਸ਼ਟ ਚੰਦੂ ਦੁਰਚਾਰੀ-।
ਤਬਹਿ ਸਿਪਾਹੀ ਗਹਿ ਕਰਿ ਸੋਟਾ।
ਦੁਇ ਤ੍ਰੈ ਹਤੇ ਜਾਤਿ ਕੋ ਹੋਟਾ[1] ॥੪੩॥
ਸਤਿਗੁਰੁ ਕਹੵੋ 'ਨ ਆਵੋ ਤੀਰ।
ਪਰਹਿ ਦੁਸ਼ਟ ਜਰ ਖਾਰੇ ਨੀਰ[2]।
ਹਮ ਤੌਂ ਤਜਹਿਂ ਆਪਨੇ ਪ੍ਰਾਨ।
ਲੇਹੁ ਸਾਸਨਾ ਤੁਮ ਕੵੋਂ ਆਨਿ' ॥੪੪॥
ਖਰੵੋ ਦੂਰ, ਕਰ ਜੋਰਿ ਪਿਰਾਣਾ।
ਸ਼ਕਤਿ ਦਿਖਾਵਨਿ ਹੇਤੁ ਵਖਾਣਾ[3]।
'ਪ੍ਰਭੁ ਜੀ ! ਰਹੵੋ ਜਾਇ ਨਹਿਂ ਮੋ ਤੇ।
ਰਾਵਰ ਕੋ ਏਤਿਕ ਦੁਖ ਹੋਤੇ ॥੪੫॥
ਦਿੱਲੀ ਲਵਪੁਰਿ ਨਗਰ ਬਿਸਾਲੇ।
ਅਬਿ ਲੇਵੌਂ ਨਿਜ ਹਾਥ ਉਠਾਲੇ।
ਦੁਹਨਿ ਭਿਰਾਵੌਂ ਜਿਉਂ ਕਰ ਤਾਰੀ[4]।
ਦੇਉਂ ਨਾਸ ਕਰਿ, ਲਗਹਿ ਨ ਬਾਰੀ[5] ॥੪੬॥
ਕੵੋਂ ਇਤਨੇ ਦੁਖ ਸਹਹੁ ਗੁਸਾਈਂ।
ਦਿਹੁ ਸ਼ਾਰਤ ਮੁਖ ਕਹਹੁ ਨ ਕਾਈ।'
ਸੁਨਿ ਸਤਿਗੁਰੁ ਕਹਿ 'ਕਿਹ ਤੇ ਪਾਈ?
ਜੇ ਚਾਹਤਿ ਅਬਿ ਸ਼ਕਤਿ ਦਿਖਾਈ' ॥੪੭॥
'ਸੁਨਹੁ ਗੁਰੂ ! ਕਰਿ ਸੇਵ ਤੁਮਾਰੀ।
ਭਯੋ ਕ੍ਰਿਪਾ ਤੇ ਪ੍ਰਾਕ੍ਰਮ ਭਾਰੀ।
ਚੰਦੂ ਦੁਸ਼ਟ ਮੂਢ ਕਜਾ ਅਹੈ।

---

[1]ਰੋਕਿਆ।
[2]ਦੁਸ਼ਟ ਦੀ ਜੜ੍ਹ ਖਾਰੇ ਪਾਣੀ ਵਿਚ ਪੈ ਰਹੀ ਹੈ।
[3]ਕਹਿਆ।
[4]ਭਿੜਾ ਦੇਵਾਂ ਜਿਵੇਂ ਹੱਥਾਂ ਦੀ ਤਾੜੀ।
[5]ਦੇਰ।

ਨਾਸੌਂ ਤੁਰਕ ਨਾਮ ਨਹਿਂ ਰਹੈ ॥੪੮॥
ਜਿਨ ਕੇ ਰਾਜ ਮਹਾਂ ਅੰਨਜਾਇ।
ਤੁਮ ਸਮ ਕੋ ਅਸ[1] ਹੋਤਿ ਸਜਾਇ।'
ਗੁਰੂ ਕਹ੍ਯੋ 'ਜਿਨ ਕੀ ਕਰਿ ਸੇਵਾ।
ਲਈ ਸ਼ਕਤਿ ਧਾਰਤਿ ਅਹੰਮੇਵਾ ॥੪੯॥
ਤਿਨ ਮਹੁਂ ਸ਼ਕਤਿ ਅਹੈ ਕੈ ਨਾਂਹੀ?
ਕਿਮ ਜਾਨਤਿ ਅਪਨੇ ਮਨ ਮਾਂਹੀ।
ਜੇ ਜਾਨਤਿ ਤੂਸ਼ਨਿ ਕਰਿ ਰਹੋ।
ਬੈਠੇ ਪਿਖਹੁ ਨਹੀਂ ਕੁਛ ਕਹੋ ॥੫੦॥
ਨਾਂਹਿ ਤ ਛੂਛੋ ਹੀ ਰਹਿ ਜੈ ਹੈਂ।
ਖੋਇ ਸ਼ਕਤਿ ਕੋ ਪੁਨ ਪਛੁਤੈ ਹੈਂ।
ਹਮ ਨੇ ਇਮ ਹੀ ਕਾਰਨ ਕਰਨਾ।
ਤੂੰ ਨਹਿਂ ਲਖੈਂ ਏਵ ਆਚਰਨਾ[2]* ॥੫੧॥
ਪਰਮ ਬਿਸੂਰਤਿ[3] ਤੂਸ਼ਨਿ ਹੋਵਾ।
ਨੀਚ ਗ੍ਰੀਵ ਕਰਿ ਊਚ ਨ ਜੋਵਾ।
ਸਤਿਗੁਰੁ ਬੈਠੇ ਦੇਗ ਮਝਾਰੀ।
ਤਰੇ ਦੁਸ਼ਟ ਬਹੁ ਸਮਧਾ ਜਾਰੀ ॥੫੨॥
ਅਗਨਿ ਧਾਰਿ ਉਰ ਡਰ ਸਮੁਦਾਊ।
ਕਰ੍ਯੋ ਬਿਪਰਜੈ[4] ਅਪਨਿ ਸੁਭਾਊ।
ਤੇਜ ਛੋਰਿ ਕਰਿ ਸੀਤਲ ਹੋਵਾ।
ਗੁਰੁ ਤਨ ਤਾਪ ਤਨਕ ਨਹਿਂ ਜੋਵਾ ॥੫੩॥
ਦੋਹਰਾ: ਕਿਤਿਕ ਕਾਲ ਬੈਠੇ ਰਹੇ, ਪੁਨ ਖਲ ਕਹਿ ਨਿਕਸਾਇ।
ਗਯੋ ਸਦਨ ਨਿਜ ਮੂਢ ਮਤਿ, ਮਹਿਮਾ ਲਖੀ ਨ ਕਾਇ ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗੁਰੁ' ਪ੍ਰਸੰਗ ਬਰਨਨੰ ਨਾਮ ਚਤੁਰਤ੍ਰਿੰਸਤੀ ਅੰਸੂ ॥੩੪॥

---

[1]ਐਸੀ।
[2]ਕਰਤੱਵ ਨੂੰ।
*ਇਥੇ ਭਾਣੇ ਮੰਨਣ ਤੇ ਸ਼ਕਤੀਮਾਨ ਹੋਕੇ ਦੁਖ ਝੱਲਣ ਦਾ ਕਮਾਲ ਗੁਰੂ ਜੀ ਦੇ ਕਵਿ ਜੀ ਨੇ ਦਿਖਾਏ ਹਨ।
[3]ਝੂਰਕੇ।
[4]ਉਲਟਾ।

੩੫. [ਚੰਦੂ ਦੀ ਨੂੰਹ। ਬਾਰੂ ਤਪਤ]

੩੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੬

ਦੋਹਰਾ: ਗ੍ਰਿਹ ਚੰਦੂ ਕੇ ਸੁਧਿ ਭਈ, ਸਤਿਗੁਰੁ ਕੋ ਦੁਖ ਦੇਤਿ।
ਕਿਸੇ ਸਿੱਖ ਕੀ ਸੁਤਾ ਥੀ, ਪਾਪੀ ਨੁਖਾ ਨਿਕੇਤਿ[1] ॥੧॥
ਚੌਪਈ: ਸੁਨਿ ਪ੍ਰਸੰਗ ਦਲਕਯੋ[2] ਤਿਸ ਰਿਦਾ।
-ਮਮ ਨੈਹਰਿ[3] ਮਾਨਹਿਂ ਜਿਹ ਸਦਾ।
ਅਨਿਕ ਕਾਮਨਾ ਜਾਚਤਿ ਪਾਈ।
ਗੁਰੁ ਗੁਰੁ ਸਿਮਰਤਿ ਨਿਤ ਸੁਖਦਾਈ ॥੨॥
ਸਸੁਰ ਪਾਤਕੀ ਤਿਹ ਦੁਖ ਦੇਤਿ।
ਕੋ ਅਘ ਤੇ ਮੈਂ ਇਨਹੁਂ ਨਿਕੇਤ।
ਕਿਤਿਕ ਦਿਵਸ ਤੇ ਪਿਯੋ ਨ ਪਾਨੀ।
ਖਾਇ ਨ ਭੋਜਨ ਨਿੰਦ੍ਰਾ ਹਾਨੀ ॥੩॥
ਧਿਕ ਜੀਵਨ ਇਸ ਘਰ ਮਹਿਂ ਮੇਰੋ।
ਗੁਰੁ ਕੋ ਦੁਖ ਸੁਨਿ ਥਿਰ ਹ੍ਵੈ ਹੇਰੋ[4]-।
ਰਹਯੋ ਨ ਗਯੋ ਮਿਠਾਈ ਘੋਰੀ[5]।
ਕੁਛ ਭੋਜਨ ਲੈ ਗਮਨੀ ਚੋਰੀ ॥੪॥
ਪਹੁਂਚੀ ਜਿਹ ਠਾਂ ਖਰੇ ਸਿਪਾਹੀ।
ਸੁਕਚਤਿ ਡਰਤਿ ਜਾਤਿ ਨਹਿਂ ਪਾਹੀ।
ਇਕ ਹਕਾਰ ਕਰਿ ਅਪਨੇ ਪਾਸ।
ਦੀਨਸਿ ਜ਼ੇਵਰ ਤਿਨਹਿ ਨਿਕਾਸਿ ॥੫॥
'ਰਾਖੋ ਗੁਪਤ ਸੁਨਾਵਹੁ ਨਾਂਹੀ।
ਮੈਂ ਇਕ ਬੇਰਿ ਜਾਉਂ ਗੁਰ ਪਾਹੀ।'
ਧਰੇ ਲੋਭਿ ਤੂਸ਼ਨਿ ਹੁਇ ਰਹੈਂ।
'ਜਾਇ ਤੁਰਤ ਆਵਹੁ' ਬਚ ਕਹੇ ॥੬॥
'ਚੰਦੁ ਪਾਤਕੀ ਲਖਹਿ ਨ ਜਿਸ ਤੇ।
ਹਮਹੁ ਨਿਕਾਸਹਿ ਨਹਿਂ ਮਨ ਰਿਸ ਤੇ।'
ਗਈ ਗੁਰੂ ਢਿਗ ਦੇਖਤਿ ਰੋਈ।
ਨਮੋ ਠਾਨਿ ਕਹਿ ਬਿਨੈ ਭਿਗੋਈ[1*] ॥੭॥

---

[1]ਪਾਪੀ ਦੀ ਨੂੰਹ, ਘਰ (ਵਿਚ)।
[2]ਕੰਬਿਆ।
[3]ਮੇਰੇ ਪੇਕੇ, ਮਾਪੇ।
[4]ਬੈਠਕੇ ਵੇਖਦੀ ਹਾਂ।
[5]ਮਿੱਠਾ ਘੋਲਿਆ।

'ਸ੍ਰੀ ਸਤਿਗੁਰੂ ਜੀ! ਪੀਜਹਿ ਪਾਨੀ।
ਲਿਹੁ ਅਹਾਰ ਕੋ ਕੀਜਹਿ ਖਾਨੀ।
ਪਾਪੀ ਕੇ ਸੁਤ ਸੋਂ ਮੈਂ ਬਜਾਹੀ।
ਹੁਤੀ ਜੋਗਤਾ ਐਸੇ ਨਾਂਹੀ ॥੮॥
ਕਰਜੋ ਪਾਪ ਕੋ ਆਗੇ ਆਯਵ।
ਜਿਸ ਕਰਿ ਇਨ ਕੇ ਸਦਨ ਬਸਾਯਵ[੨]।
ਤੁਮਰੇ ਸਿਖ ਕੀ ਸੁਤਾ ਪਛਾਨਹੁ।
ਨਿਜ ਦਾਸਨਿ ਲਖਿ ਕਰੁਨਾ ਠਾਨਹੁ' ॥੯॥
ਪਿਖਿ ਸਤਿਗੁਰੁ ਸ੍ਰੀ ਮੁਖ ਤੇ ਭਾਖਾ।
'ਸਾਧੁ ਤੋਹਿ ਅਸ ਭਾਉ ਜਿ ਰਾਖਾ।
ਜੇ ਕਰਿ ਚਹਿੰ ਅਪਨੀ ਕੱਲਜਾਨਾ।
ਸੰਗ ਹਮਾਰੇ ਤਜਾਗਹੁ ਪ੍ਰਾਨਾ[+] ॥੧੦॥
ਜਰਾਂ ਉਖੇਰਹਿਂ ਚੰਦੂ ਕੇਰੀ।
ਮਰਹਿ ਜਬੈ ਦੋਜ਼ਕ ਮਹਿਂ ਗੇਰੀ।
ਇਹਾਂ ਹਮਾਰੋ ਪਲਟਾ ਲੈ ਕੇ।
ਹਤਹਿਂ ਕੁਮੌਤ ਮਹਾਂ ਦੁਖ ਦੈ ਕੈ ॥੧੧॥
ਸਕਲ ਸਦਨ ਇਸ ਹੋਇ ਖਰਾਬ।
ਥਿਰਹਿ ਨ ਕਿਮ[੩], ਇਮ ਬਨਹਿ ਸ਼ਿਤਾਬ।
ਅਖਲ ਕੁਟੰਬ ਅਲੰਬ ਬਿਹੀਨੇ।
ਰੋਦਤਿ ਮਰਹਿਂ ਮਹਾਂ ਦੁਖ ਲੀਨੇ[੪] ॥੧੨॥
ਰਾਖਹੁ ਗੋਪ ਬਤਾਵਹੁ ਕਾਹਿ ਨ।
ਸੰਕਟ ਇਨਹੁ ਸੰਗ ਸਹਿ ਨਾਹਿਨ[੫]।
ਖਾਨ ਪਾਨ ਇਸ ਤੇ ਘਰ ਕੇਰਾ।
ਹਮ ਨਹਿਂ ਕਰਹਿਂ, ਜਾਹੁ ਲੇ ਫੇਰਾ' ॥੧੩॥

---

[੧]ਭਿੱਜੀ ਹੋਈ।
[*]ਪਾ:-ਕਰ ਬਿਨੈ ਬਿਗੋਈ।
[੨]ਵਸੀ ਹਾਂ।
[+]ਭਾਵ ਇਹ ਹੈ ਕਿ ਤੂੰ ਨਾਮ ਰਸੀਆ ਇਸ ਪਾਪ ਮੰਡਲ ਦੇ ਲਾਇਕ ਨਹੀਂ। ਪ੍ਰਾਣ ਤਿਆਗਣੇ ਬ੍ਰਿਤੀ ਅਰੂਢ ਲੋਕਾਂ ਲਈ ਖਾਸ ਦਰਜੇ ਤੇ ਅਖਤਿਆਰ ਵਿਚ ਹੁੰਦੇ ਹਨ। ਅੱਗੇ ਗੁਰੂ ਜੀ ਚੰਦੂ ਦੀ ਭਵਿੱਖਤ ਦੱਸਦੇ ਹਨ ਤੇ ਅੱਗੇ ਚਲਕੇ ਅੰਸੂ ੩੭ ਅੰਕ ੪੩ ਵਿਚ ਦਸਦੇ ਹਨ ਕਿ ਬੀਬੀ ਜੀ ਤ੍ਰਿਣ ਵਾਂਙੂ ਸਰੀਰ ਤਿਆਗ ਗਏ, ਭਾਵ ਹੈ ਕਿ ਨਿਜ ਇੱਛਾ ਨਾਲ ਹੀ ਟੁਰ ਗਏ, ਜਿਵੇਂ ਜੋਗੀ ਜਾਂਦਾ ਹੈ।
[੩]ਟਿਕੇਗਾ ਨਹੀਂ ਕਿਵੇਂ।
[੪]ਦੁਖ ਲੈਕੇ ਯਾ ਦੁਖ ਵਿਚ ਲੀਨ ਹੋਏ ਹੋਏ।
[੫]ਨਾਂ ਸਹਾਰੋ।

ਸੁਨਿ ਸਤਿਗੁਰੁ ਤੇ ਸਗਰੀ ਬਾਤ।
ਆਛੋ ਲਖ੍ਯੋ ਪ੍ਰਾਨ ਕੋ ਘাত।
ਕਹਤਿ 'ਆਪਨੇ ਸੰਗ ਮਿਲਾਵਹੁ।
ਕਰਹੁ ਕ੍ਰਿਪਾ ਲੇ ਸੰਗ ਸਿਧਾਵਹੁ' ॥੧੪॥
ਅੰਗੀਕਾਰ ਨ ਗੁਰੁ ਕੁਛ ਕੀਨੋ।
ਹਟਿ ਗਮਨੀ ਮਰਿਬੋ ਨਿਜ ਚੀਨੋ।
ਅਧਿਕ ਦੁਖੀ ਹੁਇ ਪਰੀ ਬਿਚਾਰੀ।
ਬਸਿ ਨ ਬਸਾਵਹਿ ਹੁਈ ਲਚਾਰੀ ॥੧੫॥
ਬੀਤਿ ਜਾਮਨੀ ਸੋ ਤਬਿ ਗਈ।
ਬੈਠੇ ਗੁਰੁ ਪ੍ਰਭਾਤਿ ਤਬਿ ਭਈ।
ਚੰਦੂ ਦੁਸ਼ਟ ਬਿਚਾਰਤਿ ਮਨ ਮੈਂ।
-ਅਗਨਿ ਤਾਪ ਤੇ ਪੀਰ ਨ ਤਨ ਮੈਂ ॥੧੬॥
ਤ੍ਰਾਸ ਪਾਇ ਨਹਿਂ ਮਾਨੀ ਬਾਤ।
ਨਹਿਂ ਜਾਨਤਿ ਮੇਰੋ ਹੁਇ ਘਾਤਿ।
ਤਪਤ ਬਾਰਿ ਕੀ[1] ਲਗੀ ਨ ਕੋਊ।
ਬਾਰੂ ਤਪਤਿ[2] ਲਗਾਇਵ ਸੋਊ- ॥੧੭॥
ਇਮਿ ਚਿਤਵਤਿ ਹੀ ਖਾਇ ਅਹਾਰਾ।
ਆਇ ਪਾਤਕੀ ਬਡ ਹੱਤਜਾਰਾ।
ਪੌਰ ਬਿਖੈ ਸਿੱਖਨਿ ਕੋ ਹੇਰਾ।
ਠਾਂਢੋ ਹੋਇ ਕਹ੍ਯੋ ਤਿਸ ਬੇਰਾ ॥੧੮॥
'ਇਹ ਸਿਖ ਰੰਕ ਕਹਤਿ ਕਜਾ ਕਾਲੀ।
ਕਰਹੁ ਤਾੜਨਾਂ ਇਨਹਿ ਬਿਸ਼ਾਲੀ।
ਡਰਪਾਵਤਿ ਮੁਹਿ ਅਚਰਜ ਦੇਬਾ[3]।
ਛੁਟਿਬੇ ਕਾਰਨ ਕਰਤਿ ਫਰੇਬਾ ॥੧੯॥
ਮੁਸ਼ਕਲ ਮੁਝ ਤੇ ਹੋਨਿ ਖਲਾਸੀ।
ਮਾਨਹਿ ਜੇ ਨਹਿਂ ਤੌ ਦੇ ਫਾਸੀ।
ਇਨ ਜੈਸਨਿ ਤੇ[4] ਸੁਨਿ ਗਰਬਾਯੋ।
ਨਹੀਂ ਮੋਹਿ ਕਹੁ ਮਨਮਹਿਂ ਲਜਾਯੋ' ॥੨੦॥

---

[1]ਜਲ ਦੀ ਤੱਪਸ਼।
[2]ਰੇਤ ਤੱਤੀ।
[3]ਡਰਾਂਵਦਾ ਸੀ ਮੈਨੂੰ ਅਸਚਰਜਤਾ ਦੇਕੇ।
[4]ਇਸ ਤਰ੍ਹਾਂ ਸਿਖਾਂ ਤੋਂ।

ਇਮ ਕਹਿ ਸੋਟੇ ਕੁਛ ਮਰਵਾਏ।
ਰਹੇ ਮੌਨਿ ਗੁਰ ਤੇ ਡਰਪਾਏ।
ਨਹੀਂ ਸ਼ਕਤਿ ਕਿਨ ਕੀਨਿ ਦਿਖਾਵਨਿ।
ਬੈਠਿ ਰਹੇ ਕਰਿ ਮਨ ਮੁਰਝਾਵਨਿ ॥੨੧॥
ਪੁਨ ਗਮਨਜੋ ਸਤਿਗੁਰ ਕੇ ਪਾਸ।
ਕਹੈ ਕੁਬਾਕ ਉਪਾਵਹਿ ਤ੍ਰਾਸ।
'ਕੂਕਰ ਕਹਿਬੇ ਕੋ ਫਲ ਜੋਈ।
ਲਹਜੋ ਕਿ ਨਹੀਂ ਬਤਾਵਹੁ ਸੋਈ ॥੨੨॥
ਅਬਿ ਲੌ ਕਹਾਂ ਸਾਸਨਾ ਬਨੀ[1]।
ਦੇਖਹੁ ਆਜ ਹੋਹਿ ਜਿਮ ਘਨੀ।
ਹੋਤਿ ਨਹੀਂ ਮੈਂ ਮਿੱਥਯਾ ਬਾਦੀ[2]।
ਦਜੋਂ ਅਤਿ ਗ਼ਮੀ ਕਿ ਦਜੋਂ ਅਬਿ ਸ਼ਾਦੀ ॥੨੩॥
ਜਿਸ ਧਨ ਕੋ ਠਾਨਤਿ ਹੰਕਾਰ।
ਸੋ ਸਭਿ ਜਪਤਿ[3] ਕਰੋਂ ਘਰ ਬਾਰਿ।
ਪ੍ਰਥਮ ਕਰੋਂ ਤੇਰੇ ਤਨ ਘਾਤਿ।
ਪੁਨ ਗਹਿਵਾਇ ਲੇਹੁਂ ਤੁਵ ਤਾਤ ॥੨੪॥
ਨਾਤਾ ਮਾਨਹਿਂ ਕਰੋਂ ਖਲਾਸੀ।
ਨਾਂਹਿ ਤ ਹਤੌਂ ਘਾਲਿ ਗਰ ਫਾਸੀ[4]।
ਤਬਿ ਪ੍ਰਾਪਤਿ ਹੁਇ ਮਨ ਚਿਤ ਸ਼ਾਂਤੀ।
ਬਿਧਵਾ ਲਖੌਂ ਸੁਤਾ ਪਸ਼ਚਾਤੀ' ॥੨੫॥
ਇਮ ਕਹਿ ਭਾਠ ਬਿਕੈ ਤੇ ਬਾਰੂ।
ਮੰਗਵਾਇਸ ਤਿਹ ਕਰਹਿ ਨਿਹਾਰੂ।
ਤਪਤ ਕਰਨਿ ਕੀ ਆਇਸੁ ਦਈ।
ਬਹੁ ਸਮਧਾ ਊਪਰ ਤਿਸ ਪਈ ॥੨੬॥
ਦੇ ਦੇ ਆਂਚਿ[5] ਤਪਤਿ ਕਰਿਵਾਯੋ।
ਅਗਨਿ ਸਮਾਨ ਤੇਜ ਪ੍ਰਵਿਸ਼ਾਯੋ।
ਇਕ ਜੇਸਠ ਕੀ ਰੁਤਿ ਅਤਿ ਘਾਮ।
ਮਹਾਂ ਤਪਤਿ ਤੇ ਤਪਹਿ ਤਮਾਮ ॥੨੭॥

---

[1]ਹੁਣ ਤੱਕ ਕੀ ਸਜ਼ਾ ਹੋਈ ਹੈ।
[2]ਝੂਠ ਕਹਿਣ ਵਾਲਾ।
[3]ਜ਼ਬਤ = ਖੋਹ ਲੈਣਾ। [ਅ: ਜ਼ਬਤ]
[4]ਗਲ ਵਿਚ ਫਾਹੀ ਪਾਕੇ।
[5]ਅੱਗ।

ਲੋਵਾਂ ਚਲਹਿਂ ਸਹੀ ਨਹਿਂ ਜਾਹਿਂ।
ਪੁਨ ਪਾਵਕ ਕੋ ਭਾ ਬਹੁ ਦਾਹਿ।
ਜਿਸ ਦਿਨ ਤੇ ਪ੍ਰਵਿਸ਼ੇ[1] ਗੁਨਖਾਨੀ।
ਅਚਜੋ ਨ ਭੋਜਨ ਪਿਯੋ ਨ ਪਾਨੀ ॥੨੮॥
ਸਿਕਤਾ ਤਪਤਿ ਬਿਲੋਕਤਿ ਬੋਲਾ।
ਮਨੋ ਨਰਕ ਦਰ ਢਾਂਪਨਿ ਖੋਲਾ[2]।
'ਲਜਾਵਹੁ ਵਹਿਰ ਦਿਖਾਇ ਬਿਠਾਵਹੁ।
ਨਹਿਂ ਜੇ ਕਰੈ ਤ੍ਰਾਸ ਉਪਜਾਵਹੁ ॥੨੯॥
ਤਬਿ ਸਤਿਗੁਰੁ ਉਠ ਬਾਹਿਰ ਆਏ।
ਧਰਨੀ ਧਰਨੀ ਧੀਰ ਸਿਖਾਏ[3]।
ਹਰਖ ਸ਼ੋਕ ਕੋ ਲੇਸ਼ ਨ ਰਿਦੇ।
ਤਨ ਹੰਤਾ ਉਤਪਤਿ ਨਹਿਂ ਕਦੇ ॥੩੦॥
ਜਸ ਆਵਸਥਾ ਹੁਇ ਬ੍ਰਹਮ ਗਜ਼ਾਨੀ।
ਜਗ ਮਹਿਂ ਜਨੁ ਜਨਾਇ ਬਿਦਮਾਨੀ[4]।
ਭੂਖ ਨ ਪਜ਼ਾਸ ਨ ਮੁਖ ਮੁਰਝਾਇਆ।
ਮਨ ਕੀ ਬ੍ਰਿਤਿ ਇਕ ਰਸ ਸੁਖ ਪਾਇਆ ॥੩੧॥
ਕਹਸਿ ਕਠੋਰ ਚੰਦੁ ਕੁਲਘਾਤੀ।
'ਇਨ ਕੀਨਸਿ ਛਾਤੀ ਮੁਝ ਤਾਤੀ।
ਤਿਮ ਅਬਿ ਤਪਤਾਵਹੁ ਉਤਪਾਤੀ[5]।
ਇਸ ਤੇ ਪਰੇ ਨ ਅਪਰ ਅਰਾਤੀ[6] ॥੩੨॥
ਧਰੀ ਮੋਨ ਅਬਿ ਆਇ ਨ ਬਾਨੀ।
ਬੈਠਤਿ ਬੋਲਤਿ ਬਨਿ ਬ੍ਰਹਮ ਗਜ਼ਾਨੀ।
ਕੂਕਰ ਕਹਜੋ ਕਲੰਕਤਿ ਕੀਯੋ।
ਅਬਿ ਤਾਪਹੁ ਜਿਮ ਤਪਿ ਮਮ ਹੀਯੋ[7]' ॥੩੩॥
ਸਿਕਤਾ ਤਪਤ ਅਰੂਢਨਿ ਲਾਗੇ।
ਬੋਲੇ 'ਸੁਨੀਯਹਿ ਮੂਢ ਕੁਭਾਗੇ !

---

[1](ਚੰਦੂ ਦੇ ਘਰ) ਵੜੇ।
[2]ਮਾਨੋ (ਆਪਣੇ) ਨਰਕ (ਪੈਣ ਦੇ) ਦਰਵੱਜੇ (ਦਾ) ਢੱਕਣ ਖੋਲ੍ਹਿਆ ਹੈ।
[3](ਜਿਨ੍ਹਾਂ ਨੇ) ਧਰਤੀ ਨੂੰ ਧੀਰਜ ਧਾਰਨਾ ਸਿਖਾਇਆ ਹੈ। (ਅ) ਧਰਤੀ (ਵਾਂਙ) ਧੀਰਜ ਧਾਰਨਾ।
[4]ਮਾਨੋ ਜਣਾਕੇ ਪ੍ਰਗਟ ਕੀਤੀ ਹੈ (ਬ੍ਰਹਮ ਗਿਆਨੀ) ਦੀ ਦਸ਼ਾ।
[5]ਉਪੱਦ੍ਰਵੀ।
[6]ਵੈਰੀ।
[7]ਜਿਵੇਂ ਤਪਦਾ ਹੈ ਮੇਰਾ ਹਿਰਦਾ।

ਅਪਨੋ ਭਾਖਯੋ ਨਹੀਂ ਬਿਚਾਰਤਿ।
ਕੂਕਰ ਹ੍ਵੈ ਕਿਰਾੜ ਝਖ ਮਾਰਤਿ ॥੩੪॥
ਸਕਲ ਬੰਸ ਕੀ ਜਰਾਂ ਉਖਾਰਹਿ।
ਅਪਨੇ ਪਰ ਅਪਦਾ ਬਹੁ ਡਾਰਹਿਂ।
ਦੋਜ਼ਕ ਦੀਰਘ ਦੁਖਦ ਸਹੇਰੈਂ[1]।
ਮਰਿ ਕੁਮੌਤਿ ਤੂਰਨ ਫਲ ਹੇਰੈਂ ॥੩੫॥
ਹਮ ਤੋ ਤਜਾਗਨਿ ਅਹੈ ਸਰੀਰ।
ਸਮਾ ਆਨਿ ਪਹੁਂਚਯੋ ਅਤਿ ਤੀਰ।'
ਇਮ ਬੋਲਤਿ ਆਰੂਢਨਿ ਕਰੇ।
ਰੇਤ ਹੁਤਾਸਨ ਸਮ[2] ਪਰਿ ਖਰੇ ॥੩੬॥
ਸਿਖ ਲੰਗਾਹੁ ਪਿਰਾਣਾ ਦੌਨ।
ਇਕ ਬਾਰੀ ਦੌਰੇ ਮਨ ਭੌਨ।
-ਤਪਤ ਰੇਤ ਪਰ ਹਮ ਤਨ ਪਰੇ।
ਸੁਖ ਸੋਂ ਹੁਇਂ ਗੁਰੁ ਊਪਰ ਖਰੇ[3] ॥੩੭॥
ਇਨ[4] ਕਾਰਨ ਨਿਕਸਹਿਂ ਜੇ ਪ੍ਰਾਂਨ।
ਤੌ ਹਮ ਹੋਵਹਿਂ ਧੰਨ ਮਹਾਨ।
ਨਹਿਂ ਇਨ ਕੋ ਦੁਖ ਦੇਖਨਿ ਕਰੈਂ।
ਆਛੀ ਬਾਤ ਦੇਹਿ ਪਰਹਰੈਂ- ॥੩੮॥
ਹੇਰਤਿ ਚੰਦੂ ਸਿਪਾਹੀ ਪ੍ਰੇਰੇ।
ਲਏ ਲਸ਼ਟਕਾ ਧਾਇ ਘਨੇਰੇ।
ਹਾਥਨਿ ਪਰ ਪੈਰਨਿ ਪਰ ਮਾਰਿ।
ਗਹਿ ਕਰਿ ਮੋਰੇ ਬਹੁ ਬਲ ਧਾਰਿ ॥੩੯॥
ਸ੍ਰੀ ਗੁਰੁ ਕਰਹਿਂ ਬਰਜਨਾ ਘਨੇ।
'ਕਯੋਂ ਤੁਮ ਆਵਤਿ ਹੋ ਰਿਸ ਮਨੇ[5]।
ਬੈਠੇ ਰਹੋ ਖਾਤਿ ਕਯੋਂ ਮਾਰਿ?
ਇਹ ਸਭਿ ਹ੍ਵੈ ਹਮਰੇ ਅਨੁਸਾਰਿ' ॥੪੦॥
ਕਹੈ ਪਿਰਾਣਾ 'ਰਹਯੋ ਨ ਜਾਇ।
ਤੁਮਰੋ ਦੁਖ ਨਹਿਂ ਦੇਖ ਸਕਾਇਂ।

---

[1]ਸਹੇੜਦਾ ਹੈਂ।
[2]ਅਗਨੀ ਵਰਗੀ (ਤੱਤੀ) ਰੇਤ।
[3](ਸਾਡੇ ਤਨ) ਦੇ ਉੱਤੇ।
[4]ਭਾਵ ਗੁਰੂ ਜੀ ਦੇ।
[5]ਕ੍ਰੋਧ ਵਾਲਾ ਮਨ ਕਰਕੇ।

ਅਪੁਨੇ ਪ੍ਰਾਨ ਦੇਨਿ ਅਭਿਲਾਖੈਂ।
ਰਾਵਰ ਕੇ ਸਰੀਰ ਕੋ ਰਾਖੈਂ' ॥੪੧॥
ਕਹਯੋ ਗੁਰੂ 'ਇਮ ਕੀਜਹਿ ਤਬੈ।
ਹਮਰੀ ਆਇਸੁ ਹੋਵਹਿ ਜਬੈ।
ਅਬਿ ਹਮਰਾ ਇਹ ਖੇਲ ਪਸਾਰਾ।
ਬੈਠੇ ਪਿਖਹੁ ਹੋਇ ਜਿਮ ਸਾਰਾ' ॥੪੨॥
ਪੁਨਹ ਦੁਸ਼ਟ ਨੇ ਕਹਿ ਬਿਠਵਾਏ।
ਥਿਰ ਸਤਿਗੁਰੂ ਕੁਛ ਖੇਦ ਨ ਪਾਏ।
ਚੌਦਹ ਲੋਕ ਰਚੇ ਜਿਨ ਕੇਰੇ।
ਤੇਜ ਹੁਤਾਸਨ[1] ਹੁਇ ਕਿਮ ਨੇਰੇ ॥੪੩॥
ਤਪਤਿ ਰੇਤ ਪਰ ਨਿਸ਼ਚਲ ਬੈਸੇ।
ਸੁਖ ਤੇ ਮ੍ਰਿਦੁ ਆਸਨ ਪਰ ਜੈਸੇ।
ਇਤ ਉਤ ਅੰਗ ਨਹੀਂ ਡੁਲਯੰਤੇ।
ਭਏ ਮੌਨ ਕੁਛ ਨਹੀਂ ਕਹੰਤੇ ॥੪੪॥
ਕਹਯੋ ਦੁਸ਼ਟ ਪੁਨ 'ਕਰਛੇ[2] ਲੈ ਕੈ।
ਤਪਤਿ ਰੇਤ ਦਿਹੁ ਊਪਰ ਪੈ ਕੈ।
ਨਹਿਂ ਬੋਲਤਿ ਨਹਿਂ ਮਾਨਤਿ ਨਾਤਾ।
ਇਸ ਕੇ ਗਾਤ ਲਗਹਿ ਨਹਿਂ ਤਾਤਾ' ॥੪੫॥
ਭਰਿ ਕਰਛੇ ਤਬਿ ਊਪਰ ਪਾਏ।
ਨਹਿਂ ਕੁਛ ਕਹਯੋ ਨ ਅੰਗ ਡੁਲਾਏ।
ਦੁਹੁਦਿਸ਼ਿ ਤੇ ਤਾਤੋ ਅਤਿ ਬਾਰੂ[3]।
ਪਰਿ ਸਰੀਰ ਪਰ ਬਹੁ ਦੁਖ ਕਾਰੂ ॥੪੬॥
ਨਿਜ ਇੱਛਾ ਕਰਿ ਗਾਤ ਸਮੂਹੇ[4]।
ਸਤਿਗੁਰ ਕੈ ਤਬਿ ਪਰੇ ਫਲੂਹੇ।
ਅਜ਼ਮਤ ਨਹਿਂ ਜਾਨੈ ਦੁਰਚਾਰੀ।
ਬਿਨ ਪੀਰਾ ਗਨ[5] ਕਰੇ ਦਿਖਾਰੀ ॥੪੭॥
ਦੋਇ ਜਾਮ ਲਗਿ ਬਾਧਾ[6] ਦੀਨਸਿ।

---

[1]ਅਗਨੀ ਦਾ ਤੇਜ।
[2]ਕੜਛੇ।
[3]ਰੇਤ।
[4]ਸਾਰੇ ਸਰੀਰ ਤੇ।
[5]ਬਹੁਤੇ (ਛਾਲੇ)।
[6]ਪੀੜਾ।

ਨਹੀਂ ਤ੍ਰਾਸ ਮਨ ਦੁਸ਼ਟਨਿ ਕੀਨਸਿ।
ਬੈਠੇ ਰਹੈਂ ਅਬੋਲ ਅਡੋਲ।
ਸਤਿਗੁਰ ਮਹਿਮਾ ਮਹਾਂ ਅਤੋਲ ॥੪੮॥
ਅਜਰ ਜਰਨਿ ਕੀ ਔਧਿ[1] ਜਨਾਈ।
ਇਤੇ ਕਸ਼ਟ ਤੇ ਨਹੀਂ ਦਿਖਾਈ।
ਇੰਦ੍ਰ ਆਦਿ ਜੇਤਿਕ ਸੁਰ ਸਾਰੇ।
ਚੱਕ੍ਰਿਤ ਚਿਤ ਗੁਰਿ ਚਲਤਿ ਨਿਹਾਰੇ ॥੪੯॥
'ਧੰਨਜ ਧੰਨਜ' ਸਭਿ ਕਰਹਿਂ ਬਖਾਨਾ।
'ਇਨ ਤੇ ਬਿਨਾ ਨ ਐਸੋ ਆਨਾ।'
ਕਰਿ ਬੰਦਨ ਸੁਰ ਸਦਨ ਸਿਧਾਰੇ।
ਆਪਸ ਬਿਖੈ ਬ੍ਰਿਤੰਤ ਉਚਾਰੇ ॥੫੦॥
ਗਯੋ ਦੁਸ਼ਟ ਪੁਨ ਗੁਰੁ ਨਿਕਸਾਏ।
ਪੂਰਬ ਥਲ ਤਹਿਂ ਆਨਿ ਬਿਠਾਏ।
ਸਭਿ ਤਨ ਪਰਿ ਜਰਿਬੇ ਬ੍ਰਿਣ ਭਏ[2]।
ਕਾਨਾ ਸ੍ਰਾਪ ਸਾਚ ਚਹਿ ਕਏ ॥੫੧॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਅਰੁ ਗੁਰ' ਪ੍ਰਸੰਗ ਬਰਨਨੰ ਨਾਮ ਪੰਚ ਤ੍ਰਿੰਸਤੀ ਅੰਸੂ ॥੩੫॥

---
[1]ਹੱਦ।
[2]ਸੜਨ ਦੇ ਕਾਰਨ ਫਲੂਹੇ ਪੈ ਗਏ; ਯਾ ਸਾੜ ਪਾਉਣ ਵਾਲੇ ਫਲੂਹੇ।

੩੬. [ਤਪਤ ਲੋਹ। ਚੰਦੂ ਦੀ ਨੂੰਹ]

੩੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੭

ਦੋਹਰਾ: ਭਈ ਜਾਮਨੀ ਆਨਿ ਕਰਿ, ਛਾਯੋ ਤਿਮਰ ਮਹਾਨ।
ਖਰਭਰ[1] ਪਰਜੋ ਬਿਸਾਲ ਤਬਿ, ਜੇ ਜਗ ਅਜ਼ਮਤ ਵਾਨ[2] ॥੧॥
ਚੌਪਈ: ਚਲਿ ਆਯੋ ਤਬਿ ਗੋਰਖ ਨਾਥ।
ਸਿੱਧ ਚੁਰਾਸੀ ਲੇ ਕਰਿ ਸਾਥ।
ਮੁਰਛਿਤ ਕੀਨਿ ਸਿਪਾਹੀ ਸਾਰੇ।
ਦੇਖਿ 'ਅਦੇਸ ਅਦੇਸ' ਉਚਾਰੇ ॥੨॥
ਸਨਮੁਖ ਖਰੋ ਹੋਇ ਕਰਿ ਬੋਲਾ।
'ਦਿਢ ਨਿਸ਼ਚਾ ਉਰ ਅਧਿਕ ਅਡੋਲਾ।
ਅਜਰ ਜਰਨਿ ਤੁਮ ਸਮ ਨਹਿਂ ਆਨ।
ਹੇਰਤਿ ਸਗਰੇ ਭਏ ਹਿਰਾਨ ॥੩॥
ਏਤਿਕ ਤਾਪ ਸਹੇ ਨਹਿਂ ਡੋਲੇ।
ਨਸਹਿ ਜਗਤ ਜਿਨ ਇਕ ਬਚ ਬੋਲੇ।
ਤੁਮ ਨਿਜ ਨੇਮ ਨਿਬਾਹਨਿ ਕਰੋ।
ਦੁਸ਼ਟ ਬਿਨਾਸ਼ਨਿ ਇੱਛ ਨ ਧਰੋ ॥੪॥
ਮੈਂ ਅਬਿ ਪਾਪੀ ਕੋ ਘਰ ਜੇਤੋ।
ਅਵਨੀ ਖੰਡ[3] ਉਲਟ ਦਿਉਂ ਤੇਤੋ।
ਮਹਾਂ ਅਵੱਗਯਾ ਕੋ ਫਲ ਪਾਵੈ।
ਪੁਨ ਜਗ ਮਹਿਂ ਨਹਿਂ ਸੰਤ ਦੁਖਾਵੈ ॥੫॥
ਨਾਂਹਿ ਤ ਦੁਸ਼ਟ ਹੰਕਾਰੀ ਹੋਇ।
ਦੇਹਿ ਕਸ਼ਟ ਸੰਤਨਿ ਸਭਿ ਕੋਇ।'
ਸ਼੍ਰੀ ਸਤਿਗੁਰ ਸੁਨਿ ਕਰਿ ਕਹਿਂ ਬੈਨ।
'ਮਨ ਸੰਤਨਿ ਕੇ ਤ੍ਰਾਸ ਰਹੈ ਨ ॥੬॥
ਹਮ ਨੇ ਕਰਨੋ ਹੈ ਅਸ ਖੇਲੇ।
ਆਇ ਅਪਰ ਕੋ ਬਿਘਨ ਨ ਮੇਲੇ।
ਹੋਨਿਹਾਰ ਪਰ ਨਿਸ਼ਚਾ ਕਰਨੋ।
ਇਹ ਸੰਤਨ ਕੋ ਮਤ ਬਰ ਬਰਨੋ ॥੭॥
ਇਹੀ ਬਾਤ ਅਬਿ ਦੇ ਕਰਿ ਜਾਵੋ।

---

[1] ਖਰਬਰਾਟ।
[2] ਜੋ ਜਗਤ (ਵਿਚ) ਕਰਾਮਾਤ ਵਾਲੇ ਸਨ (ਤਿਨ੍ਹਾਂ ਵਿਚ)।
[3] ਧਰਤੀ (ਨਾਲੋਂ) ਤੋੜਕੇ (ਅ) ਪ੍ਰਿਥਵੀ ਦਾ (ਇਤਨਾ) ਟੋਟਾ।

ਤਨੁ ਹੰਤਾ ਧਰਿ ਨਹੀਂ ਡੁਲਾਵੋਂ।'
ਸੁਨਿ ਕਰਿ 'ਧੰਨਜ ਧੰਨਜ' ਕਹਿ ਗਏ।
ਗੁਰੁ ਰੁਖ ਦੇਖਿ ਨ ਸਿਧ ਪ੍ਰਗਟਏ ॥੮॥
ਛਿਨ ਮਹਿਂ ਕੁਛ ਤੇ ਕੁਛ ਕਰਿ ਦੇਵੈਂ।
ਹੇਰਤਿ ਜਿਨ ਕੋ ਨਰ ਗਨ ਸੇਵੈਂ।
ਅਵਸਰ ਪਾਇ ਪੀਰ ਪੁਨ ਆਏ*।
ਕਰਾਮਾਤ ਕਾਮਲ ਸਮੁਦਾਏ ॥੯॥
ਨਮੋ ਕਰੀ ਹੁਇ ਖਰੇ ਅਗਾਰੀ।
'ਕਯੋਂ ਤੁਮ ਸਹੋ ਕਸ਼ਟ ਤਨੁ ਭਾਰੀ?
ਹਤਹਿਂ ਦੁਸ਼ਟ ਕੋ ਬਿਲਮ ਨ ਲਾਵੈਂ।
ਆਗਜਾ ਤਨਕ ਆਪ ਕੀ ਪਾਵੈਂ' ॥੧੦॥
ਸਭਿ ਕੋ ਸਾਦਰ ਬਾਕ ਉਚਾਰੇ।
'ਕਯੋਂ ਤੁਮ ਨਾਨਾ ਦ੍ਰਿਸ਼ਟਿ ਨਿਹਾਰੇ[1]?
ਏਕ ਆਤਮਾ ਪੂਰਨ ਸਾਚੋ।
ਜਗਤ ਅਕਾਰ ਜਾਨਿ ਸਭਿ ਕਾਚੋ ॥੧੧॥
ਹਮਰੇ ਤਨ ਤਜਾਗਨਿ ਮਹਿਂ ਐਸੇ।
ਕਾਰਨ ਅਨਿਕ ਜਾਨੀਅਹਿ ਤੈਸੇ।
ਸਮਾਂ ਸੁ ਪਹੁੰਚਯੋ ਲਖਿ ਚਿਤ ਰਾਚੇ।
ਕਰਯੋ ਚਹੈਂ ਹਮ ਸਭਿ ਕੋ ਸਾਚੇ ॥੧੨॥
ਆਪ ਆਪਨੇ ਥਾਨ ਸਿਧਾਵੋ।
ਹਮਰੀ ਖੇਲ ਬੀਚ ਨਹਿਂ ਆਵੋ।'
ਸੁਨਤਿ 'ਧੰਨਜ' ਕਹਿ ਕਰਿ ਸਭਿ ਗਏ।
ਸਵਾਧਾਨ ਚਾਕਰ ਸਭਿ ਭਏ ॥੧੩॥
ਕਹੈਂ ਪਰਸਪਰ 'ਸੁਪਤੇ ਸਾਰੇ[2]।
ਚਲੇ ਜਾਤਿ ਲਖਿ ਚੰਦੂ ਮਾਰੇ[3]।'
ਗਹਿ ਅਸਿ ਢਾਲ[4] ਭਏ ਸਵਧਾਨੂ।
ਇਕ ਆਸਨ ਗੁਰੁ ਥਿਰੇ ਸਥਾਨੂ[5] ॥੧੪॥

---

*ਮੀਆਂ ਮੀਰ ਦਾ ਆਉਣਾ ਬੀ ਹੋਰਨਾਂ ਨੇ ਲਿਖਿਆ ਹੈ।
[1]ਨਾਨਾਪਨੇ ਦੀ ਨਜ਼ਰ ਨਾਲ ਦੇਖਦੇ ਹੋ, 'ਇਕ' ਵੇਖੋ।
[2](ਸਿਪਾਹੀ) ਕਹਿੰਦੇ ਹਨ ਆਪਸ ਵਿਚ, 'ਅਸੀਂ ਸਾਰੇ ਸੌਂ ਗਏ' ਸਾਂ।
[3]ਜੇ ਗੁਰੂ (ਜੀ) ਚਲੇ ਜਾਂਦੇ, (ਇਹ) ਜਾਣਕੇ ਚੰਦੂ (ਸਾਨੂੰ) ਮਾਰਦਾ।
[4]ਢਾਲ ਤਲਵਾਰ।
[5]ਉਸ ਥਾਂ ਤੇ।

ਸਕਲ ਜਾਮਨੀ ਗਈ ਬਿਹਾਇ।
ਦਿਵਸ ਚਢੇ ਉਠਿ ਪਾਪੀ ਆਇ।
ਰਿਦੇ ਬਿਚਾਰਹਿ -ਬਡ ਹਠਵੰਤਾ।
ਇਤੇ ਕਸ਼ਟ ਤੇ ਨਹੀਂ ਬੁਲੰਤਾ ॥੧੫॥
ਭੈ ਕਰਿ ਨਾਤਾ ਨਾਂਹਿਨ ਮਾਨਹਿ।
ਬਿਨਾ ਤ੍ਰਾਸ ਤੇ ਬਾਕ ਬਖਾਨਹਿ।
ਬਾਰਿ ਬਾਰਿ ਬਾਰੀ ਬਹੁ ਬਾਰੂ[1]।
ਅਤਿ ਤਪਤਾਏ ਥਿਰਯੋ ਮਝਾਰੂ ॥੧੬॥
ਪ੍ਰਾਨ ਜਾਨਿ ਲਗਿ ਹਠ ਪਹੁੰਚਾਵੈ।
ਨਹਿਂ ਤਜਾਗੌਂ ਮੈਂ ਜਿਯਤਿ ਜਿ ਜਾਵੈ।
ਆਜ ਤਪਤ ਕਰਿ ਲੋਹ ਬਿਸਾਲਾ।
ਖਰੇ ਕਰੋਂ ਬੋਲਹਿ ਤਿਸ ਕਾਲਾ[2]- ॥੧੭॥
ਇਸ ਪਾਪੀ ਨੇ ਰਿਦੇ ਬਿਚਾਰਾ।
-ਨਾਤਾ ਦੇਉਂ ਕਿ ਕਰੌਂ ਸੰਘਾਰਾ-।
ਕਹਿ ਕਰਿ ਦੀਰਘ ਲੋਹ ਮੰਗਾਈ।
ਧਰਿ ਊਪਰਿ ਤਰ ਅਗਨਿ ਜਲਾਈ ॥੧੮॥
ਸਮ ਤਾਂਬੇ[3] ਕੇ ਤਪਤਿ ਕਰਾਈ।
ਦੇਖਿ ਪਾਤਕੀ ਲਿਏ ਬੁਲਾਈ।
'ਇਮ ਪਰ ਖਰੇ ਹੋਹੁ ਤਪ ਸਹੋ।
ਨਾਂਹਿ ਤ ਨਾਤਾ ਲੈਬੇ ਚਹੋ' ॥੧੯॥
ਗੁਰੂ ਨ ਉੱਤਰ ਦੀਨਿਸਿ ਕੋਈ।
ਲੋਹ ਅਰੂਢਨਿ ਉਰ ਮਹਿਂ ਹੋਈ[4]।
ਆਦਿ ਚੰਡਾਲ ਜਿ ਕਿਨਹੁਂ ਨਿਹਾਰੇ।
ਸਭਿਹਿਨਿ 'ਹਾਹਾਕਾਰ' ਉਚਾਰੇ ॥੨੦॥
'ਇਹ ਚੰਡਾਲਨਿ ਤੇ ਅਤਿ ਪਾਪੀ।
ਰਿਦੇ ਨ ਕਰੁਨਾ ਕੈ ਸਿਹੁਂ ਬਜਾਪੀ।'
ਚਢੇ ਲੋਹ ਪਰ ਭੇ ਥਿਰ ਠਾਂਢੇ।
ਦੇਖਿ ਦੇਖਿ ਸਿੱਖਨਿ ਦੁਖ ਬਾਢੇ ॥੨੧॥

---

[1]ਵਾਰੰਵਾਰ ਜਲ ਤੇ ਬਹੁਤੇ ਰੇਤਾ।
[2]ਤਦੋਂ (ਮੈਂ) ਕਹਾਂਗਾ (ਅ) ਤਦੋਂ ਬੋਲਣਗੇ (ਭਾਵ ਮੰਨ ਲੈਣਗੇ)।
[3]ਤਾਂਬੇ ਵਤ (ਲਾਲ)।
[4]ਚੜ੍ਹਨ ਦੀ ਦਿਲ ਵਿਚ (ਤਿਆਰੀ) ਹੋਈ।

ਚਹੈਂ ਜਾਨਿ ਢਿਗ, ਜਾਨਿ ਨ ਦੇਤੇ।
ਰਸਰਿਨਿ ਬਾਂਧੇ ਦਿਢ ਕਰਿ ਲੇਤੇ।
ਅਗਨਿ ਬਿਪਰਜੈ ਸੀਲ ਕਰਯੋ ਹੈ[1]।
ਡਰਤਿ ਗੁਰੂ ਤੇ ਤੇਜ ਹਰਯੋ ਹੈ ॥੨੨॥
ਤਊ ਗੁਰੂ ਪਗ ਤਰਵਾ ਜਾਰੇ[2]।
ਪਾਪੀ ਬੈਠਯੋ ਸਮੁਖ ਨਿਹਾਰੇ।
ਪੁਨ ਕਹਿ ਕਰਿ ਤਰ ਅਗਨਿ ਜਰਾਈ।
ਪੂਰਬ ਕੇ ਸਮਸਰ ਤਪਤਾਈ ॥੨੩॥
ਚਿਤ ਬਾਂਛਤਿ -ਹੁਇ ਦੁਖ ਤੇ ਦੀਨ।
ਮਾਨਹਿ ਨਾਤਾ ਡਰ ਚਿਤ ਚੀਨਿ-।
ਤਿਸਿ ਦਿਨ ਸਤਿਗੁਰੁ ਕਛੂ ਨ ਬੋਲੇ।
ਤਪਤ ਲੋਹ ਪਰ ਥਿਰੇ ਅਡੋਲੇ ॥੨੪॥
ਜਰਤਿ ਚਰਮ ਅਪਨੋ ਦਿਖਰਾਵੈਂ।
ਅਗਨਿ ਤਾਪ ਤੇ ਪੀਰ ਨ ਪਾਵੈਂ।
-ਅਜ਼ਮਤ ਨਹਿਂ ਜਾਨਹਿਂ ਕਿਮ ਏਹੀ-।
ਪਰੇ ਫਲੂਹੇ ਸਗਰੀ ਦੇਹੀ ॥੨੫॥
ਹੇਰਿ ਨਹੀਂ ਪਰਤੀਤ ਉਪਾਵੈ।
ਜਾਂ ਤੇ ਅਪਨੋ ਦੁਖ ਦਿਖਰਾਵੈਂ*।
ਰਹੇ ਜਾਮ ਲਗਿ ਠਾਂਢੇ ਊਪਰ।
ਪੁਨ ਉਤਰਾਏ ਥਿਰ ਗੁਰੁ ਭੂਪਰ ॥੨੬॥
ਪਚਯੋ ਰਿਦੇ ਬਹੁ ਚਿਤਹਿ ਉਪਾਯਾ[3]।
-ਬੋਲਯੋ ਨਹੀਂ, ਤ੍ਰਾਸ ਨਹਿਂ ਪਾਯਾ।
ਕੌਨ ਜਤਨ ਕਰਿ ਇਸੇ ਮਨਾਵੌਂ।
ਕੋ ਸੰਕਟ ਐਸੋ ਦਿਖਰਾਵੌਂ ॥੨੭॥
ਜਿਸਤੇ ਅਧਿਕ ਤ੍ਰਾਸ ਕੋ ਪਾਇ।
ਬੋਲਹਿ ਤਤਛਿਨ ਮੌਨ ਹਟਾਇ।
ਇਹ ਬਡ ਧਰਮੀ ਧਰਮ ਸੰਭਾਰੈ।

---
[1]ਅੱਗ ਨੇ (ਆਪਣਾ) ਸੁਭਾਉ ਉਲਟ ਲਿਆ ਭਾਵ ਠੰਢੀ ਪੈ ਗਈ।
[2]ਤਲੀਆਂ ਸਾੜੀਆਂ।
*੨੪ ਤੋਂ ਇਥੋਂ ਤੱਕ ਦਾ ਭਾਵ ਇਹ ਹੈ ਕਿ ਕਿਵੇਂ ਏਹ ਲੋਕ ਕਰਾਮਾਤਾਂ ਨਾ ਸਮਝ ਲੈਣ, ਸਾਰੇ ਪਿੰਡੇ ਤੇ ਫਲੂਹੇ ਤੇ ਸੜਦਾ ਮਾਸ ਦਿਖਾ ਰਹੇ ਹਨ, ਜੋ ਇਨ੍ਹਾਂ ਨੂੰ ਵੇਖਕੇ ਏਹ ਪ੍ਰਤੀਤ ਦੇ ਘਰ ਵਿਚ ਨਾ ਆ ਜਾਣ ਕਿ ਆਪ ਗੋਬਿੰਦ ਰੂਪ ਹਨ।
[3]ਚਿਤਵਤਾ ਹੈ ਉਪਾਵਾਂ ਨੂੰ।

ਪ੍ਰਾਨ ਜਾਤਿ ਲੌ ਨਹੀਂ ਨਿਵਾਰੈ ॥੨੮॥
ਯਾਂ ਤੇ ਧਰਮ ਹਰਨ ਕੋ ਤ੍ਰਾਸਾ।
ਦਿਖਰਾਵੌਂ ਪੁਨ ਪੁਰਵੋਂ ਆਸਾ-।
ਇਮ ਨਿਸ਼ਚੇ ਕਰਿ ਮੂਰਖ ਮਾਨੀ।
ਕਹੀ ਸਿਪਾਹਨਿ ਕੇ ਸੰਗ ਬਾਨੀ ॥੨੯॥
'ਇਕ ਚਲਿ ਜਾਹੁ ਚੰਡਾਲਨਿ ਪਾਸ।
ਆਜ ਭਈ ਕੋ ਗਊ ਬਿਨਾਸ।
ਤਿਸ ਕੋ ਚਰਮ ਉਤਾਰਤਿ ਲਜਾਵੋ।
ਸਭਿ ਸਰੀਰ ਇਸ ਕੋ ਮਢਵਾਵੋ' ॥੩੦॥
ਸਤਿਗੁਰੁ ਸ਼੍ਰੋਨ ਸੁਨਾਇ ਬਖਾਨਾ।
'ਭੋਰ ਹੋਤਿ ਲਜਾਵੋ ਇਸ ਥਾਨਾ।
ਬੈਠਿ ਨਿਕਟ ਦੁਖ ਦੇਉ ਮਹਾਨੋ।
ਧਰਮ ਬਿਗਾਰ ਪ੍ਰਾਨ ਪੁਨ ਹਾਨੋਂ' ॥੩੧॥
ਇਮ ਕਹਿ ਮੂਰਖ ਸਦਨ ਸਿਧਾਰਾ।
ਕ੍ਰੋਧੀ ਕਪਟੀ ਬਡ ਹਤਿਆਰਾ।
ਸੋ ਦਿਨ ਗਯੋ ਬੀਤ ਨਿਸ ਆਈ।
ਛਾਯੋ ਸਭਿ ਜਗ ਤਮ ਸਮੁਦਾਈ ॥੩੨॥
ਅਰਧਿ ਰਾਤਿ ਜਾਨੀ ਜਬਿ ਹੋਇ।
ਨੁਖਾ ਅਘੀ ਕੀ ਸੁਨਿ ਸੁਨਿ ਸੋਈ।
ਸੰਕਟ ਮਹਾਂ ਪਾਇ ਕਰਿ ਰੋਈ।
-ਖਾਨ ਪਾਨ ਗੁਰਿ ਕਰਹਿਂ ਨ ਕੋਈ ॥੩੩॥
ਜਾਇ ਆਜ ਸੁਧ ਲੇਵੌਂ ਗੁਰ ਕੀ।
ਕਰਹਿਂ ਕਹਾਂ ਸੁਨਿਹੋਂ ਸਭਿ ਉਰ ਕੀ-।
ਸਭਿ ਤੇ ਚੋਰੀ ਚਲਿ ਕਰਿ ਆਈ।
ਖਰੇ ਸਿਪਾਹੀ ਝਿਰਕ ਹਟਾਈ ॥੩੪॥
ਤਬਿ ਕੰਚਨ ਕੇ ਭੂਖਨ ਦੀਨਿ।
ਅੰਤਰ ਬਰੀ ਦਰਸ ਗੁਰ ਕੀਨਿ।
ਹਾਥ ਜੋਰਿ ਤਬਿ ਖਰੀ ਬਿਚਾਰੀ।
'ਮੈਂ ਅਪਰਾਧਨਿ ਪ੍ਰਭੂ ਤੁਮਾਰੀ ॥੩੫॥
ਕਸ਼ਟ ਇਤੇ ਸੁਨਿ ਜੀਵਤਿ ਰਹੀ।
ਦੁਸ਼ਟ ਕੁਟੰਬ ਤਜਜੋ ਮੈਂ ਨਹੀਂ।
ਚਲਹਿ ਨਹੀਂ ਕੁਛ ਮੇਰੋ ਚਾਰਾ।

ਨਿਜ ਮਰਨੋ ਇਕ ਹਾਥ ਮਝਾਰਾ[1]' ॥੩੬॥
ਸੁਨਿ ਸਤਿਗੁਰ ਬੋਲੇ ਸੁਖਦਾਯਕ।
'ਨਹੀਂ ਸੁਤਾ! ਤੂੰ ਇਸ ਘਰ ਲਾਯਕ।
ਭਈ ਪ੍ਰਭਾਤਿ ਕਰਹਿਂ ਤਬਿ ਤਯਾਰੀ।
ਚਲਿਬੋ ਚਹਿਂ, ਚਲਿ ਸੰਗ ਹਮਾਰੀ' ॥੩੭॥
ਬੋਲੀ 'ਸੇਵ ਜਥਾ ਮੈਂ ਲਾਯਕ।
ਕਹਿ ਦੀਜੈ ਸੋ ਕਰੌਂ ਸੁਭਾਯਕ।
ਕ੍ਰਿਪਾ ਕਰੀ ਅਬਿ ਮੋਹਿ ਬਤਾਵਾ।
ਤਯਾਗੋਂ ਪ੍ਰਾਨ ਨ ਜੀਵਨਿ ਭਾਵਾ' ॥੩੮॥
ਗੁਰ ਕਹਿਂ 'ਹਮਰੇ ਚਾਹ ਨ ਕੋਈ।
ਜਾਹੁ ਅਬੈ ਕਰਿ ਚਿਤ ਰੁਚਿ[2] ਜੋਈ।'
ਸੁਨਿ ਗਮਨੀ ਮ੍ਰਿਤੁ ਨਿਸ਼ਚੈ ਕਰਿ ਕੈ।
-ਕਜਾ ਫਲ ਪੈਹੌਂ ਪ੍ਰਾਨਨਿ ਧਰਿ ਕੈ- ॥੩੯॥
ਬਿਤੀ ਬਿਭਾਵਰਿ[3] ਭਈ ਪ੍ਰਭਾਤੀ।
ਬੈਠੇ ਰਹੇ ਗੁਰੂ ਤਿਸ ਭਾਂਤੀ।
ਸਗਰੇ ਨਗਰ ਪਰਯੋ ਬਡ ਰੌਰਾ।
ਘਰ ਘਰ ਦਰ ਦਰ ਠੌਰਹਿਂ ਠੌਰਾ ॥੪੦॥
ਬਾਰਿ ਬਾਰਿ ਤਿਸ ਪੌਰ ਅਗਾਰੀ।
ਫਿਰਿ ਫਿਰਿ ਜਾਤਿ ਨਿਹਾਰ ਨਿਹਾਰੀ।
ਨਿਸ ਦਿਨ ਰਹੈਂ ਕਿਵਾਰ ਅਸੰਜਤਿ[4]।
ਬਾਂਛਤਿ ਚਿਤ -ਕਿਮ ਹੋਇਂ ਸੁ ਭੰਜਤਿ[5] ॥੪੧॥
ਕਜਾ ਇਹ ਕਰਹਿ ਲਖੀ ਨਹਿਂ ਜਾਈ।
ਵਹਿਰ ਗੁਰੂ ਨਿਕਸੇ ਨ ਕਦਾਈ।
ਪੰਚਹੁੰ ਸਿੱਖ ਨਹੀਂ ਪੁਨ ਹੇਰੇ।
ਭਏ ਕਹਾਂ ਬਚ ਸੁਨੇ ਨ ਫੇਰੇ- ॥੪੨॥
ਦੁਰਿ ਦੁਰਿ[6] ਮਿਲਹਿਂ ਕਰਹਿਂ ਗੁਰ ਬਾਤਿ।
'ਕਰਹਿ ਪਾਤਕੀ ਕਜਾ ਉਤਪਾਤਿ।

---

[1](ਮੇਰੀ) ਆਪਣੀ ਮੌਤ (ਇਕ ਮੇਰੇ) ਆਪਣੇ ਹੱਥ ਵਿਚ ਹੈ।
[2]ਚਿੱਤ (ਦੀ) ਖਾਹਸ਼।
[3]ਰਾਤ।
[4]ਬੰਦ।
[5]ਟੁੱਟ ਜਾਣ (ਤਖਤੇ)।
[6]ਛੁਪ ਛੁਪ ਕੇ।

ਜਬਿ ਕੋ ਅੰਤਰਿ ਲੇ ਪਰਵੇਸ਼ਾ।
ਕਿਮ ਕਲੇਸ਼ ਦੇ, ਸੁਨਜੋ ਨ ਲੇਸ਼ਾ ॥੪੩॥
ਬਸ ਨਹਿਂ ਚਲਹਿ, ਜਤਨ ਕੁਛ ਹੋਇ ਨ।
ਸ਼ਾਹੁ ਸਮੀਪੀ ਜੁਤਿ ਢਿਗ ਕੋਇ ਨ[1]।'
ਧ੍ਰਮਸਾਲਾ ਮਿਲਿ ਮਿਲਿ ਪਛੁਤਾਵੈਂ।
ਨਹਿਂ ਦਿਨ ਮਹਿਂ ਬਿਵਹਾਰ ਚਲਾਵੈਂ ॥੪੪॥
ਖਾਨ ਪਾਨ ਰੁਚਿ ਤੇ ਨਹਿਂ ਕਰੇਂ।
'ਸਤਿਗੁਰੁ, ਪਾਪੀ ਕੇ ਬਸਿ ਪਰੇ।
ਚਿੰਰਕਾਲ ਕੋ ਦ੍ਵੈਸ਼ ਕਰੰਤਾ।
ਨਿਕਟ ਮੁਗ਼ਲ ਚੁਗਲੀ ਉਗਲੰਤਾ ॥੪੫॥
ਸਤਿਗੁਰ ਨਾਤਾ ਲੇਹਿਂ ਨ ਕਬੈ।
ਇਹ ਮਨਵਾਵਤਿ ਲਖੀਯਤਿ ਅਬੈ।
ਹਠ ਕੋ ਤਜਾਗਹਿਂ ਲੇਹਿਂ ਸਗਾਈ।
ਇਹੀ ਬਾਤ ਆਛੇ ਬਨਿਆਈ' ॥੪੬ ॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਗ੍ਰਹਿ ਗੁਰੂ' ਪ੍ਰਸੰਗ ਬਰਨਨੰ ਨਾਮ ਖਸ਼ਟ ਤ੍ਰਿੰਸਤੀ ਅੰਸੂ ॥੩੬॥

---

[1]ਸ਼ਾਹ ਤੇ (ਸ਼ਾਹ ਦਾ) ਨਿਕਟ ਵਰਤੀ (ਦੋਹਾਂ) ਸਮੇਤ ਕੋਈ ਪਾਸ ਨਹੀਂ ਹੈ।

੩੭. [ਕਸ਼ਟ। ਸਚਖੰਡ ਗਵਨ]

੩੬<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੮

ਦੋਹਰਾ: ਉਠ੍ਯੋ ਪ੍ਰਾਤ ਚੰਦੂ ਦੁਸ਼ਟ,
ਚਿਤਵਤਿ ਚਿਤ ਗੁਰ ਬਾਤਿ।
-ਆਜ ਮਨਾਵੌਂ ਜਿਮ ਚਹੌਂ,
ਨਾਂਹਿ ਤ ਕਰਿਹੌਂ ਘਾਤਿ ॥੧॥

ਚੌਪਈ: ਅਤਿ ਪ੍ਰਿਯ ਧਰਮ ਰਿਦੇ ਜਿਸ ਕੇਰੇ।
ਤਿਸ ਖੋਵਨਿ ਹਿਤ ਤ੍ਰਾਸ ਘਨੇਰੇ।
ਕਰੋਂ ਆਜ ਬਿਧਿ ਸੁਤਾ ਸਗਾਈ।
ਕੈ, ਗੋ ਚਰਮ[1] ਦੇਉਂ ਮਢਵਾਈ- ॥੨॥
ਇਮ ਚਿਤਵਤਿ ਪਹੁੰਚ੍ਯੋ ਤਹਿਂ ਆਈ।
ਬੈਠ੍ਯੋ ਦੁਸ਼ਟ ਕ੍ਰੋਧ ਉਪਜਾਈ।
ਨਿਕਟ ਗੁਰੂ ਕੇ ਬਾਕ ਬਖਾਨਾ।
'ਅਬਿ ਲੌਂ ਨਾਤਾ ਲਿਹੁ ਮਨ ਮਾਨਾ ॥੩॥
ਸਕਲ ਮੁਲਖ ਮਾਲਿਕ ਅਬਿ ਸ਼ਾਹੂ।
ਤਿਸ ਦਿਵਾਨ ਮੈਂ, ਬੈਠਤਿ ਪਾਹੂ।
ਜਹਿਂ ਲਗਿ ਰਾਜ ਤੁਰਕ ਪਤਿ ਕੇਰਾ।
ਤਹਿਂ ਲਗਿ ਹੁਕਮ ਚਲਤਿ ਹੈ ਮੇਰਾ ॥੪॥
ਤ੍ਰਾਸ ਨ ਤਨਕ ਸੁ ਮਨ ਮਹਿਂ ਜਾਨਾ।
ਕਰ੍ਯੋ ਅਨਾਦਰ ਰੰਕ ਸਮਾਨਾ।
ਸੋ ਫਲ ਅਬਿ ਲੇਵਹੁ ਦੁਖ ਘਨੇ।
ਬਿਨਾ ਧਰਮ ਕਰਿ ਅਬਿ ਦਿਉਂ ਹਨੇ ॥੫॥
ਧੇਨੁ ਚਰਮ ਕੋ ਲੇ ਕਰਿ ਗੀਲਾ।
ਲਪਟਾਵਹਿਂ ਜੇਤਿਕ ਤੁਵ ਡੀਲਾ[2]।
ਪੁਨ ਆਤਪ[3] ਮਹਿਂ ਦੇਉਂ ਬਿਠਾਇ।
ਸੁਸਕਹਿ[4] ਪ੍ਰਾਨ ਤੋਹਿ ਬਿਨਸਾਇ ॥੬॥
ਪੁਨਹ ਪਠੌਂ ਮੈਂ ਅਪਨ ਸਿਪਾਹੀ।
ਘਰ ਕੋ ਲੂਟ ਲੇਹਿਂ ਧਨ ਪਾਹੀ।
ਗਹਿ ਲੈਹੈ ਤਬਿ ਨੰਦਨ ਤੇਰਾ।

---

[1]ਗਊ ਦੇ ਚੰਮ (ਵਿਚ)
[2]ਸਰੀਰ।
[3]ਧੁੱਪ।
[4]ਸੁੱਕ ਜਾਏਗਾ (ਚੰਮ)।

ਇਸੀ ਰੀਤਿ ਦੇ ਕਸ਼ਟ ਬਡੇਰਾ ॥੭॥
ਕਰੌਂ ਘਾਤ ਨਹਿਂ ਜੀਵਤਿ ਛੋਰੈਂ।
ਬਿਨਾ ਬੰਸ ਕਰਿਹੌਂ ਦੁਖ ਘੋਰੈਂ।
ਨਾਂਹਿਤ ਨਾਤਾ ਮਾਨੋ ਆਜਿ।
ਬਚੈਂ ਪ੍ਰਾਨ ਸਭਿ ਸੁਧਰਹਿਂ ਕਾਜ ॥੮॥
ਸੁਲਹੀ ਸੁਲਬੀ ਪ੍ਰਿਥੀਆ ਮਰਜੋ।
ਕਰੇ ਜਤਨ ਤੂੰ ਹਾਥ ਨ ਪਰਜੋ।
ਚਹਤਿ ਗਏ ਮਰਿ, ਪੁਜੀ ਨ ਆਸਾ।
ਮੈਂ ਅਬਿ ਕਰਿਹੌਂ ਤੋਰ ਬਿਨਾਸ਼ਾ ॥੯॥
ਕਿਸ ਬਲ ਕੋ ਭਰੋਸ ਉਰ ਭੂਲਾ।
ਮਮ ਸਮ ਬਲੀ ਕੇਰ ਪ੍ਰਤਿਕੂਲਾ।
ਕਹਿਬੋ ਅਹੈ ਸੁ ਕਹੁ ਅਬਿ ਸਮੋ[੧]।
ਜਬਿ ਲਗਿ ਮੈਂ ਬੂਝਤਿ ਕਰਿ ਛਿਮੋ' ॥੧੦॥
ਸ਼੍ਰੀ ਅਰਜਨ ਸੁਨਿ ਕਰਿ ਸਭਿ ਸ਼੍ਰੋਨ।
ਬੋਲੇ ਬਾਕ ਜਿਨਹੁ ਕਿਤ ਭੌ ਨ।
'ਅਬਿ ਹਮ ਰਾਵੀ ਚਹੈਂ ਸ਼ਨਾਨ।
ਸੇਵਕ ਪੰਚ ਸੰਗ ਦਿਹੁ ਜਾਨਿ ॥੧੧॥
ਪੰਚ ਦਿਵਸ ਬੀਤੇ ਇਸ ਭਾਂਤੀ।
ਦਈ ਸਜ਼ਾਇ ਅਗਨਿ ਸਮ ਤਾਤੀ।
ਪਾਵਨ ਤਨੇ[*] ਪੁਨਹ ਜਿਮ ਕਰੈਂ।
ਨਿਸ਼ਚਲ ਮਤਿ ਕਰਿ ਨਿਸ਼ਚੇ ਧਰੈਂ' ॥੧੨॥
ਸੁਨਿ ਕਰਿ ਦੁਸ਼ਟ ਰਿਦੇ ਹਰਖਾਯੋ।
-ਧਰਮ ਬਿਨਾਸ਼ਨਿ ਤੇ ਡਰਪਾਯੋ।
ਅਬਿ ਇਹ ਮਾਨ ਲੇਇ ਹੈ ਨਾਤਾ।
ਸੀਤਲ ਗਾਤ ਹੋਇ ਜਲ ਨਾਤਾ- ॥੧੩॥
ਇਮ ਬਿਚਾਰ ਕਹਿ 'ਜਾਇ ਸ਼ਨਾਨਹੁ।
ਬਚਹਿਂ ਪ੍ਰਾਨ ਕਹਿਬੋ ਮਨ ਮਾਨਹਿ।'
ਦਸਕ ਸਿਪਾਹੀ ਕਰਿ ਸਵਧਾਨੋ।
'ਖੜਗ ਸਿਪਰ ਗਹਿ ਸੰਗਿ ਪਿਆਨੋ ॥੧੪॥
ਅਪਨੀ ਦ੍ਰਿਸ਼ਟਿ ਤਰੇ ਇਸ ਰਾਖਹੁ।

---

[੧](ਜੋ) ਕਹਿਣਾ ਹੈ ਸੋ ਹੁਣ ਕਹੁ ਵੇਲਾ ਹੈ।
[*]ਪਾ:-ਬਨੇ।

ਵਹਿਰ ਕਿਸੂ ਢਿਗ ਕਛੂ ਨ ਭਾਖਹੁ।
ਇਤ ਉਤ ਦੂਰਿ ਨ ਜਾਨੇ ਦੇਹੁ।
ਰਾਵੀ ਤੀਰ ਸਥਿਰਤਾ ਲੇਹੁ ॥੧੫॥
ਅਪਰ ਗਰੀ ਤੇ[1] ਕਹਿ ਹਟਕਾਵਹੁ।
ਮੱਜਤਿ ਬੈਠਤਿ ਕੁਛ ਨ ਅਲਾਵਹੁ।
ਇਤ ਦਿਸ਼ਿ ਲਜਾਵਹੁ ਰਹਹੁ ਪਿਛਾਰੀ।
ਸਿੱਖਨਿ ਜੁਤਿ ਇਸ ਰਖਹੁ ਅਗਾਰੀ' ॥੧੬॥
ਇਮ ਕਹਿ ਕੀਨਿ ਘਨੀ ਤਕਰਾਈ।
ਸੁਨਿ ਖਲ ਤੇ ਚਲਿ ਪਰੇ ਗੁਸਾਈਂ।
ਪਰੇ ਫਲੂਹੇ ਸਰਬ ਸਰੀਰ।
ਛਾਦਿ ਚਾਦਰੇ ਦੀਰਘ ਚੀਰ ॥੧੭॥
ਤਰੁਵਾ ਚਰਣ[2] ਜਰੇ ਬ੍ਰਿਣ ਹੋਏ।
ਸਨੈ ਸਨੈ ਧਰ ਪਰਿ ਧਰਿ ਜੋਏ।
ਨਿਕਟ ਪਿਰਾਣਾ ਸੇਵਕ ਹੇਰਾ।
ਗਹਯੋ ਸਿਕੰਧ ਚਲੇ ਤਿਸ ਬੇਰਾ ॥੧੮॥
ਸਲਿਤਾ ਦਿਸਿ ਛੋਟੀ ਇਕ ਮੋਰੀ।
ਗਮਨਤਿ ਨਿਕਸੇ ਗੁਰੁ ਤਿਸ ਓਰੀ।
ਕੋ ਕੋ ਨਰ ਪਿਖਿ ਠਾਨਤਿ ਨਮੋ।
ਲਾਲ ਬਰਣਮੁਖ ਕੋ ਤਿਹ ਸਮੋ ॥੧੯॥
ਭੋਜਨ ਕਿਯੋ ਨ ਪੀਯੋ ਪਾਨੀ।
ਦੁਰਬਲ ਤਨ ਸਜ਼ਾਇ ਖਲ ਠਾਨੀ।
ਹੇਰਿ ਹੇਰਿ ਨਰ ਉਰ ਬਿਸਮਾਵੈਂ।
-ਕਜਾ ਇਨ ਦਸ਼ਾ ਭਈ ਗੁਰੁ ਜਾਵੈਂ[3]? ॥੨੦॥
ਚਿਤ ਕੀ ਬ੍ਰਿੱਤਿ ਏਕ ਰਸ ਤੈਸੇ।
ਨਿਜਾਨੰਦ ਮਹਿਂ ਪੂਰਬ ਜੈਸੇ।
ਤਨ ਪੀਰਾ ਤੇ ਡਿਗੀ ਨ ਸੋਈ[4]।
ਮੇਰੁ ਹਿਲਾਇ ਨ ਜਿਮ ਨਰ ਕੋਈ ॥੨੧॥
ਸਨੈ ਸਨੈ ਰਾਵੀ ਕੇ ਤੀਰ।

---

[1]ਹੋਰ ਕਿਸੇ ਗਲੀ ਵਿਚ ਜਾਣ ਤੋਂ।
[2]ਚਰਨਾਂ ਦੀਆਂ ਤਲੀਆਂ।
[3]ਜਾ ਰਹੇ ਹਨ।
[4]ਭਾਵ ਬ੍ਰਿਤੀ।

ਪਹੁੰਚੇ ਛੁਯੋ ਨੀਰ ਬਡ ਸੀਰ[1]।
ਕਰ ਪੰਕਜ ਤੇ ਮੁਖ ਅਰਬਿੰਦ।
ਕਰਜੋ ਪਖਾਰਨਿ ਧੀਰ ਮੁਕੰਦ ॥੨੨॥
ਬ੍ਰਿੰਦ ਚੁਰੇ ਕਰਿ ਮੁਖ ਸਿਤਲਾਯੋ।
ਮਹਾਂ ਉਸ਼ਨਤਾ ਜੋ ਤਪਤਾਯੋ[2]।
ਗਹਿ ਪਦ ਪਦਮ ਲੰਙਾਹ ਪਖਾਰੇ।
ਪ੍ਰਵਿਸ਼ੇ ਜਲ ਮਹਿਂ ਮੱਜਨ ਧਾਰੇ ॥੨੩॥
ਵਹਿਰ ਨਿਕਸਿ ਪਟ ਸ਼ੁਸ਼ਕ ਲਿਯੋ ਹੈ।
ਦੇਹ ਅਛਾਦਨਿ ਪੁਨਹ ਕਿਯੋ ਹੈ।
ਜਪੁਜੀ ਪਾਠ ਕਰਤਿ ਉਰ ਪ੍ਰੇਮਾ।
ਜੋ ਸਿੱਖਨਿ ਕੀ ਠਾਨਤਿ ਛੇਮਾ[3] ॥੨੪॥
ਪੁਨ ਪੰਚਹੁ ਸਿਖ ਕੀਨਿ ਸ਼ਨਾਨੇ।
ਗੁਰੁ ਬਾਨੀ ਕੋ ਪਾਠ ਬਖਾਨੇ।
ਖਰੇ ਭਏ ਸਤਿਗੁਰੁ ਪਰਵਾਰ[4]।
ਜਪੁਜੀ ਪਾਠ ਸੁਨਜੋ ਨਿਰਧਾਰ ॥੨੫॥
ਭੋਗ ਪਾਇ ਕਰਿ ਸੀਸ ਨਿਵਾਯੋ।
ਪੁਨ ਸਿੱਖਨਿ ਸਨਿ ਬਾਕ ਅਲਾਯੋ।
'ਅਬਿ ਹਮ ਚਹਿਂ ਪਰਲੋਕ ਪਿਆਨਾ।
ਚਿਤ ਜਿਮ ਚਹਤਿ ਸਕਲ ਹਮ ਠਾਨਾ ॥੨੬॥
ਸ਼੍ਰੀ ਹਰਿ ਗੋਬਿੰਦ ਸੰਗ ਮਿਲੀਜੈ।
ਹਮ ਦਿਸ਼ਿ ਤੇ ਬਹੁ ਧੀਰਜ ਦੀਜੈ।
-ਕਰਹੁ ਨ ਸ਼ੋਕ ਗੁਬਿੰਦ ਗੁਨ ਗਾਵੋ।
ਅਪਰ ਸਰਬ ਕੋ ਕਹੋ ਮਿਟਾਵੋ[5] ॥੨੭॥
ਸਾਯੁਧ[6] ਹੋਇ ਤਖਤ ਪਰ ਰਾਜਹੁ।
ਜਥਾ ਸ਼ਕਤਿ ਸੈਨਾ ਸੰਗ ਸਾਜਹੁ।
ਪ੍ਰਥਮ ਚੰਦੂ ਤੇ ਪਲਟਾ[7] ਲੀਜਹਿ।

---

[1]ਠੰਢਾ।
[2]ਬੜੀ ਗਰਮੀ ਨਾਲ ਜੋ ਤਪਿਆ ਹੋਯਾ ਸੀ।
[3]ਕਲਿਆਣ।
[4]ਸਤਿਗੁਰੂ ਜੀ ਦੇ ਆਲੇ ਦੁਆਲੇ।
[5]ਕਹਿਕੇ (ਸ਼ੋਕ) ਮਿਟਾਓ।
[6]ਸ਼ਸਤ੍ਰਧਾਰੀ।
[7]ਬਦਲਾ।

ਹਤਹੁ ਕੁਮੌਤ ਮਹਾਂ ਦੁਖ ਦੀਜਹਿ* ॥੨੮॥
ਸ੍ਰੀ ਗੁਰੁ ਅਮਰਦਾਸ ਕੀ ਅੰਸ।
ਨਿਕਟ ਹਕਾਰੋ ਕੁਲ ਅਵਿਤੰਸ਼[1]।
ਪ੍ਰਥਮ ਰੀਤਿ ਕਰਿ ਲੀਜਹਿ ਟੀਕਾ।
ਸਕਲ ਬਡਿਨਿ ਸੰਗ ਕਹਿ ਬਚ ਨੀਕਾ ॥੨੯॥
ਬ੍ਰਿਧ ਆਦਿਕ ਸਿੱਖਨਿ ਸਨਮਾਨਹੁ।
ਗੁਰੁਨਿ ਕੀ ਰੀਤਿ ਪ੍ਰਮਾਨਹੁ[2]।
ਨਈ ਰੀਤਿ ਇਕ ਰਣ ਕੀ ਕੀਜਹਿ।
ਅਪਰ ਪ੍ਰਥਮ ਸਮ ਗਤੀ ਚਲੀਜਹਿ- ॥੩੦॥
ਦਾਹ ਦੇਹਿ ਨਹਿਂ ਕਰਿਹੁ ਹਮਾਰੀ।
ਦਿਹੁ ਪ੍ਰਵਾਹ ਇਸ ਸਲਿਤਾ ਬਾਰੀ[3]।
ਦਰਸ਼ਨ ਹਮਰੋ ਇਹ ਦਰਿਆਉ।
ਉੱਤਰ ਦਿਸ਼ਿ ਸਿਰ ਦੱਛਣ ਪਾਉ' ॥੩੧॥
ਏਕ ਰਬਾਬੀ ਤਬਿ ਚਲਿ ਆਯੋ।
ਹਾਥ ਦੁਤਾਰਾ ਗੁਰੁ ਦਰਸਾਯੋ।
ਕਹȣੋ ਤਾਂਹਿ ਕੋ 'ਕਿਰਤਨ ਕਰਹੁ।
ਸਲਿਤਾ ਤੀਰ ਰੁਚਿਰ ਥਲ ਥਿਰਹੁ' ॥੩੨॥
ਗੁਰੂ ਪਛਾਨੇ ਬੰਦਨ ਕੀਨਿ।
ਗਾਵਨਿ ਲਗȣੋ ਸ਼ਬਦ ਰਸ ਭੀਨ।
ਬ੍ਰਹਮਾਦਿਕ ਲਖਿ ਕਰਿ ਗੁਰੁ ਤਜਾਰੀ।
ਇੰਦ੍ਰਾਦਿਕ ਸੁਰ ਗੁਰ ਸੁਰ ਝਾਰੀ[4] ॥੩੩॥
ਬਿੱਦਜਾ ਧਰ[5] ਉਤਲਾਵਤਿ ਆਏ।

---

*ਸਤਿਗੁਰੂ ਜੀ ਖਿਮਾਂ ਦਾ ਘਰ ਹਨ, ਪਲਟੇ ਲੈਣੇ ਦੇ ਸੰਕਲਪ ਉਨ੍ਹਾਂ ਦੇ ਨਹੀਂ। ਹਾਂ ਜੈਸੀ ਕਰਨੀ ਤੈਸੀ ਭਰਨੀ ਇਕ ਅਜ਼ਲੀ ਅਸੂਲ ਹੈ। ਪੂਰਨ ਬ੍ਰਹਮ ਗਜਾਨੀ ਅਜਰ ਜਰਨ, ਖਿਮਾਂ ਦਾ ਘਰ ਕਵਿ ਜੀ ਆਪ ਉਹਨਾਂ ਨੂੰ ਕਹਿ ਰਹੇ ਹਨ, ਫੇਰ ਬਦਲੇ ਲੈਣ ਦੀ ਅਚਾਹਤਾ ਬੀ ਦੱਸੀ ਨੇ, ਕਵਿ ਜੀ ਅੰਕ ੩੮ ਵਿਚ ਕਹਿੰਦੇ ਹਨ:-
"ਨਹਿਂ ਸੰਕਲਪ ਰਿਦੇ ਮਹਿਂ ਕੀਨਾ। ਦੋਖੀ ਕਹੁ ਕਰਿਬੇ ਸੁਖ ਹੀਨਾ"।
ਗੁਰੂ ਹਰਿਗੋਬਿੰਦ ਜੀ ਵਿਚ ਬੀਰ ਰਸ ਨੂੰ ਸ਼ਾਂਤਿ ਰਸ ਦੀ ਰੱਖਜ਼ਾ ਲਈ ਤੇ ਪਰਜਾ ਦੇ ਭਲੇ ਤੇ ਬਦੀ ਨੂੰ ਤਾੜਨ ਤੇ ਦੁਖੀਆਂ ਨੂੰ ਸੁਖ ਦੇਣ ਲਈ ਉਦੇ ਕਰਨਾ ਹੋਰ ਬਾਤ ਹੈ; ਦੇਖੋ ਇਸੇ ਰਾਸਿ ਦੇ ਅੰਸੂ ੪੨ ਅੰਕ ੧੨ ਦੀ ਤੇ ਅੰਸੂ ੪੬, ਅੰਕ ੧੪ ਦੀ ਹੇਠਲੀ ਟੂਕ।
[1]ਸ਼ਿਰੋਮਣ।
[2]ਭਲੀ ਤਰ੍ਹਾਂ ਮੰਨੋ।
[3]ਨਦੀ ਦੇ ਜਲ ਵਿਚ।
[4]ਬ੍ਰਹਸਪਤ ਤੇ ਸਮੂਹ ਦੇਵਤੇ।
[5]ਦੇਵਤਿਆਂ ਦੀ ਇਕ ਕਿਸਮ।

ਕਿੰਨਰ, ਜੱਛ, ਅਪੱਸਰਾ ਲਜਾਏ।
ਸਕਲ ਬਾਯੁ ਗਨ ਸਿੱਧ ਅਰੁ ਚਾਰਨ[1]।
ਨਭਥਿਤਿ[2] 'ਜੈ ਜੈ' ਕਰਹਿਂ ਉਚਾਰਨਿ ॥੩੪॥
ਭਯੋ ਬਿਵਾਨ ਸਹਤ ਅਸਮਾਨ।
ਪਸਰੀ ਜਹਿਂ ਕਹਿਂ ਜੋਤ ਮਹਾਨ।
ਗੋਰਖ ਨਾਥ ਲੀਯੇ ਗਨ ਚੇਲਾ।
ਪੀਰ ਅਜ਼ਮਤੀ ਮੇਲਿ ਸਕੇਲਾ ॥੩੫॥
ਗੁਪਤ[3] ਆਇ ਸਭਿ ਮੰਗਲ ਕਰਹਿਂ।
ਪਰਵਾਰਤਿ ਚਹੁੰਦਿਸ਼ਿ ਮਹਿਂ ਥਿਰਹਿਂ।
ਸਤਿਗੁਰੁ ਚਰਿਤ ਕਹੈ, ਕੋ ਸੁਨੈ।
ਬਿਸਮਤਿ ਹੁਇ ਕਰਿ ਉਰ ਮਹਿਂ ਗੁਨੈ ॥੩੬॥
'ਇਨ ਸਮ ਧੀਰਜ ਧਰਨੀ ਮਾਂਹਿ।
ਜਗ ਮਹਿਂ ਅਪਰ ਬਿਚਾਰੀਅਹਿ ਕਾਹਿ।
ਅਜਰ ਜਰਨਿ ਕੀ ਅਵਧਿ ਦਿਖਾਈ।
ਅਛਤਿ[4] ਸ਼ਕਤਿ ਅਤਿ, ਦੁਖ ਅਤਿ ਪਾਈ ॥੩੭॥
ਨਹਿਂ ਸੰਕਪਲ ਰਿਦੇ ਮਹਿਂ ਕੀਨਾ।
ਦੋਖੀ ਕਹੁ ਕਰਿਬੇ ਸੁਖ ਹੀਨਾ।
ਇਨ ਕੀ ਉਪਮਾ ਇਨ ਹੂੰ ਬਨੈ।
ਸਹੀ ਸਜਾਇ ਨ ਆਨੀ ਮਨੈ[5]' ॥੩੮॥
ਅਨਿਕ ਪ੍ਰਕਾਰ ਗਗਨ ਮਹਿਂ ਕਹੈਂ।
-ਅਬਿ ਆਵਹਿਂ- ਸਗਰੈ ਚਿਤ ਚਹੈਂ।
ਸ੍ਰੀ ਸਤਿਗੁਰ ਤਬਿ ਕੁਸ਼ਾ ਮੰਗਾਈ[*]।
ਕਿਸ ਦਿਜ ਕੇ ਘਰ ਤੇ ਸਮੁਦਾਈ ॥੩੯॥
ਆਸਤਰਨ[6] ਅਵਿਨੀ ਪਰ ਕੀਨਾ।
ਬਿਸਦ ਚਾਦਰਾ ਊਪਰ ਲੀਨਾ।
ਪੌਢਿ ਗਏ ਆਛਾਦਯੋ ਬਦਨ।

---

[1]ਭੱਟ
[2]ਅਕਾਸ਼ ਵਿਚ ਟਿਕਕੇ।
[3]ਗੁਪਤ ਲੋਕ ਦੇ ਵਾਸੀ।
[4]ਹੁੰਦਿਆਂ।
[5]ਨਾ ਲਿਆਂਦੀ ਮਨ ਵਿਚ।
[*]ਸਤਿਗੁਰੂ ਜੀ ਇਨ੍ਹਾਂ ਭਰਮਾਂ ਦੇ ਆਪ ਆਪਣੀ ਬਾਣੀ ਵਿਚ ਖੰਡਣਹਾਰ ਹਨ।
[6]ਵਿਛਾਣਵਾ।

ਗਮਨਿ ਕਰਨਿ ਬੈਕੁੰਠ ਨਿਜ ਸਦਨ ॥੪੦॥
ਤਜਾਗ ਦੇਹਿ ਜਬਿ ਚਢੇ ਬਿਮਾਨਾ।
ਹਨੇ ਡੰਕ ਸੁਰ ਬ੍ਰਿੰਦ ਨਿਸ਼ਾਨਾ[1]।
ਮੰਜੁਲ ਫੂਲਨਿ ਅੰਜੁਲ[2] ਡਾਰਹਿਂ।
'ਜੈ ਜੈ' ਏਕੋ ਬਾਰ ਉਚਾਰਹਿਂ ॥੪੧॥
ਬਾਰ ਆਰਤੀ ਪੁੰਜ[3] ਉਤਾਰਹਿਂ।
ਧੂਪ ਧੁਖਾਵ ਸੁਗੰਧਿ ਬਿਥਾਰਹਿਂ।
ਅਤਿ ਉਤਸਵ ਕੋ ਸਗਰੇ ਧਾਰਹਿਂ।
ਨਮਸਕਾਰ ਕਰ ਬੰਦਿ ਦਿਖਾਰਹਿਂ ॥੪੨॥
ਭਯੋ ਅਕਾਸ਼ ਅਰਣ ਹੀ ਬਰਣਾ[4]।
ਪਿਖਤਿ ਲੋਕ ਅਚਰਜ ਉਰ ਕਰਣਾ।
ਸਿਖ ਕੀ ਸੁਤਾ ਜਾਨਿ ਤਬਿ ਗਈ।
ਤ੍ਰਿਣ ਸਮ ਤਨ ਪਰਹਰਿ ਸੰਗ ਭਈ ॥੪੩॥
ਘਰ ਮਹਿਂ ਪਰੀ ਨ ਕਿਨਹੂੰ ਜਾਨੀ।
ਭਈ ਗੁਰੂ ਸੰਗ ਭਾਗ ਮਹਾਨੀ।
ਉਰਧ ਗੁਰੂ ਕੋ ਚਲਜੋ ਬਿਬਾਨਾ।
ਗਨ ਦੇਵਨਿ ਕੋ ਸੰਗ ਪਯਾਨਾ ॥੪੪॥
ਰਾਗਨਿ ਰਾਚਿ ਅਪਸਰਾ ਨਾਚਹਿ[5]।
ਚਲਹਿਂ ਅਗਾਰੀ ਕੌਤਕ ਮਾਚਹਿ।
ਜਹਿਂ ਲਗਿ ਜਿਸ ਕੀ ਸ਼ਕਤਿ ਪਯਾਨਨਿ।
ਬਹੁਰ ਥਿਰਹਿਂ ਪਿਖਿ ਕਰਿ ਊਚਾਨਨ[6] ॥੪੫॥
ਗੋਰਖ ਆਦਿ ਪੀਰ ਸਭਿ ਮੁਰੇ।
ਬੰਦਨ ਕਰਿ ਕਰਿ ਨਿਜ ਥਲ ਥਿਰੇ।
ਇੰਦ੍ਰ ਆਦਿਕ ਪੁੰਨ ਬੰਦਨ ਧਾਰੀ।
ਹਟੇ ਸੰਗਿ[7], ਗੁਰ ਚਲੇ ਅਗਾਰੀ ॥੪੬॥
ਬ੍ਰਹਮ ਲੋਕ ਲਗਿ ਬ੍ਰਹਮਾ ਸਾਥ।

---

[1]ਧੌਂਸਿਆਂ ਤੇ।
[2]ਚਿੱਟੇ ਫੁਲਾਂ ਦੇ ਬੁੱਕ।
[3]ਸਾਰੇ।
[4]ਲਾਲ ਰੰਗ ਦਾ।
[5]'ਰਾਗ ਰਤਨ ਪਰਵਾਰ ਪਰੀਆਂ' ਤੋਂ ਮੁਰਾਦ ਹੈ।
[6]ਉੱਚਾ ਮੁਖ।
[7]ਨਾਲੋਂ ਮੁੜੇ।

ਪੁਨ ਆਗੇ ਗਮਨੇ ਗੁਰ ਨਾਥ।
ਅਪਨੇ ਸਦਨ ਬਿਕੁੰਠ ਪਹੂਚੇ।
ਸਰਬ ਲੋਕ ਤੇ ਅਹੈ ਜੁ ਊਚੇ ॥੪੭॥
ਕੇਤਿਕ ਦਿਨ ਸੁਰ ਗਨ ਬਚ ਕਹੈਂ।
ਸਤਿਗੁਰ ਚਰਿਤ ਸੁ ਅਚਰਜ ਅਹੈਂ।
ਜਿਨ ਸਮਾਨਤਾ ਕਰਿਹੈ ਕੋਇ ਨ।
ਭੂਤ ਨ ਭਯੋ ਭਵਿੱਖਜਤਿ ਹੋਇ ਨ ॥੪੮॥ {ਵਿਸ਼ੇਸ਼ ਟੂਕ}

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੈ 'ਸ਼੍ਰੀ ਗੁਰੁ ਅਰਜਨ ਸਾਹਿਬ ਜੀ ਪਰਲੋਕ ਗਮਨ' ਪ੍ਰਸੰਗ ਬਰਨਨੰ ਨਾਮ ਸਪਤ ਤ੍ਰਿੰਸਤੀ ਅੰਸੂ ॥੩੭॥

ਵਿਸ਼ੇਸ਼ ਟੂਕ:- ਪਿੱਛੇ ਇਸੇ ਰਾਸਿ ਦੇ ਅੰਸੂ ੨੯ ਅੰਕ ੧੩ ਦੀ ਟੂਕ ਵਿਚ ਦੱਸ ਆਏ ਹਾਂ ਕਿ ਮਹਿਮਾ ਪ੍ਰਕਾਸ਼ ਨੇ ਕੇਵਲ ਸਤਿਗੁਰਾਂ ਵਲੋਂ ਸ਼ਹਿਜ਼ਾਦੇ ਖੁਸਰੋ ਨੂੰ ਰੋਟੀ ਦੇਣੀ ਲਿਖੀ ਹੈ, ਯਥਾ 'ਸੋ ਬਡਾ ਦੁਖੀ ਤਾਂ ਪਰ ਭਈ ਆਫਤ। ਦੇਖ ਦਿਆਲ ਗੁਰ ਕਰੀ ਜ਼ਿਆਫਤ। ਤਾਂਕੋ ਖਾਨ ਪਾਨ ਸਭ ਦੀਆ।ਨਿਜ ਕਰ ਗੁਜ਼ਰਾਨ ਕਚ ਤਿਨ ਕੀਆ।' ਕਿਸੇ ਨੇ ਉਸ ਸਮੇਂ ਅੱਖੀਂ ਦੇਖੀ ਲਿਖੀ ਹੋਵੇ, ਐਸੀ ਕੋਈ ਲਿਖਤ ਅਜੇ ਨਹੀਂ ਮਿਲੀ, ਸੋ ਇਹ ਗੱਲ ਕਿ ਸਚ ਮੁਚ ਗੁਰੂ ਜੀ ਨੂੰ ਖੁਸਰੋ ਮਿਲੇ ਨਿਸਚੇ ਸਿੱਧ ਕਿਸੇ ਨਹੀਂ ਕੀਤੀ। ਪਰੰਤੂ ਜੇ ਇਹ ਗਲ ਸੀ ਬੀ ਹੋਵੇ ਤਾਂ ਕੋਈ ਅਨੋਖੀ ਗਲ ਨਹੀਂ। ਸਤਿਗੁਰਾਂ ਨੂੰ ਸਭ ਮਿਲਨੇ ਵਾਲੇ ਲੰਗਰੋਂ ਪ੍ਰਸ਼ਾਦ ਛਕਦੇ ਸਨ, ਅਕਬਰ ਪਾਤਸ਼ਾਹ ਨੇ ਵੀ ਸਤਿਗੁਰਾਂ ਦੇ ਗ੍ਰਹਿ ਦਾ ਓਗਰਾ ਛਕਿਆ ਸੀ। ਹਰੀ ਪੁਰ ਵਾਲੇ ਰਾਜੇ ਵੀ ਲੰਗਰ ਦਾ ਪ੍ਰਸ਼ਾਦ ਛਕਿਆ ਸੀ। ਸੋ ਜਿਥੇ ਕਿ ਅਟੁੱਟ ਲੰਗਰ ਦਾ ਅਸੂਲ ਵਰਤੋਂ ਵਿਚ ਸੀ ਤੇ ਬਿਨਾਂ ਲਿਹਾਜ਼ ਜਾਤ ਜਨਮ ਤੇ ਕਰਮ ਕੁਲ ਦੇ ਸਭਨੂੰ ਰੋਟੀ ਮਿਲਦੀ ਸੀ, ਉਥੇ ਜੇ ਸ਼ਾਹਜ਼ਾਦੇ* ਨੇ ਰੋਟੀ ਮੰਗੀ ਤੇ ਸਤਿਗੁਰਾਂ ਨੇ ਦਿੱਤੀ ਤਾਂ ਅਪਣੇ ਅਸੂਲ ਤੋਂ ਉਨ੍ਹਾਂ ਨੇ ਠੀਕ ਕੀਤਾ ਹੈ। ਸਤਿਗੁਰਾਂ ਨੇ ਆਪਣੇ ਆਤਮਕ ਤੇ ਸਦਾਚਾਰਕ ਅਸੂਲਾਂ ਨੂੰ ਮੁਹਰੇ ਰੱਖਣਾ ਹੈ, ਤੇ ਕਿਸੇ ਭੈ ਤੋਂ ਡਰ ਕੇ ਅਸੂਲ ਨਹੀਂ ਤੋੜਨੇ, ਹਉਮੈਂ ਵਿਚ ਆਫਰੇ ਜਰਵਾਣੇ ਹਾਕਮਾਂ ਤੇ ਪਾਤਸ਼ਾਹਾਂ ਨੇ ਜੇ ਨਹੀਂ ਸਮਝਣਾਂ ਤਾਂ ਨਾ ਸਮਝਣ। ਬਾਕੀ ਰਹੀ ਅਸਲ ਗਲ ਸੋ ਇਉਂ ਜਾਪਦੀ ਸੀ ਕਿ ਮੁਸਲਮਾਨ ਦੋਖੀਆਂ ਨੇ ਜੋ ਸਿੱਖੀ ਪ੍ਰਚਾਰ ਨਾਲ ਖੁਣਸ ਖਾ ਰਹੇ ਸਨ, ਤੇ ਮੁਸਲਮਾਨਾਂ ਦੇ ਸਿੱਖ ਬਣਨ ਤੋਂ ਵਧੇਰੇ ਦੁਖੀ ਸਨ, ਅਤੇ ਚੰਦੂ ਵਰਗੇ ਸੁਆਰਥੀਆਂ ਨੇ ਪਾਤਸ਼ਾਹ ਨੂੰ ਕੋਲੋਂ ਪਾ ਪਾ ਕੇ ਅਤੇ ਆਪਣੇ ਰੰਗਾਂ ਵਿਚ ਗੱਲਾਂ ਦੱਸਣੀਆਂ ਹੀ ਸਨ। ਕਿਸੇ ਕਿਹਾ 'ਖੁਸਰੋ ਦੇ ਹਕ ਵਿਚ ਦੁਆ ਕੀਤੀ' (ਦੇਖੋ ਦਬਿਸਤਾਨ ਮਜ਼ਾਹਬ) ਪਰ ਜਹਾਂਗੀਰ ਆਪ ਲਿਖਦਾ ਹੈ ਕਿ 'ਖੁਸਰੋ ਦੇ ਮੱਥੇ ਤੇ ਤਿਲਕ ਲਾਇਆ ਤੇ ਖਾਸ ਤਰ੍ਹਾਂ ਦਾ ਵਰਤਾਉ ਕੀਤਾ।' ਤਿਲਕ

*ਮੈਕਾਲਫ ਲਿਖਦਾ ਹੈ ਕਿ ਅਕਬਰ ਨੇ ਤਖਤ, ਖੁਸਰੋ ਅਪਣੇ ਪੋਤੇ ਨੂੰ ਦੇਣਾ ਕਿਹਾ ਸੀ, ਪਰ ਜਹਾਂਗੀਰ ਨੇ ਤਖਤ ਸਾਂਭ ਲਿਆ ਸੀ, ਇਸ ਕਰਕੇ ਸ਼ਾਹਜ਼ਾਦਾ ਆਗਰੇ ਤੋਂ ਨੱਠਾ ਸੀ ਕਿ ਪੰਜਾਬ ਤੇ ਅਫਗਾਨਸਤਾਨ ਮੈਂ ਲੈ ਲਵਾਂ।

ਵਾਲੀ ਗਲ ਬੀ ਬਨਾਵਟੀ ਚੁਗਲੀ ਹੈ। ਸਤਿਗੁਰਾਂ ਦੇ ਘਰ ਵਿਚ ਤਿਲਕ ਕੇਵਲ ਆਪਣੇ ਜਾਨਸ਼ੀਨ ਨੂੰ ਦੇਂਦੇ ਸਨ, ਹੋਰ ਕਦੇ ਕਿਸੇ ਨੂੰ ਨਹੀਂ ਸਨ ਦੇਂਦੇ। ਅਕਬਰ ਤੀਸਰੇ ਸਤਿਗੁਰਾਂ ਪਾਸ ਆਇਆ ਸੀ ਤਿਲਕ ਨਹੀਂ ਦਿੱਤਾ, ਇਕ ਰਾਜਾ ਤੀਸਰੇ ਸਤਿਗੁਰਾਂ ਪਾਸ, ਇਕ ਪੰਜਵੇਂ ਗੁਰਾਂ ਪਾਸ ਆਇਆ ਸੀ, ਕਿਸੇ ਨੂੰ ਤਿਲਕ ਨਹੀਂ ਦਿੱਤਾ। ਸੋ ਇਹ ਬੀ ਠੱਪੀ ਹੋਈ ਊਜ ਹੀ ਸੀ।

ਭਾਈ ਸੰਤੋਖ ਸਿੰਘ ਜੀ ਨੂੰ ਜੋ ਖਬਰ ਜਹਾਂਗੀਰ ਦਾ ਦਿਲ ਗੁਰਾਂ ਨਾਲ ਚੰਗੇ ਹੋਣ ਦੀ ਮਿਲੀ ਹੈ, ਠੀਕ ਨਹੀਂ। ਪਤਾ ਨਹੀਂ ਉਹਨਾਂ ਨੇ ਇਹ ਕਿਸੇ ਮੁਸਲਮਾਨ ਪੱਖੀ ਤੋਂ ਸੁਣੀ ਹੈ, ਯਾ ਮਗਰੋਂ ਜੋ ਪਾਤਸ਼ਾਹ ਨੇ ਚੰਦੂ ਨੂੰ ਹਵਾਲੇ ਕਰ ਦਿੱਤਾ ਸੀ, ਇਸ ਗੱਲ ਤੋਂ ਉਸ ਨੂੰ ਨਿਰਦੋਸ਼ ਮੰਨਕੇ ਸ਼ਰਧਾਲੂ ਬੀ ਮੰਨ ਲਿਆ। ਪਰ ਜਹਾਂਗੀਰ ਦੀ ਲਿਖਤ ਦਸਦੀ ਹੈ ਕਿ ਉਸ ਦੇ ਜੀ ਵਿਚ ਸਖਤ ਤਅੱਸਬ ਭਰਿਆ ਪਿਆ ਸੀ ਉਹ ਆਪ ਵੀ ਲਿਖੀ ਤੌਜ਼ਕ ਜਹਾਂਗੀਰੀ ਵਿਚ ਲਿਖਦਾ ਹੈ:-

"ਦਰ ਗੋਇੰਦਵਾਲ ਕਿ ਬਰ ਕਨਾਰੇ ਦਰਯਾਇ ਬਿਆਸ ਵਾਕਿਆਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸੇ ਪੀਰੀ ੳ ਸ਼ੈਖੀ, ਚੁਨਾਂਚਿ ਬਿਸੀਆਰੇ ਅਜ਼ ਸਾਦਹ ਲੌਹਾਨੇ ਹਨੂਦ ਬਲਕਿ ਨਾਦਾਨ ਵ ਸਫੀਹਾਨੇ ਇਸਲਾਮ ਰਾ ਮੁਕੱਯਦ ਅਤਵਾਰੋ ਔਜ਼ਾਏ ਖ਼ੁਦ ਸਾਖ਼ਤਹ ਕੋਸਿ ਪੀਰੀਓ ਵਲਾਇਤ ਰਾ ਬੁਲੰਦ ਆਵਾਜ਼ਹ ਗਰਦਾਨੀਦਹ ਬੂਦ। ੳ ਰਾ ਗੁਰੂ ਮੇ ਗੁਫ਼ਤੰਦ। ਵ ਅਜ਼ ਇਤਰਾਫੋ ਜਵਾਨਬ ਗ਼ੋਲਾਨੋ ਗ਼ੋਲ ਪ੍ਰਸਤਾਨੇ ਬਦ ਰਜੂਅ ਆਵੁਰਦਹ ਇਅ਼ਤਕ਼ਾਦੇ ਤਮਾਮ ਬ-ੳ ਇਜ਼ਹਾਰ ਮੇ ਕਰਦੰਦ। ਅਜ਼ ਸਿਹ ਚਹਾਰ ਪੁਸ਼ਤੇ ੳ ਈਂ ਦੁਕਾਨ ਰਾ ਗਰਮ ਮੇ ਦਾਸ਼ਤੰਦ। ਮੁੱਦਤ ਹਾ ਬਖ਼ਾਤਿਰ ਮੇ ਗੁਜ਼ਸ਼ਤ ਕਿ ਈਂ ਦੁਕਾਨਿ ਬਾਤਿਲ ਰਾ ਬਰ ਤਰਫ ਬਾਇਦ ਸਾਖਤ ਯਾ ੳ ਰਾ ਦਰ ਜਿਰਗਹ ਏ ਅਹਿਲਿ ਇਸਲਾਮ ਦਰ ਬਾਇਦ ਆਵੁਰਦ"।

ਅਰਥਾਤ- 'ਗੋਇੰਦਵਾਲ ਵਿਚ ਜੋ ਕਿ ਦਰਯਾਇ ਬਿਆਸ ਦੇ ਕੰਢੇ ਤੇ ਹੈ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚ ਬਹੁਤ ਸਾਰੇ ਬਲਕਿ ਮੂਰਖ ਤੇ ਬਿਅਕਲ ਮੁਸਲਮਾਨਾਂ ਨੂੰ ਭੀ ਆਪਣੇ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂ ਪੁਣੇ ਦਾ ਢੋਲ ਬੜੇ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸਾਸੁ। ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਝੂਠ ਦੇ ਪੁਜਾਰੀਆਂ ਦੇ ਟੱਲਿਆਂ ਦੇ ਟੋਲੇ ਉਸ ਵਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਆਉਂਦੀ ਸੀ ਕਿ ਇਸ ਝੂਠੀ ਦੁਕਾਨ ਨੂੰ ਦੂਰ ਕਰਦਿਆਂ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਇਸਲਾਮ ਦੀ ਜਮਾਤ ਵਿਚ ਲੈ ਆਵਾਂ।'

ਇਹ ਉਸ ਦੇ ਆਪਣੇ ਲੇਖ ਤੋਂ ਸਾਬਤ ਹੈ ਕਿ ਪਾਤਸ਼ਾਹ ਦੇ ਦਿਲ ਵਿਚ ਤਅੱਸਬ ਤੇ ਵੈਰ ਪਹਿਲੋਂ ਤੋਂ ਸੀ, 'ਦੂਰ ਕਰ ਦੇਵਾਂ ਅਰਥਾਤ ਮੂਲੋਂ ਮਿਟਾ ਦੇਵਾਂ ਯਾ ਇਸਲਾਮ ਵਿਚ ਦਾਖਲ ਕਰ ਲਵਾਂ' ਉਸ ਦੇ ਜੀ ਵਿਚ ਪਹਿਲੋਂ ਤੋਂ ਹੀ ਆ ਰਹੀ ਸੀ। ਉਸ ਨੂੰ ਬਹੁਤ ਗੁੱਸਾ ਮੁਸਲਮਾਨਾਂ ਦੇ ਸਿੱਖ ਬਣਨੇ ਦਾ ਸੀ। ਇਹ ਜ਼ਾਹਰ ਹੀ ਹੈ ਕਿ ਏਹ ਸੁਣੇ ਸੁਣਾਏ ਖਿਆਲ ਸਨ, ਜੋ ਗ਼ਾਲਬਨ ਚੁਗਲਖ਼ੋਰਾਂ ਦੇ ਪੁਚਾਏ

ਹੋਏ ਸਨ। ਆਪੂੰ ਉਸ ਨੇ ਕੋਈ ਖੇਚਲ ਕਰਕੇ ਤਜਰਬਾ ਥੋੜਾ ਕੀਤਾ ਸੀ। ਫੇਰ ਬਾਕੀ ਜੋ ਬੇਅਦਬੀ ਦੇ ਵਾਕ ਪਾਤਸ਼ਾਹ ਨੇ ਲਿਖੇ ਹਨ ਸੋ ਤਅੱਸਬ ਭਰੇ ਦਿਲ ਤੋਂ ਹੋਰ ਆਸ ਹੀ ਕਹਿ ਹੋ ਸਕਦੀ ਹੈ। ਪਾਤਸ਼ਾਹ ਵਲੋਂ ਬੇਅਦਬੀ ਦੇ ਵਾਕ ਪੜ੍ਹਕੇ ਘਬਰਾਉਣਾ ਨਹੀਂ ਚਾਹੀਦਾ, ਇਹ ਵਾਕ ਦਲੀਲ ਹਨ ਉਸ ਦੇ ਦਿਲ ਵਿਚ ਪਹਿਲੇ ਭਰੇ ਕੀਨੇ, ਵੈਰ ਤੇ ਤਅੱਸਬ ਦੀ।

ਫਿਰ ਪਾਤਸ਼ਾਹ ਲਿਖਦਾ ਹੈ ਕਿ:- "ਤਾ ਆਂਕਿ ਦਰ ਈਂ ਅੱਯਾਮ ਖ਼ੁਸਰੋ ਅਜ਼ਾਂ ਰਾਹ ਅ਼ਬੂਰ ਮੇਂ ਨਮਦ। ਈਂ ਮਰਦਕਿ ਮਜਹੂਲ ਇਰਾਦਹ ਕਰਦ ਕਿ ਮੁਲਾਜ਼ਮਤੇ ਓਰਾ ਦਰ ਯਾਬਦ। ਦਰ ਮੰਜ਼ਲੇ ਕਿ ਜਾ ਵ ਮੁਕਾਮਿ ਓ ਬੂਦ ਖ਼ੁਸਰੋ ਰਾ ਨਜ਼ੂਲ ਉਫਤਾਦ, ਆਮਦਹ ਓਰਾ ਦੀਦ, ਵ ਬਾਜ਼ੇ ਮੁਕੱਦਿਮਾਤ ਫ਼ਰਾ ਯਾਫ਼ਤਹ ਬਓ ਰਸਾਨੀਦ ਵਾ ਬਰ ਪਸ਼ਾਨੀਏ ਓ ਅੰਗੁਸ਼ਤੇ ਅਜ਼ ਜ਼ਅਫ਼ਰਾਨ ਕਿ ਬ-ਇਸਤਲਾਹ ਹਿੰਦੂਵਾਨ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸ਼ਗੂਨ ਮੇ ਦਾਨੰਦ। ਚੂੰ ਈਂ ਮੁਕੱਦਿਮਾ ਬ-ਮੁਸਾਮਿਅ਼ ਜਾਹੋ ਜਲਾਲ ਮੇ ਰਸਦ ਵ ਬੁਤਲਾਨਿ ਓਰਾ ਬ ਵਜਹ ਅਕਮਲ ਮੇ ਦਾਨਿਸਤਮ ਅਮਰ ਕਰਦਮ ਕਿ ਓਰਾ ਹਾਜ਼ਿਰ ਸਾਖ਼ਤੰਦ ਵਾ ਮਸਾਕਨੋ ਮਨਾਜ਼ਲੋ ਫਰਜ਼ੰਦਾਨੇ ਓ ਰਾ ਬ-ਮੁਰਤਜ਼ਾ ਖ਼ਾਨ ਇਨਾਇਤ ਨਮੂਦਮ ਵ ਅਸਬਾਬੋ ਅਮਵਾਲੇ ਓਰਾ ਬਕੈਦਿ ਜ਼ਬਤਦਰ ਆਵੁਰਦਹ ਫਰਮੂਦਮ ਕਿ ਓਰਾਬ-ਸਿਆਸਤਬ-ਯਾਸਾ* ਰਾਸਾਨੰਦ।"

ਅਰਥਾਤ- 'ਕਿ ਇਨ੍ਹਾਂ ਹੀ ਦਿਨਾਂ ਵਿਚ ਖੁਸਰੋ ਉਸ ਰਸਤੇ ਲੰਘਿਆ। ਇਸ..... ਪੁਰਸ਼ (ਭਾਵ ਗੁਰੂ ਜੀ ਨੇ) ਇਰਾਦਾ ਕੀਤਾ ਕਿ ਉਸ (ਖੁਸਰੋ) ਨੂੰ ਮਿਲੇ। ਉਸ ਪੜਾ ਉੱਤੇ ਜਿਥੇ ਕਿ ਉਸ ਦੀ ਜਗਾ ਤੇ ਟਿਕਾਣਾ ਸੀ, ਖੁਸਰੋ ਦਾ ਡੇਰਾ ਹੋਇਆ ਦੇਖ ਕੇ ਉਸ ਨੂੰ ਮਿਲਿਆ। ਕਈ ਗੱਲਾਂ ਕੀਤੀਆਂ ਤੇ ਉਸ ਦੇ ਮੱਥੇ ਪਰ ਆਪਣੀ ਉਂਗਲ ਨਾਲ ਕੇਸਰ ਦਾ ਟਿੱਕਾ ਲਾਇਆ ਜਿਸ ਨੂੰ ਕਿ ਹਿੰਦੂ ਤਿਲਕ ਆਖਦੇ ਤੇ ਸ਼ਗਨ ਸਮਝਦੇ ਹਨ। ਜਦ ਏਹ ਖਬਰ ਮੇਰੇ ਕੰਨਾਂ ਵਿਚ ਪਹੁੰਚੀ। ਮੈਂ ਉਸ ਦੇ ਝੂਠ ਨੂੰ ਬੜੀ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕਰਨ, ਉਸ ਦੇ ਘਰ ਬਾਰ ਤੇ ਪੁੱਤ੍ਰਾਂ ਨੂੰ ਮੁਰਤਜ਼ਾ ਖਾਂ ਨੂੰ ਬਖਸ਼ ਦਿੱਤਾ ਤੇ ਉਸ ਦੇ ਮਾਲ ਜਾਇਦਾਦ ਨੂੰ ਜ਼ਬਤ ਕਰਕੇ ਮੈਂ ਹੁਕਮ ਕੀਤਾ ਕਿ ਉਸ ਨੂੰ ਕਤਲ ਦੀ ਕਰੜੀ ਸਜ਼ਾ ਦਿਤੀ ਜਾਵੇ।'

ਇਸ ਲਿਖਤ ਤੋਂ ਸਾਬਤ ਹੋਇਆ ਕਿ ਪਾਤਸ਼ਾਹ ਜਿਸ ਦੇ ਦਿਲ ਵਿਚ ਪਹਿਲਾਂ ਮਜ਼ਹਬੀ ਤਅੱਸਬ ਭਰਿਆ ਹੋਇਆ ਸੀ, ਜੋ ਆਪ ਮੰਨਦਾ ਹੈ ਕਿ ਪਹਿਲੋਂ ਤੋਂ ਉਨ੍ਹਾਂ ਦੇ ਝੂਠ ਨੂੰ ਪੂਰੀ ਤਰ੍ਹਾਂ ਜਾਣਦਾ ਸਾਂ, ਗਲ ਸੁਣਦੇ ਸਾਰ ਅੱਗ ਬਗੋਲਾ ਹੋ ਗਿਆ ਹੈ ਤੇ ਜੋ ਪਹਿਲਾਂ ਚਿਤਵਦਾ ਹੁੰਦਾ ਸੀ ਕਿ ਸਮਾਪਤੀ ਕਰ ਦਿਆਂ ਯਾ ਦਾਖਲ ਇਸਲਾਮ ਕਰ ਲਵਾਂ, ਸੋ ਇਸ ਬੇਹੂਦਾ ਦੋਸ਼ ਵਿਚ ਮੌਕਾ ਸਮਝ ਕੇ ਅਤਯਾਚਾਰ ਦਾ ਹੁਕਮ ਦੇ ਦਿੱਤਾ। ਇਹ ਬੀ ਇਸ ਤੋਂ ਸਾਫ ਸਿੱਟਾ ਨਿਕਲ ਰਿਹਾ ਹੈ ਕਿ ਪਾਤਸ਼ਾਹ ਨੇ ਤਹਕੀਕਾਤ ਨਹੀਂ ਕੀਤੀ, ਨਿਆਂ ਨਹੀਂ ਕੀਤਾ ਤੇ ਐਵੇਂ ਸੁਣਕੇ ਹੀ ਆਪਣੇ ਪਹਿਲੇ ਬਣੇ ਤਅੱਸਬ ਵਿਚ ਗੁੱਸਾ ਖਾ ਕੇ ਹੁਕਮ ਦੇ ਦਿੱਤਾ ਹੈ।

---

* 'ਯਾਸਾ' ਤੁਰਕੀ ਲਫਜ਼ ਹੈ, ਅਰਥ ਹੈ-ਕਤਲ ਕਰਨਾ, ਲੁੱਟਣਾ, ਬਦਲਾ ਲੈਣਾ।

ਹੁਣ ਜਦ ਅਸਲੀਅਤ ਦੀ ਖੋਜ ਕਰੀਏ ਤਾਂ ਥਹੁ ਪੈਂਦਾ ਹੈ ਕਿ ਸਤਿਗੁਰੂ ਜੀ ਤੇ ਖੁਸਰੋ ਦਾ ਮੇਲ ਹੋਇਆ ਹੀ ਨਹੀਂ ਹੈ। ਇਹ ਇਕ ਊਜ ਸੀ ਜੋ ਤਅੱਸਬੀ ਮੁਸਲਮਾਨ ਹਾਕਮਾਂ, ਚੰਦੂ ਤੇ ਪ੍ਰਿਥੀਏ ਯਾ ਉਸ ਦੇ ਪਰਵਾਰ ਵਲੋਂ ਘੜੀ ਗਈ ਸੀ। ਉਹ ਖੋਜ ਇਸ ਪ੍ਰਕਾਰ ਹੈ:-

ਆਗਰੇ ਤੋਂ ਪਾਤਸ਼ਾਹ ਖੁਸਰੋ ਦੇ ਮਗਰੇ ਮਗਰ ਟੁਰ ਪੈਂਦਾ ਹੈ। ਰਸਤੇ ਵਿਚ ਖੁਸਰੋ ਦੇ ਠਹਿਰਨ, ਕਿਸੇ ਤੋਂ ਮਦਦ ਮਿਲਣ ਤੇ ਅਗੇ ਭੱਜੇ ਜਾਣ ਦੀ ਖ਼ਬਰ ਉਸ ਨੂੰ ਮਿਲਦੀ ਜਾਂਦੀ ਹੈ। ਮਦਦ ਦੇਣਹਾਰਾਂ ਨੂੰ ਸਜ਼ਾਵਾਂ ਦੇਈ ਜਾਂਦਾ ਹੈ। ਚੁਨਾਚਿ ਕਰਨਾਲ ਦੇ ਪਰਗਨੇ ਵਿਚ ਵੜਦਿਆਂ ਉਸ ਨੂੰ ਪਤਾ ਲਗਦਾ ਹੈ ਕਿ ਪੀਰ ਥਾਨੇਸਰੀ ਨੇ ਖੁਸਰੋ ਨੂੰ ਮਦਦ ਦਿੱਤੀ ਹੈ, ਜੈਸਾ ਕਿ ਪਾਤਸ਼ਾਹ ਆਪਣੀ 'ਤੁਜ਼ਕ ਜਹਾਂਗੀਰੀ' ਵਿਚ ਆਪ ਲਿਖਦਾ ਹੈ। "ਸ਼ੇਖ ਨਿਜ਼ਾਮ ਥਾਨੇਸਰੀ ਜੋ ਆਪਣੇ ਸਮੇਂ ਦਾ ਮਸ਼ਹੂਰ ਦੰਭੀ ਹੈ, ਖੁਸਰੋ ਨੂੰ ਮਿਲਿਆ ਤੇ ਉਸ ਨੂੰ ਦੁਆਈਂ ਦੇਕੇ ਠੀਕ ਰਸਤੇ ਤੋਂ ਗੁਮਰਾਹ ਕਰ ਦਿੱਤੋ ਸੁ ਤੇ ਫੇਰ ਹੁਣ ਮੈਨੂੰ ਮਿਲਣ ਆਇਆ। ਚੂੰਕਿ ਮੈਂ ਏਹ ਗੱਲਾਂ ਸੁਣ ਚੁਕਾ ਸਾਂ ਸੋ ਮੈਂ ਉਸ ਨੂੰ ਰਸਤੇ ਦਾ ਖਰਚ ਦੇਕੇ ਮੱਕੇ ਨੂੰ ਟੋਰ ਦਿੱਤਾ*।"

ਫਿਰ ਪਾਤਸ਼ਾਹ ਲਿਖਦਾ ਹੈ ਕਿ ੧੬ ਤ੍ਰੀਕ ਜ਼ੀਉਲਹਜ (ਮੁਤਾਬਕ ੧੫ ਅਪ੍ਰੈਲ) ਨੂੰ ਮੈਂ ਸਰਾਇ ਕਾਜ਼ੀ ਸਾਂ, ੧੭ ਜ਼ੀ: (ਮੁਤਾ: ੧੬ ਅਪ੍ਰੈਲ) ਦੀ ਸਵੇਰੇ ਸੁਲਤਾਨ ਪੁਰ ਪੁੱਜਾ, ਇਥੇ ਦੁਪਹਿਰ ਤਕ ਰਿਹਾ। ਫੇਰ ਪੁਲ ਤੋਂ ਪਾਰ ਹੋ ਗੋਇੰਦਵਾਲ ਪੁਜਾ। ਏਥੇ ਖਬਰ ਮਿਲੀ ਕਿ ਖੁਸਰੋ ਤੇ ਫਤੇ ਹੋ ਗਈ ਹੈ। ਹੁਣ ਪਾਤਸ਼ਾਹ ਸਹਿਜੇ ਸਹਿਜੇ ਮੁਕਾਮ ਕਰਦਾ ਟੁਰਦਾ ਹੈ। ੨੮ ਜ਼ੀ: ਹੱਜ (੨੭ ਅਪ੍ਰੈਲ) ਨੂੰ ਜੈਪਾਲ ਅੱਪੜਦਾ ਹੈ। ਇਹ ਪਿੰਡ ਲਾਹੌਰੋਂ ੭ ਕੋਹ ਉਰੇ ਹੈ। ੧੭ ਤੋਂ ੨੮, ਗੋਯਾ ਲਗ ਪਗ ੧੨ ਦਿਨ ਮਾਝੇ ਵਿਚ ਪਾਤਸ਼ਾਹ ਰਹਿੰਦਾ ਹੈ, ਪਰ ਖੁਸਰੋ ਦੇ ਗੁਰੂ ਸਾਹਿਬ ਨੂੰ ਮਿਲਣ ਦੀ ਗਲ ਪਾਤਸ਼ਾਹ ਦੇ ਕੰਨਾਂ ਤਕ ਨਹੀਂ ਅੱਪੜਦੀ। ਹੋਰ ਖੁਸਰੋ ਦੀਆਂ ਸਾਰੀਆਂ ਖਬਰਾਂ, ਥਾਨੇਸਰੀ ਪੀਰ ਵਰਗੇ ਦੀਆਂ ਖੁਸਰੋ ਨੂੰ ਮਿਲਣ ਦੀਆਂ ਸੋਆਂ ਸਭ ਪਾਤਸ਼ਾਹ ਨੂੰ ਭੱਜਿਆਂ ਜਾਂਦਿਆਂ ਮਿਲਦੀਆਂ ਰਹੀਆਂ, ਹੁਣ ੧੨ ਦਿਨ ਮਾਝੇ ਵਿਚ ਰਹਿਕੇ ਪਾਤਸ਼ਾਹ ਨੂੰ ਕਿਉਂ ਖਬਰ ਨਾ ਮਿਲੀ? ਇਹ ਹੋ ਨਹੀਂ ਸਕਦਾ ਕਿ ਖ਼ੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਖਬਰ ਨਾ ਮਿਲਦੀ। ਪਾਤਸ਼ਾਹ ਦੇ ਸੂੰਹੀਏ ਤੇ ਇਨਾਮ ਲੈਣ ਦੇ ਲਾਲਚੀ ਚੁਗਲ ਖੋਰ ਚੱਪੇ ਚੱਪੇ ਭਰੇ ਪਏ ਸਨ। ਜਿਸ ਦਿਨ ਖੁਸਰੋ ਨੱਸਾ ਹੈ ਉਸੇ ਦਿਨ ਪਾਤਸ਼ਾਹ ਨੇ ਰਾਜਾ ਬਾਸੂ ਨੂੰ ਖੁਸਰੋ ਬਾਬਤ ਖਬਰਾਂ ਲੈਣ ਤੇ ਉਸਨੂੰ ਪਕੜਨ ਲਈ ਮਗਰੇ ਨਸਾਇਆ ਹੈ। ਇਹ ਰਾਜਾ ਬਾਸੂ ਪੰਜਾਬੀ ਸੀ। ਇਸ ਨੂੰ ਬੀ ਗੁਰੂ ਜੀ ਦੀ ਖਬਰ ਨਾ ਮਿਲੀ। ਕਦੇ ਹੋ ਸਕਦਾ ਹੈ ਕਿ ਜੇ ਖੁਸਰੋ ਗੁਰੂ ਜੀ ਨੂੰ ਮਿਲਿਆ ਹੁੰਦਾ ਤਾਂ ਪਾਤਸ਼ਾਹ ਨੂੰ ਸੁਲਤਾਨ ਪੁਰ,

---

*ਪਾਤਸ਼ਾਹ ਦੀ ਇਹ ਲਿਖਤ ਬੀ ਦੱਸਦੀ ਹੈ ਕਿ ਇਕ ਮੁਸਲਮਾਨ ਪੀਰ ਨੂੰ ਖੁਸਰੋ ਨੂੰ ਗੁਮਰਾਹ ਕਰਨ ਦੇ ਅਪ੍ਰਾਧ ਵਿਚ ਮੱਕੇ ਜਾਣ ਦੀ ਸਜ਼ਾ ਤੇ ਖਰਚ ਬੀ ਕੋਲੋਂ, ਤੇ ਗੁਰੂ ਜੀ ਨੂੰ ਜਿਨ੍ਹਾਂ ਨੂੰ ਉਹ ਹਿੰਦੂ ਸਮਝ ਰਿਹਾ ਹੈ (ਤੇ ਤਹਕੀਕਾਤ ਬੀ ਨਹੀਂ ਕਰਦਾ) ਜਾਇਦਾਦ ਜ਼ਬਤ ਤੇ ਕਤਲ ਦਾ ਹੁਕਮ ਦੇਂਦਾ ਹੈ। ਇਸਤੋਂ ਬੀ ਸਾਬਤ ਹੋ ਗਿਆ ਹੈ ਕਿ ਗੁਰੂ ਜੀ ਦੀ ਸ਼ਹਾਦਤ ਦਾ ਗੁੱਝਾ ਕਾਰਣ ਪਾਤਸ਼ਾਹ ਦਾ ਇਸਲਾਮੀ ਤਅੱਸਬ ਹੈਸੀ ਤੇ ਉਤੋਂ ਖੁਸਰੋ ਦੀ ਸੁਣੀ ਗੱਲ ਦਾ ਗੁੱਸਾ ਬਹਾਨਾ ਬਣ ਗਿਆ ਸੀ।

ਗੋਇੰਦਵਾਲ ਤੇ ੧੨ ਦਿਨ ਮਾਝੇ ਵਿਚ ਫਿਰਦਿਆਂ ਕਿਸੇ ਪਾਸਿਓਂ ਖਬਰ ਨਾ ਮਿਲਦੀ।

੨੯ ਜ਼ੀ: ਹਜ (੨੮ ਅਪ੍ਰੈਲ) ਨੂੰ ਪਾਤਸ਼ਾਹ ਜੈਪਾਲ ਤੋਂ ਟੁਰਕੇ ਮਿਰਜ਼ਾ ਕਾਮਰਾਨ ਦੇ ਬਾਗ (ਲਾਹੌਰ ਦੇ ਲਾਗੇ) ਅੱਪੜਦਾ ਹੈ। ਇਥੇ ਖੁਸਰੋ ਦੇ ਹਾਰ ਖਾਕੇ ਭੱਜੇ ਜਾਂਦੇ ਦੀ ਸੋਧਰੇ ਦੇ ਪੱਤਣ ਤੇ ਫੜੇ ਜਾਣ ਦੀ ਖਬਰ ਪੁੱਜੀ ਤੇ ਚੌਥੇ ਦਿਨ ਅਰਥਾਤ ੩ ਮੁਹੱਰਮ (੧ ਮਈ) ਨੂੰ ਖੁਸਰੋ ਗ੍ਰਿਫ਼ਤਾਰ ਹੋਇਆ ਪਾਤਸ਼ਾਹ ਦੇ ਪੇਸ਼ ਹੋਇਆ, ਉਸੇ ਵੇਲੇ ਖੁਸਰੋ ਦੇ ਦੋ ਵੱਡੇ ਸਾਥੀ ਗਾਂ ਤੇ ਖੋਤੇ ਦੀ ਖੱਲ ਵਿਚ ਸੀਤੇ ਗਏ। ਕਈ ਸੌ ਖੁਸਰੋ ਦੀ ਫੌਜ ਦੇ ਆਦਮੀ ਜੋ ਗ੍ਰਿਫ਼ਤਾਰ ਸਨ ਸੂਲੀ ਦਿੱਤੇ ਗਏ*। ਪਾਤਸ਼ਾਹ ੯ ਮੁਹੱਰਮ (੭ ਮਈ) ਤਕ ਕਾਮਰਾਨ ਦੇ ਬਾਗ ਵਿਚ ਰਿਹਾ। ਜੋ ਜੋ ਲੋਕ ਅਪ੍ਰਾਧੀ ਸਮਝੇ ਗਏ ਸਜ਼ਾਵਾਂ ਪਾ ਗਏ, ਜਿਨ੍ਹਾਂ ਖਿਦਮਤਾਂ ਕੀਤੀਆਂ ਸਨ ਇਨਾਮ ਪਾ ਗਏ ਤੇ ਇਸ ਦਿਨ ਪਾਤਸ਼ਾਹ ਲਾਹੌਰ ਸ਼ਹਿਰ ਦਾਖਲ ਹੋਇਆ। ਗੋਇਆ ਇਸ ਤਾਰੀਖ ਖੁਸਰੋ ਦਾ ਮਾਲਾ ਮੁੱਕ ਚੁਕ ਗਿਆ, ਦੋਸ਼ੀ ਚੰਡੇ ਗਏ, ਸਹਾਯਕ ਇਨਾਮੇ ਗਏ। ਪਰ ਗੁਰੂ ਸਾਹਿਬ ਦੇ ਖੁਸਰੋ ਨੂੰ ਮਿਲਣ ਦੀ ਗਲ ਅਜੇ ਬੀ ਪਾਤਸ਼ਾਹ ਨੂੰ ਨਹੀਂ ਸੁਣਾਈ ਦੇਂਦੀ, ਕੈਸਾ ਅਚਰਜ ਹੈ। ਹੋਰ ਸੋਚ ਵਾਲੀ ਗਲ ਹੈ, ਹੁਣ ਤਾਂ ਦੋਸ਼ੀ ਸਾਰੇ ਗ੍ਰਿਫ਼ਤਾਰ ਹੋ ਗਏ ਸਨ ਉਨ੍ਹਾਂ ਤੋਂ ਪਾਤਸ਼ਾਹ ਦੇ ਪੱਖੀ ਅਹਿਲਕਾਰਾਂ ਨੇ ਤਸੀਹੇ ਦੇ ਦੇਕੇ ਯਾ ਲਾਲਚ ਪੇਸ਼ ਕਰ ਕਰਕੇ ਖੁਸਰੋ ਦੇ ਪੱਖੀਆਂ ਦੇ ਵੇਰਵੇ ਜ਼ਰੂਰ ਪੁੱਛੇ ਹੋਣਗੇ, ਪਰ ਕਿਤੋਂ ਕੋਈ ਗੱਲ ਸਤਿਗੁਰਾਂ ਦੇ ਮਿਲਣ ਦੀ ਇਨ੍ਹਾਂ ਤੋਂ ਬੀ ਨਾ ਮਿਲੀ, ਜੋ ਸਾਰੇ ਖੁਸਰੋ ਦੇ ਨਾਲ ਸਨ, ਜੇ ਗੁਰੂ ਜੀ ਨੂੰ ਖੁਸਰੋ ਮਿਲਿਆ ਹੁੰਦਾ ਤਾਂ ਸਭ ਨੂੰ ਪਤਾ ਹੁੰਦਾ। ਹੁਣ ਹੋਰ ਦੇਖੋ ੯ ਤੋਂ ਬਾਦ ੨੨ ਤਾਰੀਖ ਤੱਕ ੧੩ ਦਿਨ ਹੋਰ ਬੀਤ ਜਾਂਦੇ ਹਨ। ਗੋਯਾ ਮਾਮਲੇ ਮਿਟ ਚੁਕੇ ਨੂੰ ੧੩ ਕੁ ਦਿਨ ਹੋਰ ਉਪਰ ਲੰਘ ਗਏ ਹਨ। ੨੨ ਤਾਰੀਖ ਮੁਹੱਰਮ (੨੦ ਮਈ) ਤੋਂ ਬਾਦ ਕਿਸੇ ਦਿਨ+ ਪਾਤਸ਼ਾਹ ਨੂੰ ਗੁਰੂ ਸਾਹਿਬ ਬਾਬਤ ਅਚਾਨਕ ਖਬਰ ਮਿਲਦੀ ਹੈ। ਹੁਣ ਵੀਚਾਰ ਕਰ ਲਓ ਕਿ ਵਾਕਿਅਤ ਦੀਆਂ ਤਾਰੀਖਾਂ ਦੀ ਘੋਖ ਸਾਬਤ ਕਰਦੀ ਹੈ ਕਿ ਜੇ ਕਦੇ ਗੁਰੂ ਸਾਹਿਬ ਦੇ ਮਿਲਣ ਦੀ ਗਲ ਅਮਰ ਵਾਕਿਆ ਹੁੰਦੀ ਤਾਂ ਪਾਤਸ਼ਾਹ ਨੂੰ ਜ਼ਰੂਰ ਵੇਲੇ ਸਿਰ ਖ਼ਬਰ ਮਿਲ ਜਾਂਦੀ। ਸਾਰੇ ਮਾਮਲੇ ਦੇ ਮੁੱਕ ਚੁਕਣ ਦੇ ਬੀ ੧੩ ਦਿਨ ਮਗਰੋਂ ਅਚਾਨਕ ਇਹ ਖਬਰ ਪਾਤਸ਼ਾਹ ਤੱਕ ਅਪੜਾਈ ਜਾਣੀ ਵਿਦ੍ਰੋਹੀਆਂ ਦਾ ਕੰਮ ਹੈ ਜਿਨ੍ਹਾਂ ਨੂੰ ਚੇਤਾ ਆਇਆ ਹੈ ਕਿ ਪਾਤਸ਼ਾਹ ਦੇ ਗੁੱਸੇ ਚੜ੍ਹੇ ਤੋਂ ਲਾਭ ਅਸਾਂ ਕਿਉਂ ਨਾ ਲਿਆ। ਬੱਸ ਊਜ ਘੜੀ ਤੇ ਤਅੱਸਬ ਭਰੇ ਅਫਸਰਾਂ ਦੇ ਰਾਹੀਂ ਪੁਚਾਈ। ਪਾਤਸ਼ਾਹ ਆਪ ਮੰਨਦਾ ਹੈ ਕਿ ਓਹ ਅਗੇ ਹੀ ਤਅੱਸਬ ਦੀ ਅੱਗ ਨਾਲ ਗੁਰੂ ਸਾਹਿਬ ਦੇ ਵਿਰੁੱਧ ਸੀ, ਮਾਰ ਦੇਣ ਯਾ ਮੁਸਲਮਾਨ ਕਰ ਲੈਣ ਦਾ ਸੰਕਲਪ ਰੱਖਦਾ ਸੀ। ਝਟ ਵਹਿਸ਼ੀਆਨਾ ਸਜ਼ਾ ਦੇ ਦਿੱਤੀ।

---

*ਐਲਫਿਨਸਟੋਨ ੭੦੦ ਲਿਖਦਾ ਹੈ।

+ਗੁਰੂ ਸਾਹਿਬ ਦੀ ਸ਼ਹਾਦਤ ੨੯ ਮਈ ਨੂੰ ਹੈ, ਤ੍ਰੈ ਚਾਰ ਦਿਨ ਦੇ ਤਸਦੀਹੇ ਹਨ। ਇਕ ਅੱਧ ਦਿਨ ਪਹਿਲੇ ਖਬਰ ਮਿਲੀ ਹੋਸੀ। ਸੋ ੨੪ ਯਾ ੨੫ ਮਈ ਦੇ ਕਰੀਬ ਖਬਰ ਮਿਲੀ ਸਮਝੋ।

ਹੁਣ ਇਸ ਵਿਚਾਰ ਨਾਲ ਇਕ ਹੋਰ ਵਿਚਾਰ ਰਲਾਉਣੀ ਹੈ ਤੇ ਫਿਰ ਹੋਰ ਸਫੁਟ ਸਹੀ ਹੋ ਜਾਣਾ ਹੈ ਕਿ ਗੁਰੂ ਸਾਹਿਬ ਜੀ ਦਾ ਕੋਈ ਤਅੱਲਕ ਖੁਸਰੋ ਦੇ ਮਾਮਲੇ ਨਾਲ ਨਹੀਂ ਸੀ।

ਚਿਰ ਮਗਰੋਂ ਜਦੋਂ ਪਾਤਸ਼ਾਹ ਨੇ ਚੰਦੂ ਨੂੰ ਗੁਰੂ ਹਰਿਗੋਬਿੰਦ ਜੀ ਦੇ ਹਵਾਲੇ ਕਰ ਦਿਤਾ ਹੈ* ਕਿ ਜੋ ਸਜ਼ਾ ਚਾਹੋ ਦਿਓ+ ਤਦੋਂ ਪਾਤਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਦੀ ਨਿਰਦੋਸ਼ਤਾ ਸਾਬਤ ਹੋ ਗਈ ਹੋਊ ਤਾਂ ਹੀ ਚੰਦੂ ਨੂੰ ਦੋਸ਼ੀ ਸਮਝ ਕੇ ਹਵਾਲੇ ਕੀਤਾ ਹੋਊ ਨਾ। ਯਾਦ ਰਹੇ ਕਿ ਇਹ ਉਸ ਸਮੇਂ ਦਾ ਇਕ ਰਿਵਾਜ ਹੈਸੀ ਕਿ ਦੋਸ਼ੀ ਨੂੰ ਜਿਨ੍ਹਾਂ ਦਾ ਉਹ ਅਪਰਾਧੀ ਹੋਵੇ, ਉਨ੍ਹਾਂ ਦੇ ਹਵਾਲੇ ਕਰ ਦੇਂਦੇ ਸਨ, ਅਰ ਅਕਸਰ ਤਦੋਂ ਜਦ ਬਹੁਤ ਵੱਡਾ ਤੇ ਅਤਿ ਪਾਪ ਹੋਯਾ ਹੋਵੇ।

ਸੋ ਚੰਦੂ ਨੂੰ ਛੇਵੇਂ ਗੁਰਾਂ ਦੇ ਹਵਾਲੇ ਕਰ ਦੇਣਾ ਕਿ ਜੋ ਦੰਡ ਮਰਜ਼ੀ ਹੈ ਦੇ ਲਓ ਪੱਕੀ ਦਲੀਲ ਹੈ ਇਸ ਗੱਲ ਦੀ ਕਿ ਪਾਤਸ਼ਾਹ ਨੂੰ ਸਾਬਤ ਹੋ ਗਿਆ ਕਿ ਗੁਰੂ ਅਰਜਨ ਦੇਵ ਜੀ ਨਿਰਦੋਸ਼ ਸਨ, ਤੇ ਇਸ ਨੇ ਮੇਰੇ ਪਾਸ ਕੂੜ ਮਾਰਿਆ ਤੇ ਝੂਠੀਆਂ ਊਜਾਂ ਦਿਤੀਆਂ ਤੇ ਮੈਥੋਂ ਗਲਤੀ ਕਰਵਾਈ ਸੀ++ ਤੇ ਪਿੱਛੋਂ ਵਹਿਸ਼ੀਆਨਾ ਤਸਦੀਹੇ ਦਿਤੇ ਸਨ। ਮਾਮਲਾ ਹੋਰ ਖੋਜ ਦਾ ਮੁਥਾਜ ਹੈ, ਪਰ ਇਹ ਟੋਲ ਇਹ ਗੱਲ ਤਾਂ ਸਪਸ਼ਟ ਕਰਕੇ ਦੱਸ ਦੇਂਦੀ ਹੈ ਕਿ ਸਤਿਗੁਰ ਜੀ ਦਾ ਕੋਈ ਸੰਬੰਧ ਖੁਸਰੋ ਨਾਲ ਨਹੀਂ ਪਿਆ। ਐਤਨੇ ਸਾਰੇ ਦਿਨ ਪਾਤਸ਼ਾਹ ਦੇ ਗੋਇੰਦਵਾਲੋਂ ਲੰਘ ਜਾਣ ਮਗਰੋਂ ਗੁਰਦ੍ਰੋਹੀਆਂ ਨੇ ਘਾੜਤ ਘੜੀ ਤੇ ਪਾਤਸ਼ਾਹ ਦੇ ਕੱਚੇ ਦਿਲ ਨੂੰ ਜ਼ਹਿਰ ਆਲੂਦ ਕਰਕੇ ਸਾਕਾ ਵਰਤਾਇਆ।

ਬਹੁਤ ਲੋਕਾਂ ਦਾ ਹੁਣ ਤਕ ਖਿਆਲ ਹੈ ਕਿ ਜਹਾਂਗੀਰ ਬੜਾ ਨਰਮ ਦਿਲ ਤੇ ਨਿਆਇਕਾਰੀ ਸੀ। ਉਹ ਆਪ ਬੀ ਲਿਖਦਾ ਹੈ ਕਿ ਮਚੇ ਜੰਗ ਤੇ ਸ਼ਿਕਾਰ ਬਿਨਾਂ ਕਿਸੇ ਦੀ ਜਾਨ ਨਹੀਂ ਲੈਣੀ ਚਾਹੀਦੀ। ਪਰ ਉਸ ਦੀਆਂ ਬੇ-ਰਹਿਮੀਆਂ ਸਖਤ ਜ਼ਾਲਮਾਨਾਂ ਸਨ। ਉਸ ਦੀ ਨਰਮੀ ਨਿਆਂ ਤੇ ਅਤਯਾਚਾਰ ਸਾਰੇ ਇਕੱਠੇ ਉਸ ਵਿਚ ਸੇ। ਤੌਜ਼ਕਿ ਜਹਾਂਗੀਰੀ ਦਾ ਮੁਤਰੱਜਮ 'ਰਾਜਰਸ' ਕਹਿੰਦਾ ਹੈ "ਜਹਾਂਗੀਰ ਅਜੀਬ ਮਿਲਗੋਭਾ ਸੀ, ਉਹ ਖੜਾ ਹੋ ਕੇ ਆਪਣੇ ਸਾਹਮਣੇ ਜਿਉਂਦਿਆਂ ਮਨੁੱਖਾਂ ਦੀਆਂ ਖੱਲਾਂ ਲੁਹਾਉਂਦਾ ਤੇ ਵੇਖ ਸਕਦਾ ਸੀ। ਤੇ ਜੀਕੂੰ ਇਹ (ਜਹਾਂਗੀਰ) ਆਪ ਦੱਸਦਾ ਹੈ ਕਿ ਇਕ ਆਦਮੀ ਨੂੰ ਮੈਂ ਜਾਨੋਂ ਮਰਵਾ ਦਿੱਤਾ ਤੇ ਦੋਹਾਂ ਦੀਆਂ ਸੜ੍ਹਾਂ ਵਢਾ ਦਿੱਤੀਆਂ ਕਿਉਂਕਿ ਉਹ ਬੇ-ਮੌਕਿਆ ਪਾਤਸ਼ਾਹ ਦੇ ਸਾਹਮਣੇ ਕਿਉਂ ਆ ਖੜੋਤੇ ਯਾ ਮੇਰੇ ਸ਼ਿਕਾਰ ਨੂੰ ਕਿਉਂ ਡਰਾ ਦਿਤਾ। ਫਿਰ ਉਹ ਨਿਆਂ ਦਾ ਯਾਰ ਤੇ ਵੀਰਵਾਰ ਦੀਆਂ ਸ਼ਾਮਾਂ ਉੱਚੀਆਂ ਗੁਫਤਗੂਆਂ ਵਿਚ ਖਰਚ ਕਰ ਸਕਦਾ ਸੀ। ਉਹ (ਜਹਾਂਗੀਰ) ਅੱਬੁਲ ਫਜ਼ਲ ਨੂੰ ਕਤਲ ਕਰਵਾ ਸਕਦਾ ਸੀ ਤੇ ਬਿਨਾ ਪਛਤਾਵੇ ਦੇ ਇਸ ਕਰਤੂਤ ਨੂੰ ਮੰਨਦਾ ਸੀ। ਫੇਰ ਉਹ ਹਾਥੀਆਂ ਨੂੰ ਪਾਲਾ ਲਗਦਾ ਵੇਖਕੇ ਠੰਢੇ ਪਾਣੀ ਦੀ ਥਾਂ ਗਰਮ

---

*ਬਾਦਸ਼ਾਹ ਬਾਜੁਏ ਦੀਵਾਨ ਹਵਾਲਾ ਨਮੂਦ। [ਉਮਦਹਤੁੱਤਵਾਰੀਖ]

+ਤਾ:-ਪੰਜਾਬ-ਕਨ੍ਹੱਯਾ ਨਾਲ।

++ਇਸ ਨੇ ਜਹਾਂਗੀਰ ਬਾਦਸ਼ਾਹ ਕੇ ਹਜ਼ੂਰ ਮੇ ਗੁਰੂ ਜੀ ਕੀ ਨਿਸਬਤ ਬਹੁਤ ਸੀ ਬਦਗੋਈਆਂ ਵ ਗੰਮਾਸ਼ੀਆਂ ਕੀਂ, ਯਹਾਂ ਤਕ ਕਿ ਬਾਦਸ਼ਾਹ ਕਾ ਮਿਜ਼ਾਜ ਗੁਰੂ ਜੀ ਕੀ ਤਰਫ ਸੇ ਬਰਹਮ ਹੋ ਕਰ ਗੁਰੂ ਜੀ ਕੀ ਤਲਬੀ ਬਮਕਾਮ ਲਾਹੌਰ ਹੋਈ। [ਤਾਰੀਖੇ ਪੰਜਾਬ ਲਿਖਤ ਰਾ: ਸਾ: ਕੰਨ੍ਹਯਾ ਲਾਲ]

ਨਾਲ ਨੁਹਾਉਣ ਦਾ ਹੁਕਮ ਦੇ ਸਕਦਾ ਸੀ। ਹਿੰਦੂ ਫਕੀਰਾਂ ਨਾਲ ਗੱਲ ਕਰਦਾ ਸੀ, ਪਰ ਉਹਨਾਂ ਦੇ ਅਵਤਾਰਾਂ ਤੋਂ ਨਫਰਤ ਸੀ, ਤੇ ਵਿਸ਼ਨੂੰ ਦੀ ਬ੍ਰਾਹ ਅਵਤਾਰ ਦੀ ਮੂਰਤੀ ਤੋੜਕੇ ਪੁਸ਼ਕਰ ਵਿਚ ਸੁਟਵਾ ਦਿਤੀ ਸਾਸੁ।"

ਐਲਫਿਨਸਟਨ ਲਿਖਦਾ ਹੈ:-"ਖੁਸਰੋ ਦੇ ਖਾਸ ਸਲਾਹਕਾਰ ਤੇ ਉਸ ਦੇ ਮਗਰ ਲੱਗਣ ਵਾਲੇ ਜੋ ਪਾਤਸ਼ਾਹ ਦੇ ਹੱਥ ਆਏ, ਉਸ ਨੂੰ ਉਹਨਾਂ ਪਰ ਆਪਣੇ ਆਚਰਨ ਦਾ ਵਹਿਸ਼ੀਪਨਾ ਜ਼ਾਹਰ ਕਰਨ ਦਾ ਪੂਰਾ ਮੌਕਾ ਮਿਲਿਆ। ਸੱਤ ਸੌ ਕੈਦੀ ਲਾਹੌਰ ਦੇ ਦਰਵਾਜ਼ੇ ਤੋਂ ਬਾਹਰ ਕਤਾਰ ਵਿਚ (Impale) ਕੀਤੇ ਗਏ, ਅਰਥਾਤ ਸੂਲੀ ਚਾੜ੍ਹੇ ਗਏ, ਉਹ (ਜਹਾਂਗੀਰ) ਆਪਣੀ ਤੌਜ਼ਕ ਵਿਚ ਉਹਨਾਂ ਦੀਆਂ ਭਿਆਨਕ ਜਾਨਕਨੀ ਦੀਆਂ ਪੀੜਾਂ ਨੂੰ ਖੁਸ਼ ਹੋ ਹੋ ਲਿਖਦਾ ਹੈ। ਆਪਣੇ ਵਹਿਸ਼ੀਪਨੇ ਨੂੰ ਪੂਰਾ ਕਰਨ ਲਈ ਪਾਤਸ਼ਾਹ ਨੇ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਇਨ੍ਹਾਂ ਲੋਕਾਂ ਦੇ ਵਿਚ ਦੀ ਲੰਘਾਇਆ, ਜਦੋਂ ਨਕੀਬ ਕਹਿ ਰਿਹਾ ਸੀ ਕਿ ਲੈ ਬੱਚੂ ਆਪਣੇ ਨੌਕਰਾਂ ਦੀਆਂ ਸਲਾਮਾਂ" ਆਦਿ।

ਗੁਰੂ ਜੀ ਪਰ ਊਜਾਂ ਥੱਪਣ ਬਾਬਤ ਮੈਕਾਲਫ ਨੇ ਐਉਂ ਦੱਸਿਆ ਹੈ:-

ਪੰਡਤਾਂ ਤੇ ਕਾਜ਼ੀਆਂ ਨੂੰ ਬੀ (ਇਹ) ਸਮਾਂ ਚੰਗਾ ਲੱਭਾ ਕਿ ਗੁਰੂ (ਜੀ ਤੇ) ਲਾਏ ਗਏ ਪੁਰਾਣੇ ਦੋਸ਼ਾਂ ਨੂੰ, ਕਿ (ਉਨ੍ਹਾਂ ਨੇ ਇਕ) ਪੁਸਤਕ ਰਚੀ ਹੈ ਜਿਸ ਵਿਚ ਹਿੰਦੂਆਂ ਦੀਆਂ ਰਸਮਾਂ ਪੂਜਾ ਤੇ ਮੁਸਲਮਾਨਾਂ ਦੇ ਨਮਾਜ਼ ਰੋਜ਼ਿਆਂ ਨੂੰ ਨਿੰਦਿਆ ਹੈ, ਨਵੇਂ ਸਿਰ ਫੇਰ ਚੱਕਿਆ।* ਇਸ ਤਰ੍ਹਾਂ ਦੇ ਦੋਸ਼ ਲਾਕੇ ਚੰਦੂ ਨੇ ਪਾਤਸ਼ਾਹ ਨੂੰ

---

*ਉਮਦਹ ਤੁੱ ਤਵਾਰੀਖ ਵਿਚ ਗੁਰੂ ਜੀ ਪਰ ਊਜਾਂ ਥੱਪਣ ਦਾ ਜ਼ਿਕਰ ਇਸ ਪ੍ਰਕਾਰ ਹੈ:-

(ਦੀਵਾਨ ਚੰਦੂ) ਦਰ ਖ਼ਿਦਮਤੇ ਬਾਦਸ਼ਾਹ ਜਹਾਂਗੀਰ ਮੁਨਕਸ਼ਫ ਨਮੂਦ ਕਿ ਸ਼ਖਸੇ ਬਇਸਮ ਗੁਰੂ ਅਰਜਨ ਨਾਮ ਬਾਇਸ ਬਰ ਈਜਾਦ ਵ ਤਕਵੀਨੇ ਫਿਰਕਾ ਸਾਲਸ ਅਜ਼ਮਿਯਾਨੇ ਹਨੂਦ ਵ ਮੁਸਲਮਾਨੀ ਗਰਦੀਦਹ ਅਕਸਰੇ ਸੁਨਨ ਦਲਾਇਲੇ ਇਸਲਾਮ ਵਾ ਮਹਵ ਵ ਮਨਸੀ ਗਰਦਾਨੀਦਹ ਵ ਕੁਵਾਇਮ ਵ ਆਸਾਸ ਅਰਕਾਨ ਮੁਸਲਮਾਨੀ ਤਫ਼ਾਵਤ ਵ ਖਲਲੇ ਅਜ਼ੀਮ ਰਾਹਯਾਬ ਗਸ਼ਤਹ ਵ ਹਰ ਰੋਜ਼ ਚੰਦੇ ਅਸ਼ ਹਨੂਦਾਨ ਵਗੈਰਾ ਰਬਕਹ ਇਤਾਇਤ ਵ ਇਨਕਯਾਦੇ ਗੁਰੂ ਮੌਸੂਫ ਦਰ ਰਕਬਾ ਜਾਨ ਮੇ ਅੰਦਾਜ਼ੰਦ, ਅਗਰ ਹਜ਼ਰਤ ਖ਼ੁਦ ਬਦੌਲਤ ਤਦਾਰਕੇ ਈਂ ਮਅਨੀ ਨਮੂਦੰਦ ਫੀਹਾ ਦਰ ਸੂਰਤੇ ਬਾਅਦ ਅਸ਼ ਮੁਰੂਰ ਮੁੱਦਤੇ ਕਲੀਲ ਦਰ ਅਰਾਕੀਨੇ ਸਲਤਨਤ ਵ ਅਸਾਤੀਨੇ ਖਿਲਾਫ਼ਤ ਜਹਾਂ ਬਾਨੀ ਇਨਹਦਾਮ ਵ ਇਨਅਦਾਮ ਰੌਣਕ ਬਰੂਜ਼ ਖ਼ਾਹਦ, ਬੰਦਹ, ਮਹਜ਼ ਅਸ਼ ਰਾਹੈ ਖੈਰ ਅੰਦੇਸ਼ੀ ਦਰ ਤਰੀਕੇ ਗ਼ੁਲਾਮੀ ਗੁਜਾਰਸ਼ ਈ ਮੁਕੱਦਮਹ ਨਮੂਦਾ ਅਸਤ।...... ਪਾਦਸ਼ਾਹ ਅਸ਼ ਰਾਹੋ ਜ਼ਹੂਲਤ ਵ ਗ਼ਫਲਤੇ ਇਨਸਾਨੀ ਕਿ ਅਸ਼ ਸਮੁ ਦਰਜਾ ਵ ਅਲੁਵ ਮਰਤਬਾ ਈਂ ਕੁਬਾ ਆਲੀਆ ਫੁਕਰਾ ਵ ਮੁਤਲਅ ਨਬੂਦ ਬਾਮਆਲ ਨਜ਼ਰ ਦਰੀ ਮੁਕੱਦਮਾ ਤਫ਼ਹਸ ਵ ਤਜਸਸ ਨ ਨਮੂਦਹ ਬਰ ਜ਼ੁਬਾਂ ਆਵੁਰਦ ਕਿ ਹੋਰ ਕਿਸਮ ਕਿ ਮੁਨਾਸਬ ਬੂਦਹ ਬਸਜਾਏ ਬਾਇਦ ਰਸਾਨੀਦ। ਦੀਵਾਨ ਜ਼ਲਾਲਤ ਅਕਤਰਾਨ ਜ਼ਹੂਰੇ ਈਂ ਹੁਕਮ ਬਾਦਸ਼ਾਹੀ ਅਜ਼ ਤਾਈਦਾਤੇ ਏਸ਼ਦ ਬੈਚੂੰ ਤਸੱਵਰੀਦਹ ਵ ਦਰ ਇਨਹਮਾਕ ਵ ਇਨਮਹਾਕੇ ਖੇਸ਼ ਨਜ਼ਰ ਨ ਕਰਦਹ ਆਂ ਚੁਨਾਂ ਮਕੱਦਮਾ ਨਾ ਸ਼ਾਇਸਤਹ ਨੁਮਾਇਆਂ ਕਰਦ ਕਿ ਕਲਮ ਦਰ ਤਹਿਰੀਕੇ ਆ ਖ਼ੂੰ ਫਿਸ਼ਾਂ ਵ ਦੀਦਹ ਗਿਰਿਯਾਂ ਵ ਦਿਲ ਬਿਰਿਯਾਂ ਵ ਜਾਨ ਹੈਰਾਂ ਮੇ ਬਾਸ਼ਦ। [ਦਫਤਰ ਅੱਵਲ ਪੰਨਾ ੩੪]

-(ਦੀਵਾਨ ਚੰਦੂ ਨੇ) ਜਹਾਂਗੀਰ ਬਾਦਸ਼ਾਹ ਦੀ ਖਿਦਮਤ ਵਿਚ ਦੱਸਿਓ ਸੂ ਕਿ ਗੁਰੂ ਅਰਜਨ ਨਾਮ ਦੇ ਇਕ ਆਦਮੀ ਨੇ ਹਿੰਦੂ ਤੇ ਮੁਸਲਮਾਨਾਂ ਵਿਚ ਇਕ ਤੀਜਾ ਫਿਰਕਾ ਬਣਾਇਆ ਹੈ। ਇਸਲਾਮ ਦੇ ਕਈ ਤਰੀਕਿਆਂ ਨੂੰ ਮਿਟਾਕੇ ਇਸਲਾਮੀ ਰੁਕਨਾਂ ਵਿਚ ਭਾਰੀ ਵਿਰੋਧ ਤੇ ਖਲਲ ਪਾ ਦਿਤੇ ਗਏ ਹਨ। ਹਰ ਰੋਜ਼ ਕੁਛ ਹਿੰਦੂ ਆਦਿਕਾਂ ਵਿਚੋਂ ਉਪ੍ਰੋਕਤ ਗੁਰੂ ਜੀ ਤਾਬਿਆਦਾਰੀ ਦੀ ਰਸੀ ਆਪਣੀ ਜਾਨ ਦੀ ਗਰਦਨ ਵਿਚ ਪਾ ਰਹੇ ਹਨ (ਅਰਥਾਤ ਸਿੱਖ ਬਣ ਰਹੇ ਹਨ)। ਜੇ ਕੋਈ ਹਜ਼ੂਰ ਆਪ ਇਹਦਾ ਬੰਦੋਬਸਤ ਕਰਨ ਤਾਂ ਚੰਗਾ ਹੈ ਨਹੀਂ ਤਾਂ ਇਸ ਤੋਂ ਪਿਛੋਂ ਥੋੜਾ ਸਮਾਂ ਗੁਜ਼ਰ ਜਾਣ ਤੇ ਸਲਤਨਤ ਤੇ ਇਸਲਾਮ ਦਾ ਥੰਮ ਗਿਰ ਜਾਏਗਾ। ਮੈਂ ਗ਼ੁਲਾਮ ਹੋਣ ਕਰਕੇ ਸਿਰਫ ਸ਼ੁਭਚਿੰਤਕਤਾ ਤੋਂ ਇਸ ਮਾਮਲੇ ਬਾਬਤ ਬੇਨਤੀ ਕੀਤੀ ਹੈ।...... ਬਾਦਸ਼ਾਹ ਨੇ ਮਨੁੱਖੀ ਭੁੱਲ ਜਾਣ

ਗੁਰੂ ਅਰਜਨ (ਜੀ) ਦੇ ਬੁਲਾ ਭੇਜਣ ਲਈ ਪ੍ਰੇਰਿਆ ਚੰਦੂ ਦਾ ਦਿਲ ਹੁਣ ਪ੍ਰਸੰਨ ਸੀ, ਉਹ ਜਾਣਦਾ ਸੀ ਕਿ ਆਖ਼ਰ ਬਦਲਾ ਲੈਣ ਦਾ ਸਮਾਂ ਉਸ ਨੂੰ ਮਿਲ ਹੀ ਪਿਆ।

ਇਕ ਅਚਰਜ ਗੱਲ ਹੈ ਕਿ ਪਾਤਸ਼ਾਹ ਲਿਖਦਾ ਹੈ ਕਿ ਮੈਂ ਮਾਰ ਦੇਣ ਦਾ ਹੁਕਮ ਦਿੱਤਾ ਹੈ ਤੇ ਦਬਿਸਤਾਨ ਲਿਖਦਾ ਹੈ ਕਿ ਭਾਰੀ ਜੁਰਮਾਨਾ ਕੀਤਾ, ਕਵਿ ਜੀ ਜੁਰਮਾਨਾ ਤਾਂ ਲਿਖਦੇ ਹਨ, ਪਰ ਪਾਤਸ਼ਾਹ ਵਲੋਂ ਬੇਅਦਬੀ ਤੇ ਮਾਰਨ ਦੇ ਹੁਕਮ ਦਾ ਪਤਾ ਨਹੀਂ ਲਿਖਦੇ, ਇਸ ਦਾ ਕਾਰਨ ਇਹੋ ਜਾਪਦਾ ਹੈ ਕਿ ਜਦ ਪਾਤਸ਼ਾਹ ਨੇ ਚੰਦੂ ਨੂੰ ਦੋਸ਼ੀ ਠਹਿਰਾਇਆ ਤੇ ਸਜ਼ਾ ਲਈ ਗੁਰਾਂ ਦੇ ਹਵਾਲੇ ਕਰ ਦਿੱਤਾ ਤਾਂ ਪਾਤਸ਼ਾਹ ਨੇ ਲੋਕਾਂ ਵਿਚ ਆਪਣੀ ਨਿਰਦੋਸ਼ਤਾ ਦਾ ਸਿੱਕਾ ਬਿਠਾ ਲਿਆ। ਇਹੋ ਖਿਆਲ ਆਮ ਪ੍ਰਚੁਰ ਹੋ ਗਿਆ ਤੇ ਸਰਬ ਸਧਾਰਣ ਦੇ ਸੀਨੇ ਬਸੀਨੇ ਟੁਰਿਆ ਆਇਆ। ਇਥੋਂ ਤਾਈਂ ਇਹ ਗੱਲ ਹੈ ਕਿ ਪਾਤਸ਼ਾਹ ਵਲੋਂ ਕਤਲ ਕਰ ਦੇਣ ਦਾ ਹੁਕਮ ਦਾ ਪਤਾ ਫਾਰਸੀ ਉਰਦੂ ਦੇ ਇਤਿਹਾਸਕਾਰਾਂ ਨੂੰ ਬੀ ਥਹੁ ਨਹੀਂ ਪਿਆ।

ਬਾਕੀ ਰਹੀ ਇਡੇ ਕਰੜੇ, ਤਸੀਹਿਆਂ ਵਿਚ ਜੋ ਭਾਈ ਸੰਤੋਖ ਸਿੰਘ ਜੀ ਨੇ ਵਰਣਨ ਕੀਤੇ ਹਨ, ਸਤਿਗੁਰੂ ਅਰਜਨ ਦੇਵ ਜੀ ਦੀ ਬ੍ਰਿਤੀ ਕਿਸ ਪ੍ਰਕਾਰ ਦੀ ਰਹੀ? ਇਸ ਦੀ ਉਗਾਹੀ ਉਨ੍ਹਾਂ ਦੇ ਪਰਮ ਨਿਕਟ ਵਰਤੀ, ਸੱਚੇ ਮਹਾਂ ਪੁਰਖ ਭਾਈ ਗੁਰਦਾਸ ਜੀ ਨੇ ਸਤਿਗੁਰਾਂ ਦੇ ਪਾਸ ਰਹੇ ਸਿੱਖਾਂ ਤੋਂ ਅੱਖੀਂ ਡਿੱਠੀ ਸੁਣਕੇ ਇਉਂ ਦਿੱਤੀ ਹੈ:-

ਰਹਿੰਦੇ ਗੁਰੁ ਦਰੀਆਉ ਵਿਚ ਮੀਨ ਕੁਲੀਨ ਹੇਤ ਗੁਰਬਾਣੀ।
ਦਰਸ਼ਨ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ।
ਸ਼ਬਦ ਸੁਰਤ ਲਿਵ ਮਿਰਗ ਜਜੋਂ ਭੀੜ ਪਈ ਚਿਤ ਅਵਰ ਨਾ ਆਣੀ।
ਚਰਨ ਕਵਲ ਮਿਲ ਭਵਰ ਜਜੋਂ ਸੁਖ ਸੰਪਟ ਵਿਚ ਰੈਣ ਵਿਹਾਣੀ।
ਗੁਰੂ ਉਪਦੇਸ਼ ਨ ਵਿੱਸਰੈ ਬਾਂਬੀਹੇ ਜਜੋਂ ਆਖਿ ਵਖਾਣੀ।
ਗੁਰਮੁਖ ਸੁਖ ਫਲ ਪ੍ਰੇਮ ਰਸ ਸਹਜ ਸਮਾਧਿ ਸਾਧ ਸੰਗ ਜਾਣੀ।
ਗੁਰ ਅਰਜਨ ਵਿਟਹੁੰ ਕੁਰਬਾਣੀ॥੨੩॥ [ਵਾਰ ੨੪]

\ਅਰਥ: ਗੁਰੂ ਅਰਜਨ ਦੇਵ ਜੀ (ਤੱਤੇ ਰੇਤਿਆਂ ਵਿਚ ਬੈਠੇ ਅੰਦਰੋਂ) ਰਹਿੰਦੇ ਰਹੇ ਹਨ ਗੁਰੂ ਰੂਪੀ ਸਮੁੰਦਰ ਵਿਚ, ਜਿਵੇਂ ਮੱਛੀ (ਪਾਣੀ ਵਿਚ) ਲੀਨ ਰਹਿੰਦੀ (ਨਿਰਵਾਣ ਰਹਿੰਦੀ) ਹੈ, (ਤਿਵੇਂ ਆਪ ਕਸ਼ਟਾਂ ਵਿਚ) ਨਿਰਬਾਣ ਰਹੇ। (ਵਾਹਿਗੁਰੂ ਜੀ ਦਾ ਉਸ ਵੇਲੇ ਦਰਸ਼ਨ ਉਹਨਾਂ ਤੇ ਸਾਖਜਾਤਕਾਰ ਹੋ ਰਿਹਾ ਸੀ ਉਸ) ਦਰਸ਼ਨ ਨੂੰ ਦੇਖ ਕੇ ਪਤੰਗੇ ਵਾਂਙੂ ਉਹਨਾਂ ਦੀ ਜੋਤ ਵਿਚ ਸਮਾ

ਦੇ ਸੁਭਾਵ ਤੇ ਬੇ-ਪ੍ਰਵਾਹੀ ਤੋਂ ਕਿ ਗੁਰੂਆਂ ਦੇ ਇਸ ਉੱਚੇ ਦਰਜੇ, ਵਡੇ ਮਰਤਬੇ ਵਾਲੇ ਫਕੀਰਾਂ ਦੇ ਸਿਰਤਾਜਾਂ ਦੇ ਹਾਲ ਤੋਂ ਵਾਕਫ ਨਹੀਂ ਸੀ, ਦੂਰ ਦੀ ਨਜ਼ਰ ਨਾਲ ਇਸ ਗੱਲ ਦੀ ਖੋਜ ਪੜਤਾਲ ਕੀਤੇ ਬਿਨਾਂ ਕਹਿ ਦਿੱਤਾ ਕਿ ਜਿਸ ਤਰ੍ਹਾਂ ਦੀ ਸਜ਼ਾ ਮੁਨਾਸਬ ਹੋਵੇ ਦਿੱਤੀ ਜਾਏ। ਗੁਮਰਾਹ ਹੋਏ ਹੋਏ ਦੀਵਾਨ ਨੇ ਬਾਦਸ਼ਾਹ ਦੇ ਵਲੋਂ ਦਿੱਤੇ ਗਏ ਇਸ ਹੁਕਮ ਨੂੰ ਗ਼ੈਬੀ ਮਦਦ ਜਾਣਿਆ, ਆਪਣੀ ਬਾਬਤ ਲੰਮੀ ਸੋਚ ਤੋਂ ਕੰਮ ਨਾ ਲੈਕੇ ਇਸ ਤਰ੍ਹਾਂ ਦੀ ਅਯੋਗ ਬਣਤਰ ਬਣਾਈ ਕਿ ਉਸ ਨੂੰ ਲਿਖਣ ਲਗਿਆਂ ਲਿਖਣ ਰੱਤ ਦੇ ਹੰਝੂ ਕੇਰਦੀ ਹੈ, ਅੱਖਾਂ ਰੋਂਦੀਆਂ ਹਨ, ਦਿਲ ਪਾਟਦਾ ਤੇ ਜਾਨ ਹੈਰਾਨ ਹੋ ਜਾਂਦੀ ਹੈ।

ਗਈ। ਹਾਂ (ਬੜੀ ਕਠਨ) ਭੀੜਾ ਉਹਨਾਂ ਤੇ ਪਈ ਸੀ, ਪਰ ਸਬਦ ਸੁਰਤ ਵਿਚ ਲਿਵ ਲਗੀ ਰਹੀ ਮ੍ਰਿਗ ਵਾਂਙੂ, ਹੋਰ ਕੋਈ ਫੁਰਨਾਂ ਉਹਨਾਂ ਦੇ ਚਿੱਤ ਵਿਚ ਨਹੀਂ ਆਯਾ (ਚਲਾਣੇ ਤੋਂ ਪਹਿਲੀ ਰਾਤ ਬੜੀ ਹੀ ਕਸ਼ਟ ਭਰੀ ਸੀ, ਪਰ ਭਾਈ ਜੀ ਦੱਸਦੇ ਹਨ ਕਿ ਗੁਰੂ ਜੀ ਦੀ ਉਹ) ਰਾਤ (ਭੀ) ਭਵਰ ਦੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਕਮਲਾਂ ਵਿਚ ਮਿਲੇ ਰਹਿਕੇ ਸੁੱਖਾਂ ਦੇ ਡੱਬੇ ਵਿਚ (ਬੈਠਿਆਂ) ਬੀਤੀ (ਭਾਵ ਗੁਰੂ ਜੀ ਦੀ ਬ੍ਰਿਤੀ ਘਬਰਾ ਵਿਚ ਨਹੀਂ ਗਈ, ਸਹਜਾਨੰਦ ਵਿਚ ਹੀ ਰਹੇ)। (ਅੰਤਮ ਸ੍ਵਾਸਾਂ ਤਕ ਬੀ) ਬਾਂਬੀਹੇ ਦੀ ਤਰ੍ਹਾਂ ਪੁਕਾਰਕੇ (ਸ਼ਬਦ ਦਾ) ਵੱਖਜਾਨ ਕਰਦੇ ਰਹੇ। ਗੁਰਮੁਖ (ਗੁਰ ਅਰਜਨ ਨੇ) ਸੁਖ ਰੂਪੀ ਫਲ, ਪ੍ਰੇਮ ਰਸ, ਸਹਜ ਸਮਾਧਿ ਤੇ ਸਾਧ ਸੰਗਤ ਹੀ ਜਾਣੀ ਸੀ। (ਮੈਂ) ਗੁਰੂ ਅਰਜਨ ਜੀ ਤੋਂ ਕੁਰਬਾਨ ਹਾਂ (ਜਿਨ੍ਹਾਂ ਦੀ ਇਹ ਅਚਰਜ ਕਰਨੀ ਸੀ।)

੩੮. [ਸੱਚਖੰਡ ਗਵਨ]

੩੭<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੩੯

ਦੋਹਰਾ: ਪੰਚਹੁ ਸਿਖ ਪਰਵਾਹ ਕਰਿ,
ਸਤਿਗੁਰ ਤਨ ਤਿਸ ਕਾਲ।
ਮੰਦ ਮੰਦ ਰੋਦਤਿ ਅਧਿਕ,
ਸੰਕਟ ਪਾਇ ਕਰਾਲ ॥ ੧ ॥
ਚੌਪਈ: ਕਹਿ ਜੇਠਾ 'ਵਡਹੰਸਹਿ ਗਾਵੋ।
ਗੁਰ ਪ੍ਰਲੋਕ ਭਾ ਸ਼ਬਦ ਸੁਨਾਵੋ।'
ਕਾਰਾਗ੍ਰਹਿ ਥਲ ਪਾਪੀ ਬੈਸੇ।
ਕਰਤਿ ਪ੍ਰਤੀਖਨਿ-ਆਇ ਨ ਕੈਸੇ[1]? ॥੨॥
ਬਡੀ ਦੇਰ ਲਾਗੀ ਨਹਿਂ ਆਏ।
ਕਹਾਂ ਭਈ ਗਤਿ? ਲਖੀ ਨ ਜਾਏ-।
ਇਤਨੇ ਮਹਿਂ ਉਤਲਾਵਤਿ ਆਵਾ[2]।
ਸੇਵਕ ਸੰਗ ਕਿਤੇ ਕਰਿ ਲਾਵਾ[3] ॥੩॥
ਤੂਰਨ ਆਇ ਤੀਰ ਪਰ ਹੇਰੇ।
-ਪਰੇ ਚਾਦਰੇ ਤਾਨਿ ਬਡੇਰੇ।
ਬਹੁ ਦਿਨ ਭਏ ਨ ਸੁਪਤਨਿ ਦੀਨਿ।
ਪਿਖਿ ਅਵਸਰ ਕੋ ਨਿੰਦ੍ਰਾ ਲੀਨਿ ॥੪॥
ਅਬਿ ਸੂਧੋ ਭਾ ਮਾਨਹਿ ਨਾਤਾ।
ਧਰਮ ਜਾਨਿ ਤੇ ਉਰ ਡਰਪਾਤਾ-।
ਨਿਕਟਿ ਗਯੋ ਨਰ ਲੇ ਸਮੁਦਾਏ।
ਸੁਪਤਿ ਜਾਨਿ ਕਰਿ ਦੁਸ਼ਟ ਅਲਾਏ ॥੫॥
'ਕਿਮ ਤੁਮ ਕੋ ਅਬਿ ਨਿੰਦ੍ਰਾ ਆਈ?
ਹੁਇ ਨਿਚਿੰਤ ਸੋਯੋ ਸੁਖ ਪਾਈ।
ਸੁਤਾ ਕੁਮਾਰੀ ਮੈਂ ਨਿਤ ਹੇਰੇ।
ਤਜੀ ਨੀਂਦ ਦਿਨ ਬਿਤੇ ਘਨੇਰੇ' ॥੬॥
ਤਬਿ ਬਿਧੀਏ ਬਹੁ ਰੋਇ ਸੁਨਾਯੋ।
'ਦੁਸ਼ਟ ਪਾਤਕੀ! ਪਾਪ ਕਮਾਯੋ।
ਤੁਵ ਸਿਰ ਚਢੇ ਦੋਸ਼ ਬਡ ਦੈ ਕੈ।

---

[1](ਗੁਰੂ ਜੀ) ਕਿਉਂ ਨਹੀਂ ਆਏ।
[2](ਚੰਦੂ) ਆਇਆ।
[3]ਕਿਤਨੇ ਕੁ ਨਾਲ ਕਰਕੇ।

ਗਏ ਪ੍ਰਲੋਕ ਦੇਹਿ ਤਜਿ ਕੈ ਕੈ ॥੭॥
ਕਰਿ ਕੂਰੋ ਮਾਰਹਿਂ ਹਤਿਆਰੇ।
ਬਚਹਿਂ ਨਹੀਂ ਕਰਿ ਜਤਨ ਹਜ਼ਾਰੇ।'
ਕੁਛ ਡਰਪਤਿ ਉਰ ਮਹਿਂ ਬਿਸਮਾਯੋ।
ਤਤਛਿਨ ਹਟਿ ਕਰਿ ਧਾਮ ਸਿਧਾਯੋ ॥੮॥
ਸਦਨ ਰੁਦਨ ਬਡ ਸੁਨੵੋ ਪੁਕਾਰਾ।
ਚਕਿਤਿ[1] ਚਿੱਤ ਹ੍ਵੈ ਤਬਹਿ ਉਚਾਰਾ।
'ਕਯਾ ਹੋਯਹੁ, ਕਯੋਂ ਕਰਹੁ ਬ੍ਰਿਲਾਪਾ?
ਕੌਨ ਗਜਬ ਗੁਜ਼ਰਯੋ ਫਲ ਪਾਪਾ?' ॥੯॥
ਸੇਵਕ ਆਨਿ ਕਹਯੋ ਤਤਕਾਲਾ।
'ਨੁਖਾ ਮ੍ਰਿੱਤੁ ਔਚਕ[2] ਭਾ ਕਾਲਾ।'
ਅਨਿਕ ਤਰਕਨਾ ਸੁਨਤਿ ਬਿਚਾਰਹਿ।
-ਬਿਨਾਂ ਰੋਗ ਕਿਮ ਮਰੀ? -ਉਚਾਰਹਿ ॥੧੦॥
ਦੁਖੀ ਬਿਸੂਰਤਿ ਮੂਰਖ ਮਾਨੀ।
ਮਨੋ ਕਸ਼ਟ ਕੀ ਉਪਜਿ ਨਿਸ਼ਾਨੀ।
ਮ੍ਰਿਤਕ ਕ੍ਰਿਯਾ ਕਰਿਵਾਵਤਿ ਭਏ।
ਜਾਰਨਿ[3] ਨਦੀ ਤੀਰ ਲੈ ਗਏ ॥੧੧॥
ਉਤ ਸਤਿਗੁਰੁ ਕੀ ਸੁਧਿ ਬਿਦਤਾਈ।
ਪਰਯੋ ਰੌਰ ਪੁਨਿ ਨਰ ਸਮੁਦਾਈ।
'ਗ੍ਰਿਹ ਚੰਦੂ ਕੇ ਗੁਰ ਤਜਿ ਦੇਹਿ[4]।'
ਸੁਨਿ ਸੁਨਿ ਸਿਖ ਨਿਕਸੇ ਤਜਿ ਗ੍ਰੇਹ ॥੧੨॥
'ਨਦੀ ਤੀਰ ਸ਼੍ਰੀ ਗੁਰੁ ਅਬਿ ਅਹੈਂ।'
ਧਾਇ ਧਾਇ ਮਾਨਵ ਗਨ ਲਹੈਂ।
ਤਜਿ ਤਜਿ ਕਾਜ ਬਨਕ ਬਿਵਹਾਰ।
ਆਵਹਿਂ ਲਾਰਿ ਪਰੇ[5] ਨਰ ਨਾਰਿ ॥੧੩॥
ਭਈ ਭੀਰ ਕੁਛ ਗਿਨੀ ਨ ਜਾਏ।
ਕਿਤਿਕ ਸਮਿੱਗ੍ਰੀ ਲੇ ਕਰਿ ਆਏ।
ਅਤਰ ਫੂਲ ਅੰਬੀਰ ਗੁਲਾਲ।

---

[1]ਹੈਰਾਨ।
[2]ਅਚਾਨਕ ।
[3]ਸਾੜਨ ਲਈ।
[4]ਦੇਹਿ ਛਡ ਦਿੱਤੀ ਹੈ।
[5]ਕਤਾਰ ਬੰਨ੍ਹਕੇ।

ਬਰਖਾਵਤਿ ਹੋਈ ਧਰ* ਲਾਲ ॥੧੪॥
ਨਦੀ ਤੀਰ ਥਿਰ ਸਿਖ ਚਲਿ ਆਏ।
ਬਿਧੀ ਚੰਦ ਆਦਿਕ ਦਰਸਾਏ।
ਬੂਝੀ ਸਰਬ ਬਾਰਤਾ ਗੁਰੁ ਕੀ।
ਸਭਿ ਸੋਂ ਕਹੀ, ਕਹੀ ਜਿਮ ਉਰ ਕੀ[1] ॥੧੫॥
'ਨਹੀਂ ਦੇਹਿ ਕੋ ਦਾਹ ਉਚਾਰਾ।
-ਕਰਹੁ ਪ੍ਰਵਾਹਨਿ ਬਾਰਿ[2] ਮਝਾਰਾ।
ਮੇਰੋ ਦਰਸ਼ਨ ਇਹ ਦਰਿਆਉ।
ਉੱਤਰ ਕੋ ਸਿਰ ਦੱਛਨ ਪਾਉਂ-' ॥੧੬॥
ਸੁਨਿ ਸਿਖ ਸਦਨ ਸਦਨ ਰੁਦਨਾਏ।
ਦੌਰਿ ਦੌਰਿ ਮਿਲਿ ਕੈ ਸਮੁਦਾਏ।
'ਵਾਹਿਗੁਰੂ' ਸਭਿ ਸਦਨ ਕਹੰਤੇ।
ਇਕਠੇ ਭਏ ਅਧਿਕ ਦੁਖਵੰਤੇ ॥੧੭॥
ਤਤਛਿਨਿ ਸੁੰਦਰ ਰਚਯੋ ਬਿਮਾਨਾ।
ਸਿੱਖਨਿ ਖਰਚਯੋ ਦਰਬ ਮਹਾਨਾ।
'ਸਤਿਗੁਰ ਸੇਵ ਜਿ ਹੁਇ ਇਸ ਸਮੈ।
ਬਡੇ ਭਾਗ ਤੇ ਪ੍ਰਾਪਤਿ ਹਮੈਂ ॥੧੮॥
ਫਲ ਅਤੋਟ ਹ੍ਵੈ ਕੌਨ ਸੁ ਜਾਨੈ।'
ਮਿਲਹਿਂ ਪਰਸਪਰ ਏਵ ਬਖਾਨੈਂ।
ਜ਼ਰੀ ਬਾਦਲਾ ਰੇਸ਼ਮ ਚੀਰ।
ਪਰਹਿਂ ਦੁਸ਼ਾਲੇ ਮੋਲ ਗਹੀਰ[3] ॥੧੯॥
ਸੇਤ ਬਸਤ੍ਰ ਮਸਰੂ[4] ਬਿਧਿ ਘਨੇ।
ਊਪਰ ਪਾਇ ਸ਼ੋਕ ਮਨ ਸਨੇ।
ਸੰਖ ਬ੍ਰਿੰਦ ਭਰਿ ਫੂਕ ਬਜਾਏ।
'ਸ਼੍ਰੀ ਗੁਰੁ ਕੀ ਜੈ' ਊਚ ਸੁਨਾਏ ॥੨੦॥
ਚਾਮਰ ਚਾਰੁ ਚਾਰ ਦਿਸ ਫੇਰੇ।
ਫੂਲ ਮਾਲ ਲਰਕਾਇ ਘਨੇਰੇ।
ਚੰਦਨ ਚਰਚਹਿਂ ਧੂਪ ਧੁਖਾਵਹਿਂ।

---

*ਪਾ:-ਘਟ।
[1]ਜਿਵੇਂ (ਗੁਰੂ ਜੀ) ਨੇ ਰਿਦੇ ਵੀ (ਵਾਰਤਾ) ਕਹੀ ਸੀ (ਸੰਗਤ ਲਈ)।
[2]ਪਾਣੀ।
[3]ਬਹੁ ਮੁਲੇ।
[4]ਰੇਸ਼ਮ ਤੇ ਸੂਤ ਦਾ ਰਲਾਕੇ ਬਨਾਇਆ ਧਾਰੀਦਾਰ ਬਸਤ੍ਰ। [ਅ: ਮਸ਼ਰੂਅ = ਰੇਸ਼ਮੀ ਸੂਤੀ ਮਿਲਿਆ ਕਪੜਾ]

ਕਰ ਜੋਰਹਿਂ ਉਰ ਪ੍ਰੇਮ ਵਧਾਵਹਿਂ ॥੨੧॥
ਸਨੈ ਸਨੈ ਚੰਦੂ ਖਲ ਨਿੰਦਹਿਂ।
-ਗੁਰ ਹੱਤਜਾਰਾ ਦੋਖੀ- ਬਿੰਦਹਿਂ।
ਦਰਬ ਗੁਰੂ ਪਰ ਅੱਗ੍ਰ ਬਗਾਵੈਂ[1]।
ਲੋਕ ਹਜ਼ਾਰਹੁਂ ਬੀਨਤਿ ਜਾਵੈਂ[2] ॥੨੨॥
ਕੇਤਿਕ ਜਪਜੀ ਪਾਠ ਪਠੰਤੇ।
ਕੇਤਿਕ 'ਗੁਰੂ ਗੁਰੂ' ਸਿਮਰੰਤੇ।
ਕਿਤਿਕ ਸ੍ਵਾਸ ਲੇ ਸ਼ੋਕ ਵਧਾਵੈਂ।
ਕਿਤਿਕ ਸਰਾਹੈਂ 'ਸ਼ੀਲ ਸੁਹਾਵੈਂ' ॥੨੩॥
ਕਿਤਿਕ ਨਿਕਾਰਤਿ ਖਲ ਕੋ ਗਾਰੀ।
'ਤੁਰਕ ਰਾਜ ਕੀ ਜਰਾਂ ਉਖਾਰੀ।
ਲੇ ਰਾਵੀ ਕੇ ਗਏ ਪ੍ਰਵਾਹੂ।
ਜਹਿਂ ਜਲ ਚਲਤਿ ਕਲਤ[3] ਬਲ ਮਾਹੂ[4] ॥੨੪॥
ਬਿਧੀਆ, ਜੇਠਾ, ਲੰਙ, ਪਿਰਾਣਾ।
ਇਨ ਸਨ ਜਿਸ ਬਿਧਿ ਅੰਤਿ ਵਖਾਣਾ।
ਤਿਸ ਬਿਧਿ ਕਰਤਿ ਬੇਗ[5] ਮਹਿਂ ਗਏ।
ਕੰਧ[6] ਬਿਮਾਨ ਉਤਾਰਤਿ ਭਏ ॥੨੫॥
ਜਲ ਮੈਂ ਇਸਥਿਤ ਜਬਿ ਕਰਿ ਦੀਨਿ।
ਜਲਪਤਿ ਬਰਣ ਆਇ ਤਬਿ ਲੀਨਿ।
ਸਭਿ ਬਿਧਿ ਸੋਂ ਪੂਜਨਿ ਕਰਿ ਆਛੇ।
ਜਲ ਸਰੂਪ ਕਰਿ ਦੀਨਿਸ ਪਾਛੇ* ॥੨੬॥
ਨਿਕਸੇ ਸਿਖ ਸਲਿਤਾ ਤੇ ਬਾਹਰਿ।

---

[1]ਗੁਰੂ ਜੀ ਦੇ ਉਤੋਂ ਦੀ ਧਨ ਅਗਾਂਹ ਸੁਟਦੇ ਹਨ।
[2]ਚੁਣਦੇ ਜਾਂਦੇ ਹਨ।
[3]ਸੁਹਣਾਂ।
[4]ਭਾਵ ਤੇਜ।
[5]ਵਹਿਣ। ਪ੍ਰਵਾਹ।
[6]ਮੋਢਿਆਂ ਤੋਂ।
*ਮਹਿਮਾ ਪ੍ਰਕਾਸ਼ ਵਿਚ ਇਉਂ ਲਿਖਿਆ ਹੈ-ਮਿਲ ਸੰਗਤ ਬੇਬਾਨ ਬਨਾਇਆ। ਅਖੰਡ ਭਜਨ ਸਤਿਗੁਰ ਗੁਨ ਗਾਇਆ। ਇਸਨਾਨੁ ਕਰਾਇ ਨਿਰਮਲ ਤਨ ਦਿਆਲ। ਪਹਿਰਾਏ ਬਸਤ੍ਰ ਪਾਵਨ ਤਿਹ ਕਾਲ। ਐਰਾਵਤੀ ਨਦੀ ਪਰ ਲਿਆਏ। ਚੰਦਨ ਚਿਤਾ ਪਰ ਆਨ ਰਖਾਏ। ਪਾਵਨ ਦੇਹਿ ਕਰਾ ਸਿਸਕਾਰ। ਤੀਨ ਲੋਕ ਭਇਆ ਜੈ ਜੈ ਕਾਰ। 'ਮਹਿਮਾ ਪ੍ਰਕਾਸ਼ ਵਾਰਤਕ' ਵਿਚ ਬੀ ਐਉਂ ਆਇਆ ਹੈ "ਅਰ ਪਰਮ ਪਵਿੱਤ੍ਰ ਸਰੀਰ ਕੋ ਲੇਕਰ ਸਸਕਾਰ ਕੀਆ।" ਕਵਿ ਜੀ ਆਪ ਵੀ ਸਸਕਾਰ ਕਰਨਾ ਲਿਖਦੇ ਹਨ, ਯਥਾ:- 'ਕਰਿ ਸਸਕਾਰ ਭਲੀ ਬਿਧਿ ਨਾਲੇ।' ਦੇਖੋ ਰਾਸ ੫ ਅੰਸੂ ੧੦ ਅੰਕ ੪੧। ਪੁਨਾ:- 'ਚੰਦਨ ਚਿਖਾ ਜਲਾਇ ਸਰੀਰ।' ਦੇਖੋ ਰਾਸ ੪, ਅੰਸੂ ੬੪, ਅੰਕ ੩੯।

ਸਿੱਖ ਸੈਂਕਰੇ ਹੇਰਹਿਂ ਜ਼ਾਹਰਿ।
ਨਹੀਂ ਬਹੁਰ ਕੁਛ ਦਈ ਦਿਖਾਈ।
ਜਲ ਸਰੂਪ ਤਨ ਹ੍ਵੈ ਸੁਖਦਾਈ ॥੨੭॥
ਰਘੁਬਰੁ ਰਾਮਚੰਦ ਮਾਨਿੰਦੇ।
ਪ੍ਰਵਿਸ਼ੇ ਸਰਿਜੂ ਨੀਰ ਬਿਲੰਦੇ।
ਬਹੁਰ ਨਹੀਂ ਨਿਜ ਦੇਹ ਦਿਖਾਈ।
ਜਲ ਸਰੂਪ ਹ੍ਵੈਗੇ ਤਿਸ ਥਾਈਂ ॥੨੮॥
ਬਿਸਮਤਿ ਭਏ ਬਿਲੋਕ ਨਿਹਾਰੇ।
ਸਭਿ ਸੋਂ ਜੇਠੇ ਬਾਕ ਉਚਾਰੇ।
'ਅੰਤ ਸਮੇਂ ਗੁਰ ਗਏ ਬਿਤਾਇ।
-ਜਲ ਪ੍ਰਵਾਹ ਮੋਂ ਦੇਹੁ ਟਿਕਾਇ-' ॥੨੯॥
ਨਰ ਨਾਰਿਨਿ ਕੀ ਭੀਰ ਉਦਾਰ।
ਹਟਿ ਆਏ ਪੁਨ ਨਗਰ ਮਝਾਰ।
ਧ੍ਰਮਸਾਲਾ ਥਿਤਿ ਭੇ ਸਮੁਦਾਈ।
ਰੁਦਤਿ ਬਿਲੋਚਨ ਅੱਸ੍ਰੂ ਬਹਾਈ ॥੩੦॥
ਸਾਥ ਰਬਾਬੀ ਲਿਏ ਦੁਤਾਰਾ।
ਕਿਰਤਨ ਸਭਿ ਕੇ ਅੱਗ੍ਰ ਉਚਾਰਾ।
ਦਰਬਾਦਿਕ ਵਸਤੂ ਗਨ ਸੰਗਤਿ।
ਦਿਯੋ ਬਹੁਤ ਪੁਨ ਰਹਯੋ ਨ ਮੰਗਤਿ ॥੩੧॥
ਤਿਸ ਦਿਨ ਰਹਿ ਭਏ ਧ੍ਰਮਸਾਲਾ।
ਪੰਚਹੁਂ ਸਿੱਖਨਿ ਸ਼ੋਕ ਬਿਸਾਲਾ।
ਤਿਸ ਦਿਨ ਕਿਨਹੁਂ ਨ ਭੋਜਨ ਕੀਨਿ।
ਮੁਰਝਾਵਤਿ ਬੈਠੇ ਮਨ ਦੀਨ ॥੩੨॥
ਬਿਨੁ ਮਹਿਪਾਲ ਚਮੂੰ ਜਿਮ ਦੀਨਾ।
ਦੂਲਹੁ ਬਿਨੁ ਬਰਾਤ ਜਿਮ ਹੀਨਾ।
ਜਥਾ ਜਾਮਨੀ ਚੰਦੁ ਬਿਹੀਨਾ।
ਗੁਰੁ ਬਿਨੁ ਸੰਗਤਿ ਤਥਾ ਮਲੀਨਾ ॥੩੩॥
ਬਿਨਾ ਨਰੇਸ਼ੁਰ ਪ੍ਰਜਾ ਦੁਖਾਰੀ।
ਪਤਿ ਬਿਹੀਨ ਜਿਮ ਪਤਿਬ੍ਰਤਿ ਨਾਰੀ।
ਜਿਮ ਜਨ[1] ਗ੍ਰਾਮ ਪੈਂਚ ਬਿਨ ਦੀਨਾ।
ਗੁਰੁ ਬਿਨੁ ਸੰਗਤਿ ਤਥਾ ਮਲੀਨਾ ॥੩੪॥

---

[1]ਆਦਮੀ।

ਸਰਬ ਜਾਮਨੀ ਸੋਚਿਤਿ ਬੀਤੀ।
ਚਿਤਵਤਿ ਸ਼੍ਰੀ ਅਰਜਨ ਪਦ ਪ੍ਰੀਤੀ।
ਅਸ਼ਟ ਜਾਮ ਜੇ ਦਰਸਤਿ ਰਹੈਂ।
ਬਿਨਾ ਪਿਖੇ ਸ਼ਾਂਤੀ ਕਯੋਂ ਲਹੈਂ ॥੩੫॥
ਨੀਠ ਨੀਠ ਅਵਿਲੋਕ ਪ੍ਰਭਾਤਿ।
ਸ਼ੋਕ ਅਧਿਕ ਤੇ ਬਿਤਹਿ ਨ ਰਾਤਿ।
ਰਾਵੀ ਮਹਿਂ ਕਰਿ ਕੈ ਇਸ਼ਨਾਨ।
ਨਮੋ ਕਰੀ ਸਤਿਗੁਰੁ ਕੇ ਥਾਨ ॥੩੬॥
ਸੁਧਾ ਸਰੋਵਰ ਦਿਸ਼ਾ ਸਿਧਾਰੇ।
ਮਨਹੁ ਕਰਤਿ ਰਣ ਹਾਰਿ ਪਧਾਰੇ।
ਸਭਿ ਪੂੰਜੀ ਜਨੁ ਬਨਕ ਗਵਾਈ।
ਕੈ ਬਨ ਮੈਂ ਸਭਿ ਵਸਤੁ ਲੁਟਾਈ ॥੩੭॥
ਰਿਦੇ ਬਿਚਾਰਤਿ- ਮਾਤਾ ਪਾਸ।
ਕਰਹਿਂ ਸੂਲ ਸਮ ਬਾਕ ਪ੍ਰਕਾਸ਼।
ਜਿਸ ਕੋ ਸੁਨਤਿ ਗਿਰਹਿ ਬਿਕੁਲਾਏ[1]।
ਧਿਕ ਬੋਲਨ ਹਮਰੋ ਤਿਸ ਭਾਏ ॥੩੮॥
ਹਰਿਗੋਵਿੰਦ ਬਾਲਤਨ ਬੈਸਾ।
ਹਮ ਤੇ ਸੁਨਹਿਂ ਬਾਕ ਜਬਿ ਐਸਾ।
ਦੁਖੀ ਹੋਇ ਬਹੁ ਰੁਦਤਿ ਪੁਕਾਰੈਂ।
'ਕਹਾਂ ਤਜੇ ਪਿਤ ਗੁਰੂ?' ਉਚਾਰੈਂ ॥੩੯॥
ਕਯਾ ਹਮ ਕਹੈਂ 'ਜਿਯਤਿ ਚਲਿ ਆਏ।'
ਦਸ਼ਾ ਦੇਖਿ ਅਸ ਦੁਖ ਨਹਿਂ ਪਾਏ।
ਕਰਦਮ ਰਿਦਾ ਨ ਬਿਦਰਯੋ[2] ਤਬਿਹੂੰ।
ਜਲ ਗੁਰ ਪ੍ਰੀਤਮ ਬਿਛੁਰੇ ਜਬਿਹੂੰ[*] ॥੪੦॥
ਹਮ ਤੇ ਆਛੇ ਬਨ ਕੇ[3] ਹਰਣ।
ਸੁਨਤਿ ਨਾਦ ਕੋ ਗਿਨਹਿ ਨ ਮਰਣ।
ਤ੍ਰਿਗਦ ਜੋਨ[4] ਕਯਾ ਕੀਟ ਪਤੰਗਾ।

---

[1]ਵਿਆਕੁਲ ਹੋਕੇ।
[2]ਚਿੱਕੜ ਰੂਪ ਰਿਦਾ (ਸਾਡਾ) ਪਾਟ ਨਾ ਗਿਆ।
[*]ਜਲ ਦੇ ਵਿਛੜਿਆਂ (ਸੁਕ ਗਿਆਂ ਛੱਪੜ ਦਾ) ਚਿੱਕੜ ਤ੍ਰੇੜੋ ਤ੍ਰੇੜ ਹੋ ਜਾਂਦਾ ਹੈ। ਸਾਡਾ ਦਿਲ ਕਿਉਂ ਨਾ ਫਟ ਗਿਆ।
[3]ਜੰਗਲ ਦੇ।
[4]ਟੇਢੀਆਂ ਜੂਨਾਂ (ਭਾਵ ਭੰਭਟ)।

ਪ੍ਰੀਤਮ ਹਿਤ ਜਾਰਤਿ ਨਿਜ ਅੰਗਾ ॥੪੧॥
ਨੀਰ ਬਿਰਹਿ ਤੇ ਮੀਨ ਨਿਹਾਰੋ।
ਦੇਤਿ ਪ੍ਰਾਨ ਨਹਿਂ ਕਰਹਿ ਅਵਾਰੋ।
ਭ੍ਰਮਰ ਤਜਹਿ ਨਹਿਂ ਗੰਧ ਸੁਭਾਊ।
ਪੁਸ਼ਪ ਕੇਤਿਕੀ ਬੇਧਤਿ ਜਾਊ[1] ॥੪੨॥
ਹਮ ਪੰਚਹੁਂ ਤੇ ਪੰਚਹੁਂ ਜੀਵ[2]।
ਉੱਤਮ ਪ੍ਰੇਮ ਨਿਬਾਹ ਸਦੀਵ।
ਪ੍ਰਥਮ ਦੇਖਿ ਕਰਿ ਦੁਖ ਗੁਰ ਕੇਰੇ।
ਅਬਿ ਗੁਰ ਪਤਨੀ ਸੁਤ ਦੁਖ ਹੇਰੇ- ॥੪੩॥
ਏਵ ਬਿਚਾਰਤਿ ਆਰਤਿ ਹੋਤੇ।
ਬਦਨ ਖਿੰਨ ਦੁਤਿ, ਨਹੀਂ ਉਦੇਤੇ[3]।
ਪ੍ਰਵਿਸ਼ੇ ਜਾਇ ਸੁਧਾਸਰ ਨਗਰੀ।
ਅੱਸ਼੍ਰ ਬਿਮੋਚਿ ਬਿਲੋਕਤਿ ਸਗਰੀ ॥੪੪॥
ਜਹਿਂ ਸ਼੍ਰੀ ਹਰਿ ਗੋਵਿੰਦ ਅਨੰਦਤਿ।
ਆਇ ਖਰੇ ਪਗ ਪੰਕਜ ਬੰਦਤਿ।
ਦਿਨ ਕੋ ਗਿਨਤਿ[4] ਗੁਰੂ ਜਬਿ ਗਏ।
'ਏਤਿਕ ਬਿਰਹ ਤਿਨਹੁਂ ਕੇ ਭਏ' ॥੪੫॥
ਕਰਤਿ ਪ੍ਰਤੀਖਨ 'ਕਬਿ ਇਤ ਆਵੈ?
ਪ੍ਰਿਯ ਦਰਸ਼ਨ ਸੁੰਦਰ ਦਿਖਰਾਵੈਂ।
ਬੈਠਹਿਂ ਜਬਹਿ ਲਗਾਇ ਦਿਵਾਨ।
ਸਿਖ ਸੰਗਤਿ ਦਰਸਹਿਂ ਗਨ ਆਨਿ ॥੪੬॥
ਦੇਖਿ ਤਿਨਹੁਂ ਕੋ ਹੋਇ ਅਨੰਦਾ*।
ਜਨਮ ਜਨਮ ਕੇ ਕਾਟੈਂ ਫੰਦਾ*।
ਮਨ ਉਦਾਸ ਤਬਿ ਪ੍ਰਾਪਤਿ ਸ਼ਾਂਤੀ।
ਹੋਇ ਖੁਸ਼ੀ ਕਬਿ, ਸੀਤਲ ਛਾਤੀ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਅਰਜਨ ਬੈਕੁੰਠ ਗਮਨ ਪ੍ਰਸੰਗ' ਬਰਨਨੰ ਨਾਮ ਅਸਟ ਤ੍ਰਿੰਸਤੀ ਅੰਸੂ ॥੩੮॥

---

[1] ਕੇਤਕੀ ਫੁਲ ਤੇ ਵਿੰਨ੍ਹਿਆਂ ਜਾਂਦਾ ਹੈ।
[2] ਤੇ ਪੰਜੇ ਹੀ ਜੀਊਂਦੇ ਹਾਂ।
[3] ਮੁਖ ਸ਼ੋਭਾ ਤੋਂ ਖੀਣ ਹੈ, ਪ੍ਰਕਾਸ਼ਦਾ ਨਹੀਂ।
[4] ਦਿਨਾਂ ਨੂੰ ਗਿਣ ਰਹੇ ਸੀ।
* ਕਈ ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਹਨ ਤੇ ਇਸ ਅੰਤਲੀ ਚੌਪਈ ਦੇ ਦੋ ਹੀ ਚਰਣ ਲਿਖੇ ਹਨ।

੩੯. [ਸ਼੍ਰੀ ਅੰਮ੍ਰਿਤਸਰ ਪੰਜੇ ਸਿੱਖ ਪੁੱਜੇ]

੩੮<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੦

ਦੋਹਰਾ: ਆਦਿ ਬ੍ਰਿੱਧ ਗੁਰਦਾਸਿ[1] ਗਨ,
ਚਹੁੰਦਿਸਿ ਮਹਿਂ ਗੁਰੁ ਦਾਸ[2]।
ਸਿਮਰਤਿ ਸ਼੍ਰੀ ਅਰਜਨ ਗੁਰੂ,
ਸਭਿ ਉਰ ਦਰਸ਼ਨ ਪਜਾਸ ॥੧॥

ਚੌਪਈ: 'ਲਵਪੁਰਿ ਤੇ ਗਮਨਜੋ ਕਿਤ ਸ਼ਾਹੂ।
ਸੁਧਿ ਪਹੁੰਚੀ ਕਬਿ ਹੀ ਹਮ ਪਾਹੂ[+]।
ਅਬਿ ਕਿਸ ਕਾਰਨ ਇਤ ਨਹਿਂ ਆਏ।
ਕੋ ਕਾਰਜ ਨਹਿਂ ਅਪਰ ਬਤਾਏ[3] ॥੨॥
ਆਜ ਕਾਲ ਆਵਹਿਂ' ਚਿਤਵੰਤੇ।
ਬੈਠੇ ਹਰਿਗੋਵਿੰਦ ਦੁਤਿਵੰਤੇ।
ਇਤਨੇ ਮਹਿਂ ਪੰਚਹੁੰ ਚਲਿ ਆਏ।
ਬਦਨ ਬਿਬਰਨ[4] ਦੁਖਿਤ ਜ਼ਰਦਾਏ[5] ॥੩॥
ਦੀਨ ਮਨੈ ਹੁਇ ਬੰਦਨ ਕਰੀ।
ਗਿਰਾ ਨ ਮੁਖ ਤੇ ਜਾਤਿ ਉਚਰੀ।
ਤਰਿ ਤੂਰਨਤਾ ਹਰਿਗੋਵਿੰਦ।
ਬੂਝਤਿ 'ਕਿਸ ਥਲ ਗੁਰੂ ਬਿਲੰਦ? ॥੪॥
ਕਿਮ ਪੰਚਹੁੰ ਤੁਮ ਤਜਿ ਕਰਿ ਆਏ?
ਬਰਣ ਜ਼ਰਦ ਮੁਖ ਕੋ ਦਰਸਾਏ?
ਕੈ ਆਵਤਿ? ਗੁਰੁ ਵਹਿਰ ਸਥਾਨਾ।
ਥਿਰੇ ਪਖਾਰਨਿ ਪਦ ਅਰੁ ਪਾਨਾ ॥੫॥
ਤਊ ਏਕ ਦੁਇ ਆਵਤਿ ਆਗੇ।
ਕਿਮ ਪੰਚਹੁੰ ਗਮਨੇ ਗੁਰੁ ਤਜਾਗੇ?
ਬਦਨ ਪ੍ਰਫੁੱਲਿਤਿ ਨਹਿਨ ਤੁਮਾਰਾ।
ਕਜੋਂ ਕਾਰਣ ਨਹਿਂ ਕਰਤਿ ਉਚਾਰਾ? ॥੬॥
ਕਹਿਤ ਸਕਲ ਪੰਚਹੁੰ ਮੁਖ ਦੇਖੈ[1]।

---

[1]ਭਾਈ ਬੁੱਢਾ ਤੇ ਗੁਰਦਾਸ ਆਦਿਕ।
[2]ਗੁਰਾਂ ਦੇ ਦਾਸ।
[+]ਕਵੀ ਜੀ ਨੂੰ ਇਹ ਖਬਰ ਠੀਕ ਨਹੀਂ ਮਿਲੀ। ਪਾਤਸ਼ਾਹ ਅਜੇ ਲਾਹੌਰ ਹੀ ਸੀ।
[3]ਹੋਰ ਕੀ ਕੰਮ ਹੈ, ਨਹੀਂ ਦੱਸ ਗਏ।
[4]ਬੇਰੰਗ।
[5]ਪੀਲੇ।

'ਨਾਹਿਨ ਕੁਸ਼ਲੀ' ਕਰਤਿ ਪਰੇਖੈ[2]।
ਪੁਨ ਸ਼੍ਰੀ ਹਰਿ ਗੋਵਿੰਦ ਬਖਾਨੀ।
'ਮੌਨਿ, ਨੰਮ੍ਰਿ ਸਿਰ ਕਰਿ ਕਤੋਂ ਠਾਨੀ? ॥੭॥
ਦਲਕਤਿ[3] ਰਿਦਾ ਦੇਖਿ ਤੁਮ ਹਾਲ।
ਕਯੋਂ ਨਹਿਂ ਬੋਲਤਿ ਬਾਕ ਉਤਾਲ?'
ਗੁਰੁ ਬਾਣੀ[4] ਕੋ ਸੁਨਤਿ ਪਿਰਾਣਾ।
ਚਾਹਸਿ ਚਿਤ -ਮੈਂ ਕਰਿਵ ਬਖਾਣਾ- ॥੮॥
ਸ਼ੁਸ਼ਕ ਕੰਠ ਅਰੁ ਅਧਰ ਕਪੋਲਾ।
ਕਹੈ ਕਿ 'ਮੁਹੁ ਨਹਿਂ ਨਿਕਸਤਿ ਬੋਲਾ।'
ਰੁਦਤਿ ਬਾਰਿ ਇਕਿ ਨਿਕਸਿ ਪੁਕਾਰੀ[5]।
ਨਿਖੁਟੇ ਅੱਸ਼੍ਰੁ ਨ ਬਹਿ ਦ੍ਰਿਗ ਬਾਰੀ[6] ॥੯॥
ਦਾਸਨਿ ਜੁਤ ਸ਼੍ਰੀ ਹਰਿਗੋਵਿੰਦ।
ਬਦਨ ਬਨਜ ਬਨ ਬਿਕਸਿ ਬਿਲੰਦ[7]।
ਹਿਮ ਸੀ ਗਿਰਾ[8] ਲਗੀ ਮੁਰਝਾਏ।
ਪੁਨ ਪੂਛਤਿ 'ਦਿਹੁ ਸਕਲ ਸੁਨਾਏ ॥੧੦॥
ਕਿਸ ਨੇ ਗੁਰ ਰਾਖੇ ਅਟਕਾਇ?
ਕਹਾਂ ਬਿਘਨ ਭਾ ਕਹੁ ਸਮੁਝਾਇ?
ਸ਼ਾਹ ਚਢਯੋ, ਅਬਿ ਕੋ ਥਿਰੁ ਥਿਯੋ[9]?
ਜਿਨਹੁ ਗੁਰੂ ਨਹਿ ਆਵਨਿ ਦਿਯੋ? ॥੧੧॥
ਜਿਮ ਛੂਟਹਿਂ ਸਭਿ ਕਰਹਿਂ ਉਪਾਇ।
ਕਹੋ ਸਾਚ ਤੁਮ ਕਯੋਂ ਬਿਬਲਾਇ।
ਅਹਿਦੀ ਆਯਹੁ ਤਬਿ ਕੇ ਜਾਨਹਿ।
ਤੁਰਕ ਮੰਦਮਤਿ ਬਿਗਰਨਿ ਠਾਨਹਿ[10] ॥੧੨॥

---

[1](ਹੋਰ) ਸਾਰੇ (ਸਿੱਖ) ਕਹਿੰਦੇ ਹਨ ਪੰਜਾਂ ਦਾ ਮੂੰਹ ਦੇਖਕੇ।
[2]ਪਰਖਣਾ ਕਰਦੇ ਹਨ ਕਿ ਸੁਖ ਨਹੀਂ ਹੈ।
[3]ਧੜਕਦਾ ਹੈ।
[4]ਗੁਰਾਂ ਦੇ ਬਚਨ।
[5]ਚੀਕ ਨਿਕਲੀ।
[6]ਅੰਝੂ ਮੁੱਕ ਗਏ, ਨੇਤ੍ਰਾਂ ਤੋਂ ਜਲ ਨਹੀਂ ਵਹਿੰਦਾ।
[7]ਮੁਖ ਕਵਲਾਂ ਦੇ ਬਨ ਵਤ ਖਿੜਿਆ ਸੀ ਬੜਾ।
[8]ਬਰਫ ਵਰਗੀ ਬਾਣੀ।
[9]ਕੌਨ ਟਿਕਿਆ ਹੋਇਆ ਹੈ,
(ਅ) ਕਿਸ ਨੇ ਟਿਕਾ ਲਏ ਹਨ।
[10]ਬਿਗੜ ਗਏ ਹਨ।

ਚੁਗਲੀ ਉਗਲਤਿ ਮੁਗ਼ਲ ਬਿਗਾਰਾ।
ਕਿਮ ਹੋਈ ਗਤਿ ਕਰਹੁ ਉਚਾਰਾ?'
ਬਿਧੀਆ ਧਰਿ ਧੀਰਜ ਦਿਢ ਹੀਯੋ।
ਸਭਿ ਪ੍ਰਸੰਗ ਤਬਿ ਬਰਨਨ ਕੀਯੋ ॥੧੩॥
'ਮਿਲੇ ਸ਼ਾਹੁ ਸੋਂ ਪੂਰਬ ਜਾਏ।
ਥਿਰੁ ਹੁਇ ਘਰੀ ਚਾਰਿ ਨਿਕਸਾਏ।
ਨਿਕਸਤਿ ਵਹਿਰ ਸਿਪਾਹੀ ਬ੍ਰਿੰਦ।
ਭਏ ਸੰਗ ਗਮਨੇ ਗ੍ਰਿਹ ਚੰਦੁ ॥੧੪॥
ਸ਼ਾਹੁ ਸੰਗ ਸੰਬਾਦ ਬਖਾਨਜੋ।
ਸੋ ਹਮ ਨੇ ਕੁਛ ਸੁਨਜੋ ਨ ਜਾਨਜੋ।
ਕਿਮ ਤਹਿਂ ਭਈ ਨ ਕੁਛ ਗਤਿ ਜਾਨੀ।
ਪਹੁੰਚੇ ਪੁਨ ਬਡ ਦੁਸ਼ਟ ਸਥਾਨੀ ॥੧੫॥
ਅੰਤਰਿ ਜਬਹਿ ਪ੍ਰਵੇਸ਼ਤਿ ਭਏ।
ਦ੍ਰਿਢਿ ਕਿਵਾਰ ਦੋਨਹੁੰ ਦੇ ਦਏ।
ਹਮ ਕੋ ਡਜੋਢੀ ਥਾਨ ਟਿਕਾਏ।
ਅੰਤਰਿ ਸ਼੍ਰੀ ਸਤਿਗੁਰੂ ਬਿਠਾਏ ॥੧੬॥
ਖਾਨ ਪਾਨ ਅਰੁ ਸੁਪਤਨਿ ਬਰਜੇ।
ਪੁਨ ਸਜਾਇ ਦੁਖ ਕਹਿ ਕਹਿ ਤਰਜੇ[1]।
-ਲਿਹੁ ਨਾਤਾ ਨਤੁ ਕਰਿਹੌਂ ਘਾਤਿ-।
ਨਹਿਂ ਸਤਿਗੁਰ ਮਾਨੀ ਤਿਸ ਬਾਤਿ ॥੧੭॥
ਤੀਨ ਦਿਵਸ ਬਡਿ ਦੀਨਿ ਸਜਾਇ।
ਹੋਤਿ ਭਈ ਸਭਿ ਗੁਰੂ ਰਜਾਇ।
ਨਾਂਹਿ ਤ ਕਜਾ ਮਾਰਨਿ ਤਿਸ ਕੇਰੋ।
ਤੁਰਕਨਿ ਰਾਜ ਪ੍ਰਤਾਪ ਬਡੇਰੋ ॥੧੮॥
ਇਕ ਸਿਖ ਨਾਸਹਿ[2] ਬਿਲਮ ਬਿਹੀਨ।
ਕਹਿ ਸਤਿਗੁਰੁ ਸਭਿ ਬਰਜਨ ਕੀਨਿ।
ਮਾਰਿ ਖਾਇ ਬੈਠੇ ਮੁਰਝਾਏ।
ਹਮ ਹੇਰਤਿ ਗੁਰੁ ਸਹੀ ਸਜਾਏ ॥੧੯॥
ਨਿਕਸੇ ਰਾਵੀ ਕਰਨਿ ਸ਼ਨਾਨ।
ਤਟ ਪਰ ਥਿਰ ਹੁਇ ਤਜਾਗੇ ਪ੍ਰਾਨ।

---

[1]ਤਾੜਨਾ ਕੀਤੀ।
[2]ਨਾਸ਼ ਕਰ ਦੇਵੇ (ਰਾਜ)।

ਲਵਪੁਰਿ ਸੰਗਤਿ ਮਿਲੀ ਬਿਸਾਲਾ।
ਜਲ ਪ੍ਰਵਾਹ ਕੀਨਸਿ ਤਤਕਾਲਾ ॥੨੦॥
ਦ੍ਰਿਗ ਆਗੇ ਅਸ ਕੌਤਕ ਹੋਵਾ।
ਹਮ ਸਿਖ ਨਾਮ[੧] ਸਰਬ ਹੀ ਜੋਵਾ।
ਮਰੇ ਨ ਆਗੇ ਮਹਦ ਕੁਭਾਗੇ[੨]।
ਰਿਦਾ ਨ ਬਿਦਰਯੋ[੩] ਦੁਖ ਨਹਿਂ ਲਾਗੇ' ॥੨੧॥
ਹਰਿ ਗੁਵਿੰਦ ਸੁਨਿ ਦੁਖਦ ਮਹਾਨਾ।
ਬਾਨੀ ਬਾਨ ਲਗੀ ਜਨੁ ਕਾਨਾ।
ਬੇਧਯੋ ਰਿਦਾ ਪੁਕਾਰਤਿ ਊਚੇ।
'ਤਜਿ ਏਕਲਿ ਪਰਲੋਕ ਪਹੂਚੇ ॥੨੨॥
ਸਗਰੀ ਸੰਗਤਿ ਕੇਰਿ ਅਲੰਬ।
ਕਰਹਿਂ ਪ੍ਰਤੀਖਨ ਦਾਸ ਕਦੰਬ[੪]।'
ਅਲਪ ਆਰਬਲ ਗੁਰੁ ਜਬਿ ਰੋਏ।
ਕਰੀ ਪੁਕਾਰ ਊਚ ਸਭਿ ਕੋਏ ॥੨੩॥
ਬੈਠੀ ਹੁਤੀ ਗੰਗ ਚਿਤ ਸ਼ਾਂਤੀ।
ਸੁਨਤਿ ਕੂਕ ਦਲਕੀ[੫] ਤਬਿ ਛਾਤੀ।
ਸੁਧਿ ਕੋ ਦਾਸੀ ਤੁਰਤਿ ਪਠਾਈ।
'ਗੁਰੁ ਪ੍ਰਲੋਕ ਭਾ' ਆਨਿ ਸੁਨਾਈ ॥੨੪॥
ਮਨਹੁ ਅਚਾਨਕ ਬੱਜ੍ਰ ਪ੍ਰਹਾਰਾ।
ਕੰਚਨ ਬੇਲਿ[੬] ਗਿਰੀ ਇਕ ਬਾਰਾ।
'ਹਾਇ ਹਾਇ' ਕਹਿ ਕਹਿ ਮੁਰਝਾਈ।
ਰੁਦਤਿ ਬ੍ਰਿੰਦ ਦਾਸੀਨਿ ਉਠਾਈ ॥੨੫॥
ਕੇਸ ਉਖਾਰਤਿ ਬਾਹੁ ਉਸਾਰਤਿ[੭*]।
ਆਰਤਿ ਸ਼ੋਕ ਬਿਸਾਲ ਪੁਕਾਰਤਿ।
ਸਗਰ ਨਗਰ ਮਹਿਂ ਸੁਨਯੋ ਪ੍ਰਸੰਗ।

---

[੧]ਅਸੀਂ ਸਿਖ ਨਾਮ (ਧਰਾਕੇ)।
[੨]ਖੋਟੇ ਭਾਗਾਂ ਵਾਲਿਆਂ ਦਾ.....।
[੩]ਨਾ ਫਟਿਆ।
[੪]ਸਾਰੇ।
[੫]ਧੜਕੀ।
[੬]ਸੋਨੇ ਦੀ ਵੇਲ ਵਤ।
(ਅ) ਇਕ ਪ੍ਰਕਾਰ ਦੀ ਵੇਲ ਜੋ 'ਕਾਂਚਨਾਰ' ਜਾਤੀ ਵਿਚੋਂ ਹੈ। ਜਿਸ ਦੇ ਫੁਲ ਪੀਲੇ ਹੁੰਦੇ ਹਨ।
[੭]ਉੱਚੀਆਂ ਕਰਕੇ।
[*]ਵੇਖੋ ਅਗਲੇ ਪੰਨੇ ਦੀ ਟੂਕ।

ਦੌਰਤਿ ਆਵਤਿ ਰੁਦਿਤਿ ਉਤੰਗ ॥੨੬॥
ਮਿਲੇ ਸਮੂਹ ਆਇ ਨਰ ਨਾਰੀ।
ਰੋਦਤਿ ਊਚੇ ਕਰਤਿ ਪੁਕਾਰੀ।
ਬਿਰਲਾਪਹਿਂ ਤਜਿ ਅੱਸ਼੍ਰੂਨਿ ਆਪਹਿਂ।
ਪਰਤਾਪਹਿਂ[1] ਗੁਨ ਸਿਮਰ ਕਲਾਪਹਿਂ[2] ॥੨੭॥
'ਪੁੱਤ੍ਰ ਬਾਲ ਬਯ ਤਜਾਗ ਗੁਸਾਈਂ!
ਸਿਰ ਪਰ ਸ਼ੱਤ੍ਰ ਦੁਸ਼ਟ ਸਮੁਦਾਈ।
ਤੁਮ ਬਿਨ ਕੋ ਦਿਵਾਨ ਅਬਿ ਲਾਵਹਿ।
ਕਿਸਤੇ ਸਿਖ ਮਨ ਬਾਂਛਤਿ ਪਾਵਹਿਂ ॥੨੮॥
ਕਰਹਿ ਕੌਨ ਦਾਸਨਿ ਕੱਲਜਾਨ।
ਚਹੂੰ ਦਿਸ਼ਿ ਕੇ ਪਗ ਪੂਜਤਿ ਆਨਿ।
ਕੋ ਸੁਧਿ ਲੈਹੈ ਪਹੁੰਚਿ ਹਮਾਰੀ।
ਰਾਜ ਤੁਰਕ ਕੋ ਬਹੁ ਬੁਰਿਆਰੀ ॥੨੯॥
ਜਿਨਹੁਂ ਚਹਯੋ ਕਰਿਬੇ ਅੱਨਜਾਇ।
ਪਰਯੋ ਅੰਧੇਰ ਨ ਸੂਝਹਿ ਕਾਇ।
ਉਚਿਤਾਨੁਚਿਤ[3] ਬਿਚਾਰ ਨ ਕਾਈ।
ਗਹੇ ਬਲੀ ਨਿਬਲਨ ਕੋ ਖਾਈ ॥੩੦॥
ਕਿਤ ਗਮਨੇ ਹਮਰੇ ਰਖਵਾਰੇ।'
ਊਚੀ ਬਾਹੁ ਉਸਾਰ ਪੁਕਾਰੇ।
ਨਗਰ ਨਾਰਿ ਹੋਈ ਸਮੁਦਾਇ।
ਰੁਦਤਿ[*] ਸ਼ਬਦ ਕੋ ਬਿਦਤ ਉਠਾਇ ॥੩੧॥
ਸੀਸ ਕੇਸ ਬਿਥਰੇ ਸਭਿ ਕੇਰੇ।
ਸਿਮਿਰ ਪ੍ਰੇਮ ਗੁਰ ਦੁਖਤਿ ਘਨੇਰੇ।
'ਮਹਾਂ ਸ਼ਕਤਿ ਜੁਤਿ ਚਾਹਤਿ ਜੇਤੀ।
ਅੱਛਤ[4] ਸਹੀ ਬਿਪਦ ਕਿਮ ਏਤੀ ॥੩੨॥
ਜਰੀ ਅਜਰ ਉਰ ਧੀਰਜ ਧਾਰੀ।
ਹੁਇ ਅਸ ਛਿਮਾ ਨ ਆਨ ਮਝਾਰੀ।'
ਇੱਤਜਾਦਿਕ ਗੁਨ ਰੁਦਤਿ ਭਨੰਤੀ।

---

[1]ਬਹੁਤ ਦੁਖੀ ਹੁੰਦੇ ਹਨ।
[2]ਸਾਰੇ ਬਹੁਤੇ ਗੁਣ ਯਾਦ ਕਰਕੇ।
[3]ਯੋਗ ਅਯੋਗ।
[4](ਸ਼ਕਤੀ ਦੇ) ਹੁੰਦਿਆਂ।

ਪੀਟਤਿ ਹਾਥਨਿ ਸੀਸ ਹਨੰਤੀ*।
ਇਮ ਅੰਤਰ ਬਡਿ ਮਾਚਯੋ ਰੌਰਾ।
ਸੁਨਤਿ ਦੂਰ ਤੇ ਆਇ ਸੁ ਦੌਰਾ[1]।
ਰੁਦਿਤ ਅਧਿਕ ਸ੍ਰੀ ਹਰਿ ਗੋਵਿੰਦ।
ਸਿਖ ਸੰਗਤਿ ਚਹੁੰਦਿਸ਼ਿ ਮਹਿਂ ਬ੍ਰਿੰਦ ॥੩੪॥
ਸਕਲ ਰੋਇ ਕਰਿ ਗੁਰੁ ਸਿਮਰੰਤੇ।
ਆਪ ਬਿਮੋਚਤਿ ਲੋਚਨ ਅਤੇ[2]।
ਵਧਯੋ ਸ਼ੋਕ ਸਭਿ ਮਹਿਂ ਤਬਿ ਐਸੇ।
ਬਾਸ ਇਹਾਂ ਕਰੁਨਾ ਰਸ[3] ਜੈਸੇ ॥੩੫॥
'ਹਾਇ ਪਿਤਾ, ਗੁਨ ਨਿਧਿ, ਸੁਖ ਦਾਨੀ!
ਕੌਨ ਦੁਲਾਰ ਕਰਹਿ ਬਹੁ ਆਨੀ।
ਸੁਖਿ ਬੈਠਨਿ ਪਿਤ ਅੰਕ ਬਡੇਰੇ।
ਕਰਿ ਸਨੇਹ ਸਿਰ ਹਾਥ ਸੁ ਫੇਰੇ ॥੩੬॥
ਸੋ ਅਬਿ ਕਹਾਂ ਨ ਪ੍ਰਾਪਤਿ ਮੋਹੀ।
ਅੰਤਿ ਸਮੇਂ ਨਹਿਂ ਦਰਸ਼ਨ ਹੋਹੀ।
ਭੂਤ ਭਵਿੱਖਜਤਿ ਬਿਦਤਿ[4] ਬ੍ਰਿਤੰਤਾ।

---

*ਸ੍ਰੀ ਗੁਰੂ ਜੀ ਦਾ ਅਚਾਨਕ ਸਾਕਾ ਤੇ ਐਸੇ ਅਸਹ ਕਸ਼ਟਾਂ, ਖੇਦਾਂ, ਤੇ ਪੀੜਾਂ ਦਾ ਸਹਾਰਨਾ ਆਪਣੇ ਆਪ ਵਿਚ ਇਕ ਮਹਾਂ ਸ਼ੋਕਦਾਇਕ ਹੋਣੀ ਹੈ। ਓਹ ਵੀਣਾ ਦੇ ਵਜਾਵਣ ਹਾਰ ਸੰਗੀਤ ਰੂਪ ਗੁਰੂ, ਓਹ ਬਾਣੀ ਰਚਨਹਾਰ ਕਵਿਤਾ ਦੇ ਕੋਮਲ ਸਰੀਰ, ਓਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਕਲਪ ਕਰਤਾ ਤੇ ਦਰਬਾਰ ਸਾਹਿਬ ਜੈਸੇ ਪਵਿੱਤ੍ਰ ਮੰਦਰ ਦੇ ਰਚਨਹਾਰ ਕਲਾ ਕੌਸਲੀਏ, ਓਹ ਦਯਾ ਛਿਮਾਂ ਦੇ ਸੁਹਲ ਦਾਤੇ, ਓਹ ਪ੍ਰੇਮ ਦਾ ਅਵਤਾਰ ਕਿਨ੍ਹਾਂ ਦਯਾ ਹੀਨ ਕਠੋਰ ਕਸ਼ਟਾਂ ਦੇ ਮੂੰਹ ਆਏ, ਕੌਣ ਹੈ ਜੋ ਅੱਜ ਬੀ ਸੁਣਕੇ ਨਹੀਂ ਰੋ ਪੈਂਦਾ। ਉਸ ਵੇਲੇ ਦੇ ਪ੍ਰੇਮੀ ਨਿਜ ਪਰਿਵਾਰ ਤੇ ਸੰਗਤਾਂ ਨੂੰ ਜਿਨ੍ਹਾਂ ਨੇ ਦਰਸ਼ਨ ਕੀਤੇ, ਬਚਨ ਸੁਣੇ ਤੇ ਨਾਦ ਨਾਲ ਮਸਤ ਹੋਏ ਕਿਵੇਂ ਉਨ੍ਹਾਂ ਦੇ ਕਲੇਜੇ ਫਟੇ ਹੋਣਗੇ? ਕੌਣ ਅੰਦਾਜ਼ਾ ਕਰ ਸਕਦਾ ਹੈ?

ਪਰੰਤੂ ਗੁਰੂ ਜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮਾਤਾ ਜੀ ਨੂੰ ਦੱਸ ਗਏ, ਸਮਝਾ ਗਏ ਤੇ ਮੋਹ ਮਾਯਾ ਤੋਂ ਵਰਜਕੇ ਉੱਚਾ ਕਰ ਗਏ ਸਨ, ਉਹਨਾਂ ਦਾ ਪਿੱਟਣਾ ਆਦਿ ਜੋ ਕ੍ਰਿਯਾ ਦੱਸੀਆਂ ਹਨ ਏਹ ਕਵਿ ਜੀ ਦੇ ਕਰੁਣਾ ਰਸ ਦੇ ਨਕਸ਼ਾ ਬੰਨ੍ਹਣ ਦੇ ਅੰਗ ਪ੍ਰਤਿ ਅੰਗ ਹਨ, ਇਨ੍ਹਾਂ ਨੂੰ ਵਾਕਯਾ ਸਮਝਣਾ ਭੁੱਲ ਹੈ। ਮਾਤਾ ਜੀ ਪਤਿਬ੍ਰਤ ਧਰਮ ਦਾ ਨਮੂਨਾ ਸਨ, ਸਾਰੀ ਉਮਰ ਸੇਵਾ ਕਰਦੇ ਤੇ ਨਾਮ ਸਿਮਰਦੇ ਰਹੇ, ਅੰਤ ਸਮੇਂ ਸਤਿਗੁਰੂ ਉਨ੍ਹਾਂ ਨੂੰ ਪੂਰਨ ਗਯਾਨ ਅਰੂੜ ਕਰਕੇ ਟੁਰੇ, ਉਨ੍ਹਾਂ ਦੇ ਪ੍ਰੇਮ ਦੀ ਥਾਹ ਤੇ ਬਿਰਹੋਂ ਦਾ ਅੰਤ ਨਹੀਂ ਲਿਆ ਜਾ ਸਕਦਾ, ਪਰ ਐਸੇ ਕਰਤੱਵ ਉਨ੍ਹਾਂ ਵਿਚ ਸੰਭਵ ਨਹੀਂ ਹਨ। ਅੱਗੇ ਜਦ ਬਾਹਰੋਂ 'ਹੁਕਮ ਸਤ' ਲਈ ਸੰਗਤਾਂ ਦਾ ਆਵਨਾਂ ਲਿਖਿਆ ਹੈ। ਉਥੇ ਕਵੀ ਜੀ ਆਪ ਮਾਤਾ ਜੀ ਦੇ ਮੁਖੋਂ ਲਿਖਦੇ ਹਨ ਯਥਾ- 'ਕਰਹੁ ਨ ਸ਼ੋਕ ਸੁਨਾਵਹੁ ਬਾਨੀ':-[ਦੇਖੋ ਇਹੋ ਰਾਸ ਅੰਸੂ ੪੧ ਅੰਕ ੪] ਇਹੋ ਹੀ ਗੁਰਮਤ ਦੀ ਮ੍ਰਿਯਾਦਾ 'ਮੈਂ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ' ਇਸ ਮਹਾਂ ਵਾਕ ਵਿਚ ਪ੍ਰਗਟ ਹੈ।

[1](ਜੋ) ਦੂਰੋਂ ਸੁਣਦਾ ਹੈ (ਉਹ) ਦੌੜਿਆ ਆਉਂਦਾ ਹੈ।

[2]ਜਲ (= ਅੰਝੂ) ਛੱਡਦੇ ਹਨ ਨੇਤ੍ਰਾਂ ਦੇ ਕੋਇਆਂ ਵਿਚੋਂ।

[3]ਮਾਨੋਂ ਕਰੁਨਾ ਰਸ (ਸ਼ੋਕ ਤੇ ਰੋਣ) ਏਥੇ ਆ ਵਸਿਆ ਹੈ।

[4](ਦਾ) ਪ੍ਰਗਟ ਹੈ।

ਇਮ ਕਿਸ ਰੀਤਿ ਪ੍ਰਾਨ ਕਰਿ ਅੰਤਾ? ॥੩੭॥
ਅਲਖ ਗਤੀ ਗੁਰ ਕੀ ਬਿਸਮਾਵਤਿ।
ਨਹੀਂ ਅਪਰ ਤੇ ਜਾਨੀ ਜਾਵਤਿ*।'
ਪੁਨ ਸ਼੍ਰੀ ਹਰਿਗੋਵਿੰਦ ਉਚਾਰੇ।
'ਨਿਕਟ ਪੰਚ, ਜਬਿ ਗੁਰੂ ਪਧਾਰੇ ॥੩੮॥
ਅੰਤ ਸਮੇਂ ਕਿਮ ਕਿਯ ਫੁਰਮਾਵਨਿ।
ਤੁਮ ਕੋ ਕੀਨਸਿ ਕਹਾਂ ਜਨਾਵਨਿ?
ਸੋ ਅਬਿ ਬਾਕਨਿ ਕਰਹੁ ਬਤਾਵਨਿ।
ਸੁਨਿ ਹਮ ਧਰਹਿਂ ਮਹਦ ਸੁਖ ਪਾਵਨਿ' ॥੩੯॥
ਇਮ ਪ੍ਰਸੰਗ ਬੂਝਤਿ ਬਹੁ ਰੋਏ।
ਨਹੀਂ ਧੀਰ ਮਨ ਸ਼ੋਕ ਪਰੋਏ।
ਅੱਸ਼੍ਰੂ ਬਿਮੋਚਤਿ ਗਰ ਲਗਿ ਜਾਈ।
ਗਦਗਦ ਗਿਰਾ ਮਹਾਂ ਅਕੁਲਾਈ ॥੪੦॥
ਤਜੋਂ ਅਵਲੋਕਤਿ ਸੇਵਕ ਸਾਰੇ।
ਬਹੁਤ ਬਿਸੂਰਤਿ ਅੱਸ਼ੂ ਡਾਰੇ।
ਦੀਨ ਮਨੇ ਦੁਖ ਲਹਤਿ ਘਨੇਰੇ।
ਗਜਾਨੀ ਤਊ ਪ੍ਰੇਮ ਗੁਰੁ ਕੇਰੇ ॥੪੧॥
ਗੁਰ ਸਨੇਹ ਕੀ ਮਹਿਮਾ ਮਹਾਂ।
ਤਜਹਿਂ ਗਜਾਨ ਮਿਲਿ ਰੋਦਤਿ ਤਹਾਂ।
ਕੇਤਿਕ ਧਜਾਨ ਠਾਨਿ ਭੇ ਮੌਨ।
ਗੁਨ ਸਿਮਰਤਿ ਉਚਰਤਿ ਸੁਖ ਭੌਨ ॥੪੨॥
ਸਭਿ ਕੀ ਦਸ਼ਾ ਦੇਖਿ ਬ੍ਰਿਧ ਭਾਈ।
ਬ੍ਰਹਮ ਗਜਾਨ ਕੀ ਜਿਸ ਦ੍ਰਿਢਤਾਈ।
ਦੈਬੇ ਹੇਤੁ ਸਕਲ ਕੋ ਧੀਰਜ।
ਗੁਰ ਕੋ ਜਸੁ ਕਹਿਬੇ ਅਰੁ ਬੀਰਜ[1] ॥੪੩॥
ਦੋਹਰਾ: ਬੋਲਜੋ ਚਹਤਿ ਪ੍ਰਬੋਧਬੇ[2], ਸ਼੍ਰੀ ਗੁਰ ਹਰਿਗੋਵਿੰਦ।
ਸ਼ੋਕ ਨਿਵਾਰਨਿ ਸਕਲ ਕੋ, ਬੈਠੇ ਦਾਸ ਜਿ ਬ੍ਰਿੰਦ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸੁਧਾਸਰ ਸੁਧਿ ਹੋਵਨ' ਪ੍ਰਸੰਗ ਬਰਨਨੰ ਨਾਮ ਏਕ ਊਨਿ ਚੱਤ੍ਵਾਰਿੰਸਤੀ ਅੰਸੂ ॥੩੯॥

---

*ਪਾ:-ਅਚਰਜ ਭਏ ਨਹੀਂ ਬਿਦਤਾਵਤਿ।
[1]ਬਲ।
[2]ਸਮਝਾਉਣ ਲਈ।

੪੦. [ਸ੍ਰੀ ਗੁਰ ਹਰਿ ਗੁਵਿੰਦ ਜੀ ਨੇ ਪ੍ਰਣ ਕੀਤਾ]

੩੯<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੧

ਦੋਹਰਾ: ਹਰਿ ਗੁਵਿੰਦ ਅਰੁ ਬ੍ਰਿੰਦ ਸਿਖ, ਰੁਦਿਤ ਸ ਸ਼ੋਕ ਬਿਲੰਦ।
ਦੇਖਤਿ ਭਾਖਤਿ ਬ੍ਰਿੱਧ ਤਬਿ, 'ਕੀਜਹਿ ਖੇਦ ਨਿਕੰਦ[1] ॥੧॥
ਚੌਪਈ: ਸਤਿਗੁਰ ਨਹਿਂ ਸੋਚਨ ਕੇ[2] ਯੋਗ।
ਸੁਜਸੁ ਬਿਥਾਰਜੋ ਚੌਦਸ ਲੋਗ।
ਘਨ ਸਮਾਨ ਤਨਿ ਧਰਿ ਬਿਦਤਾਵੈਂ।
ਜਗ ਕਾਰਜ ਕਰਿ ਬਹੁਰ ਬਿਲਾਵੈਂ[3] ॥੨॥
ਪਰਮ ਧਾਮ ਬੈਕੁੰਠ ਸਿਧਾਰੈਂ।
ਬ੍ਰਿੰਦ ਅਨੰਦ ਬਿਲੰਦ ਬਿਹਾਰੈਂ[4]।
ਕਰਿ ਗਾਦੀ ਪਰ ਪੁੱਤਰ ਅਬਾਦੀ[5]।
ਭਏ ਸਰੂਪ ਲੀਨ ਨਿਜ ਆਦੀ[6] ॥੩॥
ਜੇ ਕਾਰਜ ਕਰਿਬੇ ਕਹੁ ਆਏ।
ਨੀਕੇ ਪੂਰਨ ਕਰਿ ਸਮੁਦਾਏ।
ਕਾਨ੍ਹੇ ਸ੍ਰਾਪ ਸਾਚ ਕੇ ਹੇਤੁ।
ਸਹੀ ਸਜਾਇ ਸੁ ਚੰਦੁ ਨਿਕੇਤ ॥੪॥
ਪੂਰਨਤਾ ਦਿਖਾਇ ਬ੍ਰਹਮ ਗਜਾਨੀ।
ਜਿਨ ਕੇ ਤਨਹੰਤਾ ਬ੍ਰਿਤਿ ਹਾਨੀ।
ਨਿਜ ਸਰੂਪ ਤੇ ਫੁਰਨੋ ਆਨ।
ਉਠਨਿ ਨ ਦੀਨਸਿ ਇਕ ਰਸਵਾਨ ॥੫॥
ਜਗ ਕੀ ਬਰਤਣ ਸਹਿਜ ਸੁਭਾਇ।
ਬਿਨਾ ਜਤਨ ਜਿਮ ਹੋਤੀ ਜਾਇ।
ਭਗਤ ਕਬੀਰ ਨਾਮ ਦਿਉ ਆਦਿ।
ਭੀਰ ਪਰੀ ਕੀਨਸਿ ਪ੍ਰਭੁ ਯਾਦਿ ॥੬॥
ਕੁਛ ਤੇ ਕੁਛ ਕਰਿ ਨਰਨਿ ਦਿਖਾਈ।
ਗਜਾਨ ਊਨਤਾ ਇਹੀ ਜਨਾਈ[7]*।

---

[1]ਦੁਖ ਦੂਰ ਕਰੋ।
[2]ਸ਼ੋਕ ਕਰਨ ਦੇ।
[3]ਲੋਪ ਹੋ ਜਾਂਦੇ ਹਨ।
[4](ਵਿਚ) ਵਿਚਰਦੇ ਹਨ।
[5]ਭਾਵ, ਇਸਥਿਤਿ।
[6]ਆਪਣੇ ਮੁੱਢਲੇ (ਸਰੂਪ) ਵਿਚ।
[7]ਇਹ (ਉਹਨਾਂ ਨੇ) ਗਜਾਨ ਦੀ ਕਮੀ ਦਿਖਾਈ।
*ਕਬੀਰ ਆਦਿਕਾਂ ਤੋਂ ਗੁਰੂ ਜੀ ਦੀ ਅਧਿਕਤਾ ਕੈਸੀ ਸੁੰਦਰ ਦਰਸਾਈ ਹੈ।

ਸੱਤਿ ਆਤਮਾ ਜਗ ਸਭਿ ਕਾਚੋ।
ਜਿਸ ਤੇ ਉਰ ਨਿਸ਼ਚੈ ਅਸ ਸਾਚੋ ॥੭॥
ਸੋ ਨਾਨੱਤ੍ਵ[1] ਪਰ ਫੁਰਨਾ ਕਰਹਿ ਨ।
ਅਪਨ ਸਰੂਪ ਲਖਹਿ, ਅਨ ਧਰਹਿ ਨ[2]।
ਅਸ ਸ੍ਵਾਮੀ ਨਹਿਂ ਸੋਚਨਿ ਜੋਗ।
ਕ੍ਰਿਪਾ ਤਿਨਹੁ ਉਧਰੇ ਬਹੁ ਲੋਗਿ ॥੮॥
ਪੂਰਬ ਪੁੰਨਨਿ ਫਲ ਕੋ ਪਾਇ।
ਭੋਗ ਬਿਸ਼ੈ ਜਗ ਚਲੇ ਗਵਾਇ[3]।
ਭਗਤਿ ਨ, ਜੋਗ ਨ ਗਯਾਨ ਵਿਰਾਗੇ।
ਸੇ ਸੋਚਨ ਕੇ ਜੋਗ ਕੁਭਾਗੇ ॥੯॥
ਨਰ ਤਨ ਜਿਨਹੁਂ ਅਕਾਰਥ ਖੋਵਾ।
ਸੱਤਿਨਾਮ ਨਹਿਂ ਸਿਮਰਨਿ ਹੋਵਾ।
ਫਾਸੀ ਪਰੇ ਗਏ ਜਮ ਲੋਗ।
ਸੋ ਮੂਰਖ ਸੋਚਨਿ ਕੇ ਜੋਗ ॥੧੦॥
ਮਰਿ ਕਰਿ ਬਹੁ ਜੋਨੀ ਭਰਮਾਵੈਂ।
ਕਰੇ ਪਾਪ ਕੈ ਨਰਕ ਸਿਧਾਵੈਂ।
ਜਿਨ ਕਬਿਹੂੰ ਸਤਿਸੰਗ ਨ ਕਰੇ।
ਸੇ ਸੋਚਨ ਕੇ ਜੋਗ ਜਿ ਮਰੇ ॥੧੧॥
ਗੁਰ ਸ਼ਰਧਾ ਉਰ ਜਿਨ ਕੇ ਨਾਂਹਿ ਨ।
ਤ੍ਰਿਸ਼ਨਾ ਤੇ ਮਨ ਬਰਜਜੋ ਜਾਂਹਿ ਨ।
ਗੁਨ ਤਜਿ ਅਵਗੁਨ ਸੰਗ੍ਰਹਿ ਕਰੇ।
ਸੇ ਸੋਚਨਿ ਕੇ ਜੋਗ ਜਿ ਮਰੇ ॥੧੨॥
ਨਹਿਂ ਗੁਰ ਧਯਾਨ ਨ ਗੁਰ ਕੀ ਸੇਵਾ।
ਗੁਰ ਬਿਹੀਨ ਧਾਰਤਿ ਅਹੰਮੇਵਾ।
ਗੁਰ ਹਰਿ ਕੀ ਲਖਹਿ ਨ ਬਡਿਆਈ।
ਸੇ ਸੋਚਨਿ ਕੋ ਜੋਗ ਸਦਾਈ ॥੧੩॥
ਇਸ ਜਗ ਅਰੁ ਪਰਲੋਕ ਮਝਾਰੇ।
ਸਤਿਗੁਰ ਸਦਾ ਸਹਾਇ ਹਮਾਰੇ।
ਸਿਮਰਨਿ ਕਰੇ ਦਰਸ ਦੈਂ ਆਨਿ[1]।

---

[1]ਨਾਨਾਪਨ ਭਾਵ ਸੰਸਾਰ।
[2]ਦ੍ਵੈਤ ਨਹੀਂ ਧਾਰਦੇ।
[3]ਭੋਗ ਕੇ ਵਿਸ਼ਯ ਜਗ ਵਿਚ ਗਵਾਕੇ (ਆਪਣੀ ਉਮਰ) ਚਲੇ ਗਏ।

ਸੇ ਕਜੋਂ ਸੋਚਨਿ ਜੋਗ ਮਹਾਂਨ ॥੧੪॥
ਬੰਦਨ ਕਰਹੁ, ਕਰਾਹੁ ਕਰਾਵੋ।
ਕਿਰਤਨ ਸੁਨਹੁ, ਅਨੰਦ ਉਪਾਵੋ।
ਸਿਮਰੇ ਨਿਤ ਹਾਜ਼ਰ ਗੁਰ ਅਹੈਂ।
ਪਰਮ ਪ੍ਰੇਮ ਮਨ ਕੋ ਸਭਿ ਲਹੈਂ[2] ॥੧੫॥
ਦ੍ਰਿਸ਼ਟਿ ਮਾਨ ਹੈਂ ਜਿਤਿਕ ਅਕਾਰ।
ਸਭਿ ਕੂਰੇ ਹੈਂ ਬਿਨਸਨਿ ਹਾਰ।
ਇਨ ਸੋਂ ਮੋਹ ਕਰਹਿ ਅੱਗਜਾਨੀ।
ਜੋ ਲਖਿਯਤਿ ਹੈ ਸੁਪਨ ਸਮਾਨੀ ॥੧੬॥
ਤੁਮ ਕੋ ਉਚਿਤ ਨ ਐਸੇ ਕਰਿਬੇ।
ਹਰਖ ਸ਼ੋਕ ਅੱਗਜਾਨੀ ਧਰਿਬੇ।
ਤਖਤ ਬੈਠਿ ਅਬਿ ਸਿੱਖ ਉਧਾਰੋ।
ਸ਼ੱਤ੍ਰੂ ਗਨ ਜੇ ਸਕਲ ਸੰਘਾਰੋ' ॥੧੭॥
ਇਮ ਸੁਨਿ ਕੈ ਬ੍ਰਿਧ ਕੇ ਬਚ ਕਾਨ।
ਸ਼੍ਰੀ ਹਰਿਗੋਬਿੰਦ ਭੇ ਸਵਧਾਨ।
ਪੰਚ ਸਿੱਖ ਕੋ ਬੂਝਨਿ ਲਾਗੇ।
'ਕਹਜੋ ਅੰਤ ਜਿਮ ਕਹੁ ਹਮ ਆਗੇ' ॥੧੮॥
ਸੁਨਤਿ ਪਿਰਾਣਾ ਕਹਿ ਮ੍ਰਿਦੁ ਬਾਨੀ।
'ਇਮ ਸ਼੍ਰੀ ਸਤਿਗੁਰੁ ਤੁਮਹਿ ਵਖਾਨੀ।
-ਹਰਿਗੁਵਿੰਦ ਸੰਗ ਜਾਇ ਮਿਲੀਜੈ।
ਹਮ ਦਿਸ਼ਿ ਤੇ ਬਹੁ ਧੀਰਜ ਦੀਜੈ ॥੧੯॥
ਕਰਹੁ ਨ ਸ਼ੋਕ ਗੁਵਿੰਦ ਗੁਨ ਗਾਵਹੁ।
ਅਪਰ ਸਕਲ ਕੋ ਕਰਹੁ ਮਿਟਾਵਹੁ।
ਸਾਯੁਧ ਹੋਹੁ ਤਖਤ ਪਰ ਰਾਜਹੁ।
ਜਥਾ ਸ਼ਕਤਿ ਸੈਨਾ ਸੰਗ ਸਾਜਹੁ ॥੨੦॥
ਪ੍ਰਥਮ ਚੰਦੂ ਤੇ ਪਲਟਾ ਲੀਜਹਿ।
ਹਤਹੁ ਕੁਮੌਤ ਮਹਾਂ ਦੁਖ ਦੀਜਹਿ[*]।
ਸ਼੍ਰੀ ਗੁਰ ਅਮਰ ਦਾਸ ਕੀ ਅੰਸ।
ਨਿਕਟ ਹਕਾਰਹੁ ਕੁਲ ਅਵਿਤੰਸ਼ ॥੨੧॥

---

[1]ਆਕੇ ਦਰਸ਼ਨ ਦੇਂਦੇ ਹਨ।
[2]ਸਭ ਦੇ ਮਨ ਦਾ ਅਤਿ ਪ੍ਰੇਮ ਜਾਣਦੇ ਹਨ।
[*]ਦੇਖੋ ਇਸੇ ਰਾਸ ਦੇ ਅੰਸੂ ੩੭ ਅੰਕ ੨੮ ਦੀ ਹੇਠਲੀ ਟੂਕ।

ਪ੍ਰਥਮ ਰੀਤਿ ਕਰਿ ਲੀਜਹਿ ਟੀਕਾ।
ਸਕਲ ਬਡਿਨਿ ਸੰਗ ਕਹਿ ਬਚ ਨੀਕਾ।
ਬ੍ਰਿਧ ਆਦਿਕ ਸਿੱਖਨਿ ਸਨਮਾਨਹੁ।
ਪੁਰਾ ਗੁਰਨਿ[1] ਕੀ ਰੀਤਿ ਪ੍ਰਮਾਨਹੁ ॥੨੨॥
ਨਈ ਰੀਤਿ ਇਕ ਰਣ ਕੀ ਕੀਜਹਿ।
ਅਪਰ ਪ੍ਰਥਮ ਸਮ ਗਤੀ ਚਲੀਜਹਿ।
ਦਾਹੁ ਦੇਹ ਨਹਿਂ ਕਰਹੁ ਹਮਾਰੀ।
ਦਿਹੁ ਪ੍ਰਵਾਹ ਇਸ ਸਲਿਤਾ ਬਾਰੀ ॥੨੩॥
ਦਰਸ਼ਨ ਹਮਰੋ ਹੈ ਦਰਿਆਉ।
ਸਿਰ ਉੱਤਰ ਦਿਸਿ ਦੱਛਨ ਪਾਉ[+]-।
ਸੋਰਹ ਸਤ ਤ੍ਰੇਸਟ[2] ਗਿਨ ਸੰਮਤਿ।
ਜੇਸ਼ਠ ਸ਼ੁਦੀ ਚੌਥ ਹਰਿ ਸੰਮਤ[3] ॥੨੪॥
ਮਹਾਂ ਪਾਤਕੀ ਸ਼ੱਤ੍ਰੂ ਚੰਦੁ।
ਦਈ ਸਜ਼ਾਇ ਅਨੇਕ ਬਿਲੰਦ।
ਪਚੰ ਦਿਵਸ ਲੌ ਖਾਇ ਨ ਪੀਓ।
ਨਹੀਂ ਦੁਸ਼ਟ ਨੇ ਆਦਰ ਕੀਓ ॥੨੫॥
ਜਜੋਂ ਕਜੋਂ ਘਾਤ ਕਰਹੁ ਤਿਸ ਕੇਰਾ।
ਦੁਖ ਦੇ ਜਗ ਬਿਦਤਾਇ ਬਡੇਰਾ।
ਪਿਤਾ ਬੈਰ ਕੋ ਉਚਿਤ ਸੁ ਲੈਬਾ।
ਪੂਰਬ ਘੋਰ ਸਜਾਇਨਿ ਦੈਬਾ[4] ॥੨੬॥
ਬਿਸ਼ਟਾ ਮਹਿਂ ਰੁਲਾਇ ਕਰਿ ਮਾਰੋ।
ਤੀਬ੍ਰ ਪੀਰ[5] ਨਰਕਨਿ ਮਹਿਂ ਡਾਰੋ।
ਕਾਲ, ਕਲਪ ਕਰਿ ਪੁਰਹ ਨ ਜਾਵਦ[6]।
ਲਹੈ ਸਜਾਇ ਨਰਕ ਕੀ ਤਾਵਦ ॥੨੭॥
ਕਰੀ ਅਵੱਗਜਾ ਕੋ ਫਲ ਭਾਰੀ।
ਤਊ ਨ ਨਿਬਟੈ[1] ਬਾਕੀ ਸਾਰੀ।'

---

[1]ਪਹਿਲੇ ਗੁਰਾਂ ਦੀ।
[+]ਅੰਕ ੧੯ ਤੋਂ ਇਥੋਂ ਤਕ ਹੂਬਹੂ ਉਤਾਰਾ ਹੈ ਅੰਸੂ ੩੭ ਦੇ ਅੰਕ ੨੬ ਤੋਂ ੩੧ ਤਕ ਦਾ।
[2]ਭਾਵ, ੧੬੬੩।
[3]ਜੇਠ ਸ਼ੁਦੀ ਚੌਥ ਨੂੰ ਪ੍ਰਭੂ (ਦੇ ਹੁਕਮ) ਅਨੁਸਾਰ।
[4]ਸਜ਼ਾਵਾਂ ਦੇਣੀਆਂ।
[5]ਤਕੜੀ ਪੀੜ (ਦੇ ਕੇ)।
[6]ਕਲਪ ਦਾ ਸਮਾ ਪੂਰਾ ਨ ਹੋਵੇ ਜਦ ਤਕ।

ਸੁਨਤਿ ਪਿਰਾਣੇ ਕੇ ਬਚ ਬ੍ਰਿੰਦ।
ਤਬਿ ਰਿਸਿ ਤੇ ਸ਼੍ਰੀ ਹਰਿਗੋਵਿੰਦ ॥੨੮॥
ਫਰਕੀ ਦੋਨੋ ਬਾਹੁ ਬਿਸਾਲਾ।
ਦ੍ਰਿਗ ਜਲ ਹੋਤਿ, ਅਧਰ ਚਲ ਚਾਲਾ[2]।
ਬਦਨ ਬਿਲੋਚਨ ਲਾਲ ਕਰਾਲੇ।
ਭ੍ਰਿਕੁਟੀ ਬੰਕ ਚਾਪ ਕੀ ਢਾਲੇ[3] ॥੨੯॥
ਸਭਿ ਕੇ ਸੁਨਤਿ ਕ੍ਰੋਧ ਕਰਿ ਬੋਲੇ।
'ਕਰਹਿਂ ਕ੍ਰਿੱਤ ਪਿਤ ਆਇਸੁ ਕੋ ਲੇ।
ਜੇ ਨਹਿਂ ਚੰਦੂ ਕੋ ਹਮ ਗਹੈਂ।
ਮੁਸ਼ਕੈ ਬੰਧੀ ਜਿ ਨਾ ਜਗ ਲਹੈਂ[4] ॥੩੦॥
ਤੌ ਹਮਰੇ ਸਿਰ ਦੋਸ਼ ਬਿਸਾਲੇ।
ਚਢਹੁਂ ਜਿਨਹੁ ਫਲ ਦੁਖਦ ਕਰਾਲੇ।
ਜੇ ਨਿਤ ਵਜਸ਼ਨ ਪਰੇ ਪਰਦਾਰਾ।
ਕੈ ਪਰ ਦਰਬ ਚੋਰ ਬਟਪਾਰਾ ॥੩੧॥
ਗੁਰ ਤੇ ਬੇਮੁਖ ਕੁਟਿਲ ਕੁਚਾਲੇ।
ਕੂਰੇ ਕਾਇਰ ਕੁਮਤਿ ਕਰਾਲੇ।
ਲਗਹਿ ਦੋਸ਼ ਅਸ ਪਾਪ ਉਦਾਰਾ[5]।
ਜੇ ਨ ਕਰੌਂ ਚੰਦੂ ਮੁਖ ਕਾਰਾ ॥੩੨॥
ਮਿੱਤ੍ਰਨਿ ਦ੍ਰੋਹ ਅਕਾਰਣ ਦ੍ਰੋਹੀ[6]।
ਅਪਨਿ ਭਰੋਸੋ ਦੇ ਕਰਿ ਧ੍ਰੋਹੀ[7]।
ਪਰ ਸੰਪਤਿ ਕੋ ਦੇਖਤਿ ਜਰਨਾ[8]।
ਪਰ ਜਸੁ ਸੁਨਤਿ ਰਿਦੈ ਨਹਿਂ ਜਰਨਾ ॥੩੩॥
ਗੁਰ ਨਿੰਦਕ, ਲੋਲਪ[9] ਕੁਲ ਘਾਤੀ।
ਮਾਤ ਪਿਤਾ ਦੁਖਦਾਯਕ ਛਾਤੀ।
ਇਨ ਅਘ ਫਲ ਤੌ ਹਮ ਹੀ ਪਾਵੈਂ।

---

[1]ਨਿਬੜੇਗੀ।
[2]ਨੇਤ੍ਰਾਂ ਵਿਚ ਜਲ ਹੋ ਗਿਆ ਤੇ ਹੋਠ ਫਰਕੇ।
[3]ਧਨੁਖ ਦੀ ਤਰ੍ਹਾਂ।
[4]ਜੇ ਮੁਸ਼ਕਾਂ ਬੰਨ੍ਹੀਆਂ ਹੋਈਆਂ ਸੰਸਾਰ ਨਾ ਦੇਖੇ ਤਾਂ।
[5]ਐਸੇ ਭਾਰੀ ਪਾਪਾਂ ਦਾ ਦੋਸ਼ ਲੱਗੇ ਸਾਨੂੰ।
[6]ਮਿੱਤ੍ਰ ਨਾਲ ਧੋਖਾ ਕਰਨ ਵਾਲਾ, ਤੇ ਬਿਨਾਂ ਸਬੱਬ ਤੋਂ ਧੋਖਾ ਦੇਣ ਵਾਲਾ।
[7]ਤੇ ਭਰੋਸਾ ਦੇਕੇ ਧੋਖਾ ਕਰਨ ਵਾਲਾ।
[8]ਪਰਾਏ ਪਦਾਰਥਾਂ ਨੂੰ ਦੇਖ ਕੇ ਸੜਨ ਵਾਲਾ।
[9]ਲੋਭੀ।

ਜੇ ਨ ਚੰਦੁ ਸਿਰ ਪਨਹਿ[1] ਲਗਾਵੈਂ' ॥੩੪॥
ਇੱਤਯਾਦਿਕ ਕਹਿ ਸਭਾ ਮਝਾਰੀ।
ਪਿਤ ਪਲਟਾ ਲੈਬੇ ਇਛ ਧਾਰੀ[*]।
ਉਠ ਪੁਨ ਸੁਧਾ ਸਰੋਵਰ ਗਏ।
ਮੱਜਨ ਕਰਿ ਤਿਲਾਂਜੁਲੀ[+] ਦਏ ॥੩੫॥
ਲੌਕਿਕ ਬੈਦਕ ਜਿਤਿਕ ਬਤਾਈ।
ਪਿਤਾ ਹੇਤੁ ਸਭਿ ਕਰੀ ਗੁਸਾਈਂ।
ਹਟਿ ਕਰਿ[++] ਚਲਿ ਨਿਕੇਤ ਕਹੁ ਆਏ।
ਮਾਤ ਗੰਗ ਜਹਿਂ ਸ਼ੋਕ ਵਧਾਏ ॥੩੬॥
ਕਹਿਤ ਗੁਰੂ ਕੇ ਬਸਤ੍ਰਨਿ ਸੰਗ।
ਕਰੌਂ ਦਾਹ ਮੈਂ ਅਪਨੇ ਸੰਗ।
ਪਤਿ ਕੇ ਸੰਗ ਜਰਨਿ ਇਕ ਬਾਰੀ।
ਪਤਿ ਬਿਨ ਜਰਤਿ ਸਦਾ ਦੁਖ ਕਾਰੀ[2]' ॥੩੭॥
ਸੁਨਿ ਸ੍ਰੀ ਹਰਿਗੋਵਿੰਦ ਦੁਖਾਰੀ।
ਪਠਯੋ ਬ੍ਰਿਧ 'ਦਿਹੁ ਧੀਰਜ ਭਾਰੀ।'
ਪਰਦੇ ਅੰਦਰਿ ਮਾਤ ਬਿਠਾਇ।
ਕਹਯੋ ਬਾਕ 'ਦਿਹੁ ਸ਼ੋਕ ਮਿਟਾਇ ॥੩੮॥
ਸ੍ਰੀ ਸਤਿਗੁਰ ਜੋ ਆਇਸੁ ਕਰੀ।
ਹਮ ਤੁਮ ਕੌ ਚਹਿਯਤਿ ਸੋ ਧਰੀ।
ਹਰਿਗੁਬਿੰਦ ਅਰੁ ਨੁਖਾ ਤੁਮਾਰੀ।
ਅਲਪ ਆਰਬਲ ਲੇਹੁ ਬਿਚਾਰੀ ॥੩੯॥
ਸ੍ਰੀ ਗੁਰ ਪਾਛੇ ਸਿੱਖ ਕਦੰਬ।
ਸਭਿਹਿਨਿ ਕੇ ਤੁਮ ਅਹੋ ਅਲੰਬ।
ਜਹਿਂ ਸਿਮਰੇ ਤਹਿਂ ਹਾਜ਼ਰ ਗੁਰ ਹੈਂ।
ਤਿਨਿ ਹਿਤ ਸ਼ੋਕ ਸੋਚ ਕਯਾ ਧਰਿ ਹੈਂ ॥੪੦॥

---

[1]ਜੁੱਤੀ।
[*]ਰੌਦ੍ਰ ਰਸ ਦਾ ਕਮਾਲ ਕਵਿ ਜੀ ਨੇ ਬੱਧਾ ਹੈ। ਦੇਖੋ ਇਸੇ ਰਾਸ ਦੇ ਅੰਸੂ ੪੨ ਅੰਕ ੧੨ ਦੀ ਹੇਠਲੀ ਟੂਕ।
[+]ਐਸੇ ਵਾਕ ਅਸੀਂ ਦੱਸ ਆਏ ਹਾਂ ਕਈ ਥਾਈਂ ਕਿ ਕਵੀ ਜੀ ਆਪ ਖੰਡਨ ਕਰਦੇ ਹਨ, ਕਿ ਗੁਰੂ ਘਰ ਵਿਚ ਸਿਵਾ ਅਰਦਾਸ ਦੇ ਕੋਈ ਹੋਰ ਮਿਰਯਾਦਾ ਨਹੀਂ ਸੀ। ਦੇਖੋ ਪਿਛੇ ਰਾਸ ੨ ਅੰਸੂ ੨੪ ਅੰਕ ੪੧ ਦੀ ਹੇਠਲੀ ਟੂਕ ਤੇ ਦੇਖੋ ਅਗਲੇ ਅੰਸੂ ਦੇ ਅੰਕ ੧੨ ਤੋਂ ੨੨ ਤਕ ਤੇ ਹੇਠਲੀ ਟੂਕ ਅੰਕ ੧੩ ਦੀ।
[++]ਪਾਠਾਂਤ੍ਰ:-ਹੁਇ ਕਰ।
[2]ਪਤਿ ਦੇ ਨਾਲ ਸੜਨਾ ਤਾਂ ਇਕ ਵਾਰ (ਸੜਨਾ ਹੈ) ਪਰ ਪਤੀ ਤੋਂ ਬਿਨਾਂ (ਭਾਵ ਉਸ ਦੇ ਵਿਯੋਗ ਵਿਚ) ਸਦਾ ਦਾ ਸੜਨਾ (ਵਧੇਰੇ) ਦੁਖਦਾਈ ਹੈ।

ਤੁਮ ਬਿਨ ਸਭਿ ਕੀ ਗਤਿ ਹੈ ਕੌਨ।
ਗੁਰੁ ਤੁਮ ਤਜੇ ਆਸਰਾ ਭੌਨ[੧]।
ਅੰਤ ਸਮੇਂ ਗੁਰੁ ਆਇਸੁ ਕਹੀ।
-ਹਮ ਹਿਤ ਸ਼ੋਕ ਕਰਿਹੁ ਕੋ ਨਹੀਂ ॥੪੧॥
ਹਰਿਗੁਬਿੰਦ ਕੋ ਤਖਤ ਬਿਠਾਵੋ।
ਮੰਗਲ ਅਨਿਕ ਪ੍ਰਕਾਰ ਕਰਾਵੋ-।
ਗੁਰੁ ਆਇਸੁ ਤੇ ਕਾਰਜ ਏਹੂ।
ਤੁਮ ਬਸਿ[੨] ਕਰਨਿ ਉਚਿਤ ਲਖਿ ਲੇਹੂ ॥੪੨॥
ਗੁਰ ਪਤਿ ਕੀ ਮਰਜ਼ੀ ਬਿਨ ਜਰਨੋ।
ਨਹੀਂ ਆਪ ਕੇ ਲਾਯਕ ਬਰਨੋ।
ਸਿਮਰੋ ਨਿਸ ਦਿਨ ਠਾਨਹੁੰ ਧਯਾਨ।
ਮਿਲਹੁ ਜਾਇ ਪਤਿ ਪ੍ਰਾਨ ਨਿਦਾਨ[੩] ॥੪੩॥
ਸਮਝਿ ਪਿਖਹੁੰ ਨਹਿਂ ਬਹੁਰ ਕਹੀਜੈ।
ਸ਼ੋਕ ਸੰਤਾਪ ਤਜਾਗ ਸਭਿ ਦੀਜੈ।
ਸੁਨਿ ਬ੍ਰਿਧ ਕੇ ਬਚ ਸਜਾਨੇ ਗੰਗਾ।
ਮਾਨੇ ਸਿਰ ਧਰਿ ਜਾਨੇ ਚੰਗਾ[*] ॥੪੪॥
ਨਹਿਂ ਅਪਰਨਿ ਸਮ ਮੋ ਕਹੁ ਚਹੀਯਹਿ।
ਰੋਦਨਿ ਸ਼ੋਕ ਮੋਹ ਤੇ ਪੱਯਹਿ[੪]।
ਮੈਂ ਜਗ ਗੁਰ ਘਰਨੀ ਅਕਲੇਸ਼[੫]।
ਜਿਨ ਤੇ ਲੇਂ ਉਪਦੇਸ਼ ਅਸ਼ੇਸ਼- ॥੪੫॥
ਅਸ ਮਨ ਜਾਨਿ ਧੀਰ ਕੋ ਧਰਿ ਕੈ।
ਕਰੀ ਜਿਤਿਕ ਜਗ ਰੀਤਿ ਬਿਚਰਿਕੈ।
ਸੋ ਅਹਿਨਿਸ ਬੀਤਯੋ ਬਿਨ ਖਾਨੇ।
ਗੁਰ ਕੇ ਗੁਨ, ਅਘ ਚੰਦੁ ਬਖਾਨੇ ॥੪੬॥
ਉਚਿਤ ਜੁ ਮਹਾਂ ਸ਼ੱਤ੍ਰੁਤਾ ਕਰਿਬੇ[੬]।

---

[੧]ਗੁਰੂ ਜੀ ਨੇ ਤੁਹਾਨੂੰ ਹੀ ਘਰ ਦਾ ਆਸਰਾ ਛੱਡਿਆ ਹੈ।
[੨]ਤੁਹਾਡੇ ਅਧੀਨ।
[੩]ਪ੍ਰਾਣਾਂ ਦੇ ਅੰਤ ਹੋਇਆਂ।
[*]ਮਾਤਾ ਜੀ ਪਤਿਬ੍ਰਤ, ਨਾਮੀ ਤੇ ਗੁਰਬਾਣੀ ਦੇ ਗਜਾਤਾ ਸੇ, ਉਨ੍ਹਾਂ ਨੂੰ ਪਤਾ ਸੀ 'ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥' ਉਹਨਾਂ ਨੂੰ ਸਤੀ ਹੋਣ ਦਾ ਸੰਕਲਪ ਗੁਜ਼ਰਨਾ ਸੰਭਵ ਹੀ ਨਹੀਂ।
[੪]ਰੋਣਾਂ ਤੇ ਸ਼ੋਕ ਮੋਹ ਕਰਕੇ ਪਾਈਦਾ ਹੈ।
[੫]ਕਲੇਸ਼ ਰਹਿਤ।
[੬]ਭਾਰੀ ਵੈਰ ਕਰਨੇ ਦੇ ਜੋ ਜੋਗ ਹੈ।

ਕਹਤਿ ਚਹਿਤ ਤਿਸ ਪ੍ਰਾਨਨਿ ਹਰਿਬੇ।
ਸਭਿ ਸੰਗਤਿ ਗਨ ਗਾਰ ਨਿਕਾਰੈਂ।
'ਪਾਪ ਆਤਮਾ ਨਰਕ ਸਿਧਾਰੈ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ੍ਰੀ ਹਰਿਗੋਬਿੰਦ ਪ੍ਰਣ ਕਰਣ' ਪ੍ਰਸੰਗ ਬਰਨਨੰ ਨਾਮ ਚੱਤ੍ਵਾਰਿੰਸਤੀ ਅੰਸੂ ॥੪੦॥

੪੧. [ਦਸਤਾਰ ਬੰਦੀ]

੪੦<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੨

ਦੋਹਰਾ: ਸੁਧਿ ਖਡੂਰ ਪਹੁੰਚਾਇਕੈ, ਪੁਨ ਪਠਿ ਗੋਇੰਦਵਾਲ।
ਮਉ ਡੱਲੇ ਸੁਨਿ ਕਰਿ ਅਏ, ਧਾਰਤਿ ਸ਼ੋਕ ਬਿਸਾਲ ॥੧॥
ਚੌਪਈ: ਨਰ ਨਾਰੀ ਚਢਿ ਚਢਿ ਅਸੁਵਾਰੀ।
ਆਇ ਸੁਧਾਸਰਿ ਕੇਰਿ ਮਝਾਰੀ।
ਰੋਦਤਿ ਪਹੁੰਚਹਿਂ ਕੂਕ ਪੁਕਾਰੈਂ।
ਦੋਨਹੁੰ ਹਾਥ ਸੀਸ ਪਰ ਮਾਰੈਂ ॥੨॥
ਇਮ ਬਿਰਲਾਪਤਿ ਆਵਤਿ ਨਾਰੀ।
ਪ੍ਰਵਿਸ਼ੈ ਗੰਗਾ ਸਦਨ ਮਝਾਰੀ।
ਸ਼੍ਰੀ ਅਰਜਨ ਕੇ ਗੁਨ ਬਹੁ ਕਹੈਂ।
ਕਮਲ ਬਿਲੋਚਨ ਤੇ ਜਲ ਬਹੈ ॥੩॥
ਸਭਿਹਿਨਿ ਕੋ ਸਨਮਾਨ ਮਹਾਨ।
ਪ੍ਰਥਮ ਰਾਖਿ[1] ਪੁਨ ਕਰਹਿ ਬਖਾਨ।
ਸ਼੍ਰੀ ਗੰਗਾ ਸ਼ੁਭ ਮਤਿ ਮਹਿਂ ਸਜਾਨੀ।
'ਕਰਹੁ ਨ ਸ਼ੋਕ ਸੁਨਾਵਹੁ ਬਾਨੀ ॥੪॥
ਜਗ ਗੁਰ ਕੀ ਆਗਜਾ ਜਿਮ ਹੋਇ।
ਕੈਸੇ ਕਰਹਿਂ ਉਲੰਘਨਿ ਸੋਇ।
ਅਪਰ ਨਰਨਿ ਸਮ ਤਿਨ ਤਨ ਨਾਂਹੀ।
ਸਦਾ ਸੁਛੰਦ ਆਇੰ ਜਗ ਮਾਹੀ ॥੫॥
ਕਰਿ ਕਾਰਜ ਨਿਜ ਸਦਨ ਸਿਧਾਵੈਂ।
ਪਰ ਬਸਿ ਹੋਇ ਨ ਆਇ ਨ ਜਾਵੈਂ[2]।
ਦੁੰਦ ਲੋਕ ਆਨੰਦ ਬਿਲੰਦੈਂ।
ਸਦਾ ਮੁਕੰਦ ਦਾਸ ਨਿਜ ਬ੍ਰਿੰਦੈ ॥੬॥
ਸੁਜਸੁ ਬਿਥਾਰਿ ਚੰਦ ਮਾਨਿੰਦੈਂ।
ਜਨੁ ਸੁਖਕੰਦ ਸੁ ਪਦ ਅਰਬਿੰਦੈ[3]।
ਚੰਦੁ ਪਾਤਕੀ ਸਿਰ ਦੇ ਦੋਸ਼।
ਗਏ ਬਿਕੁੰਠ ਪਰਮ ਸੰਤੋਸ਼' ॥੭॥
ਭੱਲਜਨਿ ਤੇਹਣ ਕੁਲ ਕੀ ਦਾਰਾ।

---

[1]ਪਹਿਲੇ (ਸਤਿਕਾਰ) ਰੱਖਕੇ।
[2]ਪਰਾਏ ਵਸ ਹੋਕੇ ਨਾ ਆਉਂਦੇ ਹਨ ਨਾ ਜਾਂਦੇ ਹਨ।
[3](ਜਿਨ੍ਹਾਂ ਦੇ) ਚਰਣ ਕਮਲ ਦਾਸਾਂ ਨੂੰ ਸੁਖਕੰਦ ਹਨ।

ਸੁਨਿ ਸੁਨਿ ਸਭਿਹਿਨਿ ਸੁਜਸ ਉਚਾਰਾ।
ਮਉ ਡੱਲੇ ਕੀ ਜੇਤਿਕ ਨਾਰੀ।
ਤਿਨ ਸਨ[1] ਜਗਤ ਰੀਤਿ ਕਰਿ ਸਾਰੀ ॥੮॥
ਸਿਖ ਸਗਤਿ ਚਹੁੰ ਦਿਸ਼ਿਨਿ ਬਿਸਾਲੇ।
ਨਿਤਪ੍ਰਤਿ ਆਇ ਸੁਧਾਸਰ ਚਾਲੇ।
ਜਯੋਂ ਜਯੋਂ ਦੇਸ਼ਨਿ ਮਹਿਂ ਸੁਧਿ ਜਾਵੈ।
ਸਹਤ ਮਸੰਦਨਿ ਸੰਗਤਿ ਆਵੈ ॥੯॥
ਲੋਕ ਹਜ਼ਾਰਹੁੰ ਨਿਤ ਪਹੁੰਚੰਤੇ।
ਮਿਲਿ ਗੁਰ ਸਿਖਨਿ ਸ਼ੋਕ ਧਰੰਤੇ।
ਸ਼੍ਰੀ ਹਰਿ ਗੋਵਿੰਦ ਚੰਦ ਹਮੇਸ਼ੈਂ।
ਬੈਠਹਿਂ ਲਾਇ ਦਿਵਾਨ ਅਸ਼ੇਸ਼ੈਂ ॥੧੦॥
ਫਰਸ਼ ਬਿਸਾਲ ਪ੍ਰਥਮ ਕਰਿਵਾਵੈਂ।
ਆਇ ਆਇ ਤਹਿਂ ਬੈਠਤਿ ਜਾਵੈਂ।
ਦੇਗ ਅਤੋਟ ਹੋਤਿ ਦਿਨ ਸਾਰੇ।
ਜਬਿ ਕੋ ਚਾਹਹਿ ਕਰਹਿ ਅਹਾਰੇ ॥੧੧॥
ਮਾਨਵ ਬ੍ਰਿੰਦ ਕਾਰ ਕੋ ਕਰੈਂ।
ਅਧਿਕ ਸਮਾਜ ਨਿਤਾਪ੍ਰਤਿ ਧਰੈਂ।
ਖਰਚ ਹੋਤਿ ਕੁਛ ਗਿਨਤੀ ਨਾਂਹੀ।
ਸਰਬ ਮਸੰਦ ਕਾਰ ਨਿਰਬਾਹੀਂ ॥੧੨॥
*ਸ਼੍ਰੀ ਗੁਰ ਗ੍ਰਿੰਥ ਪਾਠ ਕਰਿਵਾਇਵ।
ਭਾਈ ਬ੍ਰਿੱਧ ਪਠਨਿ ਕੋ ਲਾਇਵ।
ਕਰਹਿਂ ਰਬਾਬੀ ਕਿਰਤਨ ਘਨੇ।
ਕਬਿ ਸਿਖ ਗਾਇਂ ਜਿ ਰਾਗੀ ਬਨੇ ॥੧੩॥
ਭਜਨ ਅਖੰਡ ਪ੍ਰਵਾਹ ਬਹੰਤਾ।
ਹੁਇ ਜੀਵਨਿ ਕੱਲਜਾਨ ਸੁਨੰਤਾ।
ਤ੍ਰੌਦਸ਼ ਦਿਨ ਇਸ ਬਿਧਿ ਜਬਿ ਭਯੋ।
ਪਢ੍ਯੋ ਸੁ ਗ੍ਰਿੰਥ ਅੰਤਿ ਲੌ ਅਯੋ[2] ॥੧੪॥
ਜਗਤ ਰੀਤਿ ਕੇ ਹੇਤੁ ਗੁਸਾਈ।

---

[1]ਸਮੇਤ।
*ਏਥੋਂ ਅਗੇ ਹੁਣ ਕਵੀ ਜੀ ਆਪ ਗੁਰੂ ਜੀ ਦੇ ਨਮਿੱਤ ਜੋ ਸੰਸਕਾਰ ਹੋਇਆ ਨਿਰੂਪਣ ਕਰਦੇ ਹਨ, ਜੋ ਸਾਰੀ ਗੁਰ ਮਿਰਯਾਦਾ ਹੈ।
[2]ਭੋਗ ਤਕ ਆਇਆ।

ਸੰਗਤਿ ਤਹਿਂ ਬੁਲਾਇ ਸਮੁਦਾਈ।
ਰਾਮਦਾਸ ਪੁਰਿ ਪੈਂਚ ਸੁ ਨੀਕੇ।
ਕਰੇ ਹਕਾਰਨਿ ਅਪਨਿ ਨਜੀਕੇ ॥੧੫॥
ਘਨੋ ਕਰਯੋ ਪੰਚਾਂਮ੍ਰਿਤ ਤਬੈ।
ਆਨਯੋ ਤੂਰਨਿ ਤਹਿਂ ਤੇ ਸਬੈ।
ਨੀਕੀ ਪੰਗਤਿ ਸਭਾ ਮਝਾਰਾ।
ਬ੍ਰਿੱਧ ਗ੍ਰਿੰਥ ਕੋ ਅੰਤ ਉਚਾਰਾ ॥੧੬॥
ਖਰੇ ਹੋਇ ਗੁਰਦਾਸ ਨਿਹੁਰਤਾ[1]।
ਚਾਮਰ ਚਾਰੂ ਢੋਰਨਿ ਕਰਤਾ।
ਜਬਹੁਂ ਗ੍ਰਿੰਥ ਕੋ ਪਾਯਹੁ ਭੋਗ।
ਸੀਸ ਨਿਵਾਯਹੁ ਸਗਰੇ ਲੋਗ ॥੧੭॥
ਪੁਨ ਰੁਮਾਲ ਕੋ ਊਪਰਿ ਪਾਏ।
ਰਾਗੀ ਤਬਹਿ ਸ਼ਬਦ ਕੋ ਗਾਏ।
ਪਢਿ ਅਨੰਦ ਲੌ ਕਰਿ ਅਰਦਾਸ।
ਹਰਿ ਗੋਬਿੰਦ ਲੇ ਪੋਸ਼ਿਸ਼ ਪਾਸ ॥੧੮॥
ਰੇਸ਼ਮ ਜ਼ਰੀ ਸਮੇਤ ਦੁਸ਼ਾਲੇ।
ਸਭਿ ਅਪਨੇ ਤਬਿ ਹਾਥ ਉਠਾਲੇ।
ਸਾਹਿਬ ਬੁੱਢੇ ਕੋ ਤਬਿ ਦਈ।
ਸੁੰਦਰ ਸਕਲ ਪਹਿਰ ਤਨ ਲਈ ॥੧੯॥
ਰੀਤਿ ਚਲਾਵਨਿ ਜਗਤ ਮਝਾਰਾ[*]।
ਕੀਨੋ ਸਭਿ ਬਿਧਿ ਕੋ ਬਰਤਾਰਾ।
ਅਪਰ ਸਿੱਖ ਪ੍ਰੀਤਮ ਗੁਰ ਬਾਨੀ।
ਦੀਨੀ ਪੋਸ਼ਿਸ਼ ਚਾਰੁ ਮਹਾਨੀ ॥੨੦॥
ਰਾਗੀ ਅਪਰ ਰਬਾਬੀ ਸਾਰੇ।
ਸੋ ਪੋਸ਼ਿਸ਼ ਲੇ ਕਰਿ ਤਨ ਧਾਰੇ।
ਦਰਬ ਬ੍ਰਿੰਦ ਦੀਨਿਸਿ ਤਿਸ ਕਾਲਾ।
ਕਰੀ ਜਥਾਵਤਿ ਰੀਤਿ ਬਿਸਾਲਾ ॥੨੧॥
ਪੁਨ ਪੰਚਾਮ੍ਰਿਤ ਕੋ ਬਰਤਾਯੋ।
ਭਾਉ ਸਹਤ ਲੇ ਸੰਗਤਿ ਖਾਯੋ।

---

[1]ਬੇਨਤੀ ਭਾਵ ਅਰਦਾਸ ਕੀਤੀ।

[*]ਗੁਰਮਤ ਦੀ ਰੀਤ ਚਲਾਈ। ਸਿੰਘ ਸਭਾ ਬਣਨ ਤੋਂ ਪੰਜਾਹ ਸਠ ਬਰਸ ਪਹਿਲਾਂ ਕਵਿ ਜੀ ਇਹ ਲਿਖ ਰਹੇ ਹਨ।

ਇਮ ਸਭਿ ਕਰਿ ਕੈ ਚਾਲਿ ਭਲੇਰੀ।
ਸਤਿਗੁਰ ਪਿਤ ਹਿਤ ਜੋ ਤਬਿ ਹੇਰੀ ॥੨੨॥
ਬਹੁਰੋ ਬੰਧਨ ਕੋ ਦਸਤਾਰ[੧]।
ਹਿਤ ਉਤਸਵ ਕੇ ਲਿਏ ਹਕਾਰ।
ਮੁਹਰੀ ਆਦਿਕ ਭੱਲੇ ਆਏ।
ਦਾਤੂ ਅੰਗਦ ਨੰਦ ਸੁਹਾਏ ॥੨੩॥
ਬਹੁ ਸੰਗਤਿ ਕੋ ਲਗਯੋ ਦਿਵਾਨ।
ਸੁਨਿ ਸੁਨਿ ਸੁਧਿ ਬੈਠਹਿਂ ਬਿਚ ਆਨਿ।
ਸਾਲੋ ਆਦਿਕ ਬ੍ਰਿੰਦ ਮਸੰਦ।
ਚਲਿ ਪਹੁੰਚੇ ਤਬਿ ਧਨੀ ਬਿਲੰਦ ॥੨੪॥
ਪ੍ਰਜਾ ਜਿਤਿਕ ਪੁਰਿ ਬਸਨੇਹਾਰੀ।
ਆਇ ਸਭਿਨਿ ਅਭਿਬੰਦਨ ਧਾਰੀ।
ਜਬਹੁੰ ਸਕੇਲ ਮੇਲ ਬਡਿ ਹੋਵਾ।
ਭਿੰਨਹਿ ਭਿੰਨ ਮਸੰਦਨਿ ਜੋਵਾ ॥੨੫॥
ਸੇਲੀ ਮਾਲਾ ਮੰਜੀ ਲਯਾਇ।
ਆਗੇ ਧਰੀ ਗੁਰੂ ਕੇ ਆਇ।
ਸਭਿ ਕੇ ਲਗੇ ਬਿਲੋਚਨ ਐਸੇ।
ਚੰਦ ਚਕੋਰਹਿਂ ਚਿਤਵਤਿ ਜੈਸੇ ॥੨੬॥
ਸ਼੍ਰੀ ਹਰਿਗੋਵਿੰਦ ਚੰਦ ਅਨੰਦੇ।
ਤਿਨ ਪਿਖਿ ਮੁਸਕਾਵਤਿ ਮੰਦ ਮੰਦੇ।
ਬੁੱਢਾ ਸਨਮੁਖ ਥਿਰਯੋ ਨਿਹਾਰਾ।
ਸਭਿ ਸੁਨਾਇ ਤਿਹ ਸੰਗ ਉਚਾਰਾ ॥੨੭॥
'ਇਹ ਮਸੰਦ ਅਬਿ ਕਜਾ ਲੇ ਆਏ?
ਅਜਹੁੰ ਨ ਜਾਨਹਿਂ ਸਹਿਜ ਸੁਭਾਏ।
ਅਬਿ ਇਨ ਧਾਰਨਿ ਨਹਿਂ ਅਧਿਕਾਰਾ।
ਸ਼ਾਂਤ ਸਰੂਪ ਜਥਾ ਗੁਰ ਧਾਰਾ ॥੨੮॥
ਤੁਰਕ ਰਾਜ ਭਏ ਦੁਸ਼ਟ ਬਿਸਾਲੇ।
ਕਜਾ ਕੀਨਹੁ ਸਤਿਗੁਰ ਪਿਤ ਨਾਲੇ।
ਲਿਯੋ ਚਹਹਿਂ ਪਲਟਾ ਤਤਕਾਲਾ[+]।
ਬਿਨਾ ਸ਼ਸਤ੍ਰ ਕਯੋਂ ਕਰਮ ਕਰਾਲਾ[੧] ॥੨੯॥

---

[੧]ਦਸਤਾਰ ਬੰਦੀ ਲਈ।
[+]ਦੇਖੋ ਇਸੇ ਰਾਸ ਦੇ ਅੰਸੂ ੪੨ ਅੰਕ ੧੨ ਦੀ ਹੇਠਲੀ ਟੂਕ।

ਸੰਤਨਿ ਕੇਰਿ ਬਿਰੋਧੀ ਮਾਰੌਂ।
ਗਹੌਂ ਸ਼ਸਤ੍ਰ, ਨਹਿਂ ਮਾਲਾ ਧਾਰੌਂ।
ਪ੍ਰਥਮ ਹੁਤੇ ਛੱਤ੍ਰੀ ਮਹਿਪਾਲਾ[*]।
ਆਯੁਧ ਕੋ ਅੱਭਯਾਸ ਬਿਸਾਲਾ ॥੩੦॥
ਤਜਯੋ ਜਬਹਿ ਸ਼ਸਤ੍ਰਨਿ ਅੱਭਯਾਸ।
ਲੀਨੋ ਤੁਰਕ[੨] ਰਾਜ ਨਿਜ ਪਾਸ।
ਦੇਸ਼ ਬਿਦੇਸ਼ ਜੀਤ ਕਰਿ ਲੀਨੇ।
ਸ਼ਸਤ੍ਰਨਿ ਬਲ ਨਹਿਂ ਅਟਕਨਿ ਦੀਨੇ ॥੩੧॥
ਅਬਿ ਨਿਜ ਸਿੱਖਨਿ ਸ਼ਸਤ੍ਰ ਗਹਾਵੈਂ।
ਬਿੱਦਯਾ ਕਰਿ ਅੱਭਯਾਸਹਿਂ ਪਾਵੈਂ।
ਸੰਘਰ ਘੋਰ ਕਰਹਿਂ, ਅਰਿ ਘਾਵੈਂ।
ਗੁਰ ਸਹਾਇ ਬਡ ਰਾਜ ਕਮਾਵੈਂ' ॥੩੨॥
ਸੁਨਿ ਬੋਲਯੋ ਬੁੱਢਾ ਕਰਿ ਜੋਰਿ।
'ਗੁਰ ਮਰਜੀ ਬਿਨ ਬਨਹਿ ਨ ਹੋਰਿ।
ਪੰਚ ਗੁਰੂ ਆਗੇ ਜਗ ਭਏ।
ਜਥਾ ਰੀਤਿ ਪੂਰਬ ਨਿਰਮਏ[੩] ॥੩੩॥
ਤਥਾ ਮਸੰਦ ਆਪ ਢਿਗ ਲਯਾਏ।
ਕਰਹੁ ਆਪ ਜੈਸੇ ਮਨ ਭਾਏ।
ਨਈ ਰੀਤਿ ਜੇ ਕਰਹੁ ਚਲਾਵਨਿ।
ਧਰਹੁ ਸ਼ਸਤ੍ਰ ਗਨ ਦੁਸ਼ਟਨਿ ਘਾਵਨਿ ॥੩੪॥
ਜਿਮ ਰਾਵਰ ਕੀ ਮਰਜ਼ੀ ਹੋਇ।
ਮਾਨਹਿ ਤਿਮ ਨੀਕੀ ਸਭਿ ਕੋਇ।'
ਸੁਨਿ ਬ੍ਰਿੱਧ ਤੇ ਸਤਿਗੁਰ ਮੁਸਕਾਏ।
ਸੇਲੀ ਮਾਲ ਮਸੰਦ ਜੁ ਲਯਾਏ ॥੩੫॥
ਦ੍ਵੈ ਕਰ ਬੰਦਿ ਬੰਦਨਾ ਕਰੀ।
ਕਹਯੋ 'ਕੋਸ਼ ਮਹਿਂ ਦਿਹੁ ਇਨ ਧਰੀ।'
ਕੋਸ਼ਪ[੪] ਹੁਕਮ ਮਾਨਿ ਗੁਰ ਕੇਰਾ।

---

[੧]ਕਰੜਾ ਕਰਮ ਕਿਵੇਂ ਹੋ ਸਕਦਾ ਹੈ।
[*]ਪਹਿਲੇ ਸਮੇਂ ਛੱਤ੍ਰੀਆਂ ਰਾਜਿਆਂ ਵਿਚ ਹੀ ਬ੍ਰਹਮ ਵਿਦਜਾ ਹੁੰਦੀ ਸੀ, ਜੈਸੇ ਉਪਨਿਖਦਾਂ ਤੋਂ ਪਤਾ ਚੱਲਦਾ ਹੈ, ਇਸ ਗੱਲ ਵਲ ਇਸ਼ਾਰਾ ਹੈ।
[੨]ਤੁਰਕਾਂ ਨੇ।
[੩]ਪਹਿਲਾਂ ਪ੍ਰਗਟ ਕੀਤੀ।
[੪]ਖਜ਼ਾਨਚੀ ਨੇ।

ਆਗੇ ਤੇ ਉਠਾਇ ਤਿਸ ਬੇਰਾ ॥੩੬॥
ਤੋਸ਼ੇ ਖਾਨੇ ਮਹਿਂ ਤਬਿ ਧਰੀ।
ਉਠਿ ਅਰਦਾਸ ਬ੍ਰਿੱਧ ਪੁਨ ਕਰੀ।
ਪਾਂਚਹੁ ਸਤਿਗੁਰ ਕੇ ਲੇ ਨਾਮ।
ਪਾਗ ਲੀਨਿ ਕਰ ਮਹਿਂ ਅਭਿਰਾਮ ॥੩੭॥
ਜਿਸ ਕੇ ਛੋਰਨਿ[1] ਜ਼ਰੀ ਬਿਸਾਲ।
ਚਮਕਤਿ ਬਹੁ ਸੁਖਮਾ[2] ਕੇ ਨਾਲ।
ਸੂਖਮ ਸੂਤ ਅਧਿਕ ਜਿਸ ਕੇਰਾ।
ਸ੍ਰੀ ਹਰਿਗੋਵਿੰਦ ਕੋ ਤਿਸ ਬੇਰਾ ॥੩੮॥
ਪ੍ਰਥਮ ਬ੍ਰਿੱਧ ਬੰਧਵਾਵਨਿ ਕੀਨਿ।
ਸ਼ੋਭਾ ਗੁਰ ਕੀ ਹੋਤਿ ਨਵੀਨ।
ਪੁਨ ਮੁਹਰੀ ਦੇ ਬਹੁ ਧਨ ਸਾਥ।
ਅਰਪੀ ਪਾਗ ਦਾਤੁ ਲੇ ਹਾਥਿ ॥੩੯॥
ਅਪਰ ਕਹਾਂ ਲਗਿ ਕਹਹਿਂ ਬਨਾਈ।
ਪੁਰਿ ਕੇ ਪੈਂਚ ਮਸੰਦ ਸਮੁਦਾਈ।
ਸਰਬ ਅਰਪਨਾ ਕਰਹਿਂ ਅਗਾਰੀ।
ਧਨ ਦਸਤਾਰ ਲਜਾਇ ਨਰ ਝਾਰੀ ॥੪੦॥
ਸੁੰਦਰ ਬਾਜਿ ਉਠੇ ਸ਼ਦਿਯਾਨੇ।
ਸਭਿ ਕੇ ਉਪਜਤਿ ਅਨੰਦ ਮਹਾਨੇ।
ਮੰਗਲ ਸਿਰਜੇ ਬਿਬਿਧਿ ਪ੍ਰਕਾਰੀ।
ਨਵੋਂ ਨਿਸ਼ਾਨ ਝੁਲਤਿ ਦੁਤਿ ਭਾਰੀ[+] ॥੪੧॥
ਮੰਗਤਿ ਜਨ ਕੋ ਦਰਬ ਘਨੇਰਾ।
ਦਿਯੋ ਦਾਨ ਸਤਿਗੁਰੁ ਤਿਸ ਬੇਰਾ।
ਸ਼ੋਕ ਬਿਸਾਰਿ ਦੀਨ ਸਭਿ ਲੋਕਨਿ।
ਸ੍ਰੀ ਹਰਿਗੋਵਿੰਦ ਕਰਹਿਂ ਬਿਲੋਕਨਿ ॥੪੨॥
ਸਭਿ ਮਸੰਦ ਮਿਲਿ ਕੈ ਚਲਿ ਗਏ।
ਸ੍ਰੀ ਗੰਗਾ ਕੋ ਬੰਦਨ ਕਿਏ।
ਦੇ ਆਸ਼ਿਖ ਸਾਦਰ ਬੈਠਾਏ।
ਪੁੱਤ੍ਰ ਸਮਾਨ ਜਾਨਿ ਸਮੁਦਾਏ ॥੪੩॥

---

[1]ਜਿਸ ਦੇ ਪੱਲਿਆਂ ਨੂੰ।
[2]ਸ਼ੋਭਾ।
[+]ਪਾ:-ਦਰਬਾਰੀ।

ਸਭਿਨਿ ਜੋਰਿ ਕਰ ਅਰਜ਼ ਗੁਜ਼ਾਰੀ।
'ਸੁਨਹੁ ਮਾਤ ਜੀ! ਕਰਹੁ ਬਿਚਾਰੀ।
ਤੁਰਕਨਿ ਰਾਜ ਤੇਜ ਅਤਿ ਤਪੈ।
ਇਨ ਸਨ ਬਿਗਰ, ਕਹਾਂ ਕੋ ਛਪੈ ॥੪੪॥
ਚੱਕ੍ਰਵਰਤਿ ਸਮ ਫਿਰਹਿ ਦੁਹਾਈ।
ਇਕ ਇਹ ਲਖਹੁ ਅਧਿਕ ਦੁਖਦਾਈ।
ਦੁਤੀਏ ਖੱਤ੍ਰੀ ਚੰਦੂ ਦਿਵਾਨ।
ਸਤਿਗੁਰ ਅਰਜੁਨ ਜਿਸ ਘਰ ਹਾਨਿ[1] ॥੪੫॥
ਦੁਸ਼ਮਨ ਦੀਰਘ ਦੁਸ਼ਟ ਸਦੋਸ਼।
ਕਰਹਿ ਬੈਰ ਪਾਪੀ ਅਤਿ ਰੋਸ।
ਨਹਿਂ ਕਿਸ ਕੋ ਜਿਸ ਕੇ ਉਰ ਤ੍ਰਾਸ[2]।
ਮਨ ਭਾਵਤਿ ਕੋ ਕਰਹਿ ਪ੍ਰਕਾਸ਼ ॥੪੬॥
ਲੋਕ ਹਜ਼ਾਰੋਂ ਨਿਤ ਅਨੁਸਾਰੀ।
ਸ਼ਾਹੁ ਸਮੀਪੀ ਤੇ ਬਲ ਭਾਰੀ।
ਕਰੀ ਪ੍ਰਤੱਗਜਾ ਤਿਸ ਕੋ ਮਾਰਨਿ।
ਸਭਿ ਮਹਿਂ ਕੀਨੀ ਸਪਥ ਉਚਾਰਨਿ ॥੪੭॥
ਸੋ ਸੁਨਿ ਬੈਰ ਬਧਾਵਹਿ ਪਾਪੀ।
ਬਿਘਨ ਕਰਹਿ ਕੋ ਬਡ ਸੰਤਾਪੀ।
ਸਾਹਿਬਜ਼ਾਦੇ ਕੀ ਬਯ ਬਾਲ।
ਸ਼ਸਤ੍ਰ ਧਰਨਿ ਕੇ ਪਰੇ ਸੁ ਖਜਾਲ ॥੪੮॥
ਚਮੂੰ ਨ ਪਾਸ ਲਰਹਿਂ ਰਣ ਕੈਸੇ।
ਰਾਜ ਹੀਨ ਤੇ ਸੈਨ ਨ ਐਸੇ।
ਮੁਲਖ ਨਹੀਂ ਧਨ ਜਹਿਂ ਤੇ ਆਵੈ।
ਕਿਮ ਬਲੀਯਨਿ ਸੰਗ ਜੰਗ ਮਚਾਵੈਂ ॥੪੯॥
ਖਿਝਹਿ ਤੁਰਕਪਤਿ ਸੁਨਿ ਅਸ ਬਾਤੀ।
ਚਾਰੀ ਕਰਹਿ ਜਰਹਿ ਜਿਸ ਛਾਤੀ।
ਸ਼ਾਹੁ ਦਿਵਾਨ ਦੁਊ ਬਲ ਭਾਰੀ[3]।
ਫਿਰਹਿ ਦੁਹਾਈ ਅਵਨਿ ਮਝਾਰੀ ॥੫੦॥
ਦੋਨਹੁਂ ਕੇ ਬਿਗਰੇ ਕਿਸ ਦੇਸ਼।

---

[1]ਜਿਸਦੇ ਘਰ ਸਰੀਰ ਤਿਆਗਿਆ।
[2]ਜਿਸ (ਚੰਦੂ) ਦੇ ਦਿਲ ਵਿਚ ਕਿਸੇ ਦਾ ਭੈ ਨਹੀਂ।
[3]ਪਾਤਸ਼ਾਹ ਤੇ ਚੰਦੂ ਦੋਵੇਂ ਭਾਰੀ ਬਲੀ ਹਨ।

ਬਸਹਿਂ ਜਾਇ ਕਰਿ, ਲਖਿਯ ਨ ਲੇਸ਼।
ਹਮ ਸਭਿ ਸੁਨਿ ਕਰਿ ਧਰਿ ਮੁਖ ਮੌਨ।
ਨਹਿਂ ਕੁਛ ਬੋਲੇ ਸਨਮੁਖ ਤੌਨ[1] ॥੫੧॥
ਰਾਵਰ ਕੇ ਸਮੀਪ ਜਬਿ ਆਵੈਂ।
ਮਨ ਪ੍ਰਸੰਨ ਤੇ ਬਾਕ ਸੁਨਾਵੈਂ।
ਤਬਿ ਤੁਮ ਬੂਝਹੁ ਦਿਹੁ ਸਮੁਝਾਇ।
-ਸੁਖ ਜੁਤ ਥਿਤਿ, ਨ ਉਪਾਧਿ ਉਠਾਇ ॥੫੨॥
ਦੇਖਹੁ ਸ਼੍ਰੀ ਅਰਜਨ ਕੀ ਗਾਥਾ।
ਚਲਯੋ ਨ ਬਸਿ ਹੁਕਮੀਯਨਿ ਸਾਥਾ[2]।
ਪ੍ਰਥਮ ਗੁਰਨਿ ਕੀ ਰੀਤਿ ਸੰਭਾਰਹੁ।
ਅਪਨੇ ਸੇਵਕ ਸਿੱਖ ਉਧਾਰਹੁ-' ॥੫੩॥

ਦੋਹਰਾ: ਸੁਨਿ ਸ਼੍ਰੀ ਗੰਗਾ ਨੇ ਕਹਯੋ,
'ਕਹਨਿ ਬਨਹਿ ਤਿਨ ਸਾਥਿ।
ਕਰਾਮਾਤ ਸਾਹਿਬ ਬਲੀ,
ਅਪਰ ਨ ਬਸ ਕੀ ਗਾਥ[3] ॥੫੪॥
ਸੋ ਮੈਂ ਬੂਝਨਿ ਕਰਿ ਭਲੇ,
ਮ੍ਰਿਦੁਤਾ ਜੁਤਿ ਸਮੁਝਾਇ।
ਬਰਜੌਂ ਬਰਜੇ ਜੇ ਰਹੇ,
ਬਰ ਜੇ ਮਨ ਮੇ ਆਇ[4]' ॥੫੫॥
ਸੁਨਿ ਮਸੰਦ ਠਾਂਢੇ ਭਏ,
ਮਸਤਕ ਟੇਕਿ ਸਿਧਾਇ।
ਸ਼੍ਰੀ ਗੰਗਾ ਚਿਤਵਤਿ ਗੁਰਨਿ,
ਦ੍ਰਿਗ ਜਲ ਝਲਕਯੋ ਆਇ ॥੫੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਪਾਗ ਬੰਧਾਵਨਿ' ਪ੍ਰਸੰਗ ਬਰਨਨੰ ਨਾਮ ਏਕ ਚਤ੍ਵਾਰਿੰਸਤੀ ਅੰਸੂ ॥੪੧॥

---

[1]ਤਿਨ੍ਹਾਂ ਦੇ।
[2]ਪਾਤਸ਼ਾਹਾਂ ਨਾਲ, ਹਾਕਮਾਂ ਨਾਲ।
[3]ਹੋਰ (ਸਾਡੇ) ਵੱਸ ਦੀ ਕੋਈ ਗੱਲ ਨਹੀਂ।
[4]ਰੋਕਾਂਗੀ ਜੇ ਟੋਕੇ ਰਹੇ, (ਭਲਾ ਜੇ) ਮਨ ਵਿਚ ਚੰਗੀ (ਗੱਲ) ਆ ਜਾਵੇ ਨੇ।

੪੨. [ਅਕਾਲ ਬੁੰਗਾ ਰਚਿਆ]

੪੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੩

ਦੋਹਰਾ: ਵਹਿਰ ਅਨੰਦ ਬਿਲੰਦ ਕਰਿ, ਸ੍ਰੀ ਹਰਿਗੋਬਿੰਦ ਚੰਦ।
ਸੁੰਦਰ ਮੰਦਿਰ ਕੋ ਗਏ, ਮੁਖ ਮਨਿੰਦ ਅਰਬਿੰਦ ॥੧॥
ਚੌਪਈ: ਜਨਨੀ ਕੋ ਪਿਖਿ ਮਸਤਕ ਟੇਕਾ।
ਨਿਕਟਿ ਬੈਠਿ ਗੇ ਜਲਧਿ ਬਿਬੇਕਾ।
ਕਰਿ ਦੁਲਾਰ ਗੰਗਾ ਕਰ ਫੇਰਾ।
ਰਿਦੇ ਸਨੇਹ ਅਛੇਹ ਵਡੇਰਾ ॥੨॥
'ਹੇ ਸੁਤ! ਅਬਿ ਅਲੰਬ ਸਭਿ ਕੇਰੇ।
ਸਿਖ ਸੰਗਤਿ ਹਮ ਤੁਮ ਦਿਸ਼ ਹੇਰੇ।
ਨਹੀਂ ਆਪ ਗਰ ਸੇਲੀ ਮੇਲੀ[1]।
ਰੀਤਿ ਬਡਿਨ ਕੀ ਕਯੋਂ ਕਰਿ ਪੇਲੀ[2] ॥੩॥
ਚੰਦੂ ਪਾਤਕੀ ਅਧਿਕ ਬਿਰੋਧੀ।
ਕੁਟਿਲ ਕੁਚਾਲੀ ਕਲਹੀ ਕ੍ਰੋਧੀ।
ਤਿਸ ਹਤਿਬੇ ਪ੍ਰਣ ਕੀਨਿ ਸੁਨਾਵਨਿ।
ਸਕਲ ਜਗਤ ਕੀਨਸਿ ਬਿਦਤਾਵਨਿ ॥੪॥
ਤੁਰਕ ਤੇਜ ਅਬਿ ਤਪਹਿ ਮਹਾਨ।
ਮਹਾਂ ਬਲੀ ਲਖਿ ਬਨਯੋ ਦਿਵਾਨ।
ਮੁਸ਼ਕਲ ਮਹਾਂ ਹਤਨਿ ਸੋ ਪਾਪੀ।
ਕਰੀ ਸ਼ੀਘ੍ਰਤਾ ਪ੍ਰਣ ਮਹਿਂ ਆਪੀ ॥੫॥
ਮੁਖ ਤੇ ਕਹਹੁ -ਸ਼ਸਤ੍ਰ ਹਮ ਧਾਰੈਂ।
ਗੁਰੂ ਪਿਤਾ ਕੋ ਬੈਰ ਸੰਭਾਰੈਂ-।
ਅਪਨੇ ਘਰ ਮਹਿਂ ਸੁਭਟ ਨ ਏਕ।
ਕਿਮ ਰਣ ਕਰਿਬੇ ਧਰਹੁ ਬਿਬੇਕ[3]' ॥੬॥
ਸੁਨਿ ਗੰਗਾ ਤੇ ਸਤਿਗੁਰ ਬੋਲੇ।
'ਹਤੌਂ ਪਾਤਕੀ, ਪ੍ਰਣ ਨਹਿਂ ਡੋਲੇ।
ਜਿਸ ਨਰ ਪਿਤ ਕੋ ਬੈਰ ਨ ਲੀਯੋ।
ਕਯੋਂ ਜਨਮਯੋ ਜਗ ਕਾਯਰ ਹੀਯੋ[4] ॥੭॥
ਆਯੁਧ ਧਰੌਂ ਚਮੂੰ ਬਡ ਕਰੌਂ।

---

[1]ਆਪ ਨੇ ਗਲ ਵਿਚ ਸੇਲੀ ਨਹੀਂ ਪਾਈ।
[2]ਹਟਾਈ।
[3]ਵਿਚਾਰ।
[4]ਗੀਦੀ ਹਿਰਦਾ।

ਰਿਪੁ ਸਨ ਲਰੌਂ ਪ੍ਰਾਨ ਤਿਨ ਹਰੌਂ।
ਸ਼੍ਰੀ ਨਾਨਕ ਨਿਤ ਬਨਹਿਂ ਸਹਾਈ।
ਹਤੌਂ ਤੁਰਕ ਰਣ ਮਹਿਂ ਸਮੁਦਾਈ ॥੮॥
ਪੁਨ ਪਿਤ ਸਤਿਗੁਰ ਆਇਸੁ ਕਹੀ।
ਪਲਟਾ ਲੇਉਂ ਤਜੌਂ ਰਿਪੁ ਨਹੀਂ।
ਸੇਲੀ ਮੇਲਨਿ ਕੋ ਨਹਿਂ ਕਾਲਾ।
ਮੈਂ ਕਰਿਹੌਂ ਸੰਗ੍ਰਾਮ ਬਿਸਾਲਾ ॥੯॥
ਨਹਿਂ ਚਿੰਤਾ ਚਿਤ ਕੀਜਹਿ ਮਾਈ!
ਹਮਰੇ ਪੁਰਖ ਅਕਾਲ ਸਹਾਈ।
ਰਿਦੇ ਅਲਪ ਜੇ ਅਹੈਂ ਮਸੰਦ।
ਸੁਨਿ ਰਣ ਕੋ ਡਰ ਧਰਹਿਂ ਬਿਲੰਦ ॥੧੦॥
ਮੈਂ ਪਰਬਤ ਕੋ ਗਰਦ ਮਿਲਾਵੌਂ।
ਰਜ ਕਨ ਕੋ ਸਮ ਮੇਰੁ[1] ਬਨਾਵੌਂ।
ਸੰਤ ਬਨੇ ਪਰਤਾਪ ਨ ਜਨੈ[2]।
ਹਤੋਂ ਸ਼ੱਤ੍ਰੁ ਮੈਂ ਬਨਿ ਸਵਧਾਨੈ ॥੧੧॥
ਜਬਿ ਲਗਿ ਚੰਦੂ ਦੁਸ਼ਟ ਨ ਮਾਰੌਂ।
ਤਬਿ ਲਗਿ ਰਿਦੇ ਨ ਸ਼ਾਤੀ ਧਾਰੌਂ।' {ਵਿਸ਼ੇਸ਼ ਟੂਕ}
ਸੁਨਿ ਬਲ ਜੁਕਤਿ ਪੁੱਤ੍ਰ ਕੇ ਬੈਨ।
ਗੰਗਾ ਧਰੀ ਰਿਦੇ ਤਬਿ ਚੈਨ ॥੧੨॥
-ਇਨ ਕੋ ਕਜਾ ਸਮੁਝਾਵਨਿ ਬਨੈ।
ਭੂਤ ਭਵਿੱਖਜਤਿ ਜੇ ਲਖਿ ਮਨੈ-।
ਖਾਨ ਪਾਨ ਕਰਿ ਪੁਨ ਸੁਪਤਾਏ।
ਉਠਿ ਪ੍ਰਾਤੀ ਜਲ ਬਿਮਲ ਨਹਾਏ ॥੧੩॥
ਬ੍ਰਿਧ ਕੇ ਸੰਮਤ[3] ਸਤਿਗੁਰ ਹੋਇ।
ਆਇ ਸੁਧਾਸਰ ਦਿਸ਼ਿ ਸਭਿ ਕੋਇ।
ਸ਼੍ਰੀ ਹਰਿ ਮੰਦਰ ਬੰਦਨ ਕਰੇ।
ਚਤੁਰ ਪ੍ਰਦੱਛਨ ਕੇ ਹਿਤ ਫਿਰੇ ॥੧੪॥
ਬਹੁਰੋ ਆਇ ਦਰਸ਼ਨੀ ਪੌਰ।
ਪਿਖਿ ਅਕਾਲ ਬੁੰਗੇ ਕੀ ਠੌਰ।

---

[1]ਧੂੜੀ ਦੇ ਕਿਣਕੇ ਨੂੰ ਮੇਰ ਪਰਬਤ ਤੁੱਲ।
[2]ਸੰਤ ਬਣੇ ਦਾ ਪ੍ਰਤਾਪ ਨਹੀਂ ਜਾਣਦੇ (ਦੁਸ਼ਟ ਲੋਕ)।
[3]ਸਲਾਹ ਮੇਲਕੇ।

ਆਇਸੁ ਦਈ 'ਸੁਥਲ ਸੁਧਰਾਵਹੁ।
ਹਿਤ ਬੈਠਨਿ ਕੇ ਚਾਰੁ ਬਨਾਵਹੁ' ॥੧੫॥
ਪ੍ਰਥਮ ਆਪਨੇ ਲੇ ਕਰਿ ਹਾਥ।
ਧਰੀ ਈਂਟ ਬਲ ਤੇਜ ਕਿ ਸਾਥ।
ਕਹ੍ਯੋ 'ਕੁਛਕ ਊਚਾ ਥਲ ਕਰੋ।
ਜਹਿਂ ਲਗਿ ਪੌਰ ਏਕ ਸਮ ਧਰੋ[1]' ॥੧੬॥
ਬਹੁਰ ਹੁਕਮ ਕੀਨਿਸਿ ਫੁਰਮਾਵਨਿ।
'ਕਰਹੁ ਹੁਕਮਨਾਮੇ ਲਿਖਵਾਵਨਿ।
ਚਹੁਂਦਿਸ਼ਿ ਮਹਿਂ ਮਸੰਦ ਜਹਿਂ ਭਾਰੀ।
ਤਿਨ ਪਰ ਆਇਸੁ ਲਿਖਹੁ ਹਮਾਰੀ ॥੧੭॥
ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ।
ਹੁਇ ਖੁਸ਼ੀ ਗੁਰ ਕੀ ਸੁਖ ਸੰਗਾ।
ਸਭਿ ਆਵੈਂ ਦਰਸ਼ਨ ਹਿਤ ਕਰਿਬੇ।
ਲ੍ਯਾਇਂ ਅਕੋਰ ਬਿਲਮ ਨਹਿਂ ਧਰਿਬੇ' ॥੧੮॥
ਸੁਨਤਿ ਲਿਖਾਰੀ ਕਾਗਦ ਲਿਖੇ।
ਇਸ ਬਿਧਿ ਹੁਕਮ ਭਯੋ ਤਿਸ ਬਿਖੇ[2]।
'ਸ੍ਰੀ ਅਰਜਨ ਬੈਕੁੰਠ ਸਿਧਾਰੇ।
ਖਸ਼ਟਮ ਗੁਰੂ ਮਹਾਂ ਬਲ ਧਾਰੇ ॥੧੯॥
ਥਿਰੇ ਤਖਤ ਪਰ ਦਰਸਹੁ ਆਏ।
ਨੀਕੇ ਸ਼ਸਤ੍ਰ ਤੁਰੰਗ ਮੰਗਾਏ।
ਜੋ ਆਨਹਿ, ਲਹਿ ਖੁਸ਼ੀ ਬਿਸਾਲਾ।
'ਨਹਿਂ ਬਿਲਮਹੁ ਆਵਹੁ ਤਤਕਾਲਾ' ॥੨੦॥
ਪੂਰਬ ਦਿਸ਼ਿ ਕੇ ਨਗਰ ਬਿਸਾਲੇ।
ਦਿੱਲੀ ਬਹੁਰ ਆਗਰੇ ਚਾਲੇ।
ਪਟਣੇ ਪੁਰ ਮਖਸੂਦਾ ਬਾਦ।
ਕਾਂਸ਼ੀ ਆਦਿਕ ਫਰਕਾਬਾਦ[3] ॥੨੧॥
ਤਿਮ ਦੱਖਨ ਸਿੱਖੀ ਜਿਸ ਥਾਨ।
ਪਸ਼ਚਮ ਦਿਸ਼ਿ ਕੇ ਨਗਰ ਮਹਾਨ।
ਕਾਬਲ ਅਰੁ ਕੰਧਾਰ ਪਿਸ਼ੌਰ।

---

[1]ਜਿੱਥੋਂ ਤੱਕ (ਦਰਸ਼ਨੀ ਡਿਓਢੀ) ਦਾ ਦਰਵਾਜ਼ਾ ਹੈ ਇਕੋ ਜਿਹੀ (ਜ਼ਮੀਨ) ਕਰੋ।
[2]ਤਿਸ (ਕਾਗ਼ਜ਼) ਵਿਖੇ।
[3]ਫੱਰੁਖ਼ਾਬਾਦ।

ਗਿਨੌਂ ਕਹਾਂ ਲਗਿ ਸਿੱਖੀ ਠੌਰ ॥੨੨॥
ਉੱਤਰ ਪੁਰਿ ਆਦਿਕ ਕਸ਼ਮੀਰ।
ਗਮਨੇ ਸ਼ੀਘ੍ਰ ਸਿੱਖ ਜਨੁ ਧੀਰ*।
ਪਹੁੰਚਿ ਹੁਕਮਨਾਮੇ ਸਭਿ ਥਾਨ।
ਪਠਿ ਮਸੰਦ ਸੁਧਿ ਕਰੀ ਬਖਾਨ ॥੨੩॥
ਸੁਨਿ ਸਿੱਖਨ ਜੋ ਗੁਰ ਕੀ ਕਾਰ।
ਖਰਚਜੋ ਦਰਬ ਲੀਨਿ ਹਥਿਆਰ।
ਚੰਚਲ ਤੁਰੰਗ+ ਮੋਲ ਕਰਿ ਲਿਏ।
ਗੁਰ ਪ੍ਰਸੰਨਤਾ ਚਾਹਤਿ ਕਿਏ ॥੨੪॥
ਜਹਿਂ ਕਹਿਂ ਕਰੀ ਖਰੀਦ ਬਿਸਾਲੇ।
ਸਭਿ ਦਿਸ਼ਿ ਤੇ ਦਰਸ਼ਨ ਹਿਤ ਚਾਲੇ।
ਧਨੀ ਬਿਲੰਦ ਮਸੰਦ ਅਗਾਰੀ।
ਗਮਨੇ ਸੰਗਤਿ ਸਿੱਖ ਪਿਛਾਰੀ ॥੨੫॥
ਇਤ ਸਤਿਗੁਰ ਸਭਿ ਕੀਨਿ ਸਮਾਜਾ।
ਬਸਤ੍ਰ ਬਿਭੂਖਨਿ ਪਹਿਰਨਿ ਕਾਜਾ।
ਪੋਸ਼ਿਸ਼ ਪੀਤ[1] ਜ਼ਰੀ ਜੁਤ ਛਾਜੈ[2]।
ਜਾਮਾ ਬਡਿ ਅਭਿਰਾਮ ਬਿਰਾਜੈ ॥੨੬॥
ਕਲਗੀ ਜਿਗਾ ਜਵਾਹਰ ਜਰੇ।
ਮੁਕਤਾ ਗੁੱਛ ਤਿਨਹੁਂ ਪਰ ਕਰੇ।
ਕੰਚਨ ਕੰਕਨ ਹੀਰਨਿ ਖਚੇ।
ਕੁੰਡਲ ਦਮਕ ਜ਼ੇਬ ਜੁਤ ਰਚੇ[3] ॥੨੭॥
ਮੁਕਤਾ ਮਾਲ ਉਜਾਲ ਬਿਸਾਲਾ।
ਇਕ ਸਮਾਨ ਗਨ ਗਿਰਦ ਸੁ ਢਾਲਾ[4]।
ਰਚੇ ਕੋਰ ਹੀਰੇ ਬਰ ਚੀਰੇ[5]।
ਜਿਨ ਕੀ ਦਮਕ ਹੋਤਿ ਵਿਸਤੀਰੇ ॥੨੮॥
ਨਵਰਤਨੇ[1] ਸੁੰਦਰ ਬਨਵਾਏ।

---

*ਪਾ:-ਬੀਰ।
+ਪਾ:-ਅੱਸ੍ਵ।
[1]ਪੀਲੀ।
[2]ਸ਼ੋਭਦੀ ਹੈ।
[3]ਸ਼ੋਭਾ ਸਮੇਤ ਬਣੇ।
[4](ਗਲੇ ਦੇ) ਗਿਰਦ ਇਕੋ ਜਿਹੇ ਮੁੱਲ ਦੇ ਸਾਰੇ (ਮੋਤੀ) ਹਨ।
[5]ਸ੍ਰੇਸ਼ਟ ਚੀਰਕੇ।

ਨਵ ਵਰ ਵਰਣ[2] ਜਿਨਹੁ ਅਧਿਕਾਏ।
ਤਥਾ ਸ਼ਸਤ੍ਰ ਸੁਥਰੇ ਸਮੁਦਾਏ।
ਭੂਖਨ ਸਾਜਿ ਨਵੀਨ ਬਨਾਏ ॥੨੯॥
ਹੁਕਮ ਸਭਿਨਿ ਪਰ ਗੁਰ ਕਰਿ ਦੀਨਾ।
'ਸਾਜ ਤੁਰੰਗਨਿ[3] ਬਨਹਿ ਨਵੀਨਾ।
ਕੰਚਨ ਰਜਤਿ ਬਿਭੂਖਨਿ ਬਨੈ।
ਰੇਸ਼ਮ ਡੋਰ ਜ਼ਰੀ ਗਨ ਸਨੈ' ॥੩੦॥
ਸੁਨਿ ਸੁਨਿ ਹੁਕਮ ਚੌਂਪ ਕਰਿ ਸਾਰੇ।
ਲਗੇ ਕਰਾਵਨਿ ਕਾਰਜ ਤਜਾਰੇ।
ਸ੍ਰੀ ਗੁਰ ਬ੍ਰਿਧ ਕੇ ਸੰਮਤ ਹੋਇ।
ਗਨਕ[4] ਹਕਾਰਜੋ[++] ਨੀਕੋ ਜਾਇ ॥੩੧॥
'ਸੁੰਦਰ ਸਮਾ ਸੁਧਾਵਨਿ ਕਾਜ।
ਜਸ ਕੀਜਹਿ ਅਭਿਖੇਕਨਿ ਰਾਜ[5]।'
ਸੁਨਤਿ ਹੁਕਮ ਤਿਨ ਸੋਧਿ ਸੁਨਾਯੋ।
'ਸ੍ਰੀ ਸਤਿਗੁਰ ਆਛੋ ਦਿਨ ਪਾਯੋ ॥੩੨॥
ਜਿਸ ਤੇ ਦਿਨਪ੍ਰਤਿ ਵਧਹਿ ਪ੍ਰਤਾਪਾ।
ਮਹਾਂ ਬਲੀ ਸ਼ੱਤ੍ਰੂ ਗਨ ਖਾਪਾ।
ਦਸਮੀ ਸੁਦੀ ਅਸਾਢ ਮਝਾਰੀ।
ਆਦਿਤਵਾਰ ਤੇਜ ਬਲ ਭਾਰੀ ॥੩੩॥
ਉਦਜਾਚਲ ਤੁਲ[6] ਤਖਤ ਬਿਸਾਲਾ।
ਉਦਹੁ ਆਪਿ ਜਿਮ ਦਿਨਕਰ ਬਾਲਾ[7]।
ਤੁਰਕ ਤਾਪ ਤਮ ਤੋਮ ਤੁਰੰਤਾ[8]।

---

[1]ਮੋਤੀ ਹੀਰਾ ਪੰਨਾ ਆਦਿ ਨੌਂ ਪ੍ਰਕਾਰ ਦੀਆਂ ਮਣੀਆਂ।
[2]ਨੌਂ ਤਰ੍ਹਾਂ ਦਾ ਸ੍ਰੇਸ਼ਟ ਰੰਗ ਹੈ।
[3]ਘੋੜਿਆਂ ਦਾ ਸਾਜ਼।
[4]ਜੋਤਸ਼ੀ।
[++]ਗੁਰੂ ਜੀ ਦਾ ਜੋਤਸ਼ੀ ਸੱਦਣਾ ਇਤਿਹਾਸਕ ਬਾਤ ਨਹੀਂ, ਨਾ ਹੀ ਇਹ ਮਹਿੰਮਾ ਪ੍ਰਕਾਸ਼ ਵਿਚ ਆਇਆ ਹੈ। ਮਹੂਰਤ ਸੁਧਾਉਣੇ ਗੁਰਬਾਣੀ ਵਿਰੁੱਧ ਹਨ, ਜੋ ਨਾ ਗੁਰੂ ਜੀ ਕਦੇ ਕਰਨਾ ਪਸੰਦ ਕਰਦੇ, ਨਾ ਭਾਈ ਬੁੱਢਾ ਜੀ ਕਦੇ ਸਲਾਹ ਦੇ ਸਕਦੇ ਸੀ।
ਯਥਾ:- 'ਸਾਹਾ ਗਣਹਿ ਨ ਕਰਹਿ ਬੀਚਾਰੁ॥ ਸਾਹੇ ਊਪਰਿ ਏਕੰਕਾਰੁ॥
[5]ਅਭਿਖੇਕਨਿ+ਰਾਜ = ਰਾਜ ਤਿਲਕ ਭਾਵ ਮੀਰੀ ਪੀਰੀ ਦਾ ਤਿਲਕ (ਅ) ਅਭਿਖੇਕ = ਤਿਲਕ+ਨਿਰਾਜ (= ਨੀਰਾਜਨ) = ਆਰਤੀ।
[6]ਸੂਰਜ ਉਦੇ ਦੇ ਪਰਬਤ ਵਾਂਙੂ।
[7]ਸਵੇਕ ਦਾ ਸੂਰਜ।
[8]ਤੁਰਕਾਂ ਦੇ ਤਪ ਦਾ ਸਮੂਹ ਹਨੇਰਾ ਤੁਰਤ ਹੀ।

ਉਡਗਨ ਕਰਨ ਕੁਕਰਮਨਿ ਵੰਤਾ[੧] ॥੩੪॥
ਕਰਹੁ ਅਦ੍ਰਿਸ਼ਟ[੨] ਇਨਹੁ ਤਤਕਾਲਾ।
ਨਿੰਦਕ ਪੇਚਕ ਦੁਖਦ ਕਰਾਲਾ।
ਜਹਿਂ ਕਹਿਂ ਸੰਤ ਦਾਸ ਅਰਬਿੰਦਾ।
ਕਰਹੁ ਪ੍ਰਫੁੱਲਿਤ ਹਰਖਤਿ ਬ੍ਰਿੰਦਾ ॥੩੫॥
ਚੰਦ ਚੰਦੁਕੀ[੩] ਲੈਤਾ ਕਰੋ।
ਅਨੰਦ ਗੁਰੂ ਸਿਖ ਚਕਵਨਿ[੪] ਧਰੋ।
ਕੈਰਵ ਕਾਨਨ ਦੋਖੀ ਜੇਤੇ[੫]।
ਪਿਖਿ ਮੁਰਝਾਇ ਗਿਰਹਿਂਗੇ ਤੇਤੇ[*]' ॥੩੬॥
ਕਹੀ ਜੁਗਤਿ ਦਿਜ ਕਰਿ ਚਤੁਰਾਈ।
ਸੁਨਿ ਕਰਿ ਭਏ ਪ੍ਰਸੰਨ ਗੁਸਾਈਂ।
ਬਖਸ਼ਜੋ ਦਰਬ ਕਿਤਿਕ ਤਿਸ ਬਾਰਾ।
ਪੁਨ ਮਾਂਗਨਿ ਨਹਿਂ ਹਾਥ ਪਸਾਰਾ ॥੩੭॥
ਪਿਖਿ ਪਿਖਿ ਦਾਸ ਉਦਾਰ ਸੁਭਾਊ।
ਰਿਦੇ ਪ੍ਰਮੁਦਤਿ ਚੌਗੁਨੋ ਚਾਊ।
ਤਿਸ ਦਿਨ ਕੀ ਪ੍ਰਤੀਖਨਾ[੬] ਧਾਰੇ।
ਸਰਬ ਵਸਤੁ ਕਰਿਵਾਇਸਿ ਤਜਾਰੇ ॥੩੮॥
ਕੇਤਿਕ ਵਸਤੁ ਬਨਾਇ ਦਿਖਾਵੈਂ।
ਸਿਰਜਹਿਂ ਸੁੰਦਰ ਪਿਖਿ ਹਰਖਾਵੈਂ।
ਮਿਲਿ ਆਪਸ ਮਹਿ ਸੁਜਸੁ ਉਚਾਰੈਂ।
ਧਰਿ ਸ਼ਰਧਾ ਗੁਰ ਦਰਸ ਨਿਹਾਰੈ ॥੩੯॥
ਸੁੰਦਰ ਡੀਲ ਸੁਸ਼ੀਲ ਉਚਾਰਤਿ।
'ਆਯੁਧ ਪਹਿਰ[੭] ਮਹਾਂ ਦੁਤਿ ਧਾਰਤਿ।
ਮਨ ਸਿੱਖਨਿ ਕੇ ਪ੍ਰੇਮ ਉਪਾਵੈਂ।

---

[੧]ਖੋਟੇ ਕਰਮ ਕਰਨ ਵਾਲੇ ਤਾਰਿਆਂ (ਵਤ) ਹਨ।
[੨]ਲੋਪ ਭਾਵ ਨਾਸ਼।
[੩]ਚੰਦ = ਚੰਦਰਮਾ। ਚੰਦੁਕੀ = ਚਾਂਦਨੀ। ਚੰਦ ਦੀ ਚਾਂਦਨੀ ਜੋ ਧੁੱਪ ਚੜ੍ਹੇ ਉਡ ਜਾਂਦੀ ਹੈ। ਸ਼ਲੇਖ ਵਿਚ ਅਰਥ ਹੈ ਚੰਦ ਚੰਦੁ ਕੀ = ਚੰਦਰਮਾਂ ਰੂਪੀ ਚੰਦੂ ਦੀ (ਲੈਤਾ ਕਰੋ)।
[੪]ਚਕਵਾ ਚਕਵੀ।
[੫]ਦੋਖੀ ਜੋ ਕਮੀਆਂ ਦੇ ਬਨ ਹਨ।
[*]ਰਾਤ ਦਾ ਸਮਾਂ ਬਧਾ ਹੈ, ਹਨੇਰਾ, ਤਾਰੇ, ਉਲੂ, ਚੰਦ ਕਮੀਆਂ, ਸੂਰਜ ਚੜ੍ਹੇ ਗੁੰਮ ਹੋ ਜਾਂਦੇ ਹਨ, ਗੁਰੂ ਜੀ ਨੂੰ ਸੂਰਜ ਕਿਹਾ ਹੈ।
[੬]ਉਡੀਕ।
[੭]ਪਹਿਨ ਕੇ।

ਬਿਕਸਤਿ ਮੰਦ ਮੰਦ ਦਰਸਾਵੈਂ' ॥੪੦॥
ਸਭਿ ਚਾਹਤਿ -ਦਿਨ ਹੋਇ ਸੁ ਨੀਕਾ।
ਬੈਠਿ ਗੁਰੂ ਨਿਕਸਾਵਹਿਂ ਟੀਕਾ।
ਸ਼ਸਤ੍ਰ ਸਜਾਇ ਬਿਰਾਜਹਿਂ ਖਰੇ।
ਦੁਸ਼ਟ ਜਿ ਦੋਖੀ ਗਨ ਕੋ ਹਰੇਂ- ॥੪੧॥

ਦੋਹਰਾ: ਸਿੱਖਨਿ ਬਿਖੈ ਅਨੰਦਤਾ, ਜਿਮ ਰਵਿ ਤੇ ਅਰਬਿੰਦ।
-ਕਜਾ ਕਰਿਹੈਂ ਕਿਮ ਹੋਇ ਹੈ?, -ਚਿੰਤ ਮਸੰਦ ਬਿਲੰਦ[1] ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਅਕਾਲ ਬੁੰਗਾ ਰਚਨ' ਪ੍ਰਸੰਗ ਬਰਨਨੰ ਨਾਮ ਦੋਇ ਚੱਤ੍ਵਾਰਿੰਸਤੀ ਅੰਸੂ ॥੪੨॥

ਵਿਸ਼ੇਸ਼ ਟੂਕ:- ਕਵਿ ਜੀ ਵੈਰ ਭਾਵ ਵਾਲੇ ਕੁਝ ਕੁਝ ਕੇ ਲੈਣ ਵਾਲੇ ਬਦਲੇ ਦਾ ਆਦਰਸ਼ ਨਹੀਂ ਬੰਨ੍ਹ ਰਹੇ, ਪਰ ਬੀਰ ਰਸ ਵਾਲੀ ਬ੍ਰਿਤੀ ਨੂੰ ਦਿਖਾ ਰਹੇ ਹਨ। ਸਤਿਗੁਰਾਂ ਦੇ ਰਿਦੇ ਵੈਰ ਦਾ ਨਿਵਾਸ ਨਹੀਂ ਹੈਸੀ, ਪਰ 'ਉਤਸ਼ਾਹ' ਦਾ ਸਥਾਈ ਭਾਵ ਅੰਦਰ ਹੋਣ ਕਰਕੇ ਬੀਰਤਾ ਦਾ ਰਸ ਹੁਲਾਰੇ ਮਰਾ ਰਿਹਾ ਹੈ। ਇਹ ਬੀਰਤਾ ਦਾ ਇਕ ਅਸੂਲ ਨਿਰੂਪਣ ਹੈ ਕਿ ਪਿਤਾ ਦੇ ਮਾਰ ਦੇਣ ਵਾਲੇ ਨੂੰ ਜੋ ਪੁੱਤ੍ਰ ਕੁਛ ਨਾ ਕਹੇ ਉਹ ਕਾਇਰ ਹੈ, ਕਾਇਰ, ਦਲਿੱਦ੍ਰੀ ਤੇ ਤਮੋਂ ਗੁਣੀ ਹੈ, ਉਸ ਦਾ ਸਹਾਰਾ ਧਰਮ ਤੇ ਸ਼ਾਂਤੀ ਨਹੀਂ, ਪਰ ਜੋ ਅਣਖ ਵਾਲਾ ਦਿਲ ਹੈ ਉਸ ਦੇ ਅੰਦਰ ਉਤਸਾਹ ਹੈ, ਉਤਸਾਹ ਬੀਰ ਰਸ ਦਾ ਸਥਾਈ ਭਾਵ ਹੈ, ਤੇ ਸ਼ਾਤ ਰਸ ਦਾ ਰੱਖਕ ਹੈ, ਸੋ ਜੋ ਪਿਤਾ ਦੇ ਅਕਾਰਣ ਕਾਤਲ ਲਈ ਬੀਰ ਰਸ ਵਿਚ ਹੈ ਓਹ ਜੁੱਧ ਮੰਡੇਗਾ, ਤੇ ਬਲੀ ਤੋਂ ਬਲੀ ਵੈਰੀ ਤੋਂ ਜੋ ਬਦਲੇ ਲੈਣ ਦਾ ਦਮ ਮਾਰੇਗਾ ਸੋ ਮਹਾਨ ਉਤਸਾਹ ਤੇ ਚੜ੍ਹਦੀਆਂ ਕਲਾਂ ਵਿਚ ਹੋਵੇਗਾ।

ਗੁਰਬਾਣੀ ਦੇ ਵਿਚਾਰ ਤੋਂ ਜੋ ਆਦਰਸ਼ਕ ਜੀਵਨ ਸਤਿਗੁਰਾਂ ਦਾ ਹੈ ਉਹ ਦੱਸਦਾ ਹੈ ਕਿ ਪੰਜਵੇਂ ਸਤਿਗੁਰਾਂ ਵਰਗੇ ਉੱਚੇ ਜੀਵਨ ਵਾਲਿਆਂ ਦਾ ਬੀ ਆਤਮ ਸ੍ਵਰੂਪ ਦਾ ਗ਼ੈਰ ਮੁਲਕ ਤੋਂ ਆਏ ਪਾਤਸ਼ਾਹਾਂ ਦਾ ਕੁਛ ਕਦਰ ਨਾ ਕਰਨਾ ਤੇ ਜਹਾਂਗੀਰ ਵਰਗੇ ਅਯਾਸ਼ ਆਦਮੀ ਦਾ ਬਿਨਾਂ ਦੋਸ਼ ਸਾਬਤ ਕੀਤੇ, ਬਿਨਾਂ ਜਵਾਬ ਸੁਣੇ, ਆਪਣੇ ਦਿਲ ਵਿਚ ਭਰੇ ਇਸਲਾਮੀ ਤਅੱਸਬ ਦੇ ਭਾਵ ਹੇਠ ਇਕ ਕਣ ਸੋ ਮਿਲਦੇ ਸਾਰ ਕਤਲ ਦਾ ਹੁਕਮ ਦੇ ਦੇਣਾ ਉਹ ਪੀੜਾ ਹੈ ਜੋ ਮਫਤੂਹ (ਦਬੇਲ) ਕੌਮਾਂ ਆਪਣੇ ਵਿਚੋਂ ਮਰ ਮਿਟੇ ਬੀਰਰਸ ਦੇ ਕਾਰਨ ਸਹਿ ਗੁਜ਼ਰਦੀਆਂ ਹਨ, ਪਰ ਇਥੇ ਸਤਿਗੁਰੂ ਜੀ ਬਾਲਪਨੇ ਵਿਚ ਹੀ ਇਸ ਅੱਨਜਾਯ ਨੂੰ ਨਹੀਂ ਝੱਲ ਰਹੇ ਤੇ ਆਪਣੀ ਸ਼ਾਂਤ ਰਸ ਦੀ ਫੁਲਵਾੜੀ ਦੀ ਰੱਖਯਾ ਲਈ ਬੀਰ ਰਸ ਦੀ ਨੀਂਹ ਧਰ ਦੇਂਦੇ ਹਨ। ਸਹਾਰਾ ਤੇ ਸ਼ਾਂਤੀ ਵਿਚ ਰਹਿਕੇ ਦੁਖ ਝੱਲਣਾ, ਆਪ ਨੇ ਡਿੱਠਾ ਕਿ ਜ਼ਾਲਮਾਂ ਤੇ ਜਰਵਾਣਿਆਂ ਤੇ ਕੋਈ ਅਸਰ ਨਹੀਂ ਪਾ ਰਿਹਾ, ਇਸ ਲਈ 'ਸ਼ਾਂਤ ਰਸ' ਦੀ ਰੱਖਿਆ ਵਾਸਤੇ 'ਬੀਰ ਰਸ' ਨੂੰ ਪ੍ਰਚਾਰਣ ਦਾ ਪ੍ਰਣ ਕੀਤਾ। ਇਹ ਨਹੀਂ ਕਿ ਧਰਮ ਨੂੰ ਬੇਲੋੜੀ ਸ਼ੈ ਕਿਹਾ, ਪਰ ਧਰਮ ਦੀ ਰੱਖਿਆ ਵਾਸਤੇ, ਪ੍ਰਜਾ ਵਿਚ ਜ਼ਿੰਦਗੀ ਭਰਨ ਵਾਸਤੇ, ਅੱਜ ਛੇਵੇਂ ਸਤਿਗੁਰ ਨੇ ਸ਼ਾਂਤ

---

[1] ਮਸੰਦਾਂ ਦੇ ਚਿਤ ਵਿਚ ਬੜੀ ਚਿੰਤਾ ਸੀ ਕਿ ਕੀਹ ਕਰਨਗੇ (ਤੇ ਉਸ ਦਾ ਫਲ) ਕੀ ਹੋਵੇਗਾ।

ਰਸ ਦੇ ਨਾਲ ਬੀਰ ਰਸ ਦਾ ਬੀੜਾ ਚਾ ਲਿਆ। ਅਸਲ ਬਾਤ ਇਹ ਸੀ ਜੋ ਮਹਾਨ ਵਿਸ਼ਾਲ ਚਿੱਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅੱਜ ਫੈਸਲਾ ਕੀਤਾ ਸੀ।

ਕਮਜ਼ੋਰ ਦਿਲ ਲੋਕ ਏਥੇ ਕਵਿ ਜੀ ਦੇ ਲਿਖੇ ਲਫਜ਼ 'ਬਦਲੇ' ਨੂੰ ਲੈਕੇ ਘਬਰਾਉਂਦੇ ਹਨ, ਇਹ ਨਹੀਂ ਤੱਕਦੇ ਕਿ ਹਿਰਾਤ ਤੋਂ ਲੈਕੇ ਬਿੰਧਜਾਚਲੋਂ ਪਾਰ ਤਕ ਇਕ ਪੱਕੀ ਪਾਤਸ਼ਾਹੀ ਦੇ ਮਾਲਿਕ ਤੇ ਖਜ਼ਾਨਿਆ ਵਾਲੇ ਤੇ ਅਣਗਿਣਤ ਫੌਜਾਂ ਦੇ ਮਾਲਿਕ ਦੇ ਪ੍ਰਬਲ ਤੇਜ ਪ੍ਰਤਾਪ ਦੇ ਸਾਹਮਣੇ ਇਕ ਫਕੀਰੀ ਗੱਦੀ ਤੇ ਬੈਠੀ ਬੇ ਫੌਜ, ਬੇ ਮੁਲਕ, ਬੇ ਖਜ਼ਾਨਾ ਵਜਕਤੀ ਪ੍ਰਣ ਕਰਦੀ ਹੈ ਕਿ ਬੀਰ ਰਸ ਧਾਰਨਾ ਹੈ ਤੇ ਇਹ ਰਾਜ ਪਲਟਾ ਦੇਣਾ ਹੈ, ਇਹ ਕਿਤਨੀ ਵਿਸ਼ਾਲਤਾ, ਸਮਰੱਥਾ, ਸ਼ਖਸੀਅਤ ਦੀ ਉੱਚਤਾ ਤੇ ਮਹਾਨਤਾ ਦਾ ਲੱਛਣ ਹੈ। ਜੋ ਹਾਲਤ ਪਿਤਾ ਜੀ ਦੀ ਬੀਤੀ ਸੀ ਸੋ ਡਰ ਦੇਣ ਵਾਲੀ ਸੀ, ਪਰ ਡਰ ਖਾਕੇ ਸਹਿਮ ਜਾਣ ਦਾ ਥਾਂ ਗੁਰੂ ਜੀ ਆਪਣੀ ਬਚਪਨੇ ਦੀ ਅਵਸਥਾ ਵਿਚ ਹੀ ਮਹਾਨ ਨਿਰਭੈਤਾ ਤੇ ਅਣਹੋਈ ਨੂੰ ਹੋਈ ਕਰ ਦੇਣ ਦੀ ਸਮਰੱਥਾ ਪ੍ਰਗਟ ਕਰ ਰਹੇ ਹਨ, ਜੋ ਇਨਸਾਨੀ ਨੁਕਤੇ ਤੋਂ ਬੀ ਤੱਕਿਆਂ ਉਹਨਾਂ ਦੀ ਮਹਾਨਤਾ, ਪ੍ਰਬੀਨਤਾ ਤੇ ਉਚਿਆਈ ਦੀ ਦਲੀਲ ਹੈ। ਜੋ ਨੀਂਹ ਅੱਜ ਸਤਿਗੁਰ ਨੇ ਧਰੀ, ਜਿਸ ਪਰ ਦਸਮ ਸਤਿਗੁਰਾਂ ਨੇ ਮਹਲ ਉਸਾਰਿਆ; ਉਹ ਆਪਣੇ ਵਕਤ ਸਿਰ ਤੁਰਕ ਰਾਜ ਦਾ ਦੀਵਾ ਬੁਝਾ ਦੇਣ ਵਿਚ ਕਾਮਯਾਬ ਹੋਇਆ। ਮੁਲਕਗੀਰੀ ਦੀ ਹਵਸ ਨਹੀਂ, ਰਾਜ ਦਾ ਲੋਭ ਨਹੀਂ, ਨੀਵੇਂ ਬਦਲੇ ਲੈਣ ਦੀ ਬ੍ਰਿਤੀ ਨਹੀਂ ਪਰ ਦਬੇਲ ਪਰਜਾ ਵਿਚ ਧਰਮ ਦਾ ਭਾਵ, ਸਚਾਈ, ਆਨ ਸ਼ਾਨ ਤੇ ਬੀਰ ਰਸ ਭਰਕੇ ਸੁਤੰਤ੍ਰਤਾ ਦੇਣ ਦੇ ਅਸੂਲ ਨੂੰ ਪਾਲਣਾ ਹੈ, ਸ੍ਰਿਸ਼ਟੀ ਨੂੰ ਮਰਨ ਦੀ ਜਾਚ ਸਿਖਾਉਣੀ ਹੈ ਤੇ ਉੱਚੇ ਜੀਵਨ ਵਿਚ ਲੈ ਜਾਣਾ ਹੈ।

ਵਿਸ਼ੇਸ਼ ਲਈ ਵੇਖੋ ਇਸੇ ਰਾਸਿ ਦੇ ਅੰਸੂ ੪੬ ਅੰਕ ੧੪ ਦੀ ਹੇਠਲੀ ਟੂਕ।

੪੩. [ਤਖਤ ਤੇ ਬਿਰਾਜਮਾਨ]

੪੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੪

ਦੋਹਰਾ: ਦਿਵਸ ਪ੍ਰਤੀਖਤਿ ਆਇਗੋ, ਦਸਮੀ ਆਦਿਤਵਾਰ।
ਗਨ ਮਸੰਦ ਕਰਿ ਸ਼ੀਘ੍ਰਤਾ, ਸੰਗਤਿ ਸੰਗ ਹਜ਼ਾਰ ॥੧॥
ਚੌਪਈ: 'ਚਲਹੁ ਪਿਖਹਿਂ ਉਤਸਾਹੁ ਬਿਸਾਲਾ।'
ਜਿਤ ਕਿਤ ਤੇ ਆਏ ਤਤਕਾਲਾ।
ਅਨਿਕ ਭਾਂਤਿ ਕੀ ਲਏ ਅਕੋਰਾ।
ਚਹੁਂ ਦਿਸ਼ਿ ਤੇ ਚਲਿ ਗੁਰੁ ਪੁਰਿ ਓਰਾ ॥੨॥
ਬਰਹਿਂ[1] ਸੁਧਾਸਰ ਦਰਸ਼ਨ ਪਾਵੈਂ।
ਮੱਜਹਿਂ, ਕਿਰਤਨ ਸੁਨਿ ਹਰਖਾਵੈਂ।
ਸੰਗਤਿ ਮਿਲੀ ਆਨਿ ਸਮਦਾਈ।
ਜੈ ਜੈ ਕਾਰ ਕਰਹਿਂ ਬਹੁ ਥਾਈਂ ॥੩॥
ਚਹੁਂਦਿਸ਼ਿ ਪਰੇ ਸੁਧਾਸਰ ਡੇਰੇ।
ਦਰਸ਼ਨ ਹਿਤ ਚਿਤ ਚੌਂਪ ਬਡੇਰੇ।
ਜਾਮ ਜਾਮਨੀ ਤੇ ਗੁਰ ਜਾਗੇ।
ਸੌਚਾਚਾਰ ਕਰਨਿ ਤਬਿ ਲਾਗੇ ॥੪॥
ਕਰਿ ਸ਼ਨਾਨ ਕੋ ਆਸਨ ਮਾਰੇ।
ਨਿਜ ਸਰੂਪ ਮਹਿਂ ਬ੍ਰਿਤਿ ਥਿਤਿ ਧਾਰੇ।
ਟਿਕੇ ਸੱਚਿਦਾਨੰਦ ਮਝਾਰੀ।
ਲੀਨਹੁ ਸੁਖ ਹੋਵਤਿ ਭੁਨਸਾਰੀ ॥੫॥
ਉਦੈ ਭਯੋ ਦਿਨਕਰ[2] ਜਿਸ ਕਾਲੇ।
ਪਹਿਰਯੋ ਜਾਮਾ ਜਿਸ ਗਨ ਪਾਲੇ[3]।
ਛਬਿ ਉਸ਼ਨੀਕ[4] ਸੀਸ ਪਰ ਧਾਰੀ।
ਜਿਗਾ ਬਧੀ ਊਪਰਿ ਦੁਤਿ ਕਾਰੀ[5] ॥੬॥
ਕਲਗੀ ਮੁਕਤਾ ਗੁੱਛ ਉਜਾਲਾ।
ਮੁਖ ਮੰਡਲ ਪਰ ਕੁੰਡਲ ਝਾਲਾਂ[6]।
ਮਾਲ ਬਿਸਾਲ ਸੁਢਾਲ ਜਿ ਮੁਕਤਾ[1]।

---

[1]ਵੜ ਕੇ।
[2]ਸੂਰਜ।
[3]ਜਿਸ ਦੇ ਬਹੁਤ ਪੱਲੇ ਹਨ।
[4]ਪਗ, ਦਸਤਾਰ [ਸੰਸ: ਉਖ਼ਣੀਖ਼ = ਪੱਗ]
[5]ਸੁੰਦਰਤਾ ਵਾਲੀ।
[6]ਝੂਲਦੇ ਹਨ।

ਸਬਜ਼ੇ, ਹੀਰਨਿ ਚਾਰੁ ਸੁ ਯੁਕਤਾ ॥੭॥
ਨਵ ਰਤਨੇ[2] ਪਹਿਰਤਿ ਛਬਿ ਪਾਏ।
ਜਨੁ ਨਵ ਗ੍ਰਹ ਤਿਸ ਕੇ ਮਿਸ ਆਏ।
ਅੰਗਦ ਸੁੰਦਰ ਸ਼ੋਭਤਿ ਜ਼ਾਹਿਰ।
ਜਬਰ ਜ਼ੇਬ ਜਿਨ ਜਰੇ ਜਵਾਹਰ ॥੮॥
ਕੰਕਨ ਕੰਚਨ ਕੇ ਖਚਿ ਹੀਰੇ।
ਛਾਪ ਛਲਾਯਨਿ ਛਬਿ ਗੰਭੀਰੇ[3]।
ਇਮ ਸਤਿਗੁਰੁ ਸ਼ੋਭਤਿ ਸ਼ੁਭ ਅੰਗ।
ਬਸਤ੍ਰ, ਬਿਭੂਖਨ ਉੱਤਮ ਸੰਗ ॥੯॥
ਗਯੋ ਮੇਵਰੋ ਸੰਗਤਿ ਸਾਰੀ।
'ਲਿਹੁ ਦਰਸ਼ਨ' ਸੁਧਿ ਕੀਨਿ ਹਕਾਰੀ।
'ਚੌਕ ਦਰਸ਼ਨੀ ਪੌਰ ਅਗਾਰੀ।
ਪਹੁੰਚਹ ਤਹਿਂ ਸਗਰੇ ਨਰ ਨਾਰੀ ॥੧੦॥
ਸਤਿਗੁਰ ਦਰਸਹੁ ਬਾਂਛਤਿ ਪਾਵਹੁ।
ਜੋ ਆਨੀ ਗੁਰ ਕਾਰ ਚਢਾਵਹੁ।'
ਸੁਨਿ ਸੁਨਿ ਸੰਗਤਿ ਕਰਿ ਚਿਤ ਚਾਊ।
ਬਸਤ੍ਰ ਬਿਭੂਖਨ ਪਹਿਰ ਸੁਹਾਊ ॥੧੧॥
ਸਗਰੇ ਆਇ ਥਿਰੇ ਤਿਸ ਥਾਨ।
ਚਾਹਤਿ -ਦੇਹਿਂ ਦਰਸ ਗੁਰ ਆਨਿ-।
ਇਤਨੇ ਮਹਿਂ ਸ਼੍ਰੀ ਹਰਿ ਗੋਵਿੰਦ।
ਆਏ ਬਨਿ ਕੈ ਛੈਲ[4] ਬਿਲੰਦ ॥੧੨॥
ਸਿੱਖਨਿ ਚਖ ਚਕੋਰ ਕੇ ਚੰਦ[5]।
ਦਿਨਕਰ ਮਨਹੁਂ ਬਦਨ ਅਰਬਿੰਦ[6]।
ਚਿਤ ਚਾਤ੍ਰਿਕ ਕੇ[7] ਘਨ ਮਾਨਿੰਦ।

---

[1]ਸੁਹਣੇ ਮੋਤੀਆਂ ਦੀ ਵਡੀ ਮਾਲਾ।
[2]ਨੌਂ ਰਤਨ = ਮੋਤੀ, ਪੰਨਾ, ਮਾਣਿਕ, ਗੋਮੇਦ, ਹੀਰਾ, ਗੁੱਲੀਆਂ (ਮੂੰਗਾ), ਲਸਨੀਆਂ, ਨੀਲਮ, ਪੁਖਰਾਜ। ਨਵਾਂ ਰਤਨਾਂ ਦੇ ਰੰਗ ਨਵਾਂ ਗ੍ਰੈਹਾਂ ਦੇ ਰੰਗਾਂ ਨਾਲ ਸਮਤਾ ਰੱਖਦੇ ਹਨ। ਇਸ ਉਪਮਾਂ ਵਲ ਕਵਿ ਜੀ ਦਾ ਇਸ਼ਾਰਾ ਹੈ, ਅਥਵਾ ਨੌਂ ਰਤਨਾਂ ਦੇ ਬਹਾਨੇ ਸੇਵਾ ਲਈ ਨੌਂ ਗ੍ਰੈਹ ਆਏ ਹਨ, ਜਿਸ ਤੋਂ ਸਿੱਧ ਹੋਇਆ ਕਿ ਨੌਂ ਗ੍ਰੈਹ ਗੁਰਾਂ ਦੇ ਪੁਜਾਰੀ ਹਨ, ਪੂਜਜ ਨਹੀਂ ਹਨ।
[3]ਬਹੁਤ।
[4]ਸੁਹਣੇ।
[5]ਸਿੱਖਾਂ ਦੇ ਨੇਤ੍ਰਾਂ ਰੂਪੀ ਚਕੋਰਾਂ ਦੇ ਚੰਦ।
[6]ਮਾਨੋਂ (ਸਿੱਖਾਂ ਦੇ) ਮੁਖੜੇ ਰੂਪੀ ਕਵਲਾਂ ਦੇ ਸੂਰਜ।
[7]ਦਿਲ ਰੂਪੀ ਪਪੀਹੇ ਦੇ ਮਾਨੋਂ ਬਦੱਲ।

ਬੰਦਤਿ ਕਰ ਬੰਦਹਿਂ ਨਰ ਬ੍ਰਿੰਦ ॥੧੩॥
ਫਰਸ਼ ਬਿਸਾਲ ਭਯੋ ਰੰਗਦਾਰ।
ਗੁਰੁ ਕੋ ਰਚȳੋ ਸਿੰਘਾਸਨ ਚਾਰੁ।
ਬ੍ਰਿਧ ਗੁਰਦਾਸ ਬਾਮ ਅਰੁ ਦਾਂਏਂ।
ਅਪਰ ਮਸੰਦ ਸਿੱਖ ਸਮੁਦਾਏ ॥੧੪॥
ਨਿਜ ਮਹਿਲਨਿ ਤੇ ਚਲਿ ਕਰਿ ਆਏ।
ਪੌਰ ਦਰਸ਼ਨੀ ਸੀਸ ਨਿਵਾਏ।
ਪੁਨ ਹਰਿਮੰਦਰਿ ਸੁੰਦਰ ਗਏ।
ਦਰਸ਼ਨਿ ਲੈ ਅਭਿਬੰਦਨ ਕਿਏ ॥੧੫॥
ਪੁਨਹ ਪ੍ਰਦੱਛਨ ਕਰਿ ਚਲਿ ਆਏ।
ਥਲ ਅਕਾਲ ਬੁੰਗੇ ਥਿਤ ਪਾਏ।
ਬੈਠੇ ਆਨਿ ਸਿੰਘਾਸਨ ਚਾਰੂ।
ਸ਼੍ਰੀ ਮੁਖ ਆਇਸੁ ਕੀਨਿ ਉਚਾਰੂ ॥੧੬॥
'ਆਨਹੁ ਸ਼ਸਤ੍ਰ ਜੁ ਹਮ ਬਨਵਾਏ।
ਜਿਨ ਕੈ ਹਾਟਿਕ[1] ਅਧਿਕ ਲਗਾਏ।'
ਦੌਰਤਿ ਦਾਸ ਉਤਾਇਲ ਲਜਾਏ।
ਧਰੇ ਅਗਾਰੀ ਸਭਿ ਸਮੁਦਾਏ ॥੧੭॥
ਪੰਚਹੁਂ ਸਤਿਗੁਰ ਕੋ ਲੈ ਨਾਮ।
ਗਹੇ ਖੜਗ ਦ੍ਵੈ ਬਹੁ ਅਭਿਰਾਮ।
ਸੋ ਗਰ ਬਿਖੈ ਪਾਇ ਗੁਰੁ ਲੀਨੇ।
ਪੁਨ ਨਿਖੰਗ[2] ਕਰ ਧਾਰਨਿ ਕੀਨੇ ॥੧੮॥
ਗਰ ਮਹਿਂ ਪਾਇ ਸੁ ਕਟ ਸੰਗ ਬਾਂਧਾ।
ਜਿਸ ਮਹਿਂ ਸਰ ਖਰ ਕਰਿ ਅਰਿ ਬਾਧਾ[3]।
ਧਨੁਖ ਕਠੋਰ ਗਹȳੋ ਤਬਿ ਹਾਥ।
ਉਪਮਾ ਬਨੀ ਜਥਾ ਰਘੁਨਾਥ ॥੧੯॥
ਰਚȳੋ ਤਖਤ ਤਿਸ ਬੰਦਨ ਕੀਨਿ।
ਚਢਿ ਗੁਰੁ ਬੀਰਾਸਨ ਆਸੀਨ[4]।
ਬ੍ਰਿਧ ਆਦਿਕ ਗੁਰਦਾਸ ਮਸੰਦ।

---

[1]ਸੋਨਾ।
[2]ਭੱਥਾ।
[3]ਤਿੱਖੇ ਤੀਰ ਵੈਰੀ ਨੂੰ ਵਿੰਨ੍ਹਣ ਵਾਲੇ।
[4]ਬੀਰਾਸਨ ਹੋ ਬੈਠੇ। ਵੀਰ ਆਸਨ = ਇਕ ਗੋਡੇ ਨੂੰ ਟੇਕਕੇ ਦੂਸਰੇ ਪੈਰ ਭਾਰ ਯਾ ਖੱਬੇ ਪੈਰ ਤੇ ਗਿੱਟੇ ਪਰ ਸੱਜੀ ਲੱਤ ਰੱਖ ਕੇ ਬੈਠਣਾ।

ਅਵਿਲੋਕਤਿ ਬਿਸਮਾਇ ਬਿਲੰਦ ॥੨੦॥
ਹਾਥ ਜੋਰਿ ਕਰਿ ਬੂਝਨ ਲਾਗੇ।
'ਧਰਹਿਂ ਖੜਗ ਇਕ, ਜੇ ਭਟ ਆਗੇ[1]।
ਦੋਇ ਆਪ ਲੇ ਨਿਜ ਗਰ ਪਾਏ।
ਇਹ ਕਜਾ ਕਾਰਨ ਦੇਹੁ ਸੁਨਾਏ?' ॥੨੧॥
ਧਰੇ ਤੇਜ ਸਤਿਗੁਰੁ ਬਚ ਕਹੇ।
'ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ[2]।
ਦੂਸਰ ਤੇ ਪੀਰਨਿ ਕੀ ਪੀਰੀ[3] ॥੨੨॥
ਮੀਰੀ ਪੀਰੀ ਦੋਨੋਂ ਧਰੈਂ।
ਬਚਹਿ ਸ਼ਰਨਿ, ਨਤੁ ਜੁਗ ਪਰਹਰੈਂ[4]।'
ਸੁਨਿ ਸਤਿਗੁਰੁ ਕੇ ਬਾਕ ਅਡੋਲੇ।
ਧਰਿ ਸ਼ਰਧਾ ਲਹਿ ਅਨੰਦ ਅਤੋਲੇ ॥੨੩॥
ਬੈਠੇ ਸਤਿਗੁਰੁ ਤਖਤ ਸੁਹਾਵਤਿ।
ਸੁਰ ਗਨ ਮੈਂ ਜਿਮ ਸੁਰਪਤਿ ਭਾਵਤਿ।
ਕੈ ਮੁਨਿ ਗਨਿ ਮੈਂ ਰਘੁ ਕੁਲ ਚੰਦ[5]।
ਕੈ ਜਾਵਦ ਮਹਿਂ ਕ੍ਰਿਸ਼ਨ ਬਿਲੰਦ ॥੨੪॥
ਹੇਰਿ ਹੇਰਿ ਇਮ ਉਪਮਾ ਗਾਵਤਿ।
ਦੁਹ ਦਿਸ਼ਿ ਚਾਮਰ ਚਾਰੁ ਢੁਰਾਵਤਿ।
ਮਨਹੁ ਮਰਾਲ ਬਿਸਦ ਉਡ ਆਵਤਿ।
ਮੁਕਤਾ ਗਨ ਪਰ ਛੁਹਨਿ ਨ ਪਾਵਤਿ ॥੨੫॥
ਦੁਤਿ ਅਖੰਡ ਮੁਖ ਮੰਡਲ ਕੇਰੀ।
ਤੇਜ ਬਿਸਾਲ ਦਿਪਯੋ ਤਿਸ ਬੇਰੀ।
ਭਯੋ ਹੁਕਮ 'ਸੰਗਤਿ ਸਭਿ ਆਵੈ।
ਚਿਤ ਬਾਂਛਤ ਲੇ, ਭੇਟ ਚਢਾਵੈਂ' ॥੨੬॥
ਤਬਿ ਸੰਗਤਿ ਆਈ ਸਮੁਦਾਇ।
ਹੁਮ ਹੁਮਾਇ ਦਰਸ਼ਨ ਚਿਤ ਚਾਇ।
ਮਹਾਂ ਭੀਰ ਭੀ ਚੌਂਕ ਮਝਾਰਾ।

---

[1]ਜੋ ਸੂਰਮੇ ਅੱਗੇ (ਹੋਏ ਹਨ)।
[2]ਪਾਤਸ਼ਾਹਾਂ ਦੀ ਪਾਤਸ਼ਾਹੀ।
[3]ਪੀਰਾਂ ਦੀ ਸ਼ਕਤੀ।
[4]ਨਹੀਂ ਤਾਂ ਦੋਵੇਂ ਖੋਹਵਾਂਗੇ।
[5]ਰਾਮ ਚੰਦ੍ਰ ਜੀ।

ਦਰਸਹਿਂ ਸਤਿਗੁਰ ਖਰੇ ਹਜ਼ਾਰਾ ॥੨੭॥
ਭਈ ਇਕੱਤ੍ਰ ਸਮੋ ਲਖਿ ਨੀਕਾ।
ਉਠਯੋ ਬ੍ਰਿੱਧ ਕੀਨਿਸ ਤਬਿ ਟੀਕਾ।
ਕੇਸਰ ਚੰਦਨ ਕੋ ਤਬਿ ਸੋਹਾ।
ਪਿਖਿ ਮੁਖ ਮੰਡਲ ਸਭਿ ਮਨਿ ਮੋਹਾ ॥੨੮॥
ਪ੍ਰਥਮ ਬ੍ਰਿੱਧ ਨੇ ਧਰੀ ਅਕੋਰ।
ਨਮੋ ਕੀਨਿ ਕਰ ਜੋਰਿ ਨਿਹੋਰਿ[੧]।
ਬਹੁਰੋ ਨਿਕਟ ਜਿ ਰਹੈਂ ਮਸੰਦ।
ਧਰਹਿਂ ਭੇਂਟ ਬੰਦਤਿ ਕਰ ਬੰਦਿ ॥੨੯॥
ਤਿਨ ਪਾਛੇ ਜੇ ਦੇਸ਼ ਬਿਦੇਸ਼।
ਜਿਨ ਕੇ ਸੰਗਤਿ ਸੰਗ ਅਸ਼ੇਸ਼।
ਲੇ ਲੇ ਸਕਲ ਉਪਾਇਨ ਆਏ।
ਧਰਹਿਂ ਅਗਾਰੀ ਭੇਟ ਬਨਾਏ ॥੩੦॥
ਬਸਤ੍ਰ ਬਿਭੂਖਨ ਅਜਬ ਮਹਾਨੇ।
ਬੀਨਿ ਬੀਨਿ ਜਗ ਗੁਰੁ ਹਿਤ ਆਨੇ।
ਬਹੁਰ ਸ਼ਸਤ੍ਰ ਜਿਨ ਕੀ ਖਰ ਧਾਰਾ[੨]।
ਖਰਚਯੋ ਜਿਨ ਪਰ ਦਰਬ ਉਦਾਰਾ ॥੩੧॥
ਖੜਗ ਸਿਪਰ, ਬਿਧਿ ਬਿਬਿਧਿ ਤੁਫੰਗ[੩]।
ਚਪਲ ਬਲੀ ਤਨ ਰੁਚਿਰ ਤੁਰੰਗ।
ਜਮਧਰ[੪], ਤਰਕਸ਼, ਧਨੁਖ ਕਰਾਲੇ[੫]।
ਖੰਜਰ ਖੰਡੇ ਖਰ ਕਰਿ ਭਾਲੇ[੬] ॥੩੨॥
ਤੋਮਰ[੭], ਸਾਂਗਨਿ[੮], ਖਪਰੇ ਤੀਰਨਿ[੯]।
ਜਿਨ ਕੇ ਪਿਖਤਿ ਅਨੰਦ ਹੁਇ ਬੀਰਨਿ।
ਸ਼ਸਤ੍ਰਨਿ ਕੋ ਸਮੂਹ ਹੁਇ ਗਯੋ।
ਬਾਜੀ ਚਪਲ[੧] ਤਵੇਲਾ ਭਯੋ ॥੩੩॥

---

[੧]ਮੰਨਣਾ, ਸਨਮਾਨ ਕਰਨਾ (ਅ) ਬੇਨਤੀ ਕਰਨਾ (ੲ) ਕ੍ਰਿੱਤਗਯ ਹੋਣਾ।
[੨]ਤਿੱਖੀ ਧਾਰ (ਵਾਲੇ)।
[੩]ਕਈ ਤਰ੍ਹਾਂ ਦੀਆਂ ਬੰਦੂਕਾਂ।
[੪]ਕਟਾਰ।
[੫]ਭਯਾਨਕ ਧਨੁਖ (ਤੇ ਤੀਰਣਾਂ ਦੇ) ਭੱਥੇ।
[੬]ਤਿੱਖੇ ਕਰਕੇ ਬਰਛੇ।
[੭]ਨੇਜੇ।
[੮]ਬਰਛੀਆਂ।
[੯]ਤੀਰਾਂ ਦੀ ਕਿਸਮ ਹੈ।

ਦੋਨੋ ਦਿਸ਼ਿ ਸਤਿਗੁਰੁ ਰੁਖ ਕਰੇ।
ਪਰਖਹਿਂ ਆਯੁਧ ਗਹਿ ਕਰਿ ਖਰੇ।
ਘੋਰਨਿ ਮੋਰ ਮਨਿੰਦਨ[2] ਹੇਰੈਂ।
ਜਿਨ ਆਨੇ, ਲੇ ਖੁਸ਼ੀ ਘਨੇਰੈਂ ॥੩੪॥
ਧਨ ਦਿਸ਼ ਨਹੀਂ ਬਿਲੋਚਨ ਲਾਵੈਂ।
ਸ਼ਸਤ੍ਰ ਤੁਰੰਗ ਸੰਗ ਹਰਖਾਵੈਂ।
ਦਿਨ ਜੁਗ ਜਾਮ ਬਿਤਾਯੋ ਤਿਸ ਕਾਲ।
ਦਰਸ ਦੀਨ, ਸਿਖ ਕੀਨਿ ਨਿਹਾਲ ॥੩੫॥
ਅਨਗਨ ਚਢੀ ਉਪਾਇਨ ਆਗੇ।
ਅਨੁਰਾਗਹਿਂ ਗੁਰ ਪਗ ਬਡਭਾਗੇ।
ਨੌਬਤ ਖਾਨੋ ਬਜਹਿ[3] ਅਗਾਰੀ।
ਸਭਿ ਕੋ ਦਿਯੋ ਦਾਨ ਤਬਿ ਭਾਰੀ ॥੩੬॥
ਢਾਢੀ, ਭਾਟ, ਕਲਾਵਤ, ਚਾਰਨਿ[4]।
ਜਗ ਗੁਰੁ ਕੋ ਜਸੁ ਕੀਨਿ ਉਚਾਰਨਿ।
ਬਸਤ੍ਰ, ਦਰਬ ਦੀਨੇ ਸਮੁਦਾਏ।
ਪਾਇ ਦਾਨ ਕੋ ਸਭਿ ਹਰਖਾਏ ॥੩੭॥
ਜਿਹ ਜਿਹ ਨੀਕੋ ਲਜਾਇ ਤੁਰੰਗ।
ਕੈ ਖੰਡਾ ਖਰ[5], ਖੜਗ, ਖਤੰਗ[6]।
ਤੋਮਰ, ਤਬਰ[7], ਤਮਾਂਚ[8], ਤੁਫੰਗ[9]।
ਸੇਲ[10], ਸਰਾਸਨ[11], ਸਾਂਗ[12] ਸੁਰੰਗ ॥੩੮॥
ਤਿਸ ਕੋ ਬੂਝਹਿਂ ਨਿਕਟ ਹਕਾਰਿ।
ਕਰਹਿਂ ਸਰਾਹਨਿ ਅਸੁ[13] ਹਥਿਯਾਰ।

---

[1]ਚੰਚਲ ਘੋੜਿਆਂ ਦਾ।
[2]ਘੋੜੇ ਮੋਰਾਂ ਵਰਗੇ।
[3]ਨੱਕਾਰ ਖਾਨੇ (ਵਿਚ ਵਾਜੇ) ਵਜਦੇ ਹਨ।
[4]ਕੁਲ ਦੀ ਕੀਰਤੀ ਗਾਉਣ ਵਾਲਾ, [ਸੰਸ: ਚਾਰਣ]
[5]ਤਿੱਖਾ।
[6]ਤੀਰ [ਫਾ: ਖ਼ੁਦੰਗ] (ਅ) ਗਤਕਾ [ਫਾ: ਖ਼ਤਕ]
[7]ਜੰਗੀ ਕੁਹਾੜਾ।
[8]ਤਮੰਚਹ, ਤੁਰਕੀ ਵਿਚ ਪਸਤੌਲ ਵਰਗੇ ਇਕ ਸ਼ਸਤ੍ਰ ਦਾ ਨਾਮ ਹੈ।
[9]ਬੰਦੂਕ।
[10]ਬਰਛਾ।
[11]ਧਨੁਖ।
[12]ਲੰਮੀ ਬਰਛੀ, ਭਾਲੇ ਤੋਂ ਛੁਟੇਰੀ। (ਅ) ਬਰਛੀ ਜੋ ਸੁਟਕੇ ਮਾਰੀ ਦੀ ਹੈ।
[13]ਘੋੜੇ (ਤੇ)।

ਕ੍ਰਿਪਾ ਦ੍ਰਿਸ਼ਟਿ ਕੋ ਦੇਖਤਿ ਬੋਲੈਂ।
ਸੁਨਿ ਸਿਖ! ਪਾਇੰ ਸੁ[1] ਅਨੰਦ ਅਤੋਲੇ ॥੩੯॥
ਸੰਗਤਿ ਮਹਿਂ ਪ੍ਰਸਿੱਧ ਭਈ ਬਾਤ।
'ਸ਼ਸਤ੍ਰ ਤੁਰੰਗ ਤੇ ਗੁਰੁ ਹਰਖਾਤ।'
ਜੋ ਨਹਿਂ ਲਜਾਏ ਉਰ ਪਛੁਤਾਏ।
ਜਿਨਹੁਂ ਚਢਾਏ ਖੁਸ਼ੀ ਸੁ ਪਾਏ ॥੪੦॥
ਢਰੇ ਦੁਪਹਿਰ ਕੋ ਮਨ ਜਾਨਿ।
ਜਥਾ ਜੋਗ ਦੇ ਖੁਸ਼ੀ ਮਹਾਨਿ।
ਉਠਿ ਕਰਿ ਅਪਨੇ ਮਹਿਲ ਸਿਧਾਰੇ।
ਤੇਜ ਤੁਰੰਗ ਹੋਇ ਅਸੁਵਾਰੇ ॥੪੧॥
ਦਿਯੋ ਹੁਕਮ 'ਬਡ ਬਨੇ ਤਬੇਲਾ।
ਤੁਰੰਗ ਦਾਸ[2] ਗਨ ਕਰੋ ਸਕੇਲਾ।
ਜੋਧਾ ਆਇੰ ਰਹਨਿ ਕੋ ਜਬੈ।
ਰਾਖਿ ਲੇਹੁ ਹਮ ਸੋਂ ਕਹਿ ਤਬੈ ॥੪੨॥
ਸਰਬ ਤੁਰੰਗਨਿ ਦੀਜਹਿ ਦਾਨਾ[3]।
ਚਪਲਨ ਚੂਨ, ਘ੍ਰਿਤਿ, ਮਿਸ਼ਟਾਨਾ[4]।
ਬਾਜ਼ੀ ਕੈ ਸੁੰਦਰ ਹਥਿਯਾਰ।
ਕਹਿ ਦਿਹੁ ਆਵਹਿਂ ਬੇਚਨਹਾਰ ॥੪੩॥
ਮਾਝੇ ਦੇਸ਼ ਦੁਆਬੇ ਜਾਵੈਂ।
ਨਗਰਨਿ ਮਹਿਂ ਸੁਧਿ ਸਭਿਨਿ ਸੁਨਾਵੈਂ।
ਭਟ ਰਹਿਬੋ ਚਹਿ, ਢਿਗ ਹਮ ਆਵੈ।
ਕਰਹਿ ਚਾਕਰੀ ਧਨ ਕੋ ਪਾਵੈ' ॥੪੪॥
ਹੁਤੇ ਮਸੰਦ ਬਿਲੰਦ ਜਿ ਬ੍ਰਿੰਦ।
ਤਿਨ ਸੋਂ ਕਹਿ ਸ਼੍ਰੀ ਹਰਿਗੋਬਿੰਦ।
ਸ਼੍ਰੀ ਗੰਗਾ ਮਾਤਾ ਕੇ ਮੰਦਿਰ।
ਗਮਨੇ ਤਬਹਿ ਦਿਪਹਿ ਦੁਤਿ ਸੁੰਦਰ ॥੪੫॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਤਖਤਿ ਬੈਠਨਿ' ਪ੍ਰਸੰਗ ਬਰਨਨੰ ਨਾਮ ਤੀਨ ਚੱਤਵਾ ਰਿੰਸਤੀ ਅੰਸੂ ॥੪੩॥

---

[1]ਪਾਵੇਂਗਾ ਤੂੰ।
[2]ਘੋੜੇ ਤੇ ਨੌਕਰ, (ਅ) ਘੋੜਿਆਂ ਦੇ ਨੌਕਰ, ਸਾਈਸ।
[3]ਛੋਲਿਆਂ ਦਾ ਦਾਣਾ।
[4]ਚੰਚਲਾਂ ਨੂੰ ਆਟਾ, ਘਿਉ, ਮਿੱਠਾ ਭਾਵ ਨਿਹਾਰੀ।

੪੪. [ਖਸ਼ਟਮ ਗੁਰੂ ਜੀ ਦਾ ਵੀਰ ਰਸੀ ਰੂਪਕ]

੪੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੫

ਦੋਹਰਾ: ਜਨਨੀ ਰਿਦੇ ਪ੍ਰਤੀਖਤੀ,
ਚਹਿ ਦੇਖਨਿ ਮੁਖ ਚੰਦ।
ਸ਼ਸਤ੍ਰ ਬਸਤ੍ਰ ਸੰਯੁਕਤਿ ਤਿਮ,
ਗੇ ਸ਼੍ਰੀ ਹਰਿ ਗੋਵਿੰਦ ॥੧॥
ਚੌਪਈ: ਦੇਖਿ ਦੂਰ ਤੇ ਸੁਤ ਕੀ ਸ਼ੋਭਾ।
ਮਨਹੁਂ ਅਨੰਦ ਕੀ ਆਵਤਿ ਗੋਭਾ[1]।
ਨਿਕਟ ਪਹੁੰਚ ਕਰਿ ਬੰਦਨ ਠਾਨੀ।
ਆਸ਼ਿਖ ਦੀਨਿ ਕਹੀ ਮ੍ਰਿਦੁ ਬਾਨੀ ॥੨॥
ਚਿੱਤ੍ਰਤਿ ਜ਼ਰੀ ਮਖ਼ਮਲੀ ਮਢਜੋ।
ਅੰਤਰ ਤੇ ਦਾਸੀ ਦ੍ਰਤਿ ਕਢਜੋ।
ਬੈਠਿ ਮੋਹਿਰੇ[2] ਪਰ ਢਿਗ ਮਾਤਾ।
ਬੋਲੀ ਅਨੰਦ ਮੇਯ ਨਹਿਂ ਗਾਤਾ[3] ॥੩॥
'ਕਹੁ ਸੁਤਿ! ਸੰਗਤਿ ਕੇਤਿਕ ਆਈ?
ਦੇਸ਼ਨਿ ਕੇ ਮਸੰਦ ਸਮੁਦਾਈ।
ਲੇ ਉਪਹਾਰਨਿ ਮਿਲੇ ਕਿ ਨਾਂਹੀ?
ਜਿਮ ਪੂਰਬ ਤੁਮ ਪਿਤ ਕੇ ਪਾਹੀ?' ॥੪॥
ਸ਼੍ਰੀ ਹਰਿ ਗੋਵਿੰਦ ਸਕਲ ਬਤਾਯੋ।
'ਬ੍ਰਿੰਦ ਮਸੰਦਨਿ ਕੋ ਸਭਿ ਆਯੋ।
ਅਧਿਕ ਦੂਰ ਨਹਿਂ ਪਹੁੰਚੇ ਜੋਈ[4]।
ਆਵਤਿ ਚਲੇ ਇਤਹੁਂ ਸਭਿ ਕੋਈ ॥੫॥
ਸ਼ਸਤ੍ਰ ਬਸਤ੍ਰ ਅਰੁ ਚਪਲ ਤੁਰੰਗ।
ਆਨੇ ਸਿੱਖਨਿ ਸ਼ਰਧਾ ਸੰਗ।
ਅਧਿਕ ਪ੍ਰਸੰਨ ਕੀਨਿ ਮਨ ਮੋਰਾ।
ਕਿਨ ਹੱਥਜਾਰ ਦੀਨਿ, ਕਿਨ ਘੋਰਾ ॥੬॥
ਸੈਨ ਸਕੇਲੈਂ ਕੇਤਿਕ ਦਿਨ ਮੈਂ।
ਜੋਧਾ ਅਚਲ ਰਹਹਿਂ ਜੇ ਰਨ ਮੈਂ।
ਅਪਰ ਉਪਾਇਨ ਕੇ ਅੰਬਾਰ।

---

[1]ਕੇਲੇ ਦੇ ਫੁਲ ਦੀ ਕਲੀ ਜੋ ਲਟਕਦੀ ਸੁੰਦਰ ਲਗਦੀ ਹੈ, ਕਲੀ (ਅ) ਗੰਦਲ।
[2]ਮੂਹੜਾ (ਜੋ ਮਖਮਲ ਦੀ ਜ਼ਰੀ ਕਾਢ ਨਾਲ ਮੜ੍ਹਿਆ ਹੋਇਆ ਸੀ)।
[3]ਅਨੰਦ ਮੈਂਵਦਾ ਨਹੀਂ ਸਰੀਰ ਵਿਚ।
[4]ਜੋ ਬਹੁਤੇ ਦੁਰਾਡੇ ਹਨ ਸੋ ਨਹੀਂ ਪਹੁੰਚੇ।

ਸਿੱਖਨਿ ਅਰਪੀ ਸ਼ਰਧਾ ਧਾਰਿ ॥੭॥
ਸ੍ਰੀ ਨਾਨਕ ਸਿੱਖੀ ਬਿਦਤਾਈ।
ਦੇਸ਼ ਬਿਦੇਸ਼ਨਿ ਅਵਿਨੀ ਛਾਈ।'
ਸੁਨਿ ਮਾਤਾ ਸੁਖ ਪਾਇ ਘਨੇਰਾ-।
ਗੁਰੁਤਾ ਭਾਰ ਉਚਿਤ ਸੁਤ ਮੇਰਾ ॥੮॥
ਦੁਇ ਸ਼ਮਸ਼ੇਰ ਗਰੇ ਸਮ ਸ਼ੇਰ[੧]।
ਕਟ ਨਿਖੰਗ ਕਰ ਮਹਿਂ ਧਨੁ ਹੇਰਿ[੨]।
ਸ਼ਸਤ੍ਰਨ ਸਹਤ ਡੀਲ ਬਰ ਬੰਕਾ[੩]।
ਸੁਖਦ ਸੇਵਕਨਿ ਰਿਪੁਨਿ ਅਤੰਕਾ[੪] ॥੯॥
ਨਿਕਟ ਮਾਤ ਕੇ ਕੇਤਿਕ ਕਾਲਾ।
ਨਮੋ ਕਰੀ ਉਠਿ ਆਇ ਕ੍ਰਿਪਾਲਾ।
ਨਿਜ ਬੈਠਿਕ ਮਹਿਂ ਥਿਰਹਿ ਪ੍ਰਯੰਕਾ।
ਸ਼ਸਤ੍ਰ ਉਤਾਰਿ ਗੁਰੂ ਅਕਲੰਕਾ ॥੧੦॥
ਦੁਇ ਘਟਿਕਾ ਲਗਿ ਸੁਖ ਮਹਿਂ ਆਏ।
ਬਹੁਰ ਉਠੇ ਲੋਚਨ ਬਿਕਸਾਏ।
ਸੁੱਖਾ ਛਕ[*] ਸੁਚੇਤ ਪੁਨ ਹੋਵੈਂ।
ਚਢਿ ਤੁਰੰਗ ਪਰ ਬਾਹਰ ਜੋਵੈਂ[੫] ॥੧੧॥
ਕਰਹਿਂ ਅਖੇਰਬ੍ਰਿੱਤ[੧] ਕੀ ਲੀਲਾ।

---

[੧]ਦੋ ਤਲਵਾਰਾਂ ਗਲ ਵਿਚ, ਸ਼ੇਰ ਦੇ ਵਾਂਗ।
[੨]ਲੱਕ ਨਾਲ ਭੱਥਾ, ਹੱਥ ਵਿਚ ਧਨੁਖ ਦਿਖਾਈ ਦਿੰਦਾ ਹੈ।
[੩]ਬਾਂਕਾ ਅਤੇ ਸੁੰਦਰ।
[੪]ਵੈਰੀਆਂ ਨੂੰ ਭੈ ਦੇਣ ਵਾਲਾ।
[*]ਸੁੱਖੇ ਦਾ ਰਿਵਾਜ ਖਾਲਸੇ ਵਿਚ ਦਸਵੇਂ ਸਤਿਗੁਰਾਂ ਤੋਂ ਮਗਰੋਂ ਮਹਾਨ ਕਸ਼ਟਾਂ ਦੇ ਸਮੇਂ ਟੁਰਿਆ ਸੀ, ਜਦੋਂ ਦਿਨ ਰਾਤ ਦੇ ਜੁੱਧ ਜੰਗ, ਥਕੇਵੇਂ, ਮੁਸ਼ਕਲਾਂ, ਭਾਜੜਾਂ, ਫਾਕੇ ਕੜਾਕੇ ਰਹਿਣ ਲਗੇ ਤੇ ਸਰੀਰਾਂ ਨੇ ਬੀ ਥੱਕ ਕੇ ਰਹਿ ਜਾਣਾ, ਤਦੋਂ ਢਿੱਲੇ ਹੋਏ ਮਨਾਂ ਨੂੰ ਸੁਖ ਦੇਣ ਲਈ ਭੰਗ ਦੀ ਕਦੇ ਕਦਾਈਂ ਦੀ ਵਰਤੋਂ ਟੁਰੀ, ਜੋ ਖਾਸ ਨਿਹੰਗਾਂ ਸਿੰਘਾਂ ਵਿਚ ਤਾਂ ਠਾਣਾ ਹੀ ਲਾ ਬੈਠੀ ਤੇ ਐਨੀਂ ਵਧੀ ਕਿ ਉਸ ਸੰਪ੍ਰਦਾ ਨੂੰ ਹੀ ਨਿਰਬਲ ਕਰ ਗਈ। ਚੜ੍ਹਦੀ ਜਵਾਨੀ ਵਿਚ ਜਿਸ ਤ੍ਰਿਕਾਲੱਗ ਸੂਰਮੇਂ ਦੇ ਸਾਹਮਣੇ ਪ੍ਰਜਾ ਪੀੜਤ ਹੋ ਰਹੀ ਹੈ ਜੋ ਸਾਰੇ ਸੁਖਾਂ ਦੇ ਹੁੰਦਿਆਂ ਜੰਗੀ ਜੀਵਨ ਵਿਚ ਕਦਮ ਧਰਨ ਲੱਗਾ ਹੈ, ਭੰਗ ਦੀ ਨਿਰਬਲ ਕਰਨ ਵਾਲੀ ਵਰਤੋਂ ਕਦੋਂ ਜਾਰੀ ਕਰ ਸਕਦਾ ਹੈ? ਕਵੀ ਜੀ ਆਪ ਸੁੱਖੇ ਦਾ ਹੁਕਮ ਦਸਵੇਂ ਪਾਤਸ਼ਾਹ ਦੇ ਸਮੇਂ ਹੋਇਆ ਦੱਸਦੇ ਹਨ, ਜਿਸ ਤੋਂ ਇਹ ਤਾਂ ਸਿੱਧ ਹੋ ਗਿਆ ਕਿ ਛੇਵੇਂ ਸਤਿਗੁਰਾਂ ਵੇਲੇ ਨਹੀਂ ਹੋਇਆ, ਤੇ ਨਾ ਸਤਿਗੁਰ ਆਪ ਪੀਂਦੇ ਸੇ। ਦੇਖੋ ਰੁਤ ੩, ਅੰਸੂ ੨੧, ਅੰਕ ੪੧। ਫੇਰ ਰੁਤ ੫, ਅੰਸੂ ੨੮, ਅੰਕ ੨੩ ਵਿਚ ਦਸਵੇਂ ਪਾਤਸ਼ਾਹ ਜੀ ਆਪ ਭੰਗ ਨੂੰ ਹਾਨੀਕਾਰਕ ਨਸ਼ਿਆਂ ਵਿਚ ਗਿਣਦੇ ਹਨ ਤੇ ਦੱਸਦੇ ਹਨ ਕਿ ਇਹ ਪੀਣ ਵਾਲੇ ਦੇ ਸਰੀਰ ਨੂੰ ਦਗਧ ਕਰਨ ਵਾਲੀ ਹੈ। ਯਥਾ:- 'ਮਦਰਾ ਦਹਿਤਾ ਸਪਤ ਕੁਲ ਭੰਗੁ ਦਹੈ ਤਨ ਏਕ।' ਆਦਿ ਗੁਰੂ ਜੀ ਨੇ ਭਉ ਦੀ ਭੰਗ ਲਿਖੀ ਹੈ, ਯਥਾ:- 'ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ' ਪਰਮੇਸ਼ੁਰ ਦੇ ਭਉ ਨੂੰ ਭੰਗ ਬਣਾਓ, ਨਸ਼ੇ ਵਾਲੀ ਭੰਗ ਨਾ ਪੀਓ।
[੫]ਦੇਖਦੇ ਹਨ।

ਧਰਹਿਂ ਸ਼ਸਤ੍ਰ ਕਰਿ ਅੰਗ ਛਬੀਲਾ।
ਆਇ ਅਕਾਲ ਤਖਤਿ ਪਰ ਸੋਹੈਂ।
ਲਗਹਿ ਦਿਵਾਨ ਪਿਖਹਿਂ ਮਨ ਮੋਹੈਂ ॥੧੨॥
ਸੋਦਰ ਚੌਂਕੀ ਸ਼ਬਦ ਸੁਨੰਤੇ।
ਸੰਗਤਿ ਆਇ ਰੂਪ ਦਰਸੰਤੇ।
ਬਹੁਰ ਜਾਇ ਨਿਜ ਮਹਿਲ ਮਝਾਰਾ।
ਅਨਿਕ ਸ੍ਵਾਦ ਕੇ ਅਚਹਿਂ ਅਹਾਰਾ ॥੧੩॥
ਜਾਮ ਗਏ ਜਾਮਨਿ ਸੁਪਤਾਵੈਂ।
ਰਹੇ ਜਾਮ ਉਠਿ ਸੌਚਿ ਨਹਾਵੈਂ।
ਇਸਿ ਬਿਧਿ ਕਰਿ ਹੈਂ ਨਿਤ ਬਿਵਹਾਰੂ।
ਦਿਨ ਪ੍ਰਤਿ ਬਲੀ ਹੋਤਿ ਦੁਤਿ ਚਾਰੂ ॥੧੪॥
ਮਾਂਝੇ ਦ੍ਵਾਬੇ ਦੇਸ਼ ਮਝਾਰੀ।
ਸੁਧਿ ਪਸਰੀ ਸਤਿਗੁਰ ਕੀ ਸਾਰੀ।
'ਭਏ ਸ਼ਸਤ੍ਰ ਧਾਰੀ ਬਲਿ ਭਾਰੀ।
ਸੈਨ ਸਕੇਲਨਿ ਕਰਤਿ ਉਚਾਰੀ' ॥੧੫॥
ਸੁਨਿ ਦੋਨਹੁਂ ਦੇਸ਼ਨਿ ਕੇ ਜੋਧਾ।
ਲਰਹਿਂ ਮਰਹਿਂ ਮਾਰਹਿਂ ਧਰਿ ਕ੍ਰੋਧਾ।
ਇਕਠੇ ਹੋਇ ਚਾਰ ਸੈ ਸੂਰ।
ਹੇਤੁ ਜੀਵਕਾ ਆਇ ਹਦੂਰ ॥੧੬॥
ਥਿਰੇ ਤਖਤ ਪਰ ਸਤਿਗੁਰੁ ਹੇਰੇ।
ਸਭਿਹਿਨਿ ਬੰਦਨ ਕਰਿ ਤਿਸ ਬੇਰੇ।
ਬੈਠੇ ਨਹੀਂ ਖਰੇ ਸਭਿ ਰਹੇ।
ਪਿਖਿ ਸ਼੍ਰੀ ਹਰਿ ਗੋਵਿੰਦ ਬਚ ਕਹੇ ॥੧੭॥
'ਅਹੈਂ ਕੌਨ? ਇਨ ਬੂਝਨਿ ਕਰੋ।
ਠਾਂਢੇ ਕੌਨ ਮਨੋਰਥ ਧਰੋ?
ਜਾਇ ਮੇਵਰੇ ਬੂਝਨਿ ਕੀਨੇ।
'ਕੌਨ ਦੇਸ਼ ਤੇ ਆਇ ਨਵੀਨੇ? ॥!੮॥
ਠਾਂਢੇ ਰਹੇ ਕਹਹੁ ਨਿਜ ਕਾਜਾ।
ਪੂਛਤਿ ਆਪ ਗਰੀਬਿ ਨਿਵਾਜਾ।'
ਹਾਥ ਜੋਰਿ ਕਰਿ ਦੀਨਿ ਸੁਨਾਏ।
'ਹੇਤ ਜੀਵਕਾ ਹਮ ਚਲਿ ਆਏ ॥੧੯॥

---

[1]ਸ਼ਿਕਾਰ।

ਦੋਨਹੁਂ ਦੇਸ਼ਨਿ ਕੇ ਹਮ ਵਾਸੀ।
ਚਾਹਤਿ ਰਿਦੇ ਰਹਨਿ ਗੁਰ ਪਾਸੀ।'
ਆਨਿ ਹਜ਼ੂਰ ਕਰੀ ਅਰਦਾਸ।
'ਬਿਤਿ[1] ਹਿਤ ਚਹਤਿ ਰਹਤਿ ਤੁਮ ਪਾਸ' ॥੨੦॥
ਤਬਿ ਸਤਿਗੁਰੁ ਨੇ ਸਭਿ ਬਿਧਿ ਜਾਨੀ।
-ਜਨਮ ਧਰਜੋ ਸੁਰ ਗਨ ਜਗ ਆਨੀ।
ਬ੍ਰਿੰਦ ਗ੍ਰਾਮ ਪੁਰਿ ਮਹਿਂ ਸਮੁਦਾਏ।
ਬਹੁ ਜਤਨਿ ਕੇ ਘਰ ਜਨਮਾਏ ॥੨੧॥
ਦਿਜ, ਬਾਹਜ, ਬਿਟ[2], ਸ਼ੂਦ੍ਰਨਿ ਧਾਮੂ।
ਲੀਨਸਿ ਜਨਮ ਹਮਾਰੇ ਕਾਮੂ।
ਸੋ ਅਬਿ ਸੁਧਿ ਕਰਿ ਸਭਿ ਚਲਿ ਆਏ।
ਹਨਹਿਂ ਤੁਰਕ ਗਨ ਜੰਗ ਮਚਾਏ- ॥੨੨॥
ਕਰਜੋ ਹੁਕਮ 'ਸਭਿਹਿਨਿ ਲਿਹੁ ਰਾਖਿ।
ਦੇਗ ਬਿਖੈ ਦਿਹੁ ਭੋਜਨ ਭਾਖਿ।
ਨਿਕਟ ਬੁਲਾਇ ਬਿਲੋਕਨਿ ਕਰੇ।
ਨਈ ਬੈਸ[3] ਸਬਿ ਕੀ, ਬਲ ਭਰੇ ॥੨੩॥
ਕਿਸ ਕੇ ਸ਼ਮਸ[4] ਅਲਪ ਹੀ ਆਈ।
ਕਿਸ ਕੇ ਨਹਿਂ, ਇਕ ਸਮ ਸਮੁਦਾਈ[5]।
ਬੀਸ ਪਚੀਸਨਿ[6] ਬੈਸ ਸਰੀਰ।
ਸ਼ਸਤ ਸੁ ਬਸਤ੍ਰ ਨਹੀਂ ਕਿਸ ਤੀਰ ॥੨੪॥
ਜਿਨ ਕੋ ਤੁਰਕ ਗਵਾਰ ਕਹੰਤੇ।
ਨਹਿਨ ਚਾਕਰੀ ਹੇਤੁ ਰਖੰਤੇ।
ਸਭਿ ਸਤਿਗੁਰੁ ਸੋ ਰਾਖਨਿ ਕਰੇ।
ਬਸਤ੍ਰ ਸ਼ਸਤ੍ਰ ਦੇ ਸ਼ੁਭਤਾ ਧਰੇ ॥੨੫॥
ਰਹਨਿ ਲਗੇ ਸਤਿਗੁਰੁ ਕੇ ਤੀਰ।
ਆਯੁਧ ਬਿੱਦਜਾ ਨਿਤ ਕਰਿ ਬੀਰ।
ਖੰਡੇ ਖੜਗ ਤੁਫੰਗ ਕਮਾਨ।

---

[1]ਉਪਜੀਵਕਾ।
[2]ਬ੍ਰਹਮਣ ਖੱਤ੍ਰੀ ਤੇ ਵੈਸ਼ [ਸੰਸ: ਬਿਟ]
[3]ਨਵੀਂ ਆਯੂ।
[4]ਦਾੜ੍ਹੀ।
[5]ਇੱਕੋ ਜਿਹੇ ਸਾਰੇ।
[6]ਵੀਹ ਪੱਚੀ (ਸਾਲਾਂ ਦੀ)।

ਸਭਿ ਕੋ ਦੇ ਕੀਨੇ ਸਵਧਾਨ ॥੨੬॥
ਬਹੁਰੋ ਬਖਸ਼ੇ ਸਭਿਨਿ ਤੁਰੰਗ।
ਹੁਇ ਅਸਵਾਰ ਚਢਹਿਂ ਨਿਤ ਸੰਗ।
ਵਹਿਰ ਅਖੇਰ ਗੁਰੂ ਜਬਿ ਜਾਵੈਂ।
ਆਯੁਧ ਬਿੱਦਯਾ ਤਿਨਹਿਂ ਸਿਖਾਵੈਂ ॥੨੭॥
ਦਿਨ ਪ੍ਰਤਿ ਵਹਿਰ ਅਖੇਰ ਕਰੰਤੇ।
ਤੀਰ ਤੁਫੰਗਨਿ ਬ੍ਰਿੰਦ ਛੁਟੰਤੇ।
ਬਾਜ, ਕੁਹੀ, ਜੁਰਰੇ[1], ਬਡ ਸ੍ਵਾਨ[2]।
ਚੀਤੇ, ਸਯਾਹਗੋਸ਼[3] ਬਲਵਾਨ ॥੨੮॥
ਲਗਰ, ਝਗਰ, ਸ਼ਿਕਰੇ[2], ਗਨ ਸੰਗ।
ਕਰਹਿਂ ਅਖੇਰ ਧਵਾਇ ਤੁਰੰਗ।
ਸ਼ਸਤ੍ਰ ਧਰਨਿ ਕੋ ਸੁਜਸੁ ਉਦਾਰ।
ਫੈਲਯੋ ਸਗਰੇ ਦੇਸ਼ ਮਝਾਰ ॥੨੯॥
ਸੁਨਿ ਅਬਿਦੁਲ ਢਾਢੀ ਚਲਿ ਆਯੋ।
ਭਏ ਸੁਭਟ ਤਿਨ ਕੋ ਜਸੁ ਗਾਯੋ।
ਜਿਸ ਕੇ ਸੁਨਤਿ ਬੀਰ ਰਸ ਜਾਗੇ।
ਕਾਇਰ ਸੋ ਪਿ ਲਰੇ, ਨਹਿਂ ਭਾਗੇ ॥੩੦॥
ਨਿਜ ਸੁਭਟਾਨਿ[4] ਸੁਨਾਵਨਿ ਕਾਰਨ।
ਕਰਹਿਂ ਜੰਗ ਜੈਸੇ ਬਡ ਦਾਰੁਨ।
ਅਬਿਦੁਲ ਕੋ ਚਾਕਰ ਕਰਿ ਰਾਖਯੋ।
ਦਰਬ ਦਿਵਾਇ ਮਸੰਦਨਿ ਭਾਖਯੋ ॥੩੧॥
ਬਲੀ ਤੁਰੰਗ ਦਿਯੋ ਹਿਤ ਚਰਿਬੇ[5]।
ਸੁਭਟਨਿ ਵਾਰਿ ਸੁਨਾਵਨਿ ਕਰਿਬੇ।
ਇਮਿ ਦਿਨ ਪ੍ਰਤਿ ਗੁਰੁ ਸੈਨ ਸਕੇਲੇ।
ਸੰਗਤਿ ਗਨ ਪਹੁੰਚਹਿ ਕਰਿ ਮੇਲੇ ॥੩੨॥
ਵਧਯੋ ਸਮਾਜ ਅਧਿਕ ਸਭਿ ਭਾਂਤੀ।
ਸੁਨਿ ਪਿਖਿ ਮਾਤਾ ਸੀਤਲ ਛਾਤੀ।
ਆਇ ਉਪਾਇਨ ਪੂਜਾ ਹੋਤੇ।

---

[1]ਬਾਜ ਦੀ ਕਿਸਮ ਦੇ ਸ਼ਿਕਾਰੀ ਪੰਛੀਆਂ ਦੇ ਨਾਮ।
[2]ਕੁੱਤੇ।
[3]ਇਕ ਸ਼ਿਕਾਰੀ ਜਾਨਵਰ ਦਾ ਨਾਮ।
[4]ਸੂਰਮਿਆਂ ਨੂੰ।
[5]ਚੜ੍ਹਨ ਲਈ।

ਬਡ ਪੀਰਨਿ ਕੇ ਪੀਰ ਉਦੋਤੇ ॥੩੩॥
ਚਢੈਂ ਸੈਨ ਸੰਗ ਸੁਭਟ ਪ੍ਰਬੀਨ।
ਇਹਿ ਮੀਰਨਿ ਕੀ ਮੀਰੀ ਲੀਨਿ।
ਆਇੰ ਅਕੋਰੈਂ ਸ਼ਸਤ੍ਰ ਤੁਰੰਗ।
ਅਧਿਕ ਚਮੂੰ ਬ੍ਰਿੱਧਤਿ ਚਢਿ ਸੰਗ ॥੩੪॥
ਚਲਤਿ ਅਗਾਰੀ ਬਜਹਿ ਨਿਸ਼ਾਨਾ।
ਝੰਡਾ ਝੂਲਤਿ ਖਰੋ ਮਹਾਨਾ।
ਦਿਨਪ੍ਰਤਿ ਉਤਸਵ ਹੋਤਿ ਨਵੀਨੇ।
ਬਡੇ ਭਾਗ ਜਿਨਿ ਦੇਖਨਿ ਕੀਨੇ ॥੩੫॥
ਦੀਪਮਾਲਕਾ ਬਹੁਰੋ ਆਈ।
ਚਹੁੰਦਿਸ਼ਿ ਤੇ ਸੰਗਤਿ ਉਮਡਾਈ।
-ਮੱਜਨ ਕਰਹਿਂ ਸੁਧਾਸਰ ਮੇਲੇ।
ਖਸ਼ਟਮ ਸਤਿਗੁਰੁ ਪਿਖਹਿਂ ਸੁਹੇਲੇ ॥੩੬॥
ਬਾਜੀ[1] ਸ਼ਸਤ੍ਰ ਭੇਟ ਲੇ ਹਰਖਤਿ-।
ਯਾਂ ਤੇ ਲਜਾਵਤਿ ਨੀਕੇ ਪਰਖਤਿ।
ਪ੍ਰਿਥਕ ਹੋਤਿ ਪੂਜਾ ਹਰਿਮੰਦਰ।
ਬੈਠਹਿਂ ਤਖਤਿ ਆਪ ਬਨਿ ਸੁੰਦਰ ॥੩੭॥
ਗਨ ਮਸੰਦ ਸੰਗਤਿ ਸੰਗਿ ਲੀਏ।
ਬੰਦਨ ਕਰਹਿਂ ਦਰਸ ਚਿਤ ਦੀਏ।
ਦੱਖਨ ਦਿਸ਼ ਤੇ ਕਿਸ ਮਹਿਪਾਲਾ।
ਇਕ ਗਜ ਭੇਜਯੋ ਬਲੀ ਬਿਸਾਲਾ ॥੩੮॥
ਸ਼ਸਤ੍ਰ ਤੁਰੰਗ ਬ੍ਰਿੰਦ ਤਬਿ ਆਏ।
ਪੂਰੇ ਭਾਵਨੀ ਗੁਰੁ ਅਰਪਾਏ।
ਸ੍ਰੀ ਹਰਿਗੋਬਿੰਦ ਰਿਦੇ ਬਿਚਾਰੈਂ।
-ਸਿੱਖਨਿ ਬਿਖੈ ਰੀਤਿ ਅਬਿ ਡਾਰੈਂ- ॥੩੯॥
ਤਿਸਿ ਕਾਰਨ ਤੇ ਬਾਕ ਉਚਾਰਾ।
'ਗੁਰੂ ਪਿਤਾ ਹਿਤ ਕੀਜਹਿ ਤਜਾਰਾ।
ਇਕ ਹਾਥੀ ਅਰੁ ਪੰਚ ਤੁਰੰਗ।
ਸ਼ਸਤ੍ਰ ਬਸਤ੍ਰ ਬਹੁ ਬਿਧਿ ਕੇ ਸੰਗ' ॥੪੦॥
ਖਰੇ ਹੋਇ ਕਰਿ ਤਖਤ ਅਗਾਰੀ।
ਪਿਤਾ ਧਜਾਨ ਕੋ ਧਰਿ ਤਿਸ ਬਾਰੀ।

---
[1]ਘੋੜੇ।

ਲੇ ਕਰਿ ਹੁਕਮ ਖਰੋ ਗੁਰਦਾਸ।
ਕਹਿ ਗੁਰੁ ਨਾਮ ਕੀਨਿ ਅਰਦਾਸ ॥੪੧॥
ਅਰਪੀ[1] ਵਸਤੁ ਲੀਨਿ ਸੰਭਾਰੀ।
ਗਜ ਢਾਢੀ ਕੋ ਹਿਤ ਅਸਵਾਰੀ।
ਲੇ ਤਿਨ ਸੁਜਸੁ ਗੁਰੂ ਕੋ ਕਰਜੋ।
'ਤੀਨ ਲੋਕਪਤਿ ਪ੍ਰਭੁ ਅਵਤਰਜੋ' ॥੪੨॥
ਬਹੁਰ ਗਏ ਸਤਿਗੁਰੁ ਹਰਿਮੰਦਰਿ।
ਬਸਤ੍ਰ ਤੁਰੰਗ ਦਿਏ ਬਹੁ ਸੁੰਦਰ।
ਸ੍ਰੀ ਮੁਖ ਤੇ ਫੁਰਮਾਵਨਿ ਕੀਨੇ।
'ਜੋ ਇਹ ਰੀਤਿ ਕਰਹਿ ਸਿਖ ਚੀਨੇ ॥੪੩॥
ਅਰਪਹਿ ਵਸਤੁ ਜਿ ਮ੍ਰਿਤਕ ਪਿਛਾਰੀ।
ਹੋਇ ਅਖੈ ਫਲ ਬਹੁ ਤਿਸਿ ਬਾਰੀ।
ਪ੍ਰਾਪਤਿ ਸੁਖ ਪਰਲੋਕ ਮਝਾਰਾ।
ਮਿਟਹਿ ਸਜਾਇ ਅਘੀ[2] ਹੁਇ ਭਾਰਾ ॥੪੪॥
ਕਰਹਿ ਰੀਤਿ ਸਿਖ ਹ੍ਵੈ ਜਿ ਹਮਾਰੋ।
ਜਥਾ ਸ਼ਕਤਿ ਅਰਪਹਿ ਸੁਖ ਭਾਰੋ।'
ਨਿਜ ਪਿਤ ਹਿਤ ਕੇ ਮਿਸਿ ਬਿਦਤਾਈ[*]।
ਜਿਸ ਸਿੱਖਨਿ ਕੋ ਹੁਇ ਸੁਖਦਾਈ ॥੪੫॥
'ਧੰਨਿ ਧੰਨਿ' ਸਭਿਹੂਨਿ ਉਚਾਰੀ।
ਮਹਾਂ ਬਲੀ ਸਤਿਗੁਰ ਉਪਕਾਰੀ।
ਅਧਿਕ ਚਮੂੰ ਕੀਨੀ ਨਿਜ ਸੰਗ।
ਬਖਸ਼ੇ ਆਯੁਧ ਬ੍ਰਿੰਦ ਤੁਰੰਗ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਤਿਗੁਰੂ ਬਿਲਾਸ' ਪ੍ਰਸੰਗ ਬਰਨਨੰ ਨਾਮ ਚਤੁਰ ਚੱਤ੍ਵਾਰਿੰਸਤੀ ਅੰਸੂ ॥੪੪॥

---

[1]ਅਰਪੀਆਂ ਹੋਈਆਂ।
[2](ਜੇ) ਪਾਪੀ।
[*]ਭਾਵ ਸਿਖਾਂ ਨੂੰ ਦਾਨ ਦੇਣ ਦੀ ਰੀਤੀ ਪ੍ਰਗਟ ਕੀਤੀ।

੪੫. [ਉਤਸਾਹ, ਬਖਸ਼ਿਸ਼ ਆਦਿਕ ਬਿਲਾਸ]

੪੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੬

ਦੋਹਰਾ: ਗੁਰੂ ਗਰੀਬ ਨਿਵਾਜ ਤਬਿ,
ਨਾਮ ਅਪਨ ਬਿਦਤਾਇ।
ਰਾਖੇ ਸੰਗ ਗਰੀਬ ਜਨ,
ਬਖਸ਼ਿਸ਼ ਦੇ ਬਡਿਆਇ ॥੧॥
ਚੌਪਈ: ਬਿੱਦਜਾ ਸ਼ਸਤ੍ਰਨਿ ਕੀ ਬਹੁ ਪਾਈ।
ਤੁਪਕ ਚਲਾਇ ਤੁਰੰਗ ਧਵਾਈ।
ਤੋਮਰ ਹਨਹਿਂ ਖਤੰਗ[1] ਪ੍ਰਹਾਰਹਿਂ।
ਹਿਤ ਅਖੇਰ ਬਨ ਜੀਵ ਸੰਘਾਰਹਿਂ ॥੨॥
ਧੌਂਸਾ ਧੁੰਕਾਰਤਿ ਪੁਨ ਆਵੈਂ।
ਆਵਤਿ ਕੋ ਨਰ ਦੇਖਨਿ ਧਾਵੈਂ[2]।
ਸੁਨਹਿਂ ਸੁਜਸੁ ਰਹਿਬੇ ਹਿਤ ਸੂਰ।
ਦੂਰਿ ਦੂਰਿ ਤੇ ਆਇਂ ਹਦੂਰ ॥੩॥
ਕਬਹੁਂ ਪੰਚ ਕਬਿ ਦਸ ਕੋ ਰਾਖੈਂ।
ਪਰਹਿਂ ਸ਼ਰਨਿ ਜੇ ਬਿਤਿ ਅਭਿਲਾਖੈਂ[3]।
ਦਯਾ ਕਰਹਿਂ ਬਖਸ਼ਹਿਂ ਸੁਖ ਸਾਰੋ।
ਬਸਤ੍ਰ ਸ਼ਸਤ੍ਰ ਅਸੁ[4] ਰੁਚਿਰ ਅਹਾਰੋ ॥੪॥
ਗੁਰੁ ਉਪਕਾਰ ਜਾਨਿ ਕਰਿ ਬੀਰ।
ਮਨ ਤੇ ਅਰਪਜੋ ਸਰਬ ਸਰੀਰ।
ਜਹਿਂ ਗੁਰ ਕੋ ਕਾਰਜ ਬਨਿ ਜਾਇ।
ਮਾਰਨਿ ਮਰਨਿ ਬਿਖੈ ਮੁਦ ਪਾਇਂ ॥੫॥
ਕਹੈਂ ਪਰਸਪਰ ਜੋਧਾ ਐਸੇ।
'ਹਮਹਿਂ ਮਿਲੇ ਪਤਿ ਰਘੁਬਰ ਜੈਸੇ[*]।
ਸਰਬ ਮ੍ਰਿਗਨਿ ਤੇ ਜੋਨੀ ਹੀਨ[5]।
ਕੋ ਕਾਰਜ ਕਬਿ ਬਨਹਿ ਕਿਸੀ ਨ ॥੬॥

---

[1]ਤੀਰ [ਫਾ: ਖਦੰਗ]
[2]ਦੌੜਦੇ ਹਨ।
[3]ਰੋਜ਼ੀ ਦੀ ਚਾਹ ਕਰਕੇ।
[4]ਘੋੜਾ।
[*]ਭਾਵ (ਜਿਸ ਰਾਮਚੰਦ੍ਰ ਨੇ) ਸਭ ਪਸ਼ੂਆਂ ਤੋਂ ਨੀਵੇਂ, ਜਿਸਤੋਂ ਕਿਸੇ ਦਾ ਕਦੇ ਕੰਮ ਨਹੀਂ ਸੰਵਰਿਆਂ ਐਸੇ ਬਾਂਦਰਾਂ ਨੂੰ ਬਨ ਵਿਚ ਵੇਖਕੇ ਉਹਨਾਂ ਤੇ ਕ੍ਰਿਪਾ ਧਾਰ ਕੇ ਰਾਵਣ ਮਹਾਂ ਬਲੀ ਦਾ ਬਲ ਤੇ ਹੰਕਾਰ ਦੂਰ ਕੀਤਾ।
[5]ਸਾਰੇ ਬਨ ਪਸੂਆਂ [ਸੰ: ਮ੍ਰਿਗ = ਬਨ ਪਸੂ] ਤੋਂ ਤੁੱਛ ਜੋਨੀ ਵਾਲੇ (ਬਾਂਦਰ)

ਅਸ ਬਾਨਰ ਬਨ ਮਹਿਂ ਗਨ ਹੇਰੇ[+]।
ਤਿਨ ਪਰ ਕਰੁਨਾ ਧਾਰਿ ਘਨੇਰੇ।
ਮਹਾਂਬਲੀ ਰਾਵਨ ਦਸ ਸੀਸ।
ਪ੍ਰਾਕ੍ਰਮ[੧] ਗਰਬ ਹਰਯੋ ਮਿਲਿ ਕੀਸ[੨] ॥੭॥
ਤਿਨ ਸਮ ਸਭਿ ਬਾਤਨਿ ਤੇ ਹੀਨ।
ਕ੍ਰਿਪਾ ਦ੍ਰਿਸ਼ਟਿ ਹਮ ਪਰ ਗੁਰੁ ਕੀਨਿ।
ਜੋ ਕਹਿਵਾਇ ਜਹਾਨ ਪਨਾਹ[੩]।
ਤਿਨ ਕੇ ਸੰਗ ਜੰਗ ਕੀ ਚਾਹ ॥੮॥
ਹੀਨ ਜੂਨ ਬਾਨਰਨਿ[੪] ਸਮਾਨ।
ਜੇ ਨ ਕਰਹੁਗੇ ਰਣ ਘਮਸਾਨ।
ਤੌਂ ਕੀਸਨਿ ਤੇ[੬] ਹੀਨ ਅਹੈ ਕੋ।
ਜਿਸ ਕੀ ਸਮਤਾ ਹਮਹਿ ਕਹੈ ਕੋ ॥੯॥
ਰਣ ਮਹਿਂ ਨ੍ਰਿਭੈ ਸ਼ੱਤ੍ਰੂ ਗਨ ਆਇ।
ਹਤਹੁ ਸ਼ਸਤ੍ਰ, ਗੁਰੁ ਸੰਗ ਸਹਾਇ।
ਇਮ ਆਪਸਿ ਮਹਿਂ ਕਹਿ ਪ੍ਰਣ ਕਰੈਂ।
ਅਧਿਕ ਬੀਰਤਾ ਕੋ ਉਰ ਧਰੈਂ ॥੧੦॥
ਵਹਿਰ ਅਰੂਢਹਿਂ ਗੁਰੂ ਸੁਨਾਵੈਂ[੫]।
'ਤੁਮਰੇ ਹੁਕਮ[੬] ਓਜ ਦਿਖਰਾਵੈਂ।
ਅਰਪਯੋ ਰਾਵਰ ਕੇ ਪਗ ਸੀਸ।
ਤੁਮਹਿ ਪ੍ਰਵਾਹ ਨ ਹੇ ਜਗਦੀਸ਼! ॥੧੧॥
ਦੁਹਿ ਲੋਕਨਿ ਕੀ ਚਹਿ ਕੱਲਜਾਨ।
ਪਰੇ ਸ਼ਰਨਿ ਰਾਵਰ ਕੀ ਆਨਿ।'
ਇਸ ਬਿਧਿ ਬਹੁਤ ਬੀਰ ਰਸ ਵਧੇ।
ਆਯੁਧ ਬਿੱਦਯਾ ਕੋ ਨਿਤ ਸਧੇ[੭] ॥੧੨॥
ਜੋਧਾ ਬ੍ਰਿੰਦ ਬਿਲੰਦ ਅਨੰਦਤਿ।

[+]ਪਾ:-ਅਸ ਬਨ ਮਹਿਂ ਹਰਿ ਕਪਿ ਗਨ ਹੇਰੇ।
[੧]ਬਲ।
[੨]ਬਾਂਦਰਾਂ ਨਾਲ ਮਿਲਕੇ।
[੩]ਜੋ 'ਜਹਾਂ ਪਨਾਹ' ਪਾਤਸ਼ਾਹ ਕਹਾਉਂਦਾ ਹੈ।
[੪]ਬਾਂਦਰਾਂ ਤੋਂ।
[੫]ਗੁਰੂ ਜੀ ਨੂੰ ਸੁਣਾਉਂਦੇ ਹਨ।
[੬](ਹੇ ਗੁਰੂ ਜੀ!) ਆਪ ਦੇ ਹੁਕਮ ਨਾਲ (ਅਸੀਂ)।
[੭]ਸ਼ਸਤ੍ਰ ਵਿਦਯਾ ਦੀ ਸਾਧਨਾਂ ਕਰਦੇ ਹਨ।

ਗੁਰ ਸੁਖਕੰਦ ਬੰਦਿ ਕਰ ਬੰਦਤਿ।
ਸਰਬ ਦਰਬ ਲੇ ਸਦਨ ਅਨੰਦਤਿ।
ਗੁਰ ਸੁਖਕੰਦ ਬੰਦਿ ਕਰ ਬੰਦਤਿ।
ਸਰਬ ਦਰਬ ਲੇ ਸਦਨ ਪੁਚਾਵੈਂ।
ਭੋਜਨ ਦੇਗ ਬਿਖੇ ਨਿਤ ਖਾਵੈਂ ॥੧੩॥
ਸ਼ਸਤ੍ਰ ਬਸਤ੍ਰ ਬਖਸ਼ਹਿਂ[੧] ਭਟ ਗਨ ਕੋ।
ਜੋ ਅਭਿਲਾਖਤਿ ਮਨ ਮਹਿਂ ਰਨ ਕੋ।
ਇਮ ਨਿਤਪ੍ਰਤਿ ਅਤਿ ਚਿਤ ਉਤਸਾਹਿਤ।
ਚਮੂੰ ਸਹਤ ਗੁਰ ਕਾਨਨ ਗਾਹਤਿ[੨] ॥੧੪॥
ਛੋਰਹਿਂ ਬਾਜ ਬਿਹੰਗ[*] ਪਕਰਾਵੈਂ।
ਸ੍ਵਾਨਨਿ ਤੇ ਮ੍ਰਿਗ ਸਸਾ ਗਹਾਵੈਂ।
ਗਨ ਜੋਧਾ ਆਯੁਧ ਤੇ ਮਾਰਹਿ।
ਕਰਹਿਂ ਅਖੇਰ ਜੀਵ ਸੰਘਾਰਹਿਂ ॥੧੫॥
ਜਿਮ ਰਘੁਬਰੁ ਗਨ ਸੈਨ ਸਕੇਲੇ।
ਸਰਜੂ[੩] ਤੀਰ ਅਖੇਰ ਸੁ ਖੇਲੇ।
ਗਨ ਜਾਦਵ ਕੋ ਸੰਗ ਚਢਾਇ।
ਜਥਾ ਕ੍ਰਿਸ਼ਨ ਕਾਨਨ ਫਿਰਿ ਆਇ ॥੧੬॥
ਅਪਰ ਮਹਾਂ ਧਰਮਾਤਮ ਰਾਜੇ।
ਬਿਚਰੇ ਬਨ ਅਖੇਰ ਬ੍ਰਿਤ ਕਾਜੇ[+]।
ਤਿਮ ਸ਼੍ਰੀ ਸਤਿਗੁਰੁ ਹਰਿਗੋਵਿੰਦ।
ਕਰਹਿਂ ਸ਼ਿਕਾਰ ਬਿਹਾਰ ਬਿਲੰਦ ॥੧੭॥
ਚਮੂੰ ਚਢਹਿ, ਨਭ ਮਹਿਂ ਰਜ ਛਾਵੈ।
ਛੁਟੈਂ ਤੁਫੰਗਨਿ ਸ਼ਬਦ ਉਠਾਵੈਂ।
ਮਹਾਂ ਕੁਦਾਇ ਪਲਾਇ ਤੁਰੰਗ।
ਅਸ ਸ਼ੋਭਤਿ ਜਨੁ ਜਾਹਿਂ ਕੁਰੰਗ[੪] ॥੧੮॥
ਦਿਨ ਪ੍ਰਤਿ ਸਤਿਗੁਰ ਚਾਰੁ ਸ਼ਰੀਰ।
ਬਲ ਜੁਤਿ ਬੰਧਹਿ ਰਿਦੇ ਬਹੁ ਧੀਰ।

---

[੧](ਗੁਰੂ ਜੀ) ਬਖ਼ਸ਼ਦੇ ਹਨ।
[੨]ਬਨ ਨੂੰ ਗਾਹੁੰਦੇ ਹਨ।
[*]ਪਾ:-ਬਿਹਰ।
[੩]ਨਦੀ ਦਾ ਨਾਮ [ਸੰ: ਸਰਯੂ]
[+]ਹਿੰਦੂ ਮਤ ਅਨੁਸਾਰ ਸ਼ਿਕਾਰ ਨੂੰ ਵਿਹਤ ਸਿੱਧ ਕਰ ਰਹੇ ਹਨ।
[੪]ਮਾਨੋਂ ਹਰਨ ਜਾਂਦੇ ਹਨ।

ਚਰਨ ਬਿਲੰਦ ਮ੍ਰਿਦੁਲ ਅਰਬਿੰਦ।
ਨਖ਼ ਸੁੰਦਰ ਜੁਤਿ ਅੰਗੁਰੀ ਬ੍ਰਿੰਦ ॥੧੯॥
ਏਡੀ[੧] ਜੁਕਤ ਅਰੁਣ ਹੈ ਬਰਣ।
ਗੁਲਫ ਉਤੰਗ ਸ਼ੁਭੋ ਪਰਿ ਚਰਣ[੨]।
ਜਾਨੂੰ[੩] ਜੰਘ ਮਹਾਂ ਦ੍ਰਿਢ ਹੋਏ।
ਮਨਹੁਂ ਓਜ ਕੇ ਥੰਭ ਖਰੋਏ ॥੨੦॥
ਆਯੁਤ ਛਾਤੀ ਅਤਿਸ਼ੈ ਗਾਢੇ।
ਬੱਜ੍ਰ ਕਪਾਟ ਕਠਨਿ ਰਿਪੁ ਠਾਂਢੇ[੪]।
ਉਦਰ ਸ ਤ੍ਰਿਵਲੀ ਸੁੰਦਰ ਸੋਹਤਿ।
ਨਾਭਿ ਗੰਭੀਰ ਦਿਖਤਿ ਚਿਤ ਮੋਹਤਿ ॥੨੧॥
ਬਾਹੁ ਅਜਾਨ[੫] ਸੁ ਅਸ ਅਨੁਮਾਨੋ[++]।
ਸ਼ੁਭਤਿ ਕਰੀ ਕਰ[੬] ਬਲੀ ਮਹਾਨੋ।
ਦਿਪਤਿ ਪ੍ਰਚੰਡ ਬਡੇ ਭੁਜਦੰਡ।
ਮਨਹੁ ਬੱਜ੍ਰ ਕੇ ਇਹ ਜੁਗ ਖੰਡ[੭] ॥੨੨॥
ਤੁੰਗ ਸਿਕੰਧਨਿ ਤੇ ਬਹੁ ਛੈਲ।
ਜਿਮ ਕ੍ਰਿਖਿਚਰ ਸੂੱਨੋ ਬਡਿ ਬੈਲ[੮]।
ਗ੍ਰੀਵਾ ਸਵਾ ਗਿਲਸ਼ਤਿ[੯] ਉਚੇਰੀ।
ਮੁਕਤਾ ਹੀਰਨਿ ਦਿਪਤਿ ਘਨੇਰੀ ॥੨੩॥
ਚਿਬੁਕ ਚਾਰੁ ਚੌਰੀ ਕੁਛ ਗੋਲ।
ਸੁੰਦਰ ਦਮਕਤਿ ਜੁਗਲ ਕਪੋਲ।
ਅਧਰ ਮ੍ਰਿਦੁਲ ਅਰੁ ਲਾਲ ਬਿਸਾਲਾ।
ਹੀਰਨਿ ਪੰਕਤਿ ਦੰਤ ਉਜਾਲਾ ॥੨੪॥
ਮੁਸਕਾਵਤਿ ਐਸੇ ਦਮਕਾਵਤਿ।
ਸੰਪੁਟ ਬਿੱਦ੍ਰਮ ਕਲੀ ਲਖਾਵਤਿ[੧]।

---

[੧]ਅੱਡੀ।
[੨]ਉੱਚੇ ਗਿੱਟੇ ਚਰਣਾਂ ਉਪਰ ਸੋਭਦੇ ਹਨ।
[੩]ਗੋਡੇ।
[੪]ਖੜੇ ਸ਼ੱਤ੍ਰੂ ਦੇ (ਅੱਗੇ) ਬੱਜ੍ਰਵਤ ਕਠਨ ਤਖਤੇ ਹਨ ਅਥਵਾ ਖੜੇ ਤਖਤੇ ਹਨ।
[੫]ਆਜਾਨੁ ਬਾਹੁ = ਬਾਹਾਂ ਗੋਡਿਆਂ ਤੱਕ ਲੰਮੀਆਂ। ਅਵਤਾਰ ਦੀ ਇਕ ਨਿਸ਼ਾਨੀ ਮੰਨੀ ਗਈ ਹੈ।
[++]ਪਾ:-ਸੁ ਅਰਲਾ ਮਾਨੋ।
[੬]ਹਾਥੀ ਦੀ ਸੁੰਡ।
[੭]ਦੋ ਟੁਕੜੇ।
[੮]ਸੁੰਵੀ (= ਰਾਖੀ ਹੀਨ) ਖੇਤੀ ਨੂੰ ਚਰਨ ਵਾਲੇ ਬੈਲ ਦੇ ਮੋਢਿਆਂ ਨਾਲੋਂ (ਮੋਢੇ) ਉੱਚੇ ਤੇ ਸੁਹਣੇ ਹਨ।
[੯]ਸਵਾ ਗਿੱਠ।

ਮੁਖ ਮੰਡਲ ਆਯੁਤ ਦਿਪਤਾਵੈ।
ਕਮਲ ਪ੍ਰਫੁੱਲਜਤਿ ਮਹਤ ਲਖਾਵੈ ॥੨੫॥
ਸਾਰਦ ਚੰਦ[੨] ਮਨੋ ਸੁਖਕੰਦ।
ਬਚਨ ਸੁਧਾ ਸ਼੍ਰਵਤੇ ਗਨ ਬੁੰਦ[੩]।
ਦੀਰਘ ਦਰਸ਼ਨ ਦੇਖਤਿ ਭਾਵੈ।
ਕੀਰ ਨਾਸਕਾ[੪] ਤੁੰਗ ਸੁਹਾਵੈਂ ॥੨੬॥
ਕੁੰਡਲ ਕਰਨ[੫] ਜਰਾਊ ਬਨੇ।
ਡੋਲਤਿ ਰੁਚਿਰ, ਲਾਗਿ ਧਨ ਘਨੇ[*]।
ਕਮਲ ਪਾਂਖੁਰੀ ਚਾਰੁ ਸਰੀਖੀ।
ਆਂਖਿ ਬਡੀ ਜੁਗ ਤੀਖੀ ਤੀਖੀ ॥੨੭॥
ਬਰਨੀ ਕੁਟਿਲ, ਕੋਰ ਸਮ ਬਾਨਾ[੬]।
ਤਿਰਛੀ ਚਿਤਵਨ[੭] ਕ੍ਰਿਪਾ ਨਿਧਾਨਾ।
ਦੁੰਦਭਿ ਸੁਰ ਸੋਂ ਸ਼ਬਦ ਗੰਭੀਰ[੮]।
ਉਪਦੇਸ਼ਤਿ ਸਿੱਖਨਿ ਬਰ ਬੀਰ ॥੨੮॥
ਤ੍ਰਿਕੁਟੀ[੯] ਕੁਟਿਲ ਕਮਾਨ ਸਮਾਨਾ।
ਭਰਜੋ ਭਾਗ ਤੇ ਭਾਲ ਮਹਾਨਾ।
ਮੇਚਿਕ ਚਿੱਕ੍ਰਨਿ[੧੦+] ਕੇਸ ਵਿਸ਼ੇਸ਼[¶]।
ਸਿਰ ਉਸ਼ਨੀਕ ਸੁਹਾਇ ਅਸ਼ੇਸ਼ ॥੨੯॥
ਕਲਗ਼ੀ ਜਿਗਾ ਜ਼ੇਬ ਜਿਨ ਜਾਹਰ।
ਜਬਰ ਜੋਤਿ ਜਗਮਗਤਿ ਜਵਾਹਰ।

---

[੧]ਗੁਲੀਆਂ ਦੇ ਡੱਬੇ ਵਿਚ (ਚੰਬੇ ਦੀਆਂ) ਕਲੀਆਂ (ਜਿਵੇਂ) ਦਿੱਸਦੀਆਂ ਹੈਨ।
[੨]ਸਰਦ ਰੁਤ ਦਾ ਚੰਦ੍ਰਮਾਂ।
[੩]ਅੰਮ੍ਰਿਤ ਦੀਆਂ ਸਮੂਹ ਬੂੰਦਾਂ ਸ਼੍ਰਵਦੀਆਂ ਹਨ।
[੪]ਤੋਤੇ ਵਤ ਨਾਸਾਂ।
[੫]ਕੰਨਾਂ ਵਿਚ।
[*]ਕਵਿ ਜੀ ਸਰੀਰ ਦੀ ਸੁੰਦਰਤਾ ਤੇ ਬਲ ਵਧਦਾ ਦੱਸਕੇ ਸਰੀਰ ਦੇ ਅੰਗਾਂ ਦੀ ਮਹਿਮਾ ਵਿਚ ਗਏ ਹਨ। ਕੰਨਾਂ ਵਿਚ ਕੁੰਡਲਾਂ ਦਾ ਹਿਲਕੇ ਦਿਲ ਹਿਲਾਉਣ ਵਾਲਾ ਵਲਵਲਾ ਪੈਦਾ ਕਰਦਾ ਹੈ। ਇਸ ਨੂੰ ਆਪ ਨੇ ਸੁੰਦਰਤਾ ਤੇ ਪ੍ਰੇਮ ਦੇ ਨੁਕਤੇ ਤੋਂ ਲਿਖਿਆ ਹੈ, ਵਾਸਤਵ ਵਿਚ ਸਤਿਗੁਰੂ ਜੀ ਕੁੰਡਲ ਪਹਿਨਣ ਵਾਲੇ ਨਹੀਂ ਸਨ।
[੬]ਝਿਮਣੀਆਂ ਟੇਢੀਆਂ ਤੇ ਅੱਖਾਂ ਦੇ ਕੋਏ ਤੀਰ ਵਤ (ਤਿੱਖੇ)।
[੭]ਨਿਗਾਹ।
[੮]ਧੌਂਸੇ ਤੋਂ ਵੀ ਆਵਾਜ਼ ਗੰਭੀਰ ਹੈ।
[੯]ਭਰਵੱਟੇ।
[੧੦]ਕਾਲੇ ਤੇ ਚੀਕਣੇ।
[+]ਪਾ:-ਚਿੱਕ੍ਰਨ।
[¶]ਦਸਮ ਗੁਰੂ ਜੀ ਤੋਂ ਪਹਿਲੇ ਸਤਿਗੁਰਾਂ ਦਾ ਕੇਸ਼ਾ ਧਾਰੀ ਹੋਣ ਦਾ ਸਬੂਤ ਹੈ।

ਸਰਬ ਬਿਭੂਖਨ ਭੁਖਤਿ ਭਾਰੇ।
ਬਰਣ ਬਰਣ ਬਰ ਬਸਤ੍ਰ ਸੁ ਧਾਰੇ ॥੩੦॥
ਧਨੁ ਬਿੱਦਯਾ[1] ਅੱਭਯਾਸ ਕਮਾਵੈਂ।
ਕਹਿ ਕਹਿ ਖਪਰੇ ਤੀਰ ਘਰਾਵੈਂ[2]।
ਧਰਿ ਧਰਿ ਮਾਰਹਿਂ ਦੂਰਿ ਨਿਸ਼ਾਨਾ।
ਬਡੇ ਬੇਗ ਤੇ ਛੂਟਹਿਂ ਬਾਨਾ ॥੩੧॥
ਚਾਂਪ[3] ਕਠੋਰ ਕਹਤਿ ਬਨਿਵਾਵਹਿਂ।
ਬਡ ਬਲ ਕਰਿ ਜੋ ਐਂਚਯੋ ਜਾਵਹਿ।
ਸੰਮਤ ਏਕ ਬਿਤਹਿ ਪੁਨ ਕਹੈਂ।
ਧਨੁ[4] ਦੁਗਨੋ ਦਿਢ ਕਰਿ ਮਹਿਂ ਗਹੈਂ ॥੩੨॥
ਜੰਗੀ ਤੀਰ ਫੁਲਾਦੀ ਖਪਰੇ।
ਕਹਿ ਕਹਿ ਬ੍ਰਿੰਦ ਕਰਾਵਹਿਂ ਅਪਰੇ।
ਹੇਰਿ ਹੇਰਿ ਤੀਖਨ ਬਡ ਤੀਰ।
ਸ਼੍ਰੀ ਸਤਿਗੁਰੁ ਹਰਿ ਗੋਵਿੰਦ ਧੀਰ[5] ॥੩੩॥
-ਤੁਰਕ ਸ਼ੱਤ੍ਰੁ ਗਨ ਅੰਗ ਮਝਾਰਾ।
ਮਮ ਕਰ ਤੇ ਪ੍ਰਵਿਸ਼ਹਿਂ ਕਿਸ ਬਾਰਾ।
ਕਬਹੁਂ ਜੰਗ ਮਹਿਂ ਹੋਇ ਨਿਸੰਗ।
ਕਰੌਂ ਪ੍ਰਹਾਰਨਿ ਖਰਨਿ[*] ਖਤੰਗ[6]- ॥੩੪॥
ਕਬਿ ਤੁਫੰਗ ਕੋ ਗਹੇ ਚਲਾਵੈਂ।
ਮਾਰਿ ਲੱਛ ਕੋ[7] ਤਰੈ ਗਿਰਾਵੈਂ।
ਮੁੰਗਰੀ ਗਹਿ ਭਾਰੀ ਕੋ ਫੇਰਹਿਂ।
ਅਨਿਕ ਵਾਰਿ ਬਾਹਨਿ ਤੇ ਪ੍ਰੇਰਹਿਂ[8] ॥੩੫॥
ਸਰਬ ਨਰਨਿ ਤੇ ਡੀਲ ਬਡੇਰੋ।
ਨਹਿਂ ਸਮ ਅਪਰ ਕਹੂੰ ਕਿਤ ਹੇਰੋ[+]।

---

[1]ਧਨੁਖ
[2]ਘੜਾਂਵਦੇ ਹਨ।
[3]ਧਨੁਖ।
[4]ਧਨੁਖ।
[5]ਧੀਰਜਵਾਨ ਜੀ (ਚਿਤਵਦੇ ਹਨ ਕਿ)।
[*]ਪਾ:-ਸਬਲ।
[6]ਤਿੱਖੇ ਤੀਰ।
[7]ਨਿਸ਼ਾਨੇ ਨੂੰ।
[8]ਬਾਹਾਂ ਨਾਲ ਫੇਰਦੇ ਹਨ।
[+]ਉਸ ਸਮੇਂ ਦੇ ਯਵਨੀ ਲੇਖਕਾਂ ਨੇ ਬੀ ਗੁਰੂ ਜੀ ਦਾ ਕੱਦ ਬਹੁਤ ਲੰਮਾਂ ਤੇ ਗ੍ਰਾਂਡੀਲ ਲਿਖਿਆ ਹੈ।

ਭੁਜਾ ਜੰਘ ਆਦਿਕ ਅੰਗ ਸਾਰੇ।
ਕਰਹਿੰ ਸਰਾਹਨਿ ਮਿਲਹਿੰ ਨਿਹਾਰੇ ॥੩੬॥
ਦੂਰਿ ਦੂਰਿ ਕੇ ਮਾਨਵ ਆਵੈਂ।
ਕਰਿ ਦਰਸ਼ਨ ਮਨ ਬਾਂਛਤਿ ਪਾਵੈਂ।
ਪਿਖਿ ਸਰੂਪ ਕੋ ਮਨ ਬਿਰਮਾਵੈਂ।
ਮਿਲਿ ਆਪਿਸ ਮਹਿਂ ਕਹੈਂ ਸੁਨਾਵੈਂ ॥੩੭॥
'ਅਵਿਨੀ ਪਰ ਸ਼ਰੀਰ ਨਰ ਕੋਈ।
ਅਬਿ ਤੋ ਨਹਿੰਨ, ਭਵਿਖ੍ਯ ਨ ਹੋਈ।
ਆਯੁਧ ਧਰਨਿ ਉਚਿਤ ਬਲ ਭਾਰੇ।
ਰਣ ਮਹਿਂ ਰਿਸਹਿਂ ਜਿ ਸ਼ਸਤ੍ਰ ਪ੍ਰਹਾਰੇ ॥੩੮॥
ਕੋ ਅਸ ਸ਼ੱਤ੍ਰੂ ਕਰਹਿ ਨ ਤ੍ਰਾਸਾ।
ਹਨੇ ਮੁਸ਼ਟ ਤੇ ਕਰਹਿੰ ਬਿਨਾਸ਼ਾ।
ਸੁਨੀ ਕਥਾ[1] ਦ੍ਵਾਪੁਰ ਮਹਿਂ ਭਏ।
ਪਾਂਡਵ ਪੰਚ ਮਹਾਂ ਬਲਿ ਥਏ ॥੩੯॥
ਹੁਤੇ ਸਮੇਤ ਸਿ ਨਰ ਜੁ ਪ੍ਰਮਾਨੇ[2]।
ਤਿਨ ਤੇ ਸਵਾ ਗਿਲਸ਼ਤਿ[3] ਮਹਾਨੇ।
ਪੰਚਹੁਂ ਭ੍ਰਾਤਾ ਡੀਲ ਬਡੇਰੇ।
ਜਿਨ ਕੋ ਬਲ ਕਹੀਅਤਿ ਬਹੁਤੇਰੇ ॥੪੦॥
[4]ਤਿਮ ਇਸ ਸਮੇਂ ਜੁ ਨਰਨਿ ਪ੍ਰਮਾਨ।
ਸ਼੍ਰੀ ਹਰਿ ਗੋਵਿੰਦ ਤਿਤੇ ਮਹਾਂਨ[5]।
ਐਹੋ ਡੀਲ ਸੁਸ਼ੀਲ ਬਿਸਾਲਾ।
ਨਹਿਂ ਪੱਯਤ ਜਗ ਮੇਂ ਇਸ ਕਾਲਾ ॥੪੧॥
ਅਜਹੁ ਸਰੀਰ ਵਧਹਿ ਬਹੁ ਬਰਖਨਿ[5]।
ਤਰੁਨਿ ਅਵਸਥਾ ਲਗਿ ਹੁਇ ਪਰਖਨਿ।'
ਦਰਸ਼ਨ ਕਰਹਿੰ ਜਾਹਿਂ ਜਿਸ ਦੇਸ਼।
ਕਹੈਂ ਸੁਜਸੁ ਅਰੁ ਡੀਲ ਵਿਸ਼ੇਸ਼ ॥੪੨॥
ਆਯੁਧ ਬਿੱਦਜਾ ਕੌ ਅੱਭਜਾਸ।

---

[1]ਸੁਣੀ ਹੈ ਕਥਾ ਕਿ।
[2](ਓਦੋਂ ਦੇ) ਆਦਮੀ ਜਿਸ ਅੰਦਾਜ਼ੇ ਦੇ ਸਮੇਤ ਹੁੰਦੇ ਸਨ।
[3]ਸਵਾ ਗਿੱਠ।
[4]ਇਸ ਵੇਲੇ (ਕੁਮਾਰ ਅਵਸਥਾ ਵਿਚ ਹੀ ਆਮ) ਨਰਾਂ ਦੇ ਕੱਦ ਤੋਂ ਆਪਦਾ ਸਰੀਰ ਉਤਨਾ ਭਾਵ ਸਵਾ ਗਿੱਠ ਵਡਾ ਹੈ।
[5]ਤੇ ਅਜੇ ਅਗਾਂਹ ਦੇ ਸਾਲਾਂ ਵਿਚ ਬੜਾ ਸਰੀਰ ਵੱਧਣਾ ਹੈ।

ਪਰਚਹਿਂ ਸਤਿਗੁਰੁ ਕਰਹਿਂ ਬਿਲਾਸ।
ਤਿਮ ਹੀ ਸੁਭਟ ਸੰਗ ਗਨ ਕਰੈਂ।
ਧਨੁਖ ਤੁਫੰਗਨਿ ਕੋ ਕਰ ਧਰੈਂ ॥੪੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ 'ਸ਼੍ਰੀ ਗੁਰ ਬਿਲਾਸ' ਪ੍ਰਸੰਗ ਬਰਨਨੰ ਪੰਚ ਚੱਤਵਾ ਰਿੰਸਤੀ ਅੰਸੂ ॥੪੫॥

੪੬. [ਚੰਦੂ ਨੇ ਡਰ ਕੇ ਫੇਰ ਸਗਾਈ ਹਿਤ ਦੂਤ ਭੇਜੇ]

੪੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੭

ਦੋਹਰਾ: ਸ਼੍ਰੀ ਗੁਰ ਹਰਿਗੋਵਿੰਦ ਜੀ,
ਇਸ ਬਿਧਿ ਸਮੋ ਬਿਤਾਇ।
ਭਰਜੋ ਮਹਾਂ ਬਲ ਦੇਹਿ ਮਹਿਂ,
ਦੀਰਘ ਡੀਲ ਸੁਹਾਇ ॥੧॥
ਚੌਪਈ: ਉਤ ਚੰਦੂ ਕੀ ਸੁਨੋ ਕਹਾਨੀ।
ਮਹਾਂ ਪਾਤਕੀ ਮਤਿ ਉਰਿ ਹਾਨੀ।
ਸ਼੍ਰੀ ਅਰਜਨ ਘਰ ਤਜਜੋ ਸਰੀਰ।
ਦੇ ਕਰਿ ਦੋਸ਼ ਮੁਝ ਸਿਰ, ਧੀਰ[1] ॥੨॥
ਉਰ ਮਹਿਂ ਡਰਪਤਿ ਦੁਸ਼ਟ ਮਹਾਂਨ।
-ਇਮ ਨਹਿਂ ਬਿਦਤਹਿ ਬੀਚ ਜਹਾਨ।
'ਸ਼੍ਰੀ ਸਤਿਗੁਰੁ ਚੰਦੂ ਨੈ ਮਾਰੇ।
ਛਪੀ ਰਹੈ, ਨਹਿਂ ਹੋਇ ਉਘਾਰੇ- ॥੩॥
ਨੁਖਾ ਜਾਰਿ[2] ਤਤਛਿਨ ਮਗ ਪਰਜੋ।
ਦਿਲੀ ਸ਼ਾਹੁ ਨਿਕਟ ਚਿਤ ਧਰਜੋ।
-ਕੋ ਨਹਿਂ ਕਹਹਿ ਹਟਕ ਸਭਿ ਰਾਖੌਂ।
ਕਿਸ ਧਨ ਦੇ ਕਿਸ ਬਿਨਤੀ ਭਾਖੌਂ ॥੪॥
ਚਹਤਿ ਜੁ ਹਤਜੋ[3] ਬਿਦਤਿ ਨਹਿਂ ਹੋਇ।
ਭਯੋ ਜਤਨ ਕੇ ਤਤਪਰ ਸੋਇ-।
ਅਨਿਕ ਭਾਂਤਿ ਚਿਤਵਤਿ ਮਗ ਜਾਤੇ।
-ਸੁਨਤਿ ਸ਼ਾਹੁ ਚਿਤ ਹ੍ਵੈ ਨ ਰਿਸਾਤੇ[4]- ॥੫॥
ਪਹੁੰਚਯੋ ਪੁਰੀ ਸਦਨ ਤਬਿ ਗਯੋ।
ਕਲਹਿ ਸੁਤਾ[5] ਦੇਖਤਿ ਦੁਖ ਭਯੋ।
ਜਿਸ ਹਿਤ ਪਾਪ ਕੀਨਿ ਬਹੁਤੇਰਾ।
ਤਊ ਨ ਤਿਸ ਕੋ ਸੁਖ ਕਿਮ ਹੇਰਾ ॥੬॥
ਜਹਾਂਗੀਰ ਕੇ ਤੀਰਜਿ ਜਾਇੰ[6]।

---

[1]ਭਾਵ ਗੁਰੂ ਜੀ ਨੇ।
[2]ਨੂੰਹ ਦਾਹ ਕਰਕੇ।
[3]ਮਾਰਨਾ।
[4]ਕ੍ਰੋਧਵਾਨ ਨਾ ਹੋ ਜਾਵੇ।
[5]ਕਲਹ ਰੂਪ ਪੁੱਤ੍ਰੀ।
[6]ਜੋ ਜਾਂਦੇ ਸਨ।

ਸਭਿ ਸੋਂ ਮਿਲਜੋ ਪ੍ਰੇਮ ਉਪਜਾਇ।
ਬਹੁ ਮੋਲਾ ਕਿਸ ਹੂੰ ਪਟ ਦੇਤਿ।
ਕਾਹੁੰ ਕੁਸ਼ਾਮਤਿ ਕਰਿ ਖੁਸ਼ਿ[1] ਲੇਤਿ ॥੭॥
ਕਿਸ ਹੂੰ ਦਰਬ ਦੀਨਿ ਹਰਿਖਾਵੈ।
ਫੇਰ ਘੇਰ ਤੇ ਬਾਤ ਜਨਾਵੈ।
'ਮਰਜੋ ਗੁਰੂ ਅਰਜਨ ਲਵਪੁਰਿ ਮੈਂ।
ਨਿਸ ਹੈਜ਼ਾ ਹੁਇ ਗਯੋ ਉਦਰ ਮੈਂ ॥੮॥
ਸ਼ਾਹੁ ਸਮੀਪ ਨ ਕਹਹੁ ਪ੍ਰਸੰਗ।
ਜੇ ਚਲ ਪਰਹਿ ਕਹਹੁ ਇਸ ਢੰਗ।
ਕੋ ਕੋ ਨਾਮ ਲੇਤਿ ਹੈ ਮੇਰੋ।
ਤੁਮ ਢਿਗ ਕਹੈ ਝਿਰਕ ਦਿਹੁ ਫੇਰੋ ॥੯॥
ਹੋਇ ਨ ਅਸ ਸੁਨਿ ਕੈ ਪਤਿਸ਼ਾਹੂ।
ਮੁਝ ਪਰ ਕੋਪ ਕਰਹਿ ਉਰ ਮਾਹੂ।'
ਨਰ ਸਭਿ ਸਭਾ ਕੇਰ ਅਪਨਾਏ।
ਤ੍ਰਸਤਿ ਜਤਨ ਚਿਤਵਤਿ ਸਮੁਦਾਏ ॥੧੦॥
ਮਿਲਜੋ ਸ਼ਾਹੁ ਕੇ ਪਾਸ ਪਹੂਚਾ।
ਸੁਜਸੁ ਉਚਾਰਤਿ ਭਾ ਤਿਹ ਮੂਚਾ[2]।
ਨਹਿਂ ਸਤਿਗੁਰੁ ਕੀ ਕਿਨਹੁਂ ਸੁਨਾਈ।
ਅਪਰ ਪ੍ਰਸੰਗਨਿ ਬਾਤ ਚਲਾਈ ॥੧੧॥
ਇਮ ਨਿਤਪ੍ਰਤਿ ਰਹਿ ਸ਼ਾਹੁ ਅਗਾਰੇ।
ਸਨੇ ਸਨੇ ਮਨ ਤ੍ਰਾਸ ਬਿਸਾਰੇ।
ਸਿੱਖਨਿ ਬਿਖੈ ਬਿਦਤ ਬਹੁ ਭਯੋ।
'ਚੰਦੂ ਘਰ ਗੁਰੁ ਤਨ ਤਜਿ ਦਯੋ ॥੧੨॥
ਤਊ ਡਰਤਿ ਨਹਿਂ ਸਕਤਿ ਉਚਾਰੈਂ[3]।
ਮਿਲੈਂ ਪਰਸਪਰ ਅਘੀ ਧਿਕਾਰੈਂ[4]।
ਸਨੇ ਸਨੇ ਕਹਿਂ ਆਪਸ ਮਾਂਹੀ।
'ਕੀਨ ਮਹਾਂ ਅਘ ਪਚਹਿ ਸੁ ਨਾਂਹੀ[5] ॥੧੩॥
ਸ਼੍ਰੀ ਹਰਿ ਗੋਬਿੰਦ ਗੁਰ ਸੁਤ ਬਲੀ।

---

[1]ਖੁਸ਼ੀ।
[2]ਬਹੁਤਾ।
[3]ਉਚਾਰ ਨਹੀਂ ਸਕਦੇ।
[4]ਪਾਪੀ ਨੂੰ ਧ੍ਰਿਕਾਰਦੇ ਹਨ।
[5]ਪਚੇਗਾ ਨਹੀਂ।

ਤਿਨ ਹੂੰ ਪ੍ਰਣ ਕੀਨਸਿ ਬਿਧਿ ਭਲੀ।
-ਪਿਤ ਕੌ ਬੈਰਿ ਲੇਇ ਹੌਂ ਐਸੇ।
ਹਤੌਂ ਦੁਸ਼ਟ ਅਪਜਸੁ ਜੁਤਿ ਜੈਸੇ ॥੧੪ ॥ {ਵਿਸ਼ੇਸ਼ ਟੂਕ}
ਹਲਤਿ ਬਿਖੈ ਕਰਿ ਆਨਨ ਕਾਰਾ।
ਤਥਾ ਪਲਤਿ ਮਹਿਂ ਜਾਇ ਦੁਖਾਰਾ-।
ਹਿਤ ਹਤਿਬੇ ਬਹੁ ਸਪਥ ਕਰੀ ਹੈ।
ਸਰਬ ਸਭਾ ਕੇ ਸ਼੍ਰਵਨਿ ਪਰੀ ਹੈ[1] ॥੧੫॥
ਦੇਸ਼ ਬਿਦੇਸ਼ ਬਿਖੈ ਬਿਦਤਾਈ।
-ਸਤਿਗੁਰੁ ਹਤਹਿਂ ਨ ਤਜਹਿਂ ਕਦਾਈ-।'
ਕੇਤਿਕ ਸਿਖ ਤਿਨ ਮਹਿਂ ਜੋ ਸਜਾਨੇ[2]।
ਮਰਨੋ ਕਠਨ ਚੰਦੁ ਕੋ ਜਾਨੇ ॥੧੬॥
'ਸ਼ਾਹੁ ਦਿਵਾਨ ਹੁਕਮ ਜਗ ਚਾਲੇ।
ਕਿਮ ਪਕਰਨਿ ਇਹ ਬਨੈ ਸੁਖਾਲੇ।
ਲੋਕ ਹਜ਼ਾਰਹੁਂ ਮਾਨੈ ਬੈਨ।
ਬੈਠੇ ਪਿਖਹਿਂ ਸਮੁਖ ਤਿਸ[3] ਨੈਨ ॥੧੭॥
ਸਤਿਗੁਰ ਸੁਤ ਕੀ ਬੈਸ ਨਵੀਨਾ।
ਬਿਨਾਂ ਬਿਚਾਰੇ ਪ੍ਰਣ[*] ਕੋ ਕੀਨਾ।
ਸ਼ਾਹੁ ਸੰਗ ਕੋ[4] ਸਕਹਿ ਬਿਗਾਰ?
ਰਾਜ ਕਰਤਿ ਜਗ ਕੋਸ਼ ਹਜ਼ਾਰ ॥੧੮॥
ਅਨਗਨ ਸੈਨ ਕੋਸ਼[5] ਜਿਸ ਪਾਸਿ।
ਜਹਿਂ ਕਹਿਂ ਰਹਜੋ ਪ੍ਰਤਾਪ ਪ੍ਰਕਾਸ਼।
ਤਿਸ ਦਿਵਾਨ ਕੋ ਮੁਸ਼ਕਲ ਪਕਰਨਿ।
ਹਮ ਇਹ ਕਰਹਿਂ ਬਿਚਾਰਨਿ ਕੋ ਮਨ' ॥੧੯॥
ਕੇਤਿਕ ਸਿੱਖ ਕਹੈਂ ਫਿਰ ਤਾਂਹਿਂ[6]।
'ਸਕਲ ਸ਼ਕਤਿ ਹੈ ਸਤਿਗੁਰ ਮਾਂਹਿ।
ਕਰਹਿਂ ਰੰਕ ਕੋ ਰਾਉ ਬਿਸਾਲ।

---

[1]ਭਾਵ ਸਾਰੀ ਸਭਾ ਨੇ ਸੁਣੀ ਹੈ।
[2]ਚਤੁਰ (ਪਰ ਵਿਸ਼ਵਾਸ਼ ਹੀਨ)।
[3]ਭਾਵ ਚੰਦੂ ਦੇ।
[*]ਵੇਖੋ ਇਸੇ ਅੰਸੂ ਦੇ ਅੰਕ ੧੪ ਦੀ ਹੇਠਲੀ ਟੂਕ।
[4]ਕੌਣ।
[5]ਖਜ਼ਾਨੇ।
[6]ਤਿਨ੍ਹਾਂ ਨੂੰ।

ਰਾਉ ਰੰਕ ਤਤਛਿਨ ਬਚ ਨਾਲ ॥੨੦॥
ਅਨਬਨ ਕੋ ਤਤਕਾਲ ਬਨਾਵੈਂ।
ਬਨੀ ਬਾਤ ਕੋ ਬਹੁ ਬਿਗਰਾਵੈਂ।
ਜਾਵਤ ਅਜ਼ਮਤ ਨਹਿਂ ਬਿਦਤਾਇਂ।
ਤਾਵਤ ਨਰ ਸਮ ਕ੍ਰਿਤੀ[1] ਕਰਾਇਂ ॥੨੧॥
ਕਰਾਮਾਤ ਰੋਕਨਿ ਮਤ ਘਨੋ[2]।
ਨਿਤ ਬਿਵਹਾਰ ਕਰੈਂ ਨਰ ਮਨੋ।
ਜਬਿ ਚਾਹੈਂ ਨਿਜ ਪ੍ਰਣ ਨਿਰਬਾਹਨਿ।
ਭਾਵਤਿ[3] ਕਰਹਿਂ ਰੁਕਹਿਂ ਕਿਮ ਨਾਂਹਿਨ ॥੨੨॥
ਛਟਮ ਗੁਰੂ ਸ਼੍ਰੀ ਨਾਨਕ ਰੂਪ।
ਜਿਨ ਕੇ ਸੁੰਦਰ ਚਰਿਤ ਅਨੂਪ।
ਜਿਸ ਗੁਰ ਅਰਜਨ ਕੇ ਗਨ ਦਾਸ।
ਕਰਾਮਾਤ ਬਹੁ ਭਾਂਤਿ ਪ੍ਰਕਾਸ਼ ॥੨੩॥
ਤਿਸ ਗੁਰੂ ਅਪਰ ਨਰਨ ਸਮ ਪ੍ਰਾਨਾ।
ਰਿਪੁ ਘਰ ਤਜਿ ਬੈਕੁੰਠ ਪਯਾਨਾ[4]।
ਤਿਨ ਕੋ ਸੁਤ ਤਿਨ ਕੇ ਸਮ ਅਹੈ।
ਜੋਤ ਸਭਿਨਿ ਗੁਰ ਏਕੋ ਰਹੈ ॥੨੪॥
ਹਮਰੇ ਤੁਮਰੇ ਦੇਖਤਿ ਕਰੈਂ।
ਬਡਿ ਦੁਖ ਦੇ ਰਿਪੁ ਪ੍ਰਾਨਨਿ ਹਰੈਂ।
ਹਮ ਕੋ ਨਿਸ਼ਚੈ ਇਹ ਬਿਸਵਾਸ।
ਚੰਦੂ ਹਤਹਿਂ ਸ਼ਾਹੁ ਕੇ ਪਾਸ' ॥੨੫॥
ਇਮ ਸਿਖ ਮਿਲਿ ਕਰਿ ਬਚਨ ਉਚਾਰੈ।
ਉਰ ਸ਼ਰਧਾ ਧਰਿ, ਕੋਇ ਨ ਧਾਰੈ[5]।
ਬਿਥਰਤਿ ਸੁਧਿ ਚੰਦੂ ਤਬਿ ਸੁਨੀ।
ਬਹੁਤ ਬਿਸੂਰਤਿ ਮੁੰਡੀ ਧੁਨੀ[6] ॥੨੬॥
-ਗੁਰ ਸੁਤ ਭਯੋ ਮਹਦ ਬਲਵਾਨਾ।
ਤੁਵ ਹਤਨੇ ਹਿਤ ਪ੍ਰਣੈ ਬਖਾਨਾ[1]।

---

[1]ਕਾਰ।
[2]ਕਰਾਮਾਤ ਦੇ ਰੋਕਣ ਦਾ ਮਤ ਵਿਸ਼ੇਸ਼ ਕਰਕੇ।
[3](ਮਨ) ਇੱਛਤ।
[4]ਗਏ।
[5](ਕੋਈ) ਭਰੋਸਾ ਧਾਰਦਾ ਹੈ, ਕੋਈ ਨਹੀਂ ਧਾਰਦਾ।
[6]ਸਿਰ ਧੁੰਨਿਆਂ ਭਾਵ ਸਿਰ ਫੇਰਿਆ।

ਬਹੁਤ ਸਪਥ ਖਾਈ ਸ਼ੁਨਿ ਕਰਿ ਕੈ।
ਹਤਹੁੰ ਕੁਮ੍ਰਿਤੁ ਸ਼ੱਤ੍ਰ ਕੋ ਧਰਿ ਕੈ[2]- ॥੨੭॥
ਕੇਤਿਕ ਬਰਖ ਬਿਤੇ ਦੁਖ ਭਰੈ।
ਗਿਨਤੀ ਚਿੰਤਾ ਬਹੁ ਬਿਧਿ ਕਰੈ।
-ਹਰਿ ਗੁਵਿੰਦ ਕੋ ਗਹਿ ਕਰਿ ਕੈਸੇ।
ਦੇਉਂ ਸਜਾਇ ਹਤੌਂ ਪਿਤ ਜੈਸੇ ॥੨੮॥
ਕੈ ਮਾਨੈ ਮਮ ਦੁਹਿਤਾ ਬਜਾਹ।
ਕੈ ਡਰਪੈ ਹੈ ਅਬਿ ਉਰ ਮਾਂਹਿ।
ਪਿਤ ਕੀ ਗਤਿ ਕੋ ਰਿਦੇ ਬਿਚਾਰਹਿ।
ਹੁਇ ਸਨਬੰਧ ਸਰਬ ਡਰੁ ਡਾਰਹਿ[3]- ॥੨੯॥
ਇਕ ਦਿਨ ਨਿਜ ਦਾਰਾ ਕੇ ਸੰਗ।
ਕਹਯੋ ਗੁਰੂ ਕੋ ਅਖਿਲ ਪ੍ਰਸੰਗ।
'ਬਹੁ ਸਜਾਇ ਦੇ ਰਹਯੋ ਮਨਾਇ।
ਨਹੀਂ ਬਜਾਹੁ ਸੁਤ ਮਨ ਮਹਿਂ ਲਜਾਇ ॥੩੦॥
ਅਬਿ ਤਿਹ ਸੁਤ ਪਿਤ ਬੈਰ ਸੰਭਾਰੈ।
ਮੋ ਕਹੁ ਚਾਹਤਿ ਕਰਨਿ ਸੰਘਾਰੈ।
ਭਾਗਹੀਨ ਦੁਹਿਤਾ ਅਸ ਭਈ।
ਅਖਿਲ ਜਾਤਿ ਮਹਿਂ ਮਮ ਪਤ ਗਈ ॥੩੧॥
ਇਤਨੇ ਜਤਨ ਕਰੇ ਬਹੁਤੇਰਾ।
ਬਜਾਹੁ ਨ ਬਨਯੋ ਕਤਹੁੰ ਇਸ ਕੇਰਾ।'
ਸੁਨਤਿ ਭਾਰਜਾ ਨੇ ਸਮੁਝਾਵਾ।
'ਪ੍ਰਥਮ ਕੁਵਾਕ ਆਪ ਤੈਂ ਗਾਵਾ ॥੩੨॥
ਤਿਸ ਤੇ ਵਧਯੋ ਬਿਰੋਧ ਬਿਸਾਲਾ।
ਸਿਖ ਕੀ ਸੁਤਾ ਨੁਖਾ ਕਿਯ ਕਾਲਾ[4]।
ਜਗਤ ਗੁਰੂ ਤਿਨ ਮਾਨ ਬਡੇਰਾ।
ਨਹੀਂ ਸਾਹਰ ਸਕੇ ਬਚ ਤੇਰਾ ॥੩੩॥
ਅਬਿ ਭੀ ਤਿਸ ਕੋ ਪੁੱਤ੍ਰ ਬਿਲੰਦ।
ਸੁਨਯੋ ਨਾਮ ਸ਼੍ਰੀ ਹਰਿਗੋਵਿੰਦ।

---

[1]ਪ੍ਰਣ ਕਹਿਆ ਹੈ।
[2]ਮਾਰੂੰਗਾ ਖੋਟੀ ਮੌਤ ਵੈਰੀ ਨੂੰ ਪਕੜ ਕੇ।
[3]ਦੂਰ ਕਰੇਗਾ।
[4]ਮਰ ਗਈ।

ਕਰਹੁ ਸੰਧਿ ਜੈਸੇ ਬਨਿ ਆਵੈ।
ਮਾਨੈ ਬਜਾਹ ਸਦਨ ਲੇ ਜਾਵੈ ॥੩੪॥
ਬਿਨੈ ਕਰਹੁ ਭੇਜੋ ਕਰ ਜੋਰਿ।
ਤਜਹੁ ਦਿਵਾਨੀ ਕੋ ਉਰ ਜੋਰ।
ਮਾਨ ਲੇਹਿ ਇਮ ਜਤਨ ਰਚੀਜਹਿ।
ਆਛੇ ਨਰਨਿ ਪਠਾਵਨਿ ਕੀਜਹਿ ॥੩੫॥
ਜੋ ਪ੍ਰਸੰਨ ਜਿਮ ਕਿਮ ਤਿਨ ਕਰੈ।
ਜਿਸ ਤੇ ਪਿਤਾ ਬੈਰ ਕੋ ਹਰੈ।
ਨਤੁ ਤੁਰਕੇਸ਼ੁਰ ਕੋ ਬਿੱਸ੍ਵਾਸ[*]।
ਕਹਾਂ ਕਰਤਿ ਹੈ, ਤਜਿ ਉਰ ਆਸ ॥੩੬॥
ਪਠਹੁ ਬਿਨੈ ਭਨਿ ਸੁਤਾ ਸਗਾਈ।'
ਸੁਨਿ ਤ੍ਰਿਯ ਤੇ ਚੰਦੂ ਚਿਤ ਆਈ।
-ਆਛੀ ਕਹੈ ਕਰਨਿ ਇਮ ਬਨੈ।
ਜੇ ਅਬਿ ਬਜਾਹੁ ਕਰਨਿ ਮਨ ਮਨੈ ॥੩੭॥
ਇਕ ਤੌਂ ਸੁਤਾ ਪਾਇ ਪਤਿ ਭਾਰੀ।
ਮਿਟਹਿ ਦੋਸ਼ ਜੌ ਰਹਿਨ ਕੁਮਾਰੀ।
ਦੁਤੀਯੇ ਮਾਰਨਿ ਹੇਤੁ ਉਪਾਇ।
ਬਹੁਰ ਨ ਕਰਹਿ, ਤ੍ਰਾਸ[1] ਮਿਟਿ ਜਾਇ- ॥੩੮॥
ਘਰ ਤੇ ਨਿਕਸਿ ਸਭਾ ਮਹਿਂ ਆਯੋ।
ਗੁਰੁ ਦਿਸ਼ਿ ਚਿੰਤਾ ਮਹਿਂ ਚਿਤ ਲਾਯੋ।
ਜੁਗ ਆਛੇ ਨਰ ਕੀਨਸਿ ਤਜਾਰੂ।
ਲਿਖਿ ਪੱਤ੍ਰਿਕਾ ਬਹੁ ਬਿਸਤਾਰੂ ॥੩੯॥
'ਬੈਰ ਅਕਾਰਣ ਪਿਤਾ ਤੁਮਾਰੇ।
ਮੋ ਸਨ ਬਾਂਧਯੋ ਕਿਸਹੁਂ ਉਚਾਰੇ[2]।
ਇਹ ਜਿ ਰੰਕ ਸਿਖ ਤੁਮ ਢਿਗ ਆਵੈਂ।
ਕਛੂ ਬਾਤ ਤੇ ਕਛੂ ਬਨਾਵੈਂ ॥੪੦॥
ਜਾਨਿ ਦੇਹੁ ਅਬਿ ਜਯੋਂ ਕਯੋਂ ਹੋਈ।
ਭਾਵੀ ਮੇਟ ਸਕਹਿ ਨਹਿਂ ਕੋਈ।

---

[*]ਇਸਤੋਂ ਸਪਸ਼ਟ ਹੈ ਕਿ ਬਿਦੇਸੋਂ ਆਕੇ ਹਾਕਮ ਬਣੇ ਤੁਰਕਾਂ ਦਾ ਪ੍ਰਜਾ ਵਿਚ ਕੁਛ ਇਤਬਾਰ ਨਹੀਂ ਸੀ। ਚਾਹੋ ਉਹ ਏਥੇ ਰਹਿ ਪਏ ਸਨ, ਪਰ ਹਿੰਦੂ ਪ੍ਰਜਾ ਤੋਂ ਦਿਲੋਂ ਘ੍ਰਿਣਾ ਕਰਦੇ ਸਨ।
[1](ਮੇਰਾ) ਡਰ।
[2]ਕਿਸੇ ਦੇ ਕਹੇ ਕਹਾਏ।

ਕ੍ਰੋਧ ਬਸੀ ਹੁਇ ਕਜਾ ਨ ਕਰੰਤਾ।
ਲੋਭੀ ਗੁਨ ਅਵਗੁਨ ਨ ਲਖੰਤਾ ॥੪੧॥
ਇਹ ਮਮ ਸੁਤਾ ਕਰਹੁ ਨਿਜ ਦਾਸੀ।
ਜਸੁ ਜੁਤਿ ਬਜਾਹੁ ਲਿਜਾਵਹੁ ਪਾਸੀ।
ਦੋਨਹੁ ਦਿਸ਼ਿ ਤੇ ਮਿਟਹਿ ਕਲੇਸ਼ੂ।
ਹਮ ਤੁਮ ਸਾਕ ਆਨੰਦ ਵਿਸ਼ੇਸ਼ੂ ॥੪੨॥
ਭਲੀ ਬਾਤ ਤੌਂ ਮਾਨਹੁ ਐਸੋ।
ਸੰਧਿ[1] ਬਜਾਹ ਕਰਿ ਜੈਸੇ ਕੈਸੋ।
ਜੇ ਕਰਿ ਪਿਤਾ ਕੋ ਬੈਰ ਸੰਭਾਰੋ।
ਮੁਝ ਕੋ ਹਤਿਬੇ ਹੇਤ ਉਚਾਰੋ ॥੪੩॥
ਤੌਂ ਸੁਨਿ ਲੇਹੁ ਜਥਾ ਮੈਂ ਲਹਜੋ।
ਤੁਵ ਪਿਤ ਮੋ ਕਹੁ ਕੂਕਰ ਕਹਜੋ।
ਲਗਜੋ ਗੈਲ[2] ਮੈਂ ਹ੍ਵੈ ਕੈ ਸ੍ਵਾਨ।
ਹਟਜੋ ਤਬਹਿ ਕਰਿ ਪ੍ਰਾਨਨ ਹਾਨਿ ॥੪੪॥
ਨਹਿਂ ਆਗੇ ਮੇਰੋ ਬਲ ਜਾਨੇ।
ਤਬਹਿ[3] ਮਰਨ ਭਾ ਲੇਹਿ ਪਛਾਨੇ।
ਅਬਿ ਤੌਂ ਜਾਨਿ ਲਿਯੋ ਨਿਰਧਾਰੇ।
ਤਜਹੁ ਬੈਰ ਸ਼ੁਭ ਸੰਧਿ ਬਿਚਾਰੇ' ॥੪੫॥
ਤਬਹਿ ਦੂਤ ਨਿਜ ਨਿਕਟ ਬੁਲਾਏ।
ਮ੍ਰਿਦੁਲ ਨਿਠੁਰ ਬਚ ਕਹਿ ਸਮੁਝਾਏ।
'ਮੋਹਿ ਪ੍ਰਤਾਪ ਸੁਨਾਵਹੁ ਮਹਾਂ।
ਤ੍ਰਾਸ ਧਰਹਿ ਉਚਰਹੁ ਤਿਮ ਤਹਾਂ ॥੪੬॥
ਜਜੋਂ ਕਜੋਂ ਨਾਤਾ ਦੇ ਕਰਿ ਆਵਹੁ।
ਕਰਹੁ ਕਾਜ ਧਨ ਮੁਝ ਤੇ ਪਾਵਹੁ।
ਸ਼ਾਹੁ ਦਿਸ਼ਾ ਤੇ ਤ੍ਰਾਸ ਦਿਖਾਵਹੁ।
-ਕਜੋਂ ਬਿਨ ਕਾਰਨ ਦ੍ਰੋਹ ਕਮਾਵਹੁ- ॥੪੭॥
ਉਕਤਿ ਜੁਕਤਿ ਕੀ ਕਰਿ ਚਤੁਰਾਈ।
ਕਰਹੁ ਮਨਾਵਨਿ ਸੁਤਾ ਸਗਾਈ।'
ਇੱਤਜਾਦਿਕ ਬਹੁਤੇ ਸਮੁਝਾਏ।

---

[1] ਮੈਲ ਕਰਕੇ।
[2] ਪਿੱਛੇ।
[3] ਤਦੇ ਹੀ ਤਾਂ।

ਅਪਰ ਬਹੁਤ ਨਰ ਸੰਗ ਪਠਾਏ ॥੪੮॥
ਚਲੇ ਬਹਿਲ ਪਰ ਹ੍ਵੈ ਅਸਵਾਰ।
ਕਿਤਿਕ ਪਿਆਦੇ ਗਮਨੇ ਲਾਰਿ[1]।
ਨਿਸ ਬਿਸਰਾਮਹਿਂ ਦਿਵਸ ਪਯਾਨਹਿਂ।
ਗ੍ਰਾਮ ਨਗਰ ਉਲੰਘੇ ਬਹੁ ਥਾਨਹਿ ॥੪੯॥
ਸਤੱਦ੍ਰਵ ਸਲਿਤਾ ਹ੍ਵੈ ਕਰਿ ਪਾਰ।
ਚਲੇ ਬਿਪਾਸਾ ਤਰਿ ਕੈ ਬਾਰ।
ਪੰਥ ਸਰਬ ਉਲੰਘਜੋ ਨਿਤ ਚਾਲੇ।
ਪਿਖਜੋ ਸੁਧਾਸਰ ਨਗਰ ਬਿਸਾਲੇ ॥੫੦॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਚੰਦੂ ਕੋ' ਪ੍ਰਸੰਗ ਬਰਨਨੰ ਨਾਮ ਖਸ਼ਟ ਚੱਤਵਾਰਿੰਸਤੀ ਅੰਸੂ ॥੪੬॥

ਵਿਸ਼ੇਸ਼ ਟੂਕ:- ਨਿਰਦੋਸ਼ ਪਿਤਾ ਦੇ ਮਾਰੇ ਜਾਣ ਦਾ ਬਦਲਾ ਲੈਣਾ ਬੀਰ ਰਸੀ ਸੁੰਦਰਤਾ ਹੈ। ਕੋਈ ਕਾਇਰ ਇਹ ਪ੍ਰਣ ਨਹੀਂ ਕਰ ਸਕਦਾ। ਪਰ ਸਤਿਗੁਰਾਂ ਦੇ ਭਾਵ ਬਦਲਾ ਤੇ ਵੈਰ ਲੈਣਾ ਨਹੀਂ ਸੀ ਜੋ ਬਾਰ ਬਾਰ ਜ਼ਿਕਰ ਆ ਰਿਹਾ ਹੈ, ਸਗੋਂ ਸਤਿਗੁਰੂ ਜੀ ਆਪਣੇ ਬੀਰ ਰਸੀ ਠਾਠ ਨੂੰ ਕਿਸੇ ਹੋਰ ਉਚੇ ਭਾਵ ਤੋਂ ਧਾਰਨ ਕਰ ਰਹੇ ਹਨ। ਜਿਸ ਸਰਦ ਮਿਹਰੀ ਨਾਲ ਬਿਨਾਂ ਵਿਚਾਰੇ, ਬਿਨਾਂ ਜੋਖੇ, ਤੋਲੇ, ਬਿਨਾਂ ਦਰਯਾਫਤ ਕੀਤੇ ਤੇ ਸੁਣੇ ਕੇਵਲ ਚੰਦੂ ਵਰਗੇ ਵੈਰੀਆਂ ਤੇ ਸ਼ਰੱਈ ਮੁਤਅੱਸਬਾਂ ਦੇ ਆਖੇ ਲੱਗਕੇ ਜਹਾਂਗੀਰ ਨੇ-ਜੈਸਾ ਕਿ ਉਸ ਨੇ ਆਪ ਮੰਨਿਆ ਹੈ ਕਿ-ਚਿੱਤ ਵਿਚ ਪਹਿਲੋਂ ਹੀ ਬੈਠੇ ਤਅੱਸਬ ਦੇ ਭਾਵ ਨਾਲ ਗੁਰੂ ਜੀ ਦੇ ਸਰੀਰ ਹਰਨ ਦਾ ਹੁਕਮ ਦੇ ਦਿਤਾ, ਇਹ ਨਜਾਯਸ਼ੀਲ ਰਾਜ ਪ੍ਰਬੰਧ ਦੇ ਮੂਲੋਂ ਵਿਰੁੱਧ ਹੈਸੀ। ਜੋ ਕਲੇਸ਼ ਹਿੰਦੀ ਪ੍ਰਜਾ ਨੂੰ ਇਨ੍ਹਾਂ ਬਿਦੇਸੋਂ ਆਕੇ ਮਾਲਿਕ ਬਣ ਬੈਠੇ ਤੇ ਤਅੱਸਬੀ ਪਾਤਸ਼ਾਹਾਂ ਤੋਂ ਸੀ ਤੇ ਜੋ ਅਟਕ ਕਾਜ਼ੀ ਲੋਕ ਸ਼ਾਹੀ ਦਬਾਉ ਹੇਠਾਂ ਦੇਕੇ ਸਤ ਧਰਮ ਦੀ ਰੋਕ ਹੋ ਖੜੋਂਦੇ ਸਨ, ਏਹ ਉਪੱਦ੍ਰਵ ਦੂਰ ਕਰਨਾ ਪ੍ਰਯੋਜਨ ਸੀ। ਜ਼ਿਮੇਦਾਰੇ ਪ੍ਰਬੰਧ ਹੇਠਾਂ ਪ੍ਰਜਾ ਇਸ ਤਰ੍ਹਾਂ ਦੀ ਮੁਰਦਾ ਤੇ ਕਾਇਰ ਹੋ ਰਹੀ ਸੀ ਕਿ ਪੰਚਮ ਗੁਰੂ ਜੀ ਵਰਗੀ ਮਹਾਨ ਪਵਿੱਤ੍ਰ ਤੇ ਸਨਮਾਨ ਵਾਲੀ ਪੂਰਨ ਸ਼ਾਂਤਿ ਮਯ ਗੁਣ ਸ਼ੀਲ ਵਜਕਤੀ ਨਿਰਦਯਤਾ ਨਾਲ ਕਤਲ ਕੀਤੀ ਗਈ, ਪਰ ਪਰਜਾ ਨੇ ਅਗੋਂ ਉਫ ਤਕ ਨਾ ਕੀਤੀ। ਇਸ ਪਰਮ ਸ਼ਾਂਤਿਮਯ ਸਹਾਰੇ ਨੇ ਮੋਏ ਦਿਲਾਂ ਵਾਲੀ ਪ੍ਰਜਾ ਵਿਚ ਕੋਈ ਅੰਦੋਲਨ ਨਾ ਖਾਧਾ, ਕੋਈ ਸ਼ੋਕ ਨਾ ਪਾਇਆ ਕਿ ਪਾਤਸ਼ਾਹ ਨੂੰ ਪਤਾ ਲਗਦਾ ਕਿ ਮੈਂ ਬੁਰਾ ਕੀਤਾ ਹੈ, ਸਗੋਂ ਚੰਦੂ ਤੇ ਮੁਰਤਜ਼ਾ ਖਾਂ ਨੇ ਆਪ ਸਾਰਾ ਕੁਛ ਸਿਰੇ ਚਾੜ੍ਹਿਆ ਤੇ ਲੋਕਾਂ ਦੀ ਅਵਾਜ਼ ਉਠ ਹੀ ਨਾ ਸਕੀ। ਇਹ ਮੁਰਦਿਹਾਨ, ਇਹ ਰੂਹ, ਮਨ, ਇਖ਼ਲਾਕ ਤੇ ਸਰੀਰਕ ਸਾਹਸ ਦੀ ਮੌਤ ਜਿਸ ਵਿਚ ਪ੍ਰਜਾ ਮਰ ਰਹੀ ਸੀ, ਉਸ ਵਿਚ ਜੀਵਨ ਭਰਨਾ ਸੀ। ਧਰਮ, ਪ੍ਰੇਮ ਭਾਵ, ਤਯਾਗ, ਉੱਚ ਜੀਵਨ ਤਾਂ ਸਿਖਾਂ ਵਿਚ ਆ ਗਿਆ ਸੀ, ਉਸ ਵਿਚ ਸ੍ਵੈ ਸਤਿਕਾਰ, ਅਣਖ, ਅੰਨਜਾਯ ਅੱਗੇ

[1]ਨਾਲ।

ਅਝੁਕਤਾ ਤੇ ਅਸੂਲ ਤੇ ਧਰਮ ਦੀ ਖ਼ਾਤਰ ਸਾਹਸ ਨਾਲ ਟਾਕਰਾ ਕਰਨਾ ਤੇ ਹੱਸਦੇ ਹੱਸਦੇ ਮਰ ਜਾਣਾ ਇਹ ਅਮਲੀ ਤਯਾਗ ਹੁਣ ਸਤਿਗੁਰ ਨੇ ਸਿਖਾਲਣਾ ਸੀ। ਹਾਂ ਉਹ ਆਤਮ ਉੱਨਤੀ ਜੋ ਸਿੱਖਾਂ ਵਿਚ ਆ ਗਈ ਸੀ, ਉਸ ਨੂੰ ਬੀਰ ਰਸ ਦੀ ਗੁੱਝ ਵਿਚ ਪਾ ਕੇ ਸਰਬ ਸਾਧਾਰਣ ਵਿਚ ਸ੍ਵੈ ਸਤਿਕਾਰ, ਸ੍ਵੈ ਰਖ੍ਯਾ ਤੇ ਆਪਣੀ ਤੇ ਪ੍ਰਜਾ ਦੀ ਰਖ੍ਯਾ ਵਾਸਤੇ ਸਰੀਰ ਅਰਪ ਦੇਣਾ, ਤੇ ਸਰੀਰ ਚੁੱਪ ਕਰਕੇ ਕਸਾਈ ਅੱਗੇ ਭੇਟਾ ਨਾ ਧਰ ਦੇਣਾ, ਪਰ ਉਸ ਸਰੀਰ ਨਾਲ ਹੱਥ ਵਿਚ ਸ਼ਸਤ੍ਰ ਫੜਕੇ ਕਸਾਈ ਦਾ ਮੁਕਾਬਲਾ ਕਰਕੇ ਮਰਨਾ ਯਾ ਮਾਰ ਦੇਣਾ ਤੇ ਧਰਮ ਭਾਵ ਤੋਂ ਹੀਣ ਜ਼ਾਲਮਾਂ ਨੂੰ ਉਨ੍ਹਾਂ ਦੇ ਆਪਣੇ ਅਖਤਿਆਰ ਕੀਤੇ ਵਤੀਰੇ ਨਾਲ ਹੀ ਹੋਸ਼ ਦਿਵਾ ਦੇਣੀ ਤੇ ਬਦੀ ਜ਼ੁਲਮ ਕਰਨੋਂ ਉਹਨਾਂ ਨੂੰ ਅਸਮਰਥ ਕਰ ਦੇਣਾ ਇਹ ਪ੍ਰਯੋਜਨ ਸੀ ਸਤਿਗੁਰਾਂ ਦਾ ਬੀਰ ਰਸ ਧਾਰਨ ਕਰਨੇ ਤੇ ਕਰਾਉਣੇ ਦਾ। ਕੋਈ ਲੋਭ ਲਾਲਚ ਆਪਣੀ ਗਰਜ਼ ਵਿਚ ਨਹੀਂ ਸੀ। ਕਿਸੇ ਸੁਹਣੇ ਵੱਗ ਵਿਚ ਜੇ ਬਘਿਆੜ ਆ ਵੜੇ ਤਾਂ ਉਸ ਵਾਗੀ ਦਾ ਧਰਮ ਤੇ ਫਰਜ਼ ਸ਼ਾਂਤਿ ਮਯ ਹੋ ਕੇ ਸੌਂ ਜਾਣਾ ਨਹੀ, ਪਰ ਵੱਗ ਦੀ ਰਾਖੀ ਕਰਨਾ ਹੈ। ਤਿਵੇਂ ਬਘਿਆੜ ਪਾਤਸ਼ਾਹ ਨੇ ਜੋ ਅੱਤਯਾਚਾਰ ਕੀਤਾ ਸੀ ਉਹ ਉਸ ਜ਼ਾਲਮ ਨੇ ਸ਼ੁਰੂ ਹੀ ਵਾਗੀ ਤੋਂ ਕੀਤਾ ਸੀ ਕਿ ਵਾਗੀ ਨੂੰ ਮਾਰ ਲਵਾਂ ਤੇ ਵੱਗ ਸਾਰਾ ਮਾਰਨਾ ਫੇਰ ਕੁਛ ਬਾਤ ਹੀ ਨਹੀਂ, ਜੈਸਾ ਕਿ ਪਾਤਸ਼ਾਹ ਆਪ ਮੰਨ ਰਿਹਾ ਹੈ ਮੈਂ ਇਹ ਦੁਕਾਨ ਦੇਰ ਤੋਂ ਬੰਦ ਕਰਨੀ ਚਾਹੁੰਦਾ ਸਾਂ। ਸੋ ਮਾਲਿਕ ਨੂੰ ਮਾਰ ਦਿਓ, ਘਰ ਬਾਰ ਲੁਟ ਲਓ, ਬਾਲ ਬੱਚੇ ਕੈਦ ਕਰ ਦਿਓ, ਏਹ ਹੁਕਮ ਦੇਕੇ ਆਪਣੇ ਵਲੋਂ ਉਸ ਨੇ ਤਾਂ ਅਰਸ਼ੀ ਦਾਤੇ ਦੀ (ਉਸ ਦੇ ਆਪਣੇ ਲਫਜ਼ਾਂ ਵਿਚ) ਹੱਟ ਬੰਦ ਕਰ ਹੀ ਦਿਤੀ ਸੀ। ਪਰ ਛੇਵੇਂ ਸਤਿਗੁਰਾਂ ਬਚਪਨ ਵਿਚ ਹੀ ਐਸੀ ਸੁਰਤ ਸੰਭਾਲੀ ਕਿ ਘਰ ਬਾਰ ਹਰਿ ਮੰਦਰ, ਨਗਰੀ, ਗੁਰੂ ਗ੍ਰੰਥ ਸਾਹਿਬ ਜੀ ਸੰਭਾਲੇ, ਰੱਬੀਯਤ ਦੇ ਵਾਗੀ ਹੋਕੇ ਅਰਸ਼ੀ ਵੱਗ ਨੂੰ ਸੰਭਾਲਣ ਦਾ ਕੱਰ ਸਿਰ ਤੇ ਚਾਇਆ। ਫਿਰ ਹੁਣ ਸੋਚੋ ਕਿ ਇਸ ਉੱਚ ਸੁਰਤੇ ਵਾਗੀ ਦਾ ਧਰਮ ਕੀ ਹੋਵੇ? ਸ਼ਾਂਤਿ ਮਯ ਰਹਿਕੇ ਬਘਿਆੜ ਨੂੰ ਵੱਗ ਵਿਚ ਵਿਚਰਨ ਦੇਵੇ ਯਾਂ ਕਿ ਨਿਰੋਲ ਪਰੋਪਕਾਰ ਦੇ ਭਾਵ ਵਿਚ ਭਰਕੇ ਬੀਰ ਰਸੀ ਸਾਮਾਨ ਕਰਕੇ ਆਪਣੇ ਰੂਹਾਨੀ ਵੱਗ ਦੀ ਰਾਖੀ ਕਰੇ? ਇਹ ਪਰੋਪਕਾਰ, ਇਹ ਰਖ੍ਯਾ, ਇਹ ਰਾਖੀ ਦਾ ਆਪਣਾ ਫਰਜ਼ ਤੇ ਧਰਮ ਵਿਚਾਰ ਕੇ ਕੁਮਾਰ ਸਤਿਗੁਰਾਂ ਨੇ ਸਾਰਾ ਠਾਠ ਬੀਰ ਰਸੀ ਸਾਜਿਆ। ਹਾਂ ਖੜਗ ਧਾਰਨ ਕੀਤੀ, ਕਸ਼ਟ ਦੇਣ ਲਈ ਨਹੀਂ, ਪਰ ਕਸ਼ਟ ਹਰਨ ਲਈ। ਹਾਂ ਖੜਗ ਨੂੰ ਢਾਲ ਬਣਾਕੇ ਮੋਈ ਪ੍ਰਜਾ-ਮੋਈ ਕੌਮ, ਮਰ ਮਿਟੀ ਸ੍ਰਿਸ਼ਟੀ-ਵਿਚ ਧਰਮ ਭਾਵ ਦੇ ਨਾਲ ਸ੍ਵੈ ਸਤਿਕਾਰ, ਸਾਹਸ, ਸੱਚ ਲਈ ਮਰਨ ਤੇ ਫਰਜ਼ ਲਈ ਜਾਨ ਦੇਣ ਦੀ ਜਾਚ ਸਿਖਾਲਣ ਲਈ। ਸੋ ਐਉਂ ਬੀਰ ਰਸੀ ਪ੍ਰਣ ਕੀਤਾ ਤੇ ਬੀਰ ਰਸ ਤੋਰਿਆ ਅਰ ਸਭ ਨੂੰ ਉੱਚੇ ਕਰ ਦੇਣ ਦੇ ਰਾਹੇ ਪਾ ਦਿਤਾ। ਜੇ ਕਦੀ ਨਿਰਾ ਪਿਤਾ ਦਾ ਹੀ ਬਦਲਾ ਮਾਤ੍ਰ ਲੈਣਾ ਸੀ ਤਾਂ ਚੰਦੂ ਨੂੰ ਕਿਸੇ ਤੋਂ ਚੁਪਾਤੇ ਮਰਵਾ ਦੇਣਾ ਕੋਈ ਔਖੀ ਗਲ ਨਹੀਂ ਸੀ। ਅਤੇ ਫੇਰ ਜੇ ਇਓਂ ਹੀ ਚੰਦੂ ਨੂੰ ਮਾਰਨਾ ਸੀ ਤਾਂ ਉਸ ਦੇ ਮਾਰੇ ਜਾਣ ਮਗਰੋਂ ਬੀਰ ਰਸੀ ਸਾਮਾਨ ਛਡ ਦੇਂਦੇ ਸਗੋਂ ਉਹ ਮਗਰੋਂ ਹੋਰ ਵਧੇ ਹਨ ਤੇ ਤੁਰਕਾਂ ਨਾਲ ਜੰਗ ਬੀ ਮਗਰੋਂ ਹੋਏ ਹਨ, ਜਿਸ ਤੋਂ ਸਪੱਸ਼ਟ ਹੈ ਕਿ ਬੀਰ ਰਸੀ ਧਾਰਨੇ ਦਾ

ਕਾਰਣ ਮਹਾਨ ਉੱਚਾ ਤੇ ਗੰਭੀਰ ਸੀ ਤੇ ਆਪ ਨੇ ਧਰਮ, ਕੌਮ ਤੇ ਦੇਸ਼ ਵਿਚ ਕੋਈ ਨਵੀਂ ਰੂਹ ਫੂਕਣੀ ਸੀ ਜਿਸ ਦੇ ਨਾ ਹੋਣ ਕਰਕੇ ਸਦੀਆਂ ਤੋਂ ਪ੍ਰਜਾ ਦਬੇਲ ਤੇ ਹੀਣੀ ਹੋ ਰਹੀ ਸੀ। ਵਿਸ਼ੇਸ਼ ਲਈ ਦੇਖੋ ਇਸੇ ਰਾਸਿ ਦੇ ਅੰਸੂ ੪੨ ਅੰਕ ੧੨ ਦੀ ਟੂਕ।

੪੭. [ਦੂਤ ਵਾਪਸ ਦਿੱਲੀ ਆਏ]

੪੬<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੮

ਦੋਹਰਾ: ਚੰਦੂ ਪਠੇ ਜੁ ਦੂਤ ਨਿਜ, ਪ੍ਰਵਿਸ਼ੇ ਪੁਰਿ ਮਹਿਂ ਆਇ।
ਕਰਿ ਨਿਵੇਸ਼[੧] ਕਿਸ ਥਲ ਭਲੇ, ਵਸਤੂ ਅਖਿਲ ਟਿਕਾਇ ॥੧॥

ਚੌਪਈ: ਲਏ ਨੀਰ ਕਰ ਚਰਨ ਪਖਾਰੇ।
ਪਹਿਰੇ ਬਸਤ੍ਰ ਮੋਲ ਜਿਨ ਭਾਰੇ।
ਸਤਿਗੁਰੁ ਕੀ ਸੁਧਿ ਸੁਨਿ ਕਰਿ ਕਾਨ।
'ਅਹੈਂ ਅਕਾਲ ਤਖਤ ਕੇ ਥਾਨ' ॥੨॥
ਆਨਿ ਪਹੂਚੇ ਬੀਚ ਦਿਵਾਨ।
ਬੈਠੇ ਸੁਭਟ ਬ੍ਰਿੰਦ ਸਵਧਾਨ।
ਤੋਮਰ, ਤੁਪਕ, ਤੀਰ, ਤਲਵਾਰ।
ਸੈਫ[੨] ਸੈਹਥੀ[੩] ਸੇਲ[੪] ਸੰਭਾਰ ॥੩॥
ਸਿਪਰ[੫] ਸਰੋਹੀ[੬] ਸਾਂਗ ਧਰੰਤੇ।
ਸ਼ਸਤ੍ਰ ਬਸਤ੍ਰ ਤੇ ਅਧਿਕ ਸੁਭੰਤੇ।
ਸ੍ਰੀ ਹਰਿ ਗੋਵਿੰਦ ਤਖਤ ਬਿਰਾਜੇ।
ਬਿਰਦ ਨਿਬਾਹਨਿ ਲੋਚਨ ਲਾਜੇ[੭] ॥੪॥
ਜੁਗ ਗਰ ਮਹਿਂ ਸੋਭਤਿ ਸ਼ਮਸ਼ੇਰ।
ਜੋ ਰਿਪੁ ਕੋ ਦਾਰੁਨ ਸਮ ਸ਼ੇਰ।
ਧਨੁਖ ਨਿਠੁਰ ਬਡ ਧਰਜੋ ਅਗਾਰੀ।
ਫੇਰਤਿ ਸਰ ਚੁਟਕੀ ਕਰ ਧਾਰੀ[੮] ॥੫॥
ਕ੍ਰਿਪਾ ਦ੍ਰਿਸ਼ਟਿ ਸਿੱਖਨਿ ਪਰ ਕਰਤੇ।
ਕਬਿ ਕਬਿ ਫੇਰਤਿ ਤੀਰ ਨਿਹਰਤੇ[੯]।
ਪ੍ਰਭੁ ਕੀ[੧੦] ਪ੍ਰਭੁਤਾ ਪਿਖਿ ਬਿਸਮਾਏ।

---

[੧]ਡੇਰਾ।
[੨]ਤਲਵਾਰ [ਅ: ਸੈਫ]
[੩]ਬਰਛੀ [ਪ੍ਰਾਕ੍ਰਿਤ, ਸਹੱਤ੍ਥ]
[੪]ਸੇਲੇ।
[੫]ਢਾਲ।
[੬]ਤਲਵਾਰ। ਸਿਰੋਹੀ ਰਾਜਪੂਤਾਨੇ ਦਾ ਇਕ ਸਥਾਨ ਹੈ ਜਿਥੋਂ ਦੀ ਤਲਵਾਰ ਬਹੁਤ ਵਧੀਆ ਲੋਹੇ ਦੀ ਤੇ ਅਤਿ ਲਚਕਦਾਰ ਹੁੰਦੀ ਹੈ, ਇਥੋਂ ਦੀ ਹੋਣ ਕਰਕੇ ਸਿਰੋਹੀ ਦਾ ਅਰਥ ਹੀ ਤਲਵਾਰ ਹੋ ਗਿਆ।
[੭]ਲੱਜਾ ਦਾ ਬਿਰਦ ਨਿਬਾਹੁਣ ਵਾਲੇ ਨੇਤਰ ਹਨ।
[੮]ਚੁਟਕੀ ਨਾਲ ਹੱਥ ਵਿਚ ਧਾਰਕੇ।
[੯]ਤੀਰ ਫੇਰ ਰਹੇ ਦਿਖਾਈ ਦਿੰਦੇ ਹਨ।
[੧੦]ਭਾਵ ਗੁਰੂ ਜੀ ਦੀ।

ਤੇਜ ਬਿਸਾਲ ਸਹਜੋ ਨਹਿਂ ਜਾਏ ॥੬॥
ਤ੍ਰਸਤਿ ਰਿਦੇ ਗੁਰੁ ਨਿਕਟ ਪਧਾਰੇ।
ਪਦ ਅਰਬਿੰਦ ਬੰਦਨਾ ਧਾਰੇ।
ਪੁਨ ਪਾਤੀ ਧਰਿ ਦੀਨਿ ਅਗਾਰੀ।
'ਪਠੀ ਦਿਵਾਨ ਸਮੀਪ ਤੁਮਾਰੀ' ॥੭॥
ਦੇਖਤਿ ਸ਼੍ਰੀ ਮੁਖ ਤੇ ਫੁਰਮਾਯੋ।
ਪਢ੍ਯੋ ਪਾਰਸੀ ਨਿਕਟ ਬੁਲਾਯੋ।
'ਕਰਹੁ ਸੁਨਾਵਤਿ ਕਹਾ ਲਿਖ ਭੇਜਾ।
ਕਰਕਤਿ ਜਿਸ ਕੇ ਨਾਮ[1] ਕਰੇਜਾ ॥੮॥
ਰਿਸਿ ਤੇ ਸੁਲਗਤਿ ਹੈ ਨਿਤ ਛਾਤੀ[*]।
ਅਬਿ ਕਹਾ ਕਹਿ ਭੇਜ੍ਯੋ ਲਿਖਿ ਪਾਤੀ?'
ਖੋਲਿ ਪਠ੍ਯੋ ਮਤਲਬ ਸਭਿ ਜਾਨਾ।
ਗੁਰੁ ਬੋਲੇ ਕਰਿ ਊਚ ਬਖਾਨਾ ॥੯॥
ਮ੍ਰਿਦੁਲ ਕਠੋਰ ਜਿ ਬਾਕ ਸੁਨਾਏ[2]।
ਸਕਲ ਲੋਕ ਸੁਨਿਹੀ[3] ਚਿਤ ਲਾਏ।
ਆਸ਼ੈ ਕੌਰਾ ਮਧੁਰ ਕਹਿਨ ਕੋ।
-ਜਿਮ ਕਿਮ ਕਰਿ ਲੇ ਪਾਨ ਗ੍ਰਹਿਨ[4] ਕੋ- ॥੧੦॥
ਸੁਨੀ ਪਿਤਾ ਕੀ ਬਾਤ ਮਹਾਨਾ।
-ਮੈਂ ਇਮ ਕਰੇ ਪ੍ਰਾਨ ਤਿਨ ਹਾਨਾ।
ਗੈਲ ਲਗ੍ਯੋ ਕੂਕਰ ਕੀ ਨਜਾਈ-।
ਸੁਨਤਿ ਗੁਰੂ ਕੇ ਰਿਸ ਉਰ ਛਾਈ ॥੧੧॥
'ਸੁਨਹੁ ਦੂਤ! ਮਮ ਕਹ੍ਯੋ ਸੁਨਾਵਹੁ।
-ਕ੍ਯੋਂ ਏਤਿਕ ਚਿਤ ਮਹਿਂ ਗਰਬਾਵਹੁ?
ਸਮਾਂ ਸਮੀਪ ਆਇ ਅਬਿ ਗਇਊ।
ਕਿਤਿਕ ਕਾਲ ਤੁਵ ਪ੍ਰਾਨਨਿ ਛਇਊ[1] ॥੧੨॥

---

[1]ਜਿਸ ਦਾ ਨਾਮ (ਸੁਣਿਆ)।
[*]ਇਸ ਵਿਚ ਵੈਰ ਭਾਵ ਤੋਂ ਮੁਰਾਦ ਨਹੀਂ ਲੈਣੀ ਚਾਹੀਏ, ਪਰ ਪਿਤਾ ਪ੍ਰੇਮ ਵਿਚ, ਗੁਰੂ ਪ੍ਰੇਮ ਵਿਚ ਰਚ ਰਹੇ ਜੀਉਂਦੇ ਮਨ ਵਿਖੇ ਜੋ ਅਣਖ ਵਾਲਾ ਜੀਉਂਦਾ ਜਾਗਦਾ ਬੀਰ ਰਸ ਤੇ ਸ਼ਾਂਤਿ ਰਸ ਦਾ ਮਿਸਰਤ ਭਾਵ ਹੈ ਉਸ ਭਾਵ ਤੋਂ ਮੁਰਾਦ ਹੈ। ਵਾਹਿਗੁਰੂ ਰੂਪ ਸਤਿਗੁਰੂ ਦੀ ਛਾਤੀ ਕਿਉਂ ਸੁਲਗ ਸਕਦੀ ਹੈ, ਉਹ ਤਾਂ ਸਦਾ ਠੰਢੀ ਹੈ, ਸਦਾ ਸੀਤਲ ਹੈ, ਪਰ ਹਾਂ ਆਤਮਿਕ, ਮਾਨਸਿਕ ਤੇ ਬੀਰ ਰਸੀ ਜੀਵਨ ਨਾਲ ਨਿੱਘ ਵਾਲੀ ਹੈ, ਮੁਰਦਿਹਾਨ ਦੀ ਸਰਦੀ ਵਾਲੀ ਨਹੀਂ ਹੈ।
[2]ਸੁਣਾਏ (ਚਿੱਠੀ ਦੇ)।
[3]ਸੁਣਦੇ ਹਨ।
[4]ਵਿਵਾਹ।

ਸ਼ਾਂਤਿ ਰੂਪ ਗੁਰੁ ਪਿਤਾ ਹਮਾਰੇ।
ਨਹਿਂ ਰਿਸ ਧਰਿ ਬਚ ਦੰਡ ਪ੍ਰਹਾਰੇ[੨] ॥੧੦॥
ਕੂਕਰ ਗੈਲ[੩] ਭੌਂਕਤੋ ਤਾਵਤਿ।
ਹਤਹਿ ਨ ਦੰਡ ਪ੍ਰਚੰਡਹਿ ਜਾਵਤਿ[੪] ॥੧੩॥
ਪਿਤ ਕੋ ਪਲਟਾ ਨਹਿਂ ਨਰ ਲੇਤਿ।
ਸੋ ਨਰ ਨਹਿਂ, ਪਸੁ ਮੰਦ ਅਚੇਤਿ।
ਜੇਤਿਕ ਤੁਵ ਤੇ ਹ੍ਵੈ ਤਕਰਾਈ।
ਕਰਿ ਲੀਜਹਿ ਬਹੁ ਚਿਤਵ ਉਪਾਈ ॥੧੪॥
ਹਤੌਂ ਕੁਮ੍ਰਿਤੁ ਤੋਹਿ ਕੋ ਐਸੇ।
ਹਲਤ ਪਲਤ ਬਡ ਸੰਕਟ ਜੈਸੇ।
ਕਰੀ ਪ੍ਰਤੱਗਜਾ ਤੈਂ ਸੁਨਿ ਲੀਨਿ।
ਕਰੌਂ ਸਾਚ ਸੋ ਲਿਹੁ ਮਨ ਚੀਨਿ ॥੧੫॥
ਸ਼੍ਰੀ ਗੁਰੂ ਅਰਜਨ ਕੋ ਅਪਰਾਧੀ।
ਸਭਿ ਸਾਧਨਿ ਕੋ ਤੂ ਸਮ ਬਜਾਧੀ[੫*]।
ਸਕਲ ਸੰਤ ਹੇਰਤਿ ਦਿਸ਼ਿ ਮੇਰੀ।
ਕਹਿ ਬਚ ਕਰਹਿਂ ਭਸਮ ਕੀ ਢੇਰੀ ॥੧੬॥
ਅਸ ਪਾਪੀ ਕੋ ਤਜਾਗਹਿ ਕੌਨ[੬]।
ਕਰਹਿਂ ਬਿਨਾਸ਼ਨ ਤੁਵ ਜੁਤਿ ਭੌਨ[੭]।
ਸ਼੍ਰੀ ਅਰਜਨ ਕੋ ਰੁਖ ਸਭਿ[੮] ਦੇਖੇ।
ਭਏ ਛਿਮੀ ਰਿਸ ਖੋਇ ਵਿਸ਼ੇਖੇ ॥੧੭॥
ਤੂੰ ਮੂਰਖ ਕਜਾ ਕਹਿ ਗਰਬਾਵੈਂ।
ਕੇਤਿਕ ਦਿਨ ਮਹਿਂ ਅਬਿ ਫਲ ਪਾਵੈਂ।
ਬਚਹਿਂ ਨ ਹੁਇ ਸੁਰਪਤਿ[੯] ਰਖਵਾਰੋ।
ਅਪਰਨਿ ਕੀ ਗਿਨਤੀ ਕਜਾ ਧਾਰੋ ॥੧੮॥

---

[੧]ਨਾਸ਼ ਹੋਣਗੇ।
[੨]ਗੁੱਸੇ ਵਿਚ ਨਹੀਂ ਆਏ ਤੇ ਬਚਨਾਂ ਰੂਪ ਡੰਡੇ ਨਹੀਂ ਮਾਰੇ।
[੩]ਪਿੱਛੇ।
[੪]ਜ਼ੋਰ ਨਾਲ ਜਿੰਨਾ ਚਿਰ ਡੰਡਾ ਨਹੀਂ ਮਾਰੀਦਾ।
[੫]ਤੂੰ ਸਾਰੇ ਸੰਤਾਂ ਨੂੰ ਵਜਾਧੀ (ਰੋਗ) ਤੁੱਲ ਹੈਂ।
[*]ਸਪਸ਼ਟ ਹੈ ਕਿ ਚੰਦੂ ਨੂੰ 'ਸੰਤ ਦੋਖੀ' ਸਾਧੂ ਲੋਕ ਸਮਝ ਰਹੇ ਹਨ।
[੬](ਮਾਰੇ ਬਿਨਾਂ) ਕੌਣ ਛੱਡੇ।
[੭]ਤੈਨੂੰ ਸਮੇਤ ਘਰ ਦੇ।
[੮]ਸਾਰੇ (ਸੰਤ)।
[੯](ਭਾਵੇਂ) ਇੰਦ੍ਰ ਬੀ।

ਸੰਤਨ ਕੇ ਬਨ ਮਹਿਂ ਬਿਨ ਤ੍ਰਾਸ।
ਕਰਤਿ ਖੋਟ ਬਡਿ ਫਿਰਤਿ ਹੁਲਾਸ*।
ਜੌ ਲਗਿ ਬਲੀ ਕੇਹਰੀ ਦਾਰੁਨ।
ਮਿਲਿ ਕਰਿ ਕਰਤਿ ਨ ਪ੍ਰਾਨ ਬਿਦਾਰਨ-' ॥੧੯॥
ਸੁਨਿ ਕਰ ਜੋਰਿ ਦੂਤ ਪੁਨ ਕਹੈ।
'ਸਦਨ ਗੁਰੂ ਨਾਨਕ ਕੋ ਅਹੈ।
ਕਰਹੁ ਛਿਮਾ ਸਨਬੰਧ ਬਨਾਵਹੁ।
ਬਨਹਿ ਹੀਨ ਜਿਸ ਦੁਹਿਤਾ ਲਜਾਵਹੁ ॥੨੦॥
ਕਰ ਜੋਰਹਿ ਅਰੁ ਸੀਸ ਨਿਵਾਵੈ।
ਰਹੈ ਅਧੀਨ ਸੁ ਸੇਵ ਕਮਾਵੈ।
ਜਿਸ ਹਿਤ ਏਤਿਕ ਬਧ੍ਯੋ ਬਿਰੋਧੇ।
ਦੁਹਿ ਦਿਸ਼ਿ ਮਹਿਂ ਅਤਿਸ਼ੈ ਚਿਤ ਕ੍ਰੋਧੇ ॥੨੧॥
ਸੋ ਤੁਮ ਬਜਾਹੁ ਲੇਹੁਗੇ ਜਬੈ।
ਮਿਟਹਿ ਕਲੇਸ਼ ਤੁਰਤ ਹੀ ਤਬੈ।'
ਸੁਨਤਿ ਗੁਰੂ ਬੋਲੇ ਧਰਿ ਕ੍ਰੋਧੰ।
'ਇਹ ਤੁਮ ਕਹਾਂ ਕਹਤਿ ਬਿਨ ਬੋਧੰ[1] ॥੨੨॥
ਚੰਦੂ ਕੁਟੰਬ ਕੁਮੁਦ ਸਮੁਦਾਇ[2]।
ਗੁਰੁ ਸੂਰਜ ਸਭਿ ਕੋ ਮੁਰਝਾਇ।
ਜੇ ਅਰਬਿੰਦ ਬਨਾਵਹੁ ਤਿਨੈ।
ਗੁਰ ਤੁਖਾਰ[3] ਦੁਖਦਾਯਕ ਬਨੈ ॥੨੩॥
ਜਾਵਤਿ ਚੰਦੂ ਕੇ ਤਨ ਪ੍ਰਾਨ[4]।
ਹਮਹਿਂ ਨ ਸ਼ਾਂਤੀ ਹੋਵਤਿ ਆਨਿ।
ਰੁਚਿ ਸੋਂ ਖਾਨ ਨ ਪਾਨ ਨ ਸੋਵਨਿ।
ਨਹਿਂ ਸੋਹਤਿ ਚਿੰਤਾ ਚਿਤ ਖੋਵਨਿ ॥੨੪॥
ਜੇ ਕਰਿ ਪਸ਼ਚਮ ਸੂਰਜ ਉਦੇ।
ਅਗਨਿ ਚੰਦ੍ਰਮਾਂ ਸ੍ਰਵਹਿ[5] ਜਿ ਕਦੇ।
ਪੰਖ ਲਗਾਇ ਮੇਰੁ ਉਡਿ ਜਾਵੈ।

---

*ਸਪਸ਼ਟ ਹੈ ਕਿ ਚੰਦੂ ਨੂੰ 'ਸੰਤ ਦੋਖੀ' ਸਾਧੂ ਲੋਕ ਸਮਝ ਰਹੇ ਹਨ।
[1]ਬਿਨਾਂ ਵਿਚਾਰ।
[2]ਸਾਰਾ ਕਵੀਆ ਵਾਂਙੂ ਹੈ।
[3]ਬਰਫ।
[4]ਤਨ ਵਿਚ ਪ੍ਰਾਨ ਹਨ।
[5]ਚੰਦ੍ਰਮਾਂ ਤੋਂ ਅਗ ਸਿੰਮੇ।

ਥਿਰਾ ਅਥਿਰਾ, ਸਮੁੰਦ ਸੁਕਾਵਹਿ[1] ॥੨੫॥
ਇੱਤਯਾਦਿਕ ਸਭਿ ਹੁਇ ਬਿੱਪ੍ਰੀਤ।
ਤਊ ਨ ਬਜਾਹ ਕਰਹਿਂ ਕਿਸਿ ਰੀਤਿ।
ਜਿਸ ਨੇ ਪਿਤਾ ਹਤਯੋ ਬਿਨ ਤ੍ਰਾਸ।
ਮੈਂ ਚਾਹੌਂ ਤਿਸ ਕਰਨਿ ਬਿਨਾਸ਼ ॥੨੬॥
ਤਿਸ ਸੋਂ ਕਹੁ ਕੈਸੇ ਸਨਬੰਧ[*]।
ਹਤਨੋ ਬਨਹਿ ਤਾਂਹਿ ਮਤ ਅੰਧ।
ਬਹੁਰ ਨ ਐਸੀ ਬਾਤ ਸੁਨਾਵਹੁ।
ਪੱਤ[+] ਸਮੇਤ ਨਿਕੇਤ ਸਿਧਾਵਹੁ ॥੨੭॥
ਹਮ ਦਿਸ਼ਿ ਤੇ ਕਹਿ ਦੇਹੁ ਸੰਦੇਸ਼ਾ।
-ਪਹੁੰਚਯੋ[2] ਤੁਵ ਢਿਗ ਅਧਿਕ ਕਲੇਸ਼ਾ।
ਅਪਦਾ ਪਰੈ ਆਨਿ ਅਬਿ ਐਸੇ।
ਜਤਨ ਅਨਿਕ ਤੇ ਮਿਟਹਿ ਨ ਕੈਸੇ- ॥੨੮॥
ਜਾਨਿ ਦੂਤ, ਤੁਮ ਕੋ ਅਬਿ ਤਜਹਿਂ[++]।
ਨਾਂਹਿ ਤ ਪਕਰ ਸਾਸਨਾ ਸਜਹਿਂ[3]।
ਜਿਸ ਤੇ ਮੂਢ ਮਤੀ ਸੋ ਜਾਨੈ।
ਕੇਤਿਕ ਦਿਨ ਮਹਿਂ ਪ੍ਰਾਨਨਿ ਹਾਨੈ' ॥੨੯॥
ਇਮ ਕਹਿ ਕਰਿ ਤਿਨ ਕੋ ਅਪਮਾਨਾ।
ਦਿਏ ਉਠਾਇ ਕਠੋਰ ਬਖਾਨਾ।
ਝੁਰਤਿ ਨਿਜ ਡੇਰੇ ਕਹੁ ਆਏ।
ਨਹਿਂ ਕੁਛ ਕਹਯੋ ਗਯੋ ਸੁ ਲਜਾਏ ॥੩੦॥
ਬਸੇ ਨਿਸਾ ਇਕ, ਡਰਪਤਿ ਰਹੇ।

---

[1]ਧਰਤੀ ਚਲ ਪਏ, ਸਮੁੰਦਰ ਸੁੱਕ ਜਾਵੇ।

[*]ਦਸੇ ਸਤਿਗੁਰੂ ਕਦੇ ਬਦੀ ਨੂੰ ਅਧਵਾਟਿਓਂ ਹੋਕੇ ਅਗੋਂ ਨਹੀਂ ਮਿਲੇ, ਭਾਵ ਇਹ ਕਿ ਕਿਸੇ ਮਨੋਰਥ ਲਈ ਕਿਸੇ ਬਹਾਨੇ ਕਿਸੇ ਪੱਜ ਨਾਲ ਲਪੇਟੀ ਹੋਈ ਬਦੀ ਅੰਗੀਕਾਰ ਨਹੀਂ ਕੀਤੀ, ਜਦ ਬਦੀ ਦਾ ਟਾਕਰਾ ਆਇਆ, ਨਿਰਭੈ ਹੋਕੇ ਉਸ ਨੂੰ ਡਾਂਟਿਆ, ਮੁਕਾਬਲਾ ਕੀਤਾ, ਖੇਦ ਸਹਾਰੇ, ਝੱਲੇ, ਪਰ ਹਾਰਿਆ ਦਾਉ ਬਦੀ ਨੂੰ ਕਦੇ ਨਹੀਂ ਦਿੱਤਾ, ਉਸ ਨਾਲ ਵਪਾਰ ਨਹੀਂ ਕੀਤਾ। ਸੰਤ ਦੋਖੀ, ਅਵਤਾਰ ਘਾਤਕ, ਵੱਢੀ ਖੋਰ, ਦੀਵਾਨ ਦੀ ਲੜਕੀ ਦਾ ਲੋਭ, ਪਦਾਰਥ ਦਾ ਲਾਲਚ, ਬਲ ਦਾ ਭੈ, ਪਿਤਾ ਨਾਲ ਹੋਏ ਸਲੂਕ ਦਾ ਤ੍ਰਾਸ, ਆਪਣੇ ਜੀਵਨ ਦਾ ਭੈ, ਕੋਈ ਸ਼ੈ ਪ੍ਰੇਰ ਨਹੀਂ ਸਕੀ ਕਿ ਬਦੀ ਨਾਲ ਗੁਰੂ ਜੀ ਸੁਦਾਗਰੀ ਕਰ ਲੈਣ; ਇਹ ਮਹਾਨ ਵਿਸ਼ਾਲਤਾ ਹੈ। ਇਥੇ ਬੀ ਕਵੀ ਜੀ ਦੇ ਲਿਖੇ ਤੋਂ ਇਹੀ ਭਾਵ ਸਹੀ ਹੁੰਦਾ ਹੈ।

[+]ਪਾ:-ਪਤੀ।

[2]ਪਹੁੰਚਿਆ ਹੀ (ਜਾਣ)।

[++]ਇਹ ਉੱਤਮ ਨੀਤੀ ਹੈ ਕਿ ਦੂਤ ਨੂੰ ਕਦੀ ਨਹੀਂ ਮਾਰਦੇ।

[3]ਦੰਡ ਦੇਂਦੇ।

-ਹਮਹੁ ਆਨਿ ਕੋ ਲੇਹਿ ਨ ਗਹੇ-।
ਤ੍ਰਾਸਤਿ ਨਹੀਂ ਸੁਪਤਿ ਸੁਖ ਸੰਗਾ।
ਭਈ ਪ੍ਰਭਾਤਿ ਚਢੇ ਤਿਸ ਢੰਗਾ ॥੩੧॥
ਦੋਹਰਾ: ਸਗਰੋ ਪੰਥ ਉਲੰਘਿ ਕੈ, ਦਿੱਲੀ ਪ੍ਰਵਿਸ਼ੇ ਆਇ।
ਚੰਦੂ ਪਾਪੀ ਸੋਂ ਮਿਲੇ, ਸਕਲ ਪ੍ਰਸੰਗ ਸੁਨਾਇ ॥੩੨॥
ਮਹਾਂ ਦੁਸ਼ਟ ਮਤਿ ਪਾਤਕੀ, ਸੁਨਤਿ ਭਯੋ ਦੁਖ ਪਾਇ।
ਬੂਝਤਿ 'ਕਹੋ ਪ੍ਰਸੰਗ ਸਭਿ, ਕਿਮ ਦੇਖਯੋ ਤੁਮ ਜਾਇ?' ॥੩੩॥
ਚੌਪਈ: ਕਹਤਿ ਭਏ 'ਸੁਨਿ ਕਾਨ ਦਿਵਾਨ।
ਉਤਰੇ ਪ੍ਰਥਮ ਏਕ ਹਮ ਥਾਨ।
ਲੋਕਨਿ ਕੋ ਬੂਝਯੋ -ਗੁਰ ਕਿਤ ਹੈ?
ਕਬਿ ਹਮ ਮਿਲਹਿਂ ਹੋਇ ਇਕ ਚਿਤ ਹੈ- ॥੩੪॥
ਤਬਹੁ ਸਿੱਖ ਇਕ ਸਕਲ ਬਤਾਏ।
-ਖੇਲਤਿ ਅਬਿ ਸ਼ਿਕਾਰ ਕੋ ਆਏ।
ਬੈਠੇ ਸ਼ੋਭਤਿ ਤਖਤ ਸਥਾਨ।
ਗਨ ਸੁਭਟਨਿ ਕੋ ਲਾਗਿ ਦਿਵਾਨ ॥੩੫॥
ਮਿਲਹੁ ਕਰਹੁ ਦਰਸ਼ਨ ਇਸ ਬੇਰਾ।
ਐਸੋ ਸਮੋ ਨ ਪਾਵਹੁ ਫੇਰਾ-।
ਸੁਨਿ ਹਮ ਬਿਸਮੇ -ਕਜਾ ਇਹ ਕਹੈ?
ਗਾਦੀ ਏਹੁ ਫਕੀਰਨਿ ਅਹੈ ॥੩੬॥
ਕਰਨਿ ਸ਼ਿਕਾਰ ਸ਼ਸਤ੍ਰ ਗਨ ਧਰਿਬੇ।
ਔਰ ਤਖਤ ਪਰ ਬੈਠਨਿ ਕਰਿਬੇ-।
ਇਹ ਗਤਿ ਕਬਿ ਤੇ ਕੀਨਿ ਨਵੀਨ?
ਪਤਿਸ਼ਾਹਿਨ ਕੀ ਰੀਤਿ ਪ੍ਰਬੀਨ ॥੩੭॥
ਚਮੂੰ ਰਾਖਨੀ ਬਲੀ ਤੁਰੰਗ।
ਅਪਰ ਸਮਾਜ ਸ਼ਾਹ ਜਿਮ ਸੰਗ[1]-।
ਸੁਨਿ ਸਿਖ ਕਹਯੋ -ਜਬੈ ਸੁਧਿ ਆਈ।
ਚੰਦੂ ਕਰਯੋ ਪਾਪ ਅਧਿਕਾਈ ॥੩੮॥
ਸ਼੍ਰੀ ਅਰਜਨ ਤਨੁ ਤਯਾਗ ਸਿਧਾਰੇ।
ਤਬਿ ਤੇ ਕ੍ਰੋਧ ਅਧਿਕ ਉਰ ਧਾਰੇ।
ਦੋਇ ਖੜਗ ਨਿਜ ਗਰ ਮਹਿਂ ਪਾਏ।
ਅੰਗ ਸੰਗ ਧਨੁ ਤਰਕਸ਼ ਲਾਏ ॥੩੯॥

[1]ਨਾਲ (ਰੱਖਦੇ ਹਨ)।

ਰਾਖਿ ਲਈ ਸੈਨਾ ਸਮੁਦਾਈ।
ਹਤਨਿ ਚੰਦੁ ਹਿਤ ਸਪਥ ਅਲਾਈ।
ਦਿਨ ਪ੍ਰਤਿ ਸਭਿ ਸਮਾਜ ਅਧਿਕਾਯੋ।
ਬੈਠਨਿ ਹੇਤੁ ਤਖਤ ਬਨਵਾਯੋ- ॥੪੦॥
ਤਬਿ ਹਮ ਸੁਨਿ ਕੈ ਗਏ ਅਗਾਰੀ।
ਦੇਖੇ ਬਹੁ ਬੈਠੇ ਭਟ ਭਾਰੀ।
ਆਪ ਸ਼ਸਤ੍ਰ ਜੁਤ ਤਖਤ ਸੁਹਾਏ।
ਜਾਇ ਨਿਕਟ ਹਮ ਸੀਸ ਨਿਵਾਏ ॥੪੧॥
ਲੇ ਤੁਮ ਨਾਮ ਦਈ ਜਬਿ ਪਾਤੀ।
ਚਿਤਵਤਿ ਪਿਤ ਕੋ ਸੁਲਗਤਿ ਛਾਤੀ।
ਜਬਿ ਪਢਵਾਇ ਸੁਨੀ ਰਿਸ ਧਾਰੀ।
ਬਹੁ ਕਠੋਰ ਤਬਿ ਗਿਰਾ ਉਚਾਰੀ ॥੪੨॥
-ਪਿਤਾ ਬੈਰ ਕੋ ਤਜਾਗਹਿਂ ਨਾਂਹਿਨ।
ਤ੍ਰਾਸ ਰਿਦੇ ਮਹੁ ਮਾਨਹਿਂ ਕਾਹਿ ਨ।
ਚੰਦੂ ਸੰਗ ਕਰਹੁ ਅਸ ਜਾਈ।
'ਅਪਦਾ ਘੋਰ ਮੂਢ ਨਿਯਰਾਈ[1]'- ॥੪੩॥
ਇਕ ਤੌਂ ਤਨ ਕੀ ਬੈਸ ਨਵੀਨ।
ਦੂਜੇ ਸ਼ਸਤ੍ਰ ਅੰਗ ਧਰਿ ਲੀਨਿ।
ਤੀਜੈ ਸੁਭਟਨਿ ਕੋ ਨਿਤ ਸੰਗ।
ਮਾਰਿ ਮਾਰਿ ਕਰਿ ਚਾਹਸਿ ਜੰਗਿ ॥੪੪॥
ਤੁਝ ਤੇ ਕੁਛ ਉਪਾਇ ਹੁਇ ਆਵੈ।
ਭਲੀ ਅਹੈ ਤੌਂ ਜੇ ਬਚਿ ਜਾਵੈਂ।
ਸੋ[2] ਉਰ ਕਰਤਿ ਅਧਿਕ ਉਤਸਾਹੂ।
ਕੁਛ ਨਹਿਂ ਤ੍ਰਾਸ ਕਰਤਿ ਚਿਤ ਮਾਂਹੂ' ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦੂਤ ਆਵਨਿ ਜਾਇ' ਪ੍ਰਸੰਗ ਬਰਨਨੰ ਨਾਮ ਸਪਤ ਚੱਤਵਾ ਰਿੰਸਤੀ ਅੰਸੂ ॥੪੭॥

---

[1]ਨੇੜੇ ਆਈ ਹੈ।
[2]ਭਾਵ ਗੁਰੂ ਜੀ।

੪੮. [ਜਹਾਂਗੀਰ ਪਾਸ ਚੁਗਲੀ]

੪੭<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੪੯

ਦੋਹਰਾ: ਸ੍ਰੀ ਹਰਿ ਗੋਵਿੰਦ ਚੰਦ ਕੋ, ਬੋਲਨਿ ਅਰ ਬਿਵਹਾਰ।
ਸੁਨਿ ਚੰਦੂ ਚਿੰਤਾ ਅਧਿਕ, ਅਨਿਕ ਉਪਾਵ ਬਿਚਾਰਿ ॥੧॥
ਚੌਪਈ: -ਨਹਿਂ ਮਾਨਹਿ ਮਮ ਸੁਤਾ ਸਗਾਈ।
ਪਿਤਾ ਦਸ਼ਾ ਦਿਖਿ ਤ੍ਰਾਸ ਨ ਪਾਈ।
ਬਧਤਿ ਬਧਤਿ ਬਧਿ ਗਯੋ ਬਿਰੋਧਾ।
ਅਜਹੁਂ ਨ ਮੇਰੋ ਮਾਨਤਿ ਕ੍ਰੋਧਾ[1] ॥੨॥
ਕੈ ਮੇਰੋ ਅਬਿ ਹੋਇ ਬਿਨਾਸ਼ਾ।
ਕੈ ਜੀਵਨਿ ਤੇ ਸੋ ਬਿਨ ਆਸਾ।
ਹਰਿਗੁਵਿੰਦ ਕੋ ਜਬਿ ਪਕਰਾਵੌਂ।
ਤਬਹਿ ਬੈਰ ਪੂਰਨ ਸਫਲਾਵੌਂ[2] ॥੩॥
ਪੁਨ ਧਨ ਖਰਚੌਂ ਅਧਿਕ ਸੁ ਐਸੇ।
ਪਕਰਜੋ ਮਰਹਿ ਨ ਨਿਕਸਹਿ ਜੈਸੇ-।
ਇੱਤਜਾਦਿਕ ਮਨ ਗਿਨਹਿ ਬਿਸਾਲਾ।
ਚਿੰਤਾ ਮਹਿਂ ਦਿਨ ਰੈਨ ਦੁਖਾਲਾ ॥੪॥
ਸ਼ਾਹੁ ਸਮੀਪਨਿ ਰਿਸ਼ਵਤਿ ਦੇਤਿ।
ਕਹਿਬੇ ਕੋ ਅਵਸਰ ਨਹਿਂ ਲੇਤਿ।
ਜਹਾਂਗੀਰ ਢਿਗ ਪਹੁੰਚਹਿ ਜਬੈ।
ਅਨਿਕ ਘਾਤਿ[3] ਬਾਤਨਿ ਕਹਿ ਤਬੈ ॥੫॥
ਹਜ਼ਰਤਿ ਕੋ ਰੁਖ਼ ਇਕ ਦਿਨ ਪਾਇ।
ਕਰ ਜੋਰਤਿ ਕਹਿ ਬਿਨੈ ਬਨਾਇ।
ਮਾਝੇ ਦੇਸ਼ ਹਕੀਕਤਿ ਸਾਰੀ।
ਕਹਤਿ ਆਇ ਜੈਸੇ ਧਨ ਭਾਰੀ ॥੬॥
'ਸ਼੍ਰੀ ਅਰਜਨ ਜੋ ਤੁਮ ਬੁਲਵਾਏ।
ਲਵਪੁਰਿ ਮਿਲੇ ਆਪ ਢਿਗ ਆਏ।
ਤਿਨ ਪਰਲੋਕ ਭਯੋ ਮਹਿਂ ਜਬਿ ਤੇ।
ਸੁਤ ਬੈਠਜੋ ਗਾਦੀ ਪਰ ਤਬਿ ਤੇ' ॥੭॥
ਜਹਾਂਗੀਰ ਸੁਨਿ ਬੂਝਨ ਲਾਗੇ।

---
[1]ਭਾਵ ਮੇਰੇ ਕ੍ਰੋਧ ਤੋਂ ਡਰਦਾ ਨਹੀਂ।
[2]ਸਫਲਾ ਕਰਾਂਗਾ।
[3]ਅਨੇਕਾਂ ਦਾਉ ਦੀਆਂ।

'ਕਬਿ ਕੇ ਕਿਮ ਸ਼੍ਰੀ ਗੁਰੂ ਤਨ ਤਜਾਗੇ?
ਹਮ ਜਬਿ ਮਿਲੇ ਕਿਤਿਕ ਦਿਨ ਪਾਛੇ।
ਭਾ ਪਰਲੋਕ ਕੌਨ ਥਲ ਆਛੇ ॥੮॥
ਸ਼ਾਂਤਿ ਰੂਪ ਸ਼ੋਭਤਿ ਜਿਨ ਸੂਰਤਿ।
ਮਨਹੁ ਵਿਰਾਗ ਧਰੀ ਨਿਜ ਮੂਰਤਿ।
ਮ੍ਰਿਦੁਲ ਬਚਨ ਸੁਨਿਬੇ ਰੁਚਿ ਜਾਗੈ।
ਪ੍ਰਭੁ ਲਿਵ ਲਗਹਿ ਧੰਧ ਜਗ ਤਜਾਗੈ* ॥੯॥
ਸੁਨਿ ਜਸੁ ਚੰਦੂ ਜਰ ਬਰ ਗਯੋ।
ਬਾਤ ਫਰੇਬ ਬਨਾਵਤਿ ਭਯੋ।
'ਸੁਨਹੁ ਸ਼ਾਹੁ ਜੀ ਲਵਪੁਰਿ ਮਾਂਹੀ।
ਮਿਲੇ ਗੁਰੂ ਜਬਿ ਰਾਵਰਿ ਪਾਹੀ ॥੧੦॥
ਤਿਸ ਪਾਛੇ ਕੇਤਿਕ ਦਿਨ ਰਹੇ।
ਹੈਜ਼ਾ ਹੋਇ ਮਹਾਂ ਦੁਖ ਲਹੇ।
ਰਾਵੀ ਤੀਰ ਜਾਇ ਤਨ ਤਜਾਗਾ।
ਸੰਗਤ ਮਿਲੀ ਦਯੋ ਤਹਿੰ ਦਾਗਾ[1] ॥੧੧॥
ਤਿਨ ਕੋ ਸੁਤ ਸ਼੍ਰੀ ਹਰਿ ਗੋਵਿੰਦ।
ਥਿਰ ਗਾਦੀ ਪਰ ਤਰੁਨ[2] ਬਿਲੰਦ।
ਤਿਨ ਕੋ ਬੋਲਨਿ ਅਰੁ ਬਿਵਹਾਰੂ।
ਲਵਪੁਰਿ ਤੇ ਆਈ ਅਖਬਾਰੂ[3] ॥੧੨॥
ਸੋ ਖਤ ਪਠਿ ਕੈ ਮੈਂ ਬਿਸਮਾਯੋ।
ਸਕਲ ਅਪੂਰਬ[4] ਬਯੋਂਤ ਬਨਾਯੋ।
ਤਖਤ ਨਾਮ ਗਾਦੀ ਕੋ ਰਾਖਯੋ।
ਆਯੁਧ ਬਿੱਦਯਾ ਮਹਿੰ ਅਭਿਲਾਖਯੋ ॥੧੩॥
ਤਜਯੋ ਫਕੀਰੀ ਕੋ ਬਹੁ ਬੇਸ।
ਸਮਤਾ ਚਾਹਤਿ ਸ਼ਾਹੁ ਬਿਸ਼ੇਸ਼।
ਸੰਗ ਚਮੂੰ ਹਿਤ ਜੰਗ ਕਰਨਿ ਕੇ।
ਰਾਖਤਿ ਦਿਨ ਪ੍ਰਤਿ ਸੁਭਟ ਬਰਨ ਕੇ[5] ॥੧੪॥

---

*ਇਹ ਗਲ ਕਵੀ ਜੀ ਨੂੰ ਉੱਕੀ ਗ਼ਲਤ ਮਿਲੀ ਹੈ। ਦੇਖੋ ਟੂਕ ਪੰਨਾ ੨੩੭੭ ਦੀ।
[1]ਸਸਕਾਰ ਕੀਤਾ।
[2]ਜਵਾਨ।
[3]ਖਬਰ।
[4]ਨਵੀਂ।
[5]ਤਰ੍ਹਾਂ ਤਰ੍ਹਾਂ ਦੇ।

ਕਹਿਵਾਵਨਿ ਲਾਗਯੋ -ਪਾਤਿਸ਼ਾਹੁ-।
ਕਰਹਿ ਅਖੇਰ ਬ੍ਰਿੱਤਿ ਬਨ ਮਾਂਹੂ।
ਪੂਰਬ ਸਾਕੇ ਬ੍ਰਿੰਦ ਪਵਾੜੇ[1]।
ਜਿਨਹੁ ਕੀਨਿ ਬਡ ਜੰਗ ਅਖਾੜੇ ॥੧੫॥
ਤਿਨ ਕੋ ਸੁਨਹਿ ਢਾਢੀਅਨਿ ਪਾਸ।
ਪੁਨ ਅਪਨੋ ਬਲ ਕਹੈ ਪ੍ਰਕਾਸ਼।
ਬਿਨਾ ਪਰਗਨੇ ਬਿਨ ਤੁਮ ਕਹੇ[2]।
ਸੈਨ ਸਕੇਲਤਿ ਗਨ ਨਿਤ ਅਹੇ ॥੧੬॥
ਅਸ ਨਹਿਂ ਹੋਇ ਉਠਾਵਹਿ ਦੁੰਦ।
ਕਿਮ ਟਿਕ ਰਹੈਂ ਸੁਭਟ ਮਿਲਿ ਬ੍ਰਿੰਦ।
ਕੈ ਨਿਜ ਚਮੂੰ ਚਢਾਵਨਿ ਕਰੀਅਹਿ।
ਬਿਨਾ ਲਰੇ ਤੇ ਪ੍ਰਥਮ ਪਕਰੀਅਹਿ ॥੧੭॥
ਕੈ ਭੇਜੋ ਨਰ ਆਛੋ ਕੋਇ।
ਅਪਨੇ ਨਿਕਟਿ ਹਕਾਰਹੁ ਸੋਇ।
ਦਬਯੋ ਰਹੈ ਨਹਿਂ ਦੁੰਦ ਉਠਾਵੈ।
ਆਗੈ ਆਪ ਕਰਹੁ ਜਯੋਂ ਭਾਵੈ' ॥੧੮॥
ਸ਼ਾਹੁ ਸਮੀਪੀ ਜੇ ਉਮਰਾਊ।
ਚੰਦੁ ਬਾਤ ਕੋ ਕਰਿ ਪੁਸ਼ਟਾਊ[3]।
ਰਿਸ਼ਵਤਿ ਲੇਨਹਾਰ ਜੇ ਨਰ ਹੈਂ।
ਬੁਰਾ ਭਲਾ ਨ ਬਿਚਾਰਤਿ ਉਰ ਹੈਂ ॥੧੯॥
ਜਿਸ ਤੇ ਲੇਂ ਤਿਸ ਕੋ ਰੁਖ਼ ਕਰੈਂ।
ਸਾਚ ਕਿ ਝੂਠ ਬਿਚਾਰ ਨ ਧਰੈਂ।
ਜਹਾਂਗੀਰ ਉਰ ਤਥਾ ਪਛਾਨੀ।
ਮਿਲਿ ਸਕਲਨਿ ਜਿਮ ਕੀਨਿ ਬਖਾਨੀ ॥੨੦॥
ਸ੍ਰੀ ਗੁਰੁ ਗਾਦੀ ਕੇ ਗੁਨ ਭਾਰੇ।
ਅਪਨਿ ਬਡਿਨਿ ਪਰ ਲਖਿ ਉਪਕਾਰੇ।
ਦੁਸ਼ਟਨਿ ਤੇ ਦੂਤੀ[4] ਸੁਨਿ ਕਾਨ।
ਸੰਸੈ ਹੋਤਿ ਸ਼ਾਹੁ ਕੇ ਆਨਿ ॥੨੧॥

---

[1]ਬਹੁਤੇ ਝਗੜੇ।
[2]ਬਿਨਾਂ ਇਲਾਕੇ ਦੀ ਮਲਕੀਅਤ ਦੇ (ਤੇ) ਬਿਨਾਂ ਆਪ ਦੇ ਕਹੇ (ਆਗਯਾ) ਦੇ।
[3]ਪੁਸ਼ਟੀ।
[4]ਚੁਗਲੀ।

-ਪ੍ਰਥਮ ਬਾਰਤਾ ਤਸਕਰ ਕੇਰੀ।
ਕਹਤਿ ਰਹੇ ਨਹਿਂ ਨਿਰਨੈ ਹੇਰੀ।
ਤਿਨ ਕੋ ਤਨ ਬਿਨਸ੍ਯੋ ਸੁਤ ਰਹ੍ਯੋ।
ਬੈਠ੍ਯੋ ਗੁਰਤਾ ਪਦ ਕੋ ਲਹ੍ਯੋ ॥੨੨॥
ਜਾਵਤਿ ਕਰੌਂ ਨਹੀਂ ਨਿਰਧਾਰੇ।
ਤਾਵਤਿ ਬਨਹਿ ਨ ਕਰਨਿ ਬਿਗਾਰੇ-।
ਰਹ੍ਯੋ ਗਿਨਤ ਕੁਛ ਹੁਕਮ ਨ ਦਯੋ।
ਉਠ੍ਯੋ ਸਭਾ ਤੇ ਅੰਤਰ ਗਯੋ ॥੨੩॥
ਦਿਨ ਦੂਸਰ ਮਹਿਂ ਚਿਤਵਤਿ ਸ਼ਾਹੂ।
ਆਯੋ ਤਬਿ ਵਜ਼ੀਰ ਖਾਂ ਪਾਹੂ।
ਗੁਰੁ ਬ੍ਰਿਤਾਂਤ ਬੂਝ੍ਯੋ ਤਿਸ ਤੀਰ।
'ਸੰਤ ਰੂਪ ਸ਼੍ਰੀ ਅਰਜਨ ਧੀਰ ॥੨੪॥
ਹਮ ਨੇ ਸੁਨ੍ਯੋ ਭ੍ਯੋ ਪਰਲੋਕਾ।
ਲਵਪੁਰਿ ਮਹਿਂ ਤਿਨ ਦਰਸ ਬਿਲੋਕਾ।
ਦੂਤੀ ਕਰਤਿ ਰਹ੍ਯੋ ਤਬਿ ਚੰਦੂ।
ਸੁਨਿ ਮੈਂ ਭ੍ਯੋ ਨ ਨਿਠੁਰ[1] ਬਿਲੰਦੂ ॥੨੫॥
ਅਬਿ ਤਿਨ ਕੋ ਨੰਦਨ ਇਕ ਸੁਨ੍ਯੋ।
ਅਪਰ ਬ੍ਰਿਤੰਤ ਚੰਦੁ ਨੇ ਭਨ੍ਯੋ।
ਸੁਭਟ ਸ਼ਸਤ੍ਰ ਜੁਤ ਗਨ ਢਿਗ ਰਾਖੈ।
ਦੁੰਦ[2] ਦੇਸ਼ ਕਰਿਬੋ ਅਭਿਲਾਖੈ ॥੨੬॥
ਇਹ ਪ੍ਰਸੰਗ ਸਭਿ ਮੋਹਿ ਸੁਨਾਵਹੁ।
ਪਠਹਿਂ ਸੈਨ ਕੈ ਨਹਿਨ? ਬਤਾਵਹੁ[3]।
ਨਾਹਿ ਤ ਨਰ ਨੀਕੋ ਇਕ ਜਾਇ।
ਨਿਕਟ ਹਮਾਰੇ ਲ੍ਯਾਇ ਬੁਲਾਇ ॥੨੭॥
ਜੇ ਚਿਤ ਮਹਿ ਨਹਿਂ ਚਹਤਿ ਬਖੇਰਾ।
ਆਵਹਿਂ ਦਿੱਲੀ ਪੁਰਿ ਬਿਨ ਬੇਰਾ।
ਜੇ ਨਹਿਂ ਮਾਨਹਿ, ਮਨ ਮਹਿਂ ਔਰ[4]।
ਗਮਨੈ ਚਮੂੰ ਜਾਇ[5] ਤਿਸ ਠੌਰ ॥੨੮॥

---

[1]ਕਰੜਾ।
[2]ਉਪਦ੍ਰਵ।
[3](ਤੂੰ) ਦੱਸ।
[4](ਤਾਂ) ਮਨ ਵਿਚ (ਕੁਛ) ਹੋਰ ਹੈ, (ਭਾਵ ਜੁੱਧ ਦੀ ਇੱਛਾ ਹੈ)।
[5](ਤਾਂ ਫਿਰ) ਸੈਨਾ ਤੁਰ ਜਾਵੇ।

ਕਿੰਚਬੇਗ ਅਰੁ ਖਾਨ ਵਜ਼ੀਰ।
ਸੁਨਿਕੈ ਸਕਲ ਸ਼ਾਹੁ ਕੇ ਤੀਰ।
ਜੁਗ ਕਰ ਜੋਰੇ ਅਰਜ਼ ਗੁਜ਼ਾਰੀ।
'ਸ਼੍ਰੀ ਗੁਰ ਅਰਜਨਿ ਪਰ ਉਪਕਾਰੀ ॥੨੯॥
ਧਨ ਅਨਗਨ ਤੇ ਤਾਲ ਲਵਾਯਹੁ।
ਹਿੰਦੁ ਤੁਰਕ ਸਭਿ ਕੇ ਸੁਖਦਾਯਹੁ।
ਦੁਤਿਯ ਤਾਲ ਇਕ ਲਗੇ ਬਨਾਵਨਿ।
ਤਿਸ ਮਹਿਂ ਬਿਘਨ ਕੀਨਿ ਉਮਰਾਵਨਿ ॥੩੦॥
ਨਿਤਪ੍ਰਤਿ ਦੇਤੇ ਦੇਗ ਖ਼ਰਾਇਤ।
ਅਲਹਿ ਖ਼ੁਦਾਇ ਯਾਦ ਹਰ ਸਾਇਤ[1]।
ਤਿਨ ਮਹਿਂ ਤਸਕਰ ਆਦਿਕ ਦੋਸ਼ਾ।
ਕੌਨ ਸੁਮਤਿ ਸੁਨਿ ਕਰਹਿ ਭਰੋਸਾ ॥੩੧॥
ਚੰਦੁ ਦਿਵਾਨ ਜਾਤਿ ਨਿਜ ਜਾਨਹਿ[2]।
ਮਹਿਮਾ ਲਖਹਿ ਨ, ਮਤਸਰ ਠਾਨਹਿ।
ਸ਼੍ਰੀ ਅਰਜਨ ਤਨ ਤਜਾਗਜੋ ਤਹਾਂ।
ਬੀਤ ਗਈ[3] ਸੋ ਕਹੀਯਹ ਕਹਾਂ ॥੩੨॥
ਅਬਿ ਤਿਨ ਕੋ ਸੁਤ ਬਲੀ ਬਿਲੰਦ।
ਤਰੁਨ ਬੈਸ ਸ਼੍ਰੀ ਹਰਿ ਗੋਵਿੰਦ।
ਗੁਰੁਤਾ ਗਾਦੀ ਕੀਨਿ ਅਬਾਦੀ।
ਦਾਸਨਿ ਅਹਿਲਾਦਤਿ ਦੇ ਸ਼ਾਦੀ[4] ॥੩੩॥
ਪੂਜਹਿ ਜਗਤ, ਪਦਾਰਥ ਦੇਤਿ।
ਮਨ ਬਾਂਛਤਿ ਗੁਰੁ ਤੇ ਬਰ ਲੇਤਿ।
ਤਿਨਹੁ ਸੰਗ ਭੀ ਮਤਸਰ ਧਰੇ।
ਚੰਦੁ ਆਪ ਢਿਗ ਦੂਤੀ ਕਰੈ ॥੩੪॥
ਮਾਲਿਕ ਮੁਲਖ ਆਪ ਤੁਮ ਅਹੋ।
ਨਜਾਵ ਸਭਿਨਿ ਕੇ ਕਰਿਬੇ ਚਹੋ।
ਬਸਹਿ ਜਥਾ ਸੁਖ ਪ੍ਰਜਾ ਤੁਮਾਰੀ।
ਰਾਵ ਰੰਕ ਹਰੂਓ ਅਰੁ ਭਾਰੀ ॥੩੫॥

---

[1]ਹਰ ਘੜੀ।
[2]ਆਪਣੀ ਜਾਤ ਦੇ ਕਰਕੇ ਜਾਣਦਾ ਹੈ।
[3]ਬੀਤ ਗਈ (ਗੱਲ)।
[4]ਅਨੰਦ ਦੇਕੇ ਖੁਸ਼ੀ ਕਰਦੇ ਹਨ।

ਕੀਰਤਿ ਪਸਰੀ ਅਖਿਲ ਜਹਾਨ।
ਸੁਖੀ ਆਸ਼ਿਖਾ ਦੇਤਿ ਮਹਾਨ।
ਅਬਿ ਨਿਰਨੈ ਕਰਿ ਸਕਲ ਪ੍ਰਸੰਗ।
ਬਰਤਹੁ ਸ਼੍ਰੀ ਅਰਜਨ ਸੁਤ ਸੰਗ ॥੩੬॥
ਪਠਹੁ ਆਪਿ ਅਬਿ ਕੋ ਉਮਰਾਵ।
ਮਿਲਹਿ ਜਾਇ ਕਰਿ ਸਹਿਜ ਸੁਭਾਵ।
ਬਿਨੈ ਬਖਾਨਹਿ ਤੁਮਰੀ ਦਿਸ਼ਿ ਤੇ।
ਹੁਇ ਪ੍ਰਸੰਨ ਚਿਤ ਆਵਹਿ ਜਿਸ ਤੇ ॥੩੭॥
ਪ੍ਰਥਮ ਪਿਤਾ ਤਿਨ ਕੋ ਚਲਿ ਆਯੋ।
ਜਯੋਂ ਕਯੋਂ ਕਰਿ ਤਨੁ ਕੋ ਤਜਵਾਯੋ।
ਨਾਂਹਿ ਤ ਕੋਪ ਕਰਹਿ ਦੇ ਸ੍ਰਾਪ।
ਕਹਯੋ ਸਫਲ ਹੁਇ ਜਾਨਹੁ ਆਪ' ॥੩੮॥
ਸੁਨਿ ਕਰਿ ਸ਼ਾਹੁ ਖਾਨ ਕੇ ਬੈਨ।
ਕਰਯੋ ਸਰਾਹਨਿ 'ਤੂੰ ਮਤਿ ਐਨ[1]।
ਅਪਰ ਸਭਾ ਕੇ ਮਾਨਵ ਬ੍ਰਿੰਦ।
ਕਹੈਂ ਤਥਾ ਜਿਮ ਭਾਖਹਿ ਚੰਦੁ[2] ॥੩੯॥
ਇਸ ਕਾਰਨ ਤੇ ਭੇਜਨਿ ਤੇਰੋ।
ਹੈ ਨੀਕੇ ਨਿਰਨੈ ਕਰਿ ਹੇਰੋਂ।
ਜਿਮ ਪ੍ਰਸੰਨ ਹੁਇ ਕਰਿ ਚਲਿ ਆਵਹਿਂ।
ਪਾਵਨ ਦਰਸ਼ਨ ਅਪਨਿ ਦਿਖਾਵਹਿਂ ॥੪੦॥
ਇਸ ਕੇ ਸਮ ਨਹਿਂ ਨੀਕੀ ਔਰ।
ਕਹੈਂ ਨ ਰਿਸ ਕਰਿ ਕੁਛ ਤਿਸ ਠੌਰ।
ਨਹੀਂ ਦੇਸ਼ ਮਹਿਂ ਦੁੰਦ ਉਠਾਵੈਂ।
ਮਿਟਿਹ ਜੁ ਇਮ ਸੰਦੇਹ ਉਪਾਵੈਂ[3] ॥੪੧॥
ਮਿਲਿਬੋ ਪਾਕ ਪੀਰ ਕੋ ਹੋਇ।
ਯਾਦ ਖ਼ੁਦਾਇ ਘਰੀ ਸ਼ੁਭ ਸੋਇ।
ਯਾਂ ਤੇ ਬਾਤ ਇਸੀ ਬਿਧਿ ਨੀਕੀ।
ਭਨੀ ਗਿਰਾ ਤੈਂ ਭਾਵਤਿ ਜੀਕੀ ॥੪੨॥
ਹੋਤਿ ਭੋਰ ਕੁਛ ਲੇਹੁ ਅਕੋਰ।

---

[1]ਬੁੱਧੀ ਦਾ ਘਰ ਹੈ।
[2]ਚੰਦੂ।
[3]ਇਸ ਤਰ੍ਹਾਂ ਦਾ ਸੰਸਾ ਜੋ (ਅਸੀਂ) ਕਰਦੇ ਹਾਂ ਮਿਟ ਜਾਵੇ।

ਗਮਨ ਕਰਹੁ ਸਤਿਗੁਰੁ ਕੀ ਓਰ।
ਕਰਤਿ ਪ੍ਰਸੰਨ ਇਤਹਿ ਕੋ ਲ੍ਯਾਵਹੁ।
ਕਿੰਚਬੇਗ ਲੈ ਸੰਗ ਸਿਧਾਵਹੁ' ॥੪੩॥
ਖਾਂ ਵਜ਼ੀਰ ਸੁਨਿ ਜਹਾਂਗੀਰ ਤੇ।
ਹਰਖ੍ਯੋ ਜਾਨ੍ਯੋ ਮਿਲਨਿ ਪੀਰ ਤੇ।
ਆਇਸੁ ਮਾਨੀ ਕੀਨਿ ਸਲਾਮ।
ਲੀਨਿ ਸਕੇਲ ਸਮਾਜ ਤਮਾਮ ॥੪੪॥
ਕਲ਼ਗੀ ਜਿਗਾ ਮੁਕਤ ਕੀ ਮਾਲਾ।
ਖੀਨ ਖਾਫ[1] ਪਟ ਜ਼ਰੀ ਦੁਸ਼ਾਲਾ।
ਅਪਰ ਅਕੋਰ ਜੋਰਿ ਕਰਿ ਸਾਰੀ।
ਕਿਤਿਕ ਚਮੂ ਸੰਗ ਕੀਨਸਿ ਤ੍ਯਾਰੀ ॥੪੫॥
ਨੀਕੇ ਸ਼ਕੁਨ ਭਏ ਪੁਰਿ ਨਿਕਸੇ।
ਹੇਰਿ ਬਿਚਾਰਤਿ ਗਮਨਤਿ ਬਿਕਸੇ।
ਸਨੇ ਸਨੇ ਮਗ ਉਲੰਘ੍ਯੋ ਸਾਰੇ।
ਸ਼੍ਰੀ ਅੰਮ੍ਰਿਤਸਰ ਪਹੁੰਚ ਨਿਹਾਰੇ ॥੪੬॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜਹਾਂਗੀਰ' ਪ੍ਰਸੰਗ ਬਰਨਨੰ ਨਾਮੁ ਅਸ਼ਟ ਚੱਤ੍ਵਾਰਿੰਸਤੀ ਅੰਸੂ ॥੪੮॥

[1] ਜ਼ਰੀ ਦਾ ਬਣਿਆਂ ਕਪੜਾ [ਫਾ: ਕਿਮਖ਼ਾਬ, ਕਿਮਖ਼੍ਵਾਬ]

੪੯. [ਜਹਾਂਗੀਰ ਦਾ ਸੱਦਾ। ਗੁਰੂ ਘਰ ਵਿਚ ਮਸਲਤ।]

੪੮<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੦

ਦੋਹਰਾ: ਡੇਰਾ ਕਰਿ ਕੈ ਸੁਧਾਸਰ,
ਖਾਂ ਵਜ਼ੀਰ ਬੁਧਿਵਾਨ।
ਇਕ ਨਰ ਸੁਧਿ ਹਿਤ ਗੁਰੂ ਢਿਗ,
ਪਠ੍ਯੋ ਸੁ ਬਾਕ ਬਖਾਨਿ ॥੧॥
ਚੌਪਈ: 'ਕਰਹੁ ਬੰਦਗੀ ਗੁਰੂ ਅਗਾਰੀ।
ਪਠ੍ਯੋ ਸ਼ਾਹੁ ਮੈਂ ਪਾਸ ਤੁਮਾਰੀ।
ਰਾਵਕ ਕੀ ਰਜਾਇ ਜਿਸ ਕਾਲਾ।
ਦਿਹੁ ਦਰਸ਼ਨ ਮੁਹਿ ਕਰਹੁ ਨਿਹਾਲਾ' ॥੨॥
ਗਯੋ ਸੁ ਸਿੱਖਨਿ ਪਾਸ ਸੁਨਾਯੋ।
ਤਿਨਹੁ ਜਾਇ ਕਰਿ ਸਕਲ ਬਤਾਯੋ।
ਸ਼੍ਰੀ ਹਰਿ ਗੋਬਿੰਦ ਸੁਨਤਿ ਬਖਾਨਾ।
'ਆਜ ਕਰਹੁ ਬਿਸਰਾਮ ਮਹਾਨਾ ॥੩॥
ਹੁਇ ਹੈ ਮੇਲਿ ਹਮਾਰੋ ਕਾਲੀ[1]।
ਸੰਧਜਾ ਸਮੈ ਕਰਹੁ ਇਸ ਢਾਲੀ।
ਗੁਰੂ ਦੇਗ਼ ਤੇ ਰਸਦ ਪੁਚਾਵਹੁ।
ਜੇਤਿਕ ਨਰ, ਪ੍ਰਥਮਹਿ ਪਿਖਿ ਆਵਹੁ ॥੪॥
ਦੇਹੁ ਤੁਰੰਗਨਿ ਕੇ ਹਿਤ ਦਾਨਾ।
ਤ੍ਰਿਣਨਿ ਆਦਿ ਸੇਵਾ ਜੇ ਨਾਨਾ।
ਸੁਨਿ ਕਰਿ ਹੁਕਮ ਮਸੰਦਨਿ ਤਬੈ।
ਕਹ੍ਯੋ ਜਥਾ, ਕੀਨਿਸ ਤਿਮ ਸਬੈ ॥੫॥
ਕ੍ਰਿਪਾ ਅਪਨਿ ਪਰ ਲਖਿ ਕਰਿ ਆਛੇ।
ਸਕਲ ਸੈਨ ਜੁਤਿ ਲੀਨਸਿ ਬਾਂਛੇ।
ਖਾਨ ਪਾਨ ਕਰਿ ਸੁਖ ਕੋ ਪਾਏ।
ਗੁਰੂ ਸੁਜਸੁ ਕਰਿ ਨਿਸ ਸੁਪਤਾਏ ॥੬॥
ਪ੍ਰਾਤ ਹੋਤਿ ਅੰਮ੍ਰਿਤਸਰ ਨ੍ਹਾਏ।
ਹਰਿਮੰਦਿਰ ਅਰਦਾਸ ਕਰਾਏ।
ਧਰਿ ਸ਼ਰਧਾ ਨਿਜ ਸੰਗੀ ਸੰਗ[2]।
ਕਰਹਿਂ ਸਰਾਹਨਿ ਕੇ ਸੁ ਪ੍ਰਸੰਗ ॥੭॥

---

[1]ਕੱਲ ਨੂੰ।
[2]ਆਪਣੇ ਸਾਥੀਆਂ ਨਾਲ।

ਸੋ ਦਿਨ ਅਰਧ ਬੀਤਿ ਜਬਿ ਗਯੋ।
ਭੇਟ ਸਕਲ ਲੈ ਤਯਾਰ ਸੁ ਭਯੋ।
ਸ਼੍ਰੀ ਹਰਿ ਗੋਬਿੰਦ ਫਰਸ਼ ਕਰਾਇਸ।
ਤਖਤ ਅਕਾਲ ਜਹਾਂ ਸੁਠ ਥਾਇ ਸੁ ॥੮॥
ਜਾਮ ਦਿਵਸ ਤੇ ਸਤਿਗੁਰ ਆਏ।
ਬਸਤ੍ਰ ਸ਼ਸਤ੍ਰ ਤਨ ਰੁਚਿਰ ਸਜਾਏ।
ਬੋਲਤਿ ਆਇ ਨਕੀਬ[1] ਅਗਾਰੀ।
ਕੰਚਨਿ ਰਜਤ ਦੰਡ ਕੋ ਧਾਰੀ ॥੯॥
ਮਨਹੁ ਕੁਰੰਗ ਕੁਦਾਇ ਤੁਰੰਗ।
ਸੁੰਦਰ ਸਜਤਿ ਬਿਭੂਖਨਿ ਸੰਗ।
ਸੁਭਟ ਸੈਂਕਰੇ ਆਗੂ ਪਾਛੇ।
ਸ਼ਸਤ੍ਰ ਬਸਤ੍ਰ ਆਛੇ ਤਨ ਕਾਛੇ[2] ॥੧੦॥
ਨੌਬਤਿ ਬਜਹਿ ਦਰਸ਼ਨੀ ਪੌਰਿ।
ਆਏ ਤਹਿਂ ਸੋਢੀ ਸਿਰਮੌਰ।
ਹਯ ਤੇ ਉਤਰ ਬੰਦਨਾ ਕਰਿ ਕੈ।
ਪੁਲ ਪਰ ਗਮਨੇ ਅੰਤਰ ਬਰਿ ਕੈ ॥੧੧॥
ਨਮੋ ਕੀਨਿ ਹਰਿ ਮੰਦਰਿ ਆਗੇ।
ਪੁਨਹਿ ਪ੍ਰਦਛਨਾ ਦੇਵਨਿ ਲਾਗੇ।
ਲੇ ਹਰਿ ਪੌਰਿ ਆਚਮਨ[3] ਆਏ।
ਬੈਠਿ ਤਖਤ ਪਰ ਗੁਰੂ ਸੁਹਾਏ ॥੧੨॥
ਸਭਾ ਸਹਤ ਸੁਰਪਤਿ ਜਨੁ ਬੈਸੇ।
ਗਾਇਂ ਰਬਾਬੀ ਰਾਗਨਿ ਤੈਸੇ।
ਬੈਠੇ ਸੁਨਿ ਸੰਗਤਿ ਬਹੁ ਆਈ।
ਦਰਸ਼ਨ ਦੇਖਤਿ ਭੇਟ ਚਢਾਈ ॥੧੩॥
ਤਬਿ ਵਜ਼ੀਰ ਖਾਂ ਗੁਰੂ ਹਕਾਰਾ।
ਆਯੋ ਲੇ ਕਰਿ ਭੇਟ ਉਦਾਰਾ।
ਤਰੁਨ ਬੈਸ ਬੈਸੇ ਗੁਰੁ ਹੇਰੇ।
ਮਸੁ ਭੀਜਤਿ[4] ਮੁਖ ਸ਼ੁਭਤਿ ਬਡੇਰੇ ॥੧੪॥

---
[1]ਚੋਬਦਾਰ ਜੋ ਆਵਾਜ਼ ਦੇਂਦਾ ਹੈ ਆਉਣ ਦੀ [ਅ: ਨਕ਼ੀਬ]
[2]ਸਜਾਏ ਹੋਏ।
[3]ਹਰਕੀ ਪੌੜੀ ਤੋਂ ਅੰਮ੍ਰਿਤ ਲੈਕੇ।
[4]ਭਾਵ ਮੁੱਛਾਂ ਦਾੜ੍ਹਾ ਫੁੱਟ ਰਿਹਾ ਹੈ।

ਜਨੁ ਪਸਰਯੋ ਚਹਿ ਤਮ ਢਿਗ ਇੰਦੂ[1]।
ਕੈ ਅਰਬਿੰਦ ਮਲਿੰਦੈ ਬ੍ਰਿੰਦੂ[2]।
ਬੰਦਨ ਕੀਨਿ ਅਨੰਦ ਬਿਲੰਦੇ।
ਲਖਿ ਗੁਰੁ ਕੋ ਸੁਖਕੰਦ ਮੁਕੰਦੇ ॥੧੫॥
ਬੰਦਿ ਹਾਥ ਪੁਨ ਬਿਨੈ ਬਖਾਨੀ।
'ਹਜ਼ਰਤ ਤੁਮਹਿ ਬੰਦਗੀ ਠਾਨੀ।'
ਬੈਠਯੋ ਨਿਕਟ 'ਕੁਸ਼ਲ ਕਹੁ ਆਛੇ?'
ਕਹਯੋ 'ਸਕਲ ਤੁਮ ਕਰੁਨਾ ਬਾਂਛੇ[3]' ॥੧੬॥
ਬੂਝਯੋ 'ਕਹੁ ਕਾਰਨ ਆਗਵਨੂ?
ਪਠਯੋ ਸ਼ਾਹ ਕਾਰਜ ਅਸ ਕਵਨੂ?'
ਸੁਨਿ ਵਜ਼ੀਰ ਖਾਂ ਜੁਗ ਕਰ ਜੋਰੇ।
'ਲੇਨਿ ਹੇਤੁ ਆਯਹੁ ਤੁਮ ਓਰੇ ॥੧੭॥
ਚਹੈ ਤੁਮਾਰੋ ਦਰਸ਼ਨ ਸ਼ਾਹੂ।
ਕੇਤਿਕ ਦਿਨ ਤੇ ਕਰਤਿ ਉਮਾਹੂ।
ਸ਼ਰਧਾ ਧਾਰਿ ਅਕੋਰ ਪਠਾਈ।
ਸਮ ਮੁਰੀਦ ਕੇ ਬਿਨੈ ਅਲਾਈ' ॥੧੮॥
ਸੁਨਿ ਕਰਿ ਸ਼੍ਰੀ ਹਰਿ ਗੋਵਿੰਦ ਕਹਯੋ।
'ਬਡੇ ਗੁਰਨਿ ਜਿਮ ਦਰਸ਼ਨ ਚਹਯੋ।
ਦੁਸ਼ਟ ਪਾਤਕੀ ਸਦਨ ਉਤਾਰੇ।
ਤਹਿਂ ਤਨ ਤਜਿ ਪਰਲੋਕ ਸਿਧਾਰੇ ॥੧੯॥
ਸ਼ਾਹਨਿ ਕੋ ਅਸ ਅਹੇ ਅਵਾਹਨਿ[4]।
ਨਹਿਂ ਸੁਧਿ ਕਰੀ ਕੈਸਿ ਹੂੰ ਪਾਵਨਿ[5]।'
ਸੁਨਿ ਵਜ਼ੀਰ ਖਾਂ ਪੁਨਹ ਬਤਾਈ।
'ਚੁਗਲੀ ਅਬਿ ਉਗਲੀ ਤਿਸ ਥਾਈਂ ॥੨੦॥
ਦੁਸ਼ਮਨ ਬਾਤ ਕਰੈ ਅਣਹੋਤੀ।
ਹੁਇ ਕਿਮ, ਕਿਮਹੂੰ ਕਰਹਿ ਉਦੋਤੀ[6]।
ਮਿਲਹੁ ਆਪ ਅਬਿ ਹਜ਼ਰਤ ਸੰਗਿ।

---

[1]ਮਾਨੋਂ ਚੰਦ ਪਾਸ ਅਨ੍ਹੇਰਾ ਪਸਰਿਆ ਚਾਹੁੰਦਾ ਹੈ।
[2]ਜਾਂ ਭੌਰੇ ਕਵਲ ਦੇ ਉਦਾਲੇ ਆ ਰਹੇ ਹਨ।
[3]ਕ੍ਰਿਪਾ ਚਹੁੰਦੇ ਹਾਂ।
[4]ਬੁਲਾਵਣਾ।
[5]ਭਾਵ ਕਿਸੇ ਨੂੰ ਖਬਰ ਬੀ ਨਾ ਲੱਗੀ।
[6]ਗੱਲ ਹੁੰਦੀ ਕਿਵੇਂ ਹੈ ਤੇ ਦੱਸਦਾ ਕਿਵੇਂ ਹੈ।

ਬਿਦਤਿ ਹੋਹਿ ਸਭਿ ਛਪਯੋ ਪ੍ਰਸੰਗ ॥੨੧॥
ਦਿੱਲੀ ਚਲਹੁ, ਸੁ ਬਦਲਾ ਲੇਹੁ।
ਦੁਸ਼ਟ ਪਾਤਕੀ ਸਿਰ ਪਗ ਦੇਹੁ।
ਬਿਨਾਂ ਮਿਲੇ ਨਹਿਂ ਪ੍ਰਾਪਤਿ ਹੋਵਹਿ[1]।
ਨਹੀਂ ਤਿਦਾਰਕ ਮੂਰਖ ਜੋਵਹਿ[2] ॥੨੨॥
ਅਬਿ ਹਜ਼ਰਤ ਕੋ ਬਹੁਤ ਸਿਖਾਯੋ।
ਮੁਝ ਬੂਝਯੋਂ ਮੈਂ ਸਕਲ ਬਤਾਯੋ।
ਸੁਨਤਿ ਸ਼ਾਹੁ ਨੇ ਮੋਹਿ ਪਠਾਵਾ।
-ਆਨੋ ਜਾਇ ਗੁਰੂ ਇਸ ਥਾਵਾ- ॥੨੩॥
ਸੁਨਿ ਕਰਿ ਨਿਰਨੈ ਹੋਵਹਿ ਸਾਰੀ।
ਜਿਮ ਸ਼੍ਰੀ ਅਰਜਨ ਸੰਗਿ ਗੁਜ਼ਾਰੀ।
ਚਲਨਿ ਆਪਿ ਕੋ ਦਿੱਲੀ ਨੀਕੋ।
ਭਲਾ ਆਪ ਕੋ ਭਾਵਤਿ ਜੀ ਕੋ ॥੨੪॥
ਇਕ ਤੌਂ ਸ਼ਾਹੁ ਸੰਦੇਹ ਮਿਟਾਵੈ।
ਦੁਤੀਏ ਬਦਲਾ ਤੁਮ ਕੋ ਪਾਵੈ[3]।
ਆਗੇ ਆਪ ਅਹੋ ਸਰਬੱਗਜ।
ਕਜਾ ਹਮ ਜਾਨਿ ਸਕਹਿਂ ਅਲਪੱਗਜ' ॥੨੫॥
ਅਪਨਿ ਹਿਤੂ ਲਖਿ ਸ਼੍ਰੀ ਗੁਰੁ ਤਬੈ।
ਹੋਨਿਹਾਰ ਉਰ ਜਾਨਤਿ ਸਬੈ।
ਕਹਯੋ ਕਿ 'ਟਿਕਹੁ ਆਜ ਕੀ ਰੈਨਿ।
ਕਹੈਂ ਪ੍ਰਾਤ ਕੋ ਉੱਤਰ ਬੈਨ' ॥੨੬॥
ਕਹਿ ਸੁਨਿ ਕਰਿ ਇਮ ਸੰਧਯਾ ਹੋਈ।
ਨਿਜ ਨਿਜ ਥਾਨ ਗਏ ਸਭਿ ਕੋਈ।
ਪਿਖਿ ਸਰੂਪ ਸੁਨਿ ਬਾਕ ਅਮੋਲੇ।
ਕਰਿ ਵਜ਼ੀਰ ਖਾਂ ਅਨੰਦ ਅਤੋਲੇ ॥੨੭॥
ਟਿਕਯੋ ਜਾਮਨੀ ਅਪਨੇ ਡੇਰੇ।
ਖਾਨ ਪਾਨ ਗੁਰੁ ਪਠਯੋ ਘਨੇਰੇ।
ਅਪਨਿ ਮਾਤ ਸੰਗ ਬਾਤ ਜਨਾਈ।
'ਹਮਹਿਂ ਸ਼ਾਹੁ ਨੇ ਪਠਯੋ ਬੁਲਾਈ' ॥੨੮॥

---

[1](ਬਦਲਾ) ਨਹੀਂ ਪ੍ਰਾਪਤ ਹੋਵੇਗਾ।
[2](ਮਿਲੇ ਬਿਨਾਂ) ਮੂਰਖ ਸਜ਼ਾ ਨਹੀਂ ਦੇਖੇਗਾ।
[3]ਆਪ ਨੂੰ ਬਦਲਾ ਲੈ ਦੇਵੇ।

ਸੁਨਤਿ ਗੰਗ ਚਿਤ ਚਿੰਤ ਬਿਸਾਲਾ।
ਸੁਤ ਕੇ ਸੰਮਤ ਹੁਇ ਤਿਸ ਕਾਲਾ।
ਗਨ ਮਸੰਦ ਅਰ ਸਿੱਖਜ ਜੁ ਸਜਾਨੇ।
ਪਠਜੋ ਸੁ ਨਰ ਸਗਰੇ ਸੰਗ ਆਨੇ[1] ॥੨੯॥
ਨਿਸ ਮਹਿਂ ਸ਼੍ਰੀ ਮਾਤਾ ਕੇ ਪਾਸ।
ਸਭਾ ਕਰੀ ਸਤਿਗੁਰੁ ਸੁਖ ਰਾਸਿ।
ਜਥਾ ਜੋਗ ਬੈਠੇ ਜਬਿ ਸਬੈ।
ਸ਼ਾਹੁ ਪ੍ਰਸੰਗ ਸੁਨਾਯੋ ਤਬੈ ॥੩੦॥
'ਬਡੇ ਗੁਰਨਿ ਕੇ ਸੰਗੀ ਅਹੋ।
ਸਜਾਨੇ ਸਭਿ ਨਿਜ ਨਿਜ ਮਤਿ ਕਹੋ।
ਮਿਲਨਿ ਸ਼ਾਹੁ ਸੰਗ ਹੈ ਇਹ ਨੀਕੋ ?
ਕਿਧੌਂ ਨਹੀਂ? ਕਿਮ ਭਾਵਤਿ ਜੀ ਕੋ ?' ॥੩੧॥
ਹੁਤੇ ਪੁਰਾਤਨ ਜਿਤਿਕ ਮਸੰਦ।
ਕਹਜੋ ਬਿਚਾਰਤਿ ਬੁੱਧਿ ਬਿਲੰਦ।
'ਆਗੇ ਸ਼੍ਰੀ ਅਰਜਨ ਜੀ ਗਏ।
ਚੰਦੂ ਦੁਸ਼ਟ ਕਹਾਂ ਕਰਿ ਦਏ ॥੩੨॥
ਘਰ ਸ਼ਾਹੁਨਿ ਕੇ ਅਧਿਕ ਅੰਧੇਰ*।
ਮਿਲਿ ਇਕ ਬੇਰਿ ਨ ਬੂਝੈਂ ਫੇਰਿ।
ਅਪਰ ਨਹੀਂ ਕਿਨਿ ਖਬਰ ਸੁਨਾਈ।
ਗੁਜ਼ਰਜੋ ਗਜ਼ਬ ਸੁ ਰਾਖਿ ਛਪਾਈ ॥੩੩॥
ਅਸ ਅੰਧੇਰ, ਤਹਾਂ ਕਜੋਂ ਜਾਵਹੁ।
ਅਪਨਿ ਆਪ ਕੋ ਨਹੀਂ ਬਚਾਵਹੁ।
ਮਹਾਂ ਸ਼ੱਤ੍ਰੁ ਜੋ ਸ਼ਾਹੁ ਦਿਵਾਨ।
ਛਲ ਤੇ ਕਰਤਿ ਆਨ ਕੀ ਆਨ ॥੩੪॥
ਅਪਰ ਨ ਸ਼ਾਹੁ ਨਿਕਟ, ਹਿਤਕਾਰੀ।
ਤੁਰਕ ਰਾਜ, ਗੁਰੁ ਸ਼ਰਧ ਨ ਧਾਰੀ+।
ਲਰਨਿ ਬਿਖੈ ਸਮਸਰਤਾ ਨਾਂਹਿ ਨ।
ਕੋ ਥਲ ਦੇਸ਼ ਮਵਾਸੀ ਜਾਹਿ ਨ[1] ॥੩੫॥

---

[1]ਆਦਮੀ ਭੇਜਕੇ ਸਾਰੇ ਸਾਥ ਲਿਆਂਦੇ (ਸਿੱਖ ਮਸੰਦ ਆਦਿ)।

*ਕਵਿ ਜੀ ਜਗਾ ਜਗਾ ਜਹਾਂਗੀਰ ਦੀ ਤਾਰੀਫ ਕਰਦੇ ਹਨ, ਪਰ ਦੇਖੋ ਇਨ੍ਹਾਂ ਪਾਤਸ਼ਾਹਾਂ ਦੇ ਘਰ ਅੰਧੇਰ ਹੁੰਦਾ ਹੈ, ਇਹ ਨਿਸ਼ਚਾ ਸਾਰੀ ਪਰਜਾ ਦਾ ਕਵਿ ਜੀ ਆਪ ਹੀ ਦੱਸ ਰਹੇ ਹਨ।

+ਤੁਰਕਾਂ ਦਾ ਰਾਜ ਹੈ (ਭਾਵ ਇਹ ਰਾਜ) ਕੋਈ ਭਿਆਨਕ ਸ਼ੈ ਹੈ ਤੇ ਗੁਰੂ ਘਰ ਤੇ ਸ਼ਰਧਾ ਨਹੀਂ ਹੈ, ਇਹ ਗੱਲ ਏਥੇ ਕਵੀ ਜੀ ਹੁਣ ਆਪ ਪਰਤੱਖ ਦੱਸ ਰਹੇ ਹਨ।

ਜਹਾਂ ਬਸਹਿ ਅਰਿ ਕੈ ਰਣ ਕਰੈ[੨]।
ਅਸ[੩] ਨ ਭਰੋਸਾ ਕਿਸ ਪਰ ਧਰੈਂ।
ਸੰਧਿ ਕਰਨਿ ਅਰੁ ਕਰਨਿ ਬਿਖੇਰੋ।
ਦੋਨਹੁਂ ਬਿਖੈ ਦੋਸ਼ ਗਨ ਹੇਰੋ[੪] ॥੩੬॥
ਇਕ ਜੰਗਲ[੫] ਜਹਿਂ ਪਾਇ ਨ ਪਾਨੀ।
ਪਹੁਂਚਿ ਨ ਸਕਹਿ ਸੈਨ ਤਿਸ ਥਾਨੀ।
ਜੇ ਕਰਿ ਬੂਝਹੁ ਮਤੋ ਹਮਾਰੋ।
ਤੌਨ ਦੇਸ਼ ਕੇ ਬੀਚ ਸਿਧਾਰੋ ॥੩੭॥
ਅਪਨੇ ਸਿੱਖ ਬਿਰਾੜ ਘਨੇਰੇ।
ਸੋ ਸਭਿ ਮਿਲਹਿਂ ਰਹਹਿਂ ਤੁਮ ਨੇਰੇ।
ਅਪਰ ਸੰਗਤਾਂ ਸਭਿ ਚਲਿ ਆਵੈਂ।
ਮਿਟਹਿਂ[੬] ਸ਼ਾਹੁ, ਨਹਿਂ ਪੁਨਹ ਬੁਲਾਵੈ' ॥੩੮॥
ਬਿਧੀਚੰਦ ਜੇਠਾ ਰੁ ਪਿਰਾਣਾ।
ਕਹਨਿ ਲਗੇ 'ਪੂਰਬ ਕਿਮ ਜਾਣਾ?
ਸ੍ਰੀ ਅੰਮ੍ਰਿਤਸਰ ਬੈਠੇ ਰਹੀਅਹਿ।
ਬਿਗਰਹਿ ਸ਼ਾਹੁ ਜਿ ਨਿਰਨੈ ਲਹੀਅਹਿ ॥੩੯॥
ਪਠਹਿ ਚਮੂੰ ਤਿਸ ਕੋ ਬਲ ਦੇਖਿ।
ਮਿਲਹਿਂ ਕਰਹਿਂ ਸੰਗ੍ਰਾਮ ਵਿਸ਼ੇਖ।
ਪੁਨ ਰੋਕੇ ਹਮ ਰਹੈਂ ਨ ਕੈਸੇ।
ਸਿਕਤਾ ਤ੍ਰਿਣ ਪੁਲ ਤੇ ਰੌ ਜੈਸੇ[੭] ॥੪੦॥
ਜੰਗਲ ਦੇਸ਼ ਪ੍ਰਵੇਸ਼ਿਹਿਂ ਜਾਈ।
ਸੈਨ ਸਕੇਲਹਿਂ ਤਹਿਂ ਸਮੁਦਾਈ।
ਬਿਨ ਬਿਗਰੇ ਬਿਨ ਨਿਰਨੈ ਕਰੈ।
ਨਹਿਂ ਪ੍ਰਸਥਾਨ ਮਤੋ ਹਮ ਧਰੇਂ'' ॥੪੧॥
ਸ੍ਰੀ ਗੰਗਾ ਸੁਨਿ ਕੈ ਇਸ ਭਾਂਤੀ।
ਪਤਿ ਕੋ ਸਿਮਰਤਿ ਧਰਕਤਿ ਛਾਤੀ।

---

[੧]ਦੇਸ਼ ਵਿਚ ਕੋਈ ਥਾਂ ਨਹੀਂ ਜਿੱਥੇ (ਕੋਈ) ਆਕੀ ਹੋਵੇ।
[੨]ਜਿੱਥੇ ਵੱਸ ਕੇ ਕੋਈ ਅੜ ਕੇ ਰਣ ਕਰ ਸਕੇ।
[੩]ਐਸਾ, ਐਵੇਂ।
[੪]ਮਿਲਨ ਤੇ ਲੜਨ ਦੋਹਾਂ ਵਿਚ ਕਈ ਦੋਖ ਹੈਨ।
[੫]ਮਾਲਵਾ।
[੬]ਟਲ ਜਾਏਗਾ।
[੭]ਰੇਤ ਅਤੇ ਘਾਹ ਦੇ ਪੁਲ (ਬੰਨ੍ਹਣ ਤੋਂ) ਜਿਵੇਂ ਹੜ੍ਹ ਨਹੀਂ (ਰੋਕਿਆਂ ਰੁਕਦਾ)

ਨਹਨਿ ਬਿਖੇਰੇ ਤੇ ਸੁਖ ਮਾਨਹਿ।
ਸ਼ਾਹੁ ਨਿਕਟ ਤੇ ਸੰਸੈ ਠਾਨਹਿ ॥੪੨॥
'ਇਕ ਪੁੱਤ੍ਰਾ ਮੈਂ ਦੇਖਤਿ ਜੀਵਤਿ।
ਨਿਕਟ ਰਹਨਿ ਤੇ ਸੀਤਲ ਥੀਵਤਿ।
ਕਿਮ ਤੁਮ ਸੰਘਰ ਕਰਨਿ ਉਚਾਰਾ।
ਭਯੋ ਤਰੁਨ ਨਹਿਂ ਬਲ ਸੰਭਾਰਾ ॥੪੩॥
ਕਵਨ ਕਾਜ ਸੁਧਰਹਿ ਜਬਿ ਲਰੋ।
ਨਾਹਕ ਬਿਨ ਆਈ ਮ੍ਰਿਤੁ ਮਰੋ*।
ਅਸ ਮਸਲਤਿ ਕੋ ਕਬਿਹੁਂ ਨ ਠਾਨਹੁ।
ਕਰਹੁ ਬਖੇਰਾ[1] ਸਭਿ ਕਿਛ ਹਾਨਹੁ ॥੪੪॥
ਅਪਨੋ ਪੁਰਿ ਤਜਾਗਨਿ ਕਿਮ ਚਾਹੋ।
ਬਡੇ ਬਿਘਨ ਜਾਨਹੁ ਰਣ ਮਾਹੋ।
ਪਿਤਾ ਪਿਤਾਮਾ ਕੋ ਜਹਿਂ ਬਾਸਾ।
ਲਾਇ ਦਰਬ ਜਹਿਂ ਰਚੇ ਅਵਾਸਾ ॥੪੫॥
ਕੂਪ ਤਾਲ ਆਦਿਕ ਲਗਵਾਏ।
ਲੋਕ ਜਤਨ ਤੇ ਨਗਰ ਬਸਾਏ।
ਬੁਨਿਆਦੀ[2] ਇਹ ਥਾਨ ਹਮਾਰੋ।
ਬਸੇ ਰਹੈਂ ਜਿਮ ਤਥਾ ਉਚਾਰੋ ॥੪੬॥
ਪ੍ਰਥਮ ਕਰਹੁ ਨਿਰਨੈ ਸਭਿ ਐਸੇ।
ਸ਼ਾਹੁ ਹਕਾਰਤਿ ਹੈ ਅਬਿ ਕੈਸੇ।
ਜਿਸ ਤੇ ਨਹਿਂ ਬਿਗਰੈ, ਰਸ ਰਾਖੋ।
ਇਮ ਬਿਚਾਰ ਕਰਿ ਮਸਲਤਿ ਭਾਖੋ' ॥੪੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਮਸਲਤਿ ਕਰਨਿ' ਬਰਨਨੰ ਨਾਮੁ ਊਨਪੰਚਾਸਤਿ ਅੰਸੂ ॥੪੯॥

---

*ਕਵਿ ਜੀ ਇਸ ਵੇਲੇ ਮਾਤਾ ਜੀ ਵਲੋਂ 'ਮਾਂ ਦੀ ਮਮਤਾ' ਦਾ ਕਮਾਲ ਦਿਖਾ ਰਹੇ ਹਨ, ਮਾਤਾ ਜੀ ਉਸ ਵੇਗ ਵਿਚ ਹੋਰ ਸਾਰਾ ਕੁਛ ਭੁੱਲ ਕੇ ਆਪਣੇ ਮੋਹ ਦੇ ਭਾਵ ਅੱਖਾਂ ਅੱਗੇ ਲਿਆਕੇ ਬਿਧੀ ਚੰਦ ਤੇ ਜੇਠੇ, ਪਿਰਾਣੇ ਦੀ ਗੱਲ ਨੂੰ ਕੱਟ ਰਹੇ ਹਨ, ਬੇਅਦਬੀ ਦਾ ਭਾਵ ਨਹੀਂ।

[1](ਜੇ) ਬਖੇੜਾ ਕਰੋਗੇ ਤਾਂ।

[2]ਮੁੱਢ ਦਾ।

੫੦. [ਦਿੱਲੀ ਜਾਣ ਦੀ ਤਿਆਰੀ]

੪੯<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੧

ਦੋਹਰਾ: ਸ਼੍ਰੀ ਗੰਗਾ ਕੇ ਬਾਕ ਸੁਨਿ, ਬ੍ਰਿਧ ਭਾਈ ਗੁਰਦਾਸ।
ਲਖਹਿ ਭਵਿੱਖਜਤਿ ਸਗਲ ਗਤਿ, ਬੋਲੇ ਕਰਤਿ ਪ੍ਰਕਾਸ਼[1] ॥੧॥
ਚੌਪਈ: 'ਮਾਤਾ ਜੀ! ਸੁਨੀਅਹਿ ਹਮ ਕਹੇ।
ਸ਼੍ਰੀ ਹਰਿ ਗੋਬਿੰਦ ਸਭਿ ਗਤਿ ਲਹੇ।
ਹੋਨਿਹਾਰ ਇਨ ਤੇ ਨਹਿਂ ਛਾਨੀ।
ਜੋ ਕਰਨੋ ਸਗਰੋ ਮਨ ਜਾਨੀ ॥੨॥
ਪ੍ਰਥਮ ਸਪਥ ਹਿਤ ਚੰਦੂ ਮਾਰਨਿ।
ਬੈਠਿ ਸਭਿਨਿ ਮਹਿਂ ਕੀਨਿ ਉਚਾਰਨਿ।
ਦੁਤੀਏ ਗੁਰ ਅਰਜਨ ਬਿਰਤਾਂਤਿ।
ਹੋਵਨਿ ਲਗਜੋ ਅਬਹਿ ਬੱਖਜਾਤਿ ॥੩॥
ਪਲਟੋ ਲੈਬੇ ਕੋ ਅਬਿ ਸਮੋਂ।
ਦਿੱਲੀ ਚਲੋਂ ਇਹੀ ਮਤ ਹਮੋ[2]।
ਬਿਨਾ ਚਲੇ ਨਹਿਂ ਮਾਰਨਿ ਹੋਇ।
ਪੂਰਨ ਕਰਹਿਂ ਸਪਥ ਕਰਿ ਜੋਇ[3] ॥੪॥
ਸ਼੍ਰੀ ਅੰਮ੍ਰਿਤਸਰ ਬਸਹੁ ਸੁਖਾਰੇ।
ਜਹਾਂਗੀਰ ਨਹਿਂ ਕਰਹਿ ਬਿਗਾਰੇ।
ਆਗੇ ਸ਼ਾਹਿਜਹਾਂ ਜਬਿ ਹੋਇ।
ਜਿਮ ਗੁਰੁ ਕਰਹਿਂ, ਬਰਤਿ ਹੈ ਸੋਇ ॥੫॥
ਅਬਿ ਚੰਦੂ ਕੋ ਗਰਦ ਮਿਲਾਵਹੁ।
ਸੁਜਸੁ ਬਿਸਾਲ ਜਗਤ ਮਹਿਂ ਪਾਵਹੁ।
ਇਕ ਵਜ਼ੀਰ ਖਾਂ ਨਿਤ ਢਿਗ ਸ਼ਾਹੂ।
ਸਤਿਗੁਰੁ ਕੋ ਸੇਵਕ ਸੁਖ ਚਾਹੂ ॥੬॥
ਤਿਨ ਨੇ ਸਰਬ ਬਾਤਿ ਸਮੁਝਾਈ।
-ਚਲਹਿਂ ਗੁਰੂ, ਚੰਦੂ ਲੇਂ ਘਾਈ[4]।
ਜਹਾਂਗੀਰ ਚਹਿ ਫਰਜ਼ ਉਤਾਰਾ।
ਲਿਹੁ ਪਲਟਾ ਜਿਸ ਨੇ ਗੁਰ ਮਾਰਾ- ॥੭॥
ਨਹਿਂ ਆਛੇ ਕੁਛ ਕਰਨਿ ਬਖੇਰਾ।

---
[1]ਪ੍ਰਗਟ।
[2]ਸਾਡਾ ਹੈ।
[3]ਜੋ ਕੀਤੀ ਹੈ।
[4]ਚੰਦੂ ਨੂੰ ਮਾਰ ਲੈਣਗੇ।

ਬਿਗਰੇ ਪਰਿ ਹੈ ਜੰਗ ਬਡੇਰਾ।
ਕੌਨ ਕਾਜ ਹਿਤ ਕਰਹੁ ਬਿਖਾਦਾ।
ਅਸ ਕੀਜਹਿ ਜਿਮ ਹੁਇ ਅਹਿਲਾਦਾ ॥੮॥
ਸ਼੍ਰੀ ਅਰਜਨ ਸਭਿ ਅੰਤਰਜਾਮੀ।
ਚਹੈਂ ਸੁ ਕਰੈਂ ਜਗਤ ਕੇ ਸ੍ਵਾਮੀ।
ਸਮੋ ਜਾਨਿ ਤਨ ਤਜਿਬੇ ਆਵਾ।
ਸਿਮਰਜੋ ਗਜਾਨੀ[1] ਸ੍ਰਾਪ ਅਲਾਵਾ ॥੯॥
ਸਾਚੁ ਕਰਨਿ ਹਿਤ ਬਚ ਤਿਸ ਕੇਰਾ।
ਦੇ ਚੰਦੂ ਸਿਰ ਦੋਸ਼ ਬਡੇਰਾ।
ਗਏ ਬਿਕੁੰਠ ਮੁਕੰਦ ਸੁਛੰਦੇ।
ਨਹੀਂ ਪ੍ਰਤੰਤਰ[2] ਰੂਪ ਅਨੰਦੇ[*] ॥੧੦॥
ਪੰਚਹੁੰ ਸਤਿਗੁਰੁ ਕੇ ਅਬਿ ਰੂਪ।
ਸ਼੍ਰੀ ਹਰਿ ਗੋਵਿੰਦ ਜੋਤਿ ਅਨੂਪ।
ਜਿਮ ਚਾਹੈਂ ਇਹ ਕਰਹਿਂ ਗੁਸਾਈ।
ਸਭਿ ਪਰ ਬਲੀ ਚਿੰਤ ਨਹਿਂ ਕਾਈ ॥੧੧॥
ਮਹਾਂ ਪ੍ਰਤਾਪਵੰਤ ਰਣਧੀਰ।
ਇਨ ਕੀ ਸਮ ਨਹਿਂ ਅਪਰ ਸਰੀਰ।'
ਇਸ ਪ੍ਰਕਾਰ ਜਬਿ ਬ੍ਰਿਧ ਨੇ ਕਹਜੋ।
ਸ਼੍ਰੀ ਗੰਗਾ ਨੀਕੋ ਮਨ ਲਹਜੋ ॥੧੨॥
ਸਤਿਗੁਰੁ ਮੰਦ ਮੰਦ ਮੁਸਕਾਏ।
ਕਹਜੋ ਕਿ 'ਚਹਸਿ ਦੁਸ਼ਟ ਮਰਿਵਾਏ।
ਬ੍ਰਿਧ ਕੋ ਕਹਜੋ ਨ ਫੇਰਹਿ ਕੋਈ।
ਜਿਮ ਬਚ ਕਹਿ ਤਿਮ ਹੀ ਸਚੁ ਹੋਈ ॥੧੩॥
ਹੋਨਿਹਾਰ ਸੋ ਕਰਹਿ ਉਚਾਰੀ।
ਜੋ ਉਚਰਹਿ ਸੋ ਹੋਵਨਿਹਾਰੀ।

---

[1]ਭਾਵ ਕਾਹਨੇ ਨੇ ਜੋ।

[2]ਅਧੀਨ।

[*]ਜਹਾਂਗੀਰ ਦੇ ਆਪਣੇ ਲਿਖੇ ਮੂਜਬ ਉਸ ਦੇ ਦਿਲ ਵਿਚ ਤਅੱਸਬ ਦਾ ਗੁੱਸਾ ਭਰਿਆ ਸੀ ਕਿ ਮੁਸਲਮਾਨਾਂ ਨੂੰ ਬੀ ਮੁਰੀਦ ਬਣਾਉਂਦੇ ਹਨ, ਇਨ੍ਹਾਂ ਨੂੰ ਕਿਵੇਂ ਮੁਕਾਵਾਂ? ਸੋ ਖੁਸਰੋ ਦਾ ਬਹਾਨਾ ਮਾਤ੍ਰ ਸੁਣਦੇ ਸਾਰ ਬਿਨਾਂ ਤਹਿਕੀਕਾਤ ਕੀਤੇ, ਚੰਦੂ ਤੇ ਤਅੱਸਬੀ ਹੁੱਦੇਦਾਰ ਆਦਿ ਦ੍ਵੈਖੀਆਂ ਦੇ ਆਖੇ ਲੱਗਕੇ ਕਤਲ ਦਾ ਹੁਕਮ ਦੇ ਦਿੱਤਾ ਸੀ। ਸੋ ਇਸ ਹਿਸਾਬ ਗੁਰੂ ਜੀ ਸਤ ਧਰਮ ਦੇ ਪ੍ਰਚਾਰ ਬਦਲੇ ਸਾਕਾ ਕਰ ਗਏ, ਇਹ ਬਾਤ ਜਹਾਂਗੀਰ ਦੇ ਲੇਖ ਤੋਂ ਬੀ ਸਾਬਤ ਹੋ ਗਈ। ਕਾਨ੍ਹੇ ਦਾ ਸ੍ਰਾਪ ਪੂਰਾ ਕਰਨਾ ਤੇ ਚੰਦੂ ਨੂੰ ਦੋਸ਼ ਦੇਣਾ ਆਦਿ ਬਾਤਾਂ ਕੁਛ ਮੁੱਲ ਨਹੀਂ ਰੱਖਦੀਆਂ। ਵਿਸ਼ੇਸ਼ ਲਈ ਦੇਖੋ, ਇਸੇ ਰਾਸ ਦੇ ਅੰਸੂ ੩੭ ਅੰਕ ੪੮ ਦੀ ਹੇਠਲੀ ਟੂਕ।

ਪਾਹਨ ਰੇਖ ਮਿਟਹਿ ਨਹਿਂ ਜੈਸੇ।
ਗਜ ਰਦ ਨਿਕਸਿ ਨ ਪ੍ਰਵਿਸ਼ਹਿਂ ਕੈਸੇ[੧]' ॥੧੪॥
ਸੁਨਿ ਗੁਰੁ ਤੇ ਗੁਰੁਦਾਸ ਬਖਾਨੀ।
'ਖਸ਼ਟ ਗੁਰਨਿ ਢਿਗ ਇਹੁ ਅਗਵਾਨੀ[੨]।
ਸ਼ੁਭ ਮਤਿ ਇਨ ਸਮ ਕਿਸ ਕੀ ਕਹੀਅਹਿ।
ਨਿਪੁਨ ਜਿਤੇਂਦ੍ਰੀ ਮਨ ਬਸਿ ਲਹੀਅਹਿ ॥੧੫॥
ਇਨ ਕੀ ਮਸਲਤਿ ਸਭਿ ਸੁਖਦਾਈ।
ਦਿੱਲੀ ਚਲਨਿ ਮੋਹਿ ਮਨ ਭਾਈ।
ਇਸ ਮਤ ਤੇ ਸੁਖ ਬਾਸ ਅਵਾਸਾ[੩]।
ਦੁਤੀਏ ਚੰਦੂ ਦੁਸ਼ਟ ਬਿਨਾਸ਼ਾ ॥੧੬॥
ਤ੍ਰਿਤੀਏ ਸਪਥ ਕਰਹਿਂਗੇ ਪੂਰੀ[*]।
ਮਿਲਨਿ ਸ਼ਾਹੁ ਸੋਂ ਹ੍ਵੈ ਬਿਧਿ ਰੂਰੀ।
ਕਰਤਿ ਅਨੰਦ ਬਿਲੰਦ ਬਿਲਾਸਾ।
ਆਇ ਸੁਧਾਸਰ ਬਾਸਹਿਂ ਬਾਸਾ ॥੧੭॥
ਸ਼੍ਰੀ ਗੰਗਾ ਸੁਨਿ ਮਨ ਹਰਖਾਨੀ।
'ਇਹ ਸਭਿ ਬਡਿਅਨਿ ਕੇ ਇਸਥਾਨੀ।
ਇਨ ਕੋ ਕਹਨਿ ਕਰਨਿ ਹੀ ਬਨੈ।
ਸ਼ੁਭ ਸਭਿ ਹੋਇ ਜਥਾ ਬਚ ਭਨੈਂ ॥੧੮॥
ਖਾਂ ਵਜ਼ੀਰ ਜਿਮ ਜੁਗਤਿ ਬਤਾਵੈ।
ਮਿਲਨਿ ਸ਼ਾਹੁ ਸੋਂ ਤਿਮ ਬਨਿ ਆਵੈ।
ਨਿਤਪ੍ਰਤਿ ਨਿਕਟ ਹਕਾਰਨਿ ਕਰੀਅਹਿ।
ਦਾਨ ਮਾਨ ਦੇ ਤੋਸਨ[੪] ਧਰੀਅਹਿ[+] ॥੧੯॥
ਤੁਰਕਨਿ ਗਨ ਮਹਿਂ ਅਤਿ ਹਿਤਕਾਰੀ।
ਰਾਖਹੁ ਮੇਲਿ ਰਹੈ ਅਨੁਸਾਰੀ।

---

[੧]ਹਾਥੀ ਦੇ ਦੰਦ ਬਾਹਰ ਨਿਕਲੇ ਫੇਰ ਅੰਦਰ ਨਹੀਂ ਵੜਦੇ।
[੨]ਮੁਖੀਆ।
[੩]ਇਸ ਸਲਾਹ ਨਾਲ (ਇਕ ਤਾਂ) ਘਰ ਸੁਖੀ ਵੱਸੇਗਾ।
[*]ਇਹ ਸਾਧਾਰਣ ਨੀਤੀ ਦੀਆਂ ਬਾਤਾਂ ਹੋ ਰਹੀਆਂ ਹਨ, ਗੁਰੂ ਹਿਰਦੇ ਵਿਚ ਬਹੁਤ ਉਚੇ ਭਾਵ ਹੈਸਨ, ਜੋ ਆਮ ਸਮਝ ਤੋਂ ਬਹੁਤ ਉਚੇਰੇ ਉਡਦੇ ਸਨ, ਕੁਛ ਪਿਛੇ ਦਰਸਾ ਆਏ ਹਾਂ।
[੪]ਪ੍ਰਸੰਨ।
[+]ਦਾਨ ਮਾਨ ਦੇਕੇ ਮਤਲਬ ਸਾਧਣਾ ਭਾਈ ਗੁਰਦਾਸ ਜੀ ਦੀ ਕਲਮ ਦੱਸ ਰਹੀ ਹੈ ਕਿ ਉਸ ਉਚੇ ਦਿਮਾਗ ਦੇ ਗਥਰ ਵਿਚ ਆਉਣ ਵਾਲੀਆਂ ਗੱਲਾਂ ਨਹੀਂ ਸਨ, ਨਾ ਹੀ ਕਵੀ ਜੀ ਦਾ ਇਹ ਭਾਵ ਹੈ। ਉਪਰ ਛੇ ਅੰਕ ਵਿਚ ਆਖਿਆ ਹੈ ਕਿ ਵਜ਼ੀਰ ਖਾਂ ਗੁਰੂ ਕਾ ਸੇਵਕ ਪ੍ਰੇਮੀ ਹੈ, ਸੋ ਸਿੱਖ ਨੂੰ ਸਿਰੋਪਾ ਦਾ ਦੇਵਣਾ ਤੇ ਉਸ ਦੇ ਭਾਵ ਦਾ ਸਤਿਕਾਰ ਕਰਨਾ ਸ਼੍ਰੇਸ਼ਟਾਚਾਰ ਹੈ।

ਸਕਲ ਸ਼ਾਹੁ ਸੋਂ ਬ੍ਰਿਥਾ ਜਨਾਵੈ।
ਆਛੇ ਕਹਿ ਕਹਿ ਤੁਮਹਿ ਮਿਲਾਵੈ' ॥੨੦॥
ਇਮ ਮਸਲਤਿ ਕਰਿ ਸ਼੍ਰੀ ਗੁਰੁ ਤਬੈ।
ਉਠੇ, ਗਏ ਨਿਜ ਨਿਜ ਥਲ ਸਬੈ।
ਸੁਪਤਿ ਜਥਾ ਸੁਖ ਨਿਸਾ ਬਿਤਾਈ।
ਜਾਗੇ ਜਬਿ ਪ੍ਰਭਾਤਿ ਹੁਇ ਆਈ ॥੨੧॥
ਸੌਚ ਸ਼ਨਾਨ ਕੀਨਿ ਬਿਧਿ ਆਛੇ।
ਸਭਾ ਲਾਇ ਬੈਠੇ ਕਹਿ ਪਾਛੇ।
'ਖਾਂ ਵਜ਼ੀਰ ਕੋ ਆਨਿ ਹਕਾਰੇ।
ਕਹਹੁ ਜਾਇ ਥਿਤ ਸਭਾ ਮਝਾਰੇ' ॥੨੨॥
ਹੁਕਮ ਸੁਨਤਿ ਨਰ ਤੂਰਨ ਗਯੋ।
ਡੇਰੇ ਜਾਇ ਨਿਹਾਰਤਿ ਭਯੋ।
'ਸਤਿਗੁਰੁ ਕਰਜੋ ਯਾਦ ਤੁਝ ਤਾਈਂ।
ਗਮਨਹੁ, ਬੈਠੇ ਸਭਾ ਲਗਾਈ' ॥੨੩॥
ਕਰਿ ਉਰ ਹਰਖ ਪਹਿਰਿ ਪਟ ਆਛੇ।
ਚਲਿ ਆਯੋ ਤਿਮ ਨਰ ਕੇ ਪਾਛੇ।
ਕਿੰਚਬੇਗ ਲੀਨਹੁ ਨਿਜ ਸਾਥ।
ਦਰਸੇ ਜਾਇ ਸਤਿਗੁਰੂ ਨਾਥ ॥੨੪॥
ਬੰਦੇ ਹਾਥ ਬੰਦਗੀ ਕੀਨਿ।
ਗੁਰ ਕੇ ਕਹੇ ਗਯੋ ਆਸੀਨ[1]।
ਕਿੰਚਬੇਗ ਕਰ ਜੋਰਿ ਉਚਾਰਾ।
'ਹਜ਼ਰਤਿ ਬਾਂਛਤਿ ਦਰਸ ਤੁਮਾਰਾ ॥੨੫॥
ਸ਼੍ਰੀ ਅਰਜਨ ਕੋ ਸਿਮਰਤਿ ਰਹਜੋ।
ਕਰਿ ਕਰਿ ਪ੍ਰੇਮ ਸੁਜਸੁ ਬਹੁ ਕਹਜੋ।
ਸੁਨੀ ਕੁਟਿਲਤਾ ਚੰਦੂ ਕੇਰੀ।
ਰਿਦੇ ਬਿਸੂਰਤਿ ਭਾ ਬਹੁ ਬੇਰੀ ॥੨੬॥
ਤੁਮ ਤੇ ਸੁਨਹਿ ਬ੍ਰਿਤਾਂਤ ਜੁ ਸਾਰਾ।
ਸਿਰ ਤੇ ਚਾਹਿਸਿ ਫਰਜ਼ ਉਤਾਰਾ।
ਯਾਂ ਤੇ ਉਚਿਤ ਆਪ ਕੋ ਆਛੇ।
ਦੀਜਹਿ ਦਰਸ ਸ਼ਾਹੁ ਬਹੁ ਬਾਂਛੇ' ॥੨੭॥
ਪੁਨ ਵਜ਼ੀਰ ਖਾਂ ਬਾਕ ਸੁਨਾਵੈ।

---

[1]ਬੈਠ ਗਿਆ।

'ਹਜ਼ਰਤਿ ਪ੍ਰੇਮ ਸਮੇਤ ਬੁਲਾਵੈ।
ਬਡੇ ਗੁਰੁਨਿ ਕੋ ਸੁਨਜੋ ਬ੍ਰਿਤਾਂਤ।
ਮੁਖ ਤੇ ਹਾਹ ਕਹੀ ਪਛੁਤਾਤ[1] ॥੨੮॥
ਸ਼੍ਰੀ ਨਾਨਕ ਗਾਦੀ ਬਡ ਜਾਨਹਿ।
ਸਦਾ ਅਦਾਇਬ ਰਾਖਿ ਬਖਾਨਹਿ।
ਕਹਿ ਬਹੁ ਬਾਰਿ ਦੋਸ਼ ਗਨ ਚਾਰੀ[2]।
ਚੁਗਲ[3] ਸ਼ਾਹੁ ਕੀ ਸੁਮਤਿ ਬਿਗਾਰੀ ॥੨੯॥
ਸੋ ਕੁਕਰਮ ਕੋ ਅਬਿ ਫਲ ਪਾਵੈ।
ਦ੍ਰੋਹ ਅਕਾਰਣ ਮੂਢ ਉਠਾਵੈ।
ਗੁਰੁ ਸੰਤਨਿ ਕੋ ਦ੍ਰੋਹੀ ਹੋਇ।
ਸਕਹਿ ਬਚਾਇ ਨ ਬਿਧਿ ਲੌਂ[4] ਕੋਇ ॥੩੦॥
ਅਬਿ ਕੀਜਹਿ ਚਲਿਬੇ ਕੀ ਤਯਾਰੀ।
ਹਮ ਹਰਖਹਿਂ ਜਬਿ ਲਿਹੁ ਰਿਪੁ ਮਾਰੀ।'
ਕ੍ਰਿਪਾ ਦ੍ਰਿਸ਼ਟਿ ਤੇ ਦੇਖਿ ਗੁਸਾਈਂ।
ਬੋਲਤਿ ਮੰਦ ਮੰਦ ਮੁਸਕਾਈ ॥੩੧॥
'ਸਤਿਗੁਰ ਘਰ ਕੋ ਤੂੰ ਸਿਖ ਅਹੈਂ।
ਅਪਰ ਦੁਸ਼ਟ ਚੰਦੂ ਹਿਤ ਚਹੈਂ[5]।
ਗਨ ਤੁਰਕਨਿ ਬਨ ਬੰਸ ਬਿਸਾਲੂ[6]।
ਤੋ ਸਮ ਸਫਲਜੋ ਕੋਇ ਰਸਾਲੂ[7] ॥੩੨॥
ਉਰ ਸ਼ਰਧਾ ਪਿਖਿ ਪ੍ਰੇਮ ਬਡੇਰਾ।
ਮਾਨ ਸਹਤ ਮਾਨਜੋ ਬਚ ਤੇਰਾ।
ਦਿੱਲੀ ਕੋ ਕਰਿ ਹੈਂ ਪ੍ਰਸਥਾਨਾ।
ਬਿਫਲ ਨ ਤੋਰ ਆਗਮਨਿ ਠਾਨਾ' ॥੩੩॥
ਸੁਨਤਿ ਬੰਦਗੀ ਕਰਿ ਹਰਖਾਯੋ।
'ਸਤਿਗੁਰੁ ਧੰਨਿ ਮੋਹਿ ਅਪਨਾਯੋ।
ਰੋਗ ਜਲੋਧਰ ਉਦਰ ਬਿਸਾਲਾ।

---

[1]ਪਛੁਤਾ ਕੇ।
[2]ਬਹੁਤੀ ਚੁਗਲੀ ਕਰਕੇ।
[3]ਚੁਗਲ (ਚੰਦੂ) ਨੇ।
[4]ਬ੍ਰਹਮਾਂ ਤਕ।
[5]ਹੋਰ (ਉਮਰਾਵ) ਦੁਸ਼ਟ ਚੰਦੂ ਦਾ ਹਿਤ ਚਾਹੁੰਦੇ ਹਨ।
[6]ਤੁਰਕਾਂ ਦਾ ਸਮੂਹ ਬੜੇ ਬਾਂਸਾਂ ਦਾ ਬਨ ਹੈ, ਭਾਵ ਅਨ ਉਪਕਾਰੀ ਤੇ ਨਿਰਾਫਲ ਹੈ।
[7]ਕੋਈ (ਇਕ) ਅੰਬ ਹੈ।

ਪੀੜਾ ਦੇਤਿ ਮਹਾਂ ਸਭਿ ਕਾਲਾ ॥੩੪॥
ਪਰਜੋ ਸਦਨ ਬਿਲਲਾਵਤਿ ਰਹੌਂ।
ਹੋਤਿ ਬਿਖਾਦ ਸਕਲ ਹੀ ਸਹੌਂ।
ਨਿਕਟ ਗਰੀ ਮਹਿਂ ਸਿਖ ਇਕ ਜਾਵਤਿ।
ਪਾਠ ਸੁਖਮਨੀ ਮੁਖਹੁਂ ਅਲਾਵਤਿ ॥੩੫॥
ਜਬਿ ਮਮ ਕਾਨ ਪਰੀ ਧੁਨਿ ਆਨਿ।
ਪੀਰਾ ਭਈ ਉਦਰ ਕੀ ਹਾਨ।
ਸਿਖ ਸ਼ਨਾਨ ਹਿਤ ਗਜੋ ਅਗਾਰੀ।
ਹੋਨਿ ਲਗੀ ਬਾਧਾ ਪੁਨ ਭਾਰੀ ॥੩੬॥
ਕਿਤਿਕ ਬੇਰਿ ਮਹਿਂ ਸਿਖ ਪੁਨ ਆਯੋ।
ਪਾਠ ਸੁਖਮਨੀ ਮੈਂ ਸੁਨਿ ਪਾਯੋ।
ਬਹੁਰ ਭਯੋ ਸੁਖ ਰਿਦੇ ਬਿਚਾਰਾ।
ਇਸ ਤੇ ਮਿਟਤਿ ਕਸ਼ਟ ਮਮ ਭਾਰਾ ॥੩੭॥
ਇਤਨੇ ਮਹਿਂ ਸਿਖ ਜਬਿ ਚਲਿ ਗਯੋ।
ਧੁਨਿ ਕੋ ਸੁਨਤਿ ਨ ਮੈਂ ਪੁਨ ਭਯੋ।
ਬਾਧਾ ਅਧਿਕ ਬਧੀ ਤਬਿ ਮੇਰੇ।
ਜਾਨੀ ਮਹਿਮਾ ਮਨ ਤਿਸ ਬੇਰੇ ॥੩੮॥
ਪਠਿ ਕਰਿ ਨਰ ਕੋ ਸੋ ਬੁਲਵਾਯੋ।
ਜਬਿ ਗੁਰੁ ਸਿੱਖ ਨਿਕਟ ਚਲਿ ਆਯੋ।
ਸਰਬ ਬ੍ਰਿਤਾਂਤ ਬੂਝਿ ਕਰਿ ਰਾਖਾ।
ਪਾਠ ਸੁਖਮਨੀ ਥਿਤ ਹ੍ਵੈ ਭਾਖਾ ॥੩੯॥
ਜਬਿ ਲੌਂ ਸੁਨਜੋ ਨ ਪੀਰਾ ਭਈ।
ਹਟੇ ਪਾਠ, ਪੁਨ ਤੈਸੇ ਥਿਈ।
ਤਬਿ ਮੈਂ ਸਿੱਖ ਅਪਰ ਢਿਗ ਰਾਖੇ।
ਨਿਸ ਦਿਨ ਪਾਠ ਸੁਖਮਨੀ ਭਾਖੇਂ ॥੪੦॥
ਮਾਨਜੋ ਗੁਰ ਹਿਤ ਕਰਨਿ ਕਰਾਹੁ।
ਸੁਨਤਿ ਸੁਨਤਿ ਭਾ ਸਭਿ ਰੁਜ ਦਾਹ।
ਕਿਤਿਕ ਦਜੋਸ ਮਹਿਂ ਭਯੋ ਅਰਾਮ।
ਕਰਿ ਸ਼ਨਾਨ ਰੁਜ ਗਏ ਤਮਾਮ ॥੪੧॥
ਬਡੇ ਗੁਰੁਨਿ ਢਿਗ ਮੈਂ ਤਬਿ ਆਯੋ।
ਸਕਲ ਬਿਨੈ ਭਨਿ ਸੀਸ ਨਿਵਾਯੋ।
ਉਰ ਸ਼ਰਧਾ ਲਖਿ ਕੈ ਸਿਖ ਕੀਨੋ।

ਲਿਯੋ ਅਲੰਬ ਭਯੋ ਰੁਜ ਹੀਨੋ ॥੪੨॥
ਇਮ ਮੋ ਕਹੁ ਗੁਰ ਭੇ ਸੁਖਦਾਈ।
ਰੋਗ ਸੋਗ ਤੇ ਲੀਨਿ ਬਚਾਈ।
ਤਬਿ ਕੋ ਮੈਂ ਸਿਖ ਰਾਵਰਿ ਘਰ ਕੋ।
ਅਪਰ ਨ ਪ੍ਰਿਯ ਤੁਮ ਤੇ ਮਮ ਉਰ ਕੋ ॥੪੩॥
ਮੁਝ ਤੇ ਸੇਵਾ ਬਨੀ ਨ ਕੋਈ।
ਕ੍ਰਿੱਤ ਅਚਾਨਕ ਲਵਪੁਰਿ ਹੋਈ।
ਸ਼ਾਹੁ ਸੰਗ ਚਢਿ ਕਰਿ ਚਲਿ ਗਏ।
ਕਿਸ ਤੇ ਸੁਧ ਨਹਿੰ ਸੁਨਿਤੇ ਭਏ ॥੪੪॥
ਜਿਮ ਰਾਵਰਿ ਕੇ ਪਿਤਾ ਮਹਾਨ।
ਗਨ ਤੁਰਕਨਿ ਮਹਿੰ ਮੁਝ ਸੁਖਦਾਨ।
ਤਿਮ ਅਬਿ ਕ੍ਰਿਪਾ ਆਪ ਕਰਿ ਦੀਨੀ।
ਸਫਲੀ ਮੋਹਿ ਬਸੀਠੀ[1] ਕੀਨੀ ॥੪੫॥
ਜਨ ਪ੍ਰੇਮੀ ਕੇ ਆਪ ਅਧੀਨ।
ਕਰੁਨਾ ਕਰਹੁ ਜਾਨਿ ਕਰਿ ਦੀਨ।
ਬਿਰਦ ਗਰੀਬ ਨਿਵਾਜ਼ ਤੁਮਾਰਾ।
ਗਮਨ ਮਤੋ ਕਿਯ, ਸੋ ਸੰਭਾਰਾ[2]' ॥੪੬॥
ਤਬਿ ਸਤਿਗੁਰ ਕਰਿ ਖੁਸ਼ੀ ਬਿਸਾਲੀ।
ਕਹ੍ਯੋ 'ਪਯਾਨ ਮਹੂਰਤਿ[*] ਕਾਲੀ।
ਜੁਗ ਕੋਸਨਿ ਪਰਿ ਹੁਇ ਹੈ ਡੇਰਾ।
ਪੁਨ ਬਹੁ ਗਮਨਹਿੰ ਅਗਲਿ ਸਵੇਰਾ' ॥੪੭॥
ਸੁਭਟ ਆਦਿ ਮਾਨਵ ਜੇ ਸਾਰੇ।
ਤਯਾਰੀ ਕਰਨੀ ਗੁਰੂ ਉਚਾਰੇ।
ਸੁਨਿ ਸਭਿਹਿਨਿ ਕੈ ਭਾ ਉਤਸਾਹੂ।
ਸ਼ਸਤ੍ਰ ਬਸਤ੍ਰ ਸਜਿ ਰਿਦੇ ਉਮਾਹੂ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਵਜ਼ੀਰ ਖਾਨਿ ਮਿਲਨ' ਪ੍ਰਸੰਗ ਬਰਨਨੰ ਨਾਮ ਪੰਚਾਸਤੀ ਅੰਸੂ ॥੫੦॥

---

[1] ਵਿਚੋਲਗੀ।

[2] ਸੋ (ਬਿਰਦ) ਸੰਭਾਲਿਆ ਹੈ।

[*] ਮਹੂਰਤ ਤੋਂ ਭਾਵ ਮਹੂਰਤ ਸੋਧਣਾ ਨਹੀਂ ਲੈਣਾ ਚਾਹੀਏ ਕਿਉਂਕਿ ਸਤਿਗੁਰੂ ਜੀ ਦੇ ਪਵਿੱਤ੍ਰ ਵਾਕ ਹਨ:- "ਥਿਤੀ ਵਾਰ ਸੇਵਹਿ ਮੁਗਧ ਗਵਾਰ"॥ [ਬਿਲਾ: ਮ: ੩ ਵਾ: ਸਤ] ਕਿੰਤੂ ਜਿਵੇਂ ਕਹੀਦਾ ਹੈ, 'ਘੜੀ ਭਰ ਚਲਾਂਗੇ' ਤਿਵੇਂ 'ਮਹੂਰਤ ਮਾਤਰ ਕਲ੍ਹ ਚਲਾਂਗੇ' ਭਾਵ ਥੋੜਾ ਸਫਰ ਕਰਾਂਗੇ।

੫੧. [ਦੋ ਕੋਹਾਂ ਤੇ ਡੇਰਾ]

੫੦<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੨

ਦੋਹਰਾ: ਉਠੇ ਸਭਾ ਤੇ ਸਤਿਗੁਰੂ, ਪੁਨ ਮਾਤਾ ਢਿਗ ਜਾਇ।
ਨਮੋ ਕਰੀ ਬੈਠੇ ਤਬਹਿ, ਚਲਨਿ ਪ੍ਰਸੰਗ ਸੁਨਾਇ ॥੧॥
ਚੌਪਈ: ਮਸਲਤਿ ਭਈ 'ਭੋਰ ਪ੍ਰਸਥਾਨਾ।
ਪਹੁੰਚਹਿ ਦਿੱਲੀ ਸ਼ਾਹੁ ਸਥਾਨਾ।
ਪਾਛੇ ਬ੍ਰਿਧ ਭਾਈ ਗੁਰਦਾਸ।
ਸਕਲ ਕਾਰ ਕਰਿ ਹੈਂ ਤੁਮ ਪਾਸਿ ॥੨॥
ਸਭਿ ਬਿਧਿ ਮਹਿਂ ਦੋਨਹੁ ਬਹੁ ਸਜਾਨੇ।
ਹਰਿਮੰਦਰਿ ਕੀ ਸੇਵ ਮਹਾਨੇ।
ਆਵਨਿ ਜਾਨੋ ਸੰਗਤਿ ਕੇਰਾ।
ਦੇਗ ਚਲਾਵਨਿ ਕਾਜ ਬਡੇਰਾ ॥੩॥
ਸਰਬ ਅਕੋਰ ਸੰਭਾਰਨਿ ਕਰਨੀ।
ਜਿਤਿਕ ਮਸੰਦ ਤਿਨਹੁੰ ਸੁਧਿ ਧਰਨੀ।
ਸਿੱਖਨਿ ਕੋ ਦੈਬੋ ਸਿਰੁਪਾਊ।
ਸਦਾ ਕਾਰ ਇਹ ਸਹਿਜ ਸੁਭਾਊ ॥੪॥
ਸੁਨਿ ਜਨਨੀ, ਸੁਤ ਕੋ ਬ੍ਰਿਹ ਜਾਨਾ।
ਮਹਾਂ ਸਨੇਹ ਰਿਦਾ ਅਕੁਲਾਨਾ।
ਜਬਿ ਕੇ ਜਨਮੇਂ, ਦੇਖਤਿ ਰਹੀ।
ਅਬਿ ਲੌ ਪ੍ਰਿਥਕ ਭਈ ਕਬਿ ਨਹੀਂ ॥੫॥
ਲੋਚਨ ਜਲ ਬੂੰਦੈਂ ਝਲਕਾਈ।
ਦੀਰਘ ਸ੍ਵਾਸ ਭਰਤਿ ਦੁਖ ਪਾਈ।
'ਸੁਨਹੁ ਪੁੱਤ੍ਰ! ਸਮਝਾਵੌਂ ਕਹਾਂ।
ਗੁਰ ਗਾਦੀ ਥਿਤਿ ਬੁਧਿ ਮਤਿ ਮਹਾਂ[1] ॥੬॥
ਭੂਤ ਭਵਿੱਖਤਿ ਕੇ ਸਰਬੱਗਜ।
ਕਹਾ ਬਚ ਕਹੈ ਜੀਵ ਅਲਪੱਗਜ।
ਤਊ ਸੁਚੇਤ ਰਹੋ ਸਭਿ ਕਾਲਾ।
ਨਹੀਂ ਦੁਸ਼ਟ ਕੇ ਪਰਿਯੇ ਜਾਲਾ[2] ॥੭॥
ਦ੍ਰੋਹੀ ਮਹਾਂ, ਦਯਾ ਨਹਿਂ ਜਾ ਕੇ।
ਕਰਮ ਚੰਡਾਲ ਹਿੰਦੁ ਤਨ ਤਾਂ ਕੇ।

---
[1](ਆਪ) ਮਹਾਨ ਬੁਧਿਵਾਨ ਹੋ।
[2]ਬੰਧਨ ਵਿਚ।

ਤੁਮਰੇ ਪਿਤਾ ਮਹਾਂ ਸਮਰੱਥ।
ਭੰਜਨ ਘੜਨ ਜਿਨਹੁੰ ਕੇ ਹੱਥ ॥੮॥
ਛਿਮਾ ਨਿਧਾਨ ਸ਼ਾਂਤਿ ਚਿਤ ਹੋਇ।
ਦੁਸ਼ਟ ਅਘੀ ਹਤਿ ਕਰਜੋ ਨ ਕੋਇ।
ਸ਼ਕਤਿ ਬਿਸਾਲੀ ਨਹੀਂ ਜਨਾਈ।
ਤਜਜੋ ਸਰੀਰ ਸਮਾ ਨਿਯਰਾਈ ॥੯॥
ਤਿਸ ਬਿਧਿ ਆਪ ਚਲੇ ਢਿਗ ਸ਼ਾਹੂ।
ਬੈਸ ਨਵੀਨ ਧਰਤਿ ਉਤਸਾਹੂ।
ਹੇ ਸੁਤ! ਮੈਂ ਵਾਰੀ ਬਹੁ ਵਾਰੀ[1]।
ਬਿਨਾ ਪਿਖੈ ਮੁਝ ਸੰਕਟ ਭਾਰੀ ॥੧੦॥
ਇਕ ਅਲੰਬ ਤੁਮ ਦੇਖਤਿ ਰਹੌਂ।
ਸਦਾ ਅਨੰਦ ਰਿਦੇ ਬਹੁ ਲਹੌਂ।
ਕਹਾਂ ਕਰੌਂ ਮੈਂ ਤੁਮ ਤੇ ਪਾਛੇ।
ਪੁੱਤ੍ਰ ਬਦਨ ਜਬਿ ਪਿਖੌਂ ਨ ਆਛੇ ॥੧੧॥
ਉਦਜੋ ਪਾਪ ਫਲ ਰਹੌਂ ਇਕੇਲੀ[*]।
ਰਿਦੇ ਪ੍ਰਤੀਖਤਿ ਅਧਿਕ ਦੁਹੇਲੀ।
ਕਰਹੁੰ ਸ਼ੀਘ੍ਰਤਾ ਆਵਿਨਿ ਮਾਂਹੀ।
ਮੁਝ ਦਿਸ਼ਿ ਪਿਖਹੁ ਬਿਸਾਰਹੁ ਨਾਂਹੀ ॥੧੨॥
ਨਿਤ ਪ੍ਰਤਿ ਸੁਧਿ ਪਹੁੰਚਾਵਨਿ ਕਰੀਅਹਿ।
ਸਾਵਧਾਨਤਾ ਸਭਿ ਬਿਧਿ ਧਰੀਅਹਿ।
ਕਰਮ ਕਾਲ ਕਰਿ ਭਯੋ ਵਿਯੋਗ।
ਇਸ ਮਹਿਂ ਬਸਿ ਨਾਹਿਨ ਕਿਸੁ ਲੋਗ' ॥੧੩॥
ਸ਼੍ਰੀ ਹਰਿਗੋਵਿੰਦ ਸੁਨਿ ਜਨਨੀ ਤੇ।
ਧੀਰਜਿ ਦੀਨਿ ਭਾਖਿ ਸੁਭ ਰੀਤੇ।

---

[1]ਮੈਂ ਬਹੁਤ ਵਾਰ ਕੁਰਬਾਨ ਹਾਂ।

[*]ਵਾਤਸਲ ਰਸ ਦਾ ਨਕਸ਼ਾ ਬੰਨ੍ਹਣ ਲਈ ਸਾਧਾਰਣ ਮਾਤਾ ਦੇ ਪ੍ਰੇਮ ਦਾ ਵਰਣਨ ਸੁਹਣਾ ਹੈ, ਅਰ 'ਕਰਮ ਸਰਬਥਾ ਬਲਵਾਨ ਹੈ' ਇਸ ਗੱਲ ਦਾ ਚੰਗਾ ਪ੍ਰਤਿਪਾਦਨ ਹੈ, ਪਰ ਸਾਈਂ ਦੇ ਚਰਨਾਂ ਨਾਲ ਲਿਵ ਪ੍ਰਾਪਤ ਮਾਤਾ ਗੰਗਾ ਜੀ, ਗੁਰੂ ਅਰਜਨ ਜੀ ਦੀ ਅਰਧੰਗੀ, ਪੂਰਨ ਸ਼ਰਧਾ ਤੇ ਸਿੱਖੀ ਭਾਵਨਾ ਵਾਲੀ, ਕਰਮ ਖੰਡ ਦੀ ਉਡਾਰੀ ਵਾਲੀ ਮਾਤਾ, ਕਦ ਕਰਮਾਂ ਤੇ ਪਾਪਾਂ ਦਾ ਨਾਂ ਲੈ ਕੇ ਐਸਾ ਪ੍ਰਲਾਪ ਕਰ ਸਕਦੀ ਹੈ, ਉਹ ਜਾਣਦੀ ਹੈ, 'ਕਰਮ ਬਧ ਤੁਮ ਜੀਉ ਕਹਤ ਹੌ ਕਰਮਹਿ ਕਿਨਿ ਜੀਉ ਦੀਨੁਰੇ॥' ਮਾਤਾ ਉਸ ਦਰਜੇ ਦੀ ਵਜਕਤੀ ਹੈ 'ਧਰਮ ਰਾਇ ਅਬ ਕਹਾ ਕਰੇਗੋ ਜਉ ਫਾਟਿਓ ਸਗਲੋ ਲੇਖਾ' ॥ 'ਧਰਮ ਰਾਇ ਕਾ ਦਫਤਰੁ ਸੋਧਿਆ ਬਾਕੀ ਰਿਜਮ ਨ ਕਾਈ॥ ਇਹ ਸੱਚ ਹੈ ਕਿ ਮਾਤਾ ਜੀ ਦਾ ਮਾਤ੍ਰੀ ਪ੍ਰੇਮ ਤੇ ਗੁਰੂ ਪ੍ਰੇਮ ਇਸ ਵੇਲੇ ਠਾਠਾਂ ਮਾਰਦਾ ਸੀ, ਪਰ ਉਹ ਬੜੇ ਉੱਚੇ ਅਰਸ਼ੀ ਭਾਵਾਂ ਦਾ ਇਕ ਉਮਡਾਉ ਸੀ, ਜਿਸ ਵਿਚ ਰਜ਼ਾ ਦਾ ਸਹਾਰਾ ਬੋਹਿਥਾ ਸੀ। ਅੰਕ ੨੫ ਵਿਚ ਕਵਿ ਜੀ ਆਪ ਮਾਤਾ ਜੀ ਨੂੰ 'ਸੁਮਤਿ ਪ੍ਰਬੀਨੀ' ਦੱਸਦੇ ਹਨ।

'ਨਹਿਂ ਕੀਜਹਿ ਚਿਤ ਮਹਿਂ ਦੁਚਿਤਾਈ।
ਗੁਰ ਸਹਾਇ ਤੇ ਸ਼ੁਭ ਬਨਿਆਈ ॥੧੪॥
ਜਬਹਿ ਫਰਾਗ਼ਤਿ[1] ਕੀ ਬਿਧਿ ਜੋਵੈਂ।
ਨਹਿਂ ਠਹਿਰਹਿਂ ਆਵਨਿ ਤਬਿ ਹੋਵੈ।
ਕੁਸ਼ਲ ਛੇਮ ਕੀ ਸੁਧਿ ਪਹੁੰਚਾਵੈ।
ਸਭਿ ਬਿਧਿ ਤੇ ਅਨੰਦ ਉਪਜਾਵੈਂ' ॥੧੫॥
ਇਮ ਭਨਿ ਸੁਨਿ ਜਨਨੀ ਕੇ ਸੰਗਿ।
ਜਿਤ ਕਿਤ ਬਿਦਤਜੋ ਚਲਨਿ ਪ੍ਰਸੰਗ।
ਕਰਿ ਤਯਾਰੀ ਸੇਵਕ ਸਮੁਦਾਇ।
ਸੁਭਟ ਸ਼ਸਤ੍ਰ ਬਸਤਰ ਤਨ ਲਾਇ ॥੧੬॥
ਚਹੀਅਹਿ ਵਹਿਰ ਜਿ ਵਸਤੁ ਅਨੇਕ।
ਕਰੀ ਸੰਭਾਰਨਿ ਗਿਨਿ ਗਿਨਿ ਏਕ।
ਤਿਸ ਦਿਨ ਤਯਾਰੀ ਕਰਤਿ ਗੁਜ਼ਾਰਾ।
ਭਈ ਜਾਮਨੀ ਖਾਇ ਅਹਾਰਾ ॥੧੭॥
ਸੁਪਤਿ ਜਥਾ ਸੁਖ ਪ੍ਰਾਤੀ ਜਾਗੇ।
ਸੌਚ ਸ਼ਨਾਨ ਕਰਨਿ ਸਭਿ ਲਾਗੇ।
ਬਸਤ੍ਰ ਸ਼ਸਤ੍ਰ ਸਤਿਗੁਰੂ ਸਜਾਏ।
ਖੜਗ ਧਨੁਖ ਤਰਕਸ਼ ਅੰਗ ਲਾਏ ॥੧੮॥
ਤਯਾਰ ਹੋਨਿ ਕੋ ਬਜਯੋ ਨਿਸ਼ਾਨਾ।
ਜਨੁ ਘਨੁ ਘੋਖਤਿ ਘੋਖ ਮਹਾਨਾ[2]।
ਕਸੇ ਤੁਰੰਗਨਿ ਤੰਗ ਬਨਾਏ।
ਸੁਭਟ ਸੁਚੇਤ ਤਯਾਰ ਹੁਇ ਆਏ ॥੧੯॥
ਸਤਿਗੁਰ ਲੇ ਪ੍ਰਸਾਦਿ ਸਮੁਦਾਏ।
ਸ਼੍ਰੀ ਹਰਿਮੰਦਿਰ ਕੀ ਦਿਸ਼ਿ ਆਏ।
ਕਰੀ ਨਮੋ ਹੁਇ ਖਰੇ ਅਗਾਰੀ।
ਕੁਸ਼ਲ ਸਕਲ ਹਿਤ ਬਿਨੈ ਉਚਾਰੀ ॥੨੦॥
ਲਖਿ ਸਥਾਨ ਸ਼ੁਭ ਪਿਤਾ ਪਿਤਾਮਾ।
ਦਈ ਪ੍ਰਦੱਛਨ ਕੀਨਿ ਪ੍ਰਨਾਮਾ।
ਕਰਿ ਕੈ ਪੂਜ ਪ੍ਰਸਾਦ ਬ੍ਰਤਾਯੋ।
ਸਗਰੀ ਸੰਗਤਿ ਸਾਦਰ ਪਾਯੋ ॥੨੧॥

---

[1]ਵੇਹਲ।
[2]ਮਾਨੋਂ ਬੱਦਲ ਦੇ ਗੱਜਣ ਦੀ ਬੜੀ ਗੂੰਜ ਹੈ।

ਪੁਨ ਸਤਿਗੁਰੂ ਨਿਜ ਮਾਤਾ ਪਾਸ।
ਆਇ ਨਮੋ ਕਰਿ ਦੇਤਿ ਹੁਲਾਸ।
ਗਮਨਿ ਸਮੈਂ ਲਖਿ ਦ੍ਰਿਗ ਜਲ ਰੋਕਾ।
ਬਾਰਿ ਬਾਰਿ ਸੁਤ ਬਦਨ ਬਿਲੋਕਾ ॥੨੨॥
'ਸ੍ਰੀ ਨਾਨਕ ਆਦਿਕ ਗੁਰੁ ਪੰਚ।
ਸਦਾ ਸਹਾਇਕ ਹੁਇੰ, ਸੁਖ ਸੰਚ[1]।
ਬਿਘਨ ਅਨੇਕ ਬਿਦਾਰਨਿ ਕਰੈਂ।
ਸਖਾ ਮਿਲਾਇ, ਰਿਪੁਨਿ ਪਰਹਰੈਂ[2]' ॥੨੩॥
ਮਸਤਕ ਚੂਮਤਿ ਗਰੇ ਲਗਾਇਵ।
ਭਈ ਬਿਬਸਿ ਕੁਛ ਕਹ੍ਯੋ ਨ ਜਾਇਵ।
ਗਯੋ ਗਰਾ ਭਰਿ ਗਦ ਗਦ ਬਾਨੀ।
ਸੁਤ ਸਨੇਹ ਮਹਿਂ ਮਤਿ ਲਪਟਾਨੀ ॥੨੪॥
ਕਹਿ ਬਹੁ ਬਾਰਿ ਧੀਰ ਗੁਰ ਦੀਨੀ।
'ਅਹੋ ਮਾਤ! ਤੁਮ ਸੁਮਤਿ ਪ੍ਰਬੀਨੀ।
ਅਪਰਨਿ ਕੋ ਸਮੁਝਾਵਨਿ ਬਨੈ।
ਕ੍ਯੋਂ ਉਰ ਕਰਤਿ ਕਸ਼ਟ ਕੇ ਸਨੈ[3] ॥੨੫॥
ਕੇਤਿਕ ਦਿਨ ਮਹਿਂ ਸੁਖ ਸੋਂ ਆਵਹਿਂ।
ਬਸਹਿਂ ਨਿਕਟ ਆਨੰਦ ਉਪਜਾਵੈਂ।
ਸੁਨਿ ਜਨਨੀ ਬੋਲੀ ਬਡਭਾਗਨਿ।
ਸੁੰਦਰ ਸੂਰਤਿ ਸੁਤ ਅਨੁਰਾਗਨਿ[4] ॥੨੬॥
'ਪੁੱਤ੍ਰ! ਸੁਨਹੁ ਬਡ ਜਤਨ ਕਰੰਤੇ।
ਪ੍ਰਾਪਤਿ ਭਏ ਆਪਿ ਦੁਤਿਵੰਤੇ।
ਪੁਨਿ ਸ਼ੱਤ੍ਰਨਿ ਬਹੁ ਬਿਘਨ ਉਠਾਏ।
ਨਿਜ ਕਰ ਦੇ ਕਰਿ ਗੁਰੂ ਬਚਾਏ ॥੨੭॥
ਅਬਿ ਲੌਂ ਮੈਂ ਤੁਮ ਪਾਰਨਿ ਕੀਨੇ[5]।
ਦੇਖਤਿ ਮੈਂ ਨਿਤ ਤ੍ਰਿਪਤਿ ਬਿਹੀਨੇ।
ਇਕ ਪੁੱਤ੍ਰਾ ਦੇਖਹੁ ਦਿਸ਼ਿ ਮੋਹੀ।
ਮਿਲਹੁ ਤੁਰਤ ਜਿਮ ਸੁਖ ਮਨ ਹੋਹੀ' ॥੨੮॥

---

[1]ਸੁਖ ਮਿਲਣ।
[2]ਸੱਜਣ ਦਾ ਸੰਗ ਮਿਲਾਉਣ ਤੇ ਵੈਰੀਆਂ ਦਾ ਨਾਸ਼ ਕਰਨ।
[3]ਹਿਰਦੇ ਨੂੰ ਦੁਖ ਸਹਤ ਕਿਉਂ ਕਰਦੀ ਹੈਂ?
[4]ਸੁਹਣੀ ਸੂਰਤ ਵਾਲੇ ਪੁੱਤ੍ਰ ਦੇ ਹਿਤ ਵਾਲੀ।
[5]ਪਾਲਣਾ ਕੀਤੀ ਹੈ।

'ਹੇ ਜਨਨੀ! ਜਬਿ ਅਵਸਰ ਪਾਵੌਂ।
ਤੁਮ ਕੋ ਸਿਮਰਿ ਤੁਰਤ ਹੀ ਆਵੌਂ।
ਕਰਹੁ ਅਨੰਦ ਬਿਦਾ ਅਬਿ ਦੀਜੈ।
ਸਤਿਗੁਰ ਸੌਂਪ ਅਸੀਸ ਭਨੀਜੈ' ॥੨੯॥
ਇਮ ਕਹਿ ਬੰਦਨ ਕਰਿ ਘਰ ਨਿਕਸੇ।
ਕਮਲ ਬਿਸ਼ਾਲ ਬਿਲੋਚਨ ਬਿਗਸੇ।
ਸ਼ੁਭ ਸਜਾਇ ਸੇਵਕ ਹਯ ਲਯਾਯੋ।
ਸ਼੍ਰੀ ਸਤਿਗੁਰੁ ਨਾਨਕ ਉਰ ਧਯਾਯੋ ॥੩੦॥
ਭਏ ਅਰੂਢਨਿ ਜਬੈ ਗੁਸਾਈਂ।
ਧੁਨਿ ਦੁੰਦਭਿ ਹਨਿ ਡੰਕ ਉਠਾਈ।
ਅਸੁ ਅਸੁਵਾਰ ਹੋਇ ਕਰਿ ਚਾਲੇ।
ਸੰਗ ਸੁਭਟਿ ਚਢਿ, ਗਹਿ ਅਸਿ ਢਾਲੇ[1] ॥੩੧॥
ਸ਼ਗੁਨ ਭਏ ਚਹੁੰ ਦਿਸ਼ਿ ਤੇ ਨੀਕੇ।
ਅਵਿਲੋਕਤਿ ਹੁਲਸਾਵਨਿ ਜੀ ਕੇ।
ਫਰਕਯੋ ਦਹਿਨ ਬਿਲੋਚਨ ਸੁੰਦਰ।
ਭੁਜਾਦੰਡ ਦਹਿਨੋ ਬਲ ਮੰਦਰ ॥੩੨॥
ਨਿਰਮਲ ਦਿਵਸ ਬਾਯੁ ਸੁਖਕਾਰੀ।
ਮਿਲੀ ਦੁਘਟ[2] ਧਰਿ ਸੁੰਦਰ ਨਾਰੀ।
ਮ੍ਰਿਗਨਿ ਮਾਲ ਦਾਹਿਨਿ ਕੋ ਆਈ[3]।
ਮਧੁਰ ਬਿਹੰਗਨਿ ਸ਼ਬਦ ਸੁਨਾਈ ॥੩੩॥
ਸ਼ੱਤ੍ਰ ਬਿਨਾਸ਼ ਜਨਾਵਨਿ ਕਰਿਹੀ।
ਸਤਿਗੁਰੁ ਹਿਤ ਕੋ ਬਿਦਤਾਚਰਹੀ[4]।
ਧੌਂਸਾ ਧੁੰਕਤਿ ਜਾਤਿ ਅਗਾਰੀ।
ਚਮੂੰ ਤੁਰੰਗਨਿ ਬਲੀ ਪਿਛਾਰੀ ॥੩੪॥
ਕਿੰਚਬੇਗ ਅਰੁ ਖਾਨ ਵਜ਼ੀਰ।
ਭਏ ਅਰੂਢਨਿ ਗਮਨੇ ਧੀਰ।
ਹਯਨਿ ਕੁਦਾਵਤਿ ਮਾਰਗ ਜਾਤੇ।
ਆਯੁਧ ਬਿੱਦਯਾ ਮਹਿਂ ਉਮਹਾਤੇ ॥੩੫॥

---

[1]ਤਲਵਾਰ ਤੇ ਢਾਲ ਫੜਕੇ।
[2]ਦੋ ਘੋੜੇ।
[3]ਮ੍ਰਿਗਮਾਲਾ (ਖੱਬੇ ਪਾਸਿਓਂ) ਸੱਜੇ ਪਾਸੇ ਵੱਲ ਨੂੰ ਆਈ।
[4]ਪ੍ਰਗਟ ਕਰ ਰਹੀ ਹੈ। [ਵਿਦਿਤ+ਆਚਰਹੀ]

ਦੋਇ ਕੋਸ ਪਰ ਕੀਨਿਸ ਡੇਰਾ।
ਉਤਰੇ ਗੁਰੂ ਜਾਇ ਤਿਸ ਬੇਰਾ।
ਹੁਤੋ ਮਖਮਲੀ ਤੰਬੂ ਸੁੰਦਰ।
ਊਪਰਿ ਜ਼ਰੀ ਪਸ਼ਮ ਪਟ ਅੰਦਰਿ[1] ॥੩੬॥
ਚਾਂਦੀ ਚੋਬ ਚਤਰ ਕੀ[2] ਰਚੀ।
ਕੰਚਨ ਕਲਸ ਰੁਚਿਰ ਦੁਤਿ ਖਚੀ।
ਅਪਰ ਕਾਨਾਤ ਚਾਨਣੀ ਚਾਰੁ।
ਰੇਸ਼ਮ ਡੋਰ ਖਿਚੀ ਦਿਸ਼ਿ ਚਾਰ ॥੩੭॥
ਬੀਚ ਪ੍ਰਯੰਕ ਡਸਾਇ ਨਵੀਨੋ।
ਸ੍ਵੱਛ ਬਿਛੌਨਾ ਛਾਦਨਿ ਕੀਨੋ।
ਸੇਜ ਬੰਦ ਬਡ ਗੁੰਫੇ ਜ਼ਰੀ।
ਐਂਚਿ ਚਹੂੰ ਦਿਸ਼ਿ ਬੰਧਨ ਕਰੀ ॥੩੮॥
ਧਰਜੋ ਮ੍ਰਿਦੁਲ ਸੁੰਦਰ ਉਪਧਾਨੁ[3]।
ਹਯ ਤੇ ਉਤਰਿ ਗੁਰੂ ਭਗਵਾਨ।
ਚਢਿ ਪ੍ਰਯੰਕ ਪਰ ਬਠਿ ਬਿਰਾਜੇ।
ਜਿਨ ਕੇ ਨਾਮ ਲੇਤਿ ਜਮ ਲਾਜੇ ॥੩੯॥
ਫਰਸ਼ ਬਿਸਾਲ ਚਹੂੰਦਿਸ਼ਿ ਹੋਵਾ।
ਉਪਜਤਿ ਹਰਖ ਬੈਠਿ ਜਿਨ ਜੋਵਾ।
ਗਨ ਮਸੰਦ ਅਰੁ ਬ੍ਰਿਧ ਗੁਰੁਦਾਸ।
ਜੇਠਾ ਲੰਙ ਪਿਰਾਣਾ ਪਾਸ ॥੪੦॥
ਅਪਰ ਸਿੱਖ ਸਗਲੇ ਚਲਿ ਆਏ।
ਨਰ ਨਾਰੀ ਪੁਰਿ ਤੇ ਉਮਡਾਏ।
ਜਥਾ ਸ਼ਕਤਿ ਲੇ ਪਾਨ ਉਪਾਇਨਿ।
ਅਰਪਹਿਂ ਆਨਿ ਗੁਰੂ ਕੇ ਪਾਇਨਿ ॥੪੧॥
ਸੁਭਟ ਆਇ ਗਨ ਲਗਜੋ ਦਿਵਾਨ।
ਗਾਇੰ ਰਬਾਬੀ ਰਾਗ ਮਹਾਨ।
ਚਮਰ ਚਾਰੁ ਚਲਚਾਲ[4] ਢੁਰੰਤਾ*।
ਉਠਿ ਅਰਦਾਸ ਕਰਤਿ ਮਤਿਵੰਤਾ ॥੪੨॥

---

[1]ਉੱਗ੍ਰਤੇ ਜ਼ਰੀ ਤੇ ਅੰਦਰੋਂ ਉੱਨ ਦਾ ਸੀ (ਬਣਿਆ ਹੋਇਆ)।
[2]ਸਿਆਣੇ ਆਦਮੀ ਦੀ।
[3]ਤਕੀਆ, ਸਿਰਹਾਣਾ।
[4]ਚੰਚਲ ਚਾਲ ਵਿਚ।
*ਪਾ:-ਚੰਚਾਲ ਚਲੰਤਾ।

ਸੂਰਜ ਮੁਖੀ ਧਰੇ ਕਰ ਖਰੋ[1]।
ਕਿਹ ਕਰ ਦੰਡੁ ਹੇਮ ਕੋ ਖਰੋ।
ਮੇਲਾ ਮਹਦ ਸਕੇਲਨਿ ਹੋਵਾ।
ਚਢਤਿ ਗੁਰੂ ਦਰਸ਼ਨ ਸਭਿ ਜੋਵਾ ॥੪੩॥
ਕੇਤਿਕ ਨਰ ਨਾਰੀ ਹਟਿ ਆਏ।
ਸਤਿਗੁਰੁ ਗੁਨ ਬਰਨਤਿ ਸਮੁਦਾਏ।
ਕਿਤਿਕ ਨਿਸਾ ਬਸਿਬੇ ਮਤਿ ਧਾਰੀ।
-ਗੁਰੁ ਹਿਤ ਹਮੇ ਪੁੰਨ ਹੁਇ ਭਾਰੀ- ॥੪੪॥
ਸੰਧਯਾ ਭਈ ਦਰਸ ਕੋ ਦੇਤਿ।
ਕ੍ਰਿਪਾ ਦ੍ਰਿਸ਼ਟਿ ਤੇ ਦੁਖ ਹਰਿ ਲੇਤਿ।
ਕਿਸ ਕੇ ਸੰਗਿ ਭਨੀ ਮ੍ਰਿਦੁ ਬਾਨੀ।
ਕਿਹ ਸਨਮਾਨ ਕੀਨਿ ਸ਼ੁਭ ਜਾਨੀ ॥੪੫॥
ਪੁਰਿ ਜਨ ਸਭਿਨਿ ਸੰਗ ਕਹਿ ਬੈਨ।
ਦੀਨਿ ਦਿਲਾਸਾ ਰਹੇ ਸੁ ਰੈਨ।
ਖਾਨ ਪਾਨ ਕਰਿ ਕੈ ਸਮੁਦਾਏ।
ਬਹੁਰ ਜਥਾ ਸੁਖ ਮਹਿਂ ਸੁਪਤਾਏ ॥੪੬॥
ਖਰੇ ਪਾਹਰੂ ਚਹੁਦਿਸ਼ਿ ਬਿਖੈ।
ਅਪਨਿ ਪਰਾਯੋ ਪਰਖਤਿ ਪਿਖੈ।
ਸਾਵਧਾਨ ਭਟ ਬਨੇ ਮਹਾਨ।
ਸੁਪਤੇ ਸਿਮਰਤਿ ਗੁਰੁ ਭਗਵਾਨ ॥੪੭॥

ਇਤਿ ਸ਼੍ਰੀ ਗੁਰੁ ਪ੍ਰਤਾਪ ਸੂਰਜ ਗ੍ਰਿੰਥੇ ਸੂਰਜ ਚਤੁਰਥ ਰਾਸੇ 'ਸ਼੍ਰੀ ਹਰਿਗੋਵਿੰਦ ਦਿੱਲੀ ਪ੍ਰਸਥਾਨ' ਪ੍ਰਸੰਗ ਬਰਨਨੰ ਨਾਮ ਏਕ ਪੰਚਾਸਿਤ ਅੰਸੂ ॥੫੧॥

[1]ਗੋਲ ਪੱਖਾ ਹੱਥ ਵਿਚ ਫੜਕੇ ਖਲੋਤੇ।

੫੨. [ਗੁਰੂ ਜੀ ਦਿੱਲੀ ਪੁੱਜੇ]

੫੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੩

ਦੋਹਰਾ: ਸ਼੍ਰੀ ਹਰਿਗੋਵਿੰਦ ਜੀ ਉਠੇ, ਕਰਿ ਸਭਿ ਸੌਚ ਸ਼ਨਾਨ।
ਬਸਤ੍ਰ ਸ਼ਸਤ੍ਰ ਕੋ ਪਹਿਰ ਕਰਿ, ਹੋਤਿ ਭਏ ਸਵਧਾਨ ॥੧॥
ਚੌਪਈ: ਬਜਜੋ ਕੂਚ ਕੋ ਤਬਹਿ ਨਗਾਰਾ।
ਕੀਨਿਸਿ ਤਯਾਰੀ ਕਰਨਿ ਪਧਾਰਾ।
ਬ੍ਰਿਧ ਗੁਰੁਦਾਸ ਮਸੰਦ ਜਿ ਬ੍ਰਿੰਦ।
ਆਇ ਨਿਕਟ ਬੰਦਤਿ ਕਰ ਬੰਦਿ ॥੨॥
ਬੈਠਿ ਗਏ ਚਹੁੰਦਿਸ਼ਿ ਮਹਿਂ ਸਾਰੇ।
ਸ਼੍ਰੀ ਹਰਿ ਗੋਬਿੰਦ ਬਾਕ ਉਚਾਰੇ।
'ਬ੍ਰਿਧ ਸਾਹਿਬ! ਭਾਈ ਗੁਰਦਾਸ!
ਤੁਮ ਸਯਾਨੇ ਕਰਿ ਬਾਸ ਅਵਾਸ ॥੩॥
ਹਰਿ ਮੰਦਰਿ ਕੀ ਕਰੀਅਹਿ ਸੇਵਾ।
ਪੂਜਨਿ ਕਰਹੁ ਸਦਾ ਗੁਰੁ ਦੇਵਾ।
ਸਿਖ ਸੰਗਤਿ ਆਵਤਿ ਜਿਮ ਆਗੇ।
ਸਰਬ ਰੀਤਿ ਕਰਿ ਤਿਮ ਬਡਿਭਾਗੇ ॥੪॥
ਕਾਰ ਦੇਗ ਕੀ ਤਥਾ ਚਲਾਵਹੁ।
ਅਪਰ ਸਰਬ ਕਾਰਜ ਸੁਧਰਾਵਹੁ।
ਕਿਤਿਕ ਸੁਭਟ ਰਹਿਂ ਸੰਗ ਤੁਮਾਰੇ।
ਦਾਸ ਬ੍ਰਿੰਦ ਹੋਵਹਿਂ ਅਨੁਸਾਰੇ ॥੫॥
ਸਦਾ ਪ੍ਰਸੰਨ ਮਾਤ ਕੋ ਰਾਖਹੁ।
ਹਮਰੀ ਦਿਸ਼ਿ ਤੇ ਆਛੇ ਭਾਖਹੁ।
ਸੰਮਤ[1] ਹੋਇ ਕਾਰ ਕੋ ਕਰੀਅਹਿ।
ਸਭਿ ਦਿਸਿ ਸਾਵਧਾਨਤਾ ਧਰੀਅਹਿ' ॥੬॥
ਇਮ ਬ੍ਰਿਧ ਕੋ ਸਭਿ ਸੌਂਪਿ ਸਮਾਜਾ।
ਚਾਹਜੋ ਚਢਨਿ ਗਰੀਬ ਨਿਵਾਜਾ।
ਪੁਰਿ ਜਨ[2] ਅਰ ਸਿਖ ਸੇਵਕ ਸਾਰੇ।
ਸਭਿ ਪਰ ਕਰੁਨਾ ਦ੍ਰਿਸ਼ਟਿ ਨਿਹਾਰੇ ॥੭॥
ਦੇ ਕਰਿ ਖੁਸ਼ੀ ਭਏ ਅਸਵਾਰ।
ਕਰਿ ਕੈ ਜਥਾ ਜੋਗ ਸਭਿ ਕਾਰ।

---

[1]ਭਾਵ ਮਾਤਾ ਜੀ ਦੇ ਅਨਸਾਰੀ ਹੋਕੇ।
[2]ਨਗਰ ਦੇ ਵਾਸੀ।

ਖਾਂ ਵਜ਼ੀਰ ਕੋ ਸੰਗ ਮਿਲਾਏ।
ਮਾਰਗ ਦਿੱਲੀ ਤਬਹਿ ਸਿਧਾਏ ॥੮॥
ਆਗੇ ਬਾਜਤਿ ਚਲਹਿ ਨਗਾਰਾ।
ਭਾਟ ਨਕੀਬਨਿ ਸੁਜਸੁ ਉਚਾਰਾ।
ਜਿਸ ਮਗ ਜਗ ਗੁਰੁ ਕਰਤਿ ਪਯਾਨਾ।
ਸੁਨਹਿਂ ਨਾਰਿ ਨਰ ਜੋ ਸੁਧ ਕਾਨਾ ॥੯॥
ਜਥਾ ਸ਼ਕਤਿ ਲੇ ਤੁਰਤ ਉਪਾਇਨਿ।
ਪੂਜਹਿਂ ਆਨਿ ਗੁਰੂ ਕੇ ਪਾਇਨਿ।
ਕ੍ਰਿਪਾ ਦ੍ਰਿਸ਼ਟਿ ਕਰਿ ਚਲਤਿ ਅਗੇਰੇ।
ਜਹਿਂ ਕਰਿ ਡੇਰਾ ਹੇਤ ਬਸੇਰੇ ॥੧੦॥
ਤਹਿਂ ਤੇ ਆਇ ਦਰਸ ਕੋ ਕਰੈਂ।
ਪੁਰਹਿਂ ਕਾਮਨਾ ਜੋ ਉਰ ਧਰੈਂ।
ਹੋਤਿ ਪ੍ਰਭਾਤਿ ਗਮਨ ਕੋ ਠਾਨੈਂ।
ਸੈਨ ਭਟਨਿ ਕੀ ਸਾਥ ਪਯਾਨੈ ॥੧੧॥
ਮਗ ਮਹਿਂ ਖੇਲਤਿ ਕਰਹਿਂ ਅਖੇਰੇ।
ਬਾਜ, ਕੁਹੀ, ਸ਼ਿਕਰੇ ਜੁ ਬਡੇਰੇ।
ਬਨ ਕੋ ਜੀਵ ਉਧਾਰਤਿ ਜਾਤੇ।
ਪੂਰਬ ਬਡੇ ਭਾਗ ਜਿਨ ਜਾਤੇ ॥੧੨॥
ਅਨਿਕ ਬਿਲਾਸਨਿ ਕੋ ਬਿਲਸੰਤੇ[1]।
ਪੰਥ ਬਿਖੈ ਗਮਨਤਿ ਹਰਖੰਤੇ।
ਖਾਂ ਵਜ਼ੀਰ ਨਿਜ ਸੁਭਟਨਿ ਸਾਥ।
ਚਲਤਿ ਸੰਗ ਨਿਤ ਸ਼੍ਰੀ ਗੁਰੁ ਨਾਥ ॥੧੩॥
ਅਨਿਕ ਰੀਤਿ ਤੇ ਗੁਰੂ ਰਿਝਾਵੈ।
ਸ਼ਾਹੁਨਿ ਕੇ ਸੁਪ੍ਰਸੰਗ ਚਲਾਵੈ।
ਸੰਗ ਅਖੇਰ ਬ੍ਰਿੱਤ ਕੋ ਕਰੈ।
ਜਿਮ ਗੁਰੁ ਹਰਖਹਿਂ ਤਿਮ ਉਰ ਧਰੈ ॥੧੪॥
ਮਧੁਰ ਬਚਨ ਤੇ ਬਹੁ ਸਨਮਾਨੈ।
ਬੈਠਹਿ ਨਿਕਟ ਪ੍ਰੇਮ ਕੋ ਠਾਨੈ।
ਜਿਤ ਕਿਤ ਕੇ ਨਰ ਪੂਜੈਂ ਗੁਰ ਕੋ।
ਹੇਰਤਿ ਅਧਿਕਤਿ ਸ਼ਰਧਾ ਉਰ ਕੋ ॥੧੫॥
ਸੰਗ ਤੁਰਕ ਗਨ ਮਹਿਮਾ ਹੇਰੇ।

[1]ਅਨੰਦਾਂ ਨੂੰ ਮਾਣਦੇ ਹੋਏ।

ਸੌਪਿ ਕਰਹਿਂ ਸ਼ਰਧਾ ਬਹੁਤੇਰੇ।
ਇਸ ਬਿਧਿ ਕੇਤਿਕ ਦਿਨ ਪ੍ਰਸਥਾਨੇ।
ਕ੍ਰਮ ਕਰਿ[1] ਸਕਲ ਪੰਥ ਉਲੰਘਾਨੇ ॥੧੬॥
ਬ੍ਰਿਧ ਗੁਰੁਦਾਸ ਮਸੰਦ ਜਿ ਸਾਰੇ।
ਗੁਰੁ ਰੁਖਸਦ ਕਰਿ[2] ਸਦਨ ਸਿਧਾਰੇ।
ਮਿਲੇ ਮਾਤ ਗੰਗਾ ਕੋ ਜਾਈ।
ਬਤਸਨ ਢਿਗ ਜਿਮ ਧੇਨੁ ਲਵਾਈ[3] ॥੧੭॥
ਸਿਮਰਤਿ ਸੁਤ ਕੋ ਰਿਦਾ ਦੁਹੇਲੀ।
ਮੌਨ ਠਾਨਿ ਕਰਿ ਥਿਰੀ ਅਕੇਲੀ।
ਪਤਿ ਬ੍ਰਿਤੰਤ ਕੋ ਚਿਤਵਤਿ ਚਿੰਤਾ।
-ਤੁਰਕੇਸ਼ੁਰ[4] ਸੁਧਿ ਨਹੀਂ ਲਖੰਤਾ ॥੧੮॥
ਖੱਤ੍ਰੀ ਸ਼ੱਤ੍ਰ ਵਧਯੋ ਤਿਸ ਪਾਸੀ।
ਗਨ ਛਲਬਲ ਕੋ ਕਰਤਿ ਪ੍ਰਕਾਸ਼ੀ।
ਅਬਿ ਭੀ ਚਾਰੀ[5] ਕਰਿ ਬੁਲਵਾਏ-।
ਇਮ ਬੈਠੀ ਸੋਚਤਿ ਦੁਖ ਪਾਏ ॥੧੯॥
ਹਾਥ ਜੋਰਿ ਬ੍ਰਿਧ ਨੇ ਤਬਿ ਕਹਯੋ।
'ਕਯੋਂ ਮਾਤਾ ਏਤੋ ਦੁਖ ਲਹਯੋ?
ਪੁੱਤ੍ਰ ਤੁਮਾਰੋ ਪ੍ਰਭੂ ਬਲੀ ਹੈ।
ਕਰਹਿ ਤਹਾਂ ਸਭਿ ਬਾਤ ਭਲੀ ਹੈ ॥੨੦॥
ਸਗਰੋ ਜਗ ਸਿਰਜਨਿ ਅਰੁ ਹਾਨਿ।
ਨਿਜ ਬਲ ਤੇ ਕਰਿ ਸਕਹਿ ਮਹਾਨ।
ਬਡੇ ਗੁਰੁਨਿ ਸਮ ਜਾਨਹੁ ਨਾਂਹੀ।
ਤਨੁ ਕੋ ਅੰਤ ਸਮੋਂ ਲਖਿ ਤਾਂਹੀ ॥੨੧॥
ਦੇ ਕਰਿ ਸਿਰ ਚੰਦੂ ਕੇ ਦੋਸ਼।
ਗਏ ਬਿਕੁੰਠ ਰਹੇ ਬਿਨੁ ਰੋਸ*।
ਪਿਤ ਕੋ ਪਲਟੋ ਅਬਿ ਇਹ ਲਹੈਂ।
ਮਿਲਹਿਂ ਸ਼ਾਹੁ ਸੋ ਸ਼ੱਤ੍ਰੂ ਦਹੈਂ ॥੨੨॥

---

[1]ਹੌਲੀ ਹੌਲੀ।
[2]ਗੁਰੂ ਜੀ ਨੂੰ ਵਿਦਾ ਕਰਕੇ।
[3]ਲਵੇਰੀ ਗਊ ਦੇ ਕੋਲ ਜਿਵੇਂ ਵੱਛੇ।
[4]ਜਹਾਂਗੀਰ।
[5]ਚੁਗਲੀ।
*ਇਥੇ ਕਵਿ ਜੀ ਆਪ ਦੱਸ ਰਹੇ ਹਨ ਕਿ ਗੁਰੂ ਜੀ ਨੇ ਆਪਣੇ ਕਸ਼ਟਾਂ ਵਿਚ ਕੋਪ ਨਹੀਂ ਕੀਤਾ।

ਨਹਿਂ ਚਿੰਤਾ ਚਿਤ ਕੀਜਹਿ ਮਾਈ।
ਮਿਲਹਿਂ ਪੁੱਤ੍ਰ ਸੋਂ ਅਨੰਦ ਉਪਾਈ।
ਸੁਖ ਪੌਤ੍ਰਨਿ ਕੋ ਕਰਹਿਂ ਨਿਹਾਰਨਿ।
ਸਾਚਿ ਬਚਨ ਮਮ ਕਰਿ ਉਰ ਧਾਰਨ' ॥੨੩॥
ਇੱਤਯਾਦਿਕ ਬਹੁ ਬ੍ਰਿਧ ਸਮੁਝਾਈ।
ਕਹੇ ਬ੍ਰਿੱਧ ਕੇ ਸ਼ਾਂਤਿ ਸੁ ਪਾਈ।
ਨਿਤ ਗੰਗਾ ਗੁਰੁ ਨਾਨਕ ਧਯਾਵੈ।
ਕਰਹਿ ਤਿਹਾਵਲ ਬਹੁ ਬਰਤਾਵੈ ॥੨੪॥
ਨਿਜ ਘਰ ਕੀ ਨਿਤ ਤੋਰਹਿ ਕਾਰੀ।
ਸੰਗਤਿ ਆਵੈ ਸਦਾ ਹਜ਼ਾਰੀ।
ਹਰਿ ਮੰਦਰਿ ਮਹਿਂ ਪੂਜਾ ਹੋਇ।
ਬਾਂਛਤਿ ਕੋ ਪ੍ਰਾਪਤਿ ਸਭਿ ਕੋਇ ॥੨੫॥
ਇਸ ਪ੍ਰਕਾਰ ਸਗਰੋ ਬਿਵਹਾਰ।
ਸੰਮਤ ਮਾਤ[1] ਚਲਹਿ ਸਭਿ ਕਾਰ।
ਉਤ ਸ਼੍ਰੀ ਹਰਿ ਗੁਵਿੰਦ ਗੁਨ ਖਾਨੀ।
ਮਗ ਗਮਨੇ ਜਹਿਂ ਪੁਰਿ ਪਤਿ ਪਾਨੀ[2] ॥੨੬॥
ਕਰਤਿ ਸਿਵਰ ਦਿੱਲੀ ਪੁਰਿ ਗਏ।
ਖਾਂ ਵਜ਼ੀਰ ਸੰਗ ਬੂਝਤਿ ਭਏ।
'ਤੁਵ ਮਰਜ਼ੀ ਕਹੁ ਕੌਨ ਸਥਾਨ?
ਡੇਰਾ ਕਰਹਿਂ ਜਹਾਂ ਸੁਖ ਠਾਨਿ ॥੨੭॥
ਸਰਬ ਰੀਤਿ ਜਹਿਂ ਬਸਹਿਂ ਸੁਖਾਰੇ।
ਦਿਨ ਸਮੂਹ ਕੋ ਕਰਨਿ ਗੁਜ਼ਾਰੇ।
ਜਹਾਂ ਸੁਭਟ ਰਹਿਂ ਆਛੀ ਰੀਤਿ।
ਸੰਗਤਿ ਗਨ ਦਰਸੈ ਜੁਤਿ ਪ੍ਰੀਤਿ ॥੨੮॥
ਸੁਨਤਿ ਖਾਨ ਕਰ ਜੋਰਿ ਉਚਾਰੀ।
'ਬਸਹੁ ਰਿਦੇ ਤੁਮ ਧਯਾਨ ਜੁ ਧਾਰੀ।
ਜਹਿਂ ਸਤਿਸੰਗ ਪ੍ਰਭੁ ਗੁਨ ਗਾਵੈਂ।
ਤਹਾਂ ਬਸਹੁ ਤੁਮ ਕੋ ਬਨਿ ਆਵੈ ॥੨੯॥
ਸਿਮਰਹਿਂ ਸੰਤ ਰੂਪ ਅਬਿਨਾਸ਼ੀ।
ਤਿਨ ਕੇ ਆਪ ਬਸਤਿ ਹੋ ਪਾਸੀ।

---

[1]ਮਾਤਾ ਜੀ ਦੀ ਰਾਇ ਅਨੁਸਾਰ।
[2]ਜਿੱਥੇ ਪਾਣੀਪਤ ਸ਼ਹਿਰ ਹੈ।

ਨਗਰ ਸੁਧਾਸਰ ਸ਼੍ਰੀ ਹਰਿ ਮੰਦਰ।
ਨਿਸ ਦਿਨ ਬਸਹੁ ਤਿਸੀ ਕੇ ਅੰਦਰ ॥੩੦॥
ਜਿਨ ਕੇ ਸਦਾ ਸਤੋਗੁਨ ਲਹੋ।
ਜਨੁ ਪ੍ਰੇਮੀ ਕੇ ਉਰ ਨਿਤ ਰਹੋ।
ਜੋ ਮਾਨਹਿ ਭਾਣਾ ਕਰਤਾਰ।
ਤਨੁ ਹੰਤਾ ਜੁਤਿ ਤਜੈ ਬਿਕਾਰ ॥੩੧॥
ਸਰਲ ਸਧੀਰਜ ਉਰ ਕੋ ਹੇਰੇ।
ਤਹਾਂ ਬਾਸ ਨਿਜ ਕਰਹੁ ਬਡੇਰੇ।
ਸਤਿਗੁਰੁ ਸ਼ਬਦ ਸਦੀਪਕ ਜਾਗ[1]।
ਸਿਹਜਾ ਸਿੱਖਨ ਸੇਵ ਜੁ ਲਾਗ[2] ॥੩੨॥
ਸੱਤਿਨਾਮ ਸਿਮਰਨਿ ਲਿਵ ਮਹਾਂ।
ਇਹ ਸੌਰਭ ਤੇ ਮਹਿਕਤਿ ਜਹਾਂ[3]।
ਪ੍ਰੇਮਾ ਭਗਤਿ ਸੁਖਦ ਜਹਿਂ ਪੌਨ।
ਬਸਹੁ ਅਨੰਦ ਕਰਿ ਅਸ ਉਰ ਭੌਨ ॥੩੩॥
ਇਸ ਪੁਰ ਮਹਿਂ ਮਜਨੂ ਅਸਥਾਨ[*]।
ਅਵਿਲੋਕਨਿ ਰਮਣੀਕ ਮਹਾਨ।
ਕੇਤਿਕ ਕਹਤਿ ਸੁਨੇ ਮੈਂ ਐਸੇ।
ਸ਼੍ਰੀ ਨਾਨਕ ਜੀ ਤਿਸ ਥਲ ਬੈਸੇ ॥੩੪॥
ਤਹਾਂ ਬਾਸ ਸੁਖ ਸਾਥ ਕਰੀਜੈ।
ਪ੍ਰਥਮ ਚਲਹੁ ਦੇਖਨਿ ਕਰਿ ਲੀਜੈ।
ਦਿਲ ਪਸੰਦ ਕਰਿ ਉਤਰਹੁ ਫੇਰ।
ਨਾਂਹਿ ਤ ਅਪਰ ਥਾਨ ਕੋ ਹੇਰਿ' ॥੩੫॥
ਇਮ ਕਹਿ ਖਾਂ ਵਜ਼ੀਰ ਲੇ ਚਾਲਾ।
ਜਾਇ ਦਿਖਾਯਹੁ ਥਾਨ ਬਿਸਾਲਾ।
ਸ਼੍ਰੀ ਜਮਨਾ ਕੋ ਸੁੰਦਰ ਤੀਰ।

---

[1]ਸਤਿਗੁਰੂ ਦਾ ਸ਼ਬਦ ਰੂਪ ਦੀਪਕ ਜਾਗਿਆ ਹੈ ਜਿਨ੍ਹਾਂ ਦੇ ਰਿਦੇ।
[2](ਉਹਨਾਂ) ਸਿਖਾਂ ਦੀ ਸੇਵਾ ਵਿਚ ਜੋ ਲੱਗਾ ਹੈ (ਉਥੇ ਆਪ ਦੀ) ਸਿਹਜਾ ਹੈ।
[3]ਇਸ ਸੁਗੰਧੀ ਨਾਲ ਜਿਥੇ ਮਹਿਕ ਹੋ ਰਹੀ ਹੈ।
[*]ਇਹ ਟਿਕਾਣਾ ਜਮਨਾਂ ਦੇ ਕਿਨਾਰੇ ਉੱਚੇ ਥਾਉਂ ਤੇ ਹੈ। ਦਿੱਲੀ ਸ਼ਹਿਰ ਇੱਥੋਂ ਤ੍ਰੈ ਕੁ ਮੀਲ ਹੈ। ਇੱਥੇ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਹਾਥੀ ਜਿਵਾਇਆ ਸੀ ਤੇ ਲੋਦੀ ਪਾਤਸ਼ਾਹ ਆ ਕੇ ਮਿਲਿਆ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਏਥੇ ਅਸਥਾਨ ਹੈ। ਛੇਵੇਂ ਗੁਰਾਂ ਦੀ ਯਾਦਗਾਰ ਵਿਚ ਸੰਗਮਰਮਰ ਦੀਆਂ ਚਰਨਪਾਦਕਾਂ ਏਥੇ ਹਨ। ਮਜਨੂੰ ਇਕ ਸਤਿਗੁਰਾਂ ਦਾ ਸਿਖ ਸੀ, ਜਿਸ ਨੇ ਏਥੇ ਬੈਠਕੇ ਘਾਲ ਕੀਤੀ ਸੀ, ਉਸ ਦੀ ਸਮਾਧ ਬੀ ਹੈ। ਮਜਨੂੰ ਦਾ ਟਿੱਲਾ ਇਸੇ ਨਾਮ ਤੇ ਪ੍ਰਸਿੱਧ ਹੈ। ਸ਼੍ਰੀ ਰਾਮਰਾਇ ਜੀ ਬੀ ਏਥੇ ਹੀ ਟਿਕੇ ਸਨ।

ਪਾਵਨ ਪਰਮ ਪ੍ਰਵਾਹਤਿ ਨੀਰ ॥੩੬॥
ਜਿਸ ਦੇਖੇ ਉਰ ਹੋਤਿ ਅਨੰਦ।
ਇਕ ਸਮ ਥਲ, ਕੁਛ ਊਚ ਬਿਲੰਦ[1]।
ਅਵਲੋਕਤਿ ਮੁਦ ਉਤਰ ਪਰੇ ਹੈਂ।
ਲਖਿ ਗੁਰੁ ਰੁਖ਼ ਕੋ ਸਿਵਰ ਕਰੇ ਹੈਂ ॥੩੭॥
ਤੰਬੂ ਸ਼ਮਯਾਨੇ ਗਨ ਤਾਨੇ।
ਰੇਸ਼ਮ ਡੋਰ ਜੁ ਐਂਚਿ ਬੰਧਾਨੇ।
ਖਰੀ ਕਨਾਤ ਬਨਾਤ ਖਰੀ ਕੀ[2]।
ਕਿਤ ਕਿਤ ਚਿੱਤ੍ਰਤਿ ਕਾਰ ਜ਼ਰੀ ਕੀ ॥੩੮॥
ਗੁਰੁ ਕੇ ਚਹੁੰਦਿਸ਼ਿ ਭਟ ਸਮੁਦਾਏ।
ਨਿਜ ਨਿਜ ਤੰਬੂ ਤਹਾਂ ਲਗਾਏ।
ਪੰਗਤਿ ਲਗੀ ਤੁਰੰਗਨਿ ਕੇਰੀ।
ਜਹਾਂ ਦ੍ਰਿਸ਼ਟਿ ਕਰਿ ਨਿਤ ਗੁਰੁ ਹੇਰੀ[3] ॥੩੯॥
ਤਬਿ ਵਜ਼ੀਰ ਖਾਂ ਨਿਕਟ ਹਕਾਰਾ।
'ਕਰਹੁ ਆਪਨੇ ਸਦਨ ਉਤਾਰਾ।
ਜੇ ਅਵਸਰ ਬਨਿ ਹੈ ਤੁਵ ਆਜੂ।
ਕਰਹੁ ਜਨਾਵਨਿ ਆਪਨਿ ਕਾਜੂ[4] ॥੪੦॥
ਨਾਂਹਿ ਤ ਪਾਤਿਸ਼ਾਹੁ ਕੇ ਪਾਸੀ।
ਸੁਧਿ ਹਮਰੀ ਕਰਿ ਦੇਹੁ ਪ੍ਰਕਾਸ਼ੀ।'
ਅਸ ਕਹਿ ਸਿਰੇਪਾਉ ਬਡ ਮੋਲ।
ਬਖਸ਼ਜੋ ਸਤਿਗੁਰੁ ਕਹਿ ਮ੍ਰਿਦੁ ਬੋਲਿ ॥੪੧॥
ਕਿੰਚਬੇਗ ਕੋ ਦੂਸਰ ਦਏ।
ਲੇ ਦੋਨੋ ਸਿਰ ਪਰ ਧਰਿ ਲਏ।
ਠਾਂਢੇ ਹੋਇ ਬੰਦਗੀ ਠਾਨੀ।
ਬੋਲੇ ਮ੍ਰਿਦੁਲ ਸ ਬਿਨਤੀ ਬਾਨੀ ॥੪੨॥
'ਗੁਰੁ ਘਰ ਕੇ ਹਮ ਸਦਾ ਗ਼ੁਲਾਮ।
ਬਖਸ਼ਜੋ ਤੁਮ[5] ਹਮ ਪਾਸ ਤਮਾਮ।'
ਰੁਖਸਦ ਹੋਇ ਸਦਨ ਕੋ ਗਏ।

---

[1]ਕੁਛ ਉਚਿਆਈ ਉਤੇ ਪੱਧਰਾ ਥਾਂ ਹੈ।
[2]ਚੰਗੀ ਬਨਾਤ ਦੀ ਕਨਾਤ ਖੜੀ ਕੀਤੀ।
[3]ਦੇਖ ਸੱਕਣ।
[4]ਆਪਣਾ ਕੰਮ (ਭਾਵ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸਾਕਾ ਦੱਸਣਾ)।
[5]ਬਖਸ਼ਿਆਂ ਹੋਇਆ ਹੈ ਕਿ ਆਪ ਦਾ।

ਸ਼ੀਲ ਸਰੂਪ ਸਰਾਹਤਿ ਭਏ ॥੪੩॥
ਉਤਰੇ ਪਗ ਕਰ ਨੀਰ ਪਖਾਰੇ।
ਨਿਰਮਲ ਬਸਤ੍ਰ ਸਕਲ ਤਨੁ ਧਾਰੇ।
ਗਏ ਦੁਰਗ ਮਹਿਂ ਮਿਲਿ ਕਰਿ ਦੋਊ।
ਸ਼ਾਹੁ ਸੰਗ ਮਿਲਿਬੋ ਚਹਿ ਸੋਊ ॥੪੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ ਪ੍ਰਵੇਸ਼ ਸ਼੍ਰੀ ਹਰਿਗੋਵਿੰਦ' ਪ੍ਰਸੰਗ ਬਰਨਨ ਨਾਮ ਦੋਇ ਪੰਚਾਸਤੀ ਅੰਸੂ ॥੫੨॥

੫੩. [ਮਜਨੂੰ ਦੇ ਟਿੱਲੇ ਵਾਲੇ ਸੰਤ ਨੂੰ ਉਪਦੇਸ਼]

੫੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੪

ਦੋਹਰਾ: ਪਾਯੋ ਅਵਸਰ ਮਿਲਨਿ ਕੋ, ਗਮਨੇ ਹਜ਼ਰਤ ਪਾਸ।
ਅਧਿਕ ਅਦਬ ਤੇ ਬੰਦਗੀ, ਨਿਵ ਨਿਵ ਕਰਤਿ ਪ੍ਰਕਾਸ਼ ॥੧॥

ਚੌਪਈ: ਨੰਮ੍ਰੀ ਹੋਤਿ ਗਏ ਜਬਿ ਨੇਰੇ।
ਜਹਾਂਗੀਰ ਇਨ ਦਿਸ਼ਿ ਦ੍ਰਿਗ ਫੇਰੇ।
ਦੇਖਤਿ ਬੋਲਜੋ ਸ਼ਾਹੁ ਸੁਜਾਨ।
'ਖਾਂ ਵਜ਼ੀਰ! ਢਿਗ ਆਉ ਬਖਾਨ[1] ॥੨॥
ਸ੍ਰੀ ਜਗ ਗੁਰੁ ਅਰਜਨ ਕੇ ਨੰਦ।
ਨਾਮ ਜਿਨਹੁਂ ਸ੍ਰੀ ਹਰਿ ਗੋਵਿੰਦ।
ਗੁਰਤਾ ਗਾਦੀ ਪਰ ਅਬਿ ਬੈਸੇ।
ਆਏ ਕਿਧੌਂ, ਨ ਕਹੁ ਸੁਧਿ ਕੈਸੇ?' ॥੩॥
ਖਾਂ ਵਜ਼ੀਰ ਕਰ ਜੋਰਿ ਅਗਾਰੀ।
ਚਾਤੁਰਤਾ ਜੁਤਿ ਗਿਰਾ ਉਚਾਰੀ।
'ਬਯ ਮਹਿਂ ਅਲਪ, ਬ੍ਰਿੱਧ ਬੁਧਿ ਮਾਂਹੀ।
ਡੀਲ ਬਿਲੰਦ ਔਰ ਅਸ ਨਾਂਹੀ[2] ॥੪॥
ਪ੍ਰਿਯ ਮੂਰਤਿ ਸੂਰਤਿ ਅਤਿ ਸੁੰਦਰ।
ਸਾਹਿਬ ਕਰਾਮਾਤ ਗੁਨ ਮੰਦਿਰ।
ਕਰਜੋ ਬਿਲੋਕਨਿ ਜਬਿ ਹਮ ਜਾਇ।
ਤੁਮਰੀ ਦਿਸ਼ਿ ਤੇ ਕਹਜੋ ਸੁਨਾਇ ॥੫॥
ਕ੍ਰਿਪਾ ਦ੍ਰਿਸ਼ਟਿ ਕੋ ਠਾਨਿ ਮਹਾਨਾ।
ਜਿਮ ਹਮ ਭਨਜੋ ਸੁਨਜੋ ਤਿਮ ਕਾਨਾ।
ਹੁਇ ਅਸਵਾਰ ਆਪ ਚਲਿ ਆਏ।
ਆਨਿ ਸੁ ਉਤਰੇ ਮਜਨੂੰ ਥਾਂਏ' ॥੬॥
ਸੁਨਤਿ ਸ਼ਾਹੁ ਬਹੁ ਭਜੋ ਪ੍ਰਸੰਨ।
ਕਹਜੋ ਵਜ਼ੀਰ ਖਾਨ ਕੋ ਧੰਨ।
'ਮੁਝ ਢਿਗ ਕਰਤਿ ਹੁਤੇ ਨਰ ਚਾਰੀ[3]।
-ਗੁਰੂ ਨ ਐਹੈਂ ਨਿਕਟ ਤੁਮਾਰੀ ॥੭॥
ਕਿੰਚਬੇਗ ਅਰੁ ਖਾਂਨ ਵਜ਼ੀਰ।

---
[1]ਨੇੜੇ ਆਕੇ ਦੱਸ ਕਿ।
[2]ਹੋਰ ਇਨ੍ਹਾਂ ਜੇਹਾ ਕੋਈ ਨਹੀਂ।
[3]ਚੁਗਲੀ।

ਛੂਛੇ ਹਟਿ ਆਵਹਿਂ ਤੁਮ ਤੀਰ-।
ਤਿਨ ਤੇ ਸੁਨਿ ਮੈਂ ਮਾਨਤਿ ਰਹਯੋ।
ਇਸ ਮਹਿਂ ਤੁਵ ਬੁਧਿ ਕੋ ਬਲ ਲਹਯੋ ॥੮॥
ਆਛੀ ਭਈ ਗੁਰੂ ਚਲਿ ਆਏ।
ਗਨ ਦੋਸ਼ਨਿ ਤੇ ਮੋਹਿ ਬਚਾਏ।
ਅਬਿ ਸਭਿ ਭਾਂਤਿ ਕਰਹੁ ਤਿਨ ਸੇਵਾ।
ਹਰਖਾਵਹੁ ਨੀਕੇ ਗੁਰੁਦੇਵਾ ॥੯॥
ਹਮ ਸੋਂ ਮੇਲ ਕਰਾਵਹੁ ਕਾਲੀ।
ਸਭਿ ਤੇ ਗੁਰੁ ਗਾਦੀ ਸੁ ਬਿਸਾਲੀ।'
ਇਮ ਕਹਿ ਉਠਯੋ ਸਭਾ ਤਜਿ ਸ਼ਾਹੂ।
ਖਾਂ ਵਜ਼ੀਰ ਆਯਹੁ ਗੁਰੁ ਪਾਹੂ ॥੧੦॥
ਸ਼ਾਹੁ ਬ੍ਰਿਤਾਂਤ ਭਯੋ ਸੋ ਭਾਖਾ।
'ਕਰਹਿ ਪ੍ਰਾਤਿ ਮਿਲਿਬੇ ਅਭਿਲਾਖਾ।'
ਤਬਿ ਲੌ ਜਾਮ ਦਿਵਸ ਰਹਿ ਗਯੋ।
-ਗੁਰੁ ਆਏ- ਸੰਗਤਿ ਸੁਨਿ ਲਯੋ ॥੧੧॥
ਲਘੁ ਬਿਸਾਲ ਗੁਰੁ ਸਿਖ ਨਰ ਨਾਰੀ।
ਮਿਲਿ ਕਰਿ ਸਗਰੇ ਪੁਰੀ ਮਝਾਰੀ।
ਉਰ ਅਨੰਦ ਧਰਿ ਕਰਿ ਚਲਿ ਆਏ।
ਅੱਗ੍ਰ ਮਸੰਦ ਸਿੱਖ ਸਮੁਦਾਏ ॥੧੨॥
ਆਨਿ ਕਰਯੋ ਦਰਸ਼ਨ ਤਿਹ ਸਮੋ।
ਧਰਹਿਂ ਉਪਾਇਨ ਕਰਿ ਕਰਿ ਨਮੋ।
ਸ਼ਬਦ ਰਬਾਬੀ ਗਾਵਤਿ ਰਾਗ।
ਸੁਨਹਿਂ ਪ੍ਰੇਮ ਤੇ ਜੇ ਬਡਭਾਗ ॥੧੩॥
ਦਿੱਲੀ ਪੁਰਿ ਕੇ ਨਰ ਸਮੁਦਾਏ।
ਭਈ ਭੀਰ ਗੁਰ ਦਰਸ਼ਨ ਆਏ।
ਸੁੰਦਰਤਾ ਸਰੀਰ ਬਡ ਡੀਲਾ।
ਆਯੁਧ ਧਾਰੀ ਰੂਪ ਛਬੀਲਾ ॥੧੪॥
ਰੀਤਿ ਨਵੀਨਿ ਹੇਰਿ ਕਰਿ ਸੰਗਤਿ।
ਬਿਸਮਹਿਂ ਰਿਦੇ ਨਿਕਟਿ ਥਿਤ ਪੰਗਤ।
ਰਾਜ ਸਾਜ ਕੋ ਬਜੋਂਤ ਬਨਾਵਾ।
ਪੂਰਬ ਗੁਰਨਿ ਰੀਤਿ ਨਹਿਂ ਪਾਵਾ ॥੧੫॥
ਹੇਰਿ ਹੇਰਿ ਹਰਖਤਿ ਸਿਖ ਪਰਖਤਿ।

ਕ੍ਰਿਪਾ ਦ੍ਰਿਸ਼ਟਿ ਜਨੁ ਅੰਮ੍ਰਿਤ ਬਰਖਤਿ।
ਸਭਿਹਿਨਿ ਕੀ ਹੋਵਤਿ ਅਰਦਾਸ।
ਕੇਤਿਕ ਪੂਰਵਤਿ ਉਰ ਕੀ ਆਸ ॥੧੬॥
ਦਰਸ਼ਨ ਕਰਤਿ ਨ ਤ੍ਰਿਪਤੈ ਕੋਈ।
ਨਿਕਟ ਥਿਰੇ ਕੋ ਖਰੇ ਸੁ ਹੋਈ।
ਗੁਰੂ ਕੀ ਕਾਰ ਸਰਬ ਲੇ ਆਏ।
ਭਯੋ ਉਪਾਇਨ ਕੋ ਸਮੁਦਾਏ ॥੧੭॥
ਬ੍ਰਿੰਦ ਦੇਵਤਾ ਇਕਠੇ ਹੋਇ।
ਜਥਾ ਬਿਸ਼ਨੁ ਪੂਜਹਿ ਸਭਿ ਕੋਇ।
ਕੈ ਸੁਰਗੁਰ ਕੋ ਮਿਲਿ ਸੁਰ ਸਾਰੇ।
ਤਿਮ ਪੂਜਨਿ ਭਾ ਗੁਰੂ ਉਦਾਰੇ ॥੧੮॥
ਸਜਾਨੇ ਸਿਖ ਸ਼੍ਰੀ ਅਰਜਨ ਗਾਥਾ।
ਕਰਤਿ ਭਏ ਤਬਿ ਸ਼੍ਰੀ ਗੁਰੁ ਸਾਥਾ।
'ਸ਼ਾਂਤਿ ਰੂਪ ਨਿਤ ਪਰਉਪਕਾਰੀ।
ਸਿੱਖ ਉਧਾਰੇ ਜਿਨਹੁਂ ਹਜ਼ਾਰੀ ॥੧੯॥
ਦੁਸ਼ਟ ਫਰੇਬ ਅਨੇਕ ਬਨਾਏ।
ਜਹਾਂਗੀਰ ਬਹੁ ਰੀਤਿ ਸਿਖਾਏ।
ਲਿਯੋ ਅੰਤ ਕੋ ਸਿਰ ਅਘ ਭਾਰੀ[1]।
ਮਹਿਮਾ ਨਹਿਂ ਮਤਿਮੰਦ ਬਿਚਾਰੀ' ॥੨੦॥
ਇਮ ਕਹਿ ਲੋਚਨ ਤੇ ਜਲ ਡਾਰਾ।
ਸਤਿਗੁਰੁ ਕੋ ਉਰ ਰੂਪ ਚਿਤਾਰਾ।
ਸੰਗਤਿ ਤੇ ਸੁਨਿ ਕਰਿ ਅਰੁ ਦੇਖਿ।
ਬੋਲੇ ਗੁਰ ਦੇ ਧੀਰ ਵਿਸ਼ੇਸ਼ ॥੨੧॥
'ਸਤਿਗੁਰੁ ਸਦਾ ਅਮਰ ਪਹਿਚਾਨਹੁ।
ਅੰਗ ਸੰਗ ਨਿਜ ਸਿੱਖਨਿ ਜਾਨਹੁ।
ਦੋਨਹੁ ਲੋਕਨਿ ਬਿਖੈ ਸਹਾਇ।
ਅਨਿਕ ਬਿਘਨ ਤੇ ਲੇਤਿ ਬਚਾਇ ॥੨੨॥
ਕਰਨੋ ਹੁਤੋ ਸੁ ਕਾਰਨ ਤੈਸੇ।
ਗੁਰੁ ਸੁਛੰਦ ਪਰਤੰਤ੍ਰ ਨ ਕੈਸੇ।
ਜਹਾਂ ਅਰਾਧਹਿਂ ਤਹਿਂ ਮੌਜੂਦ।
ਦਾਸਨਿ ਕੇ ਪੂਰਤਿ ਮਖਸੂਦ[1] ॥੨੩॥

---

[1](ਚੰਦੂ ਨੇ) ਅੰਤ ਨੂੰ (ਆਪਣੇ) ਸਿਰ ਭਾਰੀ ਪਾਪ ਲਿਆ।

ਤਿਨ ਹਿਤ ਚਿੰਤ ਨ ਕਰੀਅਹਿ ਕੋਇ।
ਸਿਮਰਹੁ ਅੰਤ ਸਹਾਇਕ ਹੋਇਂ।'
ਕਹਤਿ ਸੁਨਤਿ ਰਵਿ ਅਸਤਯੋ ਜਾਇ।
ਸੋਦਰ ਚੌਂਕੀ ਭੋਗ ਸ ਪਾਇ ॥੨੪॥
ਕਰਿ ਕਰਿ ਬੰਦਨ ਸਭਿ ਘਰਿ ਗਏ।
ਸੁੰਦਰ ਰੂਪ ਸਰਾਹਤਿ ਭਏ।
'ਇਨ ਕੋ ਤੇਜ ਪ੍ਰਤਾਪ ਬਿਸਾਲਾ।
ਨਿਜ ਸ਼ੱਤ੍ਰੁਨ ਗਨ ਕੋ ਇਹ ਕਾਲਾ' ॥੨੫॥
ਚਮੂੰ ਸਕਲ ਕਰਿ ਖਾਨ ਰੁ ਪਾਨਾ।
ਦੀਨਿ ਤੁਰੰਗਨਿ ਤ੍ਰਿਣੁ ਅਰੁ ਦਾਨਾ।
ਬਹੁਰ ਸਭਿਨਿ ਕੀਨਿਸਿ ਬਿਸਰਾਮੂ।
ਸਤਿਗੁਰੁ ਸਿਮਰ ਰੂਪ ਅਭਿਰਾਮੂ ॥੨੬॥
ਮਜਨੂ ਥਾਨ ਰਹਹਿ ਇਕ ਸੰਤ।
-ਗੁਰੁ ਮੁਝਿ ਆਇ ਮਿਲੈਂ-ਚਿਤਵੰਤਿ।
ਨਿਤਪ੍ਰਤਿ ਨੇਮ ਧਾਰਿ ਸਿਮਰੰਤਾ।
-ਬੂਝੋਂ ਪ੍ਰਸ਼ਨ ਪੁਰਖ ਭਗਵੰਤਾ- ॥੨੭॥
ਸੋ ਆਯੋ, ਜਬਿ ਭਏ ਇਕੰਤ।
ਦੇਖਿ ਦਰਸ ਗੁਰ ਕੋ ਹਰਖੰਤਿ।
ਸਾਦਰ ਕਰਯੋ ਬਿਠਾਵਨਿ ਪਾਸਿ।
ਕਰ ਬੰਦਨ ਪਦ, ਧਰੇ ਹੁਲਾਸ ॥੨੮॥
ਹਾਥ ਜੋਰਿ ਕਰਿ ਬੂਝਨਿ ਕੀਨੇ।
'ਉਰ ਸ਼ੰਸ਼ੈ ਮੁਝ ਕਰਹੁ ਸੁ ਹੀਨੇ।
ਇਹ ਜਗ ਸਾਚ ਕਿ ਝੂਠੋ ਬਨਯੋ?
ਨਿਸ਼ਚੈ ਭਯੋ ਨ ਮੈਂ ਮਨ ਗੁਨਯੋ ॥੨੯॥
ਜੇ ਕਰਿ ਸਾਚ ਇਸੇ ਠਹਿਰਾਵੋਂ।
ਪੂਰਬ ਮਰੇ ਨਹੀਂ ਦ੍ਰਿਸ਼ਟਾਵੌਂ[2]।
ਜੇ ਕਰਿ ਝੂਠੋ ਕਰੌਂ ਬਿਚਾਰਨਿ।
ਸਭਿ ਪ੍ਰਤੱਖਯ ਹੀ ਹੋਤਿ ਨਿਹਾਰਨਿ ॥੩੦॥
ਸਾਚ ਝੂਠ ਦੋਨਹੰ ਬਿਧਿ ਕਹੈਂ!
ਆਪਸ ਬਿਖੈ ਬਿਰੋਧੀ ਅਹੈਂ।

---

[1]ਕਾਮਨਾ [ਅ: ਮਕ਼ਸੂਦ]
[2]ਨਹੀਂ (ਮੈਨੂੰ) ਨਜ਼ਰ ਆਉਂਦੇ।

ਤਿਮ ਤੇਜ[1] ਇਕਠੇ ਨਹਿੰ ਹੋਇਂ।
ਯਾਂ ਤੇ ਨਿਰਨੈ ਮੋਹਿ ਨ ਕੋਇ' ॥੩੧॥
ਸੁਨਿ ਸਤਿਗੁਰੁ ਤਬਿ ਉੱਤਰ ਦੀਨਿ।
'ਜਬਿ ਨਰ ਸੁਪਤਨਿ ਨਿੰਦ੍ਰਾ ਲੀਨਿ।
ਸੁਪਨ ਅਵਸਥਾ ਜਬਿਹੂੰ ਪਾਇ।
ਸਗਲ ਜਗਤ ਜਾਨਹੁ ਤਿਸ ਭਾਇ ॥੩੨॥
ਜਬਿ ਲੌਂ ਸੁਪਨਾ ਨਰ ਕੋ ਰਹੈ।
ਤਬਿ ਲੌਂ ਸਾਚੋ ਹੀ ਤਿਸ ਲਹੈ।
ਭੈ ਪਾਵਤਿ ਅਰੁ ਭਾਜਜੋ ਜਾਤਿ।
ਕੈ ਪ੍ਰਿਯ ਦੇਖਤਿ ਉਰ ਹਰਖਾਤਿ ॥੩੩॥
ਜੇ ਸੁਪਨੇ ਕੋ ਝੂਠੇ ਜਾਨਹਿ।
ਤ੍ਰਾਸ ਬਿਖਾਦ ਹਰਖ ਕਜੋਂ ਠਾਨਹਿ।
ਤਬਿ ਸਾਚੋ ਲਖਿ ਕੈ ਸਭਿ ਕਰੈ।
ਬੀਰਜ ਬਿਨ ਸਾਚੇ ਕਜੋਂ ਗਿਰੈ ॥੩੪॥
ਜਾਗ੍ਰਤ ਜਬਹਿ ਅਵਸਥਾ ਪਾਇ।
ਜੇ ਸਾਚੋ ਤਬਿ ਕਜੋਂ ਨ ਦਿਸਾਇ[2]।
ਯਾਂ ਤੇ ਅਨਰ ਵਚਨਿ[3] ਪ੍ਰਭੁ ਮਾਯਾ।
ਜਾਨੀ ਪਰਹਿ ਨ ਬਿਨ ਗੁਰੁ ਦਾਯਾ ॥੩੫॥
ਸਾਚ ਝੂਠ ਕਿਛੁ ਕਹੀ ਨ ਜਾਇ।
ਤਿਹ[4] ਕਾਰਜ ਇਹ ਜਗ ਤਿਸ ਭਾਇ।
ਮਾਯਾ ਕੋ ਆਖਯ[5] ਅੱਗਜਾਨਾ।
ਇਸ ਕੋ ਰੂਪ, ਨ ਨਿਜ ਕੋ ਜਾਨਾ[6] ॥੩੬॥
ਵਸਤੁ ਸੱਤਜ ਕੌ ਜਾਨਹਿ ਨਾਂਹੀ।
ਕਲਪਹਿ ਅਪਰ ਤਿਸੀ ਕੇ ਮਾਂਹੀ।
ਦੇ ਦ੍ਰਿਸ਼ਟਾਂਤ ਤੋਹਿ ਸਮੁਝਾਵੈਂ।
ਜਗ ਕੀ ਰਚਨਾ ਤਥਾ ਜਨਾਵੈਂ ॥੩੭॥
ਤਮ ਮਹਿਂ ਰਜੁ ਕੋ[1] ਨਾਂਹਿ ਨ ਜਾਨਹਿ।

---

[1]ਅੰਧੇਰਾ ਤੇ ਪ੍ਰਕਾਸ਼।
[2]ਜੇ (ਸੁਪਨਾ) ਸੱਚਾ ਸੀ ਤਾਂ ਤਦੋਂ (ਜਾਗਿਆਂ) ਕਿਉਂ ਨਹੀਂ ਦਿੱਸਦਾ।
[3]ਭਾਵ ਸੱਤ ਅਸੱਤ ਤੋਂ ਵੱਖਰੀ।
[4]ਤਿਸ ਭਾਵ ਮਾਇਆ ਦਾ।
[5]ਨਾਮ।
[6]ਆਪਣੇ ਸਰੂਪ ਦਾ ਨਾ ਜਾਨਣਾ (ਇਹੀ) ਇਸ (ਅੱਗਜਾਨ) ਦਾ ਸਰੂਪ ਹੈ।

ਭ੍ਰਮ ਤੇ ਬਿਸੀਯਰ[2] ਤਿਸ ਕੋ ਮਾਨਹਿ।
ਭੈ ਧਰਿ ਕੈ ਭਾਜਤਿ ਕੰਪਾਇ[3]।
ਜੇ ਹੁਇ ਝੂਠੋ ਕਯੋਂ ਡਰ ਪਾਇ ॥੩੮॥
ਜੇ ਸਾਚੇ ਹੁਇ ਬਿਨਸੈ ਨਾਂਹੀ[4]।
ਯਾਂ ਤੇ ਅਨਰ ਵਚਨਿ ਲਖਿ ਤਾਂਹੀ।
ਤਿਮ ਬ੍ਰਹਮ ਰੂਪ ਨਹੀਂ ਜਿਨ ਜਾਨਾ।
ਤਿਸ ਕੋ ਭਾਖਤਿ ਹੈਂ ਅੱਗਯਾਨਾ ॥੩੯॥
ਜਬਿ ਅੱਗਯਾਨ ਬ੍ਰਹਮ ਕੋ ਭਯੋ[*]।
ਤਿਸ ਅੱਗਯਾਨ ਜਗਤ ਨਿਰਮਯੋ।
ਸਤਿਗੁਰੁ ਬਡੇ ਭਾਗ ਤੇ ਮਿਲੇ।
ਸੋ ਉਪਦੇਸ਼ ਦੇਹਿਂ ਜਬਿ ਭਲੇ ॥੪੦॥
ਜੈਸੇ ਰੱਜੂ[5] ਗਯਾਤਾ ਕੋਇ।
ਉਪਦੇਸ਼ਹਿ -ਅਹਿ ਨਹਿਂ ਇਹ ਹੋਇ।
ਮੈਂ ਨੀਕੇ ਹੇਰੀ ਰਜੁ-, ਕਹੈ।
ਭੈ ਅਰੁ ਕੰਪ ਤਿਸੀ ਕੋ ਦਹੈ ॥੪੧॥
ਤਿਮ ਉਪਦੇਸ਼ ਗੁਰੂ ਜਬਿ ਕਰੈ।
ਬ੍ਰਹਮ ਅੱਗਯਾਨ[6] ਤਿਸੀ ਕੋ ਹਰੈ।
ਕਲਪਯੋ ਜਗਤ ਸਰਪ ਕੀ ਨਯਾਈ।
ਬ੍ਰਹਮ ਰਜੁ ਸਮ ਲਖਿ ਸੁਖ ਪਾਈ ॥੪੨॥
ਬੰਧਯਾ ਸੁਤ ਸਮ[7] ਜਗ ਨਹਿਂ ਕੂਰੋ।
ਇੰਦ੍ਰਯ ਵਿਸ਼ਯ ਦਿਖਤਿ ਬਿਧਿ ਰੂਰੇ[8]।
ਸੱਤਯ ਬ੍ਰਹਮ ਕੀ ਸੱਤਯਾ ਸੰਗ।
ਭਾਸਤਿ ਹੈ ਸਤਿ ਨਾਨਾ ਰੰਗ[1] ॥੪੩॥

---

[1]ਅੰਧਕਾਰ ਵਿਚ ਰੱਸੀ ਨੂੰ।
[2]ਸੱਪ।
[3]ਕੰਬਦਾ ਹੈ।
[4]ਨਾਸ਼ ਨਾ ਹੋਵੇ (ਸਰਪ)।
[*]ਜਦੋਂ (ਜੀਵ ਨੂੰ) ਬ੍ਰਹਮ ਵਲੋਂ ਅਗਯਾਨ ਹੋ ਗਿਆ। ਜੇ ਇਸ ਦਾ ਅਰਥ ਕਰੋ ਕਿ ਬ੍ਰਹਮ ਨੂੰ ਅੱਗਯਾਨ ਹੋ ਗਿਆ ਤਾਂ ਗੁਰਮਤ ਵਿਰੁੱਧ ਹੈ। ਸ਼੍ਰੀ ਗੁਰ ਨਾਨਕ ਜੀ ਦਾ ਕਾਦਰ ਤੇ ਕਰਤਾ ਬ੍ਰਹਮ ਕਦੇ ਅੱਗਯਾਨ ਹੇਠ ਨਹੀਂ ਆਇਆ। ਰਚਨਾਂ ਉਸ ਦਾ ਖੇਲ ਹੈ, ਉਸ ਦਾ ਚੋਜ ਹੈ, ਜਿਥੇ ਬੁਧੀ ਦੀ ਪਹੁੰਚ ਨਹੀਂ।
[5]ਰੱਸੀ ਦਾ।
[6]ਬ੍ਰਹਮ (ਜਾਣਨ ਵੱਲੋਂ) ਅੱਗਯਾਨ।
[7]ਸੰਢ ਇਸਤ੍ਰੀ ਦੇ ਪੁੱਤ੍ਰ ਵਤ।
[8]ਇੰਦ੍ਰੀਆਂ ਦਾ ਵਿਸ਼ਾ ਹੋ ਕੇ (ਜਗਤ) ਦਿੱਸਦਾ ਹੈ ਸੁਹਣੀ ਤਰ੍ਹਾਂ।

ਜਹਿਂ ਸਾਚੋ ਹੋਵੈ ਧਿਸ਼ਟਾਨ[2]।
ਤਹਾਂ ਕਲਪਨਾ ਬਨਿ ਹੈ ਆਨਿ[3]।
ਜਾਵਤਿ ਨਹਿਂ ਧਿਸ਼ਟਾਨ ਸੁ ਜਾਨਹਿ।
ਤਾਵਤਿ ਭ੍ਰਮ ਤੇ ਕਲਪਨਿ ਠਾਨਹਿ ॥੪੪॥
ਨਿਸ਼ਚੈ ਹੋਇ ਗਯਾਨ ਧਿਸ਼ਟਾਨ[4]।
ਪੁਨਹ ਕਲਪਨਾ ਕਰਹਿ ਨ ਆਨ।
ਯਾਂ ਤੇ ਸੁਨਹੁ ਸੰਤ ਸ਼੍ਰੁਤ ਮਾਂਹਿ।
ਜਿਹ ਅਲੰਬ ਜਗ, ਜਾਨਹੁ ਤਾਂਹਿ ॥੪੫॥
ਜਿਸ ਜਾਨੇ ਸਗਰੋ ਭ੍ਰਮ ਜਾਇ।
ਸਭਿ ਬਚਿੱਤ੍ਰਤਾ ਏਕ[5] ਲਖਾਇ।
ਬ੍ਰਹਮ ਸਰੂਪ ਆਇ ਹੁਇ, ਮਾਨਿ[6]।
ਸਤਿ ਚੇਤਨ ਆਨੰਦ ਮਹਾਨ ॥੪੬॥
ਜੇ ਮਾਯਾ ਕੋ ਕੀਜਹਿ ਨਿਰਨੋ।
ਇਸ ਕੋ ਅੰਤ ਨ ਕਯੋਂਹੂੰ ਬਰਨੋ।
ਜੁਗ ਕੋਟਾਨਿ ਕੋਟ ਗਨ ਹੇਰੈ।
ਤਊ ਸੁ ਲਖਿਯਤਿ ਪਰੇ ਪਰੇਰੈ ॥੪੭॥
ਮਾਯਾ ਕੀ ਹੈ ਸ਼ਕਤਿ ਅਨੰਤ।
ਖੋਜਿ ਖੋਜਿ ਹਾਰੇ ਬੁਧਿਵੰਤ।
ਕਿਸ ਤੇ ਪਾਰ ਨ ਪਾਯੋ ਜਾਇ।
ਯਾਂ ਤੇ ਏਕ ਰਹੈ ਲਿਵਲਾਇ[7] ॥੪੮॥
ਸੋਈ ਭਗਤ ਸੰਤ ਸੋ ਗਯਾਨੀ।
ਸੋਈ ਤਤ ਬੇਤਾ ਗੁਨ ਖਾਨੀ।
ਧੰਨ ਪੁਰਖ ਤਿਨ ਲੀਨਸਿ ਲਾਹਾ।
ਬਿਨੁ ਇਕ ਜਾਨੇ ਅਖਿਲ ਫਨਾਹਾ[8]' ॥੪੯॥
ਸੁਨਿ ਸਤਿਗੁਰੁ ਕੇ ਬਾਕ ਸੁ ਸਾਧੂ।

---

[1]ਨਾਨਾਂ ਰੰਗ ਦਾ (ਜਗਤ)।
[2]ਜਿਥੇ ਸੱਚਾ ਅਧਿਸ਼ਟਾਨ (ਭਾਵ ਆਸਰਾ) ਹੋਵੇ।
[3]ਆ ਕੇ।
[4]ਅਧਿਸ਼ਟਾਨ ਦਾ ਗਿਆਨ।
[5]ਨਾਨਾ ਪ੍ਰਕਾਰ ਦਾ ਜਗਤ ਇੱਕੋ (ਬ੍ਰਹਮ ਰੂਪ)।
[6]ਜਾਣੋਂ।
[7]ਭਾਵ, ਕਿਉਂਕਿ ਮਾਇਆ ਦਾ ਪਾਰਾਵਾਰ ਨਹੀਂ, ਤਾਂ ਤੇ ਇਸ ਨੂੰ ਛੱਡ ਕੇ ਇਕ ਵਾਹਿਗੁਰੂ ਵਿਚ ਲਿਵ ਲਾਵੋ।
[8]ਜਾਣੇ ਕਿ ਇਕ ਤੋਂ ਬਿਨਾਂ ਸਭ ਨਾਸ਼ਮਾਨ ਹੈ।

ਜਾਨਨੇ -ਇਹ ਅਵਤਾਰ ਅਗਾਧੂ-।
ਕ੍ਰਿਪਾ ਦ੍ਰਿਸ਼ਟਿ ਤੇ ਭਯੋ ਨਿਹਾਲ।
ਤਬਿ ਗੁਰੁ ਮਹਿਮਾ ਲਖੀ ਬਿਸਾਲ ॥੫੦॥
'ਧੰਨ ਧੰਨ ਗੁਰੁ' ਕਹਿ ਸੁਭ* ਬਾਨੀ।
ਪਦ ਅਰਬਿੰਦ ਬੰਦਨਾ ਠਾਨੀ।
'ਸੰਸੈ ਹੀਨ ਭਯੋ ਉਰ ਮੇਰਾ।
ਸੁਨਤਿ ਬਾਕ ਅਰੁ ਦਰਸ਼ਨ ਹੇਰਾ' ॥੫੧॥
ਜਾਇ ਆਪਨੇ ਥਾਨ ਰਹਯੋ ਹੈ।
ਚਿਤਵਤਿ ਚਿਤ, ਜੋ ਗੁਰੂ ਕਹਯੋ ਹੈ।
ਡੇਢ ਜਾਮ ਨਿਸਿ ਗਈ ਬਿਤੀਤਿ।
ਉਪਦੇਸ਼ਯੋ ਲਖਿ ਕੈ ਯੁਤਿ ਪ੍ਰੀਤਿ ॥੫੨॥
ਪੁਨ ਸਤਿਗੁਰੁ ਸ਼੍ਰੀ ਹਰਿ ਗੋਬਿੰਦ।
ਭਏ ਅਰੂਢ ਪ੍ਰਯੰਕ ਬਿਲੰਦ।
ਪੌਢਿ ਰਹੇ ਸੁਖ ਪਾਇ ਬਡੇਰੇ।
ਸਾਵਧਾਨ ਚਾਕਰ ਚਹੁੰ ਫੇਰੇ ॥੫੩॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ' ਪ੍ਰਸੰਗ ਬਰਨਨੰ ਨਾਮ ਤੀਨ ਪੰਚਾਸਤਿ ਅੰਸੂ ॥੫੩॥

*ਪਾ:-ਸੁਰ।

੫੪. [ਜਹਾਂਗੀਰ ਨਾਲ ਮੇਲ।]

੫੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੫

ਦੋਹਰਾ: ਨਿਸਾ ਜਾਮ ਜਾਗੇ ਗੁਰੂ, ਕੀਨੋ ਸੌਚ ਸ਼ਨਾਨ।
ਆਸਨ ਕਰਿ ਆਸੀਨ ਤਬਿ, ਨਿਜ ਸਰੂਪ ਧਰਿ ਧ੍ਯਾਨ ॥੧॥
ਚੌਪਈ: ਆਸਾਵਾਰ ਰਬਾਬੀ ਗਾਵੈਂ।
ਰਾਗ ਰਾਗਨੀ ਰੁਚਿਰ ਬਸਾਵੈਂ।
ਕੇਤਿਕ ਸਿੱਖ ਸੁਨਹਿਂ ਤਹਿਂ ਆਇ।
ਕਿਤਿਕ ਕੰਠ ਤੇ ਪਾਠ ਅਲਾਇਂ ॥੨॥
ਸੱਤਿਨਾਮ ਸਿਮਰਤਿ ਸਭਿ ਡੇਰੇ।
ਜਨੁ ਅੰਮ੍ਰਿਤ ਬਰਖੰਤਿ ਬਡੇਰੇ।
ਪ੍ਰਾਤ ਹੋਤਿ ਲੌ ਸਤਿਗੁਰੁ ਬਾਨੀ।
ਪਠਤਿ ਸੁਨਤਿ ਕਰਿ ਪ੍ਰੀਤਿ ਮਹਾਨੀ ॥੩॥
ਸੂਰ ਉਦੈ ਸਭਿ ਸੂਰ[1] ਸੁ ਆਏ।
ਗੁਰੁ ਤੰਬੂ ਦਰ ਪਰ ਸਮੁਦਾਏ।
ਸ਼੍ਰੀ ਹਰਿ ਗੋਵਿੰਦ ਚੰਦ ਆਨਿੰਦੇ[*]।
ਬਿਕਸੇ ਜੁਗ ਲੋਚਨ ਅਰਬਿੰਦੇ ॥੪॥
ਸੂਖਮ ਬਸਤ੍ਰ ਮਹਿਦ ਅਭਿਰਾਮਾ।
ਗਨ ਪਾਲਨਿ ਕੋ ਪਹਿਰ੍ਯੋ ਜਾਮਾ।
ਰੰਗਦਾਰ ਸੁੰਦਰ ਦਸਤਾਰ।
ਸਿਰ ਪਰ ਸ਼ੋਭਤਿ ਦੁਤੀ ਉਦਾਰ ॥੫॥
ਊਪਰ ਜਿਗਾ ਜਵਾਹਰ ਜਰੇ।
ਕਲਗੀ ਮੁਕਤਾ ਕੋ ਗੁਛ ਧਰੇ।
ਨਵ ਰਤਨੇ ਅੰਗਦ[2] ਭੁਜ ਪਾਏ।
ਜਬਰ ਜਵਾਹਰ ਗਰੇ ਸੁਹਾਏ ॥੬॥
ਵਹਿਰ ਫ਼ਰਸ਼ ਕਰਿਵਾਇ ਬਿਸਾਲਾ।
ਤੰਬੂ ਤੇ ਨਿਕਸੇ ਤਿਸ ਕਾਲਾ।
ਖਰੇ ਸਕਲ ਹੁਇ ਬੰਦਨ ਠਾਨੀ।
ਦਰਸ਼ਨ ਕਰਤਿ ਗੁਰੂ ਗੁਨਖਾਨੀ ॥੭॥
ਕੰਚਨ ਖਚਤਿ ਪ੍ਰਯੰਕ ਬਡੇਰਾ।

---

[1]ਸੂਰਜ ਚੜ੍ਹੇ ਸਾਰੇ ਸੂਰਮੇਂ।
[*]ਪਾ:-ਮਨਿੰਦੇ।
[2]ਬੁਹੱਟੇ।

ਆਸਤਰਨ ਤੇ[1] ਮ੍ਰਿਦੁਲ ਘਨੇਰਾ।
ਬੈਠੇ ਲਗਯੋ ਦਿਵਾਨ ਮਹਾਨਾ।
ਜੋਧਾ ਥਿਰੇ ਸ਼ਸਤ੍ਰ ਧਰਿ ਨਾਨਾ ॥੮॥
ਸਿਖ ਮਸੰਦ ਸੇਵਕ ਸਮੁਦਾਏ।
ਖਰੋ ਮੇਵਰੋ ਅਰਜ਼ ਅਲਾਏ।
ਪੁਰਿ ਬਾਸੀ ਸਿਖ ਕਰੇ ਕਰਾਹ।
ਆਵਨਿ ਲਾਗੇ ਗੁਰੁ ਕੇ ਪਾਹ ॥੯॥
ਜਿਨਹੁ ਭਾਵਨੀ ਪੂਰਨ ਹੋਈ।
ਅਰਪਨਿ ਲਗੇ ਆਨਿ ਕਰਿ ਸੋਈ।
ਪੁਰਿ ਤੇ ਗੁਰੁ ਲਗਿ ਲਾਰੋ[2] ਪਰਯੋ।
ਦਰਸ਼ਨ ਕਰਨਿ ਪ੍ਰੇਮ ਉਰ ਭਰਯੋ ॥੧੦॥
'ਕੋਸ ਸੈਂਕਰੇ ਜਿਨ ਹਿਤ ਜਾਤੇ।
ਆਏ ਘਰ ਮਹਿਂ ਸੋ ਸੁਖ ਦਾਤੇ।
ਕੋ ਅਸ ਮੰਦ ਭਾਗ ਹ੍ਵੈ ਭਾਰੇ।
ਜਾਇ ਨਹੀਂ ਗੁਰ ਦਰਸ ਨਿਹਾਰੇ' ॥੧੧॥
ਇਮ ਆਪਸ ਮਹਿਂ ਕਹਿ ਕਹਿ ਚਾਲੇ।
ਸੌਚ ਸ਼ਨਾਨਨਿ ਠਾਨਿ ਉਤਾਲੇ।
ਲੈ ਲੈ ਸੰਗ ਕਰਾਹ ਉਮਾਹੇ।
ਚਲਿ ਆਵਤਿ ਸ਼੍ਰੀ ਸਤਿਗੁਰ ਪਾਹੇ ॥੧੨॥
ਹੋਨਿ ਲਗੀ ਸਭਿ ਕੀ ਅਰਦਾਸ।
ਬਰਤਹਿ ਪੰਚਾਂਮ੍ਰਿਤ ਗੁਰੁ ਪਾਸਿ।
ਬਹੁ ਉਤਸਵ ਕਰਿ ਕਰਿ ਨਰ ਨਾਰੀ।
ਦਰਸਹਿਂ ਗੁਰੁ ਪਰ ਹ੍ਵੈ ਬਲਿਹਾਰੀ ॥੧੩॥
ਗਨ ਸੰਗਤਿ ਕੋ ਮੇਲ ਸਕੇਲੇ।
ਦਰਸਹਿਂ ਚਹੁੰਦਿਸ਼ਿ ਗੁਰੂ ਸੁਹੇਲੇ[3]।
ਇਤਨੇ ਮਹਿਂ ਵਜ਼ੀਰ ਖਾਂ ਆਯੋ।
ਪਗ ਪੰਕਜ ਪਰ ਸੀਸ ਨਿਵਾਯੋ ॥੧੪॥
ਸਾਦਰ ਤਿਸੇ ਬਿਠਾਵਨਿ ਕੀਨਿ।
ਪਿਖਿ ਸਰੂਪ ਮੁਦ ਪ੍ਰੇਮ ਪ੍ਰਬੀਨ।

---

[1]ਵਿਛਾਵਣੇ ਕਰਕੇ।
[2]ਕਤਾਰ।
[3]ਸੁਖਦਾਈ।

ਹਾਥ ਜੋਰਿ ਕਰਿ ਅਰਜ਼ ਗੁਜ਼ਾਰੀ।
'ਹਜ਼ਰਤ ਕਰਤਿ ਯਾਦ ਹਿਤ ਧਾਰੀ ॥੧੫॥
ਦਰਸ ਅਪੂਰਬ[1] ਹੇਰਨਿ ਚਾਊ।
ਸੁਨਿ ਗੁਨ ਗਨ ਮਨ ਸਹਿਜ ਸੁਭਾਊ।
ਗੁਰ ਜੀ ਬਾਰਿ ਬਾਰਿ ਤੁਮ ਬਾਤਿ।
ਬੂਝਤਿ ਰਹਜੋ ਰਿਦੇ ਹਰਖਾਤਿ ॥੧੬॥
ਕ੍ਰਿਪਾ ਧਾਰਿ ਨਿਜ ਕਰਹੁ ਪਯਾਨਾ।
ਮਿੱਤ੍ਰਨਿ ਸੁਖ ਦਿਹੁ ਸ਼ੱਤ੍ਰਨਿ ਹਾਨਾ।'
ਸੁਨਿ ਕਰਿ ਸ੍ਰੀ ਹਰਿਗੋਵਿੰਦ ਚੰਦ।
ਸ੍ਰੀ ਮੁਖ ਤੇ ਬੋਲੇ ਜਗ ਬੰਦ ॥੧੭॥
'ਅਬਿ ਸੰਗਤਿ ਸਗਰੀ ਚਲਿ ਆਈ।
ਧਰਿ ਸ਼ਰਧਾ ਦਰਸਹਿ ਸੁਖ ਪਾਈ।
ਪੂਰਨ ਇਨਹੁ ਭਾਵਨੀ ਹੋਇ।
ਬਰਤਿ ਕਰਾਹੁ ਲੇਤਿ ਸਭਿ ਕੋਇ ॥੧੮॥
ਗੁਰੁ ਪ੍ਰਸਾਦਿ ਲੇ ਘਰ ਬਰਤਾਵੈਂ।
ਸਭਿ ਪਰਵਾਰ ਜਨਮ ਸਫਲਾਵੈਂ।
ਬਹੁ ਪ੍ਰੇਮੀ ਦਰਸ਼ਨ ਹਿਤ ਆਏ।
ਕਿਮ ਇਨ ਤਜਾਗ ਸਕਹਿਂ, ਚਲਿ ਜਾਏ ॥੧੯॥
ਜਬਿ ਇਨ ਕੀ ਹੁਇ ਪੂਰਨ ਆਸਾ।
ਕਰਿ ਕਰਿ ਦਰਸ਼ਨ ਜਾਹਿਂ ਅਵਾਸਾ।
ਤਬਿ ਹਮ ਚਲਹਿਂ ਸ਼ਾਹੁ ਕੇ ਪਾਸੀ।
ਮਿਲਹਿਂ ਭਲੇ, ਦਿਲ ਹੋਹਿਂ ਹੁਲਾਸੀ' ॥੨੦॥
ਸੁਨਿ ਵਜ਼ੀਰ ਖਾਂ ਬਹੁਰ ਉਚਾਰੇ।
'ਹਮ ਭੀ ਸੇਵਕ ਸਿੱਖ ਤੁਮਾਰੇ।
ਦੇਹੁ ਪ੍ਰਸਾਦਿ ਖਾਇ ਸੁਖ ਪਾਵੈਂ।
ਮਾਨੁਖ ਜਨਮ ਅਪਨਿ ਸਫਲਾਵੈਂ ॥੨੧॥
ਹਜ਼ਰਤਿ ਕੇ ਹਿਤ ਦੀਜਹਿ ਔਰ।
ਪਹੁਚਾਵੌਂ ਮੈਂ ਤਿਸ ਹੀ ਠੌਰ।'
ਤਬਿ ਸਤਿਗੁਰੁ ਦੀਨੇ ਦੁਇ ਥਾਲ।
ਭਰਿ ਕਰਾਹੁ ਸੰਗ ਸ੍ਵਾਦ ਬਿਸਾਲ ॥੨੨॥
'ਇਕ ਕੋ ਰਾਖਹੁ ਅਪਨਿ ਅਵਾਸ।

---

[1]ਨਵੀਨ! ਸੁੰਦਰ।

ਦੂਸਰ ਦੇਹੁ ਸ਼ਾਹ ਕੇ ਪਾਸ।
ਲੇ ਵਜ਼ੀਰ ਖਾਂ ਕਰਿ ਕੈ ਨਮੋ।
ਉਠਿ ਤੂਰਨ ਗਮਨਯੋ ਤਿਸ ਸਮੋ ॥੨੩॥
ਨਿਜ ਨਿਕੇਤਿ ਇਕ ਪਠਿ ਕਰਿ ਥਾਲਾ।
ਦੂਸਰਿ ਸ਼ਾਹੁ ਨਿਕਟਿ ਲੇ ਚਾਲਾ।
ਉਤਲਾਵਤਿ ਦਰ[1] ਉਲੰਘ ਤਮਾਮ।
ਹਜ਼ਰਤ ਕੀਨਿ ਸ਼ਨਾਨ ਹਮਾਮ[2] ॥੨੪॥
ਨਿਕਸਯੋ ਵਹਿਰ ਅਸਨ ਰੁਚਿ ਜਾਗੀ[3]।
ਹੁਤੀ ਸੀਤ ਰੁਤ ਬਹੁ ਛੁਧਿ ਲਾਗੀ।
ਤਬਿ ਕਰਾਹੁ ਲੇ ਪਹੁੰਚਯੋ ਤਹਾਂ।
ਹੇਰਤਿ ਹਜ਼ਰਤ ਮੁਖ ਤੇ ਕਹਾ ॥੨੫॥
'ਕਹੁ ਵਜ਼ੀਰ ਖਾਂ ਕਹਾ ਲੇ ਆਯੋ ?
ਸਤਿਗੁਰ ਸੰਗ ਨਹੀਂ ਦ੍ਰਿਸ਼ਟਾਯੋ।'
ਕਰ ਜੋਰਤਿ ਤਬਿ ਕਹਯੋ ਸੁਨਾਏ।
ਸ੍ਰੀ ਗੁਰੁ ਕ੍ਰਿਪਾ ਪ੍ਰਸਾਦ ਪਠਾਏ ॥੨੬॥
ਆਪ ਤਜਾਰਿ ਹੋਵਿਤ ਹਿਤ ਆਵਨਿ।
ਪ੍ਰਥਮ ਕਰਹੁ ਮੁਖ ਮਹਿਂ ਇਹ ਪਾਵਨਿ।'
ਹੁਤੀ ਛੁਧਾ ਢਿਗ ਸ਼ਾਹੁ ਮੰਗਾਯੋ।
ਭਰਯੋ ਕਵਰ[4] ਕਰ ਆਨਨ ਪਾਯੋ ॥੨੭॥
ਸ੍ਵਾਦ ਅਪੂਰਬ[5] ਪਾਇ ਅਜਾਇਬ[6]।
ਕਹਯੋ 'ਧੰਨ ਗੁਰੁ ਨਾਨਕ ਸਾਹਿਬ।'
ਇਕ ਸ਼ੁਭ ਅਸਨ ਦੁਤਿਯ ਗੁਰੁ ਕਲਾ।
ਤ੍ਰਿਤੀਏ ਛੁਧਾ ਸ੍ਵਾਦ ਅਤਿ ਭਲਾ ॥੨੮॥
ਅਪਰ ਗ੍ਰਾਸ[4] ਪੁਨ ਮੁਖ ਮਹਿਂ ਪਾਏ।
ਖਾਵਤਿ ਰੁਚਿ ਤੇ ਬਚਨ ਅਲਾਏ।
'ਸ੍ਰੀ ਨਾਨਕ ਬ੍ਰਿਧ ਬਯ ਬਹੁ ਹੋਵੈਂ[7]।

---

[1]ਦਰਵਾਜ਼ੇ।
[2]ਗਰਮ ਪਾਣੀ ਨਾਲ ਨ੍ਹਾਉਣ ਦਾ ਸ਼ਨਾਨ ਅਸਥਾਨ [ਅ਼: ਹਮਾਮ]
[3]ਭੋਜਨ (ਦੀ) ਰੁਚੀ।
[4]ਗਰਾਹੀ।
[5]ਨਵੀਂ ਤਰ੍ਹਾਂ ਦਾ।
[6]ਅਣੋਖਾ।
[7]ਹੋਣਗੇ।

ਅਸ ਪ੍ਰਸਾਦ ਜਿਨ ਹਿਤ ਕਰਿ ਜੋਵੈਂ[1] ॥੨੯॥
ਬਿਨਾ ਦਸਨ[2] ਸੋ ਖਾਇੰ ਸੁਖਾਰੇ।
ਸਾਦ ਬਿਸਾਲ ਸਭਿਨਿ ਇਕ ਸਾਰੇ।
ਅਬਿ ਲੌ ਮੈਂ ਨ ਸ੍ਵਾਦ ਅਸ ਪਾਯੋ।
ਇਹ ਸਮ ਅਪਰ ਅਸਨ ਬਹੁ ਖਾਯੋ' ॥੩੦॥
ਕਹਿ ਵਜ਼ੀਰ ਖਾਂ 'ਜੋ ਗੁਰਬਾਨੀ।
ਅਤਿ ਸ੍ਵਾਦਲ ਸਗਰੇ ਦੁਖ ਹਾਨੀ।
ਮੇਰੋ ਦਰਦ ਸੁਨਤਿ ਜਿਸ ਗਾਯੋ।
ਪਰਖੀ ਤਬਿ ਤਨ ਸਭਿ ਸੁਖ ਦਯੋ ॥੩੧॥
ਸੁੰਦਰ ਅਤਿ ਸਰੂਪ ਬਡ ਡੀਲ।
ਦੇਖਤਿ ਰਹੀਅਹਿ ਮ੍ਰਿਦੁਲ ਸੁਸ਼ੀਲ।
ਮਸੁ ਭੀਜਤਿ[3] ਮੁਖ ਨੇਤ੍ਰ ਬਿਸਾਲ।
ਕ੍ਰਿਪਾ ਦ੍ਰਿਸ਼ਟਿ ਦੇਖਨਿ ਸ਼ੁਭ ਢਾਲਿ ॥੩੨॥
ਬੋਲਤਿ ਮਨਹੁ ਝਰਤਿ ਹੈਂ ਫੂਲ।
ਤੁਮ ਪਰ ਖੁਸ਼ੀ ਕਰਹਿਂ ਅਨੁਕੂਲ।
ਇਮ ਬੋਲਤਿ ਅਚਵਨ ਕੋ ਕਰਜੋ।
ਬੈਠਨਿ ਤਖਤ ਸ਼ਾਹੁ ਚਲਿ ਪਰਜੋ ॥੩੩॥
ਸੁਨਿ ਗੁਨ ਪੁਨ ਵਜ਼ੀਰ ਖਾਂ ਸੰਗ।
ਕਹਜੋ 'ਜਾਹੁ ਚਢਿ ਬੇਗ ਤੁਰੰਗ।
ਆਨਹੁ ਅਬੈ ਹਮਾਰੇ ਪਾਸਿ।
ਦਰਸ਼ਨ ਕਰੌਂ ਗੁਰੂ ਸੁਖ ਰਾਸਿ' ॥੩੪॥
ਹਰਖਤਿ ਹਜ਼ਰਤ ਤੇ ਸੁਨਿ ਕਰਿ ਕੈ।
ਗਯੋ ਗੁਰੂ ਢਿਗ ਹਯ ਪਰ ਚਰਿ ਕੈ।
ਪਹੁੰਚਜੋ ਉਤਲਾਵਤਿ ਤਬਿ ਪਾਸ।
ਕਰੀ ਨਮੋ ਭਾਖੀ ਅਰਦਾਸ ॥੩੫॥
ਗੁਰੂ ਭਨਜੋ 'ਹਮ ਆਗੇ ਤਜਾਰ।'
ਇਮ ਕਹਿ ਭਏ ਸੁ ਅਸੁ ਅਸੁਵਾਰ।
ਜੇਠਾ ਆਦਿ ਪੰਚ ਸਿਖ ਸਾਥ।

---

[1]ਐਹੋ ਜਿਹਾ ਪ੍ਰਸ਼ਾਦ ਜਿਨ੍ਹਾਂ ਦੇ ਵਾਸਤੇ ਬਣਾਉਂਦੇ ਪ੍ਰਤੀਤ ਹੁੰਦੇ ਹਨ (ਅ) ਐਹੋ ਜਿਹਾ ਪ੍ਰਸ਼ਾਦ ਜਿਨ੍ਹਾਂ ਦਾ ਪ੍ਰੇਮ ਕਰਕੇ (ਮੈਂ) ਡਿੱਠਾ ਹੈ।
[2]ਦੰਦਾਂ ਤੋਂ ਬਿਨਾਂ।
[3]ਮੁੱਛਾਂ ਦਾਹੜਾ ਫੁੱਟ ਰਿਹਾ ਹੈ।

ਗਮਨ ਕੀਨਿ ਸ਼੍ਰੀ ਸਤਿਗੁਰੁ ਨਾਥ ॥੩੬॥
ਸਨੇ ਸਨੇ ਹਯ ਕੋ ਠਹਿਰਾਵੈਂ।
ਤੇਜ ਹੋਤਿ ਕੁਛ ਅਲਪ ਕੁਦਾਵੈਂ।
-ਮੋ ਤੇ ਜਾਤਿ ਅਗਾਰੀ ਪੌਨ-।
ਰਿਸਤਿ ਮਰੋਰਤਿ ਹੈ ਪਗ ਦੌਨ[1] ॥੩੭॥
ਅਵਨੀ ਬਜਤਿ ਪਰਤਿ ਜਬਿ ਪੌਰ[2]।
ਪਹੁੰਚੇ ਏਵ ਦੁਰਗ ਕੇ ਪੌਰ।
ਜੋ ਦੇਖਤਿ ਸੋ ਸੀਸ ਨਿਵਾਵੈ।
ਧੀਰਜ ਮਾਨ ਰਿਦੇ ਬਿਸਰਾਵੈ[3] ॥੩੮॥
ਮੂਰਤਿ ਪਿਖਹਿ ਅਪੂਰਬ ਅਹੈ।
ਸੁੰਦਰਤਾ ਦੇਖਤਿ ਹੀ ਰਹੈ।
ਇਹ ਗੁਰੁ ਰੂਪ ਕਿਤਿਕ ਨਰ ਜਾਨੈਂ।
ਕਿਤਿਕ ਬਿਲੋਕਤਿ ਬੂਝਨਿ ਠਾਨੈਂ ॥੩੯॥
'ਕੌਨ ਦੇਸ਼ ਕੋ ਬਡ ਮਹਿਪਾਲਾ?
ਜਹਾਂ ਬਸੈਂ, ਤਿਨ ਭਾਗ ਬਿਸਾਲਾ।
ਪਹੁੰਚੇ ਜਹਾਂਗੀਰ ਕੇ ਤੀਰ।
ਸ਼੍ਰੀ ਹਰਿ ਗੋਵਿੰਦ ਬੀਰ ਸਧੀਰ ॥੪੦॥
ਚੌਕੀ ਤਖਤ ਸਮਾਨ ਬਿਛਾਈ।
ਸੁਜਨੀ ਸੇਤ ਸ੍ਵੱਛ ਸੰਗਿ ਛਾਈ[4]।
ਦ੍ਵੈ ਉਮਰਾਵ ਆਇ ਅਗੁਵਾਏ।
ਮਿਲੇ ਦੇਖਿ ਕਰਿ ਸੀਸ ਨਿਵਾਏ ॥੪੧॥
ਲੇ ਕਰਿ ਗਏ ਸ਼ਾਹੁ ਕੇ ਤੀਰ।
ਬੈਠਿ ਗਏ ਚੌਂਕੀ ਪਰ ਧੀਰ।
ਸਾਦਰ ਬੰਦਨ ਕਰਿ ਕੈ ਸ਼ਾਹੂ।
ਰੂਪ ਬਿਲੋਕਤਿ ਬੈਠੇ ਪਾਹੂ ॥੪੨॥
ਮਨਹੁ ਬੀਰ ਰਸ ਧਰਜੋ ਸਰੀਰਾ।
ਦਿਪਤਿ ਪ੍ਰਤਾਪ ਰਿਦੇ ਗੰਭੀਰਾ।
ਹਜ਼ਰਤਿ ਹੇਰਤਿ ਬਿਸਮ ਬਿਚਾਰੀ।

---

[1](ਇਸ ਕਰਕੇ) ਕ੍ਰੋਧ ਕਰਕੇ ਮਰੋੜ ਕੇ ਦੋਵੇਂ ਪੈਰਾਂ ਨੂੰ।
[2]ਪ੍ਰਿਥਵੀ ਤੇ ਜਦ ਪੌੜ ਪੈਂਦਾ ਹੈ ਤਦ ਵੱਜਦੀ ਭਾਵ ਸ਼ਬਦ ਉਤਪਤ ਹੁੰਦਾ ਹੈ।
[3]ਧੀਰਜ ਤੇ ਮਾਨ ਨੂੰ ਰਿਦੇ ਤੋਂ ਭੁਲਾ ਦੇਂਦਾ ਹੈ (ਜੋ ਬੀ ਦਰਸ਼ਨ ਕਰਦਾ ਹੈ)।
[4]ਪਵਿੱਤ੍ਰ ਚਿੱਟੀ ਸੋਜ਼ਨੀ ਨਾਲ ਢੱਕੀ ਹੋਈ। [ਫਾ: ਸੋਜ਼ਨੀ = ਵਿਛੌਣੇ ਦਾ ਇਕ ਕਪੜਾ ਜਿਸ ਪਰ ਸੂਈ ਨਾਲ ਬਹੁਤ ਕੰਮ ਕੀਤਾ ਹੁੰਦਾ ਹੈ]

-ਇਹ ਗਾਦੀ ਸੰਤਨਿ ਮਤ ਧਾਰੀ[1] ॥੪੩॥
ਗੁਰੂ ਪ੍ਰਥਮ ਸਭਿ ਤੈਸੇ ਭਏ।
ਇਨ ਕੀ ਕ੍ਰਾਂਤਿ ਲਖੋ ਮਤ ਨਏ[2]।
ਵਹਿਰ ਬੇਸ ਮਹਿਂ ਫਰਕ ਮਹਾਨਾ।
ਅੰਤਰ ਕੀ ਗਤਿ ਜਾਇ ਨ ਜਾਨਾ ॥੪੪॥
ਜੇ ਮਤ ਰਾਜ ਸਾਜ ਤੋ ਧਾਰੀ[3]।
ਹਿੰਦੁ ਤੁਰਕ ਜਿਮ ਦਾਵੇ ਕਾਰੀ[4]।
ਤੌ ਨਿਜ ਗਾਦੀ ਰੀਤਿ ਬਿਗਾਰੀ।
ਹੋਇ ਨ ਬਡਿਆਈ ਪੁਨ ਭਾਰੀ ॥੪੫॥
ਜੇ ਅੰਤਰਿ ਮਤ ਸੰਤਨਿ ਹੋਈ।
ਬਹੁਰ ਬੇਖ ਬਿਗਾਰ ਨ ਕੋਈ[5]।
ਤਥਾ ਪ੍ਰਸ਼ਨ ਕਰਿ ਪਰਖੌਂ ਅਬੈ-।
ਇਮ ਬਿਚਾਰਿ ਬੋਲਯੋ ਬਚ ਤਬੈ ॥੪੬॥
'ਸੁਨਹੁ ਪੀਰ ਜੀ! ਜਗ ਮਤ ਦੋਇ।
ਹਿੰਦੁ ਤੁਰਕ ਮਹਿਂ ਨਰ ਸਭਿ ਕੋਇ।
ਰਾਮ, ਖੁਦਾਇ, ਕ੍ਰਿਪਾਲ, ਕਰੀਮ।
ਅਲਹ, ਅਕਾਲ, ਅਨੰਤ, ਰਹੀਮ ॥੪੭॥
ਇਮ ਕਹਿ ਕ੍ਰਿਯਾ ਪ੍ਰਿਥਕ ਹੀ ਕਰੈਂ।
ਨਿਜ ਨਿਜ ਕੋ ਸ਼ੁਭ ਸਭਿਹਿ ਉਚਰੈਂ।
ਕੌਨ ਦੌਨਿ ਮਹਿਂ ਆਛੋ ਅਹੈ?
ਜਗ ਬੰਧਨ ਤੇ ਕੋ ਛੁਟ ਰਹੈ?' ॥੪੮॥
ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ।
'ਸਿਰਜਨਹਾਰ ਏਕ ਹਮ ਜਾਨਾ।
ਇਕ ਸਮ ਪੰਚਹੁੰ ਤਤ ਤੇ ਬਨੇ।
ਇੰਦ੍ਰਯ ਦੇਹਿ ਏਕ ਸਮ ਸਨੇ ॥੪੯॥
ਕਰਨਹਾਰ ਕੋ ਸਿਮਰਹਿ ਜੋਇ।
ਸਭਿ ਤੇ ਦੀਰਘ ਜਾਨਹੁ ਸੋਇ।
ਇਸ ਪਰ ਭਗਤ ਕਬੀਰ ਬਖਾਨਾ।

---

[1]ਸੰਤਾਂ ਦਾ ਮਤਾ ਧਾਰਨ ਵਾਲਿਆਂ ਦੀ ਸੀ।
[2]ਸ਼ੋਭਾ ਤੋਂ (ਦਿੱਸਦਾ ਹੈ ਕਿ) ਇਨ੍ਹਾਂ ਨਵਾਂ ਮਤ ਧਾਰਨ ਕੀਤਾ ਹੈ।
[3]ਧਾਰਨ ਦਾ ਹੈ।
[4]ਹਿੰਦੂ ਤੁਰਕ ਜਿਵੇਂ ਦਾਵਾ ਬੰਨ੍ਹਦੇ ਹਨ।
[5](ਤਾਂ) ਬਾਹਰਲੇ ਭੇਖ ਦਾ ਕੋਈ ਵਿਗਾੜ ਨਹੀਂ।

ਦੁਹੂੰ ਦਿਸ਼ਨਿ ਕੋ ਭੇਦ ਮਿਟਾਨਾ ॥੫੦ ॥

ਸ੍ਰੀ ਗ੍ਰੰਥ ਜੀ ਵਾਕ:
ਪ੍ਰਭਾਤੀ (ਕਬੀਰ ਜੀ)
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥

ਚੌਪਈ: ਵਹਿਰ ਬਨਾਉ ਏਕ ਸਮ ਬਨਯੋ।
ਅੰਤਰ ਬ੍ਰਹਮ ਏਕ ਹੀ ਭਨਯੋ।
ਜੋ ਨਰ ਚਹਿਂ ਅਪਨੀ ਕੱਲਜਾਨ।
ਤਜਿ ਦਾਵੇ ਕੋ ਭਜਿ ਭਗਵਾਨ ॥੫੧॥
ਮਾਨੁਖ ਜਨਮ ਅਮੋਲਕ ਰਤਨ।
ਦੁਰਲਭ ਪ੍ਰਾਪਤਿ ਹੁਇ ਬਡ ਜਤਨ।
ਬਿਸ਼ਿਯਨਿ ਬਿਲਸਨਿ, ਬੰਧਨਿ ਦਾਵੇ[1]।
ਇਕ ਬਿਰਾਟਿਕਾ[2] ਬਦਲੇ ਜਾਵੇ ॥੫੨॥
ਜੇ ਲਾਗੇ ਸਿਮਰਨਿ ਸਤਿਨਾਮ।
ਸੇ ਲਾਹਾ ਲੈ ਗੇ ਨਿਜ ਧਾਮ।
ਜਿਸ ਕੇ ਛੂਟਿ ਜਾਇ ਭ੍ਰਮ ਉਰ ਕਾ।
ਤਿਸ ਕੈ ਕਜਾ ਹਿੰਦੂ ਕਜਾ ਤੁਰਕਾ ॥੫੩॥
ਸਭਿ ਮਹਿਂ ਪੂਰਨ ਏਕ ਪਛਾਨਹਿ।
ਜਥਾ ਗਗਨ ਬਜਾਪਕ ਜਗ ਜਾਨਹਿ।
ਸੱਤਾ ਚੇਤਨ ਕੀ ਸਭਿ ਪਾਇ।
ਇਕ ਸਮ ਹੀ ਸਭਿ ਪਰਹਿ ਲਖਾਇ ॥੫੪॥
ਜਿਨਹੁ ਦੇਹਿ ਹੰਤਾ ਦਿਢ ਧਾਰੀ।
ਤੇ ਦਾਵੇ ਬਾਂਧਹਿ ਭ੍ਰਮ ਭਾਰੀ।
ਹਲਤਿ ਨਹੀਂ ਸੁਖ, ਪਲਤਿ ਨ ਢੋਈ।

---

[1]ਵਿਸ਼ਿਆਂ ਦਾ ਭੋਗਣਾ ਤੇ ਦਾਵੇ ਬੰਨ੍ਹਣੇ।
[2]ਕੌਡੀ।

ਪ੍ਰਭੁ ਤੇ ਸਦਾ ਦੁਹਾਗਣਿ ਸੋਈ ॥੫੫॥
ਨਹਿਂ ਤਨੁ ਹੰਤਾ, ਹੋਤਿ ਨ ਦਾਵੇ।
ਤਨ ਬਿਨ ਅਪਨਿ ਰੂਪ ਲਖਿ ਪਾਵੈ[1]।
ਹਲਤਿ ਮਹਾਂ ਸੁਖ, ਪਲਤਿ ਅਨੰਦੇ।
ਸੋ ਪ੍ਰਭੁ ਪਤਿ ਕੀ ਪ੍ਰਿਆ[2] ਬਿਲੰਦੇ ॥੫੬॥
ਛੁਟਿਬੋ ਨਹਿਂ ਜਾਨਹਿ ਨਰ ਅੰਧਾ।
ਦਾਵੇ ਬੰਧਨ ਤੇ ਲਹਿ ਬੰਧਾ।
ਤਨ ਹੰਤਾ ਕੇ ਬਿਨਾ ਬਿਸਾਰੇ[3]।
ਨਹਿਂ ਪ੍ਰਭੁ ਪਾਯਤਿ ਅਪਰ ਅਪਾਰੇ ॥੫੭॥
ਯਾਂ ਤੇ ਸੁਨਹੁ ਸ਼ਾਹੁ ਤਨ ਮਾਨ।
ਇਸ ਤੇ ਤਜਾਗਨਿ ਤੇ ਦੁਖ ਹਾਨ।
ਜਬਿ ਤਨ ਹੰਤਾ ਭਈ ਬਿਨਾਸ਼।
ਤਬਿ ਦਾਵੇ ਬੰਧਨ ਕਿਤ ਆਸ' ॥੫੮॥
ਸੁਨਿ ਹਜ਼ਰਤ ਨੇ ਰਿਦੇ ਬਿਚਾਰਾ।
-ਨਯੋ ਬੇਸ ਇਕ ਬਾਹਰ ਧਾਰਾ।
ਪ੍ਰਥਮ ਗੁਰੂ ਕੇ ਮਤ ਸਮ ਮਤ ਹੈ।
ਨਿਸ਼ਚਾ ਏਕ ਰੀਤਿ ਹੀ ਚਿਤ ਹੈ[4]- ॥੫੯॥
'ਧੰਨ ਪੀਰ ਜੀ' ਬਾਕ ਬਖਾਨਾ।
'ਸ੍ਰੀ ਨਾਨਕ ਕੇ ਹੋ ਤੁਮ ਥਾਨਾ।
ਜਿਨ ਕੋ ਸੁਜਸੁ ਚੰਦ ਸਮ ਚਾਰੂ।
ਹਿੰਦੁ ਤੁਰਕ ਸਭਿ ਕਰਤਿ ਉਚਾਰੂ ॥੬੦॥
ਇਮ ਕਹਿ ਅਰਪਜੋ ਦਰਬ ਹਜ਼ਾਰਾ।
ਕਰੀ ਭੇਟ ਉਰ ਸ਼ਰਧਾ ਧਾਰਾ।
ਸੋ ਜੇਠੇ ਲੇ ਲੀਨਿ ਉਠਾਇ।
ਰੰਗ ਸ਼ਾਹੁ ਸੰਗਿ ਤੇ ਹਰਖਾਇ[5] ॥੬੧॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਤਿਗੁਰੂ ਸ਼ਾਹੁ ਮੇਲ' ਪ੍ਰਸੰਗ ਬਰਨਨੰ ਨਾਮ ਚਤੁਰ ਪੰਚਾਸਤਿ ਅੰਸੂ ॥੫੪॥

---

[1]ਸਰੀਰ ਤੋਂ ਬਿਨਾਂ ਆਪਣੇ (ਆਤਮ) ਸਰੂਪ ਨੂੰ ਜਾਣਦੇ ਹਨ।
[2]ਪਿਆਰੀ (ਇਸਤ੍ਰੀਆਂ)।
[3]ਦੇ ਭੁਲਾਏ ਬਿਨਾਂ।
[4]ਚਿਤ ਵਿਚ ਇਕ ਹੀ ਤਰ੍ਹਾਂ ਦਾ ਨਿਸ਼ਚਾ ਹੈ।
[5](ਗੁਰੂ ਜੀ ਨਾਲ) ਸ਼ਾਹ ਦੇ ਪ੍ਰੇਮ ਕਰਨ ਤੇ ਅਨੰਦ ਹੋਏ।

੫੫. [ਜਹਾਂਗੀਰ ਨਾਲ ਸ਼ਿਕਾਰ। ਸ਼ੇਰ ਮਾਰਿਆ]

੫੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੬

ਦੋਹਰਾ: 'ਖੁਸ਼ੀ ਕਰਹੁ ਨਿਜ ਪੀਰ ਜੀ! ਸਭਿ ਸਥਾਨ ਨਿਜ ਜਾਨਿ।
ਦਿਹੁ ਦਰਸ਼ਨ ਕੋ ਦਿਨ ਇਹਾਂ! ਇਛ ਪੂਰਨ ਠਾਨਿ' ॥੧॥
ਚੌਪਈ: ਇਮ ਕਹਿ ਸੁਨਿ ਕੈ ਕਰੇ ਬਿਸਰਜਨ[1]।
ਉਠਿ ਨਿਕਸੇ ਲੇ ਅਪਨੇ ਸਿਖ ਜਨ।
ਸ਼ਾਹੁ ਸਭਾ ਬਰਖ਼ਾਸਤ ਭਈ।
ਨਿਜ ਨਿਜ ਥਾਨ ਸਕਲ ਚਲਿ ਗਈ ॥੨॥
ਆਏ ਸ੍ਰੀ ਸਤਿਗੁਰੁ ਨਿਜ ਡੇਰੇ।
ਚਹੁੰਦਿਸ਼ਿ ਬੰਦਨ ਹੋਤਿ ਘਨੇਰੇ।
ਕੁਛ ਬਿਸਰਾਮ ਪੌਢਿ ਕਰਿ ਕੀਨਿ।
ਘਟਿਕਾ ਚਤੁਰ ਬਿਤਾਇ ਪ੍ਰਬੀਨ ॥੩॥
ਬਹੁਰ ਉਠੇ ਚਢਿ ਚਲੇ ਤੁਰੰਗ।
ਨਦੀ ਬਿਲੋਕਨਿ ਸ਼ਜਾਮਲ ਰੰਗ।
ਤੀਰ ਤੀਰ ਗਮਨੇ ਗੁਰ ਧੀਰ।
ਹੇਰਤਿ ਬਿਮਲ ਪ੍ਰਵਾਹਤਿ ਨੀਰ ॥੪॥
ਦੂਰਿ ਇਕੰਤ ਥਾਨ ਬਹੁ ਸੁੰਦਰ।
ਉਤਰ ਪਰੇ ਤਹਿਂ ਸ੍ਰੀ ਗੁਨ ਮੰਦਰ।
ਸੌਚਾਚਾਰ ਕਰਜੋ ਥਲ ਥਿਰੇ।
ਜਲ ਕਰ ਚਰਨ ਪਖਾਰਨਿ ਕਰੇ ॥੫॥
ਹਾਥ ਜੋਰਿ ਤਹਿਂ ਸਿੱਖਨਿ ਬੂਝੇ।
'ਸ਼ਾਹੁ ਸੰਗਿ ਕਿਮ ਬਾਕ ਅਰੂਝੇ[2]?
ਮੁਲਾਕਾਤ ਕੈਸੇ ਕਰਿ ਭਈ?
ਪੂਰਬ ਆਇ ਕੀਨਿ ਅਬਿ ਨਈ[3] ॥੬॥
ਰਹੇ ਪ੍ਰਸੰਨ ਕਿ ਨਹਿਂ ਦਿਸ਼ਿ ਦੋਊ।
ਚਾਰੀ ਕਰਤਿ ਰਹਜੋ ਸਠ ਜੋਊ।
ਨਿਜ ਪ੍ਰਿਯ ਜਾਨਿ ਦਾਸ ਸਿਖ ਸਾਰੇ।
ਮਿਲੇ ਜਥਾ, ਸੁ ਪ੍ਰਸੰਗ ਉਚਾਰੇ ॥੭॥
ਨਹੀਂ ਸ਼ਾਹੁ ਕੇ ਰਿਦੇ ਖੁਟਾਈ।

---

[1]ਵਿਦਾ।
[2]ਬਚਨਾਂ ਵਿਚ ਲਗੇ।
[3]ਨਵੀਂ (ਮੁਲਾਕਾਤ)।

ਸਾਦਰ ਮਧੁਰੀ ਗਿਰਾ ਅਲਾਈ।
ਹਿੰਦੂ ਤੁਰਕ ਬਾਦ ਕੀ ਗਾਥਾ।
ਬੂਝਤਿ ਰਹਜੋ ਹਮਰੇ ਸਾਥਾ ॥੮॥
ਜਿਮ ਸੰਸੈ ਕੀਨੋ ਹਮ ਆਗੇ।
ਉੱਤਰ ਪਾਇ ਕਰਜੋ ਅਨੁਰਾਗੇ[1]।'
ਸੁਨਿ ਸਿੱਖਨਿ -ਹਿਤਕਾਰੀ ਸ਼ਾਹੂ-।
ਹਾਥ ਜੋਰਿ ਪੁਨ ਕਹਿ ਗੁਰੁ ਪਾਹੂ ॥੯॥
'ਪਾਪੀ ਕਰਿ ਕੋ ਪਾਪ ਮਹਾਨਾ।
ਰਾਖਜੋ ਗੋਪ, ਨਹੀ ਇਨ[2] ਜਾਨਾ।
ਸੋ ਬਿਦਤਾਵਹੁ ਬਦਲਾ ਲੀਜੈ।
ਜਸ ਕੀਨਸਿ ਤਸ ਫਲ ਕੋ ਦੀਜੈ' ॥੧੦॥
ਸੁਨਿ ਸਤਿਗੁਰੁ ਬੋਲੇ ਸਿਖ ਭਾਵਤਿ।
'ਗੁਰੁ ਪਿਤ ਪਲਟਾ ਲੇਹਿਂ ਨ ਜਾਵਤ।
ਤਾਵਤ ਸੁਖ ਸੋਂ ਨੀਂਦ ਨ ਆਵੈ।
ਖਾਨ ਪਾਨ ਰੁਚਿ ਤੇ ਨਹਿਂ ਭਾਵੈ ॥੧੧॥
ਕੇਤਿਕ ਦਿਨ ਮਹਿਂ ਗਹਿ ਕਰਿ ਤਾਂਹੀ।
ਹਤੌਂ ਕੁਮੌਤ ਤਜੌਂ ਕਿਮ ਨਾਂਹੀ।
ਪੂਰੀ ਕਰਹਿਂ ਸਪਥ ਏ ਕਹੀ।
ਗੁਰੁ ਦੋਖੀ ਉਬਰਹਿ ਅਬਿ ਨਹੀਂ' ॥੧੨॥
ਇਸ ਪ੍ਰਕਾਰ ਕਰਿ ਬਚਨ ਬਿਲਾਸ।
ਚਹੈਂ ਦੁਸ਼ਟ ਕੋ ਕਰਿਬੋ ਨਾਸ਼।
ਚਢਿ ਤੁਰੰਗ ਪਰ ਡੇਰੇ ਆਏ।
ਖਾਨ ਪਾਨ ਕਰਿ ਨਿਸਾ ਬਿਤਾਏ ॥੧੩॥
ਬਹੁਰ ਸ਼ਾਹੁ ਜਬਿ ਯਾਦ ਕਰੰਤਾ।
ਢਿਗ ਹਕਾਰਿ ਗੁਰੁ ਦਰਸ ਲਹੰਤਾ।
ਚਢਿ ਸ਼ਿਕਾਰ ਕੋ ਵਹਿਰ ਸਿਧਾਵੈਂ।
ਬਡੇ ਝੀਲ ਫਿਰਿ ਬਾਹਰਿ ਆਵੈਂ[3] ॥੧੪॥
ਭਈ ਸ਼ਾਹ ਕੋ ਸੁਧਿ ਗੁਰੁ ਕੇਰੀ।
ਖਿਲਤਿ ਅਖੇਰ ਬ੍ਰਿਤੀ ਬਹੁਤੇਰੀ।

---

[1]ਪ੍ਰੇਮ ਕੀਤਾ।
[2]ਭਾਵ ਬਾਦਸ਼ਾਹ ਨੇ।
[3]ਬਾਹਰ ਸੰਘਣੇ ਬਨ ਫਿਰਕੇ ਆਉਂਦੇ ਹਨ [ਪੰ: ਝੱਲ = ਸੰਘਣਾ ਬਨ]

ਇਕ ਦਿਨ ਲੇ ਕਰਿ ਅਪਨੇ ਸੰਗ।
ਗਏ ਸ਼ਿਕਾਰ ਅਰੂਢਿ ਤੁਰੰਗ ॥੧੫॥
ਮੀਰ ਸ਼ਿਕਾਰਨਿ[1] ਸ਼ਿਕਰੇ[2] ਲੀਨਿ।
ਜੁਰਰੇ, ਬਾਜ ਰੁ ਸ੍ਵਾਨ[3], ਕੁਹੀਨਿ[4]।
ਗਨ ਗਡੀਰਨੇ ਪਰੇ ਹੈਂ ਚੀਤੇ[5]।
ਕਾਨਨ ਗਮਨੇ ਮ੍ਰਿਗ ਭੈ ਭੀਤੇ ॥੧੬॥
ਹਤੇ ਝਪਟ ਤੇ ਲਪਟ ਬਿਹੰਗਾ।
ਸ਼ੂਕਰ ਸਸੇ ਝੰਖਾਰ ਕੁਰੰਗਾ।
ਕੋ ਤੁਪਕਨਿ ਤੇ ਮਾਰਿ ਗਿਰਾਏ।
ਕੋ ਤੀਰਨਿ ਤਰਵਾਰਨਿ ਘਾਏ ॥੧੭॥
ਪਾਵੇ[6] ਘੇਰਿ ਘੇਰਿ ਗੁਰੁ ਮਾਰੇ।
ਕਰਿ ਲਾਘਵਤਾ[7] ਤੀਰ ਪ੍ਰਹਾਰੇ।
ਨਿਜ ਆਗੇ ਕੋ ਜਾਨਿ ਨ ਦੀਯੋ।
ਤੁਰਕੇਸ਼ੁਰ ਹੇਰਤਿ ਹਿਤ ਹੀਯੋ ॥੧੮॥
ਆਯੁਧ ਬਿੱਦਜਾ ਮਹਿਂ ਬਡਿ ਜਾਨੇ।
ਦੇਖਿ ਤਮਾਸ਼ੋ ਉਰ ਹਰਖਾਨੇ।
ਸੁਨਜੋ ਪ੍ਰਥਮ ਕਿਤ ਕੇਹਰਿ ਬਲੀ।
ਭਈ ਸ਼ਾਹੁ ਕੇ ਉਰ ਸੁਧਿ ਭਲੀ ॥੧੯॥
ਭਨਜੋ ਸਭਿਨਿ ਸੋਂ 'ਕਰਹੁ ਪਯਾਨਾ।
ਜਿਤ ਦਿਸ਼ਿ ਕੇਹਰਿ ਸੁਨਜੋ ਮਹਾਂਨਾ।'
ਤਬਿ ਆਗੂ ਹੁਇ ਲੇ ਗੁਰੁ ਸੰਗ।
ਚਲਜੋ ਸ਼ਾਹੁ ਚਢਿ ਤੁੰਗ ਮਤੰਗ ॥੨੦॥
ਖੋਜਨ ਕਰਜੋ ਸੁ ਕਾਨਨ ਜਬੈ।
ਭਭਕਤਿ ਨਿਕਸਜੋ ਕੇਹਰਿ ਤਬੈ।
ਹੇਰਤਿ ਸੂਰਾ ਕਿਤਿਕ ਪਲਾਏ।
ਕੋ ਸੁਨਿ ਸ਼ਬਦ ਨਿਕਟ ਨਹਿਂ ਆਏ ॥੨੧॥

---

[1]ਸ਼ਿਕਾਰੀ ਮਹਿਕਮੇ ਦਾ ਅਫਸਰ।
[2]ਬਾਸ਼ੇ ਦੀ ਕਿਸਮ ਦਾ ਛੋਟਾ ਸ਼ਿਕਾਰੀ ਪੰਛੀ।
[3]ਕੁੱਤੇ।
[4]ਕੂਹੀਆਂ।
[5]ਗੱਡੀਆਂ ਉੱਤੇ ਹਨ ਚਿੱਤਰੇ ਸ਼ਿਕਾਰ ਲਈ।
[6]ਪਾੜ੍ਹੇ।
[7]ਫੁਰਤੀ।

ਘੋਰਾ ਠਰੇ[1] ਮੂਤ੍ਰ ਕੋ ਛੋਰਾ।
ਗਜ ਨਹਿं ਗਮਨਹਿं ਘੋਰ ਸੁ ਓਰਾ[2]।
ਸ਼ਾਹੁ ਮਤੰਗ ਥਿਰਹਿं ਨਹਿं ਕੈਸੇ।
ਮਹਾਂ ਬੀਰ ਤੇ ਕਾਇਰ ਜੈਸੇ ॥੨੨॥
ਤਬਿ ਪੁਕਾਰ ਕਰਿ ਗੁਰੁ ਸੋਂ ਕਹ੍ਯੋ।
ਖਰੇ ਸੁ ਧੀਰਜ ਕੋ ਜਬਿ ਲਹ੍ਯੋ।
'ਤੁਮ ਹੀ ਕਰਹੁ ਪ੍ਰਹਾਰਨਿ ਇਸੈ।
ਜਬਿ ਲੌ ਘਾਤ ਕਰਹਿ ਨਹਿं ਕਿਸੈ ॥੨੩॥
ਸ੍ਰੀ ਸਤਿਗੁਰੁ ਘੋਰਾ ਤਬਿ ਛੋਰਾ।
ਖੜਗ ਸਿਪਰ ਗਹਿ ਗੇ ਤਿਸ ਓਰਾ।
ਤੁਪਕ ਛੁਟਨਿ ਕਹਿ ਸ਼ਾਹੁ ਹਟਾਈ।
ਪਿਖਨਿ ਤਮਾਸ਼ੋ ਲਗਿ ਸਮੁਦਾਈ ॥੨੪॥
ਬਰ੍ਯੋ ਬਿਰੇ[3] ਮਹਿं ਕੇਹਰਿ ਜਹਾਂ।
ਲਗੇ ਬਿਲੋਚਨ ਸਭਿ ਕੇ ਤਹਾਂ।
ਧੀਰਜ ਸਹਤ ਜਾਤਿ ਗੁਰੁ ਆਗੇ।
ਮਨਹੁं ਬੀਰ ਰਸ ਸੋਵਤਿ ਜਾਗੇ ॥੨੫॥
ਬਰਨ ਬਦਨ ਕੋ ਅਰੁਨ[4] ਬਿਸਾਲਾ।
ਗਮਨਤਿ ਗਹੇ ਖੜਗ ਅਰੁ ਢਾਲਾ।
ਨਿਕਟ ਹੋਇ ਕਰਿ ਸ਼ੇਰ ਪ੍ਰਚਾਰ੍ਯੋ[5]।
ਨਿਕਸਿ ਵਹਿਰ ਅਬਿ ਕ੍ਯੋਂ ਬਲ ਹਾਰ੍ਯੋ?' ॥੨੬॥
ਸਨਮੁਖ ਦ੍ਰਿਸ਼ਟਿ ਭਈ ਜਬਿ ਦੋਊ।
ਨਿਕਸ੍ਯੋ ਗਰਜਤਿ ਕੇਹਰਿ ਸੋਊ।
ਫੇਰਤਿ ਲਾਂਗੁਰ ਟੌਰ[6] ਕਰਾਲਾ।
ਝਟਕਤਿ ਸਟਾ[7] ਭੀਮ[8] ਜਨੁ ਕਾਲਾ ॥੨੭॥
ਲਾਂਬੀ ਬੇਲ[1] ਭਯਾਨਕ ਦਾਂਤ।

---

[1]ਠਿਠੰਬਰੇ, ਸੰਕੁਚੇ। (ਅ) ਲਿੱਦ [ਸੰਪ੍ਰਦਾ]
[2]ਉਹ ਤਰਫ ਭਿਆਨਕ (ਹੈ ਐਸੀ)।
[3]ਝੱਲ।
[4]ਲਾਲ।
[5]ਵੰਗਾਰਿਆ।
[6]ਸ਼ੇਰ ਤੇ ਸਾਨ੍ਹ ਦੀ ਪੂਛ ਦਾ ਅੰਤਲਾ ਵਾਲਾਂ ਦੇ ਗੁੱਛੇ ਵਾਲਾ ਥਾਂ ਜਿਥੇ ਕਦੇ ਵਲੇਵਾਂ ਜਿਹਾ ਬੀ ਹੁੰਦਾ ਹੈ, ਇਸ ਨੂੰ ਪੰਜਾਬੀ ਵਿਚ ਟੌਰ ਕਹਿੰਦੇ ਹਨ।
[7]ਸ਼ੇਰ ਦੀ ਗਰਦਨ ਦੇ ਵਾਲ, ਅਯਾਲ [ਸੰਸ: ਸਟਾ]
[8]ਡਰਾਉਣੀ।

ਬਦਨ ਪਸਾਰਿ ਆਇ ਭਭਕਾਤਿ।
ਹੇਰਤਿ ਲੋਕ ਸਕਲ ਬਿਸਮਾਏ।
-ਸ਼੍ਰੀ ਗੁਰ ਬਚਹਿਂ ਨ ਇਸ ਅਗਵਾਏ ॥੨੮॥
ਹਮ ਆਗੇ ਅਸ ਕੇਹਰਿ ਮਹਾਂ।
ਨਹੀਂ ਬਿਲੋਕਨਿ ਕੀਨੋ ਕਹਾਂ-।
ਠਾਂਢੇ ਦੂਰ ਤ੍ਰਾਸ ਕੋ ਪਾਵੈਂ।
ਦੇਖਤਿ ਗਨ, ਕੋ ਨਿਕਟ ਨ ਆਵੈ ॥੨੯॥
ਆਵਤਿ ਸਨਮੁਖ ਬਦਨ ਪਸਾਰਾ।
ਧਰਿ ਧੀਰਜ ਸਤਿਗੁਰੂ ਨਿਹਾਰਾ।
ਬਾਮ ਹਾਥ ਧਰਿ ਸਿਪਰ ਅਗਾਰੀ।
ਕਰਿ ਪ੍ਰਾਕ੍ਰਮ ਕੋ ਮੁਖ ਧਰਿ ਮਾਰੀ ॥੩੦॥
ਕ੍ਰੁਪੇ, ਓਜ ਤੇ ਦੀਨਿ ਧਕੇਲਾ।
ਆਗੇ ਹੋਇ ਪਛੇਲਾ ਮੇਲਾ[੨]।
ਚੰਦ੍ਰਹਾਸ[੩] ਚਮਕਯੋ ਕਰ ਦਾਏ।
ਗਿਰਤਿ ਸ਼ੇਰ ਕੇ ਉਦਰ ਲਗਾਏ ॥੩੧॥
ਬਹੀ ਭਗੌਤੀ[੬] ਗੁਰੂ ਕੇ ਕਰ ਕੀ।
ਕਰਿ ਤਕਬੀਰ[੪] ਤੁਰਤ ਦੋ ਧਰ ਕੀ।
ਗਿਰਯੋ ਪ੍ਰਿਥੀ ਪਰ ਪਗ ਉਲਟਾਏ।
ਮਰਯੋ ਜਾਨਿ ਦੇਖਨਿ ਗਨ ਆਏ ॥੩੨॥
ਬਰਛੇ ਹਤੇ ਸ਼ਾਹੁ ਕੇ ਹਾਥੀ।
ਤਿਤ ਦਿਸ਼ਿ ਕਰਯੋ ਜਤਨ ਕੇ ਸਾਥੀ।
ਕੀਨਿ ਬਿਲੋਕਨਿ ਹ੍ਵੈ ਕਰਿ ਪਾਹੂ।
ਬਲੀ ਸ਼ੇਰ ਤੇ ਬਿਸਮਯੋ ਸ਼ਾਹੂ ॥੩੩॥
'ਧੰਨ ਧੰਨ' ਸਤਿਗੁਰ ਕੋ ਕਹੈ।
ਖਰੋ ਨਿਕਟਿ ਤਿਸ ਕੀ ਦਿਸ਼ਿ ਲਹੈ।
ਕੇਹਰਿ ਕੋ ਨਿਕਸਯੋ ਤਬਿ ਜੀਵ।
ਮਹਾਂ ਪ੍ਰਕਾਸ਼ਵੰਤਿ ਸੋ ਥੀਵ ॥੩੪॥

---

[੧]ਪਸੂਆਂ ਦੀ ਬਹੁਤੀ ਲੰਬਾਈ ਨੂੰ ਲੰਮੀ ਬੇਲ ਕਹਿੰਦੇ ਹਨ।
[੨]ਪਿੱਛਾ ਕੀਤਾ।
[੩]ਤਲਵਾਰ।
[੪]ਜ਼ਿਬਹ ਕਰਨ ਵਾਂਙੂੰ ਖੁੱਭੀ ਤਲਵਾਰ ਸਾਰੇ ਪੇਟ ਵਿਚ ਫਿਰਕੇ (ਪੇਟ ਨੂੰ) (ਦੋ ਧਰ ਕੀ =) ਦੋ ਫਾੜ ਕਰ ਗਈ। ਤਕਬੀਰ ਉਹ ਕਲਾਮ ਹੈ ਜੋ ਜਾਨਵਰ ਦੇ ਗਲੇ ਛੁਰੀ ਫੇਰਨ ਵੇਲੇ ਮੁਸਲਮਾਨ ਪੜ੍ਹਦੇ ਹਨ, ਉਸ ਤੋਂ ਮੁਹਾਵਰਾ ਹੋ ਗਿਆ ਹੈ ਤਕਬੀਰ ਕਰਨਾ = ਜ਼ਿਬਹ ਕਰਨਾ।

ਆਰੁਨਤਾ[1] ਫੈਲੀ ਸਭਿ ਗੈਨ[2]।
ਦੇਖਤਿ ਸ਼ਾਹ ਉਠਾਏ ਨੈਨ।
ਬੂਝੇ ਗੁਰੂ 'ਕਹਾਂ ਇਹ ਭਯੋ?
ਕੌਨ ਹੁਤੋ ਮਰਿ ਕਿਤ ਇਹ ਗਯੋ? ॥੩੫॥
ਕਯੋਂ ਪ੍ਰਕਾਸ਼ ਐਸੇ ਦ੍ਰਿਸ਼ਟਾਯੋ।
ਪਿਖਯੋ ਅਪੂਰਬ ਮੈਂ ਬਿਸਮਾਯੋ।'
ਸੁਨਿ ਸ਼੍ਰੀ ਹਰਿ ਗੋਵਿੰਦ ਬਖਾਨੋ।
'ਕਾਸਮ ਬੇਗ ਨਾਮ ਇਸ ਜਾਨੋ ॥੩੬॥
ਤੁਮ ਹਕਾਰਿ ਕੈ ਬੂਝਨਿ ਕੀਜੈ।
ਸੁਨਯੋ ਚਹਹੁ ਸੋ ਉੱਤਰ ਲੀਜੈ।'
ਜਹਾਂਗੀਰ ਲੇ ਨਾਮ ਗੁਹਾਰਾ[3]।
ਤਿਨ ਤਰੁ ਪਰ ਥਿਰੁ ਹੋਇ ਉਚਾਰਾ ॥੩੭॥
'ਪੂਰਬ ਜਨਮ ਹੁਤੋ ਨਰ ਤਨ ਮੈਂ।
ਅਬਿ ਕੇਹਰਿ ਹੁਇ ਬਾਸੌਂ ਬਨ ਮੈਂ।
ਪਾਤਿਸ਼ਾਹ ਅਕਬਰ ਤੁਵ ਤਾਤ[4]।
ਲਗਤਿ ਕਬੀਲੇ ਮਹਿਂ ਤਿਸ ਭ੍ਰਾਤ ॥੩੮॥
ਇਕ ਦਿਨ ਅਮਰਦਾਸ ਗੁਰੁ ਪਾਸ।
ਗਯੋ ਸ਼ਾਹੁ ਕਰਿ ਦਰਸ਼ਨ ਆਸ।
ਹੁਤੋ ਸੰਗਿ ਮੈਂ ਦਿਖਿ ਰਿਸ ਛਾਈ।
-ਕਯਾ ਪੂਜਤਿ ਹਿੰਦੂ ਢਿਗ ਜਾਈ? - ॥੩੯॥
ਚਲਯੋ ਨਹੀਂ ਮੇਰੋ ਕੁਛ ਚਾਰਾ।
ਮੁਖ ਤੇ ਬਹੁ ਅਪਵਾਦ[5] ਉਚਾਰਾ।
ਨਰਨਿ ਸੁਨਾਇ ਨਿੰਦ ਮੈਂ ਕਰੀ।
ਜਰੀ ਨ ਗੁਰੁ ਕੀਰਤ, ਮਤਿ ਜਰੀ[6] ॥੪੦॥
ਨਿਸ ਮਹਿਂ ਡੇਰਾ ਗੋਇੰਦਵਾਲ।
ਉਠਯੋ ਅਚਾਨਕ ਸੂਲ ਬਿਸਾਲ।
ਖਾਨੇ ਬਿਖੈ ਮਾਸ ਰਹਿ ਕਾਚਾ।

---

[1]ਲਾਲੀ।
[2]ਅਕਾਸ਼ ਵਿਚ।
[3]ਬੁਲਾਇਆ।
[4]ਪਿਤਾ।
[5]ਨਿੰਦਾ।
[6](ਮੇਰੀ) ਸੜੀ ਮਤ ਨੇ।

ਖਾਯੋ ਮੈਂ ਸੁ ਉਦਰ ਨਹਿਂ ਪਾਚਾ[1] ॥੪੧॥
ਗੁਰੁ ਅਰੁ ਮਾਸ ਚਿਤਵਨਾ ਚਿਤ ਮੈਂ।
ਦੁਖ ਤੇ ਹੋਤਿ ਭਯੋ ਤਬਿ ਮ੍ਰਿਤੁ ਮੈਂ।
ਮਾਸ ਦੋਸ਼ ਤੇ ਧਰਿ ਤਨ ਸ਼ੇਰ।
ਗੁਰੁ ਚਿਤਵਤਿ ਫਲ ਲਹਜੋ ਘਨੇਰ ॥੪੨॥
ਆਪ ਆਨਿ ਕਰਿ ਮੁਝ ਕੋ ਮਾਰਾ।
ਭਵ ਸਾਗਰ ਤੇ ਕੀਨਿ ਉਧਾਰਾ।
ਤੂੰ ਬਡਭਾਗ ਦਰਸ ਕੋ ਪਾਵਤਿ।
ਧਜਾਨ ਜੁਗੀਸ਼ਨਿ ਕੇ ਜੋ ਭਾਵਤਿ' ॥੪੩॥
ਇਮ ਕਹਿ ਸੁਰਗ ਬਿਖੈ ਚਲਿ ਗਯੋ।
ਸੁਨਤਿ ਸ਼ਾਹ ਮਨ ਮੈਂ ਬਿਸਮਯੋ।
ਰੂਪ ਅਕਾਰ ਨ[2] ਦੇਖਤਿ ਭਯੋ।
ਜਨੁ ਤਰੁ ਬੋਲਤਿ ਇਮ ਸੁਨਿ ਲਯੋ ॥੪੪॥
ਸਤਿਗੁਰ ਕੀ ਮਹਿਮਾ ਬਡ ਜਾਨੀ।
ਬਲੀ ਬੀਰ ਅਤਿ ਕੀਰਤਿ ਠਾਨੀ।
'ਕਰਾਮਾਤ ਸਾਹਿਬ ਗੁਰੁ ਗਾਦੀ।
ਕਰੀ ਹਜ਼ਾਰਨਿ ਕੇ ਘਟ ਸ਼ਾਦੀ ॥੪੫॥
ਬਡੇ ਬਹਾਦੁਰ ਗੁਰੁ ਬਲ ਭਾਰੀ।
ਗੇਰਜੋ ਸ਼ੇਰ ਸਿਪਰ ਮੁਖ ਮਾਰੀ।
ਜਥਾ ਡੀਲ ਤਿਮ ਆਯੁਧ ਧਾਰੀ।
ਕੋਇ ਨ ਸਮਸਰ ਹੋਇ ਤੁਮਾਰੀ' ॥੪੬॥
ਹਜ਼ਰਤਿ ਹਰਖਤਿ ਲੇ ਗੁਰੁ ਤੀਰ।
ਸਨੇ ਸਨੇ ਹਟਿ ਗਮਨੇ ਧੀਰ।
ਰੂਪ ਬਿਲੋਕਤਿ ਸੁਜਸੁ ਬਖਾਨਤਿ।
ਗੁਰੁ ਬੋਲਤਿ ਸੁਨਿ ਪੁਨ ਸਨਮਾਨਿਤ ॥੪੭॥
ਪੁਰਿ ਕੇ ਨਿਕਟ ਗਏ ਜਿਹ ਸਮੋ।
ਸ਼ਾਹੁ ਬੰਦਿ ਕਰ ਕੀਨਿ ਨਮੋ।
ਸਤਿਗੁਰੁ ਨਿਜ ਡੇਰੇ ਕੋ ਆਏ।
ਸ਼ਾਹੁ ਦੁਰਗ ਪ੍ਰਵਿਸ਼ਜੋ ਨਿਜ ਥਾਏ ॥੪੮॥
ਸਭਿ ਉਮਰਾਵ ਜਿਨਹੁਂ ਗੁਰੁ ਦੇਖੇ।

---

[1]ਨਾ ਪਚਿਆ।
[2]ਨਾ ਰੂਪ ਤੇ ਨਾ ਆਕਾਰ।

ਆਪਸ ਮਹਿਂ ਜਸੁ ਕਰਤਿ ਵਿਸ਼ੇਖੇ।
'ਬਲੀ ਬਹਾਦੁਰ ਬੀਰ ਬਿਲੰਦ।
ਉਤਰਿ ਕੇਹਰੀ ਕਰਯੋ ਨਿਕੰਦ ॥੪੯॥
ਕਰੀ ਬਹਾਦੁਰੀ ਸ਼ਾਹੁ ਦਿਖਾਈ।
ਕੀਰਤਿ ਆਪ ਬਦਨ ਤੇ ਗਾਈ[1]।'
ਖਾਨ ਪਾਨ ਕਰਿ ਖਿਲਕਤ ਸਾਰੀ।
ਸੁਪਤਿ ਜਥਾ ਸੁਖ ਨਿਸਾ ਗੁਜ਼ਾਰੀ ॥੫੦॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਕੇਹਰਿ ਨਿਕੰਦਨ' ਪ੍ਰਸੰਗ ਬਰਨਨੰ ਨਾਮ ਪੰਚ ਪੰਚਾਸਤਿ ਅੰਸੂ ॥੫੫॥

---

[1]ਕਹੀ ਹੈ ਆਪ (ਸ਼ਾਹ ਨੇ ਗੁਰੂ ਜੀ ਦੀ)।

੫੬. [ਦਿੱਲੀ ਤੋਂ ਕੂਚ]

੫੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੭

ਦੋਹਰਾ: ਬੀਤਿ ਗਈ ਸੋ ਜਾਮਨੀ,
ਕੀਨੇ ਸੌਚ ਸ਼ਨਾਨ।
ਸ਼ਸਤ੍ਰ ਗੁਰੁ ਪਹਿਰ ਕਰਿ,
ਬੈਠੇ ਲਾਇ ਦਿਵਾਨ ॥੧॥

ਚੌਪਈ: ਹਾਨਨਿ ਪੰਚਾਨਨ ਕੋ ਕਾਨਨਿ[1]।
ਕੋ ਆਨਨ ਭਨਿ ਕੋ ਸੁਨਿ ਕਾਨਨਿ[2]।
ਸੁਧਿ ਹਿਤ ਆਇ ਸਿੱਖ ਪੁਰਿ ਬਾਸੀ।
ਦੇਖਤਿ ਦਰਸ਼ਨ ਬੈਠੇ ਪਾਸੀ ॥੨॥
ਬੂਝਤਿ ਭੇ ਪ੍ਰਸੰਗ ਜਿਮ ਭਯੋ।
'ਕੇਹਰਿ ਬਲੀ ਆਪਿ ਹਤਿ ਦਯੋ।
ਸੁਖ ਸਰੀਰ ਸਾਰੇ ਪਰ ਰਹ੍ਯੋ?
ਨਖ ਕੋ ਘਾਤ ਨਹੀਂ ਕਿਤ ਲਹ੍ਯੋ' ॥੩॥
ਢਿਗ ਮਸੰਦ ਨੇ ਸਕਲ ਸੁਨਾਈ।
'ਜੰਬੁਕ[3] ਸਮ ਸੁਖੇਨ ਲਿਯ ਘਾਈ।'
ਇਤਨੇ ਮਹਿਂ ਵਜ਼ੀਰ ਖਾਂ ਆਯੋ।
ਹਾਥ ਜੋਰਿ ਕਰਿ ਸੀਸ ਨਿਵਾਯੋ ॥੪॥
ਬੈਠ੍ਯੋ ਨਿਕਟ ਸੁਜਸੁ ਬਹੁ ਕਹ੍ਯੋ।
'ਸ਼ਾਹੁ ਆਪਿ ਢਿਗ ਆਵਨਿ ਚਹ੍ਯੋ।
-ਸ਼੍ਰੀ ਸਤਿਗੁਰੁ ਡੇਰੇ ਬਿਚ ਰਹੋ।
ਨਹਿਂ ਆਗਵਨ ਇਹਾਂ ਕੋ ਚਹੋ- ॥੫॥
ਇਮ ਕਹਿ ਮੋ ਕਹੁ ਪਠ੍ਯੋ ਅਗਾਰੀ।
ਭਯੋ ਪ੍ਰਸੰਨ ਹੇਰਿ ਬਲ ਭਾਰੀ।'
ਬੈਠਿ ਰਹ੍ਯੋ ਕਹਿ ਗੁਰੂ ਸਮੀਪ।
ਉਤ ਭਾ ਤਯਾਰਿ ਤੁਰਕ ਅਵਨੀਪ[4] ॥੬॥
ਚਲਿ ਮਜਨੂ ਕੇ ਆਇ ਸਥਾਨ।
ਗੁਰੁ ਕਰਿਵਾਇਸਿ ਫਰਸ਼ ਮਹਾਨ।
ਕਰਿ ਡਸਵਾਵਨਿ ਬਡਿ ਮਸਨੰਦ[1]।

---

[1]ਮਾਰਨਾ ਸ਼ੇਰ ਦਾ ਬਣ ਵਿਚ।
[2]ਕਿਸੇ ਕਿਹਾ ਮੂੰਹੋਂ, ਕਿਸੇ ਸੁਣਿਆਂ ਕੰਨੀਂ।
[3]ਗਿੱਦੜ।
[4]ਭਾਵ ਜਹਾਂਗੀਰ।

ਧਰਿ ਪਾਛੇ ਉਪਧਾਨੁ[2] ਬਿਲੰਦ ॥੭॥
ਗਾਦੀ ਪਰ ਬੈਠੇ ਗੁਰੁ ਪੂਰੇ।
ਚਾਮਰ ਚਲਹਿ ਚਲਾਚਲ[3] ਰੂਰੇ।
ਬਡੋ ਦਿਵਾਨਿ ਲਗ੍ਯੋ ਤਿਹ ਸਮੋ।
ਆਨਿ ਅਨੇਕ ਠਾਨਿਤੇ ਨਮੋ ॥੮॥
ਜਹਾਂਗੀਰ ਜਬਿ ਬੈਠੇ ਹੇਰੇ।
ਹਯ ਤੇ ਉਤਰਿ ਆਇ ਤਬਿ ਨੇਰੇ।
ਕਰਿ ਅਭਿਬੰਦਨ ਬੈਠ੍ਯੋ ਪਾਸ।
ਕਹਿ ਅਖੇਰ ਕੇ ਬਾਕ ਬਿਲਾਸ ॥੯॥
'ਕੇਹਰਿ ਬਲੀ ਆਪਿ ਨੇ ਮਾਰਾ।
ਪੁਨ ਬ੍ਰਿਤੰਤ ਤਿਨ[4] ਅਪਨਿ ਉਚਾਰਾ।
ਸਾਹਿਬ ਕਰਾਮਾਤ ਗੁਰੁ ਗਾਦੀ।
ਸਿੱਖਨਿ ਦਿਯੋ ਗ੍ਯਾਨ ਅਹਿਲਾਦੀ' ॥੧੦॥
ਸ਼੍ਰੀ ਹਰਿਗੋਵਿੰਦ ਸੁਨਤਿ ਉਚਾਰਾ।
'ਅੰਤਿ ਸਮੇਂ ਜਿਸ ਜਸ ਮਨ ਧਾਰਾ[5]।
ਪਾਇ ਜੂਨ ਤਸ ਕਰਮ ਅਧੀਨ।
ਭੋਗਤਿ ਦੁਖ ਸੁਖ ਕੋ ਜਿਮ ਕੀਨ[6]' ॥੧੧॥
ਘਟਿਕਾ ਏਕ ਬੈਠਿ ਕਰਿ ਸ਼ਾਹੂ।
ਗਮਨ੍ਯੋ ਪੁਨ ਉਰ ਧਾਰਿ ਉਮਾਹੂ।
ਇਸ ਪ੍ਰਕਾਰ ਬੀਤੇ ਦਿਨ ਕੇਤੇ।
ਸਤਿਗੁਰੁ ਨਿਜ ਸਿੱਖਨਿ ਸੁਖ ਦੇਤੇ ॥੧੨॥
ਪੁਰਿ ਤੇ ਸਿਖ ਸੰਗਤਿ ਚਲਿ ਆਵੈਂ।
ਭਏ ਬਿਲੋਚਨ ਕੋ[7] ਫਲ ਪਾਵੈਂ।
ਚੰਦ ਬਦਨ ਕੋ ਦਰਸ਼ਨ ਕਰਿ ਕਰਿ।
ਬੈਠਤਿ ਨਿਕਟ ਅਨੰਦ ਉਰ ਭਰਿ ਭਰਿ ॥੧੩॥
ਕਮਲ ਪਾਂਖਰੀ ਆਂਖਿ ਬਿਸਾਲੇ।

---

[1]ਗੱਦੀ।
[2]ਸਿਰਹਾਣਾ।
[3]ਚੰਚਲ।
[4]ਭਾਵ ਸ਼ੇਰ ਨੇ।
[5]ਜਿਸ ਨੇ ਜਿਹੋ ਜਿਹਾ ਮਨ ਵਿਚ ਧਾਰਿਆ ਹੈ।
[6]ਜਿਵੇਂ (ਕਰਮ) ਕੀਤਾ।
[7]ਨੇਤਰਾਂ ਦੇ ਹੋਣ ਦਾ।

ਤੀਖਨ ਕੋਰ ਬਾਨ ਅਨਿਯਾਲੇ[1]।
ਦਰਸ਼ਨ ਕਰਹਿਂ ਕਾਮਨਾ ਪਾਵੈਂ।
ਅਨਿਕ ਅਕੋਰਨਿ ਕੋ ਅਰਪਾਵੈਂ ॥੧੪॥
ਇਸ ਪ੍ਰਕਾਰ ਸਿੱਖੀ ਬਿਸਤਾਰੀ।
ਕਰਨਿ ਪਯਾਨ ਸ਼ਾਹੁ ਭਾ ਤਯਾਰੀ।
ਪਠਜੋ ਵਜ਼ਰੀ ਖਾਨ ਕੋ ਤਬੈ।
ਕਰਿ ਬੰਦਨ ਪ੍ਰਸੰਗ ਕਹਿ ਸਬੈ ॥੧੫॥
'ਹਜ਼ਰਤਿ ਚਹੀ ਕਰਨਿ ਅਸੁਵਾਰੀ।
ਕਹਜੋ ਆਪ ਸੋਂ -ਕੀਜਹਿ ਤਯਾਰੀ।
ਨਗਰ ਆਗਰੈ ਚਲਿ ਕਰਿ ਥਿਰੈਂ।
ਕੇਤਿਕ ਦਿਨ ਬਿਲਾਸ ਤਹਿਂ ਕਰੈਂ ॥੧੬॥
ਕਰਹੁ ਆਪਿ ਭੀ ਸੈਲ ਘਨੇਰੇ-।
ਸ਼ਾਹੁ ਚਹਤਿ ਹੈ ਮੇਲ ਬਡੇਰੇ।
ਖੇਲਹੁ ਮਿਲਿ ਅਖੇਰ ਬਿਧਿ ਨਾਨਾ।
ਬਨ ਉਪਬਨ[2] ਕੋ ਪਿਖਹੁ ਮਹਾਨਾ ॥੧੭॥
ਕਹਜੋ ਸ਼ਾਹੁ ਮਨ ਪ੍ਰੇਮੀ ਹ੍ਵੈ ਕੈ।
ਗਮਨਹੁ ਸੰਗ ਕ੍ਰਿਪਾ ਨਿਜ ਕੈ ਕੈ-।'
ਇੱਤਯਾਦਿਕ ਕਹਿ ਕੀਨੇ ਤਯਾਰਿ।
ਭਏ ਸਾਥਿ ਸਤਿਗੁਰੁ ਅਸਵਾਰੁ ॥੧੮॥
ਗਮਨੇ ਪੰਥ ਆਗਰੈ ਚਲੇ।
ਹਿਤ ਅਖੇਰ ਹਜ਼ਰਤ ਕਬਿ ਮਿਲੇ।
ਹਨਹਿਂ ਮ੍ਰਿਗਨਿ ਕਹੁ ਅਧਿਕ ਧਵਾਇ।
ਦੇਖਤਿ ਓਜ ਸ਼ਾਹੁ ਹਰਖਾਇ ॥੧੯॥
ਇਮ ਕ੍ਰਮ ਕ੍ਰਮ ਤੇ ਪਹੁੰਚੇ ਜਾਈ।
ਥਿਰੇ ਆਗਰੇ ਪਿਖਿ ਸ਼ੁਭ ਥਾਈ।
ਕਬਿ ਕਬਿ ਮਿਲਹਿਂ ਨਿਕਟ ਬੁਲਵਾਵਹਿਂ।
ਹੋਇ ਏਕਠੇ ਵਹਿਰ ਸਿਧਾਵਹਿਂ ॥੨੦॥
ਇਕ ਦਿਨ ਕਿਸ ਕੇ ਮੁਖ ਤੇ ਸੁਨਜੋ।
ਗੁਰ ਕੋ 'ਸਚੁ ਪਤਿਸ਼ਾਹੁ' ਸੁ ਭਨਜੋ।
ਜਹਾਂਗੀਰ ਉਰ ਸੰਸੈ ਭਯੋ।

[1]ਨੇਤ੍ਰਾਂ ਦੇ ਕੋਨੇ ਮਾਨੋ ਬਾਣ ਹਨ ਤਿੱਖੀ ਚੁੰਝ ਵਾਲੇ।
[2]ਬਾਗ।

-ਮੁਝ ਤੇ ਭੀ ਊਚੋ ਪਦ ਥਿਯੋ- ॥੨੧॥
ਰਹਯੋ ਗਿਨਤਿ ਚਿਤ ਮਹਿਂ ਅਧਿਕਾਯੋ।
-ਇਹ ਕਿਮ ਨਾਮ ਅਪਨਿ ਧਰਵਾਯੋ।
ਸਾਚੋ ਪਾਤਿਸ਼ਾਹੁ ਨਰ ਕਹੈਂ।
ਇਤੀ ਜਿਠਾਈ[1] ਕਯੋਂ ਕਰਿ ਲਹੈਂ- ॥੨੨॥
ਏਕ ਦਯੋਸ ਪੁਨ ਚਢੇ ਸ਼ਿਕਾਰ।
ਭਯੋ ਮੇਲ ਬੋਲਯੋ ਹਿਤ ਧਾਰਿ।
'ਸੁਨਯੋ ਜਗਤ ਮਹਿਂ ਨਾਮ ਤੁਹਾਰਾ।
ਕਹਿਂ -ਸਾਚਾ ਪਤਿਸ਼ਾਹੁ- ਉਦਾਰਾ ॥੨੩॥
ਗੁਰੂ ਨਾਮ ਤੁਮ ਕੋ ਬਨਿ ਆਵੈ।
ਜਥਾ ਪ੍ਰਥਮ ਹੀ ਬਿਧਿ ਕਹਿਵਾਵੈਂ।'
ਸੁਨਿ ਬੋਲੇ ਸ਼੍ਰੀ ਹਰਿਗੋਵਿੰਦ।
'ਐਸੇ ਨਾਮ ਜਿ ਕਹਿਂ ਜਗ ਬ੍ਰਿੰਦ ॥੨੪॥
ਅਰਪਹਿਂ ਭੇਟ ਆਇ ਦਰਸੈ ਹੈਂ।
ਦੂਰਿ ਦੂਰਿ ਤੇ ਸੰਗਤਿ ਐਹੈ।
ਹਮ ਨਹਿਂ ਕਿਸ ਕੋ ਕਹੈਂ ਕਦਾਈ।
ਆਪਹਿ ਨਾਮ ਧਰੈਂ ਸਮੁਦਾਈ' ॥੨੫॥
ਜਹਾਂਗੀਰ ਕੋ ਕਹਿ ਸਮੁਝਾਯੋ।
ਤਊ ਨ ਨਿਸ਼ਚੇ ਤਿਸ ਉਰ ਆਯੋ।
ਸ਼੍ਰੀ ਗੁਰੁ ਜਾਨਿ ਲੀਨਿ ਮਨ ਕੇਰੀ।
-ਲਖਿ ਨ ਸਕਹਿ ਬਿਨੁ ਲੋਚਨ ਹੇਰੀ- ॥੨੬॥
ਬਿਪਨ ਸ਼ਿਕਾਰ ਖੇਲਿ ਕਰਿ ਆਏ।
ਧਨੁ ਤਰਕਸ਼, ਕਟ ਖੜਗ ਸੁਹਾਏ।
ਸੰਗਤਿ ਅਧਿਕ ਆਗਰੇ ਨਗਰ।
ਹਿਤ ਗੁਰੁ ਦਰਸ਼ਨ ਆਏ ਸਗਰ ॥੨੭॥
ਉੱਤਮ ਅਨਿਕ ਅਕੋਰਿਨ ਲਯਾਏ।
ਪੰਚਾਂਮ੍ਰਿਤ ਕਰਿ ਕੈ ਸਮੁਦਾਏ।
ਮਨੋਕਾਮਨਾ ਜਿਮ ਕਰਿ ਆਵੈਂ।
ਦਰਸ਼ਨ ਕਰੇ ਗੁਰੂ ਕੇ, ਪਾਵੈਂ ॥੨੮॥
ਸੁੰਦਰ ਡੀਲ ਬਿਲੰਦ ਸੁਸ਼ੀਲਾ।
ਮੁਖ ਮੰਡਲ ਜਨੁ ਚੰਦ ਛਬੀਲਾ।

---

[1]ਵਡਿਆਈ।

ਭੁਜਾ ਪ੍ਰਲੰਬਤਿ ਆਯੁਤ[1] ਛਾਤੀ।
ਦਿਪਤਿ ਦਸਨ ਜਨੁ ਹੀਰਨਿ ਪਾਂਤੀ[2] ॥੨੯॥
ਕ੍ਰਿਪਾ ਭਰੇ ਅਰਬਿੰਦ ਬਿਲੋਚਨ।
ਪਿਖਹਿਂ ਕਟਾਖਨਿ ਬੰਧਨਿ ਮੋਚਨ।
ਇੱਤਯਾਦਿਕ ਸੁੰਦਰਤਾ ਸਾਰੀ।
ਮਹਾਂਰਾਜ ਕੇ ਲੱਛਣ ਭਾਰੀ ॥੩੦॥
ਕਰਿ ਦਰਸ਼ਨ ਸੰਗਤਿ ਹਰਖਾਵੈ।
ਜੋਧਾ ਗੁਰੂ ਬਿਲੰਦ ਸੁਹਾਵੈ।
'ਇਹ ਘਾਲਹਿਂਗੇ ਕਬਿ ਘਮਸਾਨਾ।
ਮਹਾਂਬੀਰ ਕਰਿ ਹੈ ਰਿਪੁ ਹਾਨਾ' ॥੩੧॥
ਇੱਤਯਾਦਿਕ ਜਸੁ ਕੋ ਬਿਸਤਾਰੈਂ।
ਬਾਰਿ ਬਾਰਿ ਗੁਰ ਰੂਪ ਨਿਹਾਰੈਂ।
ਕੁਸ਼ਲ ਪ੍ਰਸ਼ਨ ਗੁਰੁ ਸਭਿ ਸੋਂ ਕਰੈਂ।
ਕ੍ਰਿਪਾ ਦ੍ਰਿਸ਼ਟਿ ਦਾਸਨਿ ਪਰਿ ਧਰੈਂ ॥੩੨॥
ਨਿਕਟਿ ਨਿਕਟਿ ਕੇ ਪੁਰਿ ਅਰੁ ਗ੍ਰਾਮੂ।
ਆਵੈਂ ਸੁਨਤਿ ਸੁਜਸੁ ਅਭਿਰਾਮੂ।
ਸਿੱਖਯ ਸੈਂਕਰੇ ਬਨਹਿਂ ਨਵੀਨ।
ਲੋਕ ਪ੍ਰਲੋਕ ਸ਼੍ਰੇਯ ਕੋ ਚੀਨ ॥੩੩॥
ਦਿਨ ਪ੍ਰਤਿ ਰਹਤਿ ਅਧਿਕ ਹੀ ਮੇਲੇ।
ਦਰਸ਼ਨ ਕਰਿ ਕਰਿ ਹੋਹਿਂ ਸੁਹੇਲੇ।
ਮਨੋ ਕਾਮਨਾ ਗੁਰੁ ਤੇ ਪਾਵੈਂ।
ਜਹਿਂ ਕਹਿਂ ਗਮਨਹਿਂ ਜਸ ਬਿਦਤਾਵੈਂ ॥੩੪॥
ਬਹੁਰੋ ਇਕ ਦਿਨ ਚਢੇ ਸ਼ਿਕਾਰ।
ਜਹਾਂਗੀਰ ਹ੍ਵੈ ਕਰਿ ਅਸੁਵਾਰ।
ਕਹਿ ਕਰਿ ਸਤਿਗੁਰ ਸੰਗ ਚਢਾਏ।
ਹਯਨਿ ਕੁਦਾਵਤਿ ਚਲੇ ਅਗਾਏ ॥੩੫॥
ਸ਼੍ਰੀ ਹਰਿਗੋਵਿੰਦ ਦੂਸਰਿ ਸ਼ਾਹੂ।
ਦੋਨਹੁ ਅਸੁ ਪਰ ਗਮਨਤਿ ਰਾਹੂ।
ਕਾਨਨ ਚਲੇ ਜਾਤਿ ਉਤਸਾਹੂ।
ਭਨਤਿ ਸੁਨਤਿ ਬਚ ਆਪਸਿ ਮਾਂਹੂ ॥੩੬॥

---

[1]ਚੌੜੀ।
[2]ਪੰਕਤੀ।

ਜਹਾਂ ਮ੍ਰਿਗਨਿ ਕੋ ਅਧਿਕ ਬਸੇਰੇ।
ਲਿਏ ਜਾਤਿ ਭੇਤੀ ਜਿ ਅਗੇਰੇ।
ਕੂਕਰ, ਚੀਤੇ, ਬਾਜ ਘਨੇਰੇ।
ਬਹਰੀ, ਜੁੱਰਰੇ ਬੇਗ ਬਡੇਰੇ ॥੩੭॥
ਸੰਗਿ ਬਾਵਰੈਂ[1] ਲੇਤਿ ਸਿਧਾਏ।
ਜਾਏ ਪ੍ਰਵੇਸ਼ੇ ਬਨ ਸਮੁਦਾਏ।
ਸਤਿਗੁਰੁ ਅਰੁ ਹਜ਼ਰਤ ਇਕ ਸੰਗਿ।
ਕਰੈਂ ਧਵਾਵਨਿ ਬੇਗ ਤੁਰੰਗ ॥੩੮॥
ਬਨ ਕੇ ਜੀਵ ਘੇਰਿ ਕਰਿ ਮਾਰਹਿ।
ਨਿਕਸਹਿਂ ਅੱਗ੍ਰ ਨ ਜਿਯਤ ਸਿਧਾਰਹਿਂ।
ਤੀਰਨਿ ਸੰਗਿ ਐਂਚਿ ਗੁਰੁ ਹਨੇ।
ਜਹਾਂਗੀਰ ਸੰਘਾਰਤਿ ਘਨੇ ॥੩੯॥
ਸ੍ਵਾਨ ਗਹੈਂ ਅਰੁ ਚੀਤੇ ਛੋਰਹਿਂ।
ਜਾਨਿ ਨ ਦੇਤਿ ਫਾਂਧ ਕਰਿ ਦੌਰਹਿਂ।
ਇਸ ਬਿਧਿ ਕਰਿ ਅਖੇਰ ਕੋ ਨਾਨਾ।
ਪਿਖਹਿਂ ਤਮਾਸ਼ੋ ਕਰਤਿ ਪਯਾਨਾ ॥੪੦॥
ਬਹੁਰਿ ਭਈ ਤੀਛਨ ਬਡ ਘਾਮ।
ਚਾਹਤਿ ਉਤਰਨਿ ਹਿਤ ਬਿਸਰਾਮ।
ਬਨ ਕੋ ਛੋਰਤਿ ਹਟੇ ਪਿਛੇਰੇ।
ਹੇਰਤਿ ਛਾਯਾ ਸਘਨ ਘਨੇਰੇ ॥੪੧॥
ਦੇਖਿ ਸਥਾਨ ਰੁਚਿਰ ਤਰੁ ਤਰੇ।
ਉਤਰਜੋ ਸ਼ਾਹੁ ਖੇਦ[2] ਪਰਹਰੇ।
ਤਿਸਤੇ ਕਿਤਿਕ ਦੂਰਿ ਗੁਰੁ ਥਿਰੇ।
ਤਰੇ ਤਰੋਵਰ ਕੇ ਸੁਖ ਕਰੇ ॥੪੨॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਦਿੱਲੀ ਤੇ ਕੂਚ ਕਰਨਿ' ਪ੍ਰਸੰਗ ਬਰਨਨੰ ਨਾਮ ਖਟ ਪੰਚਾਸਤਿ ਅੰਸੂ ॥੫੬॥

---

[1]ਜਾਲ (ਅ) ਬਾਵਰੀਆ। ਇਕ ਨੀਚ ਜਾਤ ਜੋ ਜਾਲ ਨਾਲ ਸ਼ਿਕਾਰ ਫੜਦੇ ਹਨ [ਪੰਜਾਬੀ, ਬੌਰ = ਹਰਨ ਫੜਨ ਦਾ ਜਾਲ। ਬੌਰ ਤੋਂ ਬੌਰੀਆ, ਬਾਵਰੀਆ]

[2]ਥਕਾਨ।

੫੭. [ਸੱਚਾ ਪਾਤਸ਼ਾਹ। ਘਾਹੀ]

੫੬<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੮

ਦੋਹਰਾ: ਸ਼ਾਹੁ ਤਰੋਵਰ ਕੇ ਤਰੇ ਅਲਪ ਨਰਨਿ ਤਿਹ ਸਗ।
ਬੈਠਜੋ ਹਿਤ ਬਿਸਰਾਮ ਕੇ ਖਰੋ ਸਮੀਪ ਤੁਰੰਗ ॥੧॥
ਚੌਪਈ: ਤੈਸੇ ਕਿਤਿਕ ਦੂਰ ਗੁਰ ਥਿਰੇ।
ਘਾਮ[1] ਤਪਤ ਨਿਰਵਾਰਨਿ ਕਰੇ।
ਤਹਿਂ ਇਕਿ ਘਾਹੀ ਚਲਿ ਕਰਿ ਆਯਹੁ।
ਘਾਸ ਖੁਰਚਬੇ ਹਿਤ ਲਲਚਾਯਹੁ ॥੨॥
ਆਵਤਿ ਸੁਨਜੋ -ਗੁਰੂ ਇਤ ਆਏ।
ਹਿਤ ਸ਼ਿਕਾਰ ਕੇ ਅੱਗ੍ਰ ਸਿਧਾਏ-।
ਹਰਖਜੋ -ਮੈਂ ਇਤ ਦਰਸ਼ਨ ਪਾਊਂ।
ਮਨੋ ਕਾਮਨਾ ਸਭਿ ਪੁਰਵਾਊਂ[2] ॥੩॥
ਸੰਗ ਨਰਨਿ ਕੀ ਭੀਰ ਨ ਕੋਈ।
ਮਸਤਕ ਟੇਕੋਂ ਦਰਸ਼ਨ ਹੋਈ।
ਹਾਥ ਜੋਰਿ ਮੈਂ ਅਰਜ਼ ਗੁਜਾਰੌਂ।
ਮਨ ਤਨ ਕੇ ਦੁਖ ਸਭਿ ਨਿਰਵਾਰੌਂ- ॥੪॥
ਇਮ ਚਿਤਵਤਿ ਚਲਿ ਕਰਿ ਤਹਿਂ ਆਯਹੁ।
ਜਹਾਂਗੀਰ ਜਹਿਂ ਥਿਰ ਸੁਖ ਪਾਯਹੁ।
ਬੂਝਨਿ ਲਗਜੋ 'ਸਾਚ ਪਤਿਸ਼ਾਹੁ।
ਕਿਤ ਉਤਰਜੋ ਕਹੀਅਹਿ ਮੁਝ ਪਾਹੁ?' ॥੫॥
ਸ਼ਾਹੁ ਨਰਨਿ ਕੁਛ ਸਮਝਜੋ ਨਾਂਹੀ।
ਜਾਨਜੋ ਹਜ਼ਰਤਿ ਹੇਰਨਿ ਚਾਹੀ।
ਦਿਯੋ ਬਤਾਇ 'ਅਮਕ ਤਰੁ ਤਰੇ।
ਛਾਯਾ ਸਘਨ ਬਿਖੈ ਤਹਿਂ ਥਿਰੇ ॥੬॥
ਇਮ ਹੀ ਬੂਝਤਿ ਪਹੁਂਚਜੋ ਜਾਇ।
ਜਹਾਂਗੀਰ ਬੈਠਜੋ ਜਿਸ ਥਾਇਂ।
ਬਰਜਨ ਵਾਰੋ[3] ਨਰ ਜਹਿਂ ਖਰੋ।
ਤਿਸ ਢਿਗ ਜਾਇ ਬੂਝਬੋ ਕਰੋ ॥੭॥
'ਬੈਠਜੋ ਜਹਿਂ ਸਾਚੋ ਪਤਿਸ਼ਾਹੂ।

---

[1]ਧੁੱਪ ਦੀ।
[2]ਪੂਰੀ ਕਰਵਾਵਾਂਗਾ।
[3]ਰੋਕਣ ਵਾਲਾ।

ਭੇਟ ਚਢਾਵਨਿ ਚਾਹਤਿ ਪਾਹੂ।
ਸ਼ਾਹ ਸਮੁਖ ਦੇਖਤਿ ਇਮ ਕਹਯੋ।
'ਆਵਨਿ ਦੇਹੁ ਕਹਾਂ ਇਨ ਲਹਯੋ[1]' ॥੮॥
ਕਿਨਹੁ ਨ ਬਰਜਯੋ ਰੁਖ਼ ਕੋ ਹੇਰੇ।
ਕਰਿ ਧਰਿ ਟਕਾ ਗਯੋ ਤਬਿ ਨੇਰੇ।
ਬੇਖ ਸਰੂਪ ਦੇਖਿ ਸੋ ਘਾਹੀ[2]।
ਅਧਿਕ ਅਨੰਦ ਧਾਰਿ ਉਰ ਮਾਂਹੀ ॥੯॥
ਆਗੇ ਟਕਾ ਰਾਖਿ ਨਿਜ ਕਰ ਤੇ।
ਬੰਦਨ ਕਰੀ ਨੰਮ੍ਰਿ ਹੁਇ ਸਿਰ ਤੇ।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ।
'ਸਾਚੋ ਪਾਤਸ਼ਾਹੁ, ਗੁਰੁ ਭਾਰੀ! ॥੧੦॥
ਦਰਸ਼ਨ ਕੀ ਅਭਿਲਾਖ ਘਨੇਰੀ।
ਸੁਨਹੁ ਸ਼੍ਰੋਨ ਦੇ ਬਿਨਤੀ ਮੇਰੀ।
-ਦੀਨ ਦੁਨੀ ਕੋ ਮਾਲਿਕ ਅਹੈਂ।
ਸਾਚੋ ਪਾਤਿਸ਼ਾਹੁ- ਇਮ ਕਹੈਂ ॥੧੧॥
ਦਾਸ ਗਰੀਬ ਜਾਨਿ ਕਰਿ ਮੋਹੀ।
ਬਨਹੁ ਸਹਾਇ ਮ੍ਰਿਤੂ ਜਬਿ ਹੋਹੀ।
ਅਪਰ ਕਾਮਨਾ ਕੋਇ ਨ ਨਾਥ।
ਜਮ ਤੇ ਰਾਖਹੁ ਦੇ ਕਰਿ ਹਾਥ ॥੧੨॥
ਜਹਾਂਗੀਰ ਸੁਨਿ ਕੈ ਬਿਸਮਾਯੋ-।
ਗੁਰੂ ਜਾਨਿ ਮੋ ਕਹੁ, ਇਹ ਆਯੋ।
ਮੋ ਮਹਿਂ ਕਹਾਂ ਸ਼ਕਤਿ ਹੈ ਐਸੇ।
ਰੱਛਾ ਕਰੋਂ ਪਲਤਿ[3] ਮਹਿਂ ਜੈਸੇ ॥੧੩॥
ਦੁਨੀਆਂ ਮਹਿ ਕਰਿਬੇ ਸਮਰੱਥ।
ਨਹੀਂ ਦੀਨ ਕੁਛੁ ਹਮਰੇ ਹੱਥ।
ਸ੍ਰੀ ਹਰਿਗੋਵਿੰਦ ਮੁਝ ਕੋ ਜਾਨਾ।
ਯਾਂ ਤੇ ਇਸ ਬਿਧਿ ਬਾਕ ਬਖਾਨਾ ॥੧੪॥
ਦੀਨ ਦੁਨੀ ਜੋ ਕਰਹਿ ਸਹਾਇ।
ਸਚ ਪਤਿਸ਼ਾਹਿਤ ਤਿਸ ਬਨਿਆਇ।

---

[1]ਇਹ ਕੀ ਜਾਣਿਆਂ ਚਾਹੁੰਦਾ ਹੈ।
[2](ਸ਼ਾਹ ਦਾ) ਭੇਖ ਸਰੂਪ ਦੇਖਕੇ।
[3]ਪ੍ਰਲੋਕ।

ਗੁਰੂ ਕਹਤਿ ਥੇ ਜੋ ਮਮ ਪਾਸ।
ਕਰਹਿਂ ਆਪ ਨਰ ਨਾਮ ਪ੍ਰਕਾਸ਼ ॥੧੫॥
ਹਮ ਨਹਿਂ ਕਿਸ ਕੇ ਸੰਗ ਬਖਾਨਹਿਂ।
ਸਾਚੋ ਪਾਤਿਸ਼ਾਹੁ ਜਗੁ ਜਾਨਹਿਂ।
ਕਹੈਂ ਆਪ ਹੀ ਤੇ ਇਹ ਨਾਮੂ।
ਬਿਦਤਜੋ ਸਗਰੇ ਪੁਰਿ ਅਰੁ ਗ੍ਰਾਮੂ ॥੧੬॥
ਇਹ ਕਹਿਬੋ ਗੁਰ ਕੋ ਸਭਿ ਸਾਚਾ।
ਲਗਨਿ ਨ ਦੇਤਿ ਦਾਸ ਦੁਖ ਆਂਚਾ[1]-।
ਇਮ ਚਿਤ ਮਹਿਂ ਚਿਤਵਤਿ ਭਾ ਸ਼ਾਹੂ।
ਗੁਰ ਨਿਸ਼ਚੈ[2] ਹੋਯਹੁ ਉਰ ਮਾਂਹੂ ॥੧੭॥
'ਘਾਹੀ! ਸੁਨਿ[3]' ਤਬਿ ਕਹਜੋ ਸੁਨਾਈ।
'ਹਮ ਦੁਨੀਆਂ ਕੋ ਸ਼ਾਹੁ ਕਹਾਈਂ।
ਅੰਤ ਕਾਲ ਹ੍ਵੈ ਨਹੀਂ ਸਹਾਇ।
ਤਹਿਂ ਕੁਛ ਹਮਰੇ ਬਸ ਨ ਬਸਾਇ ॥੧੮॥
ਸਾਚੋ ਸ਼ਾਹੁ ਗੁਰੂ ਜਿਸ ਕਹੈਂ।
ਅਪਰ ਥਾਨ ਸੋ ਉਤਰਜੋ ਅਹੈ।
ਤਿਨ ਢਿਗ ਪਹੁੰਚਹੁ ਅਰਜ਼ ਗੁਜ਼ਾਰੋ।
ਰਿਦੇ ਮਨੋਰਥ ਕੋ ਤਹਿਂ ਸਾਰਹੁ ॥੧੯॥
ਇਮ ਸੁਨਿ ਟਿਕਾ ਉਠਾਇ ਸੁ ਘਾਹੀ।
ਗਮਨਜੋ ਅਪਰ ਨਰਨਿ ਕੇ ਪਾਹੀ।
ਸ੍ਰੀ ਹਰਿ ਗੋਵਿੰਦ ਸਚ ਪਤਿਸ਼ਾਹੂ।
ਉਤਰੇ ਕਹਾਂ? ਦੇਖਿਬੇ ਚਾਹੂ ॥੨੦॥
ਮੋਹਿ ਬਤਾਵਹੁ ਸੋ ਇਸ ਥਾਨ।
ਬਿਦਤ ਗਰੀਬ ਨਿਵਾਜ ਮਹਾਨ।'
ਸੁਨਿ ਲੋਕਨਿ ਗੁਰੁ ਥਾਨ ਬਤਾਯੋ।
ਜਹਿਂ ਤਰੁ ਛਾਯ ਅਰਾਮ ਸੁ ਪਾਯੋ ॥੨੧॥
ਪਹੁੰਚਜੋ ਜਾਇ ਦਰਸ ਕੋ ਕਰਿ ਕੈ।
ਬੰਦਨ ਕੀਨਿ ਧਰਨਿ ਸਿਰ ਧਰਿ ਕੈ।
ਟਕਾ ਰਾਖਿ ਕਰਿ ਅਰਜ਼ ਗੁਜ਼ਾਰੀ।

---

[1]ਸੇਕ।
[2](ਦਾ) ਭਰੋਸਾ।
[3]ਹੇ ਘਾਹੀ ਸੁਣ।

'ਮੈਂ ਆਯਹੁ ਗੁਰੁ ! ਸ਼ਰਨਿ ਤੁਮਾਰੀ ॥੨੨॥
ਅੰਤ ਕਾਲ ਮਹਿਂ ਬਨਹੁ ਸਹਾਈ।
ਜਮਦੂਤਨਿ ਤੇ ਲੇਹੁ ਬਚਾਈ।
ਅਭਿਲਾਖਤਿ ਬਹੁ ਦਿਨ ਤੇ ਦਰਸ਼ਨ।
ਆਜ ਭਾਗ ਬਡਿ ਤੇ ਭਾ ਪਰਸਨ ॥੨੩॥
ਨਾਮ ਗ਼ਰੀਬ ਨਿਵਾਜ ਤੁਮਾਰਾ।
ਕਰਹੁ ਨਿਬਾਹਨ ਬਿਰਦ ਉਦਾਰਾ।'
ਸੁਨਿ ਸਤਿਗੁਰੂ ਕ੍ਰਿਪਾਲ ਬਖਾਨਾ।
'ਸਿਮਰਹੁ ਸੱਤਿਨਾਮ ਕੱਲਜਾਨਾ[1] ॥੨੪॥
ਧਰਮ ਕਿਰਤ ਕਰਿ ਖਾਹੁ ਅਹਾਰਾ।
ਇਨ ਦੋਇਨ ਤੇ ਸਦਾ ਸੁਖਾਰਾ।
ਨਹਿਂ ਜਮਦੂਤ ਦੇਖਿਬੇ ਪਾਵਹਿਂ।
ਕਰ ਦੇ ਕਰਿ ਸਤਿਗੁਰੂ ਬਚਾਵਹਿਂ' ॥੨੫॥
ਸੁਨਿ ਬੰਦਨ ਕਰਿ ਗਮਨਯੋ ਘਾਹੀ।
ਅਧਿਕ ਅਨੰਦ ਧਾਰਿ ਉਰ ਮਾਂਹੀ।
ਤਪਤ ਨਿਵਾਰੀ ਸਮਾਂ ਬਿਤਾਇ।
ਚਢਯੋ ਸ਼ਾਹੁ ਸਤਿਗੁਰੂ ਬੁਲਾਇ ॥੨੬॥
ਮਹਿਮਾ ਮਹਾਂ ਮਾਨ ਕਰਿ ਮਨ ਮੈਂ।
ਜਹਾਂਗੀਰ ਪ੍ਰੇਮੀ ਗੁਰ ਤਨ ਮੈਂ।
ਦੇਖਤਿ ਨਿਕਟਿ ਤੁਰੰਗ ਚਲਾਵੈ।
ਮੁਸਕਾਵਿਤ ਮੁਖ ਬਾਕ ਅਲਾਵੈ ॥੨੭॥
ਸਨੈ ਸਨੈ ਪੁਰਿ ਮੈਂ ਚਲਿ ਗਏ।
ਨਿਜ ਨਿਜ ਸਿਵਰ ਉਤਰਤੇ ਭਏ।
ਸੁਖ ਸੋਂ ਨਿਸ ਦਿਨ ਕਿਤਿਕ ਬਿਤਾਏ।
ਕਬਿ ਕਬਿ ਸ਼ਾਹੁ ਮਿਲਹਿ ਬਿਗਸਾਏ ॥੨੮॥
ਪੁਨ ਇਕ ਦਿਨ ਤੈਸੇ ਚਢਿ ਸ਼ਾਹੂ।
ਗੁਰੂ ਬੁਲਾਏ ਪਠਿ ਨਰ ਪਾਹੂ।
ਹੁਤੋ ਪ੍ਰਭਾਤ ਸਮੋ ਹੁਇ ਤਯਾਰ।
ਜ਼ੀਨ ਤੁਰੰਗ ਸਜਿ ਭੇ ਅਸਵਾਰ ॥੨੯॥
ਨਗਰ ਆਗਰੇ ਇਕ ਘਰ ਮਾਂਹੀ।
ਸਿਖ ਕੀ ਸੁਤਾ ਅਸਿਖ ਕੇ ਬਯਾਹੀ।

---

[1] ਮੁਰਤੀ ਦਾਤਾ।

ਗੁਰੁ ਦਰਸ਼ਨ ਕੋ ਚਾਹਤਿ ਰਹੈ।
ਪਤਿ ਸਸੁਰਾਰ[1] ਨ ਆਇਸੁ ਲਹੈ ॥੩੦॥
ਜਬਿ ਇਸ਼ਨਾਨ ਕਰਨਿ ਕਉ ਲਾਗਹਿ।
ਮੁਖ ਤੇ ਇਮ ਕਹਿ ਮਨੁ ਅਨੁਰਾਗਹਿ।
-ਸ਼੍ਰੀ ਗੁਰ ਸਾਚੇ ਜੇ ਕਰਿ ਅਹੈਂ।
ਸਭਿ ਘਟ ਘਟ ਕੀ ਸੁਧਿ ਕੋ ਲਹੈਂ ॥੩੧॥
ਤੌ ਮਮ ਆਸਾ ਪੂਰਨ ਕਰੀਅਹਿ।
ਅਪਨੇ ਦਰਸ਼ਨ ਇਹਾਂ ਦਿਖਰੀਅਹਿ-।
ਇਸ ਬਿਧਿ ਬੋਲਤਿ ਲੇ ਕਰਿ ਨੀਰ।
ਕਰਹਿ ਸੁ ਮੱਜਨ ਸੌਚ ਸ਼ਰੀਰ ॥੩੨॥
ਨਿਤਪ੍ਰਤਿ ਕਹਿਬੇ ਕੋ ਕਰਿ ਨੇਮ।
ਚਾਹਤਿ ਦਰਸ਼ਨ ਮਨ ਮਹਿਂ ਪ੍ਰੇਮ।
ਤਿਸ ਕੋ ਚਿਤਵਤਿ ਸਤਿਗੁਰੁ ਚਾਲੇ।
ਕਰਤਿ ਨਿਬਾਹਨ ਬਿਰਦ ਬਿਸਾਲੇ ॥੩੩॥
ਜਾਤਿ ਬੀਥਕਾ[2] ਤਿਸ ਘਰ ਜੋਈ।
ਹਯ ਚਪਲਾਇ ਚਲਹਿਂ ਚਹਿ ਸੋਈ।
ਲੇਕਰਿ ਜਲ ਕੋ ਹੇਤ ਸ਼ਨਾਨ।
ਚਢੀ ਸਦਨ ਪਰ ਸਮਾਂ ਪਛਾਨ ॥੩੪॥
ਉਤ ਤੇ ਸਤਿਗੁਰ ਤਹਿਂ ਚਲਿ ਆਏ।
ਤਿਸ ਕੇ ਸਦਨ ਜਬਹਿ ਨਿਯਰਾਏ।
ਸਿਖ ਤਨੁਜਾ ਜਬਿ ਜਲ ਤਨ ਡਾਰਤਿ।
ਜਿਮ ਨਿਤ ਬੋਲਤਿ ਤਥਾ ਉਚਾਰਤਿ ॥੩੫॥
'ਜੇ ਸਾਚੋ ਗੁਰ ਅੰਤਰਜਾਮੀ।
ਪੁਰਹਿਂ ਕਾਮਨਾ ਮਮ ਜਗਸ੍ਵਾਮੀ।
ਇਹਾਂ ਆਇ ਦਰਸ਼ਨ ਦਿਖਰਾਵਹਿਂ।
ਮੁਖ ਮੰਡਲ ਦੁਤਿ ਸਦਨ ਸੁਹਾਵਹਿਂ' ॥੩੬॥
ਸੁਨਿ ਸਤਿ ਗੁਰੁ ਨਿਜ ਸ਼੍ਰੌਨ ਮਝਾਰਾ।
ਰੋਕਿ ਤੁਰੰਗਮ ਬਾਕ ਉਚਾਰਾ।
'ਸਮੈ ਸ਼ਨਾਨ ਬਖਾਨਤਿ ਜਾਚਾ।
ਚਾਹਤਿ ਪਰਖ੍ਯੋ ਜੋ ਗੁਰ ਸਾਚਾ ॥੩੭॥

---

[1]ਪਤੀ ਤੇ ਸਹੁਰੇ ਦੀ।
[2]ਗਲੀ।

ਸੋ ਉਠਿ ਕਰਿ ਪੁਰਵੌਂ ਨਿਜ ਆਸਾ।
ਨਿਤ ਚਾਹਤਿ ਜਿਸ ਦਰਸ਼ਨ ਪਾਸਾ।'
ਸੁਨਿ ਕਰਿ ਤਨੁ ਕੋ ਤੁਰਤ ਅਛਾਦਾ।
ਤਤਛਿਨ ਉਠੀ ਧਰੇ ਅਹਿਲਾਦਾ ॥੩੮॥
ਸੁੰਦਰ ਬਦਨ ਚੰਦ ਮਾਨਿੰਦਾ।
ਸ੍ਰੀ ਹਰਿ ਗੋਵਿੰਦ ਰੂਪ ਬਿਲੰਦਾ।
ਲੋਚਨ ਕੀਨਿ ਚਕੋਰਨ ਜੋਰਾ[੧]।
ਹੁਇ ਬਲਿਹਾਰੀ ਜੁਗ ਕਰ ਜੋਰਾ ॥੩੯॥
ਅਧਿਕ ਪ੍ਰਸੰਨ ਭਈ ਮਨ ਮਾਹੀ*।
ਪ੍ਰੇਮ ਅਧਿਕ ਜਾਂ ਕੇ ਤਨ ਮਾਂਹੀ*।
ਸੀਸ ਨਿਵਾਇ ਬੰਦਨਾ ਠਾਨੀ।
ਰੁਕੀ ਪ੍ਰੇਮ ਤੇ ਆਇ ਨ ਬਾਨੀ ॥੪੦॥
'ਧੰਨ ਗੁਰੂ ਪੂਰਨ ਅਵਤਾਰਾ।
ਕਰਜੋ ਸਫਲ ਮੁਝ ਸੰਸੈ ਟਾਰਾ।
ਪੁਰਵੋ ਦਾਸ ਮਨੋਰਥ ਘਨੇ।
ਕਰੇ ਉਧਾਰਨਿ ਜਾਂਹਿ ਨ ਗਨੇ ॥੪੧॥
ਜਸੁ ਕੋ ਕਰਤਿ ਰਹੀ ਚਿਰ ਕਾਲ।
ਚਲੇ ਗੁਰੂ ਸੋ ਭਈ ਨਿਹਾਲ।
ਚੰਚਲ ਚਾਰੁ ਤੁਰੰਗ ਚਲਾਵਤਿ।
ਦੇਖਤਿ ਮੁਖ ਨਰ ਨਾਰਿ ਲੁਭਾਵਿਤ ॥੪੨॥
ਸ਼ਾਹੁ ਸੰਗ ਮਿਲਿ ਗਮਨੇ ਬਨ ਮੈਂ।
ਕਰਤਿ ਅਖੇਰਨਿ ਬਾਂਛਤਿ ਮਨ ਮੈਂ।
ਸੂਕਰ ਸਸਾ ਕੁਰੰਗ ਹਰਾਏ।
ਸ੍ਵਾਨ ਰੁ ਚੀਤੇ ਛੋਰਿ ਗਹਾਏ ॥੪੩॥
ਅਭਿਲਾਖਤਿ ਫਿਰਿ ਬਨ ਕੇ ਮਹੀਆ।
ਹਟੇ ਨਗਰ ਕੋ ਹਰਖ ਉਮਹੀਆ।
ਨਿਜ ਡੇਰੇ ਮਹਿਂ ਆਨਿ ਬਿਰਾਜੇ।
ਡੀਲ ਦਰਾਜ਼ ਪ੍ਰਲੰਬ ਭੁਜਾ[੨] ਜੇ ॥੪੪॥

---

[੧]ਜੋੜ ਦਿੱਤੇ (ਅ) ਚਕੋਰਾਂ (ਦੇ ਨੈਣਾਂ ਦਾ) ਜੋੜਾ ਬਣਾ ਦਿਤਾ।

*ਇਹ ਦੋ ਤੁਕਾਂ ਬਹੁਤੇ ਲਿਖਤ ਨੁਸਖਿਆਂ ਵਿਚ ਨਹੀਂ ਹਨ; ਇਕ ਲਿਖਤੀ ਨੁਸਖੇ ਵਿਚ ਜਿਥੇ ਇਹ ਤੁਕਾਂ ਨਹੀਂ ਹਨ, ਅਗਲੀਆਂ ਦੋ ਤੁਕਾਂ ਤੋਂ ਅੱਗੇ ਇਹ ਪਾਠ ਹੈ:-ਹਾਥ ਬੰਦ ਕਰਿ ਅਰਜ਼ ਗੁਜਾਰੀ। ਬਖਸ਼ਹੁ ਗੁਰੁ ਜੀ ਸ਼ਰਨਿ ਤਿਹਾਰੀ॥੪੦॥

[੨]ਲੰਬਾ ਕੱਦ ਤੇ ਲੰਬੀਆਂ ਹੀ ਬਾਹਾਂ।

ਜਸੁ ਬਿਸਤ੍ਰਿਤਿ ਭਯੋ ਤਿਸ ਦੇਸ਼।
ਦਿਨਪ੍ਰਤਿ ਸੰਗਤਿ ਆਇ ਵਿਸ਼ੇਸ਼।
ਦਾਸਨਿ ਕਰਹਿਂ ਕਾਮਨਾ ਪੂਰੀ।
ਜਗ ਮਹਿਂ ਸੁਨਿ ਇਹ ਕੀਰਤਿ ਰੂਰੀ ॥੪੫॥
ਸੇਵਕ ਨਏ ਅਨੇਕ ਸੁਜਾਨੇ।
ਆਵਤਿ ਦਰਸ਼ਨ ਕੋ ਸੁਖ ਮਾਨੇਂ।
ਲੇਂ ਗੁਰੁ ਤੇ ਪਗ ਪਾਹੁਲ ਘਨੇ।
ਉਪਦੇਸ਼ਹਿਂ ਦਾਸਨਿ ਹਿਤ ਸਨੇ ॥੪੬॥
ਸੁਨਿ ਕਰਿ ਸੁਜਸੁ ਸੁਜਨ ਹਰਖਾਵਹਿਂ।
ਨਿੰਦਕ ਚੰਦੁ ਆਦਿ ਦੁਖ ਪਾਵਹਿ।
ਕਰਹਿ ਮੇਲ ਕੋ ਸ਼ਾਹੁ ਘਨੇਰੇ।
ਕਬਿ ਹਕਾਰਿ, ਕੈ ਆਵਤਿ ਡੇਰੇ[1] ॥੪੭॥
ਦਰਬ ਅਕੋਰ ਬਸਤ੍ਰ ਬਹੁ ਮੋਲੇ।
ਅਰਪਹਿ ਹਯ ਜੋ ਦੇਸ਼ਨਿ ਟੋਲੇ।
ਇਸ ਬਿਧਿ ਕੇਤਿਕ ਦਿਵਸੁ ਬਿਤਾਏ।
ਨਗਰ ਆਗਰੇ ਥਿਰ ਸੁਖ ਪਾਏ ॥੪੮॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਆਗਰੇ ਆਗਵਨ' ਬਰਨਨੰ ਨਾਮ ਸਪਤ ਪੰਚਾਸਤਿ ਅੰਸੂ ॥੫੭॥

---

[1] ਕਦੇ ਬੁਲਾਂਵਦਾ ਹੈ, ਕਦੇ ਡੇਰੇ ਆਂਵਦਾ ਹੈ (ਆਪ)।

੫੮. [ਸ਼ਾਹ ਨੂੰ ਨਜੂਮੀ ਤੋਂ ਭਰਮਾਉਣਾ]

੫੭<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੫੯

ਦੋਹਰਾ: ਦਿਨ ਪ੍ਰਤਿ ਪਿਖਿ ਇਖਲਾਸ ਕੋ, ਜਹਾਂਗੀਰ ਗੁਰੁ ਕੇਰ[੧]।
ਅਦਬ ਕਰਹਿਂ ਉਮਰਾਵ ਸਭਿ, ਬੰਦਹਿਂ ਜਬਿਹੂੰ ਹੇਰਿ ॥੧॥
ਚੰਦੂ ਕੇ ਮੇਲੀ ਦੁਖਹਿਂ, ਨਿੰਦਕ ਅਪਰ ਬਿਸਾਲ।
ਜਥਾ ਚੋਰ ਪਿਖਿ ਚੰਦ ਕੋ, ਜਾਨਹਿ ਦੁਖਦ ਕਰਾਲ ॥੨॥
ਚੌਪਈ: ਚੰਦੂ ਸੁਨਹਿ ਸ਼ਾਹੁ ਕੋ ਮੇਲ।
ਕਰਹਿ ਅਖੇਰ ਹੋਹਿ ਗੁਰ ਗੈਲਿ[੨]।
ਦਰਬ ਪੰਚ ਸੈ ਨੀਤਿ ਪੁਚਾਵੈ।
ਕਹਹਿ ਮਧੁਰ ਸਨਮਾਨ ਬਧਾਵੈ ॥੩॥
-ਮਮ ਪ੍ਰਾਨਨਿ ਕੋ ਸ਼ੱਤ੍ਰੂ ਮਹਾਂ।
ਸ਼ਾਹੁ ਸੰਗ ਮਿਲਿ ਧਨ ਗਨ ਲਹਾ।
ਨਿਤ ਪ੍ਰਤਿ ਮਿਲਹਿ ਵਧਹਿ ਅਧਿਕਾਇ।
ਇਮ ਜੋ ਭਯੋ ਮੋਹਿ ਦੁਖਦਾਇ ॥੪॥
ਬਿਨ ਉਪਾਇ ਬਿਨ ਚਿੰਤ ਜਿ ਰਹੋਂ।
ਨਹੀਂ ਬਚੌਂ ਤਿਨ ਤੇ ਦੁਖ ਸਹੋਂ।
ਮੈਂ ਬਨਿ ਚੁਗਲ ਮੁਗਲ ਪਤਿ ਪਾਸ।
ਚੁਗਲੀ ਉਗਲੀ ਬੋਲ੍ਯੋ ਤਾਸ[੩] ॥੫॥
ਬੁਰਾ ਕਰਨਿ ਤਿਸ[੪] ਕੀਨਿ ਉਪਾਇ।
ਭਲਾ ਬਿਸਾਲ ਬਨਤਿ ਨਿਤ ਜਾਇ।
ਖਰ ਕੰਟਕ ਲਖਿ ਬੋਵਨਿ ਕਰ੍ਯੋ[੫]।
ਸੋ ਤੋ ਰਹ੍ਯੋ ਕਮਲ ਸ਼ੁਭ[੬] ਖਿਰ੍ਯੋ ॥੬॥
ਧਨ ਸੁਗੰਧਤਾ[੭] ਜਿਸ ਤੇ ਪਾਈ[੮]।
ਯੌਂ ਬਿਪਰੀਤਿ ਭਈ ਬਰਿਆਈ[੯*]।

---

[੧]ਜਹਾਂਗੀਰ ਤੇ ਗੁਰੂ ਜੀ ਦੀ ਸੱਜਨਤਾ ਮੇਲ ਮਿਲਾਪ।
[੨]ਗੁਰੂ ਜੀ ਦੇ ਨਾਲ ਹੋਕੇ।
[੩]ਚੁਗਲੀ ਉਗਲਕੇ ਤਿਸ (ਬਾਦਸ਼ਾਹ ਨੂੰ ਗੁਰੂ ਜੀ ਬਾਬਾਤ) ਕਹਿਆ।
[੪]ਭਾਵ ਗੁਰੂ ਜੀ ਦਾ ਬੁਰਾ ਕਰਨ ਦਾ।
[੫](ਚੁਗਲੀ ਨੂੰ) ਤਿੱਖਾ ਕੰਡਾ ਜਾਣਕੇ ਬੀਜਿਆ ਸੀ। (ਅ) (ਬੁਰਾ ਕਰਨ ਨੂੰ) ਤ੍ਰਿੱਖਾ ਕੰਡਾ ਜਾਣਕੇ।
[੬](ਸਤਿਕਾਰ ਰੂਪ ਸ਼ੁਭ) ਕਮਲ।
[੭]ਸੁਗੰਧਤਾ ਰੂਪੀ ਧਨ।
[੮]ਮਿਲਿਆ।
[੯]ਮੱਲੋ ਮੱਲੀ।
[*]ਪਾ:-ਬੁਰਿਆਈ।

ਅਬਿ ਕੋ ਜਤਨ ਬਨਾਵੌਂ ਐਸੇ।
ਹਰਿਗੁਵਿੰਦ ਕਾਰਾਗ੍ਰਹ ਬੈਸੇ ॥੭॥
ਤਹਾਂ ਦਰਬ ਕੋ ਲੋਭ ਦਿਖਾਵੌਂ।
ਕੈਦ ਬਿਖੈ ਕਹਿ ਕੈ ਮਰਿਵਾਵੌਂ।
ਤੌ ਬਚਾਇ ਮੇਰੋ ਹੁਇ ਜਾਇ।
ਮਿਲਹਿਂ ਨ ਸ਼ਾਹੁ ਸੰਗ ਕਿਮ ਆਇ- ॥੮॥
ਇਮ ਗਿਨਤੀ ਕੋ ਗਿਨਤਿ ਹਮੇਸ਼।
ਸੰਕਟ ਚਿੰਤਾ ਜਿਸਹਿ ਵਿਸ਼ੇਸ਼।
ਗਿਨਤਿ ਗਟੀ ਕੋ ਜਤਨ ਬਿਚਾਰਾ।
ਮਿਲਜੋ ਨਜੂਮੀ ਸੋਂ ਹਿਤ ਧਾਰਾ ॥੯॥
ਨਿਸ ਮੇਂ ਤਿਮਰ ਭਏ ਘਰ ਗਯੋ।
ਦਰਬ ਪੰਚ ਸੈ ਤਿਸ ਕੋ ਦਯੋ।
ਭਨਤਿ ਬਿਨੈ ਸਮੁ[1] ਤਿਸਕੇ ਸਾਥਾ।
'ਮੇਰੋ ਭਲੋ ਅਹੈ ਤੁਵ ਹਾਥਾ ॥੧੦॥
ਚਿਤ ਦੇ ਕਰਹੁ ਇਹੀ ਉਪਕਾਰ।
ਅਪਰ ਦੇਉਂ ਧਨ ਪੰਚ ਹਜ਼ਾਰ।
ਹੁਇ ਲਚਾਰ ਮੈਂ ਤੁਝ ਢਿਗ ਆਯੋ।
ਬਨਿ ਸਹਾਇ ਅਬਿ ਹੌਂ ਸ਼ਰਨਾਯੋ' ॥੧੧॥
ਸੁਨਤਿ ਨਜੂਮੀ ਬੋਲਨਿ ਕੀਨਿ।
'ਸ਼ਾਹੁ ਦਿਵਾਨ ਭਏ ਕਿਮ ਦੀਨ।
ਸਿਰ ਕੇ ਜੋਰ ਕਰੌਂ ਤੁਵ ਕਾਜਾ।
ਫੇਰ ਸ਼ਾਹੁ ਮਤਿ ਸਹਤ ਸਮਾਜਾ[2] ॥੧੨॥
ਕੋ ਦੁਖ ਭਯੋ ਸੁਨਾਵਨ ਕਰੀਅਹਿ?
ਮੈਂ ਨਿਰਵਾਰੌਂ ਚਿੰਤ ਨ ਧਰੀਅਹਿ।'
ਸੁਨਿ ਤਬਿ ਸਭਿਹਿ ਬ੍ਰਿਤੰਤ ਉਚਾਰਾ।
'ਹਿੰਦੁ ਗੁਰੂ ਸੰਗ ਬੈਰ ਹਮਾਰਾ ॥੧੩॥
ਤੁਝ ਤੇ ਪਰਦਾ ਨਾਂਹਿਨ ਰਾਖੌਂ।
ਜਥਾ ਭਈ ਸਗਰੀ ਮੈਂ ਭਾਖੌਂ।
ਗੁਰੁ ਅਰਜਨ ਕੋ ਸਦਨ ਉਤਾਰਾ।
ਦੇ ਸਜਾਇ ਬਡ ਪੂਰਬ ਮਾਰਾ ॥੧੪॥

---

[1]ਬੇਨਤੀ ਵਾਂਗ।
[2]ਫੇਰਾਂਗਾ ਬਾਦਸ਼ਾਹ ਦੀ ਮੱਤ ਸਭਾ ਦੇ ਸਮੇਤ।

ਅਬਿ ਤਿਸ ਕੋ ਸੁਤ ਹਰਿਗੋਵਿੰਦ।
ਕਰ੍ਯੋ ਸ਼ਾਹੁ ਸੋਂ ਮੇਲ ਬਿਲੰਦ।
ਮੈਂ ਕਰਿ ਚਾਰੀ ਇਹਾਂ ਹਕਾਰਾ।
ਆਇ ਆਪਨੋ ਕਾਜ ਸਵਾਰਾ ॥੧੫॥
ਤਿਸ ਕੋ ਹਤ੍ਯੋ ਚਹਤਿ ਮੈਂ ਅਬੈ।
ਇਮ ਉਪਾਇ ਚਿਤਵ੍ਯੋ ਸੁਨਿ ਸਬੈ।
ਤੂੰ ਕਹਿ ਸ਼ਾਹੁ ਸੰਗ ਅਸ ਬਾਤ।
ਸਾਢਸਤੀ[1] ਆਈ ਬੱਖਜਾਤ ॥੧੬॥
ਮੁਖ ਮੁਰਝਾਇ ਬਨਹੁ ਦਿਲਗੀਰਿ।
ਜਿਸ ਤੇ ਸ਼ਾਹੁ ਧਰੈ ਨਹਿਂ ਧੀਰ।
ਮ੍ਰਿਤੁ ਕੋ ਭੈ ਦਿਖਰਾਵਨਿ ਕਰੀਅਹਿ।
ਬੂਝੈ ਜਤਨ ਤ ਏਵ ਉਚਰੀਅਹਿ ॥੧੭॥
-ਹਰਿਗੁਵਿੰਦ ਆਖ੍ਯ[2] ਬੱਖਜਾਤ।
ਸੋਢੀ ਹੋਇ ਸੁ ਖੱਤ੍ਰੀ ਜਾਤਿ।
ਹਿਤ ਤੁਮਰੇ ਸੋ ਫੇਰਹਿ ਮਾਲਾ।
ਥਲ ਗੁਲੇਰ[3] ਮਹਿਂ ਬੈਠਿ ਨਿਰਾਲਾ ॥੧੮॥
ਤਬਿ ਸੁਖੈਨ ਦਿਨ ਬਿਤਹਿਂ ਤੁਮਾਰੇ-।
ਏਵ ਪ੍ਰਬੋਧਹੁ ਜਾਇ ਸਕਾਰੇ।
ਟਰਹਿ ਸ਼ੱਤ੍ਰੂ ਤਬਿ ਲਿਹੁ ਧਨ ਘਨੋ।
ਕਰਹੁ ਜਤਨ ਬਹੁ ਬੁਧਿ ਤੇ ਭਨੋ' ॥੧੯॥
ਤਬਹਿ ਨਜੂਮੀ ਧੀਰਜ ਦੀਨਿ।
'ਮੈਂ ਇਮ ਕਰੌਂ ਚਿੰਤ ਕਰਿ ਹੀਨ।
ਸ਼ਾਹੁ ਕਰਹਿ ਨਿਤ ਮੈਂ ਜੁ ਬਤਾਏ।
ਪੂਰਬ ਅਨਿਕ ਬਾਰ ਪਤਿਯਾਏ ॥੨੦॥
ਇਕ ਮੇਰੇ ਕਹਿਬੇ ਕੀ ਦੇਰਿ।
ਸੁਨਤਿ ਗੁਰੂ ਕੋ ਪਠਹਿ ਗੁਲੇਰ।'
ਗਯੋ ਚੰਦੂ ਤਬਿ ਹਰਖ ਧਰੰਤਾ।
ਜਾਨ੍ਯੋ -ਗਹ੍ਯੋ ਨ ਛੁਟਹਿ ਕਦੰਤਾ ॥੨੧॥

---

[1]ਗ੍ਰਹ ਛਨਿੱਛਰ ਦੀ ਸਾਢੇ ਸੱਤ ਵਰ੍ਹੇ ਯਾ ਸਾਢੇ ਸੱਤ ਮਹੀਨੇ ਯਾ ਸਾਢੇ ਸੱਤ ਦਿਨ ਦੀ ਇਕ ਦਸ਼ਾ, ਜਿਸ ਦਾ ਫਲ ਜੋਤਸ਼ੀ ਬਹੁਤ ਬੁਰਾ ਦੱਸਦੇ ਹਨ। [ਪੰਜਾਬੀ, ਸਾੜ ਸਤੀ। = ਸਾਢੇ+ਸੱਤ+ਈ।
[2]ਨਾਮ (ਹੋਵੇ)।
[3]ਗੁਵਾਲੀਅਰ।

ਪਿਤ ਕੈ ਸਮ ਕਰਿ ਕੈ ਇਸ ਹਾਨ।
ਤਬਿ ਨਿਚਿੰਤ ਹੁਇ ਟਿਕੌਂ ਸਥਾਨ-।
ਨਿਸ ਮਹਿਂ ਪਰਯੋ ਰਹਯੋ ਨਹਿਂ ਸੋਵਾ।
ਗਿਨਤ ਗਟੀ ਚਿਤ ਚਿੰਤ ਪਰੋਵਾ ॥੨੨॥
ਭਈ ਪ੍ਰਭਾਤਿ ਨਜੂਮੀ ਗਯੋ।
ਬਗਲ ਕਿਤਾਬ ਮਲਿਨ[1] ਮੁਖ ਕਿਯੋ।
ਜਾਇ ਸਲਾਮ ਸ਼ਾਹੁ ਸੋਂ ਕਰੀ।
ਕਹਿਨ ਬਾਤ ਚਾਤੁਰਤਾ ਧਰੀ ॥੨੩॥
ਮਲਿਨ ਨਜੂਮੀ ਕੀ ਦਿਸ਼ ਹੇਰਿ।
ਸ਼ਾਹੁ ਬਿਹਸ ਬੂਝਤਿ 'ਹੈ ਖੈਰ?
ਕਿਮ ਆਵਤਿ ਹੈ ਮਨ ਮੁਰਝਾਯੋ?
ਕਛੂ ਕਾਜ ਤੌਂ ਨਹਿਂ ਬਿਗਰਾਯੋ?' ॥੨੪॥
ਸੁਨਿ ਕਰਿ ਕਹਨਿ ਲਾਗਿ ਛਲ ਸਾਨੀ।
'ਬਿੱਦਜਾ ਕਰਹਿਂ ਬਿਚਾਰ ਮਹਾਨੀ।
ਦਯੋ ਆਪ ਕੋ ਸਭਿ ਕੁਛ ਖਾਤਿ[2]।
ਚਹਿਂ ਦਿਨ ਰੈਨ ਖੈਰ ਤੁਵ ਗਾਤਿ[3] ॥੨੫॥
ਖੋਜਨਿ ਕਰੇ ਭਲੇ ਗ੍ਰੈਹ ਸਾਰੇ।
ਸਾਢਸਤੀ ਅਬਿ ਚਢੀ ਤੁਮਾਰੇ।
ਕ੍ਰੂਰ ਮਹਦ ਇਹ ਦੁਖ ਕੀ ਦਾਤਾ।
ਜਿਸ ਪਰ ਚਢਤਿ ਕਰਤਿ ਇਹ ਘਾਤਾ ॥੨੬॥
ਪੁਨ ਉਪਾਇ ਮੈਂ ਅਧਿਕ ਬਿਚਾਰੇ।
ਜਿਸ ਤੇ ਨੀਕੀ ਰਹੈ ਤੁਮਾਰੇ।'
ਸੁਨਤਿ ਸ਼ਾਹੁ ਦਲਕਯੋ[4] ਧਰਿ ਤ੍ਰਾਸਾ।
'ਕਬਿ ਤੇ ਚਢੀ ਕਹਹੁ ਮੁਝ ਪਾਸਾ? ॥੨੭॥
ਜਤਨ ਬਿਚਰਾਯੋ ਸੋ ਕਹਿ ਦੀਜੈ।
ਸਾਢਸਤੀ ਬਲ ਜਿਸ ਤੇ ਛੀਜੈ।'
ਤਬਹਿ ਨਜੂਮੀ ਬਾਕ ਉਚਾਰੇ।
'ਦੁਖਦ ਚਢੀ ਇਹ ਆਜ ਤਿਹਾਰੇ ॥੨੮॥

---

[1]ਉਦਾਸ।
[2]ਖਾਂਦਾ ਹਾਂ।
[3]ਤੇਰੇ ਸਰੀਰ ਦੀ ਸੁਖ।
[4]ਕੰਬ ਗਿਆ।

ਬਹੁ ਲੋਕਨਿ ਕੋ ਨਹੀਂ ਸੁਨਾਵਹੁ।
ਰਾਖਹੁ ਗੋਪ ਮਹਾਂ ਫਲ ਪਾਵਹੁ।
ਸੋਢਿ ਬੰਸ ਖੱਤ੍ਰੀ ਸ਼ੁਭ ਜਾਤੀ।
ਹਰਿ ਗੋਵਿੰਦ ਨਾਮ ਬੱਖਜਾਤੀ ॥੨੯॥
ਕਰਹਿ ਸ਼ਨਾਨ ਤੀਨ ਹੂੰ ਕਾਲਾ।
ਦੁਰਗ ਗੁਆਲਿਯਰ ਥਾਨ ਨਿਰਾਲਾ।
ਗਹਿ ਕਰਿ ਮਾਲਾ ਬੈਠਹਿ ਬਰਨੀ[1]।
ਠਾਨਿ ਮੌਨਿ ਕਰਿ ਐਸੇ ਕਰਨੀ ॥੩੦॥
ਤੁਮਰੇ ਹੇਤੁ ਮਨੋਰਥ ਧਾਰੈ।
ਪਾਕ ਅਲਾਹ ਰਿਦੈ ਸੰਭਾਰੈ।
ਕਰਹ ਜਤਨ ਹੁਇ ਖੈਰ ਤੁਮਾਰੀ।
ਸਾਢਸਤੀ ਬਲ ਹੁਇ ਨਿਰਵਾਰੀ ॥੩੧॥
ਅਪਨੇ ਦੇਸ਼ ਅਸ਼ੇਸ਼ ਵਿਸ਼ੇਸ਼।
ਖੋਜਹੁ ਅਸ ਨਰ ਮਿਟਹਿ ਕਲੇਸ਼।'
ਸੁਨਤਿ ਸ਼ਾਹੁ ਚਿਤ ਚਿੰਤ ਪਰੋਵਾ।
ਕਹੇ ਨਮੂਜੀ ਕੇ ਡਰੁ ਹੋਵਾ ॥੩੨॥
ਇਕ ਚੰਦੂ ਦੁਇ ਤ੍ਰੈ ਉਮਰਾਊ।
ਹੁਤੇ ਸਮੀਪ, ਬਿਲੋਕਿ ਸੁਭਾਊ।
ਸਭਿਨਿ ਏਕ ਮਤਿ ਪੂਰਬ ਗਿਨਯੋ।
ਤਊ ਨ ਬਿਨੁ ਬੂਝੇ ਤਿਨ ਭਨਯੋ ॥੩੩॥
ਕਿਤਿਕ ਕਾਲ ਸੋਚਤਿ ਰਹਿ ਸ਼ਾਹੂ।
ਬੋਲਯੋ ਬਹੁਰ ਬਿਲੋਕੇ ਪਾਹੂ।
'ਅਸ ਨਰ ਹੈ ਕਿ ਨਹੀਂ ਕਿਸ ਠਾਹਰ?
ਨਤੁ ਖੋਜਹੁ ਪੁਰਿ ਕਰਿ ਬਹੁ ਆਹਰ ॥੩੪॥
ਕਰਹਿ ਜੁ ਬਰਨੀ ਫੇਰੈ ਮਾਲਾ।
ਮੋਹਿ ਬਿਖਾਦ ਬਿਨਾਸ਼ ਬਿਸਾਲਾ।
ਅਸ ਆਨਹੁ ਖੋਜਹੁ ਪੁਰਿ ਸਾਰੇ।
ਤਿਸ ਕੋ ਦੈ ਹੌਂ ਦਰਬ ਉਦਾਰੇ' ॥੩੫॥
ਚੰਦੂ ਇਕ ਉਮਰਾਵ ਸੁ ਪ੍ਰੇਰਾ।
ਸ਼ਾਹੁ ਸੰਗ ਬੋਲਯੋ ਤਿਸ ਬੇਰਾ।
'ਐਸੋ ਨਰ ਰਾਵਰ ਕੇ ਪਾਸ।

---

[1]ਕਿਸੇ ਕੰਮ ਦੀ ਸਿਧੀ ਲਈ ਜਪ ਆਦਿ ਕਰਨ ਬੈਠਣਾ।

ਸਗਰੇ ਪਤੇ ਮਿਲਤਿ ਹੈਂ ਤਾਸ[1] ॥੩੬॥
ਜੋ ਹਿੰਦੁਨਿ ਮਹਿਂ ਗੁਰੂ ਕਹਾਵੈ।
ਲਾਖਹੁਂ ਸਿਖ ਬਨਿ ਸੀਸ ਨਿਵਾਵੈਂ।
ਜਿਨਹੁ ਵਹਿਰ ਕੇਹਰਿ ਕੋ ਮਾਰਾ।
ਸੋ ਇਸ ਬਿਧਿ ਕੋ ਰਿਦੇ ਬਿਚਾਰਾ ॥੩੭॥
ਸੋਢੀ ਕੁਲ ਖੱਤ੍ਰੀ ਤਿਨ ਜਾਤਿ।
ਹਰਿ ਗੋਵਿੰਦ ਨਾਮ ਬੱਖਜਾਤਿ।
ਕਰਾਮਾਤ ਭੀ ਸੁਨੀ ਸੁ ਰਾਖੈ।
ਲੋਕ ਸਕਲ -ਗੁਰ ਗੁਰ- ਤਿਸ ਭਾਖੈਂ ॥੩੮॥
ਦਰਬ ਪੰਚ ਸੈ ਰਾਵਰਿ ਘਰ ਤੇ।
ਪਹੁਂਚਤਿ ਨਿਤਿ ਅਨੰਦ ਸੋਂ ਬਰਤੇ।'
ਕਹੈ ਸ਼ਾਹੁ 'ਸੋ ਤੌਂ ਗੁਰੁ ਪੀਰ।
ਮੁਰ ਉਰ ਸ਼ਰਧਾ ਪਿਖਿ ਭੇ ਤੀਰ[2] ॥੩੯॥
ਕਿਮ ਇਹ ਬਾਤ ਕਹਨਿ ਬਨਿ ਆਵੈ।
ਬਰਨੀ ਕਰਨੀ[3] ਦੁਰਗ ਸਿਧਾਵੈਂ।
ਸ੍ਰੀ ਨਾਨਕ ਗਾਦੀ ਜੁ ਭਲੀ ਹੈ।
ਤਿਸ ਪਰ ਬੈਠਜੋ ਬਾਕ[4] ਬਲੀ ਹੈ' ॥੪੦॥
ਸੁਨਿ ਬੋਲਜੋ ਤਬਿ ਚੰਦੁ ਕੁਪੱਤਾ।
'ਤੁਮ ਕੁਲ ਕੇ ਦੀਪਕ ਚਵਗੱਤਾ।
ਜਹਾਂ ਪਨਾਹ[5] ਆਪ ਬਡਭਾਗੇ।
ਸਭਿ ਜਗ ਕੇ ਦ੍ਰਿਗ ਤੁਮ ਦਿਸ਼ਿ ਲਾਗੇ ॥੪੧॥
ਖੈਰ ਸ਼ਰੀਰ ਜਿ ਹੋਹਿ ਤੁਮਾਰੇ।
ਤੌਂ ਗਿਨਤੀ ਅਸ ਕਹਾਂ ਬਿਚਾਰੇ।
ਤੁਮ ਤੇ ਸ੍ਰੇਸ਼ਟ ਅਪਰ ਨ ਕੋਈ।
ਰਾਵਰਿ ਸ਼੍ਰੇਯ ਕਰਹਿ ਨਹਿਂ ਜੋਈਂ[6] ॥੪੨॥
ਸ੍ਰੀ ਨਾਨਕ ਗਾਦੀ ਪਰ ਬੈਸਾ।
ਰਿਦੈ ਨ ਸੰਸਾ ਕੀਜਹਿ ਐਸਾ।

---

[1]ਤਿਸਦੇ।
[2]ਮੇਰੇ ਰਿਦੇ ਦੀ ਸ਼ਰਧਾ ਦੇਖ ਕੇ (ਮੇਰੇ) ਪਾਸ ਆਏ ਹਨ।
[3]ਕਰਨ ਲਈ।
[4]ਬਚਨਾਂ (ਦਾ)।
[5]ਜਗਤ ਦਾ ਆਸਰਾ।
[6]ਜੋ ਆਪ ਦਾ ਸੁਖ ਨਾ ਤੱਕਣਾ ਕਰੇ।

ਸੋ ਬੇਦੀ ਕੁਲ ਮਹਿਂ ਤਨ ਪਾਯੋ।
ਇਹ ਸੋਢੀ ਖੱਤ੍ਰੀ ਕੁਲ ਜਾਯੋ ॥੪੩॥
ਬਿਨਾ ਸੰਦੇਹ ਪਠਾਵਨਿ ਕਰੀਅਹਿ।
ਅਪਰ ਨ ਗਿਨਤੀ ਕੋਇ ਬਿਚਰੀਅਹਿ।
ਜੇ ਰਾਵਰਿ ਤਨੁ ਕੀ ਸੁਖ ਹੋਇ।
ਪ੍ਰਾਨ ਦੇਤਿ ਹਮ ਦੇਰਿ ਨ ਕੋਇ ॥੪੪॥
ਤੁਮਰੋ ਕਸ਼ਟ ਜਿ ਬਾਂਟਜੋ ਜਾਇ।
ਹਮ ਸਹਿ ਲੇਹਿਂ ਰਿਦੇ ਹਰਖਾਇ।
ਜੇ ਇਮ ਸੁਨਿ ਹੈ ਹਰਿਗੋਬਿੰਦ।
ਕਰਹਿ ਜਾਪ ਲਹਿ ਅਨੰਦ ਬਿਲੰਦ ॥੪੫॥
ਨਹਿਂ ਸੰਕਹੁ ਤੁਮ ਆਪ ਉਚਾਰਹੁ।
ਦਿਹੁ ਸਨਮਾਨ ਸਮੀਪ ਹਕਾਰਹੁ।'
ਪੁਨ ਤੀਸਰ ਉਮਰਾਵ ਬਖਾਨੈ।
'ਬਿੱਦਜਾ ਮਹਾਂ ਨਜੂਮੀ ਜਾਨੈ ॥੪੬॥
ਜਾਪ ਜੁ ਕਰਹਿ ਨਾਮ ਤਿਸ ਜਾਤਿ[1]।
ਜਾਨੀ ਬਿਚ ਕਿਤਾਬ ਬੱਖਜਾਤਿ।
ਖੋਜੇ ਬਿਨਾ ਨਿਕਟ ਸੋ ਪਾਯੋ।
ਹੋਇ ਨ ਜਗ, ਅਸ ਨਹੀਂ ਬਤਾਯੋ[2] ॥੪੭॥
ਆਗੈ ਬਹੁਤ ਬਾਰਿ ਪਤਿਯਾਵਾ।
ਜਥਾ ਕਹੈ ਤਿਮ ਬਨਜੋ ਬਨਾਵਾ।'
ਕਹਜੋ ਨਜੂਮੀ 'ਹਮ ਇਹ ਕਾਮ।
ਖੋਜਹਿਂ ਹਜ਼ਰਤ ਹਾਲ ਤਮਾਮ ॥੪੮॥
ਦੇਖਤਿ ਬੁਰੋ ਆਇ ਬਤਲਾਊਂ।
ਕਹੇ ਜਤਨ ਸਭਿ ਖੇਦ ਮਿਟਾਊਂ।
ਸਦਾ ਸ਼ਾਹੁ ਕੀ ਸ਼੍ਰੇਯ ਕਰੰਤੇ।
ਦਰਬ ਸਮੂਹ ਸਦੀਵ ਲਹੰਤੇ ॥੪੯॥
ਹਰਿਗੋਵਿੰਦ ਕਰਿ ਹੈ ਚਾਲੀਸਾ[3]।
ਸਿਮਰਹਿ ਨਾਮ ਅਲਹ ਜਗਦੀਸ਼ਾ।
ਕਰਹਿ ਸ਼ਾਹੁ ਕੀ ਖੈਰ ਖ਼ੁਦਾਇ।

---

[1]ਤਿਸਦਾ ਨਾਮ ਤੇ ਜਾਤੀ।
[2]ਐਸਾ ਨਹੀਂ ਦੱਸਿਆ ਜੋ ਜਗਤ ਵਿਚ ਨਾ ਹੋਵੇ।
[3]ਚਾਲੀ ਦਿਨ।

ਮਿਟਹਿ ਕਲੇਸ਼ ਅਨੇਕ ਬਲਾਇ' ॥੫੦॥
ਸੁਨਿ ਉਮਰਾਉ ਕਹਤਿ 'ਹਮ ਜਾਨਾ।
ਗੁਨ ਬਿੱਦਜਾ ਤੁਮ ਬਿਖੈ[1] ਮਹਾਨਾ[*]।
ਅਜ਼ਮਤ ਜੁਤਿ ਮਤਿ ਸੰਤ ਸੁਭਾਇ[2*]।
ਜਾਪ ਕਰਨਿ, ਸੋ ਦਯੋ ਬਤਾਇ[3] ॥੫੧॥
ਤਿਸ ਤੇ ਭਲੋ ਨ ਕਰੋਂ ਹੁਇ ਸ਼ਾਹੂ।
ਬਸਹਿ ਇਕੰਤ ਦੁਰਗ ਕੇ ਮਾਂਹੂ।
ਇਕ ਚਿਤਿ ਸਿਮਰਹਿ ਨਾਮ ਖੁਦਾਇ।
ਸਾਢਸਤੀ ਆਦਿਕ ਦੁਖ ਜਾਇ' ॥੫੨॥
ਏਵ ਉਤਾਰ ਚਢਾਉ ਸੁਨਾਏ।
ਜਹਾਂਗੀਰ ਕੋ ਮਨ ਭਰਮਾਏ।
ਸਭਿ ਕੇ ਕਹੇ ਜਾਨਿ ਕਰਿ ਸਾਚੀ।
ਡਰਤਿ ਮਰਨਿ ਤੇ ਗਿਰਾ ਉਬਾਚੀ ॥੫੩॥
'ਜਾਇ ਆਪ ਮੈਂ ਤਿਨ ਕੇ ਡੇਰੇ।
ਕਹੌਂ ਬਿਨੈ ਜੁਤਿ ਬਾਕ ਅਗੇਰੇ।
ਕ੍ਰਿਪਾ ਕਰਹਿਂ ਲੇਵਹਿਂ ਬਚ ਮਾਨਿ।
ਕਰਹਿਂ ਜਾਪ ਤੇ ਮਮ ਕੱਲਜਾਨ' ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ਸ਼ਾਹੁ ਕੋ ਨਜੂਮੀ ਭ੍ਰਮਾਵਨਿ' ਪ੍ਰਸੰਗ ਬਰਨਨੰ ਨਾਮ ਅਸ਼ਟ ਪੰਚਾਸਤਿ ਅੰਸੂ ॥੫੮॥

---

[1]ਭਾਵ ਹੇ ਨਜੂਮੀ ਤੇਰੇ ਵਿਚ ਗੁਣ....।
[*]ਪਾ:-ਗੁਰ ਬਿਦਜਾ ਕੇ ਬਿਖੈ ਮਹਾਨਾ।
[2](ਗੁਰੂ ਜੀ) ਕਰਾਮਾਤ ਸਹਤ ਸੰਤ ਸੁਭਾ ਵਾਲੇ ਹੋਕੇ।
[*]ਪਾ:-ਅਜ਼ਮਤ ਜੁਤ ਹੈ ਸੰਤ ਸੁਭਾਇ।
[3]ਤੂੰ ਦੱਸ ਦਿੱਤੇ ਹਨ ਉਹ (ਗੁਰੂ ਜੀ)।

੫੯. [ਦੁਰਗ ਗੁਆਲੀਅਰ ਪ੍ਰਵੇਸ਼]

੫੮<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੦

ਦੋਹਰਾ: ਸੁਧਿ ਭੋਜਨ ਕੇ ਕਰਨਿ ਕੀ, ਸ਼ਾਹੁ ਨਹੀਂ ਸੁਧਿ ਕੋਇ।
ਦਾਸਨਿ ਕਹਿ ਬਹੁ ਬਾਰਿ ਤਬਿ, ਅਚਜੋ ਕੁਛਕ ਉਠਿ ਸੋਇ ॥੧॥

ਚੌਪਈ: ਚਾਰ ਪਾਂਚ ਮੁਢਨਿ ਕੇ ਮਤਿ ਕੀ।
ਸੁਨਿ ਕਰਿ ਬਾਤ ਚਿੰਤ ਚਿਤ ਮ੍ਰਿਤੁ ਕੀ।
ਚਢਿ ਗਜ ਪਰ ਗਮਨਜੋਂ ਗੁਰੁ ਓਰੇ।
ਬਰਜੇ ਰਖੇ ਸਾਥਿ ਨਰ ਥੋਰੇ ॥੨॥
ਖੁਸ਼ੀ ਨ ਚਿਤ ਕੋ ਭਾਵਤਿ ਕੋਈ।
ਤਿਸੀ ਸੰਦੇਹ ਬਿਖੈ ਬ੍ਰਿਤਿ ਹੋਈ।
ਪਹੁੰਚਜੋ ਗੁਰੁ ਢਿਗ ਬੰਦਨ ਧਾਰੀ।
ਅਰਪੀ ਚਾਰੁ ਅਕੋਰ ਅਗਾਰੀ ॥੩॥
ਮੌਨ ਠਾਨਿ ਕਰਿ ਬਦਨ ਮਲੀਨਾ।
ਬੈਠਜੋ ਸ਼ਾਹ ਨਿਕਟ ਮਨ ਦੀਨਾ।
ਸਤਿਗੁਰੁ ਚਤੁਰ, ਪਰਖਿ ਮੁਰਝਾਯੋ।
ਹਿਤ ਬੂਝਨਿ ਕੇ ਬਾਕ ਅਲਾਯੋ ॥੪॥
ਹਜ਼ਰਤ! ਕਹਹੁ ਕਵਨ ਹੈ ਕਾਰਨ?
ਜਿਸ ਤੇ ਏਵ ਦਸ਼ਾ ਕਿਯ ਧਾਰਨਿ।
ਬਦਨ ਪ੍ਰਕਾਸ਼ਤਿ ਨਹੀਂ ਤੁਮਾਰਾ।
ਮਨਹੁ ਜੂਪ ਮਹਿਂ ਮਨ ਕੋ ਹਾਰਾ ॥੫॥
ਨਹੀਂ ਬਿਲੋਚਨਿ ਬਿਕਸਤਿ ਆਛੇ।
ਨਹਿਂ ਪੂਰਬ ਸਮ ਬੋਲਨਿ ਬਾਛੇ।
ਕੋ ਅਸ ਕਾਜ ਬਿਗਾਰਜੋ ਕਾਂਹੂ?
ਜਿਸ ਤੇ ਖੁਸ਼ੀ ਨਹੀਂ ਮਨ ਮਾਂਹੂ' ॥੬॥
ਕਹਜੋ ਸ਼ਾਹ 'ਕਜਾ ਕਹੌਂ ਸੁਨਾਈ।
ਅਸਮੰਜਸ[1] ਗਤਿ ਕਹੀ ਨ ਜਾਈ।
ਤਊ ਅਵੱਸ਼ਜ ਬਨੀ ਅਬਿ ਆਨਿ।
ਸੁਨਹੁ ਪੀਰ ਜੀ! ਕਰੌਂ ਬਖਾਨ ॥੭॥
ਸਾਢਸਤੀ ਮੋਰੇ ਪਰ ਆਈ।
ਅਪਰ ਨਹੀਂ ਕੁਛ ਹੋਤਿ ਉਪਾਈ।
ਏਕ ਜਤਨ ਸੋ ਹਾਥ ਤੁਮਾਰੇ।

---

[1]ਅਣਬਣ।

ਜਿਸ ਤੇ ਉਪਜਹਿ ਖੈਰ ਹਮਾਰੇ ॥੮॥
ਦੁਰਗ ਗੁਆਲਿਯਰ ਮਹਿਂ ਥਿਰ ਹ੍ਵੈ ਕੈ।
ਸਿਮਰਹੁ ਅਲਹ ਮਾਲ ਕਰ ਲੈ ਕੈ[1]।
ਇਕ ਚਾਲੀਸਾ ਜੋ ਤੁਮ ਕਰੋ।
ਸਾਢਸਤੀ ਕੋ ਬਲ ਪਰਹਰੋ ॥੯॥
ਖ਼ੈਰ ਹੋਇ ਸਭਿ ਰੀਤਿ ਹਮਾਰੇ।
ਹੁਇ ਬਰਨੀ ਜਬਿ ਏਵ ਤੁਮਾਰੇ।
ਸ਼੍ਰੀ ਸਤਿਗੁਰ ਸੁਨਿ ਸਭਿ ਲਖਿ ਪਾਈ।
ਜਥਾ ਦੁਸ਼ਟ ਮਿਲਿ ਕੀਨਿ ਖੁਟਾਈ ॥੧੦॥
-ਅਬਿ ਜੇ ਕਰਹਿਂ ਹਟਾਵਨਿ ਸ਼ਾਹੂ।
ਮਲਿਨ[2] ਹੋਇ, ਸੰਸੈ ਮਨ ਮਾਂਹੂ।
ਜੇ ਨਹਿਂ ਜਾਇਂ, ਕੁਟਿਲ ਮਿਲਿ ਕਹੈਂ।
ਹਮ ਸੋਂ ਬਿਗਰੈ, ਭੇਦ ਨ ਲਹੈ[3]- ॥੧੧॥
ਉਰ ਬਿਚਾਰ ਗੁਰੁ ਕਹ੍ਯੋ ਬਨਾਈ।
'ਤੋਂ ਪਰਿ ਸਾਢਸਤੀ ਨਹਿਂ ਆਈ।
ਨਹੀਂ ਕਸ਼ਟ ਕੁਛ ਆਵਹਿ ਨੇਰੇ।
ਸ਼੍ਰੇਯ ਅਹੈ ਤੇਰੀ ਹਮ ਹੇਰੇ ॥੧੨॥
ਜਿਸ ਪਰ ਸਾਢਸਤੀ ਅਬਿ ਆਈ।
ਤਿਸ ਤੇ ਬਨਹਿ ਨ ਏਕ ਉਪਾਈ।
ਕਾਲ ਜਾਇ ਭਖਿ ਦੇਖਤਿ ਤੇਰੇ।
ਮਰਹਿ ਕੁਮ੍ਰਿਤੁ ਪਾਪ ਫਲ ਪ੍ਰੇਰੇ ॥੧੩॥
ਹਮਰੇ ਪ੍ਰਵਿਸ਼ੇ ਦੁਰਗ ਮਝਾਰੇ।
ਉਪਜਤਿ ਹੈ ਕੱਲਜ਼ਾਨ ਤੁਮਾਰੇ।
ਤੋਂ ਹਮ ਜਾਹਿਂ ਜਾਪ ਕੋ ਕਰੈਂ।
ਸਭਿ ਸੰਕਟ ਤੇਰੇ ਪਰਹਰੈਂ' ॥੧੪॥
ਸੁਨਤਿ ਸ਼ਾਹੁ ਹਰਖ੍ਯੋ ਮਨ ਮਾਂਹੂ।
-ਸਾਢਸਤੀ ਬਲ ਹੋਇ ਬਿਨਾਹੂ-।
ਧੰਨ ਗੁਰੂ ਜੀ! ਤੁਮ ਸਭਿ ਲਾਯਕ।
ਸ਼ਰਨਾਗਤਿ ਕੇ ਕਸ਼ਟ ਨਸਾਯਕ ॥੧੫॥

---

[1]ਮਾਲਾ ਹੱਥ ਵਿਚ ਫੜ ਕੇ ਅੱਲਾ ਨੂੰ ਸਿਮਰੋ।
[2]ਉਦਾਸ।
[3]ਵਿਗੜੇਗਾ (ਬਾਦਸ਼ਾਹ) ਤੇ (ਦੁੰਦ ਦਾ) ਭੇਦ ਨਹੀਂ ਜਾਣੇਗਾ।

ਖ਼ਾਤਰ ਜਮਾ[1] ਰਿਦੇ ਅਬਿ ਹੋਈ।
ਸੰਕਟ ਮੋਹਿ ਛੁਵੈ ਨਹਿਂ ਕੋਈ।
ਕ੍ਰਿਪਾ ਧਾਰਿ ਹੁਇ ਹਰਖ ਸਮੇਤਾ।
ਜਾਪ ਕਰਨਿ ਗਮਨਹੁ ਮਮ ਹੇਤਾ ॥੧੬॥
ਤੁਮ ਤੇ ਆਛੋ ਕੋ ਹੁਇ ਪਜਾਰੋ।
ਜਿਨ ਕੇ ਦਿਏ ਪ੍ਰਾਨ ਤਨ ਧਾਰੋਂ।'
ਪਰਵਾਨਾ ਤਬਿ ਸ਼ਾਹੁ ਲਿਖਾਯੋ।
ਦੁਰਗ ਪਤੀ ਕੇ ਪਾਸ ਪਠਾਯੋ ॥੧੭॥
'ਸ਼੍ਰੀ ਹਰਿ ਗੋਵਿੰਦ ਇਹਠਾਂ ਆਵੈਂ।
ਕਰਿ ਚਾਲੀਸਾ ਮੋਹਿ ਬਚਾਵੈਂ।
ਆਛੇ ਥਲ ਡੇਰਾ ਕਰਿਵਾਵਹੁ।
ਜੋ ਕਿਛ ਚਹੈਂ ਸੁ ਪਾਸ ਪਠਾਵਹੁ ॥੧੮॥
ਦੇਤੇ ਰਹਿਯੇ ਅਧਿਕ ਅਨੰਦ।
ਮਾਨਹੁੰ ਕਹਜੋ ਸਕਲ ਕਰ ਬੰਦਿ।
ਨਿਕਟ ਹਮੇਸ਼ ਜਾਹੁ ਇਕ ਬਾਰੀ।
ਬੂਝਤਿ ਰਹਹੁ ਲੇਹੁ ਸੁਧਿ ਸਾਰੀ' ॥੧੯॥
ਇਮ ਕਹਿ ਸ਼ਾਹੁ ਬੰਦਨਾ ਕਰੀ।
ਗ੍ਰਿਹ ਕੌ ਗਮਨਿ ਸੁ ਇੱਛਾ ਧਰੀ।
ਸਤਿਗੁਰ ਕਹਜੋ 'ਰਹੈ ਸਭਿ ਡੇਰਾ।
ਹਮ ਗਮਨੈਂ ਤਿਤ ਹੋਤਿ ਸਬੇਰਾ ॥੨੦॥
ਕਰਹਿਂ ਨਿਵਾਰਨਿ ਬਾਧਾ ਤੋਰੀ।
ਬਹੁਰ ਬਿਨਾਸ਼ਹਿਂ ਕੁਟਿਲ ਜਿ ਖੋਰੀ[2]।'
ਸੁਨਤਿ ਸ਼ਾਹੁ ਕਹਿ 'ਮੈਂ ਅਨੁਸਾਰੇ[3]।
ਕਰਹੁ ਪ੍ਰਥਮ ਮੋ ਪਰ ਉਪਕਾਰੇ' ॥੨੧॥
ਗਯੋ ਸ਼ਾਹੁ ਉਠਿ ਅਪਨੇ ਧਾਮੂ।
ਸ਼੍ਰੀ ਹਰਿਗੋਵਿੰਦ ਤਨ ਅਭਿਰਾਮੂ।
ਤਯਾਰੀ ਕਰਤਿ ਭਏ ਨਿਜ ਸਾਰੀ।
ਸਭਨਿ ਸੁਨਾਵਤਿ ਗਿਰਾ ਉਚਾਰੀ ॥੨੨॥
'ਪੰਚ ਸਿੱਖ ਗਮਨਹਿਂ ਹਮ ਸੰਗ।

---

[1]ਤਸੱਲੀ।
[2]ਖੋਰੀ = ਛੁਪ ਕੇ ਵੈਰ ਕਰਨ ਵਾਲਾ।
[3]ਅਨੁਸਾਰ ਹਾਂ।

ਰਹੈ ਚਮੂੰ[1] ਸੁਧਿ ਲੇਹੁ ਤੁਰੰਗ।
ਹੋਵਤਿ ਰਹੈ ਦੇਗ ਇਸ ਰੀਤਿ।
ਸਭਿ ਕੀ ਸੁਧਿ ਬਿਧਿ ਲਿਹੁ ਨੀਤ' ॥੨੩॥
ਕਹ੍ਯੋ ਮਸੰਦਨਿ ਕੋ ਸਮੁਝਾਇ।
'ਹਮ ਆਵਹਿਂ ਦਿਨ ਕਿਤਿਕ ਬਿਤਾਇ।
ਸਭਿਨਿ ਸੰਭਾਰ ਕਰੋ ਹੁਸ਼ਿਯਾਰ।
ਰਹਹੁ ਸੁਚੇਤ ਨਿਵੇਸ[2] ਮਝਾਰ' ॥੨੪॥
ਖਾਨ ਪਾਨ ਕਰਿ ਨਿਸਾ ਬਿਤਾਈ।
ਭਈ ਭੋਰ ਗਮਨੇ ਗੋਸਾਈਂ।
ਪੰਚ ਸਿੱਖ ਲੇ ਸੰਗ ਪਯਾਨੇ।
ਪਹੁੰਚੇ ਜਾਇ ਗੁਆਲਿਯਰ ਥਾਨੇ ॥੨੫॥
ਦੁਰਗਪਤੀ ਆਖਯ ਹਰਿਦਾਸ।
ਸਿਮਰਤਿ ਸਦਾ ਸ ਹਿਤ ਗੁਰ ਪਾਸ[3]।
-ਕਿਮ ਦਰਸ਼ਨ ਮੈਂ ਚਲਿ ਕਰਿ ਪਾਵੋਂ।
ਨਹੀਂ ਦੁਰਗ ਕੋ ਛੋਰਿ ਸਿਧਾਵੋਂ ॥੨੬॥
ਅਹੈਂ ਕੈਦ ਇਸ ਮਹਿਂ ਬਹੁ ਰਾਜੇ।
ਮੇਰੇ ਗਏ ਬਿਗਰਹੈਂ ਕਾਜੇ।
ਸ਼ਾਹੁ ਤਕੀਦ ਕਰਤਿ ਬਹੁ ਬਾਰੀ।
ਦੁਰਗ ਬਿਸਾਸ[4] ਨ ਕੀਜਹਿ ਧਾਰੀ ॥੨੭॥
ਨਹੀਂ ਕੋਸ ਭਰ ਛੋਰਿ ਸਿਧਾਵਹੁ।
ਨਿਜ ਦਰਮਾਹਾ[5] ਬੈਠੇ ਪਾਵਹੁ।
ਨਹੀਂ ਦੁਰਗ ਤਜਿ ਜਾਯਹੁ ਜਾਵੈ-।
ਸਿਮਰਹਿ ਸਤਿਗੁਰੁ -ਦਰਸ ਦਿਖਾਵੈਂ- ॥੨੮॥
ਗਯੋ ਸ਼ਾਹ ਕੋ ਜਬਿ ਪਰਵਾਨਾ।
ਕਰਤਿ ਪ੍ਰਤੀਖਨ ਹਰਖ ਮਹਾਨਾ।
ਪਹੁੰਚੇ ਤਹਿਂ ਸ਼੍ਰੀ ਹਰਿ ਗੋਵਿੰਦ।
ਤਬਿ ਹਰਿਦਾਸ ਉਠ੍ਯੋ ਕਰ ਬੰਦਿ ॥੨੯॥
ਬੰਦਨ ਕੀਨਿ ਭਾਉ ਬਡ ਧਾਰਾ।

---

[1]ਸੈਨਾਂ (ਇੱਥੇ)।
[2]ਘਰ।
[3]ਪਿਆਰ ਨਾਲ ਗੁਰੂ ਜੀ ਦੀ ਸਮੀਪਤਾ।
[4](ਦਾ) ਭਰੋਸਾ।
[5]ਰੋਜ਼ੀਨਾ।

ਲੇਕਰਿ ਸੰਗ ਸੁ ਦੁਰਗ ਮਝਾਰਾ।
ਪ੍ਰਵਿਸ਼ਜੋ ਆਛੋ ਥਲ ਜਹਿਂ ਹੇਰਾ।
ਜਾਇ ਕਰਾਯਹੁ ਸਤਿਗੁਰੁ ਡੇਰਾ ॥੩੦॥
ਇਕ ਸੁੰਦਰ ਪਰਯੰਕ ਡਸਾਯੋ।
ਆਸਤਰਨ ਸੋਂ ਨੀਕੇ ਛਾਯੋ।
ਤਿਸ ਪਰ ਬਿਨਤੀ ਭਾਖਿ ਬਿਠਾਏ।
ਬੈਠਿ ਤਰੇ ਮਨ ਬਾਂਛਤਿ ਪਾਏ ॥੩੧॥
ਕਹਤਿ ਭਯੋ 'ਸੁਨਿ ਸੁਜਸੁ ਤੁਮਾਰਾ।
ਚਹਤਿ ਰਹਜੋ ਮੈਂ ਦਰਸ ਉਦਾਰਾ।
ਘਟਿ ਘਟਿ ਕੀ ਤੁਮ ਜਾਣਨਿ ਹਾਰੇ।
ਆਨ ਦਿਯੋ ਦਰਸ਼ਨ ਇਸ ਬਾਰੇ ॥੩੨॥
ਕਰਜੋ ਨਿਹਾਲ ਮੋਹਿ ਕੋ ਆਛੇ।
ਦੇਤਿ ਮਨੋਰਥ ਦਾਸ ਜੁ ਬਾਂਛੇ।'
ਭਾਉ ਹੇਰਿ ਕਰਿ ਬਹੁ ਹਰਿਦਾਸ।
ਸ਼੍ਰੀ ਮੁਖ ਤੇ ਕਿਯ ਬਾਕ ਪ੍ਰਕਾਸ਼ ॥੩੩॥
'ਗੁਰੁ ਘਰ ਕੇ ਜੋ ਸ਼ਰਧਾ ਧਾਰੀ।
ਦੁਹ ਲੋਕਨਿ ਗਤਿ ਲਹਤਿ ਸੁਖਾਰੀ।
ਸ਼੍ਰੀ ਨਾਨਕ ਜਗ ਗੁਰ ਸਭਿ ਮਾਲਕ।
ਚਾਰ ਪਦਾਰਥ ਦੇਂ ਤਤਕਾਲਕ' ॥੩੪॥
ਸੁਨਤਿ ਹਰਖ ਕਰਿ ਕੈ ਹਰਿਦਾਸ।
ਵਸਤੁ ਜੁ ਚਹਿਯਤਿ ਪਠੀ ਸੁ ਪਾਸ।
ਕੈਦ ਬਿਖੈ ਮਹੀਪਾਲ ਬਿਸਾਲਾ।
ਉਮਰ ਕੈਦ ਜਿਨ ਕੀ ਸਭਿ ਕਾਲਾ ॥੩੫॥
ਕਬਹੁਂ ਨ ਛੋਡਨਿ ਜਿਨ ਕੋ ਹੋਇ।
ਤਿਸੀ ਦੁਰਗ ਮਹਿਂ ਗੇਰਤਿ ਸੋਇ।
ਸੁਨੀ ਸਭਿਨਿ 'ਸਤਿਗੁਰੁ ਇਤ ਆਏ।'
ਭਏ ਅਨੰਦ ਮਨਹੁਂ ਛੁਟਕਾਏ ॥੩੬॥
ਕਰ ਜੋਰੇ ਸਭਿ ਹੀ ਤਹਿਂ ਆਇ।
ਗੁਰੁ ਕੋ ਦਰਸ ਕੀਨਿ ਸੁਖ ਪਾਇ।
ਸਭਿ ਕੇ ਊਪਰ ਬਸਤ੍ਰ ਮਲੀਨ।
ਤਨ ਤੇ ਦੁਰਬਲ ਚਿੰਤਾ ਪੀਨ ॥੩੭॥

ਕੇਸ਼ ਸ਼ਮਸ਼ ਮਹਿਂ ਜੂੰਕ[1] ਘਨੇਰੀ।
ਪਾਇਨ ਪਰੀ ਪੀਨ ਹੀ ਬੇਰੀ[2]।
ਜੀਰਨ ਪਟ ਤਨ ਧਾਰਨਿ ਕਰੇ।
ਮੁਕਤਿ ਹੋਨਿ ਕੀ[3] ਆਸ ਨ ਧਰੇ ॥੩੮॥
ਬਿਛੁਰੇ ਪਰਵਾਰਨਿ ਅਰੁ ਦੇਸ਼।
ਨਿਸ ਦਿਨ ਜਿਨਹੁਂ ਕਲੇਸ਼ ਵਿਸੇਸ਼।
ਜਰਾਸਿੰਧ ਜਿਮ ਰਾਜੇ ਗਹੇ।
ਦੇਖਿ ਕ੍ਰਿਸ਼ਨ ਕੋ ਆਨੰਦ ਲਹੇ ॥੩੯॥
ਤਿਮ ਸਭਿ ਪਿਖਿ ਸ਼੍ਰੀ ਹਰਿ ਗੋਵਿੰਦ।
ਨਾਮ ਕ੍ਰਿਯਾ ਜੁਗ ਕੀ ਮਾਨਿੰਦ[*]।
ਦੇਖਿਤਿ ਕ੍ਰਿਪਾ ਕ੍ਰਿਪਾਲ ਬਿਸਾਲਾ।
ਸਭਿ ਕੋ ਦਈ ਧੀਰ ਤਿਸਕਾਲਾ ॥੪੦॥
ਰਹਨਿ ਲਗੇ ਪੁਨ ਦੁਰਗ ਮਝਾਰੇ।
ਸਭਿ ਕੈ ਦਿਨਿ ਕੋ ਦੇਤਿ ਅਹਾਰੇ।
ਪਾਤਸ਼ਾਹੁ ਤੇ ਧਨੁ ਬਹੁ ਆਵੈ।
ਪੁਨ ਹਰਿਦਾਸ ਰਸਦ ਪਹੁੰਚਾਵੈ ॥੪੧॥
ਬਨਹਿ ਤਿਹਾਵਲ ਨਿਤ ਸਮੁਦਾਇ।
ਜਿਤੇ ਦੁਰਗ ਮਹਿਂ ਸਗਰੇ ਖਾਇਂ।
ਛੁਧਿਤਿ ਰਹਨਿ ਪਾਵੈ ਨਹਿਂ ਕੋਈ।
ਸ੍ਵਾਦਲ ਅਸਨ ਦੇਤਿ ਬਹੁ ਹੋਈ ॥੪੨॥
ਜੇਤਿਕ ਕੈਦੀ ਬ੍ਰਿੰਦ ਸਿਪਾਹੀ।
ਸਤਿਗੁਰੁ ਦੇਂ ਪੰਚਾਂਮ੍ਰਿਤ ਖਾਂਹੀ।
ਤਊ ਬਚਹਿ ਪੁਨ ਵਹਿਰ ਦਿਵਾਵੈਂ।
ਆਨਿ ਲੋਕ ਗਨ ਲੇ ਕਰਿ ਖਾਵੈਂ ॥੪੩॥
ਇਕ ਦੁਇ ਕਾਲ ਬੀਤ ਕਰਿ ਗਏ।
ਗੁਰੂ ਅਹਾਰ ਨ ਕਰਤੇ ਭਏ।

---

[1]ਜੂੰਆ।
[2]ਪੈਰਾਂ ਵਿਚ ਪਈ ਤਕੜੀ ਬੇੜੀ।
[3]ਰਿਹਾ ਹੋਣ ਦੀ।
[*]ਦੋਹਾ ਦਾ ਨਾਮ ਤੇ ਕ੍ਰਿਆ ਇੱਕੋ ਜਿਹੀ ਹੈ। ਭਾਵ ਕ੍ਰਿਸ਼ਨ ਤੇ ਗੋਬਿੰਦ ਇਕ ਨਾਮ ਹੈ ਤੇ ਰਾਜਿਆਂ ਦਾ ਛੁੜਾਨਾ ਰੂਪ ਕ੍ਰਿਆ ਭੀ ਦੋਹਾਂ ਨੇ ਇੱਕੋ ਕੀਤੀ, ਪਰ ਭਾਈ ਨੰਦ ਲਾਲ ਜੀ ਸਤਿਗੁਰ ਹਰਿਗੋਬਿੰਦ ਜੀ ਬਾਬਤ ਇਹ ਲਿਖਦੇ ਹਨ:-"ਵ ਮੰਜ਼ਿਲ ਉਲੀਆਇਸ਼ ਅਜ਼ ਹਰ ਉਲਵੀ ਬਰਤਰ" [ਸਲਤਨਤ ਸ਼ਸ਼ਮ] ਅਰਥਾਤ ਉਸ ਦਾ ਬਜ਼ੁਰਗ ਮਰਤਬਾ ਹਰ ਉੱਚੇ ਤੋਂ ਉੱਚਾ ਹੈ ਅਰਥਾਤ ਆਪ ਸ਼੍ਰੀ ਕ੍ਰਿਸ਼ਨ ਜੀ ਤੋਂ ਬੀ ਉੱਚੇ ਹਨ।

ਪੰਚ ਸਿੱਖ ਜੇਠਾ ਰੁ ਪਿਰਾਣਾ।
ਸਭਿਹਿਨਿ ਪਿਖਿ ਕਰ ਜੋਰਿ ਵਖਾਣਾ ॥੪੪॥
'ਇਹ ਕਾਰਨ ਭਾ ਕੌਨ ਗੁਸਾਈਂ?
ਆਪ ਨਹੀਂ ਭੋਜਨ ਕੋ ਖਾਂਹੀ।
ਧਿਕ ਹਮਰੋ ਤੁਮਰੇ ਬਿਨ ਖਾਯੋ।
ਬਰਤਜੋ ਦੇਖਤਿ ਲੇਂ ਮੁਖ ਪਾਯੋ' ॥੪੫॥
ਸ੍ਰੀ ਮੁਖ ਤੇ ਫੁਰਮਾਵਨਿ ਕੀਨਿ।
'ਇਹ ਭੋਜਨ ਹਮ ਖਾਂਹਿ ਕਬੀ ਨ।
ਵਹਿਰ ਜਾਇ ਮਿਹਨਤ ਕਰਿ ਲਜਾਵਹੁ।
ਰਸਦ ਖਰੀਦਹੁ ਬਿਪਨੀ ਜਾਵਹੁ[1] ॥੪੬॥
ਤਿਸਤੇ ਤਜਾਰ ਅਹਾਰ ਕਰੀਜਹਿ।
ਹਿਤ ਭੋਜਨ ਕੇ ਸੋ ਹਮ ਦੀਜਹਿ।
ਨਾਂਹਿ ਤ ਰਹਿ ਹੈਂ ਪੌਨ ਅਹਾਰੀ।
ਜਬਿ ਲਗਿ ਬਾਸਹਿਂ ਦੁਰਗ ਮਝਾਰੀ' ॥੪੭॥
ਸੁਨਿ ਸਤਿਗੁਰ ਤੇ ਬਹੁਰ ਸੁਨਾਈ।
'ਹਮ ਨਿਜ ਹਾਥਨਿ ਲਜਾਇੰ ਕਮਾਈ।
ਕੀਜਹਿ ਭੋਜਨ ਆਪ ਹਮੇਸ਼ੂ।
ਹਮ ਕੋ ਅਹੈ ਸੁਖੇਨ ਬਿਸ਼ੇਸ਼ੂ' ॥੪੮॥
ਲੇ ਆਗਜਾ ਗਮਨੇ ਤਿਸ ਬੇਰੇ।
ਵਹਿਰ ਦੁਰਗ ਕੇ ਨਿਕਟ ਠਠੇਰੇ[2]।
ਤਿਨ ਸੋਂ ਨਿਜ ਮਿਹਨਤ ਠਹਿਰਾਈ।
'ਕਰਹਿਂ ਅਪਰ ਤੇ ਦੁਗਨਿ ਕਮਾਈ ॥੪੯॥
ਸਰਬ ਜਾਮਨੀ ਕ੍ਰਿਤੀ ਕਰੈ ਹੈਂ।
ਏਕ ਰਜਤਪਣ ਦੋਨਹੁਂ ਲੈਹੈਂ।
ਕਹਜੋ ਠਠੇਰਨਿ 'ਜੇ ਬਹੁ ਘਾਲਿ[3]।
ਦੇਹਿਂ ਮਜੂਰੀ ਤੁਮਹਿਂ ਬਿਸਾਲ' ॥੫੦॥
ਸੰਧਜਾ ਤੇ ਗਹਿ ਲੀਨਿ ਵਿਦਾਨ[4]।
ਘਰਨਿ ਲਗੇ ਕਰਿ ਤਾਨ[5] ਮਹਾਨ।

---

[1]ਦੁਕਾਨ ਤੇ ਜਾਕੇ।
[2]ਕਸੇਰਾ, ਭਾਂਡੇ ਘੜਨ ਵਾਲਾ।
[3]ਕਮਾਈ ਕਰੋਗੇ।
[4]ਹਥੌੜਾ।
[5]ਬਲ।

ਜਥਾ ਠਠੇਰਾ ਬਿਧੀ ਬਤਾਵੈ।
ਪਕਰਿ ਹਥੌਰੇ ਤਥਾ ਲਗਾਵੈਂ ॥੫੧॥
ਹੋਤਿ ਭੋਰ ਲਗਿ ਬਾਸਨ ਬ੍ਰਿੰਦ।
ਘਰੇ ਅਗਾਰੀ ਤੇ ਸੁ ਬਿਲੰਦ।
ਹੋਇ ਪ੍ਰਸੰਨ ਰਜਤਪਣ ਦੀਨਿ।
ਦੋਨਹੁ ਰਸਦ ਖਰੀਦਨਿ ਕੀਨਿ ॥੫੨॥
ਚੂਨ ਸੁ ਚਾਵਰ ਸੂਖਮ ਲੀਨੇ।
ਘ੍ਰਿਤ ਮਿਸ਼ਟਾਨ ਲਿਯੋ ਸ਼ੁਭ ਚੀਨੇ।
ਪਯ[1] ਖਰੀਦ ਗੁਰ ਕੇ ਢਿਗ ਲਜਾਏ।
ਪਾਕ ਸਿੱਧ[2] ਸਭਿ ਕੀਨਿ ਬਨਾਏ ॥੫੩॥
ਸਭੀ ਤਜਾਰ ਕਰਿ ਥਾਰ ਪਰੋਸਾ।
ਸਤਿਗੁਰ ਕੋ ਅਚਾਇ ਕਰਿ ਪੋਸਾ[3]।
ਸਭਿਹਿਨਿ ਪਾਇ ਅਨੰਦ ਵਿਸ਼ੇਸ਼ੂ।
ਕਰਤਿ ਭਏ ਤਿਮ ਕਾਰ ਹਮੇਸ਼ੂ ॥੫੪॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਗੁਰੁ ਹਰਿਗੋਵਿੰਦ ਦੁਰਗ ਪ੍ਰਵੇਸ਼ਨਿ' ਪ੍ਰਸੰਗ ਬਰਨਨੰ ਨਾਮ ਏਕ ਉਨਸਸ਼ਟੀ ਅੰਸੂ ॥੫੯॥

---

[1]ਦੁੱਧ।
[2]ਰਸੋਈ ਤਿਆਰ।
[3]ਤ੍ਰਿਪਤ ਕੀਤਾ।

੬੦. [ਗੁਆਲੀਅਰ ਨਿਵਾਸ। ਪ੍ਰੇਮੀ ਸਿੱਖਾਂ ਦੀ ਸਲਾਹ]

੫੯<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੧

ਦੋਹਰਾ: ਉਰ ਹਰਖਤਿ ਚੰਦੂ ਭਯੋ, ਪੁਰਜੋ ਮਨੋਰਥ ਜਾਨਿ।
ਦਯੋ ਨਜੂਮੀ ਕੋ ਦਰਬ, ਅਰੁ ਉਮਰਾਵਨਿ ਮਾਨ ॥੧॥
ਚੌਪਈ: -ਪਰੇ ਕੈਦ ਅਬਿ ਕਰਿਹੌਂ ਹਾਨ।
ਛੂਟਨਿ ਨਿਕਸਨਿ ਹੋਹਿ ਤਹਾਂ ਨ[1]-।
ਜਤਨ ਬਿਚਾਰਤਿ ਮਾਰਨਿ ਕੇਰਾ।
ਨਿਸ ਦਿਨ ਗਿਨਤੀ ਗਿਨਹਿ ਘਨੇਰਾ ॥੨॥
ਜਮਾਂਦਾਰ ਕੋ ਲਿਖਜੋ ਬਨਾਇ।
'ਇਹੁ ਮਮ ਰਿਪੁ ਜਾਨਹੁ ਇਤ ਆਇ।
ਕਰਿ ਉਪਾਵ ਮੈਂ ਤੁਝ ਢਿਗ ਭੇਜਾ।
ਇਸ ਦੁਖ ਤੇ ਮਮ ਪਾਕ[2] ਕਰੇਜਾ ॥੩॥
ਨਹੀਂ ਦੁਰਗ ਤੇ ਨਿਕਸਨਿ ਪਾਵੈ।
ਇਮ ਕੀਜਹਿ ਜਿਮ ਜਮ ਘਰ ਜਾਵੈ।
ਸੋ ਉਪਾਉਂ ਮੈਂ ਕਹੌਂ ਬਨਾਈ।
ਪੋਸ਼ਿਸ਼ ਸਭਿ ਦਿਹੁ ਜ਼ਹਿਰ ਲਗਾਈ ॥੪॥
ਅਤਿ ਤੀਛਨ ਜਿਸ ਤੇ ਤਤਕਾਲ।
ਤਜਹਿ ਪ੍ਰਾਨ ਪਹਿਰਤਿ ਬਿਕਰਾਲ[3]।
ਨਿਜ ਨਰ ਆਛੋ ਕੀਨਿ ਪਠਾਵਨਿ।
ਇਹ ਬਨਵਾਵਹਿ ਹਿਤ ਪਹਿਰਾਵਨਿ ॥੫॥
ਤੁਮ ਨਿਜ ਕਰ ਲੈ ਕੇ ਢਿਗ ਜਾਵੋ।
-ਪੋਸ਼ਿਸ਼ ਪਠੀ ਸ਼ਾਹੁ- ਬਤਰਾਵੋ।
ਕਹਹੁ ਕਪਟ ਕੇ ਮਾਧੁਰ ਬੈਨ।
ਪਹਿਰਾਵੋ ਤਨ ਹੇਰਤਿ ਨੈਨ ॥੬॥
ਜਬਿ ਮਮ ਰਿਪੁ ਜਮ ਧਾਮ ਪਹੂਚੇ।
ਤੋਹਿ ਮਰਾਤਬ ਕਰਿ ਹੌਂ ਊਚੇ।
ਸ਼ਾਹੁ ਨਿਕਟ ਤੇ ਮਾਨ ਕਰਾਵੌਂ।
ਹੇਤ ਗੁਜ਼ਾਰੇ ਗ੍ਰਾਮ ਦਿਵਾਵੌਂ ॥੭॥
ਪੰਜ ਹਜ਼ਾਰ ਦਰਬ ਮੈਂ ਦੈਹੌਂ।

---

[1]ਛੁੱਟ ਕੇ ਤਿੱਥੋਂ ਨਿਕਲਨਾ ਨਹੀਂ ਹੋਵੇਗਾ।
[2]ਪੱਕ ਗਿਆ ਹੈ।
[3]ਭਿਆਨਕ।

ਅਪਨਿ ਸਖਾ ਪਜਾਰੋ ਕਰਵੈਹੌਂ।
ਇਮ ਲਿਖਿ ਕਰਿ ਆਛੋ ਨਰ ਭੇਜਾ।
ਕਹ੍ਯੋ ਕਿ 'ਦਰਬ ਸੰਗ ਗਨ ਲੇ ਜਾ' ॥੮॥
ਪਠ੍ਯੋ ਪਾਤਕੀ ਕੋ ਨਰ ਗਯੋ।
ਦੇਖਿ ਦੁਰਗਪਤਿ ਕੋ ਖਤ ਦਯੋ।
ਪਠਿ ਕਰਿ ਜਾਨ੍ਯੋ ਅਖਿਲ ਹਵਾਲ।
ਸਤਿਗੁਰ ਢਿਗ ਪਹੁੰਚ੍ਯੋ ਤਤਕਾਲ ॥੯॥
'ਤੁਝ ਕੋ ਪਠ੍ਯੋ ਸ਼ਾਹੁ ਇਸ ਥਾਨੇ।
ਸਭਿ ਫਰੇਬ ਇਹ ਚੰਦੂ ਠਾਨੇ।
ਲੋਕਨਿ ਕੋ ਧਨ ਦੇ ਸਿਖਲਾਯੋ।
ਹਤ੍ਯੋ ਚਹਤਿ ਇਸ ਦੁਰਗ ਪਠਾਯੋ ॥੧੦॥
ਅਪਰ ਨ ਬਰਨੀ ਕਰਨੀ ਕੋਈ।
ਇਹ ਪ੍ਰਪੰਚ[1] ਸਭਿ ਤਿਸ ਤੇ ਹੋਈ।
ਅਬਿ ਮੁਝ ਕੋ ਲਿਖਿ ਭੇਜਯੋ ਤੈਸੇ।
ਮੈਂ ਤਿਸ ਕਹੀ ਨ ਮਾਨੋਂ ਕੈਸੇ' ॥੧੧॥
ਸਭਿ ਪਢਿ ਕਰਿ ਸਤਿਗੁਰਨਿ ਸੁਨਾਯੋ।
ਪੁਨ ਪਾਵਕ ਮੈਂ ਸੋ ਖਤ ਪਾਯੋ।
ਸ਼੍ਰੀ ਹਰਿ ਗੋਬਿੰਦ ਬਾਕ ਉਚਾਰੇ।
'ਮਰਹਿ ਦੁਸ਼ਟ ਪਹੁੰਚੈ ਜਮ ਦ੍ਵਾਰੇ ॥੧੨॥
ਆਨਿ ਸਮਾਂ ਢਿਗ ਪਹੁੰਚ੍ਯੋ ਤਾਂਹੀ।
ਹਤੌਂ ਕੁਮੌਤ ਬਚਹਿ ਅਬਿ ਨਾਂਹੀ।
ਜਮਾਂਦਾਰ ਸੁਨਿ ਕਰਿ ਹਰਖਾਯੋ।
'ਇਹ ਬਡ ਪਾਪੀ ਬਹੁਤ ਬਚਾਯੋ[2] ॥੧੩॥
ਕਰੀ ਅਵੱਗਜਾ ਬਡਿਹੁਂ ਬਡੇਰੀ[3]।
ਅਬਿ ਲੌ ਨਹਿਂ ਬਾਧਾ ਕੁਛ ਹੇਰੀ।
ਦਿਹੁ ਸਜ਼ਾਇ ਤਬਿ ਦੁਸ਼ਟ ਜੁ ਸਾਰੇ।
ਨਿਰਧਾਰਹਿਂ ਰਾਵਰਿ ਡਰਧਾਰੇ[4]' ॥੧੪॥
ਵਹਿਰ ਜਾਇ ਚੰਦੂ ਨਰ ਹੇਰਾ।

---

[1]ਛਲ।
[2]ਬਹੁਤ ਬਚਿਆ ਰਿਹਾ ਹੈ।
[3]ਵਡਿਆਂ ਤੋਂ ਵਡੇ ਦੀ (ਅ) ਵਡੀ ਤੋਂ ਵਡੀ (ੲ) ਵਡਿਆਂ ਦੀ ਬੜੀ ਅਵੱਗਜਾ ਕੀਤੀ ਹੈ।
[4](ਚੰਦੂ ਨੂੰ) ਸਜ਼ਾ ਦਿਓ, ਤਦ ਜੋ ਸਾਰੇ ਦੁਸ਼ਟ ਹਨ ਆਪ ਦਾ ਨਿਸ਼ਚੇ ਡਰ ਧਾਰਨਗੇ।

ਕਹਜੋ 'ਜਾਹੁ ਨਿਜ ਸਦਨ ਸਵੇਰਾ।
ਹਮ ਤੇ ਅਘ ਅਸ ਹੋਤਿ ਨ ਕੋਈ।
ਭਲੋ ਜਾਨਿ ਤੁਮ ਕੀਜਹਿ ਸੋਈ ॥੧੫॥
ਲਿਖਜੋ ਸ਼ਾਹੁ -ਇਨ ਰਾਖਿ ਸੁਖਾਰੇ-।
ਚਹਿ ਚੰਦੂ ਅਘ ਹਮ ਨਹਿਂ ਧਾਰੇ[1]।'
ਗਯੋ ਨਿਰਾਸਾ ਜਾਇ ਸੁਨਾਯੋ।
ਬਹੁ ਦੁਖ ਤੇ ਮਨ ਮਹਿਂ ਮੁਰਝਾਯੋ ॥੧੬॥
ਨਿਸ ਦਿਨ ਜਿਸ ਕੇ ਚਿੰਤ ਬਿਸਾਲਾ।
-ਹਤੌਂ ਕਿਮੈਂ, ਨਤੁ ਮੇਰੋ ਕਾਲਾ-।
ਉਮਰਾਵਨਿ ਧਨ ਦੀਨਿ ਸਿਖਾਯਹੁ।
'ਨਹੀਂ ਸ਼ਾਹੁ ਕੇ ਯਾਦ ਕਰਾਯਹੁ ॥੧੭॥
ਗੁਰ ਕੋ ਜ਼ਿਕਰ ਕਰਹੁ ਕਬਿ ਨਾਂਹੀ।
ਜਿਸ ਤੇ ਬਸਹਿ ਦੁਰਗ ਕੇ ਮਾਂਹੀ।
ਸ਼ਾਹੁ ਜਿ ਕਹੈ, ਫੇਰਿ ਮਤਿ ਦੀਜੈ।
-ਨਿਜ ਸੁਖ ਹਿਤ ਗੁਰ ਨਹਿਂ ਨਿਕਸੀਜੈ ॥੧੮॥
ਬਸਹਿ ਦੁਰਗ ਸਿਮਰੰਤਿ ਖੁਦਾਇ।
ਤੁਮਰੀ ਬਿਨਸਹਿ ਅਖਿਲ ਬਲਾਇ।
ਨਿਜ ਸੁਖ ਚਹਹੁ ਦੁਰਗ ਮਹਿਂ ਰਾਖੋ-।
ਸਿਮਰਹਿ ਸ਼ਾਹੁ ਜਿ, ਇਸ ਬਿਧਿ ਭਾਖੋ' ॥੧੯॥
ਇੱਤਜਾਦਿਕ ਨਿਤ ਕਪਟ ਰਚੰਤਾ।
ਮਹਾਂ ਦੁਸ਼ਟ ਅਘ ਨਹੀਂ ਲਖੰਤਾ।
ਇਸੀ ਰੀਤਿ ਦਿਨ ਬੀਤੇ ਚਾਲੀ।
ਨਹੀਂ ਸ਼ਾਹੁ ਕਬਿ ਕੀਨਿ ਸੰਭਾਲੀ ॥੨੦॥
ਬੈਠਿ ਸਭਾ ਮਹਿਂ ਜ਼ਿਕਰ ਜਿ ਕਰਜੋ।
ਕਹਿ ਕਰਿ ਉਮਰਾਵਨਿ ਸੋ ਹਰਜੋ।
'ਤੁਮਰੇ ਤਨ ਸੁਖ ਹੁਇ ਗੁਰ ਬੈਸੇ।
ਦੁਰਗ ਬਿਖੈ ਨਿਕਸਾਉ ਨ ਕੈਸੇ ॥੨੧॥
ਦਰਬ ਜਾਤਿ ਰਾਵਰ ਕੇ ਘਰ ਤੇ।
ਨਿਤ ਅਨੰਦ ਸੋਂ ਬੈਠਜੋ ਬਰਤੇ।
ਤੁਮਰੇ ਕੁਸ਼ਲ, ਗੁਰੂ ਧਨ ਪਾਵੈ।
ਇਸ ਮਹਿਂ ਦੋਸ਼ ਨ ਕੁਛ ਬਨਿ ਆਵੈ' ॥੨੨॥

---

[1]ਚੰਦੂ ਪਾਪ ਚਾਹੁੰਦਾ ਹੈ (ਇਨ੍ਹਾਂ ਨਾਲ ਪਰ) ਅਸੀਂ ਨਹੀਂ ਕਰਦੇ।

ਇਮ ਫਰੇਬ ਕੀ ਕਹਿ ਕਹਿ ਬਾਤਿ।
ਜਹਾਂਗੀਰ ਕੀ ਮਤਿ ਬਿਚਲਾਤਿ।
ਦੁਇ ਦਿਨ ਊਪਰ ਬਹੁਰ ਗੁਜ਼ਾਰੇ।
ਮਿਲਿ ਸਿਖ ਪੰਚਹੁਂ ਕੀਨਿ ਬਿਚਾਰੇ ॥੨੩॥
'ਸ੍ਰੀ ਅਰਜਨ ਕੀ ਸਮ ਇਹ ਬਾਤਿ।
ਚੰਦੂ ਤਕਹਿ ਗੁਰੂ ਤਨ ਘਾਤਿ।
ਸ਼ਾਹੁ ਸਮੀਪੀ ਸਭਿ ਅਪਨਾਏ।
ਤਿਮ ਭਾਖਹਿਂ ਜਿਮ ਦੇਤਿ ਸਿਖਾਏ ॥੨੪॥
ਜਹਾਂਗੀਰ ਕਿਮ ਧੀਰਜ ਗਹੈ।
ਸਗਰੇ ਨਰ ਬਦ ਮਸਲਤਿ[1] ਕਹੈਂ।
ਅਵਨੀਪਨ ਕੈ ਸ਼੍ਰਵਨ ਬਡੇਰੇ।
ਜਿਸ ਕਿਸ ਤੇ ਸੁਨਿ ਲੇਤਿ ਨ ਹੇਰੇ[2] ॥੨੫॥
ਦੋਇ ਤੀਨ ਮਿਲਿ ਫੇਰਹਿਂ ਮਤਿ ਕੋ।
ਪੁਰਹਿਂ ਕਾਜ ਨਿਜ, ਕਹਤਿ ਅਸਤਿ[3] ਕੋ।
ਜਹਾਂ ਕਚਹਿਰੀ ਸਮਸਰ[4] ਸਾਰੀ।
ਇਕ ਆਸ਼ੈ ਪਰ ਕਰਤਿ ਉਚਾਰੀ ॥੨੬॥
ਸੋ ਕਾਰਜ ਪੁਰਵਹਿ ਨਹਿਂ ਕੈਸੇ।
ਕਰਹੁ ਬਿਚਾਰਨ ਨਿਜ ਉਰ ਐਸੇ।
ਸਤਿਗੁਰ ਛਿਮਾ ਨਿਧਾਨ ਮਹਾਨੇ।
ਲਵਪੁਰਿ ਰਾਖੇ ਬਰਜਿ ਰਿਸਾਨੇ[5] ॥੨੭॥
ਨਿਜ ਬਲ ਨਹਿਂ ਸੰਭਾਰਨਿ ਕੀਨਿ।
ਹਮ ਕੋ ਅਜ਼ਮਤਿ ਕਰਨਿ ਨ ਦੀਨ।
ਸਹਿ ਕਰਿ ਸਰਬ ਸਜ਼ਾਇ ਸਰੀਰ।
ਗਮਨਿ ਕੀਨਿ ਬੈਕੁੰਠ ਸਧੀਰ ॥੨੮॥
ਇਹ ਕੌਤਕ ਸਭਿ ਚੰਦੂ ਕੇਰੇ।
ਸ਼ਾਹੂ ਰਿਦੇ ਕੁਛ ਸਮਝਿ ਨ ਪਰੇ।

---

[1]ਬੁਰੀ ਸਲਾਹ।
[2]ਰਾਜਿਆਂ ਦੇ ਕੰਨ ਵੱਡੇ ਹੁੰਦੇ ਹਨ, ਸਭ ਦੀ ਸੁਣ ਲੈਂਦੇ ਹਨ, ਪਰ (ਅੱਖੀਂ) ਦੇਖਦੇ ਨਹੀਂ। (ਕਹਾਵਤ ਹੈ:- ਰਾਜਾ ਕੰਨ ਕਿ ਅੱਖੀਂ?)।
[3]ਝੂਠ।
[4]ਇੱਕੋ ਜਿਹੀ।
[5]ਛਿਮਾ ਨਿਧਾਨ ਸਤਿਗੁਰ (ਅਰਜਨ) ਜੀ ਨੇ (ਸਾਨੂੰ) ਲਾਹੌਰ ਵਿਚ ਗੁੱਸਾ ਕਰਕੇ (ਕੁਛ ਕਰਨ ਲੱਗਿਆਂ ਨੂੰ) ਵਰਜ ਲਿਆ ਸੀ।

ਦੁਰਗੁ ਗ੍ਵਾਲਿਯਰ ਗੁਰੂ ਬਿਠਾਏ।
ਤਹਿਂ ਕਜ਼ਾ ਕਰਹਿ ਲਖੀ ਨਹਿਂ ਕਾਏ[1]* ॥੨੯॥
ਮਾਨਿ ਬਾਕ ਜੇ ਦਏ ਬਿਠਾਈ।
-ਬਹੁਰ ਬੁਲਾਵੌਂ- ਸੁਧਿ ਨਹਿਂ ਆਈ।
ਜੇ ਸੁਧਿ ਹੋਹਿ ਤਿਨਹੁਂ ਮਤਿ ਫੇਰੀ।
ਨਹੀਂ ਹਕਾਰੈ ਗੁਰ ਇਸ ਬੇਰੀ ॥੩੦॥
ਆਪੇ ਸ਼ਾਹੁ ਬੁਲਾਵਹਿ ਪਾਹੀ।
ਨਹਿਂ ਅਸ ਆਸ ਧਰਹੁ ਉਰ ਮਾਂਹੀ।
ਅਰੁ ਸਤਿਗੁਰ ਅਜ਼ਮਤਿ ਨ ਦਿਖਾਵੈਂ।
ਸਹੈਂ ਸਕਲ ਜੈਸੇ ਬਨਿ ਆਵੈ ॥੩੧॥
ਯਾਂ ਤੇ ਕਰਹੁ ਬਿਚਾਰਨਿ ਬਾਤਿ।
ਜਿਸ ਤੇ ਗੁਰਸਿੱਖਨਿ ਕੁਸ਼ਰਾਤ[2]।'
ਜੇਠੇ ਤੇ ਸੁਨਿ ਸਕਲ ਪਿਰਾਣਾ।
ਸਭਿਨਿ ਸੁਨਾਵਤਿ ਬਾਕ ਬਖਾਣਾ ॥੩੨॥
'ਗੁਰ ਮਰਜ਼ੀ ਜੇ ਕਰਿ ਇਮ ਨਾਂਹੀ।
ਕਰਹੁ ਜਿ ਤੁਮ ਲਖਿ ਕੈ ਉਰ ਮਾਂਹੀ।
ਕਰਹਿਂ ਕ੍ਰੋਧ ਤੇ ਬਾਕ ਉਚਾਰਨਿ।
ਪਰਹਿ ਆਨਿ ਤਬਿ ਸੰਕਟ ਦਾਰੁਨ ॥੩੩॥
ਕਹਹੁ ਸਹਾਇਕ ਹੁਇ ਤਬਿ ਕੌਨ।
ਨਹਿਂ ਢਿਗ ਬਚਹਿਂ ਨ ਗਮਨੇ ਭੌਨ[3]।
ਕਰਹੁ ਕਾਰ ਹੁਇ ਗੁਰ ਅਨੁਸਾਰੀ।
ਸਭਿ ਬਿਧਿ ਉਪਜਹਿ ਕੁਸ਼ਲ ਤੁਹਾਰੀ' ॥੩੪॥
ਇਤਨੇ ਬਿਖੈ ਆਇ ਬ੍ਰਿਧ ਭਾਈ।
ਸਭਿ ਉਠਿ ਚਰਨ ਪਰੇ ਸਹਿਸਾਈ।
ਸਿੱਖਨਿ ਅਪਨੇ ਬਿਖੈ ਬਿਠਾਯੋ।
'ਅਬਹਿ ਅਰਾਮ ਸਤਿਗੁਰੂ ਪਾਯੋ ॥੩੫॥
ਜਬਿ ਉਠਿ ਬੈਠਹਿਂ, ਦਰਸ਼ਨ ਕੀਜਹਿ।
ਦੇਸ਼ ਸੁਧਾਸਰ ਕੀ ਸੁਧਿ ਦੀਜਹਿ।

---

[1]ਕੋਈ।
*ਪਾ:-ਜਾਏ।
[2]ਕੁਸ਼ਲ ਹੋਵੇ।
[3]ਨਾ ਨੇੜੇ ਬਚਾਂਗੇ ਤੇ ਨਾ ਘਰ ਗਿਆਂ ਹੀ।

ਆਵਨ ਭਯੋ ਆਪ ਕੋ ਕੈਸੇ?
ਸੁਮਤਿ ਸਹਤ ਸੁਧਿ ਦਿਹੁ ਹਮ ਤੈਸੇ' ॥੩੬॥
ਬ੍ਰਿਧ ਤਬਿ ਕਹੀ 'ਗੁਰੂ ਸੁਧਿ ਪਾਈ।
ਦੁਰਗ ਗੁਆਲਿਯਰੁ ਥਿਰੇ ਸੁ ਜਾਈ।
ਕਿਸ ਕਾਰਨ ਤੇ ਤਹਾਂ ਪਠਾਏ।
ਜਾਨਜੋ ਜਾਇ ਨ ਲੋਕ ਬਤਾਏ ॥੩੭॥
ਸੁਨਤਿ ਮਾਤ ਬਜਾਕੁਲ* ਮੁਰਝਾਈ।
ਉਰ ਸੰਦੇਹ ਸਮੂਹ ਉਠਾਈ।
ਪਠਿ ਦਾਸੀ ਕੋ ਮੋਹਿ ਬੁਲਾਵਾ।
ਚਿਤ ਸੰਕਟ ਗਨ ਸਕਲ ਸੁਨਾਵਾ ॥੩੮॥
ਮੋ ਪ੍ਰਤਿ ਹੁਕਮ ਮਾਤ ਦਿਯ ਏਹੁ।
-ਤੁਮ ਤਹਿਂ ਜਾਹੁ, ਸਰਬ ਸੁਧਿ ਲੇਹੁ।
ਬਨਹੁ ਸਹਾਇਕ ਸ਼ੀਘ੍ਰ ਕਰੀਜੈ।
ਠਾਨਹੁ ਜਤਨ ਦੁਰਗ ਨਿਕਸੀਜੈ- ॥੩੯॥
ਇਸ ਸੇਵਾ ਹਿਤੁ ਮੈਂ ਚਲਿ ਆਯੋ।
ਮਾਤ ਬਾਕ ਕੋ ਨਹਿਂ ਉਲਟਾਯੋ।'
ਸੁਨਿ ਜੇਠਾ ਬੋਲਜੋ 'ਤੁਮ ਸਜਾਨੇ।
ਉਚਿਤ ਉਪਾਉ ਕੌਨ ਅਬਿ ਠਾਨੇ?' ॥੪੦॥
ਨਿਜ ਸੰਬਾਦ ਸੁਨਾਇ ਸੁ ਦੀਨਾ।
'ਤੁਮ ਆਗੇ ਹਮ ਐਸੇ ਕੀਨਾ[1]।
ਨਹੀਂ ਰਜਾਇ ਗੁਰੂ ਤੇ ਲੀਨੀ।
ਯਾਂ ਤੇ ਮਸਲਤਿ ਭੀ ਸਭਿ ਹੀਨੀ[2] ॥੪੧॥
ਤੁਮ ਅਰੁ ਗੁਰ ਮਹਿਂ ਭੇਦ ਨ ਕੋਊ।
ਆਪ ਕਹਹੁ ਹਮ ਠਾਨਹਿਂ ਸੋਊ।
ਬਿਨ ਅਜ਼ਮਤਿ ਹੋਇ ਨ ਛੁਟਕਾਰਾ।
ਪਰਜੋ ਬਿਘਨ ਅਸ, ਲੇਹੁ ਬਿਚਾਰਾ ॥੪੨॥
ਜੇ ਕਰਿ ਤ੍ਰਾਸ ਪਾਇ ਉਰ ਸ਼ਾਹੂ।
ਤੌ ਨਿਕਸਾਇ ਦੁਰਗ ਕੇ ਮਾਂਹੂ[3]।

---

*ਪਾ:-ਸੁਨਤਿ ਬਾਤ ਮਾਤਾ।
[1]ਤੁਹਾਥੋਂ ਪਹਿਲੇ ਅਸਾਂ ਐਸਾ (ਗੁਰਮਤਾ) ਕੀਤਾ ਹੈ।
[2]ਨਿਸ਼ਫਲ।
[3]ਕਿਲ੍ਹੇ ਦੇ ਵਿੱਚੋਂ।

ਨਾਂਹਿ ਤ ਤਿਸ ਕੋ ਬਿਗਰਤਿ ਕਜਾ ਹੈ।
ਗੁਰੂ ਬਿਠਾਇ ਨਿਚਿੰਤ ਭਯਾ ਹੈ ॥੪੩॥
ਜੇ ਕਬਿ ਸਿਮਰਹਿ ਗੁਰ ਗੁਨ ਜਾਨਿ।
ਚਹੈ ਹਕਾਰਨਿ ਕੋ ਹਿਤ ਠਾਨਿ।
ਚੰਦੂ ਕੇ ਪੱਖੀ ਸਮੁਦਾਇ।
ਕਹਿ ਬਹੁ ਬਿਧਿ ਤੇ ਮਤਿ ਬਿਚਲਾਇੰ ॥੪੪॥
ਅਵਧਿ ਬਦੀ[1] ਤਿਨਿ ਬਾਸੁਰ ਚਾਲੀ।
ਬਿਤੀ ਅਧਿਕ ਲਖਿ ਆਜ ਸੁ ਬਜਾਲੀ।
ਹਮ ਚਾਹਤਿ ਹੈਂ ਕਰਯੋ ਉਪਾਇ।
ਕਿਮ ਰਾਵਰ ਕੀ ਅਹੈ ਰਜਾਇ?' ॥੪੫॥
ਸੁਨਿ ਭਾਈ ਬ੍ਰਿਧਿ ਨੇ ਮਨ ਜਾਨੀ।
ਜਥਾ ਭਵਿੱਖਯਤਿ ਮਹਿਂ ਪ੍ਰਭੁ ਠਾਨੀ[2]।
ਕਹਯੋ ਬਾਕ ਸਿੱਖਨਿ ਸਮੁਝਾਏ।
'ਤੁਰਕੇਸ਼ੁਰ ਦਿਹੁ ਤ੍ਰਾਸ ਦਿਖਾਏ ॥੪੬॥
ਮਾਤ ਹੁਕਮ ਤੇ ਮੈਂ ਇਹ ਕਹਯੋ।
ਜਤਨ ਕਰਨਿ ਕੋ ਪਠਵਨਿ ਚਹਯੋ।
-ਕਿਸ ਕੇ ਕਹੇ ਕਰੀ ਅਸ ਬਾਤ? -।
ਗੁਰੂ ਬੂਝਹਿ ਲਿਹੁ ਨਾਮ ਸੁ ਮਾਤ' ॥੪੭॥
ਇਮ ਸਿੱਖਨਿ ਮਿਲਿ ਮਸਲਤਿ ਹੋਈ।
'ਜਾਂਹਿ ਜਾਮਨੀ ਮਹਿਂ ਤਹਿਂ ਦੋਈ।'
ਬ੍ਰਿਧ ਆਇਸੁ ਤੇ ਉਰ ਹਰਖਾਏ।
ਕਰਨਿ ਉਪਾਉ ਸਭਿਨਿ ਮਨ ਭਾਏ ॥੪੮॥
ਢਰੇ ਦੁਪਹਿਰੇ ਸਤਿਗੁਰੁ ਜਾਗੇ।
ਮਿਲਯੋ ਬ੍ਰਿੱਧ ਭਾਈ ਅਨੁਰਾਗੇ।
ਜਿਮ ਬੂਝੀ ਸੁਧਿ ਸਰਬ ਬਤਾਈ।
ਅਤਿ ਅਨੰਦ ਪਿਖਿ ਰਹਯੋ ਸਮਾਈ[3] ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸਿੱਖਨਿ ਮਸਲਤਿ ਕਰਨਿ' ਪ੍ਰਸੰਗ ਬਰਨਨੰ ਨਾਮੁ ਸ਼ਸ਼ਟੀ ਅੰਸੂ ॥੬੦॥

---

[1]ਮਿਥੀ ਸੀ।
[2]ਕਰਨਾ ਹੈ।
[3](ਗੁਰੂ ਜੀ ਦਾ) ਦਰਸ਼ਨ ਕਰਕੇ ਅਤੀ ਅਨੰਦ ਵਿਚ ਸਮਾ ਰਹਿਆ।

੬੧. [ਰਾਤੀਂ ਜਹਾਂਗੀਰ ਨੂੰ ਸ਼ੇਰਾਂ ਨੇ ਡਰਾਇਆ]

੬੦<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੨

ਦੋਹਰਾ: ਸ੍ਰੀ ਹਰਿ ਗੋਵਿੰਦ ਬ੍ਰਿੱਧ ਕੋ, ਦੇਖਿ ਰਹੇ ਹਰਖਾਇ।
'ਕਹਹੁ ਸੁਧਾਸਰ ਸੁਧਿ ਸਕਲ, ਸਿਖ ਸੰਗਤਿ ਸਮੁਦਾਇ ॥੧॥
ਚੌਪਈ: ਪ੍ਰਿਯ ਪੁੱਤ੍ਰਾ ਜੁ ਪ੍ਰਤੀਖਤਿ -ਆਵੈਂ[1]-।
ਅਸ ਮਮ ਮਾਤ ਸਨੇਹ ਉਪਾਵੈ।
ਸਕਲ ਕੁਸ਼ਲ ਤਿਨ ਅਹੈ ਸਰੀਰ?
ਪਿਖਨਿ ਚਹਤਿ ਮਮ ਕੋ ਯੁਤਿ ਧੀਰ ॥੨॥
ਕਿਮ ਆਗਵਨ ਆਪ ਕੋ ਭਯੋ?
ਕਾਯਾਂ ਨਿਬਲ ਖੇਦ ਮਗ ਲਯੋ।
ਅਸੁ ਪਰ ਚਢਨੋ ਚਲਨਿ ਹਮੇਸ਼।
ਹੁਯੋ ਹੋਇਗੋ ਸ਼੍ਰਮਤਿ ਵਿਸ਼ੇਸ਼ ॥੩॥
ਸ੍ਰੀ ਨਾਨਕ ਕੇ ਹੇਰਨਿ ਹਾਰੇ।
ਬਡੀ ਅਵਸਥਾ ਬਲ ਤਨੁ ਹਾਰੇ।
ਬੈਠਿ ਰਹਨਿ ਹੀ ਤੁਮ ਬਨਿ ਆਵੈ।
ਦਰਸ਼ਨ ਤੇ ਗਨ ਦੋਸ਼ ਮਿਟਾਵੈ ॥੪॥
ਬਚਨ ਤੁਮਾਰੇ ਸੁਧਾ ਸਮਾਨ[*]।
ਸ਼੍ਰਵਨ ਕਰੇ ਸੁਖ ਲਹੈਂ ਮਹਾਨ[*]।'
ਕ੍ਰਿਪਾ ਸਹਤ ਕੋਮਲ ਗੁਰੁ ਬਾਨੀ।
ਸੁਨਤਿ ਅਨੰਦਤਿ ਆਪ ਬਖਾਨੀ[2] ॥੫॥
ਛੋਰਿ ਸੁਧਾਸਰ ਕੋ ਜਿਮ ਆਏ।
ਕੁਸ਼ਲ ਛੇਮ ਸੋਂ ਬਸਹਿ ਤਿਥਾਏ।
ਸਰਬ ਓਰ ਤੇ ਸੰਗਤਿ ਆਵੈ।
ਮੁਦਤਿ ਰਿਦੇ ਅੰਮ੍ਰਿਤਸਰ ਨਾਵੈ ॥੬॥
ਹਰਿਮੰਦਿਰ ਮਹਿਂ ਜਾਹਿਂ ਬਹੋਰੀ।
ਪਰਮ ਪ੍ਰੇਮ ਤੇ ਅਰਪਿ ਅਕੋਰੀ।
ਸਿਮਰਤਿ ਹੈਂ ਇਕ ਦਰਸ ਤੁਹਾਰਾ।
ਕਰਹਿਂ ਪ੍ਰਤੀਖਨ ਭਾਉ ਉਦਾਰਾ ॥੭॥

---

[1]ਪਿਆਰੀ ਪੁੱਤ੍ਰ ਵਾਲੀ ਮਾਤਾ ਜੀ ਉਡੀਕ ਰਹੀ ਹੈ ਸਾਡੇ ਆਵਣ ਨੂੰ।
[*]ਇਕ ਲਿਖਤੀ ਨੁਸਖੇ ਵਿਚ ਇਨ੍ਹਾਂ ਦੋਹਾਂ ਤੁਕਾਂ ਦਾ ਪਾਠ ਨਹੀਂ ਹੈ, ਤੇ ਚੌਪਈ ਪੂਰੀ ਕਰਨ ਲਈ ਉਸ ਨੁਸਖੇ ਵਿਚ ਅਗਲੀਆਂ ਦੋ ਤੁਕਾਂ ਤੋਂ ਅੱਗੇ ਇਹ ਪਾਠ ਹੈ:-ਕਹਤਿ ਬ੍ਰਿੱਧ 'ਸੁਨੀਐ ਗੁਨ ਮੰਦਿਰ। ਅਤਿਸ਼ੈ ਪ੍ਰੇਮ ਮਾਤ ਰਿਦਅੰਦਰ।'
[2]ਕ੍ਰਿਪਾ ਵਾਲੀ ਕੋਮਲ ਗੁਰਬਾਣੀ ਸੁਣ ਕੇ (ਬੁੱਢਾ ਜੀ) ਆਪ ਅਨੰਦ ਹੋਕੇ ਦੱਸਣ ਲੱਗੇ ਕਿ।

ਰਾਵਰਿ ਕੀ ਸੁਧ ਪਹੁੰਚੀ ਜਾਇ।
-ਸ਼ਾਹੁ ਮਿਲ੍ਯੋ ਬਹੁ ਪ੍ਰੇਮ ਉਪਾਇ।
ਸੰਗ ਅਖੇਰ ਸ਼ੇਰ ਕੋ ਮਾਰਾ।
ਭਯੋ ਜਗਤ ਮਹਿਂ ਸੁਜਸੁ ਤੁਮਾਰਾ ॥੮॥
ਡੇਰੇ ਬਿਖੈ ਸ਼ਾਹੁ ਚਲਿ ਆਯੋ।
ਗੁਰੂ ਅਦਾਇਬ ਅਧਿਕ ਵਧਾਯੋ-।
ਪੁਨਹ ਦੁਰਗ ਮਹਿਂ ਪ੍ਰਵਿਸ਼ਨਿ ਸੁਨ੍ਯੋ।
ਮਾਤ ਬਿਸੂਰਤਿ ਸਿਰ ਕੋ ਧੁਨ੍ਯੋ ॥੯॥
ਬਡੇ ਗੁਰਨਿ ਕਹੁ ਸਿਮਰਨਿ ਕਰਿਤੀ।
ਤੁਮ ਦਿਸ਼ਿ ਤੇ ਸ਼ੰਕਾ ਉਰ ਧਰਿਤੀ।
ਅਧਿਕ ਬਿਖਾਦ ਰਿਦੈ ਮਹਿਂ ਪਾਯੋ।
ਪਠਿ ਦਾਸੀ ਤਬਿ ਮੋਹ ਬੁਲਾਯੋ- ॥੧੦॥
ਚਿਤ ਕੀ ਚਿੰਤਾ ਸਕਲ ਸੁਨਾਈ।
ਕਹ੍ਯੋ ਕਿ -ਤੁਮ ਜਾਵਨਿ ਬਨਿ ਆਈ।
ਕਾਰਜ ਸਕਲ ਸੁਧਾਰਹੁ ਜਾਇ।
ਜ੍ਯੋਂ ਕ੍ਯੋਂ ਕਰਿ ਮਮ ਸੁਤ ਕੋ ਲ੍ਯਾਇ- ॥੧੧॥
ਸੁਨਿ ਕਰਿ ਮੈਂ ਪੁਨ ਬਹੁ ਸਮੁਝਾਈ।
-ਸ਼੍ਰੀ ਸਤਿਗੁਰ ਸਮਰੱਥ ਸਦਾਈ।
ਜਿਮ ਚਿਤ ਚਹੈਂ ਕਰੈਂ ਸੋ ਬਾਤਿ।
ਰਹੁ ਨਿਚਿੰਤ, ਕੀਰਤਿ ਅਵਦਾਤ- ॥੧੨॥
ਤਊ ਸਨੇਹ ਆਪ ਕੋ ਧਾਰਤਿ।
ਅੱਸ਼੍ਰ ਬਿਲੋਚਨ ਤੇ ਬਹੁ ਡਾਰਤਿ।
ਇਕ ਪੁੱਤ੍ਰਾ, ਪੁਨ ਪ੍ਰਥਮ ਬਿਛੁੰਨੇ[1]।
ਆਏ ਦੂਰ ਬ੍ਰਿੰਦ ਦਿਨ ਪੁੰਨੇ[2] ॥੧੩॥
ਦੁਰਗ ਗੁਆਲਿਯਰੁ ਪ੍ਰਵਿਸ਼ੇ ਆਪ।
ਸੁਨਿ ਮਾਤਾ ਕੈ ਮਹਤ ਸੰਤਾਪ।
ਕਹ੍ਯੋ ਮੋਹਿ ਪ੍ਰਤਿ ਪੁਨਹ ਬਨਾਇ।
-ਤੁਮ ਸਜਾਨੇ ਜਾਵਨਿ ਬਨਿ ਆਇ- ॥੧੪॥
ਮੈਂ ਸੁਨਿ ਕੈ ਨਹਿਂ ਹੁਕਮ ਹਟਾਯੋ।
ਬਡੀ ਮਜ਼ਲ ਕਰਿ ਤੁਮ ਢਿਗ ਆਯੋ।

---

[1]ਪਹਿਲੀ ਵੇਰ ਵਿਛੁੜੇ ਹੋ।
[2]ਬੀਤ ਗਏ ਹਨ।

ਅਬਿ ਇਹ ਠਾਂ ਬੈਠਨਿ ਤੁਮ ਕੇਰਾ।
ਨਹਿਂ ਆਛੋ ਕਰਿ ਨਿਰਨੈ ਹੇਰਾ ॥੧੫॥
ਅਬਿ ਜਿਮ ਕਹਹੁ, ਲਿਖਹਿਂ ਸੁਧਿ ਪਾਛੇ।
ਜਿਸ ਤੇ ਮਾਤਾ ਰਹਿ ਮਨ ਆਛੇ।
ਜਾਇ ਬੇਗ ਤੇ ਕੁਸ਼ਲ ਸੁਨਾਵੈਂ।
ਕਰਹਿ ਪ੍ਰਤੀਖਨਿ -ਸੁਤ ਅਬਿ ਆਵੈਂ[1]-' ॥੧੬॥
ਸੁਨਿ ਕਰਿ ਸ੍ਰੀ ਹਰਿਗੋਵਿੰਦ ਚੰਦ।
ਕਹਿ ਮੁਸਕਾਵਤਿ ਦੇਤਿ ਅਨੰਦ।
'ਸਭਿ ਬਿਧਿ ਲਿਖਹੁ ਮਾਤ ਕੋ ਧੀਰ।
ਸਹਿ ਸੇਵਕ ਹਮ ਕੁਸ਼ਲ ਸਰੀਰ ॥੧੭॥
ਕੇਤਿਕ ਦਿਨ ਮਹਿਂ ਦਰਸਹਿਂ ਆਇ।
ਕਿਮਹੁ ਨ ਚਿਤ ਮਹਿਂ ਚਿੰਤ ਉਪਾਇ।
ਮੇਲ ਸ਼ਾਹੁ ਕੋ ਜੇ ਅਬਿ ਹੋਇ।
ਚਲਹਿਂ ਸਦਨ ਕਹੁ ਬਿਲਮ ਨ ਕੋਇ' ॥੧੮॥
ਸੁਨਿ ਸਤਿਗੁਰੁ ਤੇ ਲਿਖਿ ਅਰਦਾਸ।
ਪਠੀ ਤੁਰਤ ਹੀ ਮਾਤਾ ਪਾਸ।
ਇਮ ਸਤਿਗੁਰੁ ਕੋ ਭਯੋ ਬ੍ਰਿਤੰਤ।
ਧੀਰਜ ਕੇ ਸਮੇਤ ਭਗਵੰਤ ॥੧੯॥
ਜਹਾਂਗੀਰ ਕੀ ਸੁਨੋ ਕਹਾਨੀ।
ਪੁਨ ਚੰਦੂ ਨੇ ਹਿਕਮਤ ਠਾਨੀ।
-ਸ਼ਾਹੁ ਚਲਹਿ ਦਿੱਲੀ ਅਬਿ ਆਛੇ।
ਗੁਰੂ ਹਕਾਰਨ ਕੋ ਨਹਿਂ ਬਾਂਛੇ ॥੨੦॥
ਪਰਚਹਿ ਅਪਰ ਖਯਾਲ ਮਹਿਂ ਜਾਇ।
ਯਾਂ ਤੇ ਇਸ ਲੇ ਚਲੌਂ ਚਢਾਇ-।
ਜਬਿ ਗੁਰੂ ਜਾਇ ਗੁਆਲਿਯਰ ਬਰੇ।
ਸ਼ਾਹ ਸਾਥ ਇਮ ਬੋਲਨਿ ਕਰੇ[2] ॥੨੧॥
'ਚਲੀਅਹਿ ਦਿੱਲੀ ਕੇ ਬਡ ਮੰਦਿਰ।
ਤਹਿਂ ਨਵਰੋਜ[3] ਕਰਹੁ ਮਿਲਿ ਸੁੰਦਰ।'

---

[1]ਪੁੱਤ੍ਰ ਜੀ ਹੁਣ ਆਂਵਦੇ ਹਨ।
[2](ਚੰਦੂ) ਬੋਲਿਆ ਸ਼ਾਹ ਨਾਲ।
[3]ਸਾਲ ਦਾ ਪਹਿਲਾ ਦਿਨ ਜੋ 'ਫਰਵਰਦੀਨ' ਮਹੀਨੇ ਦਾ ਪਹਿਲਾ ਦਿਨ ਹੁੰਦਾ ਹੈ, ਇਹ ੨੨ ਮਾਰਚ ਨੂੰ ਹੋਯਾ ਕਰਦਾ ਹੈ। ਆਮ ਮੁਰਾਦ ਖੁਸ਼ੀ ਮਨਾਉਣ ਦੀ ਬੀ ਹੁੰਦੀ ਹੈ।

ਇੱਤਯਾਦਿਕ ਬਹੁ ਬਾਤ ਬਨਾਇ।
ਸਭਿ ਉਮਰਾਵਨਿ ਦਿਯੋ ਸਿਖਾਇ ॥੨੨॥
'ਜਯੋਂ ਕਯੋਂ ਕਬਿ ਅਬਿ ਸ਼ਾਹੁ ਚਢਾਵਹੁ।
ਚਲਹੁ ਸਕਲ ਨਿਜ ਘਰ ਸੁਖ ਪਾਵਹੁ।'
ਦਿਨ ਪ੍ਰਤਿ ਸਰਬ ਕਚਹਿਰੀ ਕਹੈ।
'ਅਬ ਦਿੱਲੀ ਮਹਿਂ ਸੁਖ ਬਹੁ ਅਹੈ' ॥੨੩॥
ਸੁਨਿ ਸਭਿ ਤੇ ਚਿਤ ਬਿਖੈ ਬਿਚਾਰੀ।
ਗਮਨਿ ਕਰਨਿ ਕਹੁ ਹੋਯਹੁ ਤਯਾਰੀ।
ਜਹਾਂਗੀਰ ਗਜ ਚਢਿ ਕਰਿ ਚਾਲਾ।
ਦਿਨ ਪ੍ਰਤਿ ਮਜਲੈਂ ਕਰਤਿ ਬਿਸਾਲਾ ॥੨੪॥
ਦਿੱਲੀ ਆਨਿ ਪ੍ਰਵੇਸ਼ਯੋ ਸ਼ਾਹੂ।
ਮਿਲੀ ਬ੍ਰਿੰਦ ਬੇਗਮ ਨਿਜ ਨਾਹੂ[1]।
ਚੰਦੂ ਅਧਿਕ ਅਨੰਦਤਿ ਭਯੋ।
-ਗੁਰੂ ਬ੍ਰਿਤੰਤ ਬਿਸਰਿ ਅਬਿ ਗਯੋ ॥੨੫॥
ਦੁਰਗ ਗੁਆਲਿਯਰ ਛੋਰਯੋ ਦੂਰਿ।
ਕੋ ਨਹਿਂ ਕਰਿ ਹੈ ਜ਼ਿਕਰ ਹਜੂਰ।
ਗੁਰੂ ਕੈਦੀਅਨਿ ਮਹਿਂ ਪਰ ਗਯੋ।
ਮਰਹਿ ਤਹਾ ਹੀ ਰਿਪੁ ਮਮ ਛਯੋ[2]- ॥੨੬॥
ਪੀਰਨਿ ਹੇਤੁ ਸ਼ੀਰਨੀ ਆਨਿ।
ਤੁਰਕ ਸਮੀਪਿ ਦਰੂਦ ਬਖਾਨਿ[3]।
ਧਰਿ ਉਰ ਹਰਖ ਦਈ ਬਰਤਾਇ।
ਚਿੰਤਾ ਕਸ਼ਟ ਬਿਲੰਦ ਬਿਲਾਇ[4] ॥੨੭॥
-ਸ਼੍ਰੀ ਅਰਜਨ ਪੂਰਬ ਮੈਂ ਮਾਰਯੋ।
ਤਿਸ ਕੋ ਪੁੱਤ੍ਰ ਕੈਦ ਮਹਿਂ ਡਾਰਯੋ।
ਅਬਿ ਸੁਖ ਨੀਂਦ ਸੋਵਨੋ ਕਰੋਂ।
ਸਭਿ ਪੀਰਨਿ ਕੇ ਪਗ ਸਿਰ ਧਰੋਂ ॥੨੮॥
ਕਰੀ ਮਦਦ ਮੇਰੀ ਬਲ ਲਾਇ-।
ਇਮ ਕਹਿ ਮੂਰਖ ਅਧਿਕ ਮਨਾਇ।

---

[1]ਪਤੀ ਨੂੰ।
[2]ਮਰੇਗਾ ਓਥੇ ਹੀ, ਮੇਰਾ ਵੈਰੀ ਛੈ ਹੋਯਾ।
[3]ਦਰੂਦ ਪੜ੍ਹਾਕੇ।
[4]ਦੂਰ ਕੀਤਾ।

ਇਸ ਪ੍ਰਕਾਰ ਦਿਨ ਕਿਤਿਕ ਬਿਤਾਏ।
ਨਹਿਂ ਗੁਰ ਸਿਮਰਜੋ ਨਹੀਂ ਬੁਲਾਏ ॥੨੯॥
ਤਬਿ ਸਿੱਖਨਿ ਅਜ਼ਮਤਿ ਕੋ ਜਤਨ।
ਕਰਤਿ ਭਏ ਸ਼ੱਤ੍ਰੂ ਕੋ ਹਤਨਿ।
ਇਸ ਪ੍ਰਕਾਰ ਹੀ ਦਿਵਸ ਬਿਤਾਵਾ।
ਜਾਮਨਿ ਭਈ ਤਿਮਰ ਕੋ ਛਾਵਾ ॥੩੦॥
ਲਿਯੋ ਪਿਰਾਣਾ ਜੇਠੇ ਸੰਗ।
ਦਾਰੁਨ ਬਨੇ ਕੇਹਰੀ ਅੰਗਿ[1]।
ਆਗੈ ਦਿੱਲੀ ਪੁਰਿ ਮਹਿਂ ਸ਼ਾਹੂ।
ਬਿਖਮ ਬਿਸਾਲ ਦੁਰਗ ਕੇ ਮਾਂਹੂ ॥੩੧॥
ਰੰਗ ਮਹਿਲ ਚਾਮੀਕਰ ਕੇਰਾ[2]।
ਤਿਸ ਅੰਤਰ ਪਰਯੰਕ ਬਡੇਰਾ।
ਚਹੁੰ ਦਿਸ਼ਿ ਬਿਖੈ ਮਹਾਂ ਤਕਰਾਈ।
ਜਾਗਹਿਂ ਨਰ ਨਾਰੀ ਸਮੁਦਾਈ ॥੩੨॥
ਪੌਰਨਿ ਬੁਰਜਨਿ ਨੇਰਹਿ ਨੇਰੇ।
ਰਹੈਂ ਪਾਹਰੂ ਗਿਰਦ ਘਨੇਰੇ।
ਜਹਾਂਗੀਰ ਸੁਖ ਸੋਂ ਪਰਿ ਸੋਵਾ।
ਜਾਇ ਦੁਹੂੰ ਸਿੱਖਨਿ ਤਬਿ ਜੋਵਾ ॥੩੩॥
ਨਹਿਂ ਕੋ ਦੇਖ ਸਕਜੋ ਜਬਿ ਗਏ।
ਭੀਮ ਸ਼ੇਰ ਤੇ ਤਨ ਧਰਿ ਲਏ।
ਦੀਰਘ ਦਾਂਤ ਬਿਸਦ[3] ਦਰਸੰਤੇ।
ਲਾਂਗੁਲ[4] ਸਟਾ[5] ਝਟਕ[6] ਪਟਕੰਤੇ ॥੩੪॥
ਤੀਖਨ ਨਖ ਅਰੁ ਆਂਖਨਿ ਲਾਲ।
ਬਦਨ ਪਸਾਰਿ ਬਿਸਾਲ ਕਰਾਲ।
ਆਧੀ ਰਾਤਿ ਸ਼ਾਹੁ ਢਿਗ ਗਏ।
ਤਬਹਿ ਉਦਰ ਪਰ ਦੋ ਪਦ ਦਏ ॥੩੫॥
ਸ਼ਾਹੁ ਅਚਾਨਕ ਆਂਖ ਉਘਾਰੀ।

---

[1]ਸ਼ੇਰ ਦਾ ਰੂਪ।
[2]ਸ਼ੀਸ਼ ਮਹੱਲ ਸੋਨੇ ਦਾ।
[3]ਉੱਜਲ।
[4]ਪੂਛ।
[5]ਗਰਦਨ ਦੇ ਵਾਲ।
[6]ਝਟਕਾਕੇ।

ਦੇਖਿ ਕੇਹਰੀ ਦਾਰੁਨ ਭਾਰੀ।
'ਹਾਇ, ਹਾਇ' ਡਰ ਧਾਰਿ ਉਚਾਰਯੋ।
-ਸਾਢਸਤੀ ਇਹ ਆਈ- ਬਿਚਾਰਯੋ ॥੩੬॥
-ਇਸ ਡਰ ਤੇ ਮੁਝ ਰਾਖਨਿ ਹੇਤੁ।
ਜਾਪ ਕਰਤਿ ਗੁਰੁ ਕ੍ਰਿਪਾ ਨਿਕੇਤ-।
ਇਮ ਉਰ ਸਿਮਰਤਿ ਡਰਯੋ ਬਿਲੰਦ।
ਉਚਰਿ ਨਾਮ ਸ੍ਰੀ 'ਹਰਿ ਗੋਵਿੰਦ ॥੩੭॥
ਬਨਹੁ ਸਹਾਇਕ ਅਬਿ ਤੁਮ ਆਇ।
ਸ਼ੇਰਨਿ ਤੇ ਮੁਝ ਲੇਹੁ ਬਚਾਇ।
ਗੁਰੁ ਕੋ ਧਜਾਵਨਿ ਜਬਿ ਕਿਯ ਸ਼ਾਹੂ।
ਸ੍ਰੀ ਗੁਰੁ ਉਠੇ ਜਾਨਿ ਮਨ ਮਾਂਹੂ ॥੩੮॥
ਤਤਛਿਨ ਆਇ ਹਟਾਵਨਿ ਕੀਨੇ।
ਦੋਨਹੁ ਦਿਸ਼ਿਨਿ ਦੂਰ ਕਰਿ ਦੀਨੇ।
ਬਹੁਰ ਪਸਾਰ ਤੁੰਡ[1] ਕੋ ਆਏ।
ਭੀਮ[2] ਅਕਾਰ ਕਰੇ ਦਰਸਾਏ ॥੩੯॥
ਗੁਰੁ ਸੋਂ ਡਰ ਧਰਿ ਕਹੈ 'ਬਚਾਵਹੁ।
ਇਨ ਦੋਇਨ ਕੋ ਦੂਰ ਹਟਾਵਹੁ।'
ਤਬਿ ਗੁਰ ਧਰਿ ਕਰ ਦੁਹਿਨ[3] ਰੁਮਾਲੂ।
ਦੁਹਿ ਸ਼ੇਰਨ ਦਿਯ ਬਦਨ ਬਿਸਾਲੂ ॥੪੦॥
ਕਰੇ ਹਟਾਵਨਿ ਦੂਰਿ ਸਿਧਾਰੈ।
ਨਰ ਮੁਖ ਕਰ ਤਿਨ[4] ਬਾਕ ਉਚਾਰੇ।
ਸ੍ਰੀ ਗੁਰੁ ਨੇ ਅਬਿ ਤੋਹਿ ਬਚਾਯਹੁ।
ਸਮਝਹੁ ਮਹਿਮਾ ਨਹਿਂ ਬਿਸਰਾਯਹੁ' ॥੪੧॥
ਭਏ ਲੋਪ ਗੁਰੁ ਕੇਹਰਿ ਦੋਊ[5]।
ਸੁਪਤਯੋ ਸ਼ਾਹੁ ਨ, ਡਰਿ ਧਰਿ ਸੋਊ।
ਜਾਗਿ ਜਾਮਨੀ ਜਾਮ ਗੁਜ਼ਾਰੀ।
ਭਈ ਪ੍ਰਭਾਤਿ ਸਿਮਰਿ ਗਤਿ ਸਾਰੀ ॥੪੨॥
ਬੋਲੇ ਨਿਕਟ ਨਜੂਮੀ ਸਜਾਨੇ।

---

[1]ਮੁੱਖ।
[2]ਭਿਆਨਕ।
[3]ਦੋਹਾਂ ਹੱਥਾਂ ਵਿਚ।
[4]ਸ਼ੇਰਾਂ ਨੇ।
[5]ਗੁਰੂ ਜੀ ਦੇ ਦੋਵੇਂ ਸ਼ੇਰ।

ਆਇ ਸਲਾਮਨਿ ਕਰਿ ਨਿਜਕਾਨੇ[1]।
ਤਿਨ ਸੋਂ ਨਿਸ ਕੀ ਸਕਲ ਸੁਨਾਈ।
'ਭਯੋ ਤ੍ਰਾਸ ਬਡ ਨੀਂਦ ਨ ਆਈ ॥੪੩॥
ਜੁਗ ਕੇਹਰਿ ਜੁਗ ਦਿਸ਼ਿ ਚਲਿ ਆਏ।
ਪਾਇਨ ਸੋਂ ਮਮ ਉਦਰ ਦਬਾਏ।
ਕਹੀ ਨਜੂਮੀ ਕੀ ਸਚੁ ਜਾਨੀ।
-ਸਾਢਸਤੀ ਤਨ ਧਰਿ ਨਿਜ ਕਾਨੀ[2] ॥੪੪॥
ਜਿਸ ਹਿਤ ਸਤਿਗੁਰੁ ਰਾਖੇ ਰਾਖੇ[3]-।
ਇਮ ਬਿਚਾਰ ਤਿਨ ਨਾਮ ਸੁ ਭਾਖੇ।
ਲਿਯੇ ਨਾਮ ਤਤਛਿਨ ਚਲਿ ਆਏ।
ਜੁਗ ਸ਼ੇਰਨਿ ਤੇ ਲੀਨਿ ਬਚਾਏ' ॥੪੫॥
ਸੁਨੀ ਬਾਤ ਬੋਲੇ ਤਬਿ ਸਜਾਨੇ।
'ਜੀਵ ਅਵਸਥਾ ਤੀਨਹੁ ਜਾਨੇ।
ਗਾਢੀ ਨੀਂਦ ਬਿਖੈ ਜਬਿ ਸੋਵੈ।
ਇੰਦ੍ਰੈ ਮਨ ਆਦਿਕ ਲੈ ਹੋਵੈਂ ॥੪੬॥
ਬਸਹਿ ਰਿਦੇ ਮਹਿਂ ਲੇ ਬੁਧਿ ਸੰਗ।
ਕੁਛ ਸੁਧਿ ਰਹੈ ਨ ਆਦਿਕ ਅੰਗ।
ਤਹਿਂ ਤੇ ਜਬਿ ਉਥਾਨ ਕੋ ਪਾਵੈ।
ਸੁਪਨ ਅਵਸਥਾ ਗਰ ਮਹਿ ਆਵੈ ॥੪੭॥
ਸੂਖਮ ਤੇ ਅਤਿ ਸੂਖਮ ਨਾਰੀ[4]।
ਤਿਸ ਮਹਿਂ ਰਚਹਿ ਸ੍ਰਿਸ਼ਟਿ ਇਹ ਸਾਰੀ।
ਗਿਰ[5] ਸਾਗਰ ਜੁਤ ਅਵਨਿ[6] ਬਨਾਵੈ।
ਚੰਦੁ ਸੂਰ ਰਚਿ ਗਗਨ ਚਢਾਵੈ ॥੪੮॥
ਤਹਾਂ ਤ੍ਰਾਸ ਕੈ ਆਨੰਦ[7] ਹੋਇ।
ਦੁਖ ਸੁਖ ਸ਼ੱਤ੍ਰ ਮਿੱਤ੍ਰ ਸਭਿ ਜੋਇ[8]।

---

[1]ਨੇੜੇ ਆਏ, ਨਜ਼ਦੀਕ ਆਏ।
[2]ਨਜ਼ਦੀਕ ਆਏ।
[3]ਰਖਵਾਲੇ ਰੱਖੇ।
[4]ਨਾੜੀ।
[5]ਪਹਾੜ।
[6]ਪ੍ਰਿਥਵੀ।
[7]ਡਰ ਯਾ ਖੁਸ਼ੀ।
[8]ਦੇਖਦਾ ਹੈ।

ਜਾਗ੍ਰਤਿ ਬਹੁਰ ਅਵਸਥਾ ਪਾਵੈ।
ਸੁਪਨ ਸ੍ਰਿਸ਼ਟਿ ਸਗਰੀ ਬਿਨਸਾਵੈ ॥੪੯॥
ਦਾਹਨ ਲੋਚਨ ਆਤਮ ਰਹੈ।
ਬਾਮ ਬਿਖੈ[1] ਬੁਧਿ ਬਾਸੋ ਲਹੈ।
ਤੀਨ ਅਵਸਥਾ ਤੀਨੋ ਥਾਨ।
ਤਬਿ ਤੁਮ ਕੋ ਭਾ ਸੁਪਨ ਮਹਾਂਨ ॥੫੦॥
ਰਚਿ ਕੇ ਹਰਿ ਆਪੇ ਲੈ ਤ੍ਰਾਸਾ।
ਸਭਿ ਜਾਗ੍ਰਤਿ ਮਹਿਂ ਭਯੋ ਬਿਨਾਸਾ।
ਨਹਿਂ ਮਨ ਮਹਿਂ ਸ਼ੰਕਾ ਕੁਛ ਕਰੀਅਹਿ।
ਡਰੁ ਦਿਨ ਮਹਿਂ ਸੁਨਿ ਨਿਸ ਮਹਿਂ ਧਰੀਅਹਿ[2]' ॥੫੧॥
ਸੁਨਤਿ ਸ਼ਾਹੁ ਕਹਿ 'ਮੈਂ ਜਬਿ ਜਾਗਾ।
ਪਿਖੇ ਪ੍ਰਤੱਖ ਖਰੇ ਮਮ ਆਗਾ।
ਸਨਮੁਖ ਆਵਤਿ ਬਦਨ ਪਸਾਰੇ।
ਗੁਰੁ ਨਿਜ ਕਰ ਤੇ ਦੂਰ ਬਿਦਾਰੇ ॥੫੨॥
ਦੇਖਤਿ ਮੇਰੇ ਹੁਇਗੇ ਲੋਪ।
ਗੁਰੁ ਬਰਜੇ ਨਤੁ ਆਵਤਿ ਕੋਪ[3]।'
ਕਹੈਂ ਨਜੂਮੀ 'ਅਪਰ ਜਿ ਸਜਾਨੇ।
ਇਹ ਤੋ ਕੁਛ ਸ਼ਰਾਰ[4] ਸਮ ਜਾਨੇ ॥੫੩॥
ਆਜ ਸੁਪਤਿ ਕੀਜਹਿ ਤਕਰਾਈ।
ਲੋਹ ਕਨਾਤ ਲਗਹਿ ਚਹੁੰਘਾਈ।
ਅਹੈ ਜ਼ੰਜੀਰ ਦਾਰ[5] ਤਨਵਾਵੋ।
ਬ੍ਰਿੰਦ ਪਾਹਰੂ ਦ੍ਵਾਰ ਜਗਾਵੋ ॥੫੪॥
ਬਿੱਦਯਾ ਭੂਤਨਿ ਧਰੈਂ ਜੁ ਮਹਾਂ।
ਤਿਨ ਤੇ ਕਾਰ[6] ਕਢਾਵਹੁ ਤਹਾਂ।
ਸ਼੍ਰੀ ਗੁਰ ਹਰਿ ਗੋਵਿੰਦ ਤਹਿਂ ਰਾਖੋ।
ਨਹੀਂ ਦੁਰਗ ਤੇ ਨਿਕਸਨਿ ਭਾਖੋ ॥੫੫॥

---

[1]ਭਾਵ ਖੱਬੇ ਨੇਤ੍ਰ ਵਿਚ।
[2]ਦਿਨੇ ਭੈ ਦੀਆਂ (ਗੱਲਾਂ) ਸੁਣਕੇ ਰਾਤ (ਸੁਪਨੇ ਵਿਖੇ) ਡਰੀਦਾ ਹੈ।
[3]ਆਂਵਦੇ ਸਨ ਕ੍ਰੋਧ ਕਰਕੇ।
[4]ਭੂਤ ਖੇਡ, ਜਾਦੂਗਰੀ, [ਫਾ: ਸ਼ਰਾਰਹ, ਚੰਗਿਆੜਾ। ਭੂਤਾਂ ਨੂੰ 'ਸ਼ਰਾਰਹ' ਕਹਿਣ ਤੋਂ ਭੂਤ ਵਿਦਯਾ ਭਾਵ ਹੋ ਗਿਆ]
[5]ਭਾਵ ਜੰਜੀਰ ਵਾਲੀ (ਕਨਾਤ)।
[6]ਲਕੀਰ।

ਹੁਇ ਇਕੰਤ ਨਿਤ ਸਿਮਰਤਿ ਮੌਲਾ।
ਜਿਸ ਤੇ ਸਾਢ ਸਤੀ ਬਲ ਹੌਲਾ।
ਬਚੇ ਬਿਘਨ ਤੇ ਮਿਟੀ ਬਲਾਇ।
ਮੈਂ ਕਿਤਾਬ ਪਿਖਿ ਜਤਨ ਬਤਾਇ ॥੫੬॥
ਸੋਈ ਸਾਚ ਭਈ ਲਿਹੁ ਜਾਨਿ।
ਇਸ ਉਪਾਇ ਬਿਨ ਹੋਤਿ ਨ ਹਾਨ।
ਸਮੈਂ ਕਚਹਿਰੀ ਚੰਦੂ ਆਯੋ।
ਸੁਨਿ ਬ੍ਰਿਤੰਤ ਕੋ ਅਧਿਕ ਦ੍ਰਿੜ੍ਹਾਯੋ ॥੫੭॥
ਗਨ ਉਮਰਾਵਨਿ ਭਾਖਯੋ ਤੈਸੇ।
ਮਾਨੀ ਜਹਾਂਗੀਰ ਤਬਿ ਵੈਸੇ।
ਕਪਟ ਸਭਿਨਿ ਕੋ ਲਖਯੋ ਨ ਗਯੋ।
ਸੁਨਤਿ ਵਜ਼ੀਰ ਖਾਨ ਦੁਖ ਭਯੋ ॥੫੮॥
-ਕਜ਼ਾ ਮੂਰਖ ਬਿਪਰੀਤਿ ਸਿਖਾਵੈਂ-।
ਰਿਦੈ ਬਿਸੂਰਤਿ ਬਸ ਨ ਬਸਾਵੈ।
ਹਜ਼ਰਤ ਕੋ ਰੁਖ਼ ਲਖਿ ਕਰਿ ਤੈਸੇ।
ਧਰੀ ਮੌਨ ਮਤਿ ਕਹੀ ਨ ਕੈਸੇ ॥੫੯॥

ਇਤਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼ਾਹੁ ਕੋ ਡਰਾਵਨ' ਪ੍ਰਸੰਗ ਬਰਨਨੰ ਨਾਮ ਏਕ ਸਸ਼ਟੀ ਅੰਸੂ ॥੬੧॥

੬੨. [ਭਾਈ ਜੇਠੇ ਨੂੰ ਅਜਰ ਜਰਨ ਦਾ ਉਪਦੇਸ਼]

੬੧<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੩

ਦੋਹਰਾ: ਦਿਨ ਬੀਤਯੋ ਸੰਧਜਾ ਭਈ, ਸ਼ਾਹੁ ਕਰੀ ਜਿਸ ਭਾਇ।
ਤਕਰਾਈ ਸਭਿ ਬਿਧਿ ਕਰੀ, ਲੋਹ ਕਨਾਤ ਲਗਾਇ ॥੧॥
ਚੌਪਈ: ਜਾਰ ਲੋਹ ਕੋ[1] ਊਪਰ ਤਨਯੋ।
ਚਹੁੰਦਿਸ਼ਿ ਮਹਿਂ ਜਨੁ ਪਿੰਜਰ ਬਨਯੋ।
ਬ੍ਰਿੰਦ ਪਾਹਰੂ ਦ੍ਵਾਰ ਸੁਚੇਤ।
ਖਰੇ ਕਰੇ ਜਾਗਨਿ ਕੇ ਹੇਤੁ ॥੨॥
ਸਭਿ ਬਿਧਿ ਸੋਂ ਕਰਿ ਕੈ ਤਕਰਾਈ।
ਸੁਪਤਯੋ ਸ਼ਾਹੁ ਨੀਂਦ ਤਬਿ ਪਾਈ।
ਅਰਧਿ ਰਾਤਿ ਲੌ ਸੋਵਤਿ ਰਹਯੋ।
ਬਹੁਰ ਤ੍ਰਾਸ ਤੈਸੇ ਤਬਿ ਲਹਯੋ ॥੩॥
ਦੋਨਹੁਂ ਦਿਸ਼ਿ ਤੇ ਦਾਰੁਨ ਸ਼ੇਰ।
ਦੀਰਘ ਦਾਂਤ ਸੁ ਆਵਤਿ ਹੇਰਿ।
ਬੋਲਯੋ ਡਰਤਿ ਹਾਥ ਕੋ ਬੰਦਿ।
'ਰਾਖੋ ਮੁਹਿ ਸ਼੍ਰੀ ਹਰਿਗੋਵਿੰਦ! ॥੪॥
ਇਕ ਤੁਮ ਹੋ ਨਿਤ ਮਮ ਰਖਵਾਰੇ।
ਬਨਹੁ ਸਹਾਇਕ, ਦਾਸ ਤੁਮਾਰੇ।'
ਬਿਨੈ ਸੁਨੀ ਪ੍ਰਭੁ ਦੌਰਤਿ ਆਏ।
ਕਰ[2] ਰੁਮਾਲ ਧਰਿ ਦੁਹਨਿ ਹਟਾਏ ॥੫॥
ਜਯੋਂ ਜਯੋਂ ਮੁਖ ਪਸਾਰ ਕਰਿ ਆਵੈਂ।
ਤਯੋਂ ਤਯੋਂ ਸਤਿਗੁਰੁ ਦੂਰ ਹਟਾਵੈਂ।
ਚਤੁਰ ਘਟੀ ਲਗਿ ਕੇਹਰਿ ਰਹੇ।
ਨਰ ਮੁਖ ਅਰਿ ਐਸੇ ਬਚ ਕਹੇ[3] ॥੬॥
'ਜੋ ਸਤਿਗੁਰ ਦੇ ਹਾਥ ਬਚਾਵੈਂ।
ਤਿਨ ਕੀ ਮਹਿਮਾ ਕਯੋਂ ਬਿਸਰਾਵੈਂ।
ਨਿਸ ਮਹਿਂ ਤ੍ਰਾਸਤਿ ਨਿਕਟਿ ਬੁਲਾਵਤਿ।
ਦਿਨ ਮਹਿਂ ਦੂਰ ਰਾਖਬੇ ਭਾਵਤਿ ॥੭॥
ਖਾਇ ਜਾਤਿ ਹਮ ਤਜਾਗਤਿ ਨਾਂਹੀ।

---
[1]ਜਾਲ ਲੋਹੇ ਦਾ।
[2]ਹਥ (ਵਿੱਚ)।
[3]ਭਾਵ ਸ਼ੇਰਾਂ ਨੇ।

ਸ਼੍ਰੀ ਗੁਰ ਜੇ ਅਬਿ ਆਇ ਨ ਪਾਂਹੀ।
ਸਮਝਹੁ ਭਲੇ ਆਜ ਤੁਮ ਛੋਰਾ।
ਇਮ ਕਹਿ ਲੋਪ ਭਏ ਤਿਸ ਠੌਰਾ ॥੮॥
ਬਹੁਰ ਨ ਨੀਂਦ ਸ਼ਾਹੁ ਕੋ ਆਈ।
-ਕਯਾ ਅਚਰਜ ਕੁਛ ਲਖਯੋ ਨ ਜਾਈ।
ਗੁਰੁ ਕੀ ਮਹਿਮਾ ਭਾਖਤਿ ਸ਼ੇਰ।
ਨਰ ਮੁਖ ਕਰਿ ਛਪ ਜਾਵਤਿ ਫੇਰਿ ॥੯॥
ਕਯੋਂ ਕੇਹਰਿ ਬਨਿ ਕੇ ਇਹ ਆਵੈਂ।
ਕਿਸ ਕਾਰਨ ਤੇ ਤ੍ਰਾਸ ਉਪਾਵੈਂ-।
ਚਿਤਵਤਿ ਚਿਤ ਪ੍ਰਭਾਤ ਹੁਇ ਆਈ।
ਸ਼ਾਹੁ ਚਿੰਤ ਬਸਿ ਉਠਿ ਸਹਿਸਾਈ[1] ॥੧੦॥
ਚੰਦੂ ਸਹਤ ਨਜੂਮੀ ਸਜਾਨੇ।
ਅਰੁ ਜੇਤਿਕ ਉਮਰਾਵ ਮਹਾਨੇ।
ਪਠਿ ਕਰਿ ਨਰ ਸੇ ਸਰਬ ਹਕਾਰੇ।
ਝੁਕਿ ਝੁਕਿ ਆਇ ਸਲਾਮ ਉਚਾਰੇਂ ॥੧੧॥
ਕਹਯੋ 'ਭਲੀ ਕੀਨਸਿ ਤਕਰਾਈ।
ਗੁਰੁ ਰਾਖਯੋ ਨਤੁ ਲੀਨਸਿ ਖਾਈ।
ਲੋਹ ਪਿੰਜਰੇ ਸਮ ਕਰਵਾਯੋ।
ਦ੍ਵਾਰ ਪਾਹਰੂ ਕੋ ਸਮੁਦਾਯੋ ॥੧੨॥
ਰੁਕੇ ਨ ਕਯੋਂ ਹੂੰ ਤੈਸੇ ਆਇ।
ਮੁਖ ਪਸਾਰ ਚਾਹਤਿ ਲੇ ਖਾਇ।
ਗੁਰੁ ਸਿਮਰਯੋ ਤਿਨ ਆਨਿ ਬਚਾਯੋ।
ਬਲਿ ਕਰਿ ਬਾਹੁਨਿ ਦੁਹਨਿ ਹਟਾਯੋ ॥੧੩॥
ਕਯਾ ਸ਼ਰਾਰ ਤੇ ਅਚਰਜ ਹੋਵਤਿ?
ਮਹਾਂ ਤ੍ਰਾਸ ਕੋ ਨਿਸ ਮਹਿਂ ਜੋਵਤਿ।
ਕਯੋਂ ਨ ਬਿਚਾਰਹੁ ਕਰਹੁ ਮਿਟਾਵਨਿ।
ਨਾਂਹਿ ਤ ਧਰਹਿਂ[2] ਮੋਹਿ ਤਨ ਖਾਵਨਿ' ॥੧੪॥
ਸੁਨਤਿ ਨਜੂਮੀ ਸਜਾਨੇ ਬ੍ਰਿੰਦ।
ਕਹਯੋ 'ਭਾਈ ਕੋ ਮਰਜ਼ ਬਿਲੰਦ[3]।

---
[1]ਉਠਿਆ ਛੇਤੀ ਹੀ।
[2]ਫੜਕੇ।
[3]ਕੋਈ ਵਡੀ ਬਿਮਾਰੀ ਹੋ ਗਈ ਹੈ।

ਦਾਨਸ਼ਵੰਦ ਤਬੀਬ ਹਕਾਰਹੁ।
ਪੁਰਿ ਸਗਰੇ ਨਰ ਊਚ ਉਚਾਰਹੁ ॥੧੫॥
ਸੁਨਹਿਂ ਆਪ ਕੋ ਨਾਮ ਜਿ ਸਜਾਨੇ।
ਆਵਹਿਂ ਸਭਿ ਬਿੱਦਜਾ ਜੋ ਜਾਨੇਂ।
ਪ੍ਰਥਮ ਅਹੈਂ ਚਾਕਰ ਅਸ ਜੇਤਿਕ।
ਕਰਹੁ ਦਿਖਾਵਨਿ ਆਵਹਿਂ ਤੇਤਿਕ[1]' ॥੧੬॥
ਸੁਨਤਿ ਸ਼ਾਹੁ ਨੇ ਆਛੀ ਮਾਨੇ।
ਪਠਿ ਪਠਿ ਨਰ ਤਬੀਬ ਗਨ ਆਨੇ।
ਸਭਿ ਕੋ ਕਰ ਨਾਰੀ[2] ਦਿਖਰਾਵੈ।
ਬਿਤਹਿ ਜਾਮਨੀ ਬਾਤ ਬਤਾਵੈ ॥੧੭॥
ਸੁਨਿ ਤਬੀਬ ਕੁਛ ਰੋਗ ਨ ਦੇਖੈਂ।
ਸ਼ੇਰਨਿ ਤੇ ਬਿਸਮਾਇਂ ਵਿਸ਼ੇਖੈ।
ਨਹੀਂ ਅਕਲ ਮਹਿਂ ਕੁਛ ਬਨਿ ਆਵੈ।
ਤਊ ਸ਼ਾਹੁ ਕੋ ਕਹਿ ਪਰਚਾਵੈਂ ॥੧੮॥
ਤਬਿ ਤਬੀਬ ਬਨਿ ਜੇਠਾ ਗਯੋ।
ਬਹੁ ਮੋਲੇ ਪਟ ਤਨ ਪਰ ਲਯੋ।
ਗਨ ਉਮਰਾਵ ਖਰੇ ਕਰ ਜੋਰੇ।
ਗਨ ਸਜਾਨੇ ਬੈਠੇ ਇਕ ਓਰੇ ॥੧੯॥
ਕਿਨਹੂੰ ਕੀਨਿ ਨ ਖ਼ਾਤਰ ਜਮਾ[3]।
ਸ਼ਾਹੁ ਰਿਦੈ ਡਰੁ ਸੰਸੈ ਜਮਾ[4]।
ਦੇਖਿ ਭਲੋ ਨਰ ਸਭਿ ਸਨਮਾਨਾ।
ਜੇਠਾ ਗਯੋ ਨਿਕਟਿ ਤਿਸ ਥਾਨਾ ॥੨੦॥
ਸ਼ਾਹੁ ਬਾਂਹੁ ਆਗੇ ਕਰਿ ਦੀਨਿ।
ਨਿਸ ਪ੍ਰਸੰਗ ਕਹਿ, ਲੇ ਜਿਮ ਚੀਨ[5]।
ਕਹਨਿ ਲਗਯੋ 'ਮੈਂ ਪਿਖੋਂ ਨ ਨਾਰੀ।
ਨਹਿਂ ਪ੍ਰਸੰਗ ਕੁਛ ਕਰਹੁ ਉਚਾਰੀ ॥੨੧॥
ਕਜਾ ਤਬੀਬ ਜੋ ਨਾਰੀ ਦੇਖੇ।
ਸੂਰਤ ਦੇਖਿ ਨ ਰੋਗ ਪਰੇਖੈ[1]।

---

[1]ਉਤਨੇ (ਤਬੀਬ)।
[2]ਹੱਥ ਦੀ ਨਬਜ਼।
[3]ਤਸੱਲੀ ਨਾ ਕੀਤੀ (ਜਹਾਂਗੀਰ ਦੀ)।
[4]ਬਹੁਤ।
[5]ਰਾਤ ਦਾ ਪ੍ਰਸੰਗ ਵੀ (ਜਹਾਂਗੀਰ) ਕਹਿਣ ਲਗਾ ਤਾਂਕਿ ਉਹ (ਮਰਜ਼) ਜਾਣ ਲਵੇ।

ਮਮ ਉਸਤਾਦ ਅਹੈ ਨਹਿਂ ਕਾਚੋ।
ਗੁਨ ਪੂਰਨ[2] ਬਚ ਸਾਚ ਉਬਾਚੋ ॥੨੨॥
ਜਾਨਿ ਲੀਨਿ ਮੈਂ ਰੋਗ ਤੁਮਾਰੋ।
ਸੁਨਹੁ ਇਕੰਤ ਹੋਇ ਨਿਰਧਾਰੋ।
ਨਹਿਂ ਗਨ ਮਹਿਂ ਮੈਂ ਕਹੌਂ ਬ੍ਰਿਤਾਂਤ।
ਨਿਫਲਹਿ ਮੰਤ੍ਰ ਜਿ ਹੁਇ ਬੱਖਜਾਤ[3]' ॥੨੩॥
ਜਹਾਂਗੀਰ ਸੁਨ ਭਯੋ ਇਕਾਂਕੀ।
ਜੇਠਾ ਗਯੋ ਨਿਕਟ ਤਬਿ ਤਾਂ ਕੀ।
ਬੈਠਿ ਰਹਜੋ 'ਤੁਝ ਸਪਥ ਖੁਦਾਇ।
ਕਹੌਂ ਜਿ ਸਾਚੀ ਦੇਹੁ ਬਤਾਇ[4] ॥੨੪॥
ਤੋ ਕਹੁ ਰੋਗ ਨ ਉਪਜਜੋ ਕੋਈ।
ਨਿਸ ਮਹਿਂ ਤ੍ਰਾਸ ਕਿਸੂ ਤੇ ਹੋਈ।
ਹੌਲ ਰਹਜੋ ਦਿਲ ਟਿਕਹਿ ਨ ਕੈਸੇ।
ਦੀਪ ਸਿਖਾ ਬਹਿ ਬਾਯੂ ਜੈਸੇ[5]' ॥੧੫॥
ਮਾਨਿਦ ਸ਼ਾਹੁ ਕਹਿ 'ਸਾਚੁ ਸੁਨਾਈ।
ਮਮ ਪੀਰਾ ਤੈਂ ਨਿਸ਼ਚੇ ਪਾਈ[6]।'
[7]'ਸੁਨਿ ਹਜ਼ਰਤਿ ਆਵਤਿ ਜੁਗ ਸ਼ੇਰ।
ਦੁਹਦਿਸ਼ ਤੇ ਕਰਿ ਕੋਪ ਘਨੇਰ ॥੨੬॥
ਗੁਰੂ ਹਾਥ ਦੇ ਤੋਹਿ ਬਚਾਵੈਂ।
ਨਾਂਹਿ ਤੋ ਦੋਨਹੁਂ ਤੁਮ ਕਹੁ ਖਾਵੈਂ।
ਹਟਤਿ[8] ਕਹੈਂ -ਗੁਰੁ ਮਹਿਮਾ ਜਾਨਿ।
ਨਹੀਂ ਬਿਸਾਰਨਿ ਉਰ ਤੇ ਠਾਨਿ- ॥੨੭॥
ਡਰ ਹਰਿਬੇ ਹਿਤ ਜਤਨ ਬਤਾਵੈਂ।
ਸੋ ਕਜੋਂ ਕਰਿ ਤੁਮ ਰਿਦੇ ਨ ਲਜਾਵੈਂ।
ਜੇ ਨਹਿਂ ਸਮਝਜੋ ਮੈਂ ਸਮਝਾਊਂ।

---

[1]ਰੋਗ ਪਰਖ ਨਾ ਲਵੇ।
[2](ਮੇਰਾ ਉਸਤਾਦ) ਗੁਣਾਂ ਨਾਲ ਪੂਰਨ ਹੈ।
[3](ਲੋਕਾਂ ਦੀ) ਭੀੜ ਵਿਚ ਬ੍ਰਿਤਾਂਤ ਮੈਂ ਨਹੀਂ ਕਹਿੰਦਾ, ਕਿਉਂਕਿ ਮੰਤ੍ਰ ਪ੍ਰਗਟ ਹੋ ਜਾਏ ਤਾਂ ਨਿਹਫਲ ਹੋ ਜਾਂਦਾ ਹੈ।
[4]ਜੇ (ਮੈਂ) ਸਚੀ ਗਲ ਆਖਾਂ ਤਾਂ ਤੁਸਾਂ ਦੱਸ ਦੇਣਾ ਕਿ ਠੀਕ ਹੈ।
[5]ਦੀਵੇ ਦੀ ਲਾਟ ਜਿਵੇਂ ਹਵਾ ਚਲਿਆਂ।
[6]ਤੈਂ ਪੀੜਾ ਠੀਕ ਮਲੂਮ ਕੀਤੀ ਹੈ।
[7]ਜੇਠੇ ਨੇ ਕਿਹਾ।
[8]ਮੁੜਦੇ ਹੋਏ।

ਰੋਗ ਤ੍ਰਾਸ ਸਭਿ ਦੂਰ ਮਿਟਾਊਂ ॥੨੮॥
ਇਮ ਜੇਠੇ ਜਬਿ ਪਤੇ ਲਗਾਏ।
ਹਜ਼ਰਤ ਕਹਯੋ 'ਠੀਕ ਤੈਂ ਗਾਏ।
ਅਬਿ ਜਿਮ ਹਟਹਿਂ, ਬਤਾਵਨਿ ਕੀਜੈ।
ਤੁਵ ਪੂਰਨ ਉਸਤਾਦ ਲਖੀਜੈ ॥੨੯॥
ਕਿਮ ਕੇਹਰਿ ਕਹਿ ਬੂਝ ਬੁਝਾਵੈ[1]।
ਦਿਹੁ ਸਮੁਝਾਇ ਨ ਮਮ ਮਨ ਆਵੈ।'
ਅਪਨੇ ਮਹਿਂ ਸ਼ਰਧਾ ਦਿਢ ਜਾਨੀ।
ਤਬਿ ਜੇਠੇ ਮੁਖ ਗਿਰਾ ਬਖਾਨੀ ॥੩੦॥
'ਗੁਰੁ ਪਠਿ ਦੁਰਗ ਨ ਕੀਨਿ ਸੰਭਾਲੀ।
ਅਵਧਿ ਬਦੀ ਤਬਿ ਸਭਿ ਦਿਨ ਚਾਲੀ[2]।
ਸੋ ਬਿਤੀਤ ਊਪਰ ਦਿਨ ਗਏ।
ਨਿਕਟ ਗੁਰੂ ਨ ਬੁਲਾਵਤਿ ਭਏ ॥੩੧॥
ਗੁਰੁ ਸੰਗ ਝੂਠ ਬੋਲਿਬੋ ਠਾਨਾ।
ਤਿਹ ਫਲ ਹੋਯਹੁ ਤ੍ਰਾਸ ਮਹਾਨਾ।
ਜੇ ਕਰਿ ਆਜ ਨ ਮਨੁਜ ਪਠਾਵੈਂ।
ਟਰਿਹੰ ਨ ਕੇਹਰਿ ਆਵਤਿ ਘਾਵੈਂ ॥੩੨॥
ਸਮਾਂ ਬਿਤੇ ਕੁਛ ਹ੍ਵੈ ਨ ਉਪਾਈ।
ਗੁਰੁ ਦਿਸ਼ਿ ਨਮੋ ਕਰਹੁ ਸਿਰ ਨਜਾਈ।
ਕਰ ਜੋਰਹੁ ਅਰੁ ਬਾਕ ਉਚਾਰਹੁ।
-ਖਿਮਹੁ ਪ੍ਰਭੂ ! ਨਿਜ ਬਿਰਦ ਸੰਭਾਰਹੁ ॥੩੩॥
ਪਠੌਂ ਮਨੁਜ ਅਬਿ ਨਿਕਟ ਹਕਾਰੌਂ।
ਦਰਸ਼ਨ ਕਰੌਂ ਸੀਸ ਪਗ ਧਾਰੌਂ-।
ਉਠਿ ਕਰਿ ਅਬਹਿ ਨ ਬੂਝਹੁ ਕੋਈ[3]।
ਕਰਹੁ ਅਰਜ਼, ਕਬਿ ਤ੍ਰਾਸ ਨ ਹੋਈ' ॥੩੪॥
ਸੁਨਿ ਹਜ਼ਰਤ ਉਰ ਲਾਗੀ ਆਛੇ।
ਸਾਚਿ ਜਾਨਿ ਗੁਰੁ ਮਿਲਨੋ ਬਾਂਛੇ।
ਬੰਦਨ ਜੇਠੇ ਕੀ ਦਿਸ਼ਿ ਕੀਨਿ।
'ਦੇਹੁ ਦਰਬ ਬਹੁ' ਆਇਸੁ ਦੀਨਿ ॥੩੫॥

---
[1]ਬੁਝਾਰਤ ਸਮਝਾਂਵਦੇ ਹਨ।
[2]ਤਦੋਂ ਚਾਲੀ ਦਿਨਾਂ ਦਾ ਸਮਾਂ ਹੀ ਬਿਦਿਆ (ਮੁਕੱਰਰ ਕੀਤਾ) ਸੀ।
[3]ਕਿਸੇ ਨੂੰ ਨਾ ਪੁਛੋ।

ਕਹਿ ਜੇਠਾ 'ਮੈਂ ਲੇਤਿ ਨ ਧਨ ਕੋ।
ਜਬਿ ਲਗਿ ਹੋਤਿ ਅਨੰਦ ਨ ਮਨ ਕੋ।
ਪੁਨ ਹਮ ਆਵੈਂ ਗੁਰੁ ਜਬਿ ਦੇਖੈਂ।
ਸੁਖ ਕੋ ਪਾਵਤਿ, ਹਮਹੁੰ ਪਰੇਖੈਂ[1]' ॥੩੬॥
ਇਮ ਕਹਿ ਨਿਕਸੵੋ ਵਹਿਰ ਪਧਾਰਾ।
ਬੈਠਿ ਸ਼ਾਹੁ ਉਮਰਾਵ ਹਕਾਰਾ।
ਕਹੵੋ 'ਜਾਹੁ ਅਬਿ ਹ੍ਵੈ ਕਰਿ ਤਯਾਰ।
ਸਤਿਗੁਰੁ ਕੇ ਢਿਗ ਬਿਲਮ ਬਿਸਾਰਿ ॥੩੭॥
ਮਮ ਦਿਸ਼ਿ ਤੇ ਲੇ ਗਮਹੁ ਉਪਾਇਨ।
ਧਰਿ ਆਗੇ ਕਰਿ ਬੰਦਨ ਪਾਇਨ।
ਬਿਨਤੀ ਬਹੁ ਬਖਾਨਿ ਸੰਗ ਆਨਹੁ।
-ਦੇਹੁ ਦਰਸ ਨਿਜ ਕਰੁਨਾ ਠਾਨਹੁ-' ॥੩੮॥
ਇਮ ਕਹਿ ਤਿਸ ਕੋ ਤੁਰਤ ਪਠਾਯੋ।
ਗੁਰੁ ਦਿਸ਼ਿ ਮੁਖ ਕਰਿ ਸੀਸ ਝੁਕਾਯੋ।
'ਬਖਸ਼ਹੁ ਕਰੀ ਅਵੱਗਯਾ ਮੋਰੀ।
ਅਬਿ ਮੈਂ ਸਮਝਿ ਸ਼ਰਨਿ ਗੁਰ ਤੋਰੀ' ॥੩੯॥
ਪੁਨ ਮਨ ਮਹਿਂ ਇਮ ਸ਼ਾਹੁ ਬਿਚਾਰਾ।
-ਰਹੌਂ ਜਾਮਨੀ ਬਿਖੈ ਸੁਖਾਰਾ।
ਗੁਰੁ ਸੰਗ ਝੂਠ ਕਹਨਿ ਫਲ ਲਾਗਾ।
ਆਗੇ ਕਰੌਂ ਅਧਿਕ ਅਨੁਰਾਗਾ ॥੪੦॥
ਜੇ ਕਰਿ ਆਜ ਸ਼ੇਰਿ ਦਰਸਾਵੌਂ।
ਇਹ ਨਹਿਂ, ਅਪਰ ਜਤਨ ਕਰਿਵਾਵੌਂ-।
ਜਬਿ ਜੇਠਾ ਸਤਿਗੁਰੁ ਢਿਗ ਗਯੋ।
ਅੰਤਰਿਜਾਮੀ ਸਭਿ ਲਖਿ ਲਯੋ ॥੪੧॥
ਬ੍ਰਿਧ ਜੁਤਿ ਬੈਠੇ ਸੇਵਕ ਸਾਰੇ।
ਸ੍ਰੀ ਹਰਿ ਗੋਵਿੰਦ ਬਾਕ ਉਚਾਰੇ।
'ਉਠਿ ਜੇਠਾ! ਜਮਨਾ ਤਟ ਜਾਉ।
ਗੰਗਾ ਸਾਗਰ[2] ਭਰਿ ਲੇ ਆਉ' ॥੪੨॥
ਉਠਿ ਕਰਿ ਸਿਖ ਤਤਛਿਨਿ ਭਰਿ ਲ੍ਯਾਯੋ।
ਸਤਿਗੁਰੁ ਆਗੈ ਆਨਿ ਟਿਕਾਯੋ।

---

[1]ਸਾਡੇ ਦੇਖਦਿਆਂ।
[2]ਪਾਣੀ ਦਾ ਇਕ ਪਾਤ੍ਰ।

ਬਹੁਰਿ ਕਰਜੋ ਸ੍ਰੀ ਮੁਖ ਫੁਰਮਾਵਨਿ।
'ਲੇ ਅਬਿ ਜਾਹੁ ਕਰਹੁ ਤਹਿਂ ਪਾਵਨਿ' ॥੪੩॥
ਸੁਨਿ ਜੇਠੇ ਜੁਤਿ ਅਚਰਜ ਧਾਰੇ।
ਲੇ ਕਰਿ ਜਾਇ ਤਹਾਂ ਜਲ ਡਾਰੇ।
ਆਇ ਖਰੋ ਕਰ ਜੋਰਿ ਅਗਾਰੀ।
ਹਿਤ ਸਿੱਖ੍ਯਾ ਕੇ ਗੁਰੂ ਉਚਾਰੀ ॥੪੪॥
'ਜਬਿ ਗੰਗਾ ਸਾਗਰ ਭਰਿ ਆਨਾ।
ਘਟਜੋ[1] ਕਿ ਨਹਿਂ ਜਲ ਨਦੀ ਮਹਾਨਾ?
ਬਹੁਰ ਜਾਇ ਤਿਸ ਕੇ ਮਧ ਗੇਰਾ।
ਬਢਜੋ ਕਿ ਨਹਿਂ ਕੈਸੇ ਤਬਿ ਹੇਰਾ?' ॥੪੫॥
ਸੁਨਿ ਜੇਠੇ ਕਰ ਜੋਰਤਿ ਕਹਜੋ।
'ਨਦੀ ਪ੍ਰਵਾਹ ਸਦਾ ਜਲ ਬਹਜੋ।
ਇਕ ਘਟ ਭਰੇ ਕਹਾਂ ਘਟਿ ਜੈਹੈ।
ਡਾਰੇ ਬੀਚ ਕਹਾਂ ਬਡਿ ਹ੍ਵੈ ਹੈ' ॥੪੬॥
ਸ੍ਰੀ ਅਰਜਨ ਨੰਦਨ ਤਬਿ ਕਹੈਂ।
'ਅਪਨਿ ਬਿਖੈ ਜਾਨਹੁ ਬਿਧਿ ਇਹੈ।
ਗੁਰ ਗ੍ਰਿਹ ਸ਼ਕਤਿ ਚਲਤਿ ਜਲ ਸਲਿਤਾ।
ਸਦ ਪ੍ਰਵਾਹ ਪੂਰਨ ਹੀ ਢਲਤਾ ॥੪੭॥
ਘਟ ਸਮ ਸੇਵਾ ਕਰਿ ਤੈਂ ਪਾਈ।
ਜਰੀ ਨ ਜਾਇ ਤਊ ਬਿਦਤਾਈ।
ਜਹਿਂ ਤੇ ਲੀਨ ਤਹਾਂ ਕਜਾ ਨਾਂਹੀ?
ਅਸ ਮਨ ਜਾਨਿ ਨਿਰਖਿ ਉਰ ਮਾਂਹੀ[2] ॥੪੮॥
ਕਿਸ ਕੇ ਕਹੇ ਸ਼ਾਹੁ ਕੇ ਪਾਸਿ।
ਕਰਾਮਾਤਿ ਕੋ ਕੀਨਿ ਪ੍ਰਕਾਸ਼?
ਯਾਂ ਤੇ ਉਚਿਤ ਦੰਡ ਕੇ ਅਹੈਂ।
ਗੁਰੁ ਆਗਜਾ ਤੇ ਬਾਹਰਿ ਚਹੈਂ[3]' ॥੪੯॥
ਤਬਿ ਜੇਠੇ ਕਰਿ ਜੋਰਿ ਬਖਾਨਾ।
'ਮੈਂ ਗੁਰੁ ਬਚਨ ਪ੍ਰੇਮ ਤੇ ਮਾਨਾ।
ਸਿਖ ਸੰਗਤਿ ਰਾਵਰ ਕੀ ਜੇਤੀ।

---

[1]ਘੜਾ।
[2]ਰਿਦੇ ਵਿਚ ਦੇਖ।
[3]ਬਾਹਰ ਹੋਇਆ ਚਾਹੁੰਦਾ ਹੈ।

ਬ੍ਰਿੱਧ ਤੁਮ ਮਹਿਂ ਲਖਿ ਭੇਦ ਨ ਤੇਤੀ ॥੫੦॥
ਹੁਕਮ ਪਾਇ ਪੂਰਬ ਇਨ ਕੇਰਾ।
ਅਰੁ ਸੰਗਤਿ ਮਹਿਂ ਸੰਕਟ ਹੇਰਾ।
ਮਹਾਂ ਦੁਖੀ ਪਛੁਤਾਵਤਿ ਸਾਰੇ।
ਰਹੈਂ ਅਲੰਬ ਜਿ ਦਰਸ ਤਿਹਾਰੇ ॥੫੧॥
ਪਰ ਉਪਕਾਰ ਹੇਤੁ ਮੈਂ ਕੀਨਿ।
ਗੁਰੁ ਸਿਖ ਹੋਵੈਂ ਚਿੰਤ ਬਿਹੀਨ।
ਅਪਨੇ ਹਿਤ ਮੈਂ ਨਹੀਂ ਦਿਖਾਈ।
ਜਯੋਂ ਭਾਵਹਿ ਤਯੋ ਕਰਹੁ ਗੁਸਾਈਂ' ॥੫੨॥
ਸੁਨਿ ਕਰਿ ਭਾਈ ਬ੍ਰਿੱਧ ਬਖਾਨਾ।
'ਹੁਕਮ ਮਾਤ ਗੰਗਾ ਕਹੁ ਮਾਨਾ।
-ਕਰਹੁ ਜਤਨ- ਕਹਿ ਬਾਰੰਬਾਰੀ।
ਭੇਜਯੋ ਮੋਹਿ ਬਿਲੰਬ ਬਿਸਾਰੀ ॥੫੩॥
ਬਡੇ ਗੁਰਨਿ ਕੇ ਸਿਮਰਤਿ ਚਰਿਤ।
ਜਰੀ ਅਜਰ ਯਾਂ ਤੇ ਚਿਤ ਡਰਤਿ।
ਇਤਨੇ ਕੋਸ ਪਠੇ ਮੈਂ ਆਯੋ।
ਕਰਹਿ ਨ ਜਤਨ ਜਾਤਿ ਨਿਫਲਾਯੋ[1] ॥੫੪॥
ਸਿਖ ਸੰਗਤਿ ਗੁਰੁ ਜਨਨੀ ਕੇਰਾ।
ਬਹੁਤਨਿ ਕੋ ਹਿਤ ਯਾਂ ਮਹਿਂ ਹੇਰਾ।
ਤਉਂ ਮੈਂ ਕਹਯੋ ਉਪਾਵ ਕਰੀਜਹਿ।
ਜਿਮ ਗੁਰੁ ਭਾਵੈ ਤਿਮ ਅਬਿ ਕੀਜਹਿ' ॥੫੫॥
ਸੁਨਿ ਬ੍ਰਿਧ ਤੇ ਨਿਜ ਮਾਤ ਸੰਦੇਸਾ।
ਬੋਲਤਿ ਭਏ ਗੁਰੂ ਜਗਤੇਸ਼ਾ।
'ਜੇ ਬ੍ਰਿਧ ਆਦਿ ਮਾਤ ਸਭਿ ਕੇਰਾ।
ਕੀਨਿ ਮਤੋ ਇਨ ਜਤਨ ਬਡੇਰਾ ॥੫੬॥
ਤੌ ਹਮ ਕਹਾਂ ਸਕਹਿਂ ਕਹਿ ਬਾਨੀ।
ਤਊ ਨ ਆਛੀ ਤੈਂ ਕ੍ਰਿਤ ਠਾਨੀ।
ਅਜਰ ਜਰਨਿ ਕੀ ਬਡਿ ਬਡਿਆਈ।
ਮਹਿਮਾ ਕਹੈਂ ਸੰਤ ਸਮੁਦਾਈ ॥੫੭॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਜੇਠੇ' ਕੋ ਪ੍ਰਸੰਗ ਬਰਨਨੰ ਨਾਮ ਦੋਇ ਸਸ਼ਟੀ ਅੰਸੂ ॥੬੨॥

---

[1] ਨਿਸ਼ਫਲ ਜਾਣਾ ਸੀ (ਮੇਰਾ ਆਵਣਾ)।

੬੩. [ਵਜ਼ੀਰ ਖਾਂ ਲੈਣ ਆਯਾ। ਰਾਜਿਆਂ ਨੂੰ ਧੀਰਜ]

੬੨<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੪

ਦੋਹਰਾ: ਗੁਰ ਸੈਨਾਪਤਿ ਨਰ ਪਠੋ[1], ਆਯਹੁ ਸ੍ਰੀ ਗੁਰੁ ਪਾਸ।
ਦਰਸ਼ਨ ਦੇਖਤਿ ਜੋਰਿ ਕਰਿ, ਨਮੋ ਕਰੀ ਅਰਦਾਸ ॥੧॥
ਚੌਪਈ: 'ਹਯ ਗਨ ਰਾਵਰ ਕੇ ਪੁਰਿ ਮਾਂਹੀ[2]।
ਘਾਸ ਅਲਪ, ਕਰ ਆਵਤਿ ਨਾਂਹੀ।
ਦਾਨੇ ਕੇ ਅਧਾਰ ਪਰ ਰਹੈਂ।
ਹਰੇ ਤ੍ਰਿਣਨਿ ਕਹੁ ਕਿਮਹੁੰ ਨ ਲਹੈਂ ॥੨॥
ਦੇਤਿ ਦਰੋਗੇ ਮਲਿਨ ਸੁ ਥੋਰੇ[3]।
ਦੁਰਬਲ ਹੋਤਿ ਆਪ ਕੇ ਘੋਰੇ।
ਸੁਨਿ ਕਰਿ ਸ੍ਰੀ ਹਰਿ ਗੋਵਿੰਦ ਚੰਦ।
'ਬ੍ਰਿਧ ਸਾਹਿਬ! ਤੁਮ ਸੁਮਤਿ ਬਿਲੰਦ ॥੩॥
ਡੇਰਾ ਕਰਹੁ ਸੰਭਾਰਨਿ ਸਾਰੋ।
ਜਬਿ ਲਗਿ ਮੇਲਿ ਨ ਬਨਹਿ ਹਮਾਰੋ।
ਸਭਿ ਕੋ ਦੀਜਹਿ ਖਾਨਾ ਦਾਨਾ।
ਲੇ ਕਰਿ ਖਰਚਹੁ ਦਰਬ ਮਹਾਨਾ ॥੪॥
ਸਕਲ ਤੁਰੰਗ ਚਮੂੰ ਲਿਹੁ ਸੰਗ।
ਹਰੋ ਘਾਸ ਪਿਖਿ ਥਿਰੋ ਨਿਸੰਗ।
ਬਾਂਗਰ ਕੀ ਦਿਸ਼ਿ ਤ੍ਰਿਣ ਬਹੁ ਜਹਾਂ।
ਜਾਇ ਕਰਹੁ ਅਬਿ ਡੇਰਾ ਤਹਾਂ ॥੫॥
ਹਮ ਜਬਿ ਕਰੈਂ ਹਕਾਰਨਿ ਆਵਹੁ।
ਤਾਵਤ ਤ੍ਰਿਣਨਿ ਤੁਰੰਗ[4] ਚਰਾਵਹੁ।
ਬ੍ਰਿਧ ਸਾਹਿਬ ਗੁਰੁ ਕੇ ਬਚ ਮਾਨੈ।
ਭਯੋ ਤਯਾਰ ਅਭਿਬੰਦਨ ਠਾਨੇ ॥੬॥
ਚਲਿ ਕਰਿ ਆਨਿ ਪਹੂਚਯੋ ਡੇਰੇ।
ਨਿਸ ਬਸਿ ਕੈ ਦੁਰਬਲ ਅਸ੍ਵ ਹੇਰੇ।
ਹੋਤਿ ਪ੍ਰਾਤ ਚਢਿ ਲੇ ਦਲ ਸਾਰਾ।
ਦੀਰਘ ਪੰਥ ਉਲੰਘਿ ਨਿਹਾਰਾ ॥੭॥
ਚਲੇ ਆਗਰੇ ਤੇ ਸਭਿ ਆਏ।

---

[1]ਗੁਰੂ ਜੀ ਦੇ ਸੈਨਾਪਤੀ ਨੇ ਆਦਮੀ ਭੇਜਿਆ।
[2]ਸਮੂਹ ਘੋੜੇ ਦਿੱਲੀ ਵਿਚ ਆਪਦੇ ਹਨ।
[3]ਥੋਹੜੇ ਤੇ ਮੈਲੇ।
[4]ਘੋੜਿਆਂ ਨੂੰ।

ਦਿੱਲੀ ਨਗਰ ਪਿਖ੍ਯੋ ਸਮੁਦਾਏ।
ਸੁਨ੍ਯੋ ਘਾਸ ਮਹਿਂ ਖਰੋ ਉਦਾਰੇ।
ਪੰਚ ਕੋਸ ਪੁਰਿ ਤ੍ਯਾਗਿ ਪਧਾਰੇ ॥੮॥
ਹਰਿਤ ਤ੍ਰਿਣਤਿ ਦੇਖਤਿ ਹਰਖਾਏ।
ਕਰ੍ਯੋ ਸਿਵਰ ਉਤਰੇ ਸਮੁਦਾਏ।
ਲਈ ਸਭਿਨਿ ਕੀ ਸੁਧਿ ਬ੍ਰਿਧ ਤਬੈ।
ਜੋ ਚਹਿਯਤਿ ਸੋ ਲੇ ਭਟ ਸਬੈ ॥੯॥
ਦਿੱਲੀ ਮਹਿਂ ਮਿਲ ਸ਼ਾਹੁ ਕਿ ਸਾਥ।
ਜਬਿ ਲੌ ਚਢੇ ਨ ਸਤਿਗੁਰੁ ਨਾਥ।
ਤਬਿ ਲੌ ਤਹਾਂ ਟਿਕਾਯਹੁ ਡੇਰਾ।
ਸਹਤ ਤੁਰੰਗਨਿ ਹਰਖ ਘਨੇਰਾ ॥੧੦॥
ਅਬਿ ਲੌ ਤਿਸ ਥਲ ਚਿੰਨ੍ਹ ਲਖੰਤੇ।
'ਜਾਗਾ ਬ੍ਰਿਧ ਕੀ' ਲੋਕ ਕਹੰਤੇ।
ਕਬਿ ਸਿਖ ਬੈਠਹਿ ਸੇਵ ਕਰੰਤਾ।
ਤੁਰਕ ਰਾਜ ਕਰ ਨਹੀਂ ਰਹੰਤਾ[1] ॥੧੧॥
ਪਠ੍ਯੋ ਸ਼ਾਹ ਉਮਰਾਵ ਜੁ ਤੂਰਨ।
ਪਹੁੰਚ੍ਯੋ ਜਾਇ ਪਿਖੇ ਗੁਰੁ ਪੂਰਨ।
ਕਰੀ ਬੰਦਗੀ ਜੁਗ ਕਰ ਜੋਰੇ।
ਬੈਠਿ ਕਹ੍ਯੋ 'ਪਦ ਸ਼ਾਹੁ ਨਿਹੋਰੇ[2] ॥੧੨॥
ਘਨੀ ਬੰਦਗੀ ਤੁਮ ਸੋਂ ਰਰੀ।
-ਰੱਛ੍ਯਾ ਮੋਰਿ ਆਪ ਨੇ ਕਰੀ।
ਅਬਿ ਆਵਹੁ ਦਰਸ਼ਨ ਦਿਹੁ ਸੁੰਦਰ।
ਪੂਰਨ ਗੁਰੂ ਗੁਨਨਿ ਕੇ ਮੰਦਰ-' ॥੧੩॥
ਗੁਰੂ ਕਹ੍ਯੋ 'ਇਸ ਥਾਨ ਸੁਖਾਰੇ।
ਏਕਲ ਸਿਮਰਹਿਂ ਸਿਰਜਣ ਹਾਰੇ।
ਹਮ ਜਬਿ ਕੇ ਇਸ ਦੁਰਗ ਪ੍ਰਵੇਸ਼ੇ।
ਨ੍ਰਿਪ ਕੈਦੀ ਸੁਖ ਪਾਇਂ ਵਿਸ਼ੇਸ਼ੇ ॥੧੪॥
ਆਪ ਸੁਖੀ ਪਰ ਕੋ ਸੁਖ ਹੋਇ।
ਅਸ ਸ਼ੁਭ ਥਾਨ ਨ ਤ੍ਯਾਗਹਿ ਕੋਇ।'
ਸੁਨਿ ਉਮਰਾਵ ਗਯੋ ਚਢਿ ਕਰਿ ਕੈ।

---

[1]ਤੁਰਕ ਰਾਜ ਵਿਚ ਕਦੇ ਨਹੀਂ ਸੀ ਰਹਿੰਦਾ।
[2]ਬੇਨਤੀ ਕੀਤੀ ਹੈ ਚਰਣਾਂ ਪਾਸ।

ਗਮਨਜੋ ਪੰਥ ਸ਼ੀਘ੍ਰਤਾ ਧਰਿ ਕੈ ॥੧੫॥
ਜਾਇ ਸ਼ਾਹੁ ਕੇ ਸਾਥ ਸੁਨਾਈ।
ਕਰਹਿ -ਇਹਾਂ ਹਮ ਰਹਿਂ ਹਰਖਾਈ।
ਕੈਦੀ ਸਗਰੇ ਸੁਖ ਕੋ ਪਾਵੈਂ।
ਕਿਮ ਇਹ ਥਾਨ ਤਜਾਗਿ ਹਮ ਜਾਵੈਂ-' ॥੧੬॥
ਸੁਨਿ ਬਿਸਮਜੋ ਚਿਤ ਮਹਿਂ ਬਹੁ ਸ਼ਾਹੂ।
-ਕਿਸ ਕਾਰਨ ਤੇ ਆਇਂ ਨ ਪਾਹੂ।
ਕਰੀ ਹਕਾਰਨਿ ਇਛਾ ਜਬਿ ਤੇ।
ਨਿਸ ਮਹਿਂ ਤ੍ਰਾਸ ਨ ਉਪਜਜੋ ਤਬਿ ਤੇ ॥੧੭॥
ਕੈ ਗੁਰੁ ਮੇਰੋ ਕੂਰ ਬਿਚਾਰਾ।
ਯਾਂ ਤੇ ਨਹਿਂ ਆਵਨਿ ਮਤਿ ਧਾਰਾ।
ਅਪਰ ਸਬਬ ਕਜਾ? ਨਹਿਂ ਇਤ ਆਏ।
ਜਿਨਹੁਂ ਪ੍ਰਾਨ ਮਮ ਨਿਸਾ ਬਚਾਏ- ॥੧੮॥
ਚਿਤਵਤਿ ਰਹਜੋ ਕਿਤਿਕ ਚਿਰ ਕਾਲਾ।
ਸ਼ੇਰ ਤ੍ਰਾਸ ਤੇ ਤ੍ਰਸਤਿ ਬਿਸਾਲਾ।
-ਜੇ ਕਰਿ ਗੁਰੂ ਪ੍ਰਸੀਦ ਨ ਹੋਇਂ।
ਕਬਹੁ ਨਿਸਾ ਮਹਿਂ ਘਾਵਹਿਂ ਸੋਇ[1]- ॥੧੯॥
ਕਰਤਿ ਬਿਚਾਰ ਰਿਦੇ ਫੁਰਿ ਆਈ।
-ਖਾਂ ਵਜ਼ੀਰ ਤਿਨ ਸਿੱਖ ਸਦਾਈ।
ਸੋ ਤਿਨ ਕੇ ਸੁਭਾਵ ਕਹੁ ਜਾਨਹਿ।
ਮਮ ਢਿਗ ਕੀਰਤਿ ਗੁਰਨਿ ਬਖਾਨਹਿ ॥੨੦॥
ਲਜਾਇ ਸੁਧਾਸਰ ਤੇ ਸੁ ਮਿਲਾਏ।
ਅਪਰ ਲੋਗ ਨਿਤ ਚੁਗਲੀ ਲਾਏ-।
ਇਮ ਬਿਚਾਰਿ ਨਿਜ ਨਿਕਟਿ ਹਕਾਰਾ।
ਹੁਇ ਏਕਲਿ ਤਿਹ ਸਾਥ ਉਚਾਰਾ ॥੨੧॥
'ਨਿਜ ਸ਼ੇਰਨਿ ਪਰਸੰਗ ਸੁਨਾਏ।
ਕਰੇ ਹਕਾਰਨਿ ਗੁਰੁ ਨਹਿਂ ਆਏ।
ਤੂੰ ਅਬਿ ਜਾਹੁ ਮਿਲਾਵਹੁ ਆਨਿ।
ਕਹਿ ਸਭਿ ਬਾਕਨਿ ਪ੍ਰਥਮ ਸਮਾਨ' ॥੨੨॥
ਖਾਂ ਵਜ਼ੀਰ ਕਰ ਜੋਰਿ ਸੁਨਾਈ।
'ਗੁਰੁ ਦੋਖੀ ਸਭਿ ਬਜਾਧਿ ਉਠਾਈ।

---

[1] ਮਾਰ ਦੇਣਗੇ ਸੋ (ਸ਼ੇਰ)।

ਦੀਰਘ ਪੀਰਨਿ ਕੇ ਗੁਰ ਪੀਰ।
ਅਜਰ ਜਰਨਿ ਧਰ ਧੀਰ ਅਭੀਰ[1] ॥੨੩॥
ਤ੍ਰਿਨ ਸਮ ਤਨ ਸਨੇਹ ਨਹਿਂ ਧਰੈਂ।
ਸਹੈਂ ਅਵੱਗਜਾ ਦੁਸ਼ਟ ਜਿ ਕਰੈਂ।
ਨਾਂਹਿ ਤ ਤਿਨ ਕੇ ਬਾਕਨਿ ਸੰਗਿ।
ਥਿਰਹਿ ਕੌਨ ਖਿਨ ਮਹਿਂ ਹੁਇ ਭੰਗ ॥੨੪॥
ਬ੍ਰਿੰਦ ਸਹਾਇਕ ਕਹਿ ਤੁਮ ਪਾਸ।
ਗੁਰੁ ਸੰਗਿ ਬਿਗਰਨਿ ਕਰਹਿਂ ਪ੍ਰਕਾਸ।
ਜੇ ਰਾਵਰ ਨਿਰਨੈ ਕਬਿ ਕਰੋ।
ਦੋਸ਼ ਅਦੋਸ਼ੀ ਤਬਿ ਉਰ ਧਰੋ ॥੨੫॥
ਬਡੇ ਪਾਤਿਸ਼ਾਹਨਿ ਪਰ ਆਦਿ।
ਅਰੁ ਤੁਮ ਪਰ ਗੁਰੁ ਕਰਹਿਂ ਪ੍ਰਸਾਦਿ[2]।
ਪ੍ਰਿਥਮ ਭਏ ਬਾਬਰ ਚਵਗੱਤਾ।
ਸ੍ਰੀ ਨਾਨਕ ਤਿਨ ਕੋ ਬਰ ਦਿੱਤਾ ॥੨੬॥
ਅਜ਼ਮਤਿ ਪਿਖਿ ਕਰਿ ਭੰਗ ਚਢਾਈ।
ਪੁਸ਼ਤਨਿ ਕੀ[3] ਪਤਿਸ਼ਾਹਤਿ ਪਾਈ।
ਬਹੁਰ ਹੁਮਾਉ ਸ਼ਾਹੁ ਪਰਬੀਨ।
ਛੀਨ ਸਲੇਮਸ਼ਾਹ[4] ਛਿਤ ਲੀਨਿ ॥੨੭॥
ਚਲ੍ਯੋ ਵਲਾਇਤ ਮਗ ਤਿਸ ਗਯੋ।
ਸ੍ਰੀ ਗੁਰ ਅੰਗਦ ਜਿਸ ਥਲ ਭਯੋ।
ਸ੍ਰੀ ਨਾਨਕ ਗਾਦੀ ਪਰ ਥਿਰੈ।
ਗ੍ਰਾਮ ਖਡੂਰ ਬਾਸ ਕੋ ਕਰੇ ॥੨੮॥
ਬਰ ਹਿਤ ਗਯੋ ਰਹ੍ਯੋ ਢਿਗ ਖਰ੍ਯੋ।
ਕਿਤਿਕ ਕਾਲ ਬੀਤ੍ਯੋ ਥਕ ਪਰ੍ਯੋ।
ਗੁਰੂ ਬਾਰਿਕਨਿ ਸੰਗ ਰਚਿ ਰਹੇ*।
ਪਾਤਿਸ਼ਾਹ ਸੰਗ ਨਹਿਂ ਕੁਛ ਕਹੇ* ॥੨੯॥
ਉਰ ਸ਼ਰਧਾ ਪਰਖਨਿ ਕੇ ਹੇਤੁ।

---

[1]ਕਾਇਰਤਾ ਰਹਿਤ।
[2]ਕ੍ਰਿਪਾ।
[3]ਪੀੜ੍ਹੀਆਂ ਦੀ।
[4]ਭਾਵ ਸ਼ੇਰਸ਼ਾਹ।
*ਕਈ ਲਿ:ਨੁਸਖਿਆਂ ਵਿਚ ਇਹ ਦੋ ਤੁਕਾਂ ਨਹੀਂ ਤੇ ਇਕ ਵਿਚ ਇਸ ਥਾਂ ਇਹ ਪਾਠ ਹੈ:- 'ਮਨ ਮਹਿ ਗਟੀ ਸੁ ਅਨਿਕ ਬਿਚਾਰੈ। ਇਤ ਉਤ ਨੇਕ ਨ ਕਹੂੰ ਨਿਹਾਰੈ।'

ਨਹਿਂ ਬੋਲੇ ਗੁਰੁ ਕ੍ਰਿਪਾ ਨਿਕੇਤ।
ਸ਼ਾਹੁ ਰਿਦੇ ਰਿਸ ਕੋ ਉਪਜਾਈ।
-ਮਮ ਦਿਸ਼ਿ ਨਹੀਂ ਦ੍ਰਿਸ਼ਟਿ ਕੋ ਲਾਈ ॥੩੦॥
ਨਿਕਟ ਬਿਠਾਵਨਿ ਕਹਿ ਸਨਮਾਨੈ[1]।
ਸੋ ਤੌ ਰਹਜੋ, ਕਹਾਂ ਇਹ ਠਾਨੈ[2]-।
ਕਰਜੋ ਹੰਕਾਰ ਨ ਜਾਨਹਿ ਸ਼ਾਹੂ[3]।
ਧਰਜੋ ਦਸਤ ਅਸਿ ਕਬਜੇ ਮਾਂਹੂ ॥੩੧॥
-ਖੈਂਚਿ ਪ੍ਰਹਾਰੌਂ ਦੋ ਧਰ[4] ਕਰੌਂ।
ਥਿਰੌਂ ਨ ਪੁਨ, ਮਾਰਗ ਚਲਿ ਪਰੌਂ-।
ਖੜਗ ਮੁਸ਼ਟ ਸੋਂ ਕਰ ਲਗਿ ਰਹਜੋ।
ਛੁਟਹਿ ਨ ਨਿਕਸਹਿ ਬਲ ਕਰਿ ਲਹਜੋ ॥੩੨॥
ਬਹੁਰਿ ਬਿਨੈ ਕਰਿ ਚਹਿ ਬਖਸ਼ਾਵਨਿ।
ਬੋਲੇ ਸ਼੍ਰੀ ਅੰਗਦ ਜਸੁ ਪਾਵਨ।
-ਖੜਗ ਮੁਸ਼ਟ ਪਰ ਧਰਿ ਕਰਿ ਹਾਥ।
ਹਤਨਿ ਚਹਤਿ ਹਮ ਕੋ ਰਿਸ ਸਾਥ ॥੩੩॥
ਨਹੀ ਸਲੇਮ ਸ਼ਾਹ[4] ਪਰ ਕੋਪਾ।
ਦਿਯੋ ਨਿਕਾਸ ਮਹਾਂ ਰਣ ਰੋਪਾ।
ਖੜਗ ਦੁਸ਼ਟ ਜੇ ਧਰਤਿ ਨ ਕਰ ਕੋ।
ਅਬਿ ਹੀ ਲੇਤਿ ਰਾਜ ਬਡ ਧਰ ਕੋ[5] ॥੩੪॥
ਤਊ ਆਸ ਧਰਿ ਚਲਿ ਢਿਗ ਆਵਾ।
ਗਮਨਹੁ ਅਬਹਿ ਵਲਾਇਤ ਥਾਵਾ।
ਲਸ਼ਕਰ ਬਡ ਸਕੇਲ ਚਲਿ ਆਵਹੁ।
ਅਪਨੋ ਰਾਜ ਨਿਸੰਸੈ ਪਾਵਹੁ ॥੩੫॥
ਇਸ ਮਹਿਂ ਕਾਰਣ ਹੈਂ ਬਡ ਐਸੇ।
ਸ਼੍ਰੀ ਨਾਨਕ ਬਰ ਨਿਫਲ ਨ ਕੈਸੇ-।
ਸ਼੍ਰੀ ਅੰਗਦ ਕੇ ਸੁਨਿ ਕਰਿ ਬੈਨ।
ਬੰਦਨ ਕੀਨਸਿ ਲੱਜਿਤਿ ਨੈਨ ॥੩੬॥

---

[1]ਆਦਰ ਕਰਨਾ।
[2](ਖਬਰੇ) ਇਨ੍ਹਾਂ ਨੇ ਕੀਹ ਸਮਝਿਆ ਹੈ।
[3]ਮੈਂ ਹੰਕਾਰ ਕੀਤਾ ਹੈ' ਇਹ ਤਾਂ ਬਾਦਸ਼ਾਹ ਨੇ ਜਾਣਿਆਂ ਨਾਂ (ਅ) ਇਨ੍ਹਾਂ ਨੇ ਹੰਕਾਰ ਕੀਤਾ ਹੈ ਮੈਨੂੰ ਸ਼ਾਹ ਨੂੰ ਕੁਛ ਚੀਜ਼ ਨਹੀਂ ਜਾਤਾ।
[4]ਦੋ ਟੁਕੜੇ।
[5]ਧਰਤੀ ਦਾ।

ਖੜਗ ਮੁਸ਼ਟ ਤੇ ਛੁਟਿ ਗਾ ਹਾਥ।
ਚਢਿ ਗਮਨਯੋ ਤੂਰਨਤਾ ਸਾਥਿ।
ਜਾਇ ਵਲਾਇਤ ਲਸ਼ਕਰ ਲ੍ਯਾਯੋ[1]।
ਬਹੁਰ ਰਾਜ ਦਿੱਲੀ ਕਹੁ ਪਾਯੋ ॥੩੭॥
ਤਿਨ ਤੇ ਸੁਤ ਅਕਬਰ ਪਤਿਸ਼ਾਹੂ।
ਸ੍ਰੀ ਗੁਰੁ ਅਮਰਦਾਸ ਕੇ ਪਾਹੂ।
ਲੇ ਕਰਿ ਬਰ ਚਤੌਰ ਕੋ ਤੋਰਾ।
ਗਮਨਿ ਕੀਨਿ ਪੁਨ ਲਵਪੁਰਿ ਓਰਾ ॥੩੮॥
ਗੋਇੰਦਵਾਲ ਮਿਲ੍ਯੋ ਤਬਿ ਜਾਇ।
ਗ੍ਰਾਮ ਪਰਗਨਾ ਭੇਟ ਚਢਾਇ।
ਬਿਨਤੀ ਕਹਿ ਪ੍ਰਸੰਨ ਬਹੁ ਕਰੇ।
ਅਧਿਕ ਪ੍ਰੀਤਿ ਉਰ ਸ਼ਰਧਾ ਧਰੇ ॥੩੯॥
ਤਿਨ ਕੇ ਪੁੱਤ੍ਰ ਆਪ ਅਬਿ ਅਹੋ।
ਪਿਤਾ ਪਿਤਾਮਾ ਕੇ ਸਮ ਰਹੋ।
ਕਰਹੁ ਪ੍ਰਸੰਨ ਲੇਹੁ ਬਰ ਆਛੇ।
ਪੂਰਹਿਂ ਗੁਰੂ ਮਨੋਰਥ ਬਾਂਛੇ' ॥੪੦॥
ਜਹਾਂਗੀਰ ਸੁਨਿ ਬਹੁਤ ਪ੍ਰਸੰਨ।
ਕਹਿ ਵਜ਼ੀਰ ਖਾਂ ਕੋ 'ਧੰਨਧੰਨ।'
ਦੀਨੋ ਬਹੁਮੋਲਾ ਸਿਰੁਪਾਇ।
ਪੰਚ ਸਹੰਸਰ ਧਨ ਮੰਗਵਾਇ ॥੪੧॥
'ਉਚਰੀ ਬਾਤ ਅਪੂਰਬ[2] ਨੀਕੀ।
ਮਹਿਦ ਸੁਖਦ ਸਦ ਹੀ ਪ੍ਰਿਯ[3] ਜੀ ਕੀ।
ਬਿਨੈ ਕਰਹੁ ਅਬਿ ਲੇ ਕਰਿ ਆਵਹੁ।
ਬਿਨਾ ਬਿਲਮ ਗੁਰੁ ਨਿਕਟ ਸਿਧਾਵਹੁ' ॥੪੨॥
ਹਜ਼ਰਤ ਰੁਖ਼ ਵਜ਼ੀਰ ਖਾਂ ਹੇਰਿ।
ਚਢਿ ਤੁਰੰਗ ਗਮਨਯੋ ਬਿਨ ਦੇਰ।
ਜੇ ਕੈਦੀ ਮਹਿਪਾਲਕ ਸਾਰੇ।
ਸੁਨੀ -ਸ਼ਾਹੁ ਨੇ ਗੁਰੂ ਹਕਾਰੇ- ॥੪੩॥
ਚਿੰਤਾਤੁਰ ਉਰ ਬਜਾਕੁਲ ਹੋਏ।

---
[1]ਈਰਾਨ ਦੇਸ਼ ਤੋਂ ਫੌਜ ਲਿਆਇਆ ਸੀ।
[2]ਅਸਚਰਜ।
[3]ਪਿਆਰੀ।

ਛੋਰਿ ਧੀਰ ਮਨ ਸ਼ੋਕ ਪਰੋਏ।
ਹੁਇ ਇਕੱਤ੍ਰ ਸਗਰੇ ਚਲਿ ਆਏ।
ਕਰਿ ਦਰਸ਼ਨ ਪਾਇਨਿ ਲਪਟਾਏ ॥੪੪॥
ਦੋ ਕਰ ਜੋਰਿ ਅਗਾਰੀ ਖਰੇ।
ਨੰਮ੍ਰਿ ਹੋਇ ਕਿਨ ਸਿਰ ਧਰ ਧਰੇ[1]।
ਦੀਨ ਬਚਨ ਘਿਘਆਵਤਿ ਕੋਈ।
'ਸ੍ਰੀ ਗੁਰ ਤੁਮ ਤੇ ਬਡੋ ਨ ਹੋਈ ॥੪੫॥
ਕੋ ਹਮ ਕੋ ਕਬਿ ਆਨਿ ਛੁਟਾਵੈ।
ਰੱਛਕ ਤੁਮ ਬਿਨ ਅਪਰ ਨ ਪਾਵੈਂ।
ਸ੍ਰੀ ਕਰਤਾਰ ਕ੍ਰਿਪਾਲੁ ਕਹੰਤੇ।
ਤਿਨ ਸਰੂਪ ਹਮ ਤੁਮਹਿਂ ਲਖੰਤੇ ॥੪੬॥
ਸ਼ਰਨਿ ਪਰੇ ਕੀ ਲਾਜ ਨਿਬਾਹੋ।
ਦਾਨ ਅਭੈਤਾ ਦਿਹੁ ਉਤਸਾਹੋ।
ਦੀਨਨਿ ਪਰ ਦਯਾਲੁ ਕੀ ਬਾਨ।
ਬਿਰਦ ਗ਼ਰੀਬ ਨਿਵਾਜ ਮਹਾਨ ॥੪੭॥
ਬਿਨ ਗੁਨ ਗਜ ਅਰਾਧਨਾ ਕਰੀ।
ਨਗਰ ਚਰਨ ਧਾਏ ਪ੍ਰਭੁ ਹਰੀ।
ਸ੍ਰੀ ਗੁਰੁ ਸਰਬ ਭਾਂਤਿ ਸਮਰੱਥ।
ਭੰਜਨ ਰਚਨਿ ਆਪਿ ਕੇ ਹੱਥ ॥੪੮॥
ਤੁਮ ਤੇ ਹੁਇ ਹਮ ਕੈਦ ਖਲਾਸੀ।
ਅਪਰ ਸਭਿਨਿ ਤੇ ਭਏ ਨਿਰਾਸੀ।
ਬੈਸ ਬਿਤਾਇ ਬੀਚ ਹੀ ਮਰੈਂ।
ਤੁਮ ਤੇ ਛੁਟਹਿਂ ਆਸ ਹਮ ਧਰੈਂ' ॥੪੯॥
ਇੱਤਯਾਦਿਕ ਕਹਿ ਬਿਨੈ ਬਡੇਰੀ।
ਕ੍ਰਿਪਾ ਦ੍ਰਿਸ਼ਟਿ, ਸੁਨਿ ਸਤਿਗੁਰੁ, ਹੇਰੀ।
ਦਈ ਧੀਰ ਜੇਤੇ ਨਰ ਨਾਥ।
'ਤਮ ਕੋ ਰਾਖਹਿੰਗੇ ਹਮ ਸਾਥ ॥੫੦॥
ਸੰਗ ਲੇਯ ਸਭਿ ਨਿਕਸਨਿ ਕਰੈਂ।
ਨਤੁ ਹਮ ਭੀ ਇਸ ਹੀ ਥਲ ਥਿਰੈਂ।
ਕਰਿ ਹੈਂ ਸਭਿ ਕੀ ਬੰਦ ਖਲਾਸਿ।
ਸਿਮਰਹੁ ਸੱਤਿਨਾਮ ਸੁਖਰਾਸਿ' ॥੫੧॥

---

[1] ਸਿਰ ਧਰਤੀ ਤੇ ਧਰਿਆ।

ਸੁਨਤਿ ਨਰਿੰਦ੍ਰ ਬਿਲੰਦ ਅਨੰਦੇ।
'ਅਟਲ ਬਚਨ ਜਗ ਬੰਦ ਮੁਕੰਦੇ।'
ਭਈ ਖੁਸ਼ੀ ਜਨੁ ਨਿਕਰੇ ਕੈਦਿ।
ਬੈਠੇ ਛੂਟਨਿ ਧਾਰਿ ਉਮੈਦ ॥੫੨ ॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਵਜ਼ੀਰ ਖਾਂ ਬਾਕ' ਪ੍ਰਸੰਗ ਬਰਨਨੰ ਨਾਮ ਤੀਨ ਸਸ਼ਟੀ ਅੰਸੂ ॥੬੩॥

੬੪. [ਪੀਰ ਮੀਆਂ ਮੀਰ ਤੇ ਜਹਾਂਗੀਰ ਮੇਲ]

੬੩<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੫

ਦੋਹਰਾ: ਜਬਿ ਵਜ਼ੀਰ ਖਾਂ ਚਢਿ ਗਯੋ, ਬਹੁਤ ਬਰਖ ਕੋ ਪੀਰ।
ਆਯੋ ਪੁਰਿ ਕੇ ਨਿਕਟ, ਸੁਨਿ, ਗਯੋ ਸ਼ਾਹੁ ਤਿਸ ਤੀਰ ॥੧॥
ਚੌਪਈ: ਮਹਾਂ ਬ੍ਰਿੱਧ ਜਰਜਰੀ ਸਰੀਰ।
ਅੰਤਰ ਬ੍ਰਿਤੀ ਰਹਤਿ ਧਰਿ ਧੀਰ।
ਜੁਗ ਭੌਹਨਿ ਕੇ ਰੋਮ ਬਿਸਾਲਾ।
ਭਏ ਸੁਪੈਦ ਝੁਕੇ ਝਪਿ ਜਾਲਾ[1] ॥੨॥
ਮੁੱਦ੍ਰਿਤ ਲੋਚਨ ਊਪਰਿ ਛਾਏ।
ਬੋਲੈ ਕਬਹੂੰ ਬਹੁਤ ਬੁਲਾਏ।
ਜੋਰ ਜੋਗ ਕੇ ਬੈਸ ਬਿਸਾਲ।
ਰਾਖ੍ਯੋ ਨਿਜ ਸਰੀਰ ਚਿਰ ਕਾਲ ॥੩॥
ਵਹਿਰ ਜਗਤ ਤੇ ਬ੍ਰਿੱਤਿ ਉਠਾਈ।
ਲੇਤਿ ਅਨੰਦ ਰਸ ਰਿਦੇ ਟਿਕਾਈ।
ਜੇਤਿਕ ਸ਼ਾਹੁ ਭਏ ਤਿਨ ਆਗੇ।
ਰਾਖਿ ਅਦਬ ਪਦ ਪੰਕਜ ਲਾਗੇ ॥੪॥
ਚਢਹਿ ਪਾਲਕੀ ਪਰ ਅਸਵਾਰੀ।
ਸ਼ਾਹੁ ਚਲਹਿ ਪਦ ਸਾਥ ਅਗਾਰੀ।
ਬਹੁ ਸ਼ਰਧਾ ਰਾਖਤਿ ਉਰ ਮਾਹੀ।
ਗਯੋ ਸ਼ਾਹੁ ਤਬਿ ਤਿਸ ਕੇ ਪਾਹੀ ॥੫॥
ਕਰੀ ਬੰਦਗੀ ਬੈਠ੍ਯੋ ਜਾਈ।
ਸਰਬ ਨਰਨਿ ਕੀ ਭੀਰ ਹਟਾਈ।
ਜਹਾਂਗੀਰ ਇਕ, ਦੂਜੋ ਪੀਰ।
ਅਪਰ ਨ ਰਾਖ੍ਯੋ ਅਪਨੇ ਤੀਰ ॥੬॥
ਬੂਝਤਿ ਭਯੋ 'ਸੰਤ ਕੇ ਲੱਛਨ।
ਕਹੋ ਪੀਰ ਜੀ ਹੈ ਜੋ ਬਿਚੱਛਨ।
ਜਿਸ ਤੇ ਸੁਖੀ ਰਹੈ ਤਜਿ ਸ਼ੋਕ।
ਹੋਤਿ ਨ ਦੀਨ ਦੌਨ ਹੂੰ ਲੋਕ' ॥੭॥
ਕਹੈ ਪੀਰ 'ਸੁਨਿ ਸੰਤਨਿ ਭੂਖਨ।
ਸਭਿ ਬਿਕਾਰ ਤੇ ਰਹੈ ਅਦੂਖਨ।

---

[1] ਸਾਰੇ ਭਰਵਟਿਆਂ ਦੇ ਵਾਲ ਚਿੱਟੇ ਤੇ ਝੁਕੇ ਹਨ ਝਿੰਮਣੀਆਂ ਤਕ। [ਹਿੰਦੀ, ਝਪਕਨਾ = ਪਲਕਾਂ ਬੰਦ ਕਰਨੀਆਂ, ਝਪਿ = ਪਲਕ।

ਰੋਕ ਬਾਸ਼ਨਾ ਚਾਹ ਮਿਟਾਈ।
ਭਏ ਅਚਾਹ ਏਕ ਲਿਵਲਾਈ ॥੮॥
ਸੀਤਲ ਭਯੋ ਰਿਦਾ ਨਿਸ਼ਕਾਮ।
ਸਹਜਾਬ੍ਰਿੱਤਿ ਇਸੀ ਕੋ ਨਾਮ।
ਜੀਵਨ ਮੁਕਤਿ ਅਵਸਥਾ ਏਹੀ।
ਨਹਿਂ ਉਥਾਨ ਫੁਰਨੋ ਬਿਧਿ ਕੇਹੀ[1] ॥੯॥
ਮ੍ਰਿਤਕ ਮਨਿੰਦ ਜਗਤ ਮਹਿਂ ਅਹੈ।
ਸਭਿ ਰਸ ਤਜਿ ਆਤਮ ਰਸ ਲਹੈ।
ਚਿਦਾਨੰਦ ਮਹਿ ਪਾਇ ਬਸੇਰੇ।
ਤ੍ਰਿਣ ਸਮ ਅਪਰ ਰਸਨਿ ਕੋ ਹੇਰੇ ॥੧੦॥
ਮਨ ਰਿਖੀਕ ਸਿਥਲੇਂ ਪਰ ਜਾਇਂ।
ਜਗ ਬਰਤਣ ਸਹਿਜੈ ਸਿਧਿ ਪਾਇ[2]।
ਜਤਨ ਜੋਰ ਤੇ ਕਰਹਿ ਨ ਕੋਇ।
ਉਰ ਕੀ ਲਹਿਰ ਬਿਲੈ[3] ਸਭਿ ਹੋਇਂ ॥੧੧॥
ਕਰਾਮਾਤ ਸਭਿ ਲੈਤਾ ਪਾਵੈ।
ਫੁਰਨੋ ਹੋਇ ਨ ਕਹਾਂ ਲਗਾਵੈਂ[4]।
ਤਿਨ ਅੰਤਰ ਬਲ ਬਡਿ ਹੁਇ ਜਾਵੈ।
ਫੂਕ ਮਾਰਿ ਬ੍ਰਹਮਾਂਡ ਉਡਾਵੈਂ ॥੧੨॥
ਸਸਿ ਸੂਰਜ ਕੇ ਡਕਰੇ ਕਰੈਂ।
ਤਾਰੇ ਤੋਰਿ ਤੁਰਤ ਕਰਿਂ ਤਰੇ।
ਸੋ ਪਰੰਤੁ ਨਿਜ ਬ੍ਰਤ ਨਿਬਹਾਇਂ।
ਪ੍ਰਥਮ ਜੁ ਫੁਰਨਾ ਦਯੋ ਮਿਟਾਇ ॥੧੩॥
ਫੁਰਨਾ ਉਠਹਿ ਰਿਦੇ ਮਹਿਂ ਜਬੈ।
ਅਸ ਪਦ ਤੇ[5] ਉਥਾਨ ਹੁਇ ਤਬੈ।
ਨਿਜ ਫੁਰਨੇ ਪਰ ਥਿਰਤਾ ਧਾਰਿ।
ਹੁਇ ਸੁਚੇਤ ਰਹਿਂ ਚੌਂਕੀਦਾਰ ॥੧੪॥
-ਮਤ ਫੁਰਨਾ ਕਬਿ ਉਠੈ ਹਮਾਰੋ-।
ਉਠਨਿ ਨ ਦੇਤਿ ਰਹੈਂ ਮਨ ਮਾਰੋ।

---

[1]ਕਿਸੇ ਤਰ੍ਹਾਂ ਬੀ ਫੁਰਨੇ ਨੇ ਨਾ ਉੱਠਣਾ।
[2]ਸੰਸਾਰ ਦੀ ਵਰਤਣ ਸੁਤੇ ਹੀ ਹੁੰਦੀ ਜਾਵੇ। ਭਾਵ ਪਦਾਰਥ ਸੁਤੇ ਪ੍ਰਾਪਤ ਹੁੰਦੇ ਜਾਣ।
[3]ਦੂਰ ਹੋਈਆਂ ਹੋਣ।
[4]ਨਾਂ ਤਾਂ ਫੁਰਨਾਂ ਹੀ ਹੁੰਦਾ ਹੈ (ਤੇ ਨਾਂ ਹੀ) ਕਿਸੇ ਥਾਂ (ਕਰਾਮਾਤ) ਲਗਾਂਵਦੇ ਹਨ।
[5]ਤਾਂ ਉਸ (ਅੰਦਰਲੇ ਟਿਕੇ) ਟਿਕਾਣੇ ਤੋਂ ਉੱਠਣ।

ਪਾਇ ਅਵਸਥਾ ਮ੍ਰਿਤਕ ਮਨਿੰਦ।
ਮਗਨ ਰਹैं ਨਿਤ ਬ੍ਰਹਮਾਨੰਦ ॥੧੫॥
ਜਿਮ ਸ਼੍ਰੀ ਰਾਮਦਾਸ ਕੇ ਨੰਦਨ।
ਸ਼੍ਰੀ ਅਰਜਨ ਦੁਖ ਦੋਖ ਨਿਕੰਦਨ।
ਲਵਪੁਰਿ ਮੈਂ ਜਬਿ ਕੈਦ ਪਰੇ ਹੈਂ।
ਨਰ ਦੁਸ਼ਟਨ ਬਹੁ ਤੰਗ ਕਰੇ ਹੈਂ ॥੧੬॥
-ਲਾਖ ਦਰਬ ਦਿਹੁ ਸੁਪਤਨਿ ਦੇਵੈਂ।
ਪਾਨਿ ਕਰਹੁ ਤੌ ਭੀ ਲਖ ਲੇਵੈਂ-।
ਸੁਨਿ ਗੁਰ ਕਹ੍ਯੋ -ਨ ਖਾਇੰ ਨ ਪੀਵੈਂ।
ਨਹਿਂ ਸੁਪਤਹਿਂ, ਇਕ ਥਲ ਥਿਰ ਥੀਵੈਂ- ॥੧੭॥
ਹੁਤੇ ਸੰਗ ਸਿਖ ਪਿਖਿ ਦੁਖ ਲਹ੍ਯੋ।
ਜੇਠੇ ਅਪਰ ਪਿਰਾਣੇ ਕਹ੍ਯੋ।
-ਜੇ ਅਬਿ ਹੋਵੈ ਹੁਕਮ ਹਜ਼ੂਰ।
ਲਵਪੁਰਿ ਦਿੱਲੀ ਕਰਿ ਦਯੋਂ ਚੂਰ ॥੧੮॥
ਇਹ ਕਜਾ ਵਸਤੁ ਅਵੱਗਜਾ ਕਰੈਂ।
ਕਰਹੁਂ ਨਾਸ਼, ਨਹਿਂ ਥਿਰਤਾ ਧਰੈਂ-।
ਕਹ੍ਯੋ ਗੁਰੂ -ਤੁਮ ਕਿਤਤੇ ਪਾਈ? -।
[1]-ਪ੍ਰਭੁ ! ਲੀਨੀ ਤੁਮ ਸੇਵ ਕਮਾਈ- ॥੧੯॥
[2]-ਕਰਤਿ ਸੇਵ ਲੀਨਸਿ ਜਿਸ ਪਾਂਹੀ।
ਤਿਨ ਮਹਿਂ ਸ਼ਕਤਿ ਅਹੈ ਕੈ ਨਾਂਹੀ? -।
[1]-ਹੇ ਪ੍ਰਭੁ ਤੁਮ ਮਹਿਂ ਸ਼ਕਤਿ ਅਨੰਤ।
ਆਦਿ ਨ ਅੰਤ ਮਹਾਂ ਭਗਵੰਤ- ॥੨੦॥
ਹੁਕਮ[3] ਭਯੋ -ਕਰਿ ਤੂਸ਼ਨ ਧਰਨੇ।
ਕਾਰਨ ਸਰਬ ਆਪ ਹੈਂ ਕਰਨੇ-।
ਪੁਨ ਮੈਂ ਸੁਨਯੋ ਸਜ਼ਾਇਨ ਦੇਤਿ।
ਮੌਨ ਗੁਰੂ ਸਭਿ ਹੀ ਸਹਿ ਲੇਤਿ ॥੨੧॥
ਦਰਸ਼ਨ ਹੇਤੁ ਗਯੋ ਤਿਨ ਪਾਸ।
ਬੰਦਤਿ ਚਰਨ ਕਰੀ ਅਰਦਾਸ।
-ਸ਼੍ਰੀ ਗੁਰੁ ਅਰਜਨ ਜੀ ! ਧੰਨ ਧੰਨ।

---

[1]ਉਸ ਸਿੱਖ ਨੇ ਕਿਹਾ।
[2]ਗੁਰੂ ਜੀ ਨੇ ਕਿਹਾ।
[3](ਗੁਰੂ ਜੀ ਦਾ) ਹੁਕਮ।

ਤੁਮ ਸਮ ਜਗ ਮਹਿਂ ਪੁਰਖ ਨ ਅੰਨ ॥੨੨॥
ਏਕ ਸੂਰਤਾ ਰਾਵਰਿ ਮਾਂਹੀ।
ਅਪਰ ਕਿਸੀ ਮਹਿਂ ਪੱਯਤ ਨਾਂਹੀ-।'
ਸੁਨਿ ਇਮ ਸ਼ਾਹੁ ਰਿਦਾ ਡਗ ਡੋਲਾ।
ਪੀਰ ਸੰਗ ਕਰ ਜੋਰਤਿ ਬੋਲਾ ॥੨੩॥
'ਪੂਰਬ ਹਮ ਕੋ ਸੁਧਿ ਨਹਿਂ ਦਈ।
ਐਸੇ ਮਹਾਂ ਪੁਰਖ ਸੁਖ ਮਈ।
ਨਹਿਂ ਮਹਿਮਾ ਕਬਿ ਕਹੀ ਸੁਨਾਇ।
ਗੁਜ਼ਰ ਗਈ ਪਰ ਆਜ ਬਤਾਇ' ॥੨੪॥
ਕਹਯੋ ਪੀਰ 'ਤੁਮ ਦੁਨੀਆਂ ਨਰ ਹੋ।
ਕਜਾ ਮਹਿਮਾ ਲਖਿ ਧਾਰਤਿ ਉਰ ਹੋ।
ਗੁਰੁ ਮਹਿਮਾ ਹਮ ਭੀ ਨਹਿਂ ਜਾਨਹਿਂ।
ਤੌ ਕੈਸੇ ਤੁਝ ਨਿਕਟ ਬਖਾਨਿਹਿਂ' ॥੨੫॥
ਕਹਯੋ ਸ਼ਾਹੁ 'ਹਿੰਦੂ ਤਨੁ ਸੋਇ।
ਕਹਿਨੀ ਬਨੈ ਨ ਮਹਿਮਾ ਜੋਇ।
ਤੁਰਕਨਿ ਮਤ ਮਹਿਂ ਦੋਸ਼ ਗਨੰਤੇ।
ਅਸਿ ਤਰੀਫ ਕਯੋਂ ਆਪ ਕਰੰਤੇ? *' ॥੨੬॥
ਬਹੁਰ ਪੀਰ ਕਹਿ 'ਸ਼ਾਹੁ ਲਖੀਜੈ।
ਮਹਿਮਾ ਕੋ ਕਾਰਨ ਸੁਨਿ ਲੀਜੈ।
ਹਮ ਸਭਿ ਪੀਰ ਜਾਤਿ ਦਰਗਾਹ।
ਸਭਿ ਕੀ ਬਾਤਿ ਹੋਤਿ ਇਨ ਪਾਹ ॥੨੭॥
ਅੰਤਹਿਪੁਰ[1] ਤੇ ਨਿਕਸਹਿਂ ਬਾਹਰ।
ਸਭਿ ਕੋ ਦਰਸ਼ਨ ਦੇ ਕਰਿ ਜ਼ਾਹਰ।
ਇਨ ਸੋਂ ਪੀਰਨਿ ਮੇਲਾ ਹੋਈ।
ਅਪਰ ਕੀਨਿ ਤਹਿਕੀਕ ਨ ਕੋਈ[2] ॥੨੮॥
ਸਭਿ ਜਾਨਤਿ ਭੇ ਮਿਲਿ ਤਿਸ ਠੌਰ।
ਇਹ ਖੁਦਾਇ ਕੈ ਅੰਤਰ ਔਰ[3]।
ਸ਼੍ਰੀ ਨਾਨਕ ਗਾਦੀ ਜੋ ਪਾਵੈ।

---

*ਇਸ ਤੋਂ ਬੀ ਉਹ ਪਤਾ ਚਲਦਾ ਹੈ ਕਿ ਜਹਾਂਗੀਰ ਦੇ ਦਿਲ ਵਿਚ ਤਅੱਸਬ ਸੀ ਜੋ ਉਸ ਨੇ ਤੌਜ਼ਕਿ ਜਹਾਂਗੀਰੀ ਵਿਚ ਆਪ ਮੰਨਿਆਂ ਹੈ।

[1]ਅੰਦਰਲੇ ਟਿਕਾਣਿਓਂ।

[2](ਇਨ੍ਹਾਂ ਤੋਂ ਵੱਡਾ) ਹੋਰ ਕੋਈ ਨਿਸ਼ਚੇ ਨਹੀਂ ਕੀਤਾ।

[3]ਇਹ ਖੁਦਾ ਹੈ ਜਾਂ ਅੰਦਰ ਹੋਰ ਹੈ-ਭਾਵ ਖੁਦਾ ਤੇ ਇਨ੍ਹਾਂ ਵਿਚ ਫਰਕ ਸਹੀ ਨਹੀਂ ਹੁੰਦਾ।

ਸੋ ਸਰੂਪ ਤਹਿਂ ਨਦਰੀ ਆਵੈ ॥੨੯॥
ਜੇ ਨਿਸ਼ਚਾ ਇਮ ਕਹੇ ਨ ਠਾਨਹਿ।
ਬੂਝਹੁ ਅਪਰ ਪੀਰ ਜੇ ਜਾਨਹਿਂ।'
ਜਹਾਂਗੀਰ ਸੁਨਿ ਕੈ ਜਬਿ ਲਹ੍ਯੋ।
'ਕ੍ਯੋਂ ਨ ਪੀਰ ਜੀ ਆਗੇ ਕਹ੍ਯੋ? ॥੩੦॥
ਅਦਬ ਰਾਖਿ, ਕਰਿ ਬੰਦ ਖ਼ਲਾਸੀ।
ਲੇਤਿ ਅਸੀਸ ਤਿਨਹੁ ਕੇ ਪਾਸੀ'[+]।
ਸੁਨਤਿ ਪੀਰ ਉੱਤਰ ਦਿਯ ਐਸੇ।
'ਗੁਰੂ ਅਛਤ ਹਮ ਕਹਤਿ ਨ ਕੈਸੇ ॥੩੧॥
ਜਬਿ ਮੁਰਾਦਿ ਤਿਨ ਹਾਸਲੁ ਹੁਈ।
ਦੇਖਿ ਭੁਲੇ[1] ਹਮ ਪੁਨ ਸੁਧਿ ਦਈ।
ਸਭਿ ਪ੍ਰਤਿ ਆਇਸੁ ਗੁਰੂ ਉਚਾਰੀ।
-ਆਇ ਨ ਕੋ ਹਮ ਖੇਲ ਮਝਾਰੀ- ॥੩੨॥
ਹੁਕਮ ਦਿਯੋ ਬਿਧ ਸ਼ਿਵ ਕੋ ਐਸੇ।
-ਖੇਲ ਬਿਖੈ ਤੁਮ ਆਉ ਨ ਕੈਸੇ।
ਅਸ ਹਮ ਨੇ ਹੀ ਖੇਲ ਪਸਾਰੀ।
ਕੋ ਸੁਰ ਕਰਹਿ ਨ, ਸ਼ਕਤਿ ਜਿ ਭਾਰੀ- ॥੩੩॥
ਜੇ ਨਵ ਨਾਥ ਸਿੱਧ ਚਵਰਾਸੀ।
ਪੀਰ ਫਕੀਰ ਸਤੀ ਸੰਨਜਾਸੀ।
ਹੁਕਮ ਤ੍ਰਾਸ ਤੇ ਹਟਿ ਸਮੁਦਾਏ।
ਨਹੀਂ ਸ਼ਕਤਿ ਕੋ ਲਾਵਨਿ ਆਏ ॥੩੪॥
ਸ਼੍ਰੀ ਅਰਜਨ ਸਭਿ ਬਿਧਿ ਸਮਰੱਥ।
ਲਾਖਹੁਂ ਕਾਨੀ ਦਾਹਨ ਹੱਥ[2]।
ਬਾਮ ਬਿਖੈ ਸੋ ਧਰਤਿ ਕਰੋਰੈਂ।
ਜੇ ਕਰਿ ਇਕ ਕਾਨੀ ਕਬਿ ਛੋਰੈਂ ॥੩੫॥

[+]ਇਥੋਂ ਜਾਪਦਾ ਹੈ ਕਿ ਜਹਾਂਗੀਰ ਨੂੰ ਆਪਣੀ ਕਾਲੀ ਕਰਤੂਤ ਦਾ ਪਤਾ ਸੀ।
[1]ਭਾਵ ਗੁਰੂ ਜੀ ਦਾ ਫੜੇ ਜਾਣਾ ਉਹਨਾਂ ਦਾ ਆਪਣਾ ਚੋਜ ਸੀ, ਸੋ ਜਦ ਵਰਤ ਗਿਆ (= ਫੜੇ ਗਏ) ਅਸੀਂ (ਉਹਨਾਂ ਦਾ ਕਸ਼ਟ) ਵੇਖਕੇ ਭੁੱਲ ਗਏ (= ਘਬਰਾ ਗਏ ਕਿ ਇਹ ਇਨ੍ਹਾਂ ਦਾ ਆਪਣਾ ਚੋਜ ਨਹੀਂ ਕਸ਼ਟ ਹੈ, ਤਦੋਂ) ਫੇਰ (ਸਤਿਗੁਰਾਂ ਨੇ ਸਾਨੂੰ) ਹੋਸ਼ ਦਿਤੀ ਕਿ ਸਾਡੀ ਖੇਲ ਵਿਚ ਕੋਈ ਨਾ ਆਓ, ਸਭ ਨੂੰ ਇਹੀ ਆਗਜ਼ਾ ਹੈ ਆਦਿ। (ਅ) 'ਭੁਲੇ' ਦੀ ਥਾਂ ਪਾਠ 'ਭਲੇ' ਬੀ ਹੈ, ਤਾਂ ਅਰਥ ਐਉਂ ਲਗੇਗਾ:—ਜਦੋਂ ਉਹਨਾਂ ਦੀ ਮੁਰਾਦ ਪੂਰੀ ਹੋ ਗਈ, ਭਾਵ ਸਖਤ ਕਸ਼ਟਾਂ ਵਿਚ ਅਡੋਲ ਰਹਿਕੇ ਸਚਖੰਡ ਚਲੇ ਗਏ, ਅਸਾਂ ਚੰਗੀ ਤਰ੍ਹਾਂ ਵੇਖ ਲਿਆ (ਕਿ ਓਹ ਸਹਿਜ ਅਵਸਥਾ ਵਿਚੋਂ ਹਿੱਲੇ ਨਹੀਂ) ਤਾਂ ਤੁਹਾਨੂੰ (ਹੁਣ) ਖਬਰ ਦਿੱਤੀ ਹੈ। (ਓਦੋਂ ਇਸ ਕਰਕੇ ਨਹੀਂ ਦਿਤੀ ਕਿ) ਸਤਿਗੁਰਾਂ ਸਭ ਨੂੰ ਆਗਿਆ ਦੇ ਰੱਖੀ ਸੀ ਕਿ ਸਾਡੀ ਖੇਲ ਵਿਚ ਕੋਈ ਨਾ ਆਓ।
[2]ਲੱਖਾਂ (ਸ਼ਕਤੀ ਰੂਪੀ) ਕਲਮਾਂ ਸੱਜੇ ਹੱਥ ਵਿਚ।

ਨਹੀਂ ਸ਼ਾਹੁ ਨਹਿਂ ਪ੍ਰਜਾ ਰਹੰਤੀ।
ਗਗਨ ਨ ਅਵਨੀ ਕਿਤਹੁਂ ਦਿਸੰਤੀ।
ਸਭਿ ਮਰਦਨ ਕਰਿ ਗਰਦ ਉਡੰਤੇ।
ਕੋ ਬਲ ਕਰਿ ਨਹਿਂ ਅੱਗ੍ਰ ਟਿਕੰਤੇ ॥੩੬॥
ਕਰਨਿ ਪਰੰਤੁ ਹੁਤੋ ਤਿਨ ਤੈਸੇ।
ਬਲ ਹੋਤੇ ਨਿਰਬਲ ਭੇ ਐਸੇ[1]।
ਉਰ ਬਿਸ਼ੇਖਤਾ ਇਹ ਤਿਨ ਕੇਰੀ।
ਫੁਰਨ ਉਥਾਨ ਨ ਕਰਿਂ ਕਿਸ ਬੇਰੀ ॥੩੭॥
ਸਹਜਿ ਬ੍ਰਿੱਤਿ ਤੇ ਨਿਤ ਚਿਤ ਸੀਤਲ।
ਮਗਨ ਸਦਾ ਆਤਮ ਰਸ ਹੀਤਲ।
ਜੀਵਨਿ ਮੁਕਤਿ ਅਵਸਥਾ ਝੂਲਤਿ।
ਬ੍ਰਿੱਤਿ ਏਕ ਰਸ ਕਬਹੁਂ ਨ ਭੂਲਤਿ ॥੩੮॥
ਦੁਖ ਜਬਿ ਨਿਕਸੇ ਹੁਇ ਦੁਖ ਖਾਨ[2]।
ਸੋ ਸੁਖ ਰੂਪ, ਦਯਾ ਕੀ ਬਾਨ।
ਪ੍ਰਾਨ ਤਯਾਗ ਕਰਿ ਰਾਵੀ ਤੀਰ।
ਚੰਦਨ ਚਿਖਾ ਜਲਾਇ ਸਰੀਰ[*] ॥੩੯॥
ਬਹੁ ਸੰਗਤਿ ਮਿਲਿ ਭੀ ਇਕ ਥਾਇਂ।
ਘਨ ਕੀ ਸਮ ਫੂਲਨਿ ਬਰਖਾਇ।
ਅਤਰ ਅੰਬੀਰਨਿ ਅਲਤਾ ਡਾਲਿ।
ਲਵਪੁਰਿ ਪੂਰਣ ਭਾ ਤਿਸ ਕਾਲ ॥੪੦॥
ਕਿਰਤਨੁ ਬਹੁਤ ਭਯੋ ਤਿਸ ਥਾਨ।'
ਸੁਨਤਿ ਸ਼ਾਹੁ ਅਤਿ ਭਯੋ ਹਿਰਾਨ।
ਨਹੀਂ ਪੀਰ ਢਿਗ ਬੋਲਯੋ ਗਯੋ।
ਕਰਿ ਬੰਦਨ ਘਰ ਆਵਤਿ ਭਯੋ ॥੪੧॥
-ਕਰਯੋ ਚੰਦੂ ਨੇ ਇਹ ਅਪਰਾਧੂ।
ਮੋ ਕਹੁ ਦੋਸ਼ ਦੇਤਿ ਗਨ ਸਾਧੂ।
'ਰਾਖਹਿ ਚੋਰ' ਕਰਤਿ ਸੋ ਚਾਰੀ।

---

[1]ਪਰ ਉਨ੍ਹਾਂ ਨੇ ਕਰਨਾ ਹੀ ਐਸਾ ਸੀ (ਜੈਸਾ ਉਨ੍ਹਾਂ ਨੇ ਕੀਤਾ, ਭਾਵ ਕਸ਼ਟ ਸਹਾਰਿਆ), ਇਸ ਲਈ ਬਲ ਹੁੰਦਿਆਂ ਨਿਰਬਲ ਹੋਏ ਰਹੇ।

[2]ਜੇ ਦੁਖ (ਖਾਨ =) ਖ਼ਾਨੇ ਵਿਚ ਭਾਵ ਦਿਲ ਵਿਚ ਹੋਵੇ ਤਾਂ ਦੁਖ ਬਾਹਰ ਬੀ ਨਿਕਲੇ, ਭਾਵ ਕਿ ਗੁਰੂ ਜੀ ਦੇ ਹਿਰਦੇ ਵਿਚ ਕੋਈ ਦੁਖ ਨਹੀਂ ਸੀ, ਸੋ ਦੁਖ ਦੀ ਹੂੰ ਤਕ ਬਾਹਰ ਨਹੀਂ ਆਈ। [ਪੰਜਾਬੀ ਮੁਹਾਵਰਾ ਹੈ, ਖਾਨਿਓਂ ਗਈ = ਦਿਲੋਂ ਗਈ]

[*]੪ ਹੋਰ ਲਿ: ਨੁਸ: ਵਿਚ ਵੀ ਇਹੋ ਪਾਠ ਹੈ। ਦੇਖੋ ਅੰਸੂ ੩੮, ਅੰਕ ੨੬ ਦੀ ਹੇਠਲੀ ਟੂਕ।

ਕਹਿਤਿ ਕੂਰ ਮੁਝ ਪ੍ਰਤਿ ਦੁਰਚਾਰੀ ॥੪੨॥
ਕਰਜੋ ਕੁਕਰਮ ਸਕਲ ਇਹ ਤਾਂਹੀ।
ਮੁਝ ਕੇ ਗੇਰਹਿਂ ਦੋਜ਼ਕ ਮਾਂਹੀ।
ਨਾਂਹਿ ਤ ਅਬਿ ਤਿਨ ਕੇ ਸੁਤ ਤੀਰ।
ਬਖ਼ਸ਼ਾਵੌਂ ਅਪਰਾਧ ਗਹੀਰ ॥੪੩॥
ਕਰੌਂ ਪ੍ਰਸੰਨ ਚੰਦੂ ਗਹਿ ਦੈਹੌਂ।
ਹਾਥ ਜੋਰਿ ਕਰਿ ਖਤਾ ਛਿਮੈ ਹੌਂ।
ਬਿਨ ਅਪਰਾਧ ਹੋਇ ਹੌਂ ਤਬੈ।
ਸ਼੍ਰੀ ਹਰਿ ਗੋਵਿੰਦ ਖੁਸ਼ਿ ਹ੍ਵੈਂ ਜਬੈ- ॥੪੪॥
ਇਮ ਬਿਚਾਰ ਕਰਿ ਤੂਸ਼ਨ ਕੀਨਿ।
ਗੁਰਨਿ ਪ੍ਰਤੀਖਤਿ ਹੋਇ ਅਧੀਨ।
-ਆਵਹਿ ਤੂਰਨਿ- ਚਾਹਤਿ ਸ਼ਾਹੁ।
-ਗਯੋ ਵਜ਼ੀਰ ਖਾਨ ਅਬਿ ਪਾਹੂ- ॥੪੫॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਪੀਰ ਅਤੇ ਸ਼ਾਹੁ ਸੰਬਾਦ' ਪ੍ਰਸੰਗ ਬਰਨਨੰ ਨਾਮ ਚਤੁਰ ਸ਼ਸ਼ਠੀ ਅੰਸੂ ॥੬੪॥

੬੫. [ਵਜ਼ੀਰ ਖਾਂ ਵਾਪਸ ਆਇਆ]

੬੪<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>੬੬

ਦੋਹਰਾ: ਖਾਂ ਵਜ਼ੀਰ ਉਰ ਹਰਖ ਧਰਿ, ਪਹੁੰਚਯੋ ਸਤਿਗੁਰ ਪਾਸ।
ਨੰਮ੍ਰਿ ਹੋਇ ਬੰਦਨ ਕਰੀ, ਜਲ ਦਰਸ਼ਨ ਜਿਸ ਪਯਾਸ ॥੧॥
ਚੌਪਈ: ਪਿਖਿ ਸ਼੍ਰੀ ਹਰਿਗੋਵਿੰਦ ਉਚਾਰੇ।
'ਆਉ ਵਜ਼ੀਰ ਖਾਂਨ ਗੁਰ ਪਯਾਰੇ!
ਸਹਤ ਕੁਟੰਬ ਕੁਸ਼ਲ ਹੈ ਤੇਰੇ?
ਕਹਹੁ ਸ਼ਾਹੁ ਕੀ ਸੁਧਿ ਜਿਮ ਹੇਰੇ' ॥੨॥
ਕ੍ਰਿਪਾ ਭਰੇ ਸੁਨਿ ਸੁੰਦਰ ਬੈਨ।
ਹੁਇ ਵਜ਼ੀਰ ਖਾਂ ਕੇ ਤਰ[1] ਨੈਨ।
ਹਾਥ ਜੋਰ ਕਹਿ 'ਮਿਹਰ ਤੁਮਾਰੀ।
ਜੁਕਤਿ ਕੁਟੰਬ ਕੁਸ਼ਲ ਬਿਧਿ ਸਾਰੀ ॥੩॥
ਮੈਂ ਰਾਵਰਿ ਤੇ ਕਰਿਹੌਂ ਲਾਜਾ।
ਸਰਯੋ ਨ ਕੈਸੇ ਕੋ ਸ਼ੁਭ ਕਾਜਾ।
ਤਉ ਆਪ ਸਭਿ ਘਟ ਕੇ ਮਾਲਿਕ।
ਹਿਤ ਅਨਹਿਤ ਲਖਿ ਲਿਹੁ ਤਤਕਾਲਕ ॥੪॥
ਬਰਤੈ ਸਰਬ ਆਪ ਕੀ ਮਰਜ਼ੀ।
ਦਾਸ ਧਰਮ ਕ੍ਰਿਤ ਠਾਨਤਿ ਅਰਜ਼ੀ।
ਚੰਦੁ ਸੰਘਾਰਨਿ ਬਿਨਾ ਨ ਆਛੇ।
ਚਾਰੀ ਕਰਤਿ ਸ਼ਾਹੁ ਢਿਗ ਗਾਛੇ[2] ॥੫॥
ਗੁਰੁ ਦ੍ਰੋਹੀ ਦੀਰਘ ਅਪਰਾਧੀ।
ਬ੍ਰਿੰਦ ਪ੍ਰਪੰਚ ਰਚਹਿ ਜਨੁ ਬਯਾਧੀ।
ਛਿਮਾ ਆਪਿ ਕੋ ਕਯੋਂ ਬਨਿ ਆਵੈ।
ਜਬਿ ਲੌ ਦੁਸ਼ਟ ਦ੍ਰਿਸ਼ਟਿ ਦਰਸਾਵੈ ॥੬॥
ਜਤਨ ਕਰਹੁ ਮਾਰਨਿ ਕੋ ਜਬੈ।
ਕਿਸ ਤੇ ਰੁਕਹੁ ਨ, ਹਤਿ ਹੋ ਤਬੈ[3]।
ਪਠਯੋ ਸ਼ਾਹੁ ਮੁਝ ਪਾਸ ਤੁਮਾਰੇ।
ਪ੍ਰੇਮ ਬਿਨੈ ਜੁਤਿ ਬਚਨ ਉਚਾਰੇ ॥੭॥
-ਪ੍ਰਾਨ ਦਾਨ ਮੁਝ ਕੋ ਗੁਰੁ ਦੀਨੋ।

---
[1]ਤਰਬਤਰ (ਅ) ਨੀਵੇਂ।
[2]ਜਾ ਜਾ ਕੇ।
[3]ਜਦੋਂ ਮਾਰਨ ਦਾ ਜਤਨ ਕਰੋ ਤਾਂ ਫਿਰ ਕਿਸੇ ਦੇ ਰੋਕਿਆਂ ਨਾ ਰੁਕਣਾ, ਤਬੈ (= ਉਸ ਵੇਲੇ) ਮਾਰ ਦੇਣਾ।

ਅਬਿ ਦਰਸ਼ਨ ਦਿਹੁ ਗ੍ਯਾਨ ਪ੍ਰਬੀਨੋ-।
ਕਰਤਿ ਪ੍ਰਤੀਖਨਿ ਨਿਸ ਦਿਨ ਚਾਹਤਿ।
-ਕਬਹਿ ਬਿਲੋਕੋਂ- ਮਹਾਂ ਉਮਾਹਤਿ ॥੮॥
ਪ੍ਰਥਮ ਗਯੋ ਉਮਰਾਵ ਜੁ ਮੁਰਿ ਕੈ।
ਨਹਿਂ ਦਰਸੇ ਚਿਤ ਚਿੰਤਾ ਧਰਿ ਕੈ।
ਮੋਹਿ ਹਕਾਰਨਿ ਕਰਿ ਸਮੁਝਾਯੋ।
ਅਧਿਕ ਪ੍ਰੇਮ ਤੇ ਇਤਹਿ ਪਠਾਯੋ ॥੯॥
ਉਚਿਤ ਆਪ ਕੋ ਦਰਸ਼ਨ ਦੀਜਹਿ।
ਸਰਬ ਸਿੱਧ ਕਾਰ ਕਰਿ ਲੀਜਹਿ।'
ਸ਼੍ਰੀ ਹਰਿ ਗੋਵਿੰਦ ਸੁਨਤਿ ਬਖਾਨਾ।
'ਅਟਕ ਪਰੀ ਇਕ ਕਠਨ ਮਹਾਨਾ ॥੧੦॥
ਜਬਿ ਹਮ ਪ੍ਰਵਿਸ਼ੇ ਦੁਰਗ ਮਝਾਰੀ।
ਭਯੋ ਕੈਦੀਅਨਿ ਕੋ ਸੁਖ ਭਾਰੀ।
ਖਾਨ ਪਾਨ ਤੇ ਭਏ ਸੁਖਾਰੇ।
ਛੁਟਨਿ ਭਰੋਸਾ ਮਨ ਮਹਿਂ ਧਾਰੇ ॥੧੧॥
ਅਬਿ ਸੁਨਿ ਲੀਨੋ -ਸ਼ਾਹੁ ਹਕਾਰੇ-।
ਪਰੇ ਸ਼ਰਨਿ ਬਹੁ ਬਿਨੈ ਉਚਾਰੇਂ।
-ਰਾਵਰਿ ਬਿਨਾ ਨ ਹਮ ਗਤਿ ਕਾਈ।
ਕੈ ਮਾਰਹੁ ਕੈ ਦੇਹੁ ਜਿਵਾਈ- ॥੧੨॥
ਹਮਰੇ ਸਦਾ ਪ੍ਰਤੱਗ੍ਯਾ ਇਹੀ।
ਸ਼ਰਨਿ ਪਰੇ ਕਹੁ ਤ੍ਯਾਗਤਿ ਨਹੀਂ।
ਜੋ ਨਰ ਆਰਤਿ ਕਹਿ ਇਕ ਬੇਰਾ।
-ਸ਼੍ਰੀ ਹਰਿ ਗੋਵਿੰਦ! ਮੈਂ ਅਬਿ ਤੇਰਾ- ॥੧੩॥
ਕ੍ਯਾ ਗਿਨਤੀ ਹੈ ਇਹਾਂ ਬਚਾਵਨਿ।
ਨਿਕਟ ਨ ਦੇਉਂ ਦੂਤ ਜਮ ਆਵਨਿ।
ਦਾਸ ਜਿਯਤਿ ਕੀ ਰੱਛ ਨ ਕਰੈਂ।
ਮ੍ਰਿਤਕ ਭਏ ਕਿਮ ਦੁਖ ਪਰਹਰੈਂ? ॥੨੪॥
ਜਨ ਕੀ ਕਰੋਂ ਕਾਮਨਾ ਪੂਰਨ।
ਸੰਕਟ ਤੇ ਉਬਾਰ ਕਰਿ ਤੂਰਨਿ।
ਮਰਨ ਪ੍ਰਯੰਤ ਨਰਿੰਦਨਿ ਕੈਦਿ।
ਨਹਿਂ ਛੂਟਨਿ ਕੀ ਰਿਦੇ ਉਮੈਦ ॥੧੫॥
ਇਨ ਕੋ ਛੋਰਨਿ ਸ਼ਾਹੁ ਜਿ ਮਾਨਹਿ।

ਤਬਹਿ ਹਕਾਰਨਿ ਹਮ ਕੋ ਠਾਨਹਿ।
ਨਾਂਹਿ ਤ ਰਹੈਂ ਇਸੀ ਹਮ ਥਾਨ।
ਪਾਰਨਿ ਕਰਹਿਂ ਮਹੀਪ ਮਹਾਨ ॥੧੬॥
ਅਰੁ ਗੁਰੁ ਦ੍ਰੋਹੀ ਗਹੈ ਨ ਥਿਰਤਾ।
ਪਰਹਿ ਨਰਕ ਮਹਿਂ ਕੁਮ੍ਰਿਤੁ ਮਰਿਤਾ।
ਕਾਲ ਨਜੀਕ ਆਇ ਅਬਿ ਹੋਵਾ।
ਸਹਤ ਕੁਟੰਬ ਸਦਨ ਦੇ ਖੋਵਾ ॥੧੭॥
ਅਬਿ ਤੁਮ ਗਮਨਹੁ ਸ਼ਾਹਿ ਕਿ ਪਾਸਿ।
ਕਰਹੁ ਕੈਦੀਅਨਿ ਕਥਾ ਪ੍ਰਕਾਸ਼।
ਇਨਹੁ ਸਮੇਤ ਦੁਰਗ ਨਿਕਸੈ ਹੈਂ।
ਨਾਂਹਿ ਤ ਬੈਠੇ ਇਹਾਂ ਰਹੈ ਹੈਂ' ॥੧੮॥
ਸੁਨੇ ਵਜ਼ੀਰ ਖਾਨ ਗੁਰੁ ਬੈਨ।
ਬਿਖਮ ਬਾਤ, ਨਿਜ ਬਸਿ ਜੋ ਹੈ ਨ।
ਕਹਯੋ ਨ ਗਯੋ ਬਿਚਾਰਤਿ ਰਹਯੋ।
-ਮਾਨਹਿ ਸ਼ਾਹੁ ਕਿ ਨਹਿਂ- ਚਿਤ ਲਹਯੋ ॥੧੯॥
ਤਊ ਗਿਨਤਿ ਮਨ- ਬਿਖਮ ਨ ਕੋਈ।
ਸ਼ਕਤਿ ਅਨੰਤ ਗੁਰੂ ਮਹਿਂ ਹੋਈ।
ਅਨਬਨ ਭੀ ਸਭਿ ਲੇਹਿਂ ਬਨਾਇ।
ਬਨੀ ਬਾਤ ਕੋ ਦੇਂ ਬਿਗਰਾਇ ॥੨੦॥
ਮੇਰੋ ਧਰਮ, ਬਚਨ ਗੁਰ ਮਾਨੋਂ।
ਜਿਮ ਕਹਿਂ ਤਿਮ ਚਲਿ ਸ਼ਾਹੁ ਬਖਾਨੋਂ।
ਫੇਰੌਂ ਨਹਿਂ, ਗਮਨੌਂ ਅਨੁਸਾਰੇ-।
ਇਮ ਬਚਾਰਿ ਕਰਿ ਬਚਨ ਉਚਾਰੇ ॥੨੧॥
'ਦਯਾ ਕਰਨਿ ਕੀ ਬਾਨਿ ਤੁਮਾਰੀ।
ਨਿਕਟ ਦੁਖੀ ਭੇ ਸ਼ਰਨਿ ਅਗਾਰੀ।
ਅਪਨਿ ਪ੍ਰਤੱਗਜਾ ਕਰਹੁ ਨਿਬਾਹਿਨ।
ਸਦਾ ਸਹਾਇਕ ਸੰਸੈ ਨਾਂਹਿਨ' ॥੨੨॥
ਇਮ ਕਹਿ ਸੁਨਿ ਕੈ ਹੁਇ ਅਸੁਵਾਰ।
ਗਮਨਯੋ ਪੰਥ ਸ਼ੀਘ੍ਰਤਾ ਧਾਰਿ।
ਗਯੋ ਸ਼ਾਹੁ ਢਿਗ ਬੈਠਯੋ ਦੇਖਿ।
ਕਰੀ ਬੰਦਗੀ ਨਿੰਮ੍ਰ ਬਿਸ਼ੇਖ ॥੨੩॥
ਕਹਯੋ ਸ਼ਾਹੁ 'ਗੁਰੁ ਕੀ ਸੁਧਿ ਦੇਹੁ।

ਕਰਜੋ ਕਿ ਨਹਿਂ ਆਵਨਿ, ਲਖਿ ਨੇਹੁ।
ਅਧਿਕ ਪ੍ਰਤੀਖਨਿ ਮੈਂ ਨਿਤ ਕਰਿਤਾ।
ਦਰਸ਼ਨ ਦੇਹਿਂ ਬਿਘਨ ਗਨ ਹਰਤਾ' ॥੨੪॥
ਸੁਨਿ ਵਜ਼ੀਰ ਖਾਂ ਜੁਗ ਕਰ ਬੰਦਿ।
ਕਹਤਿ ਸ਼ਾਹੁ ਸੋਂ ਦੇਤਿ ਅਨੰਦ।
'ਸਦਾ ਚਹਤਿ ਹੈਂ ਕੁਸ਼ਲ ਤੁਮਾਰੇ।
ਕ੍ਰਿਪਾ ਭਰੇ ਗੁਰ ਬਾਕ ਉਚਾਰੇ ॥੨੫॥
ਪਰਜੋ ਕਾਜ ਅਬਿ ਐਸੋ ਆਇ।
ਕਰਨੋ ਕਠਨ ਸੁ ਜਾਨਜੋ ਜਾਇ।
ਤੁਮਰੇ ਕਹੇ ਬਿਨਾਂ ਨਹਿਂ ਹੋਇ।
ਨਤੁ ਲਜਾਵਤਿ ਮੈਂ ਕਰਿ ਕੈ ਸੋਇ ॥੨੬॥
ਮਹਿਪਾਲਕ ਕੈਦੀ ਸਮੁਦਾਇ।
ਪਰੇ ਸ਼ਰਨਿ ਸਤਿਗੁਰ ਕੀ ਧਾਇ।
ਅਪਨੋ ਬਿਰਦ ਬਿਚਾਰਨਿ ਕੀਨਿ।
ਨਹੀਂ ਦੁਰਗ ਪਗ ਬਾਹਰਿ ਦੀਨ ॥੨੭॥
ਜੇ ਕਰਿ ਏ ਸਗਰੇ ਛੁਟਿ ਜਾਇਂ।
ਤੌ ਹਮਰੋ ਚਲਿਬੋ ਬਨਿ ਆਇ।
ਨਾਂਹਿ ਤ ਬੈਠੇ ਹਮ ਇਸ ਥਾਨ।
ਸਿਮਰਹਿਂ ਸ਼੍ਰੀ ਨਾਨਕ ਭਗਵਾਨ' ॥੨੮॥
ਸੁਨਤਿ ਸ਼ਾਹੁ ਨੇ ਰਿਦੇ ਬਿਚਾਰੀ।
'ਕਰੀ ਮੁਹਿੰਮ ਲਗਜੋ ਧਨ ਭਾਰੀ।
ਮਰਜੋ ਬ੍ਰਿੰਦ ਲਸ਼ਕਰ ਤਿਸ ਕਾਲ।
ਤਬਿ ਪਕਰੇ ਦੁਰ ਬ੍ਰਿਤਿ ਮਹਿਪਾਲ[1] ॥੨੯॥
ਹੋਹਿ ਮਵਾਸੀ[2] ਦੇਸ਼ ਬਿਗਾਰਹਿਂ।
ਲੂਟਿ ਕੂਟਿ ਮਮ ਨਗਰ ਉਜਾਰਹਿਂ।
ਅਨਿਕ ਜਤਨ ਤੇ ਬਲ ਬਹੁ ਲਾਏ।
ਦੁਸ਼ਟ ਮਹੀਪਤਿ ਤਬਿ ਪਕਰਾਏ ॥੩੦॥
ਕਿਮ ਛੋਰਨਿ ਅਬਿ ਤਿਨ ਕੋ ਹੋਇ।
ਦੰਡ ਉਚਿਤ ਅਪਰਾਧੀ ਜੋਇ।
ਨਿਕਸ ਕੈਦਿ ਤੇ ਪਾਇਂ ਫਤੂਰ।

---

[1]ਖੋਟੇ ਦਿਲ ਵਾਲੇ ਰਾਜੇ।
[2]ਆਕੀ।

ਕੇਤਿਕ ਦੇਸ਼ ਮਿਲਾਵਹਿਂ ਧੂਰਿ' ॥੩੧॥
ਸੁਨਿ ਵਜ਼ੀਰ ਖਾਂ ਗਿਰਾ ਉਚਾਰੀ।
'ਰਾਵਰ ਕੋ ਪ੍ਰਤਾਪ ਹੈ ਭਾਰੀ।
ਕਰੇ ਜੋਰ, ਕੋ ਅਰੈ ਨ ਆਗੇ।
ਸੁਨਹਿਂ ਨਾਮ ਤੌਂ ਦੁਸ਼ਮਨ ਭਾਗੇਂ ॥੩੨॥
ਤੁਮ ਤਨ ਕੀ ਕਰਿ ਖ਼ੈਰ ਖ਼ੁਦਾਇ।
ਇਸ ਕੇ ਸਮ ਨਹਿਂ ਵਸਤੂ ਕਾਇ।
ਜੀਵਨ ਲਗਿ ਹੈ ਸਕਲ ਸਮਾਜ।
ਦੇਸ਼, ਕੋਸ਼, ਸੈਨਾ, ਸਭਿ ਰਾਜ ॥੩੩॥
ਨਿਜ ਸਰੀਰ ਕੀ ਕੁਸ਼ਲ ਬਿਚਾਰੋ।
ਅਪਰ ਨ ਰਿਦੇ ਕਛੂ ਤੁਮ ਧਾਰੋ।
ਨਰ ਤਨ ਦੁਰਲਭ ਪੁਨ ਅਸ ਹੌਨਿ।
ਜਹਾਂ ਪਨਾਹ! ਸਕਲ ਸੁਖ ਭੌਨ ॥੩੪॥
ਇਹ ਫਰੇਬ ਸਭਿ ਚੰਦੂ ਕਰੇ।
ਦੁਰਗੁ ਜੁ ਅਸ ਮਹਿਂ ਸਤਿਗੁਰੁ ਬਰੇ।
ਅਬਿ ਤੌਂ ਕਰਨਿ ਬਨਤਿ ਹੈ ਤੈਸੇ।
ਸ੍ਰੀ ਹਰਿ ਗੋਵਿੰਦ ਉਚਰੈਂ ਜੈਸੇ ॥੩੫॥
ਗੁਰੁ ਪ੍ਰਤਿਕੂਲ ਆਪ ਜਬਿ ਹੋਵਹੁ।
ਤ੍ਰਾਸ ਬਿਸਾਲ ਨਿਸਾ ਮਹਿਂ ਜੋਵਹੁ।
ਕਰਹੁ ਆਪ ਜੈਸੇ ਮਨ ਭਾਵੈ।
ਜਿਸ ਤੇ ਸੁਖ ਤੁਮਰੋ ਤਨ ਪਾਵੈ ॥੩੬॥
ਮਸਲਤਿ ਨਹੀਂ ਅਪਰ ਕੀ ਲੀਜਹਿ।
ਜਾਨਿ ਸ਼ੁਭਾਸ਼ੁਭ ਆਪਹਿ ਕੀਜਹਿ।
ਹਮ ਤੌਂ ਚਾਹਤਿ ਕੁਸ਼ਲ ਤੁਮਾਰੀ।
ਕਾਯਾਂ ਰਹੈ ਸਦੀਵ ਸੁਖਾਰੀ' ॥੩੭॥
ਸੁਨਿ ਵਜ਼ੀਰ ਖਾਂ ਕੇ ਬਚ ਸ਼ਾਹੂ।
ਗਿਨਤੀ ਅਨਿਕ ਗਿਨਤਿ ਮਨ ਮਾਹੂ।
ਕਹਜੋ 'ਜਿ ਕੈਦ ਬਿਖੈ ਮਹਿਪਾਲਾ।
ਛੋਡਨਿ ਕੋ ਜਿ ਕਹੌਂ ਇਹ ਕਾਲਾ ॥੩੮॥
ਦੇ ਕਰਿ ਦੰਡ ਸਕਲ ਛੁਟਿ ਜਾਵਹੁ।
ਨਹਿਂ ਆਗੇ ਪੁਨ ਰਾਰ ਉਠਾਵਹੁ।
ਦਰਬ ਕਰੋਰਨਿ ਲਗਿ ਇਹ ਦੇਵੈਂ।

ਨਹਿਂ ਆਗੇ ਅਪਰਾਧ ਕਰੇਵੈਂ ॥੩੯॥
ਇਮ ਕਰਿਬੇ ਮਹਿਂ ਬਡ ਨੁਕਸਾਨੇ।
ਬਹੁ ਧਨ ਖਰਚ ਪਕਰਿ ਨ੍ਰਿਪ ਆਨੇ।
ਸ਼੍ਰੀ ਹਰਿ ਗੋਵਿੰਦ ਤਹਿਂ ਜੀ ਪਠਾਏ।
ਸੋ ਹੁਇ ਦੀਨ ਦੁਖੀ ਘਿਘਆਏ ॥੪੦॥
ਕਰੀ ਕ੍ਰਿਪਾ ਤਨ ਪਰ ਹਠ ਧਾਰਾ।
ਸੰਗ ਨਿਕਾਸਨਿ ਬਾਕ ਉਚਾਰਾ।
ਬਿਨ ਛੋਡੇ ਅਬਿ ਨਹਿਂ ਬਨਿ ਆਵੇ।
ਗੁਰ ਪ੍ਰਤਿਕੂਲ ਤ੍ਰਾਸ ਉਪਜਾਵੈ ॥੪੧॥
ਨਹਿਂ ਭੇਜਤਿ ਜੇ ਗੁਰ ਕੋ ਤਹਿਂਵਾ।
ਮਹਿਪਾਲਕ ਤਬਿ ਮਿਲਤੇ ਕਹਿਂਵਾ।
ਚੰਦੂ ਮਸਲਤਿ ਦਈ ਪਠਾਏ।
ਜਿਸ ਤੇ ਅਸ ਕੁਪੇਚਿ ਉਪਜਾਏ ॥੪੨॥
ਜਹਾਂ ਕਹਾਂ ਕੀਨਿਸਿ ਖੁਟਿਆਈ।
ਅਬਿ ਇਹ ਪਾਪੀ ਉਚਿਤ ਸਜ਼ਾਈ।'
ਇੱਤਜਾਦਿਕ ਕਹਿ ਸੋਚਤਿ ਸ਼ਾਹੂ।
ਜਾਨਹਿਂ ਕਠਨ ਦੋਨਿ ਦਿਸਿ ਮਾਂਹੂ ॥੪੩॥
-ਛੋਡਹਿਂ ਨ੍ਰਿਪ ਤੌਂ ਲਖਹਿਂ ਕੁਨੀਤਿ।
ਬਿਨੁ ਛੋਡੇ ਹੁਇ ਨਿਸ ਭਯ ਭੀਤ-।
ਪੁਨ ਵਜ਼ੀਰ ਖਾਂ ਜੁਗ ਕਰ ਜੋਰੇ।
'ਪਿਖਹੁ ਆਪ ਨਿਜ ਤਨ ਕੀ ਓਰੇ ॥੪੪॥
ਰਹੇ ਸਲਾਮਤਿ, ਸਭਿ ਇਹ ਆਛੇ।
ਕਾਜ ਨ ਆਇ ਕਿਸੀ ਤਨੁ ਪਾਛੇ।
ਜੀਵਨਿ ਲਗਿ ਸਗਰੋ ਬਿਵਹਾਰ।
ਸੁਖਦਾਯਕ ਪ੍ਰਾਨੀ ਨਿਰਧਾਰ ॥੪੫॥
-ਜੋ ਆਵੱਸ਼ਜ ਬਨਤਿ ਹੈ ਕਰਨੀ।
ਨਹਿਂ ਸੋਚਹਿਂ ਤਿਹ- ਬੁਧਿ ਜਨ ਬਰਨੀ।
ਰਾਵਰਿ ਕੇ ਸਰੀਰ ਪਰ ਸਾਰੇ।
ਪਨ ਕੋਟਿਨਿ ਲਗਿ ਡਾਰਿਯ ਵਾਰੇ ॥੪੬॥
ਜਥਾ ਅਨੰਦ ਆਪ ਤੁਮ ਰਹੋ।
ਸੋ ਨਿਚਿੰਤ ਹੁਇ ਤੂਰਨ ਕਹੋ।
ਜਿਸ ਕਾਰਜ ਮਹਿਂ ਗੁਰੁ ਹੁਇਂ ਠਾਂਢੇ।

ਸੋ ਆਛੋ ਹੁਇ ਨਿਤ ਸੁਖ ਬਾਢੇ ॥੪੭॥
ਰਹਹਿਂ ਨ੍ਰਿਪਤਿ ਸਗਰੇ ਅਨੁਸਾਰੀ।
ਜਿਮ ਗੁਰ ਕਹੈਂ ਕਰੈਂ ਤਿਮ ਕਾਰੀ।
ਅਪਨੇ ਕਾਰਜ ਕਹਿ ਸੁਧਰਾਵਹੁ।
ਕਰਹਿਂ ਚਾਕਰੀ ਜਹਾਂ ਪਠਾਵਹੁ ॥੪੮॥
ਭਈ ਸਜਾਇ ਤਿਨਹੁ ਕਹੁ ਭਾਰੀ।
ਪਰੇ ਰਹੇ ਦੁਖ ਕੈਦ ਮਝਾਰੀ।
ਛੂਟਹਿਂਗੇ ਗੁਰੁ ਕੇ ਉਪਕਾਰਾ।'
ਸੁਨਤਿ ਸ਼ਾਹੁ ਪੁਨ ਰਿਦੇ ਬਿਚਾਰਾ ॥੪੯॥

ਇਤਿ ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ 'ਸ਼੍ਰੀ ਗੁਰ ਹਕਾਰਨ' ਪ੍ਰਸੰਗ ਬਰਨਨੰ ਨਾਮ ਪੰਚ ਸ਼ਸ਼ਠੀ ਅੰਸੂ ॥੬੫॥

੬੬. [ਬੰਦੀ ਛੋੜ ਜੀ ਦਿੱਲੀ ਆਏ]

੬੫<<ਪਿਛਲਾ ਅੰਸੂ ਤਤਕਰਾ ਰਾਸਿ ੪ ਅਗਲਾ ਅੰਸੂ>>

ਦੋਹਰਾ: ਰਿਦੇ ਬਿਚਾਰਤਿ ਸਮੁਤਿ ਤੇ,
ਜਹਾਂਗੀਰ ਪਤਿਸ਼ਾਹੁ।
-ਲੇ ਨਿਕਸਹਿਂ ਗੁਰੁ ਨ੍ਰਿਪ ਕਿਤਿਕ,
ਰਹੈਂ ਅਪਰ ਗਢ ਮਾਂਹੁ- ॥੧॥
ਚੌਪਈ: ਚਿਤਵਤਿ ਜਤਨ ਸ਼ਾਹੁ ਮਨ ਮਾਂਹੂ।
-ਹੁਇ ਆਗਵਨਿ ਗੁਰੂ ਮਮ ਪਾਹੂ।
ਦਰਸੌਂ ਤ੍ਰਾਸ ਨਿਸੰਸੈ ਨਾਸੌਂ।
ਨਿਸਾ ਬਿਖੈ ਸੁਖ ਪਾਇ ਹੁਲਾਸੌਂ- ॥੨॥
ਕਿਤਿਕ ਕਾਲ ਮਹਿਂ ਜੁਗਤਿ ਬਖਾਨੀ।
'ਸੁਨਹੁ ਵਜ਼ੀਰ ਖਾਨ! ਹਿਤ ਠਾਨੀ।
ਕਰਹੁ ਬੰਦਗੀ ਗੁਰੂ ਅਗਾਰੀ।
-ਦਿਹੁ ਦਰਸ਼ਨ ਕੋ ਕਰੁਨਾ ਧਾਰੀ ॥੩॥
ਜੇਤਿਕ ਤੁਮਰੇ ਦਾਮਨ ਸਾਥ।
ਗਹਿਨਿ ਕਰਹਿਂ, ਆਨਹੁ ਨਰ ਨਾਥ।
ਤਿਨ ਪਰ ਸਫਲਹਿ ਕ੍ਰਿਪਾ ਤੁਮਾਰੀ।
ਪ੍ਰਾਨ ਦਾਨ ਦੀਨਸਿ ਉਪਕਾਰੀ- ॥੪॥
ਗੁਰੁ ਪ੍ਰਸੰਨ ਹੁਇ ਕਰਿ ਚਲਿ ਆਇਂ।
ਕਹੋ ਤਥਾ ਸੁਭਿ ਮਤਿ ਉਪਜਾਇ।
ਪਹੁੰਚਹੁ ਜਾਇ, ਨਹੀਂ ਬਿਦਤਾਵਹੁ।
ਕੁਛ ਨ੍ਰਿਪ ਸੰਗ ਗੁਰੂ ਨਿਕਸਾਵਹੁ ॥੫॥
ਤੁਰਤ ਚਢਾਇ ਇਹਾਂ ਲੈ ਆਵਹੁ।
ਸਨਮਾਨਤਿ ਆਨੰਦ ਉਪਜਾਵਹੁ।'
ਸੁਨਿ ਵਜ਼ੀਰ ਖਾਂ ਕਰੀ ਸਲਾਮ।
ਚਢਿ ਕਰਿ ਚਲ੍ਯੋ ਤੁਰੰਗ ਅਭਿਰਾਮ ॥੬॥
ਤੂਰਨ ਗਮਨ੍ਯੋ ਪਹੁੰਚ੍ਯੋ ਜਾਈ।
ਉਤਰ੍ਯੋ ਵਹਿਰ ਦੁਰਗ ਅਗਵਾਈ।
ਜਲ ਸੋਂ, ਕਰ ਪਦ ਬਦਨ ਪਖਾਰੇ।
ਭਯੋ ਪੁਨੀਤ ਸੁ ਬਸਤ੍ਰ ਸੁਧਾਰੇ ॥੭॥
ਗਯੋ ਨੰਮ੍ਰਿ ਹੁਇ ਗੁਰ ਅਗਵਾਈ।
ਕਰ ਜੋਰਤਿ ਪਗ ਪਰਸੇ ਜਾਈ।

'ਉਠਹੁ ਗਰੀਬ ਨਿਵਾਜ ਕ੍ਰਿਪਾਲਾ!
ਲੇਹੁ ਸੰਗ ਕੈਦੀ ਮਹਿਪਾਲਾ ॥੮॥
ਜੋ ਦਾਮਨ ਗਹਿ ਲੇਹਿਂ ਤੁਮਾਰੇ।
ਬੰਦ ਖਲਾਸੀ ਸੋ ਹੁਇਂ ਸਾਰੇ।
ਹੁਤੇ ਦੁਰਗ ਕੇ ਜੇ ਦਰਵਾਨ।
ਹੁਕਮ ਸ਼ਾਹੁ ਕੋ ਦਿਯੋ ਬਖਾਨ ॥੯॥
ਕੈਦੀ ਮਹਿਪਾਲਕ ਜੇ ਅਹੈਂ।
ਜੋ ਸਤਿਗੁਰੁ ਕੇ ਦਾਮਨਿ ਗਹੈਂ।
ਸੋ ਸਭਿ ਦੁਰਗ ਨਿਕਸਿ ਕਰਿ ਜਾਇਂ।
ਪਗ ਕੇ ਬੰਧਨ ਦੇਹੁ ਕਟਾਇ ॥੧੦॥
ਸ਼੍ਰੀ ਗੁਰੁ ਹਰਿਗੋਵਿੰਦ ਗੁਸਾਈਂ।
ਲਖਿ ਕਰਿ ਤੁਰਕੇਸ਼ੁਰ ਚਤਰਾਈ।
ਚਢਨਿ ਹੇਤੁ ਨਿਜ ਬਸਤ੍ਰ ਮੰਗਾਏ।
ਦੌਰਤਿ ਦਾਸ ਸਕਲ ਲੇ ਆਏ ॥੧੧॥
ਅਰੁਣ ਬਰਣ ਚੀਰਾ ਸਿਰ ਚਾਰੂ।
ਜੁਗ ਛੋਰਨਿ ਕੈ ਜ਼ਰੀ ਉਦਾਰੂ।
ਸੁੰਦਰ ਪੇਚ ਲਾਇ ਸੋ ਸਾਜਾ।
ਮੁਖ ਮੰਡਲ ਤਬਿ ਅਧਿਕ ਬਿਰਾਜਾ ॥੧੨॥
ਜਾਮਾ ਪਹਿਰਯੋ ਚਾਰੁ ਬਿਸਾਲਾ।
ਬਨੇ ਪਚਾਸ ਜਾਸ ਕੇ ਪਾਲਾ।
ਸੁੰਦਰ ਬੰਦ ਸੁ ਦੁੰਦ ਬਿਲੰਦੇ।
ਆਯੁਤ ਉਰ ਪਰ ਲਮਕ ਸੁਹੰਦੇ ॥੧੩॥
ਸਿਰ ਪਰ ਜਿਗਾ ਜ਼ੇਬ ਜਿਸ ਜ਼ਾਹਰ।
ਜਬਰ ਅਜਾਇਬ ਜਰੇ ਜਵਾਹਰ।
ਕੁੰਡਲ ਕਰਨ ਕਰਨ ਮਹਿਂ ਕੰਕਨ[1]।
ਆਂਖਿ ਬਿਸਾਲ ਬਿਲੋਕਨਿ ਬੰਕਨ[2] ॥੧੪॥
ਜਥਾ ਸੁੰਡ ਭੁਜਦੰਡ ਪ੍ਰਚੰਡੇ।
ਨਵਰਤਨੇ ਅੰਗਦ ਜਹਿਂ ਮੰਡੇ[3]।
ਗਰ ਮਹਿਂ ਮੁਕਤਾ ਮਾਲ ਬਿਸਾਲਾ।

---
[1]ਕੰਨਾਂ ਵਿਚ ਕੁੰਡਲ ਤੇ ਹੱਥਾਂ ਵਿਚ ਕੜੇ।
[2]ਤੱਕਣੀ ਬਾਂਕੀ ਹੈ।
[3]ਸਜੇ ਹੋਏ।

ਬਿਚ ਬਿਚ ਹੀਰਨਿ ਜਾਲਨਿ ਝਾਲਾ[1] ॥੧੫॥
ਜਰੇ ਜਵਾਹਰ ਛਾਪ ਛਲਾਇਨ।
ਸ਼ੋਭਤਿ ਸ਼ੁਭ ਸਰੂਪ ਛਬਿ ਆਇਨ।
ਲੇ ਬਹੁ ਮੋਲਾ ਲਲਿਤ ਦੁਕੂਲ[2]।
ਜ਼ਰੀ ਜੁਕਤਿ ਸ਼ੋਭਤਿ ਭੁਜ ਮੂਲ[3] ॥੧੬॥
ਗਹਿ ਦੀਰਘ ਪਹਿਰੀ ਸ਼ਮਸ਼ੇਰ।
ਬਲੀ ਬਿਸਾਲ ਸੁਭਤਿ ਸਮ ਸ਼ੇਰ।
ਜਾਂਬੂਨਦ ਕੇ[4] ਫੂਲ ਲਗਾਏ।
ਬਾਂਧਿ ਲਈ ਅਸ ਢਾਲ ਸੁਹਾਏ ॥੧੭॥
ਕੰਚਨ ਮਹਿਂ ਜਰਾਉ ਜਰਵਾਯੋ।
ਅਸ ਨਿਖੰਗ ਕਟ ਸੰਗ ਲਗਾਯੋ।
ਧਨੁਖ ਕਠੋਰ ਹਾਥ ਮਹਿਂ ਗਹੵੋ।
ਪਨਹੀ ਪਾਇ ਚਲਨਿ ਕੋ ਚਹੵੋ ॥੧੮॥
ਸੁਨਿ ਪਿਖਿ ਕੈ ਕੈਦੀ ਮਹਿਪਾਲ।
ਹਰਖਤਿ ਸਭਿ ਆਏ ਤਤਕਾਲ।
ਦੀਨ ਮਲੀਨ, ਕੁਢਾਲ, ਕਰਾਲੇ।
ਬਹੁ ਗਰੂਏ ਪਗ ਬੰਧਨ ਡਾਲੇ ॥੧੯॥
ਦੇਖਿ ਕ੍ਰਿਪਾ ਕਰਿ ਕਹੵੋ ਕ੍ਰਿਪਾਲ।
'ਇਕ ਦਾਮਨ ਗਹਿ ਇਕ ਮਹਿਪਾਲ।'
ਉਤਲਾਵਤਿ ਜਬਿ ਪਕਰਨਿ ਧਾਏ।
ਸਨੇ ਸਨੇ ਦੇ ਧੀਰ ਗਹਾਏ ॥੨੦॥
ਜਾਮੇ ਕੇ ਪਚਾਸ ਥੇ ਪਾਲੇ।
ਗਹੇ ਪਚਾਸਨਿ ਹੀ ਮਹਿਪਾਲੇ।
ਦੋ ਭੂਪਤਿ ਕੈਦੀ ਤਬਿ ਰਹੇ।
ਅਪਰ ਸਰਬ ਨੇ ਦਾਮਨ ਗਹੇ ॥੨੧॥
ਸੋ ਕਰ ਜੋਰਿ ਮਹਾਂ ਘਿਘਿਆਏ।
'ਹਮਹੁਂ ਨ ਤਜਾਗੇ ਜਾਹੁ ਇਥਾਏਂ।'
ਨਿਕਟਿ ਹੋਤਿ ਕੋ ਹਟਕ ਸਿਪਾਹੀ।

---

[1]ਸਾਰੇ। (ਅ) ਝਲਕਦੇ।
[2]ਦੁਪੱਟਾ।
[3]ਮੋਢੇ ਤੇ।
[4]ਸੋਨੇ ਦੇ।

'ਗਹਹੁ ਕਹਾਂ? ਛੂਛੋ ਅਬਿ ਨਾਂਹੀ ॥੨੨॥
ਜਾਮੇ ਕੇ ਪਚਾਸ ਹੀ ਪਾਲੇ।
ਗਹੇ ਪਚਾਸ ਭੁਵਾਲ ਬਿਸਾਲੇ।
ਅਧਿਕ ਭੀਰ ਗੁਰੁ ਕੇਰ ਸਮੀਪ।
ਖਸਿ ਆਪਸ ਮਹਿਂ ਥਿਰੇ ਮਹੀਪ ॥੨੩॥
ਤੁਮਰੀ ਪਰਾਲਬਧ ਦੁਖ ਪਾਵਹੁ।
ਹਟਹੁ ਪਿਛਾਰੀ ਨਿਕਟ ਨ ਜਾਵਹੁ।'
ਦੋਨਹੁ ਨ੍ਰਿਪ ਤਬਿ ਊਚ ਪੁਕਾਰੇ।
'ਪ੍ਰਾਨ ਦਾਨ ਦਿਹੁ ਗੁਰੂ ਹਮਾਰੇ ॥੨੪॥
ਤੁਮਰੇ ਬਿਨ ਕੋ ਰੱਖਜਕ ਨਾਂਹੀ।
ਆਨਿ ਛੁਟਾਇ ਕੈਦ ਜੇ ਮਾਂਹੀ।
ਹਮ ਅਨਾਥ ਕੇ ਤੁਮ ਹੋ ਨਾਥ।
ਕ੍ਰਿਪਾ ਕਰਹੁ ਲੀਜਹਿ ਨਿਜ ਸਾਥ' ॥੨੫॥
ਦੇਖਿ ਕ੍ਰਿਪਾਲ ਦੀਨ ਦੁਖਿਆਰੇ।
ਸ਼੍ਰੀ ਮੁਖ ਤੇ ਕਹਿ ਊਚ ਹਕਾਰੇ।
'ਦੁਇ ਜਾਮੇ ਕੇ ਬੰਦ ਹਮਾਰੇ।
ਆਇ ਗਹੋ ਨਿਜ ਹਾਥ ਮਝਾਰੇ' ॥੨੬॥
ਸੁਨਤਿ ਨਰਿੰਦ ਅਨੰਦ ਬਿਲੰਦੇ।
ਆਏ ਦੁੰਦ ਦੌਰਿ ਗਹਿ ਬੰਦੇ।
ਕਰਿ ਛੂਛੋ ਸਭਿ ਬੰਦੀਖਾਨਾ।
ਸ਼੍ਰੀ ਗੁਰੁ ਚਾਹਤਿ ਭੇ ਪ੍ਰਸਥਾਨਾ ॥੨੭॥
ਜਹਿਂ ਕਹਿਂ ਸੁਧਿ ਲੋਕਨਿ ਸੁਨਿ ਪਾਈ।
ਹਿਤ ਦੇਖਨਿ ਕੇ ਆਵਤਿ ਧਾਈ।
ਸ਼੍ਰੀ ਗੁਰੁ ਸੰਗ ਸਕਲ ਮਹਿਪਾਲਾ।
ਨਿਕਸਤਿ ਦੁਰਗ ਗਹੇ ਸਭਿ ਪਾਲਾ ॥੨੮॥
'ਧੰਨਜ ਧੰਨਜ ਗੁਰ ਬਡਿ ਉਪਕਾਰੀ।
ਕਯੋਂ ਨ ਗਹੈਂ ਨਰ ਸ਼ਰਨਿ ਤੁਮਾਰੀ।
ਜੀਵਤਿ ਮ੍ਰਿਤਕ ਸਦਾ ਰਖਵਾਰੇ।
ਦੇਤਿ ਅਨੰਦ ਕਸ਼ਟ ਨਿਰਵਾਰੇ' ॥੨੯॥
ਆਵਤਿ ਦੇਖਨਿ ਨਰ ਗਨ ਦੌਰਿ।
ਸਨੇ ਸਨੇ ਗੁਰੁ ਨਿਕਸੇ ਪੌਰਿ।
ਹਾਥ ਬੰਦਿ ਸਭਿ ਬੰਦਨ ਠਾਨਿ।

ਮਾਨਵ ਗੁਨਹਿਂ ਸੁ ਮਨ ਅਨੁਮਾਨ[੧] ॥੩੦॥

ਕਬਿੱਤ: ਸੰਕਟ ਨਰਕ ਕੋ ਬਿਕਟ ਜੇ ਬ੍ਰਿਲਾਪ ਜੈਸੇ,
ਨਿਕਸੇ ਨਿਸੰਗ ਸੰਗ ਜਨਕ ਨਿਰੰਦ ਕੇ[੨]।
ਕੈਧੋਂ ਉਡ ਬ੍ਰਿੰਦ ਕਰਿ ਓਜ ਕੋ ਬਿਲੰਦ ਰਾਹੁ
ਰੋਕੇ[੩] ਛੁਟਿ ਚਲੇ ਸਾਥ ਪੂਰਨ ਸੁ ਚੰਦ ਕੇ।
ਕੈਧੋਂ ਘੇਰਿ ਆਨੀਂ ਨਾਰਿ ਸੁੰਦਰ ਮਹਾਂਨੀ,
ਦੈਂਤ ਹਾਂਨੀ ਕਰਿ[੪] ਲੀਨਿ, ਪਾਛੇ ਗਮਨੀ ਗੁਬਿੰਦ ਕੇ[੫]।
ਤਿਨ ਕੇ ਮਨਿੰਦ ਆਜ ਸ਼ੋਭਤਿ ਮੁਕੰਦ ਮਹਾਂ
ਨਿਕਸੇ ਨਰਿੰਦ ਸੰਗ ਸ਼੍ਰੀ ਹਰਿ ਗੋਬਿੰਦਕੇ* ॥੩੧॥

ਕਬਿੱਤ: ਕੈਧੋਂ ਜਰਾਸਿੰਧੁ ਨੇ ਨਰਿੰਦ ਬ੍ਰਿੰਦ ਕੈਦਿ ਕਰੇ
ਗਮਨੇ ਅਰਿੰਦ ਸੁ ਗੋਬਿੰਦ ਨੇ[੬] ਛੁਡਾਇ ਦੀਨਿ।
ਕੈਧੋ, ਰਾਖਸ਼ਿੰਦ੍ਰ ਗਹਿ[੭] ਇੰਦ੍ਰ ਕੇ ਸਮੇਤ ਸੁਰ,
ਰਾਮਚੰਦ ਜਾਇ ਗਢਿ ਲੰਕ ਨਿਕਸਾਇ ਦੀਨਿ।
ਬਲੀ ਜਜੋਂ ਪਾਰਸ ਨਾਥ ਰੋਕੇ ਨਰ ਨਾਥ ਜੀਤਿ
ਮਿਲਿ ਕੈ ਮਛਿੰਦ੍ਰਨਾਥ ਸਭਿ ਮੁਕਤਾਇ ਦੀਨਿ।
ਸ਼੍ਰੀ ਹਰਿ ਗੁਬਿੰਦ ਆਜ ਤਿਨਹੁਂ ਕੇ ਮਨਿੰਦ ਕੀਨਿ
ਸੰਗਿ ਲੇ ਮਹੇਂਦ੍ਰਨਿ[੮] ਕੋ ਦੁੱਖ ਤੇ ਬਚਾਇ ਦੀਨਿ ॥੩੨॥

ਸ੍ਵੈਯਾ: ਜੂੰਕ[੯] ਪਰੀ, ਬਹੁ ਬਾਰ ਬਧੇ,
ਸਿਰ ਰੂਖੇ ਬਡੇ ਨ ਲਹੀ ਚਿਕਨਾਈ।

---

[੧]ਮਨੁੱਖ ਆਪਣੇ ਮਨ ਵਿਚ ਅਨੁਮਾਨ ਸੋਚਦੇ ਹਨ। (ਅ) ਆਪਣੇ ਆਪਣੇ ਮਨ ਦਾ ਅਨੁਮਾਨ ਲਾਕੇ ਖਿਆਲ ਕਰਦੇ ਹਨ ਕਿ..... (ਅੱਗੇ ਹੁਣ ਓਹ ਅਨੁਮਾਨ ਗਿਣਕੇ ਆਪ ਕਵਿ ਜੀ ਦੱਸਦੇ ਹਨ)।

[੨]ਜਿਵੇਂ ਨਰਕ ਦੇ ਕਠਨ ਸੰਕਟਾਂ ਵਿਚ ਵਿਰਲਾਪ ਕਰ ਰਹੇ (ਜੀਵ) ਨਿਕਲੇ ਸਨ ਨਿਸੰਗ ਹੋਕੇ ਰਾਜੇ ਜਨਕ ਦੇ ਨਾਲ।

[੩]ਯਾ ਰਾਹੂ ਗ੍ਰੈਹ ਦੇ ਬਲ ਨਾਲ ਰੋਕੇ ਹੋਏ.....।

[੪](ਭੁਮਾਸਰ ਅਥਵਾ ਨਰਕਾਸਰ) ਦੈਂਤ ਨੂੰ ਮਾਰਕੇ (ਦੇਖੋ ਭਾਗਵਤ ਪੁਰਾਣ ਸਕੰਧ ੧੦-੬੦)।

[੫]ਕ੍ਰਿਸ਼ਨ ਦੇ ਪਿਛੇ (ਛੁਟਕੇ) ਆਈਆਂ (ਓਹ ਨਾਰਾਂ)।

*ਦ੍ਰਿਸ਼ਟਾਂਤ ਦੇਂਦੇ ਹਨ, ਜਿਵੇਂ ਜਨਕ ਨਾਲ ਨਰਕਾਂ ਦੇ ਜੀਵ, ਚੰਦ੍ਰਮਾਂ ਨਾਲ ਤਾਰੇ ਰਾਹੂ ਗ੍ਰਹ ਦੀ ਛਾਯਾ ਤੋਂ, ਕ੍ਰਿਸ਼ਨ ਜੀ ਨਾਲ ਭੁਮਾਸਰ ਦੈਂਤ ਤੋਂ ਤ੍ਰੀਮਤਾਂ ਨੂੰ ਛੁਟਕਾਰਾ ਮਿਲਿਆ ਸੀ ਤਿਵੇਂ ਅੱਜ ਕੈਦੀ ਰਾਜੇ ਸ਼੍ਰੀ ਗੁਰੂ ਜੀ ਨਾਲ ਛੁਟਕਾਰਾ ਪਾ ਨਿਕਲੇ। ਕਵਿ ਜੀ ਇਕ ਰਾਜਿਆਂ ਦੇ ਛੁਟਕਾਰੇ ਦਾ ਅਲੰਕਾਰ ਬੰਨ੍ਹ ਰਹੇ ਹਨ, ਵੈਸੇ ਤਾਂ ਭਾਈ ਨੰਦ ਲਾਲ ਜੀ ਨੇ ਗੁਰੂ ਸਾਹਿਬਾਂ ਨੂੰ ਰਾਮ, ਕ੍ਰਿਸ਼ਨ, ਮਹੇਸ਼, ਅਲੀ, ਵਲੀ, ਮੁਹੰਮਦ, ਸਭ ਤੋਂ ਵੱਡਾ ਦਰਸਾਇਆ ਹੈ।

[੬]ਸ਼ੱਤ੍ਰੂਆਂ ਨੂੰ ਜਿੱਤਣ ਵਾਲੇ ਕ੍ਰਿਸ਼ਨ ਜੀ ਨੇ [ਸੰਸ: ਅਰਿੰਦਮ]

[੭]ਰਾਖਸ਼ਾਂ ਦੇ ਰਾਜੇ (ਰਾਵਣ) ਨੇ ਫੜੇ ਹੋਏ ਸਨ।

[੮]ਰਾਜਿਆਂ ਨੂੰ।

[੯]ਜੂੰਆਂ।

ਜੀਰਨ ਚੀਰ ਮਲੀਨ ਫਟੇ,
ਤਨ ਛਾਦਿਨ ਭੀ ਨਹਿਂ ਹੋਹਿ ਸਬਾਈ।
ਬੰਧਨ ਭਾਰ ਧਰੇ ਬਹੁ ਪਾਇਨਿ
ਮੰਦ ਹੀ ਮੰਦ ਚਲ੍ਯੋ ਜਿਨ ਜਾਈ।
ਸ਼੍ਰੀ ਹਰਿ ਗੋਬਿੰਦ ਧੀਰ ਬਿਨਾ
ਕਹੁ ਕੌਨ ਕਰੈ ਦੁਖ ਤੇ ਛੁਟਕਾਈ ॥੩੩॥

ਸ੍ਵੈਯਾ: ਦੇਸ਼ ਵਿਸ਼ੇਸ਼ ਕੋ ਰਾਜ ਖੁਸ੍ਯੋ
ਸੁਤ ਭਾਰਜਾ ਆਦਿ ਹਿਤੂ ਨਹਿਂ ਪਾਸੀ।
ਦੀਹ ਮਹਾਂ ਦੁਰਗੇਯ ਬਡੋ ਦ੍ਰਿੜ,
ਜਾਇ ਨ ਕੋ ਗਢ ਮੈਂ ਬਲ ਰਾਸੀ।
ਹੀਨ ਉਪਾਇ ਰਹੇ ਦੁਖ ਪਾਇ ਜੁ
ਛੂਟਨਿ ਤੇ ਨਿਤ ਧਾਰਿ ਨਿਰਾਸੀ।
ਸ਼੍ਰੀ ਹਰਿ ਗੋਵਿੰਦ ਧੀਰ ਬਿਨਾ
ਕਹੁ ਕੌਨ ਕਰੈ ਅਸ ਬੰਦ ਖਲਾਸੀ ॥੩੪॥

ਸ੍ਵੈਯਾ: ਦੇਸ਼ ਬਿਦੇਸ਼ਨਿ ਜੀਤਿ ਭਲੇ
ਇਕ ਰਾਜ ਭਯੋ ਬਡਿ ਤੇਜ ਪ੍ਰਕਾਸ਼ੀ।
ਨਾਂਹਿ ਰਹ੍ਯੋ ਅਵਨੀ ਤਲ ਕੋ ਅਸ,
ਜੋ ਰਣ ਠਾਨਿ ਕਰੈ ਬਲ ਨਾਸ਼ੀ।
ਦੀਹ ਵਧ੍ਯੋ ਤੁਰਕੇਸ਼ ਪ੍ਰਤਾਪ
ਗਹੇ ਰਿਪੁ ਤਾਂਹਿ ਨ ਛੋਰਨਿ ਆਸੀ।
ਸ਼੍ਰੀ ਹਰਿਗੋਬਿੰਦ ਧੀਰ ਬਿਨਾ
ਕਹੁ ਕੌਨ ਕਰੈ ਅਸ ਬੰਦ ਖਲਾਸੀ ॥੩੫॥

ਦੋਹਰਾ: ਪਰਵਾਰਤਿ ਖਸਿ ਫਸ ਮਹਾਂ, ਮਹੀਪਾਲ ਤਿਸ ਕਾਲ।
ਦੁਰਗ ਪੌਰ ਨਿਕਸੇ ਗੁਰੂ, ਕੌਤਕ ਹੋਤਿ ਬਿਸਾਲ ॥੩੬॥

ਚੌਪਈ: ਲੋਕ ਹਜ਼ਾਰਹੁਂ ਹੇਰਨਿ ਹੇਤ।
ਮਿਲੇ ਆਇ ਹੁਇ ਸ਼ੀਘ੍ਰ ਸਮੇਤ।
ਭਈ ਦੂਰ ਲਗਿ ਪੰਗਤਿ ਖਰੀ।
ਗੁਰ ਦਰਸ਼ਨ ਲੇ ਬੰਦਨ ਕਰੀ ॥੩੭॥
ਉਚਰਹਿਂ ਸੁਜਸੁ ਮਹਾਂ ਤਿਸ ਕਾਲਾ।
ਬੰਦ ਖਲਾਸੀ ਜਾਨਿ ਨ੍ਰਿਪਾਲਾ।
'ਤੁਮ ਬਿਨ ਕੌਨ ਕਰੇ ਅਸ ਕਾਜ।
ਬਿਰਦ ਸੰਭਾਰਿ ਗਰੀਬ ਨਿਵਾਜ' ॥੩੮॥

ਬਸਤ੍ਰ ਬਿਭੂਖਣ ਸ਼ਸਤ੍ਰ ਸਜੰਤੇ।
ਡੀਲ ਬਿਸਾਲ ਚਲਤਿ ਦੁਤਿਵੰਤੇ।
ਨਿਕਸਿ ਦੁਰਗ ਤੇ ਬਾਹਰ ਖਰੇ।
ਤਬਹਿ ਲੁਹਾਰ ਹਕਾਰਨਿ ਕਰੇ ॥੩੯॥
ਸਭਿ ਕੇ ਪਗ ਬੰਧਨ ਕਟਵਾਏ।
ਹੁਇ ਨਿਰਬੰਧ ਮਹਿਪ ਹਰਖਾਏ।
ਜਿਮ ਸਿੱਖਨਿ ਪਰ ਕਿਰਪਾ ਧਾਰੈਂ।
ਕਰਮ ਬੰਧ ਤਤਛਿਨ ਕਟ ਡਾਰੈਂ ॥੪੦॥
ਤਿਮ ਲੋਕਨਿ ਦ੍ਰਿਸ਼ਟਾਂਤਿ ਦਿਖਾਯੋ।
ਜੋ ਚਲਿ ਸਤਿਗੁਰੁ ਸ਼ਰਨੀ ਆਯੋ।
ਸੋ ਨਿਰਬੰਧਨ ਹੁਇ ਮੁਦ ਪਾਵੈ।
ਬੱਧਜਤਿ ਹੋਹਿ ਨ ਆਵੈ ਜਾਵੈ ॥੪੧॥
ਦੇਖਿ ਕ੍ਰਿਪਾਨਿਧਿ ਕੀ ਬਡਿਆਈ।
ਤਬਿ ਹਰਿਦਾਸ ਮੋਦ ਉਰ ਪਾਈ।
-ਰਹੌਂ ਸੰਗ ਮੈਂ ਨਾਂਹਿ ਨ ਤਜਾਗੌਂ।
ਸਫਲ ਜਨਮ ਗੁਰੁ ਸੇਵਾ ਲਾਗੌਂ- ॥੪੨॥

ਪਾਧੜੀ ਛੰਦ: ਹਰਿਦਾਸ ਹੇਰਿ ਕਰੁਨਾ ਨਿਧਾਨ।
ਚਿਤ ਚਹਤਿ ਦਿਯੋ ਆਨੰਦ ਮਹਾਨ।
ਤਬਿ ਕਹਜੋ 'ਜਿਤਿਕ ਕੈਦੀ ਨ੍ਰਿਪਾਲ।
ਸਭਿ ਲੇਹੁ ਸੰਗ ਅਬਿ ਪੰਥ ਚਾਲ ॥੪੩॥
ਹਮ ਤੇ ਸੁ ਜੁਦੋ ਹੁਇ ਕਰਿ ਪਯਾਨ।
ਨ੍ਰਿਪ ਸਨੇ ਸਨੇ ਚਲਿ ਹੈਂ ਮਹਾਨ।
ਹਮ ਕਰਹਿਂ ਸ਼ੀਘ੍ਰਤਾ ਮਗ ਬਿਸਾਲ।
ਉਰ ਸ਼ਾਹੁ ਪ੍ਰਤੀਖਤਿ ਬਿਤਿਯ ਕਾਲ' ॥੪੪॥
ਇਮ ਕਹਜੋ ਪੁਨਹ ਕੀਨੋ ਪਯਾਨ।
ਚਢਿ ਕਰਿ ਤੁਰੰਗ ਚੰਚਲ ਮਹਾਨ।
ਤਬਿ ਖਾਂ ਵਜ਼ੀਰ ਨਿਜ ਸੰਗ ਲੀਨਿ।
ਮੁਖ ਕਰਤਿ ਬਾਰਤਾ ਗੁਰੁ ਪ੍ਰਬੀਨਿ ॥੪੫॥
ਸਭਿ ਸਿੱਖ ਆਦਿ ਜੇਠੇ ਅਨੰਦ।
ਗਮਨੇ ਸੁ ਲਾਰਿ ਕੁਲ ਸੋਢਿਚੰਦ।
ਧਰਿ ਸ਼ਸਤ੍ਰ ਸ਼ੁਭਤਿ ਜਿਮ ਮਹਿਦ ਸਿੰਘ।
ਬਲਿਹਾਰ ਜਾਤਿ ਸੰਤੋਖ ਸਿੰਘ ॥੪੬॥

ਅਬਿ ਰਾਸਿ ਚਤੁਰਥੀ ਪੂਰਿ ਕੀਨਿ।
ਗੁਰੁ ਕ੍ਰਿਪਾ ਧਾਰਿ ਉੱਦਮ ਸੁ ਦੀਨਿ।
ਸੁੰਦਰ ਬਿਲਾਸ ਕੀਨੇ ਪ੍ਰਕਾਸ਼।
ਜਿਸ ਪਠਤਿ ਸੁਨਤਿ ਸਭਿ ਪਾਪ ਨਾਸ਼ ॥੪੭॥

ਇਤਿ ਸ੍ਰੀ ਗੁਰ ਪਰਤਾਪ ਸੂਰਜ ਗ੍ਰਿੰਥੇ ਚਤੁਰਥ ਰਾਸੇ ਕਵਿ ਸੰਤੋਖ ਸਿੰਘ ਬਿਰਚਤਾਯਾਂ ਭਾਖਾਯਾਂ 'ਸ੍ਰੀ ਹਰਿਗੋਬਿੰਦ ਦੁਰਗ ਨਿਕਸਨ' ਪ੍ਰਸੰਗ ਬਰਨਨੰ ਨਾਮ ਖਸ਼ਟ ਸ਼ਸ਼ਠੀ ਅੰਸੂ ॥੬੬॥

ਚਤੁਰਥ ਰਾਸ ਸਮਾਪਤ ॥

[ਚੌਥੀ ਰਾਸ਼ਿ ਸੰਪੂਰਨ ਹੋਈ]